# ਵਤਨ

www.watanpunjabi.ca

ਮਾਰਚ 2012-ਨਵੰਬਰ 2012

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਅੰਜੂ ਹੁੰਦਲ ਅਤੇ ਪਾਲ ਬਿਨਿੰਗ

ਇਸ ਅੰਕ ਵਿੱਚ — ਸਫਾ


| | | | |
|---|---|---|---|
| ਸੰਪਰਕ | | | 2 |
| ਕਵਿਤਾਵਾਂ | | | |
| | ਮਿੱਟੀ ਦੀ ਤਾਸੀਰ ਨੂੰ ਜੀ ਆਇਆਂ ਨੂੰ | | 3 |
| | ਗੁਰਬਖਸ਼ ਭੰਡਾਲ ਦੀਆਂ ਤਿੰਨ ਕਵਿਤਾਵਾਂ | | 4 |
| ਸਥਾਈ ਕਾਲਮ | | | |
| ਪਰਦਾ ਜੋ ਉੱਠ ਗਿਆ | | | |
| | ਵਾਤਾਵਰਨ ਦਾ ਨੁਕਸਾਨ ਅਮੀਰਾਂ ਦੇ ਮੁਕਾਬਲੇ ਗਰੀਬਾਂ 'ਤੇ ਵੱਧ ਅਸਰ ਪਾਉਂਦਾ ਹੈ। | ਸੁਖਵੰਤ ਹੁੰਦਲ | 7 |
| ਲੜੀਵਾਰ ਨਾਵਲ | | | |
| | ਨਰਕਕੁੰਡ 'ਚ ਵਾਸਾ | ਜਗਦੀਸ਼ ਚੰਦਰ | 18 |
| ਲੇਖ | | | |
| | ਮਲਾਲਾ ਯੂਸਫਜ਼ਈ ਜੋ ਤਾਲਿਬਨ ਨਾਲ ਟਕਰਾ ਗਈ | ਰਾਜ ਹੀਉਂ | 17 |
| | ਮੰਡੀ ਸਭਿਆਚਾਰ 'ਚ ਬਠਿੰਡਾ ਮਾਰਕਾ ਗਾਇਕੀ | ਤਸਕੀਨ | 34 |
| | ਜੰਜ਼ੀਰਾਂ 'ਚ ਜਕੜੀ ਜਮਹੂਰੀਅਤ ਦੀ ਪੈਦਾਇਸ਼ ਦੱਖਣੀ ਅਫਰੀਕਾ ਦੀ ਪਿਚਕੀ ਅਜ਼ਾਦੀ | ਨੈਓਮੀ ਕਲੇਨ | 56 |
| | ਤੁਲਨਾਤਮਕ ਧਰਮ | ਲਾਲਾ ਹਰਦਿਆਲ | 81 |
| | ਕਾਲ ਦਾ ਪਹਿਰ | ਸੁਖਦੇਵ ਸਿੱਧੂ | 100 |
| ਸਵੈਜੀਵਨੀ | | | |
| | ਮੇਰੀ ਫਿਲਮੀ ਆਤਮਕਥਾ - ਕੁਝ ਅੰਸ਼ | ਬਲਰਾਜ ਸਾਹਨੀ | 70 |
| ਕਹਾਣੀ | | | |
| | ਸ਼ਨੁੱਕ | ਹਰਪ੍ਰੀਤ ਸੇਖਾ | 92 |
| ਰਿਵੀਊ | | | |
| | ਵਿਗਿਆਨਕ ਅਤੇ ਤਰਕਸ਼ੀਲ ਚਿੰਤਨ ਦਾ ਸੰਗ੍ਰਹਿ - ਨਾਸਤਕ ਬਾਣੀ | ਰਾਜਪਾਲ ਸਿੰਘ | 107 |

## ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | **sukhwanthundal123@gmail.com** | **604-595-5767** |
| **ਸਾਧੂ ਬਿਨਿੰਗ** | **sadhu.binning@gmail.com** | **604-437-9014** |
| **ਹਰਪ੍ਰੀਤ ਸੇਖਾ** | **hsekha@hotmail.com** | **604-599-4986** |
| **ਪਾਲ ਬਿਨਿੰਗ** | **paulbinning67@gmail.com** | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---

## ਕਾਪੀਰਾਇਟ ਨੋਟਿਸ


ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। - ਅਦਾਰਾ ਵਤਨ

---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.

All officeholders and members of Watan, past and present, have been and are honorary associates.


---

# ਪਾਠਕਾਂ ਦੇ ਨਾਂ

ਜਿਵੇਂ ਤੁਸੀਂ ਜਾਣਦੇ ਹੋ ਕਿ ਅਸੀਂ ਵਤਨ ਦਾ ਹਰ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਉਹਨਾਂ ਪਾਠਕਾਂ ਨੂੰ ਈ-ਮੇਲ ਰਾਹੀਂ ਸੂਚਨਾ ਭੇਜਦੇ ਹਾਂ ਜਿਹਨਾਂ ਦੇ ਈ-ਮੇਲ ਐਡਰਸ ਸਾਡੀ ਈ-ਮੇਲ ਲਿਸਟ ਵਿੱਚ ਸ਼ਾਮਲ ਹਨ। ਜੇ ਤੁਸੀਂ ਵਤਨ ਆਨਲਾਈਨ ਪੜ੍ਹਦੇ ਹੋ ਪਰ ਤੁਹਾਨੂੰ ਇਸ ਦੇ ਅਪਲੋਡ ਹੋਣ ਬਾਰੇ ਸੂਚਨਾ ਨਹੀਂ ਮਿਲਦੀ ਤਾਂ ਤੁਸੀਂ ਸਾਨੂੰ ਆਪਣਾ ਈ-ਮੇਲ ਐਡਰਸ ਜ਼ਰੂਰ ਭੇਜੋ। ਅਸੀਂ ਤੁਹਾਨੂੰ ਹਰ ਵਾਰੀ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਨਾਲ ਤੁਹਾਨੂੰ ਵਤਨ ਦੇ ਨਵੇਂ ਅੰਕ ਦੇ ਅਪਲੋਡ ਹੋਣ ਬਾਰੇ ਜਾਣਕਾਰੀ ਮਿਲੇਗੀ ਅਤੇ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ:

sukhwanthundal123@gmail.com ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: Please add my name to the Watan mailing list. ●

# ਮਿੱਟੀ ਦੀ ਤਾਸੀਰ ਨੂੰ ਜੀ ਆਇਆਂ ਨੂੰ

ਸਰੀ ਕਨੇਡਾ ਵਿੱਚ ਵਸਦੇ ਸਾਡੇ ਮਿੱਤਰ ਕਵੀ ਜਸਵੀਰ ਮਾਹਲ ਦੀ ਦੂਜੀ ਕਿਤਾਬ "ਮਿੱਟੀ ਦੀ ਤਾਸੀਰ" ਹੁਣੇ ਜਿਹੀ ਛਪੀ ਹੈ। ਇਸ ਕਿਤਾਬ ਨੂੰ ਜੀ ਆਇਆਂ ਕਹਿਣ ਲਈ ਉਸ ਵਿੱਚੋਂ ਕੁਝ ਕਵਿਤਾਵਾਂ ਹਾਜ਼ਰ ਹਨ।

## ਪੱਤਝੜ ਰੁੱਤੇ

ਪੱਤਝੜ ਰੁੱਤੇ
ਵਿਚ ਮੈਦਾਨੀ
ਹਵਾ ਨੇ ਇੰਝ ਖਿਲਾਰੇ ਪੱਤੇ
ਜਾਨ ਵਾਰ ਕੇ
ਰਣਭੂਮੀ ਵਿਚ
ਜਿੱਦਾਂ ਹੋਵਣ ਯੋਧੇ ਸੁੱਤੇ।

••

## ਮਿੱਟੀ ਦੀ ਤਾਸੀਰ - 1

ਫੁੱਲਾਂ ਨੂੰ ਕੋਈ ਕੀ-ਆਖੇ

ਹੱਸਣ ਚੁੱਪ-ਚੁਪੀਤੇ

ਕਬਰ 'ਤੇ ਖਿੜੇ ਵੀ
ਓਨੇ ਸੋਹਣੇ
ਜਿੰਨੇ ਵਿਚ ਬਗੀਚੇ

ਫੁੱਲਾਂ ਨੂੰ ਕੋਈ ਕੀ ਆਖੇ।

••

## ਮਿੱਟੀ ਦੀ ਤਾਸੀਰ - 2

ਫੁੱਲ
ਟੁੱਟ ਕੇ ਮੁਰਝਾ ਗਿਆ
ਸੁੱਕ ਗਿਆ
ਮੁੱਕ ਗਿਆ...

ਦੇਰ ਤੀਕ ਪਰ
ਚੇਤਿਆਂ 'ਚੋਂ ਉਸ ਦੀ ਸੁਗੰਧ
ਆਉਂਦੀ ਰਹੀ।

••

## ਮਿੱਟੀ ਦੀ ਤਾਸੀਰ -3

ਫੁੱਲ
ਮਾਰੂਥਲ 'ਚ ਟਹਿਕ ਪੈਂਦਾ ਹੈ
ਰੂੜੀ ਦੇ ਢੇਰ 'ਤੇ ਮਹਿਕ ਪੈਂਦਾ ਹੈ

ਛੱਪੜ ਦੇ ਪਾਣੀ 'ਚੋਂ
ਸਿਰ ਕੱਢ ਮੁਸਕਰਾਏ
ਕਦੇ
ਚਟਾਨਾਂ ਦੀਆਂ ਵਿਰਲਾਂ 'ਚੋਂ
ਮਲਕੜੇ ਜਿਹੇ ਨਿਕਲ ਆਏ

ਫੁੱਲ
ਖਿੜ ਪੈਂਦਾ ਹੈ
ਰੁੱਤ ਦੇ ਫੇਰੇ ਨਾਲ
ਆਪਣੇ ਦੁਆਲੇ ਤੋਂ ਬੇਖ਼ਬਰ

••

## ਮਿੱਟੀ ਦੀ ਤਾਸੀਰ -4

ਹਰ ਵਰ੍ਹੇ
ਹੱਸ ਪੈਣ ਰੁੱਖ
ਬਹਾਰ ਦੇ ਆਖੇ

ਹਰ ਵਰ੍ਹੇ ਪੱਤਝੜ
ਖੋਹ ਲਏ ਮੁਸਕਾਨ...

ਰੁੱਤਾਂ ਵਿਚ ਫਿਰ ਵੀ ਯਕੀਨ
ਰੱਖਦੇ ਰੁੱਖ
ਉਮਰ ਤਮਾਮ

••

## ਭਗੌੜਾ

ਅੱਜ ਵੀ
ਉਲਝਾਈ ਰੱਖਿਆ
ਰੁਝੇਵਿਆਂ 'ਚ

ਆਪਣਾ ਆਪ

ਆਪੇ ਸਾਹਵੇਂ
ਪੇਸ਼ ਹੋਣੋਂ
ਮੈਂ
ਅੱਜ ਵੀ ਬਚਦਾ ਰਿਹਾ।

●●

## ਜੀਵਨ ਦੀ ਰਫ਼ਤਾਰ

ਜ਼ਰਾ ਹੌਲੀ ਹੋ ਜਾਓ
ਹੋਰ ਹੋਲੀ
ਥੋੜਾ ਹੋਰ ਹੋਲੀ

ਅਰਥਹੀਣ ਦੌੜਦੇ ਹੋਏ
ਹਫ ਗਈ ਹੈ ਜ਼ਿੰਦਗੀ
ਥੱਕ ਗਈ ਹੈ ਜ਼ਿੰਦਗੀ

ਕ੍ਰਿਪਾ ਕਰੋ
ਹੋ ਜਾਓ ਹੌਲੀ

ਏਨੀ ਕੁ ਧੀਮੀ ਕਰ ਲਓ ਚਾਲ
ਕਿ ਤੁਰ ਸਕੇ
ਜ਼ਿੰਦਗੀ ਤੁਹਾਡੇ ਨਾਲ

●●

## ਇਨ੍ਹਾਂ ਸਮਿਆਂ ਵਿਚ–1

ਵੱਡੀ ਅਤੇ ਫਿਰ
ਉਸ ਤੋਂ ਵੱਡੀ
ਉਸ ਤੋਂ ਵੀ ਫਿਰ ਵੱਡ–ਆਕਾਰੀ
ਮਕਾਨ ਉਸਾਰੀ

ਇਨ੍ਹੀਂ ਕੰਮੀ ਰੁੱਝਿਆ ਬੰਦਾ
ਅਕਸਰ ਹੀ
ਘਰ ਢਾਹ ਬਹਿੰਦਾ ਹੈ
ਜੀਵਨ ਜਾਚ ਗੁਆ ਬਹਿੰਦਾ ਹੈ।

●●

## ਇਨ੍ਹਾਂ ਸਮਿਆਂ ਵਿਚ –2

ਨਜ਼ਰ ਨਾ ਆਵੇ
ਵਿਛਿਆ ਜਾਲ

ਅੱਖ ਖੁਲ੍ਹੀ
ਪਰ ਬੰਦਾ ਸੁੱਤਾ
ਅੱਜ ਦੇ ਯੁੱਗ ਦਾ
ਕੇਹਾ ਕਮਾਲ

●●

## ਬੌਂਣਾ ਆਦਮੀ

ਹੱਥ ਮਿਲਾਉਂਦਿਆਂ
ਆਪਣੀ ਪਛਾਣ ਕਰਾਉਂਦਿਆਂ
ਉਹ ਪਿਉ ਦਾ ਨਾਂ ਲੈਂਦਾ ਹੈ
ਦਾਦੇ ਨੂੰ ਯਾਦ ਕਰਕੇ
ਤਾਏ ਬਾਰੇ ਕਹਿੰਦਾ ਹੈ

ਸਾਕ – ਸਕੀਰੀਆਂ ਦਾ ਜ਼ਿਕਰ ਕਰਦਾ
'ਵੱਡੇ ਬੰਦਿਆਂ' ਨਾਲ
ਦੱਸਦਾ ਹੈ ਆਪਣੀ ਨੇੜਤਾ

ਉਹਦੀ ਪਛਾਣ ਰਹਿ ਗਈ ਹੈ ਕੇਵਲ
ਰਿਸ਼ਤਿਆਂ ਦੇ ਆਸਰੇ।

●●

## ਪਿਆਰ ਦਾ ਜਜ਼ਬਾ

ਜਿਸ ਜਜ਼ਬੇ ਨੂੰ
ਬੋਲਣ ਦੀ ਮਜਬੂਰੀ ਹੋਵੇ
ਜਿਸ ਜਜ਼ਬੇ ਨੂੰ
ਸ਼ਬਦ ਲੋੜੀਂਦੇ

ਉਹ ਜਜ਼ਬਾ ਜੋ ਕੁਝ ਵੀ ਹੋਏ
ਪਿਆਰ ਦਾ ਜਜ਼ਬਾ ਹੋ ਨਹੀਂ ਸਕਦਾ

ਪਿਆਰ ਦਾ ਜਜ਼ਬਾ
ਸ਼ਬਦਾ ਵਿਚ ਸਮੋਅ ਨਹੀਂ ਸਕਦਾ।

●●

# ਗੁਰਬਖਸ਼ ਭੰਡਾਲ ਦੀਆਂ ਤਿੰਨ ਕਵਿਤਾਵਾਂ

## ਹਰ ਰਿਸ਼ਤੇ 'ਚ ਮਾਂ ਦਿਸਦੀ ਏ

ਮਾਂ ਮਰ ਕੇ ਵੀ
ਕਦੇ ਨਹੀਂ ਮਰਦੀ
ਤੁਹਾਡੇ ਆਲੇ ਦੁਆਲੇ ਹਰਦਮ ਫੈਲੀ ਰਹਿੰਦੀ ਹੈ

ਪਤਨੀ ਮਾਂ ਜੇਹੀ ਹੁੰਦੀ ਹੈ
ਸੁੱਖਣਾ ਸੁੱਖਦੀ
ਘਰੋਂ ਬਾਹਰ ਜਾਂਦੀਆਂ ਪੈੜਾਂ ਨਿਹਾਰਦੀ
ਤੁਹਾਨੂੰ ਅਵਚੇਤਨ 'ਚ ਵਸਾਉਂਦੀ
ਹਰ ਜ਼ਿੰਮੇਵਾਰੀ ਨਿਭਾਉਂਦੀ
ਸਿਰ ਦੇ ਸਾਈਂ ਦੀ ਹਰ ਵਕਤ ਆਰਤੀ ਉਤਾਰਦੀ ਹੈ।

ਬੇਟੀ ਵੀ ਮਾਂ ਬਣ ਜਾਂਦੀ ਹੈ
ਜੋ ਗੋਡਿਆਂ ਦੀ ਪੀੜ
ਮੋਟੀਆਂ ਐਨਕਾਂ
ਅਤੇ ਸਿਰ ਪੀੜ ਦਾ ਫਿਕਰ ਕਰਦੀ
ਕਦੇ ਕਦੇ ਤਾਂ ਚਿੰਤਾ 'ਚ ਚਿੰਤਾ ਬਣ ਜਾਂਦੀ ਹੈ
ਮਤਾਂ ਹਨੇਰੇ ਸਵੇਰੇ ਪਿੰਡ ਨੂੰ ਜਾਂਦਿਆਂ
ਕਾਲੇ ਰਾਹ ਹਾਬੜ ਹੀ ਨਾ ਜਾਣ।

ਭਰਜਾਈ ਤਾਂ ਮਾਂ ਵਰਗੀ ਹੀ ਹੁੰਦੀ ਹੈ
ਲਾਡਲੇ ਦਿਓਰ ਦਾ ਸਿਰ ਵਾਹੁੰਦੀ
ਲੜਿੱਕੇ ਨੂੰ ਲਾਡ ਲਡਾਉਂਦੀ
ਅਫਸਰ ਬਣਨ 'ਤੇ ਚਾਅ ਮਨਾਉਂਦੀ
ਸ਼ਗਨਾਂ ਦਾ ਸੁਰਮਾ ਪਾਉਂਦੀ
ਅਤੇ ਉਸਦੇ ਨਾਵੇਂ ਸੰਦਲੀ ਰਾਹਾਂ ਦਾ ਸਿਰਨਾਵਾਂ ਕਰਦੀ।

ਵੱਡੀ ਭੈਣ ਵੀ ਮਾਂ ਬਣ ਜਾਂਦੀ
ਜਦ ਵੀਰੇ ਦੇ ਪਰਦੇਸ ਜਾਣ ਲੱਗਿਆਂ
ਦਰਾਂ 'ਚ ਪਾਣੀ ਡੋਹਲਦੀ
ਪੀਰਾਂ ਦੇ ਸ਼ੀਰਨੀ ਸੁੱਖਦੀ
ਅਤੇ ਪ੍ਰਦੇਸ ਤੋਂ ਆਉਂਦੀਆਂ ਹਵਾਵਾਂ 'ਚੋਂ
ਭੇਜੇ ਸੁਨੇਹਿਆਂ ਦਾ ਹੁੰਗਾਰਾ ਭਾਲਦੀ

ਕਦੇ ਕਦੇ ਪ੍ਰੇਮਕਾ ਵੀ ਮਾਂ ਜੇਹੀ ਕਰਮਕਾਰੀ ਬਣ ਜਾਂਦੀ
ਤੁਹਾਡੀ ਤਿੜਕਣ ਨੂੰ ਅੰਤਰੀਵ ਵਿਚ ਜੀਰਦੀ
ਚਸਕਦੇ ਜਜਬਾਤਾਂ 'ਤੇ ਟਕੋਰ ਕਰਦੀ
ਪੀੜਾ ਦੀ ਤਲੀ 'ਤੇ ਲਰਜ਼ਦੇ ਅਹਿਸਾਸ ਧਰਦੀ
ਜ਼ਿੰਦਗੀ ਦੇ ਅਰਥ ਬਦਲ ਦਿੰਦੀ

ਕਦੇ ਕਦੇ ਮਾਸੀ ਵੀ ਮਾਂ ਵਰਗਾ ਲਾਡ ਲਡਾਉਂਦੀ
ਭੈਣ ਦੀ ਅੰਸ਼ ਦੀਆਂ ਸੁੱਖਾਂ ਸੁਖਦੀ
ਤੇ ਢਹਿੰਦੇ ਬਨੇਰੇ 'ਤੇ ਹਟਕੋਰੇ ਲੈਂਦੇ ਚਿਰਾਗ ਧਰ
ਯੁੱਗ ਜਿਊਣ ਦੀ ਅਸੀਸ ਦਿੰਦੀ।

ਕਦੇ ਸਾਲ ਛਿਮਾਹੀ ਬਾਅਦ
ਚਾਚੀਆਂ ਤਾਈਆਂ ਵੀ ਮਾਂ ਜੇਹਾ ਮੋਹ ਕਰਦੀਆਂ
ਜਦ ਕਦੇ ਮਾਂ ਮਛੋਰ ਉਹਨਾਂ ਦੇ ਚੌਂਕੇ ਜਾ ਬਹਿੰਦਾ
ਅਤੇ ਪੀਹੜੀ 'ਤੇ ਬੈਠੇ ਬਲੂੰਘੜੇ 'ਚੋਂ
ਤੁਰ ਗਈ ਹਮਜੋਲਣ ਦੇ ਨਕਸ਼ ਨਿਹਾਰਦੀਆਂ

ਅਕਸਰ ਹੀ ਹਰਫ਼ਾਂ 'ਚ ਸਮੋਈ ਮਾਂ
ਵਰਕਿਆਂ 'ਤੇ ਫੈਲ
ਜੀਵਨ ਦੇ ਸੁੱਚਮ ਵਰਗੀ
ਆਪਣੇ ਜੇਡੀ ਕੈਨਵਸ ਸਿਰਜ ਜਾਂਦੀ

ਮਾਂ ਮਰ ਕੇ ਵੀ
ਕਦੇ ਨਹੀਂ ਕਰਦੀ
ਤੁਹਾਡੇ ਆਲੇ ਦੁਆਲੇ
ਹਰਦਮ ਫੈਲੀ ਰਹਿੰਦੀ ਹੈ।

••

## ਧੀਆਂ ਘਰ ਆਉਂਦੀਆਂ

ਧੀਆਂ ਘਰ ਆਉਂਦੀਆਂ
ਘਰ ਦੀ ਚੁੱਪ-ਤਲੀ 'ਤੇ
ਜਿਉਂਦੇ ਬੋਲ ਉਗ ਆਉਂਦੇ
ਕੰਧਾਂ 'ਤੇ ਲਕੀਰਾਂ ਝਾਤੀਆਂ ਮਾਰਦੀਆਂ
ਗੁੱਡੀਆਂ ਪਟੋਲਿਆਂ ਦੀ ਜਾਗ ਖੁੱਲ੍ਹ ਜਾਂਦੀ
'ਤੇ ਕਮਰੇ ਦੀ ਸੁੰਨ ਦਾ ਹੁੰਗਾਰਾ
ਨਿਰਛੱਲ ਗੁਟਕਣੀ ਭਰਦੀ

ਧੀਆਂ ਘਰ ਆਉਂਦੀਆਂ
ਚੌਂਕੇ ਦੀਆਂ ਚਿੜੀਆਂ ਚਹਿਕਦੀਆਂ
ਮਾਂ ਨੂੰ ਆਹਰੇ ਲਾਉਂਦੀਆਂ
ਪ੍ਰਦੇਸਣ ਕੂੰਜਾਂ ਭਾਂਤ ਭਾਂਤ ਦਾ ਚੋਗ ਖਾਂਦੀਆਂ
ਚੁੱਲ੍ਹੇ 'ਤੇ ਰਿੱੜਦੀ ਤੋੜੀ ਨਾਲ ਸੰਵਾਦ ਰਚਾਉਂਦੀਆਂ

ਧੀਆਂ ਘਰ ਆਉਂਦੀਆਂ
ਘਰ 'ਚ ਸੁੱਚਮ ਉਗਦਾ
ਸਲੀਕੇ ਦਾ ਮੁਹਾਂਦਰਾ ਨਿੱਖਰਦਾ
ਤੇ ਘਰ ਦੀ ਦਿੱਖ 'ਚ ਸੁਹਜ ਪਨਪਦਾ

ਧੀਆਂ ਘਰ ਆਉਂਦੀਆਂ
ਤਾਂ ਉਹ ਮਾਂ ਬਾਪ ਦੇ ਦੀਦਿਆਂ 'ਚ ਉਤਰ
ਫਿਕਰਾਂ ਦੇ ਨਿੱਕੇ ਨਿੱਕੇ ਆਹਰ ਕਰਦੀਆਂ
ਦਵਾਈਆਂ 'ਤੇ ਲੇਬਲ ਲਾਉਂਦੀਆਂ
ਟਾਈਮ ਸਿਰ ਖਾਣ ਲਈ ਸਮਝਾਉਂਦੀਆਂ।

ਧੀਆਂ ਘਰ ਆਉਂਦੀਆਂ
ਅਛੋਹ ਬੋਲ
ਵੱਡੀਆਂ ਦਿਲਬਰੀਆਂ
ਨਿੱਕੀਆਂ ਸਮਝੌਤੀਆਂ
ਉਮਰ ਤੋਂ ਵੱਡੀਆਂ ਸਲਾਹਾਂ
'ਤੇ ਸੁਚੇਤ ਸਾਵਧਾਨੀਆਂ
ਮਾਪਿਆਂ ਦੀ ਝੋਲੀ 'ਚ ਧਰਦੀਆਂ

ਘਰੋਂ ਵਿਦਾ ਹੋਣ ਵੇਲੇ ਧੀਆਂ
ਘਰ ਨੂੰ ਫਿਰ ਸੁੱਚੇ ਅਰਥ ਬਖਸ਼ਣ ਦੀ ਆਸ
ਤੇ ਵਿਹੜੇ ਦੀਆਂ ਉਦਾਸ ਚਿੜੀਆਂ ਦੇ ਬੋਲ ਬਣਨ ਦਾ ਧਰਵਾਸ
ਘਰ ਦੇ ਦਰਾਂ 'ਤੇ ਲਟਕਾ ਜਾਂਦੀਆਂ

ਧੀਆਂ ਘਰ ਆਉਂਦੀਆਂ।

●●

## ਬਾਪ

ਬਾਪ
ਸਿਰਫ ਦੋ ਅੱਖਰਾਂ ਦੀ ਜੋੜ ਨਹੀਂ
ਇਸ ਵਿਚ ਸਮਾਏ ਹੋਏ ਨੇ
ਅਸੀਮ ਅਰਥ, ਸੰਵੇਦਨਾਵਾਂ ਤੇ ਸੁਪਨੇ

ਬਾਪ
ਤੁਹਾਡੀ ਉਂਗਲ ਹੀ ਨਹੀਂ ਫੜਦਾ
ਤੁਹਾਡੇ ਕਦਮਾਂ ਦੇ ਨਾਵੇਂ ਮੰਜ਼ਲਾਂ ਦੀ ਪੈੜ
ਤੇ ਮੱਥੇ ਵਿਚ ਦਿਸਹੱਦਿਆਂ ਦਾ ਸਿਰਨਾਵਾਂ ਧਰਦਾ ਏ

ਬਾਪ
ਕੰਨਹੇੜੀ 'ਤੇ ਬਿਠਾ ਕੇ ਮੇਲਾ ਹੀ ਨਹੀਂ ਦਿਖਾਉਂਦਾ
ਤੁਹਾਡੇ ਅਵਚੇਤਨ ਵਿਚ ਦੁਨੀਆਂ ਦੇ ਰੰਗ ਤਮਾਸ਼ੇ
ਅਤੇ ਜਿੰਦਗੀ ਦੇ ਵਿਭਿੰਨ ਰੂਪਾਂ ਦੀ ਤਸ਼ਬੀਹ ਵੀ ਖੁਣ ਦਿੰਦਾ ਏ

ਬਾਪ
ਜਦ ਹੱਲ ਵਾਹੁਣ ਸਿਖਾਉਂਦਿਆਂ
ਨਿੱਕੇ ਨਿੱਕੇ ਹੱਥਾਂ ਵਿਚ ਪਰਾਣੀ ਅਤੇ ਪੁਚਕਾਰ ਪਕੜਾਉਂਦਾ ਏ
ਤਾਂ ਜੀਵਨ ਦੇ ਨਾਵੇਂ ਸਮਤੋਲ ਤੋਰ ਅਤੇ ਆਤਮਿਕ ਡਰ ਨੂੰ
ਤੁਹਾਡੇ ਜਿਹਨ 'ਚ ਸਦੀਵੀ ਉਤਾਰ ਦਿੰਦਾ ਏ

ਬਾਪ
ਜਦ ਨੰਗੇ ਪੈਰਾਂ ਦੇ ਸਫਰ ਨੂੰ
ਤੁਹਾਡੇ ਲਈ ਫਲ੍ਹੇ ਦੀ ਪ੍ਰਕਰਮਾ ਬਣਾਉਂਦਾ ਏ
ਤਾਂ ਕੋਮਲ ਸੋਚ 'ਚ ਮੁਸ਼ੱਕਤ ਦੀ ਵੱਗਦੀ ਪੱਛੋਂ
ਸੁਨਹਿਰੀ ਦਾਣਿਆਂ ਦਾ ਬੋਹਲ ਬਣਾਉਂਦੀ ਏ

ਬਾਪ ਦੇ ਚੋਂਦੇ ਮੁੜਕੇ ਦੇ ਨਾਵੇਂ
ਜਦ ਜੁਆਕ ਕਚੀ ਲੱਸੀ ਦਾ ਜੱਗ ਕਰਦਾ ਏ
ਤਾਂ ਬੱਚੇ ਦੇ ਮਸਤਕ ਵਿਚ
ਮੁੜਕੇ ਚੋਂ ਮੋਤੀਆਂ ਦੀ ਫਸਲ ਉਗਾਉਣ ਦੀ ਜਾਚ ਜਨਮਦੀ ਏ

ਬਾਪ
ਜਦ ਧੁੱਪ 'ਚ ਨੰਗੇ ਪੈਰੀਂ ਤੁਰੇ ਜਾਂਦੇ
ਬਲੂੰਗੜੇ 'ਤੇ ਪਰਨੇ ਦੀ ਛਾਂ ਕਰਦਾ ਏ
ਤਾਂ ਸਫਾਫ਼ ਮਨ 'ਚ ਛਾਵਾਂ ਵੰਡਣ ਦੀ ਬਿਰਤੀ ਉਗਮਦੀ ਏ

ਬਾਪ
ਜਦ ਕਿਸੇ ਦੇ ਖੇਤੋਂ ਪੱਠੇ ਨਾ ਵੱਢਣ ਦੀ ਨਸੀਹਤ ਕਰਦਾ ਏ
ਤਾਂ ਇਹ ਕਰਮਯੋਗਤਾ ਦਾ ਪਹਿਲਾ ਪਾਠ ਬਣ ਜਾਂਦਾ ਏ

ਤੇ ਬਾਪ
ਜਦ ਬੱਚੇ ਦੀ ਪਿੱਠ ਥਪਥਪਾਉਂਦਾ ਏ
ਤਾਂ ਬਾਪ ਦੇ ਸੁਪਨਿਆਂ ਨੂੰ ਸੂਹੇ ਫੁੱਲ ਲਗਦੇ ਨੇ
ਜੋ ਬਾਪ ਦੀ ਅਕੀਦਤ ਦਾ ਸੱਚ ਹੁੰਦੇ ਨੇ

ਬਾਪ
ਦੋ ਹਰਫਾਂ ਦਾ ਜੋੜ ਨਹੀਂ।
●●

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

*(ਇਸ ਕਾਲਮ ਵਿੱਚ ਉਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਹੜੀ ਮੁੱਖ ਧਾਰਾ ਦੇ ਮੀਡੀਏ ਵਿੱਚ ਨਹੀਂ ਮਿਲਦੀ ਜਾਂ ਹਾਸੀਏ ਉੱਪਰ ਧੱਕ ਦਿੱਤੀ*

# ਵਾਤਾਵਰਨ ਦਾ ਨੁਕਸਾਨ ਅਮੀਰਾਂ ਦੇ ਮੁਕਾਬਲੇ ਗਰੀਬਾਂ ’ਤੇ ਵੱਧ ਅਸਰ ਪਾਉਂਦਾ ਹੈ।

## ਸੁਖਵੰਤ ਹੁੰਦਲ

ਜ਼ਿੰਦਾ ਰਹਿਣ ਲਈ ਹਰ ਇਕ ਇਨਸਾਨ ਨੂੰ ਹਵਾ, ਪਾਣੀ, ਖੁਰਾਕ ਆਦਿ ਦੀ ਲੋੜ ਪੈਂਦੀ ਹੈ। ਇਸ ਲਈ ਸਾਨੂੰ ਇਹ ਲਗ ਸਕਦਾ ਹੈ ਕਿ ਜਦੋਂ ਹਵਾ, ਪਾਣੀ ਅਤੇ ਖੁਰਾਕ ਉਪਜਾਉਣ ਦੇ ਸਾਧਨ (ਧਰਤੀ, ਸਮੁੰਦਰ ਆਦਿ) ਪ੍ਰਦੂਸ਼ਤ ਹੁੰਦੇ ਹਨ ਜਾਂ ਉਹਨਾਂ ਦਾ ਨੁਕਸਾਨ ਹੁੰਦਾ ਹੈ (ਭਾਵ ਜਦੋਂ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ) ਤਾਂ ਇਸ ਕਾਰਨ ਸਾਰੇ ਇਨਸਾਨਾਂ (ਅਮੀਰਾਂ ਅਤੇ ਗਰੀਬਾਂ) ’ਤੇ ਇਕੋ ਜਿਹਾ ਅਸਰ ਪੈਂਦਾ ਹੈ। ਪਰ ਇਸ ਗੱਲ ਵਿੱਚ ਪੂਰੀ ਸਚਾਈ ਨਹੀਂ। ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਅਤੇ ਨਿਤਾਣੇ ਲੋਕਾਂ ਨੂੰ ਵਾਤਾਵਰਨ ਦੇ ਨੁਕਸਾਨ ਦੀ ਮਾਰ ਵੱਧ ਝੱਲਣੀ ਪੈਂਦੀ ਹੈ। ਵਾਤਾਵਰਨ ਦੇ ਨੁਕਸਾਨ ਕਾਰਨ ਪੈਦਾ ਹੋ ਰਹੀਆਂ ਸਥਿਤੀਆਂ ਗਰੀਬਾਂ ਦੀ ਪਹਿਲਾਂ ਹੀ ਮੁਸ਼ਕਿਲਾਂ ਭਰੀ ਜ਼ਿੰਦਗੀ ਨੂੰ ਹੋਰ ਦੁੱਭਰ ਅਤੇ ਤਕਲੀਫਦੇਹ ਬਣਾ ਦਿੰਦੀਆਂ ਹਨ। ਇਸ ਦੇ ਨਾਲ ਹੀ ਉਹਨਾਂ ਕੋਲ ਅਮੀਰ ਅਤੇ ਸਰਦੇ-ਪੁੱਜਦੇ ਲੋਕਾਂ ਦੇ ਮੁਕਾਬਲੇ ਇਹਨਾਂ ਅਸਰਾਂ ਦੀ ਮਾਰ ਨਾਲ ਨਿਪਟਣ ਦੇ ਵਸੀਲੇ ਘੱਟ ਹੁੰਦੇ ਹਨ। ਨਤੀਜੇ ਵੱਜੋਂ ਉਹਨਾਂ ਨੂੰ ਵਾਤਾਵਰਨ ਦੇ ਨੁਕਸਾਨ ਕਾਰਨ ਪੈਣ ਵਾਲੇ ਭੈੜੇ ਅਸਰਾਂ ਦੀ ਦੁਵੱਲੀ ਮਾਰ ਝੱਲਣੀ ਪੈਂਦੀ ਹੈ। ਇਸ ਸਚਾਈ ਨੂੰ ਸਮਝਣ ਅਤੇ ਰੀਕਾਰਡ ਕਰਨ ਲਈ ਇਸ ਸਮੇਂ ਦੁਨੀਆ ਭਰ ਵਿੱਚ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਉੱਪਰ ਵਾਤਾਵਰਨ ਦੇ ਨੁਕਸਾਨ ਕਾਰਨ ਪੈ ਰਹੇ ਅਸਰਾਂ ਬਾਰੇ ਬਹੁਤ ਸਾਰੇ ਅਧਿਐਨ ਅਤੇ ਖੋਜਾਂ ਹੋ ਰਹੀਆਂ ਹਨ। ਇਸ ਲੇਖ ਵਿੱਚ ਅਸੀਂ ਵਾਤਾਵਰਨ ਦੇ ਨੁਕਸਾਨ ਕਾਰਨ ਲੋਕਾਂ ਦੇ ਰੁਜ਼ਗਾਰ, ਅਤੇ ਸਿਹਤ ਉੱਪਰ ਪੈਣ ਵਾਲੇ ਅਸਰਾਂ ਅਤੇ ਘਰੋਂ ਬੇਘਰ ਹੋਣ ਦੇ ਵਰਤਾਰੇ ਬਾਰੇ ਚਰਚਾ ਕਰਾਂਗੇ। ਇਸ ਚਰਚਾ ਵਿੱਚ ਪੇਸ਼ ਕੀਤੇ ਤੱਥਾਂ ਤੋਂ ਇਹ ਗੱਲ ਸਪਸ਼ਟ ਹੋ ਜਾਏਗੀ ਕਿ ਵਾਤਾਵਰਨ ਦਾ ਨੁਕਸਾਨ ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਲੋਕਾਂ ’ਤੇ ਵੱਧ ਅਸਰ ਪਾਉਂਦਾ ਹੈ।

ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਪਸ਼ਟ ਕਰ ਲੈਣੀ ਜ਼ਰੂਰੀ ਹੈ ਕਿ ਵਾਤਾਵਰਨ ਦੇ ਨੁਕਸਾਨ ਤੋਂ ਸਾਡਾ ਕੀ ਮਤਲਬ ਹੈ ਅਤੇ ਧਰਤੀ ’ਤੇ ਇਹ ਨੁਕਸਾਨ ਹੋਣ ਦਾ ਕਾਰਜ ਕਿਸ ਤਰ੍ਹਾਂ ਵਾਪਰ ਰਿਹਾ ਹੈ। ਮੁੱਖ ਤੌਰ ’ਤੇ ਜ਼ਮੀਨ, ਪਾਣੀ, ਹਵਾ, ਈਕੋਸਿਸਟਮ ਅਤੇ ਪੌਦਿਆਂ ਅਤੇ ਜੀਵਾਂ ਦੀਆਂ ਜਾਤੀਆਂ (ਸਪੀਸਜ਼) ਦੇ ਨੁਕਸਾਨ ਨੂੰ ਵਾਤਾਵਰਨ ਦਾ ਨੁਕਸਾਨ ਮੰਨਿਆ ਜਾਂਦਾ ਹੈ। ਇਸ ਨੁਕਸਾਨ ਦਾ ਮੁੱਖ ਕਾਰਨ ਧਰਤੀ ਉੱਤੇ ਮਨੁੱਖ ਵਲੋਂ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਹਨ। ਬੇਸ਼ੱਕ ਵਾਤਾਵਰਨ ਦਾ ਨੁਕਸਾਨ ਕੁਦਰਤੀ ਤੌਰ ’ਤੇ ਵੀ ਹੁੰਦਾ ਹੈ ਪਰ ਉਹ ਮਨੁੱਖ ਵਲੋਂ ਕੀਤੇ ਜਾਣ ਵਾਲੇ ਨੁਕਸਾਨ ਦੇ ਮੁਕਾਬਲੇ ਬਹੁਤ ਹੀ ਮਾਮੂਲੀ ਮੰਨਿਆ ਜਾਂਦਾ ਹੈ। (1) ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੇ ਵਰਤਾਰੇ ਦੇ ਕਈ ਪੱਖਾਂ ਵਿੱਚੋਂ ਕੁਝ ਮਹੱਤਵਪੂਰਨ ਪੱਖ ਇਸ ਪ੍ਰਕਾਰ ਹਨ: ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੇ ਫੈਲਾਅ ਕਾਰਨ ਧਰਤੀ ਦੇ ਤਾਪਮਾਨ ਵਿੱਚ ਵਾਧਾ (ਗਲੋਬਲ ਵਾਰਮਿੰਗ), ਮੌਸਮਾਂ ਵਿੱਚ ਨਾਟਕੀ ਪੱਧਰ ਦੀ ਤਬਦੀਲੀ (ਕਲਾਈਮੇਟ ਚੇਂਜ), ਸਮੁੰਦਰਾਂ ਦਾ ਤੇਜ਼ਾਬੀਕਰਨ, ਓਜ਼ੋਨ ਦੀ ਤਹਿ ਵਿੱਚ ਕਮੀ, ਕਈ ਕਾਰਨਾਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਕਮੀ ਆਉਣਾ ਜਾਂ ਜ਼ਮੀਨ ਦਾ ਖੇਤੀਯੋਗ ਨਾ ਰਹਿਣਾ, ਜੰਗਲਾਂ ਦਾ ਸਫਾਇਆ, ਖੇਤੀਬਾੜੀ ਅਤੇ ਸਨਅਤ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ (ਕੈਮੀਕਲਾਂ) ਕਾਰਨ ਰਸਾਇਣਕ ਪ੍ਰਦੂਸ਼ਣ, ਪ੍ਰਮਾਣੂ ਬਿਜਲੀ ਪੈਦਾ ਕਰਨ ਦੇ ਨਤੀਜੇ ਵੱਜੋਂ ਜ਼ਹਿਰੀਲੀ ਰਹਿੰਦ-ਖੂਹੰਦ ਦਾ ਉਤਪਾਦਨ, ਅਤੇ ਖੇਤੀ ਅਤੇ ਸਨਅਤੀ ਵਰਤੋਂ ਕਾਰਨ ਤਾਜ਼ਾ ਪਾਣੀ ਦੀ ਥੁੜ ਅਤੇ ਪ੍ਰਦੂਸ਼ਣ। (2)

ਆਉ ਹੁਣ ਵਾਤਾਵਰਨ ਦੇ ਨੁਕਸਾਨ ਕਾਰਨ ਲੋਕਾਂ ਦੇ ਰੁਜ਼ਗਾਰ, ਅਤੇ ਸਿਹਤ ਉੱਪਰ ਪੈਣ ਵਾਲੇ ਅਸਰਾਂ ਅਤੇ ਘਰੋਂ ਬੇਘਰ ਹੋਣ ਦੇ ਵਰਤਾਰੇ ਬਾਰੇ ਚਰਚਾ ਕਰੀਏ।

### ਰੁਜ਼ਗਾਰ ਅਤੇ ਆਮਦਨ

ਸੰਨ 2011 ਵਿੱਚ ਛਪੀ ਯੂਨਾਇਟਡ ਨੇਸ਼ਨਜ਼ ਦੀ *ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਦੁਨੀਆ ਭਰ ਵਿੱਚ 1.3 ਅਰਬ (ਬਿਲੀਅਨ) ਲੋਕ ਖੇਤੀਬਾੜੀ, ਜੰਗਲਾਤ, ਮੱਛੀਆਂ ਫੜਨ ਨਾਲ ਸੰਬੰਧਤ ਕੰਮਾਂ ਅਤੇ ਹੰਟਿੰਗ ਅਤੇ ਗੈਦਰਿੰਗ ਦੇ ਖੇਤਰ ਵਿੱਚ ਕੰਮ ਕਰਦੇ ਹਨ। (3) ਇਹਨਾਂ ਖੇਤਰਾਂ ਵਿੱਚ ਵਾਤਾਵਰਨ ਦੇ ਨੁਕਸਾਨ ਕਾਰਨ ਪੈਣ ਵਾਲੇ ਭੈੜੇ ਅਸਰ ਇਹਨਾਂ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਇਹਨਾਂ ਖੇਤਰਾਂ ਵਿੱਚ ਵਾਤਾਵਰਨ ਦੇ ਹੋ ਰਹੇ ਨੁਕਸਾਨ ਬਾਰੇ ਦੇਖਣਾ ਜ਼ਰੂਰੀ ਹੈ।

ਵਾਤਾਵਰਨ ਦੇ ਨੁਕਸਾਨ ਕਾਰਨ ਜ਼ਮੀਨ ਦੀ ਉਪਜਾਊ ਉਪਰਲੀ ਤਹਿ (ਟਾਪਸੋਆਇਲ) ਦਾ ਨੁਕਸਾਨ ਹੋ ਰਿਹਾ ਹੈ, ਪਾਣੀ ਦੀ ਕਿੱਲਤ ਪੈਦਾ ਹੋ ਰਹੀ ਹੈ, ਜ਼ਮੀਨ ਦਾ ਮਾਰੂਥਲੀਕਰਨ (ਡੀਸਰਟੀਫਿਕੇਸ਼ਨ) ਹੋ ਰਿਹਾ ਹੈ, ਮੌਸਮਾਂ ਦੀ ਤਬਦੀਲੀ ਕਾਰਨ ਦੁਨੀਆ ਦੇ ਕਈ ਖੇਤਰਾਂ ਵਿੱਚ ਵੱਧ ਰਹੇ ਸੋਕੇ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ, ਫਸਲਾਂ ਦੇ ਝਾੜਾਂ ਵਿੱਚ ਕਮੀ ਆ ਰਹੀ ਹੈ ਅਤੇ ਕਈ ਥਾਂਵਾਂ ’ਤੇ ਜ਼ਮੀਨ ਖੇਤੀ ਦੇ ਯੋਗ ਨਹੀਂ ਰਹਿ ਰਹੀ। ਯੂਨਾਈਟਡ ਨੇਸ਼ਨਜ਼ ਦੇ ਇਨਵਾਇਰਮੈਂਟਲ ਪ੍ਰੋਗਰਾਮ ਵਲੋਂ 2009 ਵਿੱਚ ਛਾਪੀ ਗਈ ਇਕ ਰਿਪੋਰਟ *“ਇਨਵਾਇਰਮੈਂਟਲ ਫੂਡ ਕਰਾਈਸਸ”* ਵਿੱਚ ਦੱਸਿਆ ਗਿਆ ਹੈ ਕਿ ਹਰ ਸਾਲ ਦੁਨੀਆ ਭਰ ਵਿੱਚ ਜ਼ਮੀਨ ਨੂੰ ਹੋਣ ਵਾਲੇ ਨੁਕਸਾਨ, ਖਾਸ ਕਰਕੇ ਮਿੱਟੀ ਦੇ ਖੁਰਨ/ਉਡਣ (ਸੁਆਇਲ ਇਰੋਜ਼ਨ), ਕਾਰਨ 20,000- 50,000 ਵਰਗ ਕਿਲੋਮੀਟਰ ਜ਼ਮੀਨ ਖੇਤੀਯੋਗ ਨਹੀਂ ਰਹਿੰਦੀ। ਜ਼ਮੀਨ ਨੂੰ ਹੋ ਰਿਹਾ ਇਸ ਤਰ੍ਹਾਂ ਦਾ ਨੁਕਸਾਨ ਅਫਰੀਕਾ, ਲਾਤੀਨੀ ਅਮਰੀਕਾ ਅਤੇ ਏਸ਼ੀਆ ਵਿੱਚ ਯੂਰਪ ਅਤੇ ਉੱਤਰੀ ਅਮਰੀਕਾ ਨਾਲੋਂ 2-6 ਗੁਣਾਂ ਵੱਧ ਹੈ। ਅਫਰੀਕਾ ਦੇ ਸਬ-ਸਹਾਰਾ ਖਿੱਤੇ ਵਿੱਚ ਜ਼ਮੀਨ ਦੇ ਤੱਤਾਂ ਦੇ ਲਗਾਤਾਰ ਨਸ਼ਟ ਹੋਣ ਕਾਰਨ 9 ਲੱਖ 50 ਹਜ਼ਾਰ ਵਰਗ ਕਿਲੋਮੀਟਰ ਦੇ ਕਰੀਬ ਜ਼ਮੀਨ ਦਾ ਪੱਕੇ ਤੌਰ ’ਤੇ ਨੁਕਸਾਨ ਹੋਣ ਦਾ ਖਤਰਾ ਬਣਿਆ ਹੋਇਆ ਹੈ। ਏਸ਼ੀਆ ਵਿੱਚ ਪਿਛਲੇ ਕਈ ਦਹਾਕਿਆਂ ਦੌਰਾਨ ਖੇਤੀਬਾੜੀ ਵਾਲੀ 20 ਫੀਸਦੀ ਧਰਤੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਿਆਂ ਹੈ। ਸਿੰਜਾਈ ਅਤੇ ਖੇਤੀ ਉਤਪਾਦਨ

ਦੇ ਨੁਕਸਦਾਰ ਢੰਗਾਂ ਕਾਰਨ ਜ਼ਮੀਨ ਦੇ ਕੱਲਰ ਬਣਨ ਅਤੇ ਉਪਜਾਊ ਤੱਤਾਂ ਦੇ ਨਸ਼ਟ ਹੋਣ ਦੇ ਵਰਤਾਰੇ ਵਿੱਚ ਵੀ ਵਾਧਾ ਹੋ ਰਿਹਾ ਹੈ। ਇਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿੱਚ ਮਾਰੂ ਅਤੇ ਅਰਧ ਮਾਰੂ ਜ਼ਮੀਨੀ ਇਲਾਕਿਆਂ ਵਿੱਚ 95 ਕ੍ਰੋੜ ਹੈਕਟੇਅਰ ਜ਼ਮੀਨ ਕੱਲਰਾਠੀ ਬਣ ਰਹੀ ਹੈ ਅਤੇ ਸਿੰਜਾਈ ਯੋਗ ਜ਼ਮੀਨ ਦਾ 20 ਫੀਸਦੀ ਹਿੱਸਾ (4 ਲੱਖ 40 ਹਜ਼ਾਰ ਵਰਗ ਕਿਲੋਮੀਟਰ) ਜ਼ਮੀਨ ਵਿੱਚ ਵੱਧ ਰਹੇ ਲੂਣੇਪਣ (ਕੱਲਰਾਠੇਪਣ) ਤੋਂ ਪ੍ਰਭਾਵਿਤ ਹੈ। (4)

ਮੌਸਮਾਂ ਵਿੱਚ ਹੋਣ ਵਾਲੀ ਤਬਦੀਲੀ (ਕਲਾਈਮੇਟ ਚੇਂਜ) ਕਾਰਨ ਫਸਲਾਂ ਦੇ ਝਾੜ ਉੱਤੇ ਪੈਣ ਵਾਲੇ ਅਸਰਾਂ ਬਾਰੇ ਕਈ ਤਰ੍ਹਾਂ ਦੇ ਅਧਿਐਨ ਸਾਡੇ ਸਾਹਮਣੇ ਹਨ। *''ਇਨਵਾਇਰਮੈਂਟਲ ਫੂਡ ਕਰਾਈਸਸ''* ਨਾਮੀ ਉਪ੍ਰੋਕਤ ਰਿਪੋਰਟ ਅਨੁਸਾਰ ਮੌਸਮਾਂ ਦੀ ਤਬਦੀਲੀ (ਮੀਂਹ-ਚੱਕਰ ਵਿੱਚ ਤਬਦੀਲੀ, ਤਾਪਮਾਨ ਵਿੱਚ ਵਾਧਾ ਅਤੇ ਵਾਤਾਵਰਨ ਵਿੱਚ ਮੌਜੂਦ ਕਾਰਬਨ ਵਿੱਚ ਤਬਦੀਲੀ) ਕਾਰਨ ਫਸਲਾਂ ਦੇ ਉਤਪਾਦਨ 'ਤੇ ਵੱਖਰੇ ਵੱਖਰੇ ਅਸਰ ਪੈਣਗੇ। ਇਸ ਰਿਪੋਰਟ ਵਿੱਚ ਬਹੁਤ ਸਾਰੇ ਅਧਿਐਨਾਂ ਅਤੇ ਮਾਡਲਾਂ ਦੇ ਆਧਾਰ 'ਤੇ ਇਹ ਕਿਹਾ ਗਿਆ ਹੈ ਕਿ ਨੇੜ ਭਵਿੱਖ ਵਿੱਚ (2050 ਤੋਂ ਪਹਿਲਾਂ) ਮੌਸਮਾਂ ਦੀ ਤਬਦੀਲੀ ਕਾਰਨ ਫਸਲਾਂ ਦੇ ਝਾੜਾਂ ਵਿੱਚ ਵੱਖ ਵੱਖ ਖੇਤਰਾਂ ਅਤੇ ਵੱਖ ਵੱਖ ਫਸਲਾਂ 'ਤੇ ਵੱਖਰੇ ਵੱਖਰੇ ਅਸਰ ਪੈ ਸਕਦੇ ਹਨ। ਕੁੱਝ ਖੇਤਰਾਂ ਵਿੱਚ ਫਸਲਾਂ ਦੇ ਝਾੜ ਘੱਟ ਸਕਦੇ ਹਨ ਅਤੇ ਕੁਝ ਖੇਤਰਾਂ ਵਿੱਚ ਵੱਧ ਸਕਦੇ ਹਨ। ਇਸ ਹੀ ਤਰ੍ਹਾਂ ਕੁਝ ਫਸਲਾਂ ਦੇ ਝਾੜ ਘੱਟ ਸਕਦੇ ਹਨ ਅਤੇ ਕੁਝ ਫਸਲਾਂ ਦੇ ਝਾੜ ਵੱਧ ਸਕਦੇ ਹਨ। ਪਰ ਦੂਰ-ਭਵਿੱਖ ਵਿੱਚ (2050 ਤੋਂ ਬਾਅਦ) ਬਹੁ-ਗਿਣਤੀ ਅਧਿਐਨਾਂ ਅਤੇ ਮਾਡਲਾਂ ਦੀ ਇਸ ਗੱਲ 'ਤੇ ਸਹਿਮਤੀ ਹੈ ਕਿ ਮੌਸਮਾਂ ਦੀ ਤਬਦੀਲੀ ਕਾਰਨ ਫਸਲਾਂ ਦੇ ਝਾੜ ਵਿੱਚ ਕਮੀ ਆਏਗੀ। ਇਸ ਰਿਪੋਰਟ ਵਿੱਚ ਪੇਸ਼ ਇਕ ਮਾਹਰ ਦਾ ਦਾਅਵਾ ਹੈ ਕਿ 2080 ਤੱਕ ਵਿਸ਼ਵ ਪੱਧਰ 'ਤੇ ਖੇਤੀਬਾੜੀ ਦੇ ਉਤਪਾਦਨ ਵਿੱਚ 6 ਫੀਸਦੀ ਤੋਂ 16 ਫੀਸਦੀ ਤੱਕ ਕਮੀ ਆ ਸਕਦੀ ਹੈ। (5) 2011 ਵਿੱਚ ਛਪੀ *ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਸੰਸਾਰ ਪੱਧਰ 'ਤੇ 1980 ਤੋਂ ਲੈ ਕੇ ਹੁਣ ਤੱਕ ਮੌਸਮਾਂ ਦੀ ਤਬਦੀਲੀ ਕਾਰਨ ਮੱਕੀ ਦੇ ਉਤਪਾਦਨ ਵਿੱਚ 3.8 ਫੀਸਦੀ ਅਤੇ ਕਣਕ ਦੇ ਉਤਪਾਦਨ ਵਿੱਚ 5.1 ਫੀਸਦੀ ਦੀ ਕਮੀ ਆਈ ਹੈ। (6)

ਮੌਸਮਾਂ ਵਿੱਚ ਹੋਣ ਵਾਲੀ ਤਬਦੀਲੀ ਨਾਲ ਧਰਤੀ ਦੇ ਤਾਪਮਾਨ ਵਿੱਚ ਹੋ ਰਿਹਾ ਵਾਧਾ ਦੁਨੀਆ ਦੇ ਕਈ ਗਲੇਸ਼ੀਅਰਾਂ ਦੇ ਪਿਘਲਨ ਦੀ ਰਫਤਾਰ ਵਿੱਚ ਤੇਜ਼ੀ ਕਰ ਰਿਹਾ ਹੈ। ਇਸ ਵਰਤਾਰੇ ਕਾਰਨ ਨੇੜ ਭਵਿੱਖ ਵਿੱਚ ਇਕ ਅਸਰ ਇਹ ਹੋਏਗਾ ਕਿ ਫਸਲਾਂ ਦੀ ਸਿੰਜਾਈ ਲਈ ਮਿਲਣ ਵਾਲੇ ਪਾਣੀ ਦੀ ਥੁੜ ਪੈਦਾ ਹੋ ਜਾਵੇਗੀ। *ਇਨਵਾਇਰਮੈਂਟਲ ਫੂਡ ਕਰਾਈਸਸ* ਰਿਪੋਰਟ ਅਨੁਸਾਰ ਹਿਮਾਲਿਆ ਦੇ ਹਿੰਦੂ ਕੁਸ਼ ਖੇਤਰ ਵਿਚਲੇ ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਨ ਕਾਰਨ ਚੀਨ, ਭਾਰਤ ਅਤੇ ਪਾਕਿਸਤਾਨ ਵਿੱਚ ਸਿੰਜਾਈ ਲਈ ਮਿਲਣ ਵਾਲੇ ਪਾਣੀ ਵਿੱਚ ਕਮੀ ਆਏਗੀ ਅਤੇ ਉਸ ਦਾ ਸਿੱਧਾ ਅਸਰ ਅਨਾਜ ਉਤਪਾਦਨ 'ਤੇ ਹੋਵੇਗਾ। (7) ਉਪ੍ਰੋਕਤ ਚਰਚਿਤ *ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ 2025 ਤੱਕ ਪਾਣੀ ਦੀ ਥੁੜ 1.8 ਅਰਬ (ਬਿਲੀਅਨ) ਲੋਕਾਂ ਉੱਤੇ ਅਸਰ ਪਾਏਗੀ। ਪਾਣੀ ਦੀ ਇਸ ਥੁੜ ਕਾਰਨ ਫਸਲਾਂ ਦੇ ਉਤਪਾਦਨ 'ਤੇ ਪੈਣ ਵਾਲੇ ਨਾਂਹ-ਪੱਖੀ ਅਸਰਾਂ ਦਾ ਜ਼ਿਆਦਾ ਬੁਰਾ ਪ੍ਰਭਾਵ ਗਰੀਬ ਕਿਸਾਨਾਂ 'ਤੇ ਪਏਗਾ। ਰਿਪੋਰਟ ਵਿੱਚ ਮੈਕਸੀਕੋ ਦੇ ਗਰੀਬ ਕਿਸਾਨਾਂ ਦੀ ਉਦਾਹਰਨ ਦੇ ਕੇ ਦੱਸਿਆ ਗਿਆ ਹੈ ਕਿ ਇਹ ਗਰੀਬ ਕਿਸਾਨ ਧਰਤੀ ਹੇਠਲੇ ਪਾਣੀ ਦੀ ਨੀਵੀਂ ਹੋ ਰਹੀ ਪੱਧਰ ਨਾਲ ਨਜਿੱਠਣ ਲਈ ਨਾ ਤਾਂ ਸੋਕੇ ਦੀ ਮਾਰ ਝੱਲ ਸਕਣ ਵਾਲੇ ਨਵੇਂ ਬੀਜ ਖ੍ਰੀਦਣ ਦੇ ਸਮਰੱਥ ਹਨ ਅਤੇ ਨਾ ਹੀ ਫਸਲਾਂ ਲਈ ਲੋੜੀਂਦਾ ਪਾਣੀ ਖ੍ਰੀਦਣ ਦੇ ਸਮਰੱਥ।(8) ਇਹੋ ਜਿਹਾ ਵਰਤਾਰਾ ਅਸੀਂ ਪੰਜਾਬ ਵਿੱਚ ਵੀ ਦੇਖ ਸਕਦੇ ਹਾਂ। ਪੰਜਾਬ ਵਿੱਚ ਪਿਛਲੇ ਕਈ ਸਾਲਾਂ ਦੌਰਾਨ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫੀ ਜ਼ਿਆਦਾ ਨੀਵਾਂ ਹੋਇਆ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਦੇ ਕਿਸਾਨਾਂ 'ਤੇ ਆਰਥਿਕ ਬੋਝ ਵਧਿਆ ਹੈ ਅਤੇ ਇਸ ਵੱਧੇ ਹੋਏ ਆਰਥਿਕ ਬੋਝ ਦਾ ਅਸਰ ਅਮੀਰ ਕਿਸਾਨਾਂ ਦੇ ਮੁਕਾਬਲੇ ਗਰੀਬ ਕਿਸਾਨਾਂ 'ਤੇ ਜ਼ਿਆਦਾ ਹੋਇਆ ਹੈ।

ਵਾਤਾਵਰਨ ਕਾਰਨ ਜ਼ਮੀਨ ਨੂੰ ਹੋ ਰਿਹਾ ਨੁਕਸਾਨ ਬਹੁਤ ਵੱਡੇ ਆਰਥਿਕ ਨੁਕਸਾਨ ਦਾ ਕਾਰਨ ਬਣਦਾ ਹੈ। *ਇਨਵਾਇਰਮੈਂਟਲ ਫੂਡ ਕਰਾਈਸਸ* ਰਿਪੋਰਟ ਅਨੁਸਾਰ ਜ਼ਮੀਨ ਦੇ ਕਲਰਾਠੇਪਨ ਦੇ ਕਾਰਨ ਦੱਖਣੀ ਏਸ਼ੀਆ ਦੇ ਖਿੱਤੇ ਵਿੱਚ ਹਰ ਸਾਲ 150 ਕ੍ਰੋੜ ਡਾਲਰ ਦੇ ਬਰਾਬਰ ਦਾ ਆਰਥਿਕ ਨੁਕਸਾਨ ਹੁੰਦਾ ਹੈ। ਮਿੱਟੀ ਦੇ ਖੁਰਨ/ਉਡਣ (ਸੁਆਇਲ ਇਰੋਜ਼ਨ) ਦੀ ਪ੍ਰਕ੍ਰਿਆ ਕਾਰਨ ਜ਼ਮੀਨ ਦੇ ਉਪਜਾਊ ਤੱਤਾਂ ਦੇ ਨਸ਼ਟ ਹੋਣ ਕਾਰਨ ਦੱਖਣੀ ਏਸ਼ੀਆ ਵਿੱਚ ਸਾਲਾਨਾ 60 ਕ੍ਰੋੜ ਡਾਲਰ ਦਾ ਅਤੇ ਧਰਤੀ ਦੀ ਉਪਜਾਊ ਸ਼ਕਤੀ ਦੇ ਨੁਕਸਾਨ ਕਾਰਨ ਸਾਲਾਨਾ 120 ਕ੍ਰੋੜ ਡਾਲਰ ਦਾ ਨੁਕਸਾਨ ਹੁੰਦਾ ਹੈ। ਸਬ-ਸਹਾਰਾ ਅਫਰੀਕਾ ਦੇ ਕੁਝ ਦੇਸ਼ਾਂ ਵਿੱਚ ਮਿੱਟੀ ਦੇ ਖੁਰਨ/ਉਡਣ (ਸੁਆਇਲ ਇਰੋਜ਼ਨ) ਦੇ ਅਮਲ ਕਾਰਨ ਵਾਹੀ-ਯੋਗ ਧਰਤੀ ਦੇ 40 ਫੀਸਦੀ ਹਿੱਸੇ ਵਿੱਚ ਫਸਲਾਂ ਦੇ ਉਤਪਾਦਨ ਵਿੱਚ ਕਮੀ ਆਈ ਹੈ। (9)

ਦੁਨੀਆ ਦੇ ਜੰਗਲਾਂ ਦਾ ਵੱਡੀ ਪੱਧਰ ਤੇ ਹੋ ਰਿਹਾ ਸਫਾਇਆ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਦਾ ਇਕ ਹੋਰ ਪੱਖ ਹੈ। ਜੰਗਲਾਂ ਦੇ ਹੋ ਰਹੇ ਇਸ ਸਫਾਏ ਦੇ ਕਈ ਕਾਰਨਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ: ਜੰਗਲ ਖਤਮ ਕਰਕੇ ਕੈਸ਼ ਲਈ ਉਗਾਈਆਂ ਜਾ ਰਹੀਆਂ ਫਸਲਾਂ ਦੀ ਖੇਤੀ ਲਈ ਜ਼ਮੀਨ ਤਿਆਰ ਕਰਨਾ, ਮੀਟ ਉਤਪਾਦਨ ਲਈ ਪਸ਼ੂ ਪਾਲਣ ਲਈ ਜੰਗਲ ਵੱਢ ਕੇ ਚਾਰਗਾਹਾਂ ਬਣਾਉਣਾ, ਬਿਜਲੀ ਪੈਦਾ ਕਰਨ ਲਈ ਵੱਡੇ ਵੱਡੇ ਡੈਮਾਂ ਦੀ ਉਸਾਰੀ ਕਰਨਾ, ਇਮਾਰਤ ਉਸਾਰੀ ਲਈ ਲੋੜੀਂਦੀ ਲੱਕੜ ਲਈ ਜੰਗਲਾਂ ਨੂੰ ਵੱਢਣਾ ਆਦਿ। ਕਈ ਦੇਸ਼ਾਂ ਵਿੱਚ ਮੌਸਮਾਂ ਵਿੱਚ ਹੋ ਰਹੀ ਤਬਦੀਲੀ ਕਾਰਨ ਵੱਧ ਰਹੇ ਤਾਪਮਾਨ, ਸੋਕੇ ਆਦਿ ਨਾਲ ਜੰਗਲਾਂ ਵਿੱਚ ਮਿਲਦੀ ਬਨਸਪਤੀ ਨਸ਼ਟ ਹੋ ਰਹੀ ਹੈ। ਇਸ ਦੇ ਨਾਲ ਨਾਲ ਕਈ ਥਾਂਵਾਂ 'ਤੇ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਕਾਰਨ ਵਾਹੀਯੋਗ ਜ਼ਮੀਨ ਦੇ ਵਾਹੀਯੋਗ ਨਾ ਰਹਿਣ ਕਾਰਨ ਜੰਗਲਾਂ ਨੂੰ ਖਤਮ ਕਰਕੇ ਖੇਤੀਬਾੜੀ ਲਈ ਹੋਰ ਜ਼ਮੀਨ ਤਿਆਰ ਕਰਨ ਲਈ ਜੰਗਲਾਂ ਨੂੰ ਕੱਟਣ ਲਈ ਦਬਾਅ ਵੱਧ ਰਿਹਾ ਹੈ।

ਜੰਗਲਾਂ ਦਾ ਹੋ ਰਿਹਾ ਇਹ ਸਫਾਇਆ ਦੁਨੀਆਂ ਵਿੱਚ ਕ੍ਰੋੜਾਂ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ 'ਤੇ ਨਾਂਹ-ਪੱਖੀ ਅਸਰ ਪਾ ਰਿਹਾ ਹੈ। 2011 ਦੀ *ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਜੰਗਲਾਂ ਵਿੱਚ ਅਤੇ ਜੰਗਲਾਂ ਦੇ ਨੇੜੇ ਰਹਿਣ ਵਾਲੇ 35 ਕ੍ਰੋੜ ਲੋਕ ਆਪਣੇ ਗੁਜ਼ਾਰੇ ਅਤੇ ਆਮਦਨ ਲਈ ਜੰਗਲਾਂ 'ਤੇ ਨਿਰਭਰ ਹਨ। (10) ਅਫਰੀਕਨ *ਜਰਨਲ ਆਫ ਇਨਵਾਇਰਮੈਂਟਲ ਸਾਇੰਸ ਐਂਡ ਟੈਕਨੌਲੋਜੀ* ਦੇ ਦਸੰਬਰ 2010 ਦੇ ਅੰਕ ਵਿੱਚ ਛਪੇ ਇਕ ਲੇਖ ਅਨੁਸਾਰ ਅਫਰੀਕਾ ਦੇ 60 ਕ੍ਰੋੜ (600 ਮਿਲੀਅਨ) ਲੋਕਾਂ ਵਿੱਚੋਂ 2/3 ਤੋਂ ਵੱਧ ਲੋਕ ਆਪਣੇ ਗੁਜ਼ਾਰੇ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੰਗਲਾਂ ਉੱਤੇ ਨਿਰਭਰ ਕਰਦੇ ਹਨ। (11) ਲੋਕ ਜੰਗਲਾਂ ਵਿੱਚੋਂ ਬਾਲਣ ਅਤੇ ਹੋਰ ਲੋੜਾਂ ਲਈ ਲੱਕੜ, ਖਾਣ ਲਈ ਭੋਜਨ, ਪਸ਼ੂਆਂ ਲਈ ਚਾਰਾ, ਬੀਮਾਰੀਆਂ ਦੇ ਇਲਾਜ ਲਈ ਜੜੀ ਬੂਟੀਆਂ ਆਦਿ ਪ੍ਰਾਪਤ ਕਰਦੇ ਹਨ। ਆਮ ਕਰਕੇ ਗਰੀਬ ਅਤੇ ਸਮਾਜ ਦੇ ਨਿਤਾਣੇ ਵਰਗਾਂ ਨਾਲ ਸੰਬਧਤ ਲੋਕ - ਜਿਵੇਂ ਔਰਤਾਂ ਅਤੇ ਆਦਿਵਾਸੀ- ਆਪਣੇ ਗੁਜ਼ਾਰੇ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ। ਕਈ ਕੇਸਾਂ ਵਿੱਚ ਹਾਲਾਤ ਇਹੋ ਜਿਹੇ ਹੁੰਦੇ ਹਨ ਕਿ ਜੇ ਇਹਨਾਂ ਲੋਕਾਂ ਨੂੰ ਜੰਗਲਾਂ ਦਾ ਸਹਾਰਾ ਨਾ ਹੋਵੇ ਤਾਂ ਉਹਨਾਂ ਲਈ ਆਪਣੇ ਆਪ ਨੂੰ ਜ਼ਿੰਦਾ ਰੱਖਣਾ ਮੁਸ਼ਕਿਲ ਹੋ ਜਾਵੇ। 2011 ਦੀ *ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਪੇਂਡੂ ਖੇਤਰਾਂ ਵਿੱਚ ਜੰਗਲਾਂ ਵਿੱਚ ਅਤੇ ਜੰਗਲਾਂ ਦੇ ਨੇੜੇ ਰਹਿਣ ਵਾਲੇ ਗਰੀਬ ਲੋਕ ਆਪਣੀ ਆਮਦਨ ਦਾ ਚੌਥਾ ਹਿੱਸਾ ਜੰਗਲਾਂ ਤੋਂ ਪ੍ਰਾਪਤ ਕਰਦੇ ਹਨ। ਹਿੰਦੁਸਤਾਨ ਦੇ ਅਰੁਣਾਚਲ ਦੇ ਇਲਾਕੇ ਵਿੱਚ ਗਰੀਬ ਲੋਕ ਜ਼ਿੰਦਾ ਰਹਿਣ ਲਈ ਭਾਈਚਾਰੇ ਦੇ ਸਾਂਝੇ ਜੰਗਲਾਂ 'ਤੇ ਨਿਰਭਰ ਕਰਦੇ ਹਨ। ਜਿਹੜੇ ਘਰਾਂ ਕੋਲ ਜ਼ਮੀਨ ਘੱਟ ਹੈ ਅਤੇ ਜਿਹਨਾਂ ਘਰਾਂ ਵਿੱਚ ਪੜ੍ਹੇ ਲਿਖੇ ਲੋਕ ਘੱਟ ਹਨ, ਉਹ ਲੋਕ ਜ਼ਿੰਦਾ ਰਹਿਣ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਹਨ। ਦੱਖਣੀ ਇਥੋਪੀਆ ਵਿੱਚ ਜੰਗਲਾਂ ਤੋਂ ਹੋਣ ਵਾਲੀ ਆਮਦਨ ਅਬਾਦੀ ਦੇ ਪੰਜਵੇਂ ਹਿੱਸੇ ਨੂੰ ਗਰੀਬੀ ਰੇਖਾ ਤੋਂ ਉੱਪਰ ਰੱਖਣ ਵਿੱਚ ਭੂਮਿਕਾ ਨਿਭਾਉਂਦੀ ਹੈ। (12) ਅਫਰੀਕਾ ਵਿੱਚ ਵੀ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੇ ਗਰੀਬ ਲੋਕ ਆਪਣੇ ਗੁਜ਼ਾਰੇ ਅਤੇ ਆਮਦਨ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ। (13)

ਮੌਸਮਾਂ ਵਿੱਚ ਤਬਦੀਲੀ ਅਤੇ ਵਾਤਾਵਰਨ ਵਿੱਚ ਵੱਧ ਰਹੀ ਕਾਰਬਨਡਾਇਔਕਸਾਈਡ ਦੀ ਮਾਤਰਾ ਕਾਰਨ ਸਮੁੰਦਰਾਂ ਦਾ ਤੇਜ਼ਾਬੀਕਰਨ ਵੱਧ ਰਿਹਾ ਹੈ। ਇਸ ਦੇ ਨਾਲ ਨਾਲ ਸਮੁੰਦਰਾਂ ਦੇ ਕਿਨਾਰੇ ਵਸੀ ਅਬਾਦੀ ਦੀਆਂ ਸਰਗਰਮੀਆਂ ਕਈ ਤਰ੍ਹਾਂ ਨਾਲ ਸਮੁੰਦਰਾਂ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ। ਸਮੁੰਦਰਾਂ ਦਾ ਇਹ

ਤੇਜ਼ਾਬੀਕਰਨ ਅਤੇ ਪ੍ਰਦੂਸ਼ਨ ਸਮੁੰਦਰਾਂ ਤੋਂ ਪ੍ਰਾਪਤ ਹੋਣ ਵਾਲੀਆਂ ਮੱਛੀਆਂ ਅਤੇ ਹੋਰ ਜੀਵ-ਜੰਤੂਆਂ ਦੀ ਗਿਣਤੀ ਨੂੰ ਨਾਟਕੀ ਪੱਧਰ ਤੱਕ ਘਟਾ ਸਕਦੀ ਹੈ। ਕੈਨੇਡਾ ਦੀ *ਯੂਨੀਵਰਸਟੀ ਆਫ ਬ੍ਰਿਟਿਸ਼ ਕੋਲੰਬੀਆ* ਦੇ ਮਾਹਰਾਂ ਵਲੋਂ *ਅਫਰੀਕਨ ਜਰਨਲ ਆਫ ਮੈਰੀਨ ਸਾਇੰਸ* ਵਿੱਚ ਸੰਨ 2012 ਵਿੱਚ ਛਪੇ ਇਕ ਅਧਿਅਨ ਵਿੱਚ ਪੱਛਮੀ ਅਫਰੀਕਾ ਦੇ 14 ਦੇਸ਼ਾਂ ਵਿੱਚ ਮੌਸਮਾਂ ਦੀ ਤਬਦੀਲੀ ਕਾਰਨ ਮੱਛੀ ਉਤਪਾਦਨ ਉੱਤੇ ਪੈਣ ਵਾਲੇ ਅਸਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਹਨਾਂ ਮਾਹਰਾਂ ਅਨੁਸਾਰ ਮੌਸਮਾਂ ਵਿੱਚ ਤਬਦੀਲੀ ਨਾਲ ਸਮੁੰਦਰਾਂ 'ਚੋਂ ਫੜੀਆਂ ਜਾਣ ਵਾਲੀਆਂ ਮੱਛੀਆਂ ਦੇ ਉਤਪਾਦਨ 'ਤੇ ਕਾਫੀ ਵੱਡਾ ਅਸਰ ਪਾਏਗਾ। ਉਹਨਾਂ ਦਾ ਅੰਦਾਜ਼ਾ ਹੈ ਕਿ 2050 ਤੱਕ ਹਾਲਤ ਇਸ ਤਰ੍ਹਾਂ ਦੇ ਹੋ ਜਾਣਗੇ ਕਿ ਫੜੀਆਂ ਜਾਣ ਵਾਲੀਆਂ ਮੱਛੀਆਂ ਦੀ ਮਿਕਦਾਰ ਵਿੱਚ ਸਾਲਾਨਾ 21 ਫੀਸਦੀ ਦੀ ਕਮੀ ਆਏਗੀ ਅਤੇ ਮੱਛੀ ਸਨਅਤ ਨਾਲ ਸੰਬੰਧਤ ਨੌਕਰੀਆਂ ਵਿੱਚ 50 ਫੀਸਦੀ ਦੀ ਕਮੀ ਆਏਗੀ ਅਤੇ ਸਮੁੱਚੇ ਪੱਛਮੀ ਅਫਰੀਕਾ ਦੀ ਆਰਥਿਕਤਾ ਵਿੱਚ ਸਾਲਾਨਾ 31.1 ਕ੍ਰੋੜ (311 ਮਿਲੀਅਨ) ਅਮਰੀਕਨ ਡਾਲਰ ਦਾ ਘਾਟਾ ਪਏਗਾ। ਸੰਨ 2000 ਵਿੱਚ ਪੱਛਮੀ ਅਫਰੀਕਾ ਦੇ ਦੇਸ਼ਾ ਵਿੱਚ ਮੱਛੀ ਸੈਕਟਰ ਵਿੱਚ 7 ਲੱਖ 60 ਹਜ਼ਾਰ ਲੋਕ ਕੰਮ ਕਰਦੇ ਸਨ। ਅਗਲੇ ਤਿੰਨ ਦਹਾਕਿਆਂ ਦੌਰਾਨ ਮੌਸਮਾਂ ਦੀ ਤਬਦੀਲੀ ਕਾਰਨ ਇਹ ਨੌਕਰੀਆਂ ਦੀ ਗਿਣਤੀ ਅੱਧੀ ਰਹਿ ਜਾਵੇਗੀ। (14)

*2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਦੁਨੀਆ ਭਰ ਵਿੱਚ ਸਿੱਧੇ ਰੂਪ ਵਿੱਚ ਸਾਢੇ ਚਾਰ ਕ੍ਰੋੜ (45 ਮਿਲੀਅਨ) ਲੋਕ ਮੱਛੀਆਂ ਫੜਨ (ਫਿਸ਼ਰੀਜ਼) ਅਤੇ ਮੱਛੀ ਫਾਰਮਾਂ (ਐਕੂਆਕਲਚਰ) ਦੇ ਕੰਮ ਵਿੱਚ ਲੱਗੇ ਹੋਏ ਹਨ। ਇਹਨਾਂ ਵਿੱਚੋਂ 60 ਲੱਖ ਔਰਤਾਂ ਹਨ। ਛੋਟੀ ਪੱਧਰ 'ਤੇ ਕੰਮ ਕਰਨ ਵਾਲੇ ਮਛੇਰਿਆਂ ਵਿੱਚੋਂ 95 ਫੀਸਦੀ ਵਿਕਾਸਸ਼ੀਲ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੇ ਰਹਿਣ ਅਤੇ ਕੰਮ ਕਰਨ ਦੀਆਂ ਹਾਲਤਾਂ ਬਹੁਤ ਭੈੜੀਆਂ ਹਨ। ਦੁਨੀਆਂ ਦੇ ਗਰੀਬ ਮਛੇਰਿਆਂ ਵਿੱਚੋਂ 80 ਫੀਸਦੀ ਦੱਖਣੀ ਏਸ਼ੀਆ ਅਤੇ ਦੱਖਣੀ ਪੂਰਬੀ ਏਸ਼ੀਆ ਵਿੱਚ ਰਹਿੰਦੇ ਹਨ। (15) ਇਸ ਲਈ ਮੌਸਮਾਂ ਦੀ ਤਬਦੀਲੀ ਅਤੇ ਸਮੁੰਦਰਾਂ ਦੇ ਹੋਰ ਪ੍ਰਦੂਸ਼ਨ ਕਾਰਨ ਮੱਛੀ ਸਨਅਤ ਵਿੱਚ ਖੁੱਸਣ ਵਾਲੀਆਂ ਨੌਕਰੀਆਂ ਦੀ ਮਾਰ ਹੇਠ ਆਉਣ ਵਾਲੇ ਜ਼ਿਆਦਾ ਲੋਕ ਵਿਕਾਸਸ਼ੀਲ ਦੇਸ਼ਾਂ ਦੇ ਗਰੀਬ ਲੋਕ ਹੋਣਗੇ।

ਇੱਥੇ ਇਹ ਗੱਲ ਵੀ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਉਪ੍ਰੋਕਤ ਦਿੱਤੀ ਸਾਢੇ ਚਾਰ ਕ੍ਰੋੜ ਨੌਕਰੀਆਂ ਦੀ ਗਿਣਤੀ ਸਿਰਫ ਉਹਨਾਂ ਲੋਕਾਂ ਦੀ ਹੈ ਜੋ ਸਿੱਧੇ ਰੂਪ ਵਿੱਚ ਮੱਛੀਆਂ ਫੜਨ ਅਤੇ ਮੱਛੀ ਫਾਰਮਾਂ ਵਿੱਚ ਕੰਮ ਕਰਦੇ ਹਨ। ਪਰ ਮੱਛੀਆਂ ਫੜਨ ਦੀ ਸਨਅਤ ਉੱਤੇ ਕਈ ਹੋਰ ਸਨਅਤਾਂ - ਜਿਵੇਂ ਬੇੜੀਆਂ ਬਣਾਉਣ, ਮੱਛੀਆਂ ਨੂੰ ਪ੍ਰੋਸੈੱਸ ਕਰਨ, ਅੰਤਰਰਾਸ਼ਟਰੀ ਢੋਆ ਢੁਆਈ, ਪ੍ਰਚੂਨ ਪੱਧਰ 'ਤੇ ਮੱਛੀਆਂ ਦੀ ਵਿਕਰੀ, ਰੈਸਟੋਰੈਂਟ ਆਦਿ - ਨਿਰਭਰ ਕਰਦੀਆਂ ਹਨ। ਇਸ ਲਈ ਮੱਛੀ ਉਤਪਾਦਨ ਵਿੱਚ ਹੋਣ ਵਾਲੀ ਕਮੀ ਇਹਨਾਂ ਸਨਅਤਾਂ ਵਿੱਚ ਮਿਲਣ ਵਾਲੀਆਂ ਨੌਕਰੀਆਂ ਦੀ ਗਿਣਤੀ ਵੀ ਘਟਾਏਗੀ।

ਪਿਛਲੇ ਕੁਝ ਸਮੇਂ ਦੌਰਾਨ ਮੰਗੋਲੀਆ ਵਿੱਚ ਗਲੋਬਲ ਵਾਰਮਿੰਗ ਦੇ ਨਤੀਜੇ ਵਜੋਂ ਸੋਕਾ ਪੈਣ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਕ ਰਿਪੋਰਟ ਅਨੁਸਾਰ ਮੰਗੋਲੀਆ ਦੇ ਤਾਪਮਾਨ ਵਿੱਚ ਵਿਸ਼ਵ-ਤਾਪਮਾਨ ਦੀ ਵਾਧੇ ਦੀ ਔਸਤ ਨਾਲੋਂ ਦੁੱਗਣਾ ਵਾਧਾ ਹੋ ਰਿਹਾ ਹੈ। ਹਵਾ ਦੇ ਤਾਪਮਾਨ ਵਿੱਚ ਇਸ ਵਾਧੇ ਕਾਰਨ ਪੌਦਿਆਂ ਅਤੇ ਜ਼ਮੀਨ ਦੀ ਨਮੀ ਉੱਤੇ ਨਾਂਹ-ਪੱਖੀ ਅਸਰ ਪੈ ਰਿਹਾ ਹੈ। ਸੰਨ 1999- 2002 ਵਿਚਕਾਰ ਪੈਣ ਵਾਲੇ ਸੋਕਿਆਂ ਨਾਲ ਦੇਸ਼ ਦਾ ਅੱਧੇ ਤੋਂ ਵੱਧ ਹਿੱਸਾ ਪ੍ਰਭਾਵਿਤ ਹੋਇਆ ਸੀ ਅਤੇ ਸਿੱਟੇ ਵਜੋਂ 680 ਦਰਿਆਵਾਂ ਅਤੇ 760 ਝੀਲਾਂ ਸਮੇਤ ਦੇਸ਼ ਦੇ 3000 ਪਾਣੀ ਦੇ ਸ੍ਰੋਤ ਸੁੱਕ ਗਏ ਸਨ ਅਤੇ ਕ੍ਰੋੜਾਂ ਜਾਨਵਰ ਮਾਰੇ ਗਏ ਸਨ। (16) ਇਸ ਤਰ੍ਹਾਂ ਦੀਆਂ ਹਾਲਤਾਂ ਦਾ ਮੰਗੋਲੀਆ ਦੇ ਕਿੰਨੇ ਲੋਕਾਂ ਦੇ ਰੁਜ਼ਗਾਰ 'ਤੇ ਅਸਰ ਪਿਆ ਹੋਇਆ ਹੋਵੇਗਾ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੰਗੋਲੀਆ ਦੀ ਅੱਧੀ ਵਸੋਂ ਪਸ਼ੂ ਪਾਲਣ ਦੇ ਕਿੱਤੇ ਵਿੱਚ ਲੱਗੀ ਹੋਈ ਹੈ ਅਤੇ ਪਸ਼ੂ ਪਾਲਣ ਦਾ ਕਿੱਤਾ ਮੰਗੋਲੀਆ ਦੇ ਇਕ ਤਿਹਾਈ ਘਰਾਂ ਲਈ ਰੁਜ਼ਗਾਰ ਦਾ ਸਾਧਨ ਹੈ। (17)

## ਸਿਹਤ

ਵਾਤਾਵਰਨ ਦੇ ਨੁਕਸਾਨ ਕਾਰਨ ਹਵਾ, ਪਾਣੀ ਅਤੇ ਜ਼ਮੀਨ ਦਾ ਪ੍ਰਦੂਸ਼ਣ ਦੁਨੀਆਂ ਭਰ ਵਿੱਚ ਲੋਕਾਂ ਦੀ ਸਿਹਤ ਲਈ ਖਤਰਾ ਬਣ ਰਿਹਾ ਹੈ। ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ 2006 ਵਿੱਚ ਛਾਪੀ ਗਈ ਰਿਪੋਰਟ *ਪ੍ਰੀਵੈਂਟਿੰਗ ਡਿਸੀਜ਼ ਥਰੂ ਹੈਲਥੀ ਇਨਵਾਇਰਮੈਂਟਸ* ਅਨੁਸਾਰ ਦੁਨੀਆ ਭਰ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਵਿੱਚੋਂ 23 ਫੀਸਦੀ ਮੌਤਾਂ ਦੇ ਕਾਰਨ ਵਾਤਾਵਾਰਨ ਨਾਲ ਸੰਬੰਧਤ ਕਹੇ ਜਾ ਸਕਦੇ ਹਨ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਇਹ ਦਰ 36 ਫੀਸਦੀ ਦੇ ਨੇੜੇ ਪਹੁੰਚ ਜਾਂਦੀ ਹੈ। (18)

ਮੋਟਰ-ਗੱਡੀਆਂ, ਕਾਰਖਾਨਿਆਂ ਅਤੇ ਬਿਜਲੀ ਪੈਦਾ ਕਰਨ ਲਈ ਲਗਾਏ ਥਰਮਲ ਪਲਾਂਟਾਂ 'ਚੋਂ ਨਿਕਲਦਾ ਧੂੰਆਂ ਘਰ ਤੋਂ ਬਾਹਰ ਦੀ ਹਵਾ ਨੂੰ ਪ੍ਰਦੂਸ਼ਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਧੂੰਏਂ ਰਾਹੀਂ ਫਾਈਨ ਪਾਰਟੀਕੁਲੇਟ ਮੈਟਰ (ਛੋਟੇ ਛੋਟੇ ਕਣ), ਸਲਫਰ ਡਾਇਔਕਸਾਈਡ, ਨਾਈਟਰੋਜ਼ਨ ਡਾਇਔਕਸਾਈਡ, ਕਾਰਬਨਮੋਨੋਔਕਸਾਈਡ ਅਤੇ ਕਈ ਹੋਰ ਜ਼ਹਿਰੀਲੇ ਪਦਾਰਥ ਹਵਾ ਵਿੱਚ ਦਾਖਲ ਹੁੰਦੇ ਹਨ। (19) ਇਹ ਜ਼ਹਿਰੀਲੇ ਪਦਾਰਥ ਲੋਕਾਂ ਵਿੱਚ ਕਈ ਤਰ੍ਹਾਂ ਦੀਆਂ ਸਾਹ ਦੀਆਂ ਬੀਮਾਰੀਆਂ, ਦਿਲ ਦੀਆਂ ਬੀਮਾਰੀਆਂ, ਕੈਂਸਰ, ਡਾਇਬੀਟੀਜ਼, ਇਮਿਊਨ ਸਿਸਟਮ ਦੀ ਕਮਜ਼ੋਰੀ, ਬਲੱਡ ਪ੍ਰੈਸ਼ਰ ਆਦਿ ਲਾਉਣ ਦਾ ਕਾਰਨ ਦੱਸੇ ਜਾਂਦੇ ਹਨ (20) ਅਤੇ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਦਾ ਕਾਰਨ ਬਣਦੇ ਹਨ। ਸੰਨ 2007 ਵਿੱਚ ਕੌਰਨਲ ਯੂਨੀਵਰਸਿਟੀ ਵਲੋਂ ਕੀਤੇ ਇਕ ਅਧਿਐਨ ਅਨੁਸਾਰ ਹਰ ਸਾਲ ਦੁਨੀਆਂ ਭਰ ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ 30 ਲੱਖ ਮੌਤਾਂ ਹੁੰਦੀਆਂ ਹਨ। (21)

ਹਵਾ ਦੇ ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਨਾਲ ਸੰਬੰਧਤ ਕੁੱਝ ਦੇਸ਼ਾਂ ਦੇ ਅੰਕੜੇ ਪੇਸ਼ ਹਨ। ਚੀਨ ਦੇ ਪੰਜ ਸ਼ਹਿਰਾਂ ਵਿੱਚੋਂ ਇਕ ਸ਼ਹਿਰ ਸਰਕਾਰ ਦੇ ਏਅਰ ਕੁਆਲਟੀ ਦੇ ਮਾਪਾਂ 'ਤੇ ਪੂਰਾ ਨਹੀਂ ਉਤਰਦਾ। ਜੇ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਮਾਪ ਲਾਗੂ ਕੀਤੇ ਜਾਣ ਤਾਂ ਚੀਨ ਦੇ 20 ਫੀਸਦੀ ਤੋਂ ਕਿਤੇ ਵੱਧ ਸ਼ਹਿਰਾਂ ਦੀ ਹਵਾ ਦੀ ਕੁਆਲਟੀ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਮਿੱਥੀ ਸੁਰੱਖਿਅਤ ਕੁਆਲਟੀ ਤੋਂ ਮਾੜੀ ਹੈ । ਚੀਨ ਵਿੱਚ ਵਰਤੀ ਜਾਣ ਵਾਲੀ 70 ਫੀਸਦੀ ਬਿਜਲੀ ਕੋਲੇ ਦੇ ਥਰਮਲ ਪਲਾਂਟਾਂ ਵਿੱਚ ਪੈਦਾ ਕੀਤੀ ਜਾਂਦੀ ਹੈ। ਥਰਮਲ ਪਲਾਂਟਾਂ ਵਿੱਚ ਬਾਲੇ ਜਾਂਦੇ ਕੋਲੇ ਤੋਂ ਪੈਦਾ ਹੋਣ ਵਾਲੀ ਸਲਫਰਡਾਇਔਕਸਾਈਡ ਧੁੰਦ ਅਤੇ ਤੇਜ਼ਾਬੀ ਮੀਂਹ (ਏਸਿਡ ਰੇਨ) ਨੂੰ ਜਨਮ ਦਿੰਦੀ ਹੈ ਜਿਸ ਦੀ ਮਾਰ ਚੀਨ ਦੇ ਅੱਧੇ ਸ਼ਹਿਰਾਂ ਨੂੰ ਸਹਿਣੀ ਪੈਂਦੀ ਹੈ। ਪਿਛਲੇ ਕੁਝ ਸਮੇਂ ਤੋਂ ਚੀਨ ਵਿੱਚ ਵਧ ਰਹੀ ਕਾਰਾਂ ਦੀ ਗਿਣਤੀ ਨੇ ਸ਼ਹਿਰੀ ਹਵਾ ਨੂੰ ਵੱਡੀ ਪੱਧਰ 'ਤੇ ਪ੍ਰਦੂਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ। ਚੀਨ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਹਵਾ ਵਿੱਚ ਮੌਜੂਦ 70 ਫੀਸਦੀ ਗੰਧਕ (ਸਲਫਰ) ਦਾ ਕਾਰਨ ਗੱਡੀਆਂ 'ਚੋਂ ਨਿਕਲਣ ਵਾਲਾ ਧੂੰਆ ਹੈ। ਹਵਾ ਦੇ ਇਸ ਤਰ੍ਹਾਂ ਦੇ ਪ੍ਰਦੂਸ਼ਨ ਦੀ ਚੀਨ ਦੇ ਲੋਕਾਂ ਨੂੰ ਸਿਹਤ ਪੱਖੋਂ ਇਕ ਵੱਡੀ ਕੀਮਤ ਤਾਰਨੀ ਪੈਂਦੀ ਹੈ। ਚੀਨ ਵਿੱਚ ਹਰ ਸਾਲ ਤਿੰਨ ਲੱਖ ਮੌਤਾਂ ਅਤੇ 2 ਕ੍ਰੋੜ ਲੋਕਾਂ ਨੂੰ ਲੱਗਣ ਵਾਲੀਆਂ ਸਾਹ ਦੀਆਂ ਬੀਮਾਰੀਆਂ ਦਾ ਸੰਬੰਧ ਹਵਾ ਦੇ ਪ੍ਰਦੂਸ਼ਣ ਨਾਲ ਜੋੜਿਆ ਜਾਂਦਾ ਹੈ। ਸੰਨ 1990 ਤੋਂ 2000 ਵਿਚਕਾਰ ਚੀਨ ਦੇ ਸ਼ਹਿਰੀ ਬੱਚਿਆਂ ਵਿੱਚ ਦਮੇ ਦੀ ਬਿਮਾਰੀ ਲੱਗਣ ਵਿੱਚ 64 ਫੀਸਦੀ ਦਾ ਵਾਧਾ ਹੋਇਆ ਹੈ। ਕੁੱਲ ਬੱਚਿਆਂ ਵਿੱਚੋਂ 2 ਫੀਸਦੀ ਬੱਚੇ ਇਸ ਬੀਮਾਰੀ ਦੀ ਮਾਰ ਹੇਠ ਹਨ। ਕਈ ਸ਼ਹਿਰਾਂ ਵਿੱਚ ਇਹ ਦਰ 5 ਫੀਸਦੀ ਤੱਕ ਹੈ। (22)

ਫਰਵਰੀ 2012 ਵਿਚ ਨਿਊ ਯੌਰਕ ਟਾਇਮਜ਼ ਵਿੱਚ ਛਪੇ ਇਕ ਆਰਟੀਕਲ ਵਿੱਚ ਕਿਹਾ ਗਿਆ ਹੈ ਕਿ ਹਵਾ ਦੀ ਕੁਆਲਟੀ ਦੇ ਹਿਸਾਬ ਨਾਲ ਹਿੰਦੁਸਤਾਨ ਦੀ ਹਵਾ ਸਿਹਤ ਲਈ ਸਭ ਤੋਂ ਨਿਕੰਮੀ ਹੈ। ਇਹ ਆਰਟੀਕਲ ਯੇਲ ਅਤੇ ਕੋਲੰਬੀਆ ਯੂਨੀਵਰਸਿਟੀਆਂ ਦੇ ਵਾਤਾਵਰਨ ਦੀ ਖੋਜ ਨਾਲ ਸੰਬੰਧਤ

ਸੈਂਟਰਾਂ ਵਲੋਂ ਛਾਪੀ ਗਈ ਇਕ ਰਿਪੋਰਟ 'ਤੇ ਆਧਾਰਤ ਹੈ। ਇਸ ਰਿਪੋਰਟ ਵਿੱਚ 132 ਦੇਸ਼ਾਂ ਦੀ ਹਵਾ ਦੀ ਕੁਆਲਟੀ ਨੂੰ ਮਾਪਿਆ ਗਿਆ ਸੀ ਅਤੇ ਹਵਾ ਦੀ ਕੁਆਲਟੀ ਦੇ ਹਿਸਾਬ ਨਾਲ ਹਿੰਦੁਸਤਾਨ ਸਭ ਤੋਂ ਹੇਠਾਂ, 132ਵੇਂ ਨੰਬਰ ਆਇਆ ਸੀ। ਰਿਪੋਰਟ ਅਨੁਸਾਰ ਹਿੰਦੁਸਤਾਨ ਦੀ ਹਵਾ ਵਿੱਚ ਛੋਟੇ ਛੋਟੇ ਕਣਾਂ (ਫਾਈਨ ਪਾਰਟੀਕਲ ਮੈਟਰ) ਦੀ ਮਿਕਦਾਰ ਉਸ ਹੱਦ ਤੋਂ 5 ਗੁਣਾਂ ਜ਼ਿਆਦਾ ਸੀ, ਜਿਸ ਹੱਦ 'ਤੇ ਜਾ ਕੇ ਹਵਾ ਵਿੱਚ ਇਹਨਾਂ ਕਣਾਂ ਦੀ ਮਿਕਦਾਰ ਇਨਸਾਨਾਂ ਲਈ ਅਣਸੁਰੱਖਿਅਤ ਬਣ ਜਾਂਦੀ ਹੈ। ਹਵਾ ਵਿੱਚ ਇਹਨਾਂ ਛੋਟੇ ਛੋਟੇ ਕਣਾਂ ਦੀ ਹੋਂਦ ਨੂੰ ਸਾਹ ਨਾਲੀਆਂ ਦੇ ਹੇਠਲੇ ਹਿੱਸੇ ਦੀ ਇਨਫੈਕਸ਼ਨ, ਕੈਂਸਰ ਅਤੇ ਦਿਲ ਦੀਆਂ ਬੀਮਾਰੀਆਂ ਦਾ ਇਕ ਵੱਡਾ ਕਾਰਨ ਮੰਨਿਆ ਜਾਂਦਾ ਹੈ। ਆਰਟੀਕਲ ਵਿੱਚ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਸਾਹ ਨਾਲੀਆਂ ਦੀ ਇਨਫੈਕਸ਼ਨ ਹਿੰਦੁਸਤਾਨ ਵਿੱਚ 5 ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਦੀ ਮੌਤ ਦੇ ਸਭ ਤੋਂ ਆਮ ਕਾਰਨਾਂ ਵਿੱਚੋਂ ਇਕ ਹੈ ਅਤੇ ਇਹ ਹਿੰਦੁਸਤਾਨ ਦੇ ਹਸਪਤਾਲਾਂ ਵਿੱਚ ਬੱਚਿਆਂ ਦੇ ਵਾਰਡਾਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚੋਂ 13 ਫੀਸਦੀ ਮੌਤਾਂ ਵਿੱਚ ਆਪਣਾ ਹਿੱਸਾ ਪਾਉਂਦੀ ਹੈ। (23)

ਹਵਾ ਦੇ ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ 'ਤੇ ਪੈਣ ਵਾਲੇ ਗੰਭੀਰ ਅਸਰ ਸਿਰਫ ਵਿਕਾਸਸ਼ੀਲ ਦੇਸ਼ਾਂ ਤੱਕ ਹੀ ਸੀਮਤ ਨਹੀਂ ਹਨ। ਸਨਅਤੀ ਦੇਸ਼ਾਂ ਵਿੱਚ ਵੀ ਹਰ ਸਾਲ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਲੱਖਾਂ ਮੌਤਾਂ ਹਵਾ ਦੇ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਉਦਾਹਰਨ ਲਈ, ਯੂ ਕੇ ਵਿੱਚ 20 ਤੋਂ ਵੱਧ ਅਜਿਹੇ ਸ਼ਹਿਰ ਅਤੇ ਕਸਬੇ ਹਨ ਜਿੱਥੇ ਹਵਾ ਦੇ ਪ੍ਰਦੂਸ਼ਣ ਦੀ ਮਿਕਦਾਰ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਮਿੱਥੇ ਮਿਆਰਾਂ ਤੋਂ ਦੁੱਗਣੀ ਹੈ। ਇਕ ਸਰਕਾਰੀ ਸਲਾਹਕਾਰ ਕਮੇਟੀ ਮੁਤਾਬਕ ਯੂ ਕੇ ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2 ਲੱਖ ਦੇ ਕਰੀਬ ਹੈ। (24) ਸਰਕਾਰੀ ਅੰਕੜਿਆਂ ਅਨੁਸਾਰ ਫਰਾਂਸ ਵਿੱਚ ਹਵਾ ਦੇ ਪ੍ਰਦੂਸ਼ਣ ਨਾਲ ਪੈਦਾ ਹੋਈਆਂ ਬੀਮਾਰੀਆਂ ਕਾਰਨ ਹਰ ਸਾਲ 40,000 ਲੋਕਾਂ ਦੀਆਂ ਮੌਤਾਂ ਹੁੰਦੀਆਂ ਹਨ। (25) *ਯੂਰਪੀਅਨ ਟੌਪਿਕ ਸੈਂਟਰ ਆਨ ਏਅਰ ਅਤੇ ਕਲਾਈਮੇਟ ਚੇਂਜ* ਵਲੋਂ ਕੀਤੇ ਇਕ ਅਧਿਐਨ ਅਨੁਸਾਰ ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ ਵਿੱਚ ਹਵਾ ਵਿਚਲੇ ਫਾਈਨ ਪਾਰਟੀਕਲਜ਼ ਦੇ ਪ੍ਰਦੂਸ਼ਣ ਕਾਰਨ ਹਰ ਸਾਲ 4 ਲੱਖ 55 ਹਜ਼ਾਰ ਤੋਂ ਵੱਧ ਮੌਤਾਂ ਹੁੰਦੀਆਂ ਹਨ। (26) ਅਮਰੀਕਾ ਦੇ ਸੂਬੇ ਕੈਲੇਫੋਰਨੀਆ ਵਿੱਚ ਫਾਈਨ ਪਾਰਟੀਕਲ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 9000 ਦੇ ਕਰੀਬ ਹੈ। (27) ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਵਲੋਂ 2008 ਵਿੱਚ ਕੀਤੇ ਇਕ ਅਧਿਐਨ ਵਿੱਚ ਅੰਦਾਜ਼ਾ ਲਾਇਆ ਗਿਆ ਸੀ ਕਿ ਉਸ ਸਾਲ ਕੈਨੇਡਾ ਵਿੱਚ 21,000 ਲੋਕਾਂ ਦੀ ਮੌਤ ਹਵਾ ਦੇ ਪ੍ਰਦੂਸ਼ਣ ਕਾਰਨ ਹੋਏਗੀ। (28)

ਮਨੁੱਖ ਦੇ ਜ਼ਿੰਦਾ ਰਹਿਣ ਲਈ ਪਾਣੀ ਦੀ ਮਹੱਤਤਾ ਤੋਂ ਅਸੀਂ ਸਾਰੇ ਜਾਣੂ ਹਾਂ। ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਦੁਨੀਆ ਭਰ ਵਿੱਚ 1.1 ਅਰਬ (ਬਿਲੀਅਨ) ਲੋਕਾਂ ਨੂੰ, ਚੀਨ ਵਿੱਚ 30 ਕ੍ਰੋੜ ਤੋਂ ਵੱਧ ਲੋਕਾਂ ਨੂੰ ਅਤੇ ਹਿੰਦੁਸਤਾਨ ਵਿੱਚ 12.8 ਕ੍ਰੋੜ ਲੋਕਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਪ੍ਰਾਪਤ ਨਹੀਂ ਹੈ। (29) ਸੰਨ 2009 ਵਿੱਚ *ਨਿਊਯੌਰਕ ਟਾਇਮਜ਼* ਵਿੱਚ ਛਪੀ ਇਕ ਰਿਪੋਰਟ ਅਨੁਸਾਰ ਅਮਰੀਕਾ ਦੀ ਦਸਵਾਂ ਹਿੱਸਾ ਅਬਾਦੀ ਨੂੰ ਕਿਸੇ ਨਾ ਕਿਸੇ ਸਮੇਂ ਪੀਣ ਵਾਲਾ ਅਜਿਹਾ ਪਾਣੀ ਵਰਤਣਾ ਪਿਆ ਹੈ ਜਿਸ ਵਿੱਚ ਖਤਰਨਾਕ ਰਸਾਇਣ (ਕੈਮੀਕਲ) ਘੁਲੇ ਹੋਏ ਸਨ ਜਾਂ ਜਿਹੜਾ ਪਾਣੀ ਫੈਡਰਲ ਸਰਕਾਰ ਵਲੋਂ ਨਿਸ਼ਚਿਤ ਮਿਆਰਾਂ ਉੱਤੇ ਪੂਰਾ ਨਹੀਂ ਉਤਰਦਾ ਸੀ। (30) ਪੀਣ ਵਾਲੇ ਸਾਫ ਪਾਣੀ ਦੀ ਅਣਹੋਂਦ ਕਾਰਨ ਲੋਕਾਂ ਨੂੰ ਆਪਣੀਆਂ ਲੋੜਾਂ ਲਈ ਪ੍ਰਦੂਸ਼ਤ ਪਾਣੀ ਉੱਤੇ ਨਿਰਭਰ ਹੋਣਾ ਪੈਂਦਾ ਹੈ। ਨਤੀਜੇ ਵਜੋਂ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ। ਪ੍ਰਦੂਸ਼ਤ ਪਾਣੀ ਕਾਰਨ ਲੱਗਣ ਵਾਲੀਆਂ ਬੀਮਾਰੀਆਂ ਅਤੇ ਲੋਕਾਂ ਦੀ ਸਿਹਤ 'ਤੇ ਪੈਣ ਵਾਲੇ ਹੋਰ ਅਸਰਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਸਮਝਣਾ ਸਹਾਈ ਹੋ ਸਕਦਾ ਹੈ ਕਿ ਸਾਡੇ ਆਲੇ ਦੁਆਲੇ ਵਿੱਚ ਪਾਣੀ ਦੇ ਪ੍ਰਦੂਸ਼ਤ ਹੋਣ ਦੇ ਕੀ ਢੰਗ ਹਨ।

ਮੁੱਖ ਤੌਰ 'ਤੇ ਸੀਵਰੇਜ ਦਾ ਗੰਦਾ ਪਾਣੀ, ਕਾਰਖਾਨਿਆਂ ਅਤੇ ਖਾਣਾਂ ਵਿੱਚੋਂ ਛੱਡਿਆ ਜਾਂਦਾ ਗੰਦਾ ਪਾਣੀ, ਖੇਤੀਬਾੜੀ ਵਿੱਚ ਵਰਤੇ ਜਾਂਦੇ ਰਸਾਇਣਕ ਪਦਾਰਥ (ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ), ਪ੍ਰਮਾਣੂ ਬਿਜਲੀ ਪੈਦਾ ਕਰਨ ਵਾਲੇ ਪਲਾਂਟਾਂ ਦੁਆਰਾ ਪੈਦਾ ਕੀਤੀ ਜਾਂਦੀ ਰੇਡੀਓ ਐਕਟਿਵ ਰਹਿੰਦ-ਖੂਹੰਦ, ਹਵਾ ਵਿੱਚਲੇ ਪ੍ਰਦੂਸ਼ਣ ਵਾਲੇ ਮੀਂਹ ਦਾ ਪਾਣੀ, ਧਰਤੀ ਹੇਠ ਰਸਾਇਣਕ ਪਦਾਰਥਾਂ ਨੂੰ ਸਟੋਰ ਕਰਨ ਲਈ ਬਣੇ ਟੈਂਕਾਂ 'ਚੋਂ ਲੀਕ ਹੋਣ ਵਾਲੇ ਰਸਾਇਣਕ ਪਦਾਰਥ ਆਦਿ ਸਾਫ ਪਾਣੀ ਦੇ ਸ੍ਰੋਤਾਂ ਵਿੱਚ ਮਿਲ ਕੇ ਉਸ ਨੂੰ ਪ੍ਰਦੂਸ਼ਤ ਕਰਨ ਦਾ ਕਾਰਨ ਬਣਦੇ ਹਨ। (31) ਇਸ ਤਰ੍ਹਾਂ ਪ੍ਰਦੂਸ਼ਤ ਹੋਏ ਪਾਣੀ ਵਿੱਚ ਕਈ ਤਰ੍ਹਾਂ ਦੇ ਬੈਕਟੀਰੀਆ, ਰਸਾਇਣਕ ਪਦਾਰਥ, ਧਾਤਾਂ ਦੇ ਕਣ, ਅਤੇ ਹੋਰ ਜ਼ਹਿਰੀਲੇ ਪਦਾਰਥ ਮਿਲ ਜਾਂਦੇ ਹਨ ਜੋ ਇਨਸਾਨਾਂ ਅਤੇ ਹੋਰ ਜੀਵਾਂ ਦੀ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਕਈ ਕੇਸਾਂ ਵਿੱਚ ਪ੍ਰਦੂਸ਼ਤ ਪਾਣੀ ਪੀਣ ਵਾਲਾ ਵਿਅਕਤੀ ਉਸ ਹੀ ਸਮੇਂ ਬੀਮਾਰ ਹੋ ਜਾਂਦਾ ਹੈ ਪਰ ਬਹੁਤ ਵਾਰੀ ਪ੍ਰਦੂਸ਼ਤ ਪਾਣੀ ਵਿੱਚ ਘੁਲੇ ਹੋਏ ਪਦਾਰਥ ਵਿਅਕਤੀ ਅੰਦਰ ਜਮ੍ਹਾਂ ਹੁੰਦੇ ਰਹਿੰਦੇ ਹਨ ਅਤੇ ਸਮਾਂ ਪਾ ਕੇ ਵਿਅਕਤੀ ਨੂੰ ਬੀਮਾਰੀਆਂ ਲਾਉਣ ਦਾ ਕਾਰਨ ਬਣਦੇ ਹਨ। ਪ੍ਰਦੂਸ਼ਤ ਪਾਣੀ ਦੀ ਵਰਤੋਂ ਕਾਰਨ ਲੱਗਣ ਵਾਲੀਆਂ ਬੀਮਾਰੀਆਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

- ਸੀਵਰੇਜ ਨਾਲ ਪ੍ਰਦੂਸ਼ਤ ਪਾਣੀ ਵਿਚ ਹੋਣ ਵਾਲੇ ਬੈਕਟੀਰੀਆ ਅਤੇ ਜਰਾਸੀਮ ਹੈਜ਼ਾ, ਪੇਚਸ, ਟਾਈਫਾਈਡ ਆਦਿ ਬੀਮਾਰੀਆਂ ਦਾ ਕਾਰਨ ਬਣ ਸਕਦੇ ਹਨ।
- ਕਾਰਖਾਨਿਆਂ ਅਤੇ ਫੈਕਟਰੀਆਂ ਵਿੱਚੋਂ ਛੱਡੇ ਗਏ ਗੰਦੇ ਪਾਣੀ ਨਾਲ ਪ੍ਰਦੂਸ਼ਤ ਪਾਣੀ ਵਿੱਚ ਕਈ ਤਰ੍ਹਾਂ ਦੀਆਂ ਭਾਰੀ ਧਾਤਾਂ ਦੇ ਤੱਤ ਹੁੰਦੇ ਹਨ, ਜੋ ਧੀਮੇ ਵਿਕਾਸ, ਜਮਾਂਦਰੂ ਵਿਗਾੜਾਂ ਅਤੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਕਾਰਖਾਨਿਆਂ ਅਤੇ ਫੈਕਟਰੀਆਂ ਵਿੱਚੋਂ ਛੱਡੇ ਗੰਦੇ ਪਾਣੀ ਵਿੱਚ ਕਈ ਇਸ ਤਰ੍ਹਾਂ ਦੇ ਜ਼ਹਿਰੀਲੇ ਪਦਾਰਥ ਹੁੰਦੇ ਹਨ ਜੋ ਮਨੁੱਖੀ ਸਰੀਰ ਦੇ ਬੀਮਾਰੀਆਂ ਨਾਲ ਲੜਨ ਵਾਲੇ ਪ੍ਰਬੰਧ (ਇਮੀਊਨ ਸਿਸਟਮ) ਨੂੰ ਕਮਜ਼ੋਰ ਕਰ ਸਕਦੇ ਹਨ, ਜਣਨ ਸ਼ਕਤੀ ਨੂੰ ਢਾਹ ਲਾ ਸਕਦੇ ਹਨ, ਗੁਰਦਿਆਂ ਅਤੇ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਸਰੀਰ ਵਿੱਚ ਕਈ ਹੋਰ ਤਰ੍ਹਾਂ ਦੀ ਜ਼ਹਿਰ ਫੈਲਾ ਸਕਦੇ ਹਨ। (32)
- ਕੀਟ ਨਾਸ਼ਕ ਦਵਾਈਆਂ, ਪੈਟਰੋਲ ਵਿੱਚ ਮੌਜੂਦ ਬੈਨਜੀਨ ਵਰਗੇ ਕੈਮੀਕਲ, ਸਿੱਕੇ, ਨਾਈਟ੍ਰੇਟ ਵਰਗੇ ਕੈਮੀਕਲਾਂ ਨਾਲ ਪ੍ਰਦੂਸ਼ਤ ਪਾਣੀ ਕੈਂਸਰ ਦਾ ਕਾਰਨ ਬਣ ਸਕਦਾ ਹੈ ਅਤੇ ਜਣਨਸ਼ਕਤੀ ਨਾਲ ਸੰਬੰਧਤ ਰੋਗ ਲਾ ਸਕਦਾ ਹੈ।(33)

2011 ਦੀ *ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਪ੍ਰਦੂਸ਼ਤ ਪਾਣੀ ਕਾਰਨ ਹਰ ਸਾਲ ਦੁਨੀਆ ਵਿੱਚ 5 ਸਾਲ ਤੋਂ ਘੱਟ ਉਮਰ ਦੇ 20 ਲੱਖ ਬੱਚਿਆਂ ਦੀ ਪੇਚਿਸ ਦੀ ਬੀਮਾਰੀ ਨਾਲ ਮੌਤ ਹੋ ਜਾਂਦੀ ਹੈ। (34) ਪੇਚਿਸ ਨਾਲ ਮਰਨ ਵਾਲੇ ਇਹਨਾਂ ਬੱਚਿਆਂ ਵਿੱਚੋਂ ਕਾਫੀ ਵੱਡੀ ਗਿਣਤੀ ਹਿੰਦੁਸਤਾਨੀ ਬੱਚਿਆਂ ਦੀ ਹੈ। ਇਕ ਰਿਪੋਰਟ ਅਨੁਸਾਰ ਹਿੰਦੁਸਤਾਨ ਵਿੱਚ ਹਰ ਰੋਜ਼ ਪੇਚਿਸ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ 1000 ਦੇ ਨੇੜੇ ਹੈ। (35) ਅਮਰੀਕਾ ਵਿੱਚ ਪਰਜੀਵਾਂ (ਪੈਰਾਸਾਈਟਸ), ਬੈਕਟੀਰੀਆ ਜਾਂ ਵਾਇਰਸਾਂ ਨਾਲ ਪ੍ਰਦੂਸ਼ਤ ਪਾਣੀ ਪੀਣ ਕਾਰਨ ਹਰ ਸਾਲ 1 ਕ੍ਰੋੜ 95 ਲੱਖ (19.5 ਮਿਲੀਅਨ) ਲੋਕ ਬੀਮਾਰ ਹੁੰਦੇ ਹਨ। (36) ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਨ ਅਤੇ ਉਸ ਕਾਰਨ ਲੋਕਾਂ ਦੀ ਸਿਹਤ ਉੱਤੇ ਪੈਣ ਵਾਲੇ ਅਸਰਾਂ ਤੋਂ ਅਸੀਂ ਭਲੀ ਭਾਂਤ ਜਾਣੂ ਹੀ ਹਾਂ। ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਸਾਰੀਆਂ ਖੋਜਾਂ ਅਤੇ ਅਧਿਅਨ ਸਾਹਮਣੇ ਆਏ ਹਨ, ਜੋ ਸਾਨੂੰ ਇਹ ਦਸਦੇ ਹਨ ਕਿ ਕਾਰਖਾਨਿਆਂ, ਥਰਮਲ ਪਲਾਂਟਾਂ ਅਤੇ ਖੇਤਾਂ ਵਿੱਚ ਵਰਤੀਆਂ ਜਾਂਦੀਆਂ ਖਾਦਾਂ ਅਤੇ ਕੀੜੇਮਾਰ ਦਵਾਈਆਂ ਕਾਰਨ ਪੰਜਾਬ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਤ ਹੋ ਚੁੱਕਾ ਹੈ ਅਤੇ ਇਸ ਪਾਣੀ ਨੂੰ ਪੀਣ/ਵਰਤਣ

ਕਾਰਨ ਪੰਜਾਬ ਦੇ ਲੋਕਾਂ ਵਿੱਚ ਕੈਂਸਰ ਅਤੇ ਹੋਰ ਕਈ ਤਰ੍ਹਾਂ ਦੀਆਂ ਨਾਮੁਰਾਦ ਬੀਮਾਰੀਆਂ ਦਾ ਭਿਆਨਕ ਹੱਦ ਤੱਕ ਵਾਧਾ ਹੋਇਆ ਹੈ। ਉਦਾਹਰਨ ਲਈ, ਸੰਨ 2009 ਵਿੱਚ ਗਰੀਨਪੀਸ ਨੇ ਪੰਜਾਬ ਦੇ ਤਿੰਨ ਜ਼ਿਲ੍ਹਿਆਂ -ਲੁਧਿਆਨਾ, ਮੁਕਤਸਰ ਅਤੇ ਬਠਿੰਡਾ- ਵਿੱਚ ਪੀਣ ਵਾਲੇ ਪਾਣੀ ਦੇ ਟੈੱਸਟ ਕੀਤੇ ਸਨ। ਗਰੀਨਪੀਸ ਅਨੁਸਾਰ ਟੈੱਸਟ ਕੀਤੇ 20 ਫੀਸਦੀ ਨਲਕਿਆਂ ਦੇ ਪਾਣੀ ਵਿੱਚ ਅਤੇ ਸਰਵੇ ਕੀਤੇ ਗਏ 44 ਫੀਸਦੀ ਪਿੰਡਾਂ ਦੇ ਪਾਣੀ ਵਿੱਚ ਨਾਈਟਰੇਟ ਦੀ ਮਿਕਦਾਰ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਨਿਸ਼ਚਿਤ ਕੀਤੀ ਗਈ ਸੁਰੱਖਿਅਤ ਦਰ ਨਾਲੋਂ ਵੱਧ ਸੀ। ਨਾਈਟਰੇਟ ਨਾਲ ਪ੍ਰਦੂਸ਼ਤ ਪਾਣੀ ਪੀਣ ਨਾਲ ਲੋਕਾਂ ਦੀ ਸਿਹਤ 'ਤੇ ਪੈਣ ਵਾਲੇ ਮੁੱਖ ਅਸਰ ਹਨ - ਬਲੂ ਬੇਬੀ ਸਿੰਡਰੋਮ ਅਤੇ ਕੈਂਸਰ। ਬਲੂ ਬੇਬੀ ਸਿੰਡਰੋਮ ਤੋਂ ਭਾਵ ਹੈ ਕਿ ਨਾਈਟ੍ਰੇਟ ਦੀ ਸੁਰੱਖਿਅਤ ਹੱਦ ਤੋਂ ਵੱਧ ਮਿਕਦਾਰ ਵਾਲਾ ਪਾਣੀ ਪੀਣ ਨਾਲ ਬੱਚਿਆਂ ਦਾ ਖੂਨ ਆਕਸੀਜਨ ਢੋਣ ਦੀ ਆਪਣੀ ਸਮਰੱਥਾ ਗਵਾ ਬਹਿੰਦਾ ਹੈ। ਨਤੀਜੇ ਵਜੋਂ ਬੱਚਿਆਂ ਦੇ ਟਿਸ਼ੂਆਂ ਅਤੇ ਅੰਗਾਂ ਨੂੰ ਲੋੜੀਂਦੀ ਆਕਸੀਜਨ ਨਹੀਂ ਪਹੁੰਚਦੀ ਅਤੇ ਅੰਤ ਬੱਚਿਆਂ ਦੀ ਮੌਤ ਵਿੱਚ ਹੁੰਦਾ ਹੈ। (37) ਸੰਨ 2009 ਵਿੱਚ ਹੀ ਲੰਡਨ ਤੋਂ ਛੱਪਦੇ ਅਖਬਾਰ ਉਬਜ਼ਰਬਰ ਵਿੱਚ ਬਾਬਾ ਫਰੀਦ ਮੈਡੀਕਲ ਸੈਂਟਰ ਫਰੀਦਕੋਟ ਵਿੱਚ ਇਲਾਜ ਅਧੀਨ ਕਈ ਅਪੰਗ ਬੱਚਿਆਂ 'ਤੇ ਆਧਾਰਿਤ ਇਕ ਰਿਪੋਰਟ ਛਪੀ ਸੀ। ਰਿਪੋਰਟ ਅਨੁਸਾਰ ਇਹਨਾਂ ਬੱਚਿਆਂ ਵਿੱਚੋਂ ਕਈਆਂ ਦੇ ਸਿਰ ਬਹੁਤ ਵੱਡੇ ਸਨ ਅਤੇ ਕਈਆਂ ਦੇ ਸਿਰ ਬਹੁਤ ਛੋਟੇ। ਕਈਆਂ ਦੇ ਦਿਮਾਗਾਂ ਦਾ ਬਿਲਕੁਲ ਵਿਕਾਸ ਨਹੀਂ ਹੋਇਆ ਸੀ ਅਤੇ ਕਈ ਬੋਲਣ ਤੋਂ ਅਸਮਰੱਥ ਸਨ। ਰਿਪੋਰਟ ਵਿੱਚ ਇਹਨਾਂ ਬੱਚਿਆਂ ਦੀ ਅਪੰਗਤਾ ਦਾ ਸੰਬੰਧ ਕੋਇਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਤੋਂ ਪੈਦਾ ਹੁੰਦੇ ਪ੍ਰਦੂਸ਼ਣ ਨਾਲ ਜੋੜਿਆ ਗਿਆ ਸੀ। ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੋਇਲੇ ਨਾਲ ਚੱਲਣ ਵਾਲੇ ਇਹਨਾਂ ਥਰਮਲ ਪਲਾਂਟਾਂ ਦੇ ਨੇੜਲੇ ਇਲਾਕਿਆਂ ਵਿੱਚ ਰਹਿੰਦੇ ਬੱਚਿਆਂ ਦੇ ਖੂਨ ਵਿੱਚ ਯੂਰੇਨੀਅਮ ਦੀ ਮਾਤਰਾ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਮਿੱਥੀ ਗਈ ਸੁਰੱਖਿਅਤ ਮਾਤਰਾ ਨਾਲੋਂ ਕਈ ਗੁਣਾਂ ਵੱਧ ਸੀ, ਕਈ ਕੇਸਾਂ ਵਿੱਚ 60 ਗੁਣਾਂ ਵੱਧ। ਇਹਨਾਂ ਇਲਾਕਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਸੁਰੱਖਿਅਤ ਮਿੱਥੀ ਮਾਤਰਾ ਨਾਲੋਂ 15 ਗੁਣਾਂ ਵੱਧ ਸੀ। ਇਹਨਾਂ ਬੱਚਿਆਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਰਿਪੋਰਟ ਵਿੱਚ ਖਦਸ਼ਾ ਜ਼ਾਹਿਰ ਕੀਤਾ ਗਿਆ ਸੀ ਕਿ ਪਾਣੀ ਦਾ ਇਸ ਤਰ੍ਹਾਂ ਦਾ ਪ੍ਰਦੂਸ਼ਣ ਪੰਜਾਬ ਦੇ ਲੱਖਾਂ ਲੋਕਾਂ ਲਈ ਖਤਰੇ ਦਾ ਸ੍ਰੋਤ ਬਣ ਸਕਦਾ ਹੈ। ਜਰਮਨੀ ਵਿੱਚ ਇਹਨਾਂ ਬੱਚਿਆਂ ਦੇ ਖੂਨ ਦੇ ਟੈੱਸਟ ਕਰਾਉਣ ਵਾਲੀ ਦੱਖਣੀ ਅਫਰੀਕਾ ਦੀ ਡਾਕਟਰ ਕੈਰਿਨ ਸਮਿੱਟ ਦੇ ਸ਼ਬਦਾਂ ਵਿੱਚ, "ਜੇ ਪ੍ਰਦੂਸ਼ਣ ਦਾ ਘੇਰਾ ਉਨਾ ਵੱਡਾ ਹੈ ਜਿੰਨਾ ਕਿ ਇਹ ਦਿਸਦਾ ਹੈ - ਪੱਛਮ ਵਿੱਚ ਪਾਕਿਸਤਾਨ ਦੇ ਬਾਰਡਰ ਨੇੜਲੇ ਸ਼ਹਿਰ ਮੁਕਤਸਰ ਤੋਂ ਲੈ ਕੇ ਪੂਰਬ ਵਿੱਚ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਤੱਕ - ਤਾਂ ਲੱਖਾਂ ਲੋਕਾਂ ਨੂੰ (ਇਸ ਤੋਂ) ਖਤਰਾ ਹੈ ਅਤੇ ਇਸ ਨਾਲ ਪ੍ਰਦੂਸ਼ਤ ਹੋਈ ਹਰ ਮਾਂ ਤੋਂ ਜੰਮਣ ਵਾਲੇ ਹਰ ਬੱਚੇ ਨੂੰ ਇਸ ਤੋਂ ਖਤਰਾ ਹੈ।" (38)

ਚੀਨ ਦੇ ਪੇਂਡੂ ਖੇਤਰਾਂ ਵਿੱਚੋਂ ਵੀ ਪ੍ਰਦੂਸ਼ਤ ਪਾਣੀ ਕਾਰਨ ਲੋਕਾਂ ਵਿੱਚ ਕੈਂਸਰ ਦੀ ਬੀਮਾਰੀ ਵਧਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਅਰਥ ਪਾਲਸੀ ਇਨਸਟੀਚਿਊਟ ਦੇ ਸਾਈਟ 'ਤੇ 25 ਮਈ 2011 ਨੂੰ ਛਪੀ ਇਕ ਰਿਪੋਰਟ ਵਿੱਚ ਪੂਰੇ ਚੀਨ ਵਿੱਚ 450 ਅਜਿਹੇ ਪਿੰਡਾਂ ਬਾਰੇ ਗੱਲ ਕੀਤੀ ਗਈ ਹੈ ਜਿੱਥੋਂ ਦੇ ਲੋਕਾਂ ਨੂੰ ਵੱਡੀ ਪੱਧਰ ਉੱਤੇ ਕੈਂਸਰ ਦੀ ਮਾਰ ਸਹਿਣੀ ਪੈ ਰਹੀ ਹੈ। ਰਿਪੋਰਟ ਅਨੁਸਾਰ ਇਹਨਾਂ ਪੇਂਡੂ ਇਲਾਕਿਆਂ ਵਿੱਚ ਜਿਗਰ, ਫੇਫੜਿਆਂ ਅਤੇ ਪੇਟ ਦੀਆਂ ਕੈਂਸਰਾਂ ਇਕੱਲੀਆਂ ਇਕੱਲੀਆਂ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿੱਚੋਂ 20-20 ਫੀਸਦੀ ਮੌਤਾਂ ਲਈ ਜ਼ਿੰਮੇਵਾਰ ਹਨ। ਚੀਨ ਦੇ ਕਿਸਾਨਾਂ ਵਿੱਚ ਦੁਨੀਆਂ ਦੇ ਆਮ ਨਾਗਰਿਕਾਂ ਦੇ ਮੁਕਾਬਲੇ ਜਿਗਰ ਦੀ ਕੈਂਸਰ ਹੋਣ ਦੇ ਤਿੰਨ ਗੁਣਾਂ ਵੱਧ ਮੌਕੇ ਹਨ ਅਤੇ ਉਹਨਾਂ ਵਿੱਚ ਪੇਟ ਦੀ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਦੁਨੀਆਂ ਦੀ ਦਰ ਨਾਲੋਂ ਦੁੱਗਣੀ ਹੈ। ਰਿਪੋਰਟ ਵਿੱਚ ਇਹਨਾਂ ਕੈਂਸਰਾਂ ਦਾ ਸੰਬੰਧ ਰਸਾਇਣਕ ਪਦਾਰਥਾਂ ਅਤੇ ਸੀਵਰੇਜ ਨਾਲ ਪ੍ਰਦੂਸ਼ਤ ਪਾਣੀ ਨਾਲ ਜੋੜਿਆ ਗਿਆ ਹੈ। ਰਿਪੋਰਟ ਅਨੁਸਾਰ ਕਾਰਖਾਨਿਆਂ, ਪਲਾਂਟਾਂ ਅਤੇ ਖਾਣਾ ਵਿੱਚੋਂ ਛੱਡੇ ਜਾਣ ਵਾਲੇ ਪ੍ਰਦੂਸ਼ਤ ਪਦਾਰਥਾਂ ਕਾਰਨ ਚੀਨ ਦੇ ਦਰਿਆ, ਝੀਲਾਂ ਅਤੇ ਧਰਤੀ ਹੇਠਲਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਤ ਹੋ ਰਿਹਾ ਹੈ। ਚੀਨ ਦੀ ਸਰਕਾਰ ਦੇ ਆਪਣੇ ਤੱਥ ਦਸਦੇ ਹਨ ਕਿ ਚੀਨ ਦੇ ਅੱਧੇ ਦਰਿਆਵਾਂ, ਤਿੰਨ/ਚੁਥਾਈ ਤੋਂ ਵੱਧ ਝੀਲਾਂ ਅਤੇ ਹੋਰ ਪਾਣੀ ਦੇ ਭੰਡਾਰਾਂ ਦਾ ਪਾਣੀ ਪੀਣ ਦੇ ਯੋਗ ਨਹੀਂ ਹੈ ਪਰ ਫਿਰ ਵੀ ਬਹੁਤ ਸਾਰੇ ਲੋਕ ਇਸ ਪ੍ਰਦੂਸ਼ਤ ਪਾਣੀ 'ਤੇ ਨਿਰਭਰ ਹਨ।

ਚੀਨ ਦੇ ਇਹਨਾਂ ਪਿੰਡਾਂ ਵਿੱਚ ਕੁਝ ਪਿੰਡ ਅਜਿਹੇ ਹਨ ਜਿੱਥੇ ਜੰਮਣ ਵਾਲਿਆਂ ਦੇ ਮੁਕਾਬਲੇ ਮਰਨ ਵਾਲਿਆਂ ਦੀ ਗਿਣਤੀ ਵੱਧ ਹੈ। ਹੀਨਾਨ ਸੂਬੇ ਦੇ ਇਕ ਪਿੰਡ ਦੇ 80 ਫੀਸਦੀ ਨੌਜਵਾਨ ਗੰਭੀਰ ਤੌਰ 'ਤੇ ਬੀਮਾਰ ਹਨ। ਇਕ ਇਕ ਸਾਲ ਦੀ ਉਮਰ ਦੇ ਬੱਚਿਆਂ ਵਿੱਚ ਕੈਂਸਰ ਦੀ ਬੀਮਾਰੀ ਦੀ ਪਛਾਣ ਹੋ ਰਹੀ ਹੈ। ਇਸ ਪਿੰਡ ਵਿੱਚ ਸੰਨ 1994-2004 ਦੌਰਾਨ ਹੋਣ ਵਾਲੀਆਂ ਮੌਤਾਂ ਵਿੱਚੋਂ ਅੱਧੀਆਂ ਮੌਤਾਂ ਜਿਗਰ, ਆਂਤੜੀਆਂ ਅਤੇ ਪੇਟ ਦੀ ਕੈਂਸਰ ਨਾਲ ਹੋਈਆਂ ਸਨ। (39)

ਮੌਸਮਾਂ ਵਿੱਚ ਤਬਦੀਲੀ (ਕਲਾਈਮੇਟ ਚੇਂਜ) ਕਾਰਨ ਧਰਤੀ 'ਤੇ ਤਾਪਮਾਨ ਵਿੱਚ ਹੋਣ ਵਾਲੇ ਵਾਧੇ ਅਤੇ ਮੌਸਮਾਂ ਵਿੱਚ ਹੋਣ ਵਾਲੀਆਂ ਨਾਟਕੀ ਤਬਦੀਲੀਆਂ ਨਾਲ ਲੋਕਾਂ ਦੀ ਸਿਹਤ 'ਤੇ ਕਈ ਤਰ੍ਹਾਂ ਦੇ ਹਾਨੀਕਾਰਕ ਅਸਰ ਪੈ ਰਹੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਦੁਨੀਆ ਦੀਆਂ ਵੱਖ ਵੱਖ ਥਾਂਵਾਂ 'ਤੇ ਗਰਮੀ ਦੀਆਂ ਲਹਿਰਾਂ (ਹੀਟ ਵੇਵਜ਼) ਆਉਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਿਛਲੇ 10 ਸਾਲਾਂ ਦੌਰਾਨ ਦੁਨੀਆ ਦੇ ਬਹੁਗਿਣਤੀ ਖੇਤਰਾਂ ਨੂੰ ਇਕ ਜਾਂ ਵੱਧ ਵਾਰ ਗਰਮੀ ਦੀਆਂ ਲਹਿਰਾਂ ਦਾ ਸਾਹਮਣਾ ਕਰਨਾ ਪਿਆ ਹੈ। (40) ਮੌਸਮਾਂ ਵਿੱਚ ਤਬਦੀਲੀ ਦੇ ਖੇਤਰ ਵਿੱਚ ਕੰਮ ਕਰਦੇ ਬਹੁਤ ਸਾਰੇ ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਗਰਮੀ ਦੀਆਂ ਇਹਨਾਂ ਲਹਿਰਾਂ ਦਾ ਕਾਰਨ ਗਲੋਬਲ ਵਾਰਮਿੰਗ ( ਵਾਤਾਵਰਨ ਦੇ ਤਾਪਮਾਨ ਵਿੱਚ ਵਾਧਾ) ਹੈ। 5 ਅਗਸਤ 2012 ਨੂੰ ਗਲੋਬਲ ਵਾਰਮਿੰਗ ਦੀ ਖੋਜ ਦੇ ਖੇਤਰ ਵਿੱਚ ਗੌਡ ਫਾਦਰ ਮੰਨੇ ਜਾਂਦੇ ਨਾਸਾ ਦੇ ਵਿਗਿਆਨੀ, ਜੇਮਜ਼ ਹੈਨਸਨ ਨੇ ਇਕ ਅਧਿਐਨ ਵਿੱਚ ਸਪਸ਼ਟ ਤੌਰ 'ਤੇ ਕਿਹਾ ਹੈ ਕਿ ਸੰਨ 2011 ਵਿੱਚ ਅਮਰੀਕਾ ਦੇ ਟੈਕਸਜ਼ ਅਤੇ ਓਕਲਾਹਮਾ ਵਿੱਚ ਪਏ ਸੋਕੇ, ਸੰਨ 2010 ਵਿੱਚ ਰੂਸ ਅਤੇ ਮੱਧ ਪੂਰਬ (ਮਿਡਲ ਈਸਟ) ਦੇ ਦੇਸ਼ਾਂ ਵਿੱਚ ਆਈ ਗਰਮੀ ਦੀ ਲਹਿਰ (ਹੀਟ ਵੇਵ) ਅਤੇ ਸੰਨ 2003 ਵਿੱਚ ਯੂਰਪ ਦੇ ਦੇਸ਼ਾਂ ਵਿੱਚ ਆਈ ਗਰਮੀ ਦੀ ਲਹਿਰ ਦਾ ਕਾਰਨ ਗਲੋਬਲ ਵਾਰਮਿੰਗ ਸੀ। (41) ਹੱਦੋਂ ਵੱਧ ਗਰਮੀ ਦੀਆਂ ਇਹ ਲਹਿਰਾਂ ਕਈ ਕੇਸਾਂ ਵਿੱਚ ਵੱਡੀ ਪੱਧਰ 'ਤੇ ਲੋਕਾਂ ਦੀ ਮੌਤ ਦਾ ਕਾਰਨ ਬਣੀਆਂ ਹਨ। ਉਦਾਹਰਨ ਲਈ ਅਗਸਤ 2003 ਵਿੱਚ ਯੂਰਪ ਵਿੱਚ ਆਈ ਗਰਮੀ ਦੀ ਲਹਿਰ ਬਾਰੇ ਮੁਢਲੀਆਂ ਰਿਪੋਰਟਾਂ ਵਿੱਚ ਇਸ ਲਹਿਰ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 35000 ਦੱਸੀ ਗਈ ਸੀ। (42) ਪਰ ਕੁਝ ਸਾਲਾਂ ਬਾਅਦ ਹੋਰ ਜਾਣਕਾਰੀ ਪ੍ਰਾਪਤ ਹੋਣ 'ਤੇ ਇਸ ਗਿਣਤੀ ਵਿੱਚ ਸੋਧ ਕਰਕੇ ਇਹ ਗਿਣਤੀ 52,000 ਦੱਸੀ ਗਈ ਸੀ। (43) ਇਸ ਹੀ ਤਰ੍ਹਾਂ ਸੰਨ 2010 ਵਿੱਚ ਰੂਸ ਵਿੱਚ ਆਈ ਗਰਮੀ ਦੀ ਲਹਿਰ ਕਾਰਨ 15,000 ਦੇ ਕਰੀਬ ਮੌਤਾਂ ਹੋਈਆਂ ਸਨ। (44)

ਧਰਤੀ ਦਾ ਤਾਪਮਾਨ ਵਧਣ ਨਾਲ ਸਿਹਤ ਦੇ ਸੰਬੰਧ ਵਿੱਚ ਇਕ ਹੋਰ ਅਸਰ ਇਹ ਪਏਗਾ ਕਿ ਇਸ ਨਾਲ ਮੱਛਰਾਂ, ਚੂਹਿਆਂ ਅਤੇ ਰੋਗਾਣੂਆਂ ਨੂੰ ਲਿਜਾਣ ਵਾਲੇ ਇਸ ਤਰ੍ਹਾਂ ਦੇ ਹੋਰ ਜੀਵਾਂ ਨਾਲ ਲੱਗਣ ਵਾਲੀਆਂ ਬੀਮਾਰੀਆਂ ਦੇ ਫੈਲਣ ਵਿੱਚ ਵਾਧਾ ਹੋਵੇਗਾ। ਵਰਲਡ ਹੈਲਥ ਆਰਗੇਨਾਈਜੇਸ਼ਨ ਨੇ 1960 ਤੋਂ ਲੈਕੇ ਹੁਣ ਤੱਕ ਗਲੋਬਲ ਵਾਰਮਿੰਗ ਨਾਲ ਸੰਬੰਧਤ 39 ਨਵੀਆਂ ਜਾਂ ਦੁਬਾਰਾ ਸਿਰ ਚੁੱਕਣ ਵਾਲੀਆਂ ਬੀਮਾਰੀਆਂ ਦੀ ਸੂਚੀ ਤਿਆਰ ਕੀਤੀ ਹੈ। (45) ਇਕ ਹੋਰ ਰਿਪੋਰਟ ਅਨੁਸਾਰ ਆਉਣ ਵਾਲੇ ਸਮੇਂ ਦੌਰਾਨ ਮਲੇਰੀਆ, ਡੇਂਗੂ ਬੁਖਾਰ ਅਤੇ ਇਸ ਤਰ੍ਹਾਂ ਦੀਆਂ ਹੋਰ ਬੀਮਾਰੀਆਂ ਦੀ ਮਾਰ ਹੇਠ ਆਉਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਕ੍ਰੋੜਾਂ ਦਾ ਵਾਧਾ ਹੋਵੇਗਾ। ਸੰਨ 2080 ਤੱਕ 26 - 32 ਕ੍ਰੋੜ ਹੋਰ ਲੋਕ ਮਲੇਰੀਏ ਦਾ ਸ਼ਿਕਾਰ ਬਣਨਗੇ। (46) ਮਲੇਰੀਏ ਅਤੇ ਡੇਂਗੂ ਬੁਖਾਰ ਦੀਆਂ ਬੀਮਾਰੀਆਂ ਦੀ ਸਮੱਸਿਆ ਵਿਕਾਸਸ਼ੀਲ ਦੇਸ਼ਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਬੀਮਾਰੀਆਂ ਦੇ ਕੇਸ ਅਮਰੀਕਾ ਵਿੱਚ ਪਾਏ ਜਾ ਰਹੇ ਹਨ।

ਧਰਤੀ ਦਾ ਤਾਪਮਾਨ ਵਧਣ ਕਾਰਨ ਪੈਣ ਵਾਲੇ ਸੋਕੇ, ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋਣ ਅਤੇ ਮੌਸਮਾਂ ਵਿੱਚ ਨਾਟਕੀ ਤਬਦੀਲੀ ਕਾਰਨ ਥੋੜ੍ਹੇ ਸਮੇਂ ਵਿੱਚ ਹੀ ਹੋਣ ਵਾਲੀ ਜ਼ਿਆਦਾ ਬਾਰਸ਼ ਕਾਰਨ ਆਉਣ ਵਾਲੇ ਹੜ੍ਹਾਂ, ਜੰਗਲਾਂ ਅਤੇ ਫਸਲਾਂ ਨੂੰ ਅੱਗਾਂ ਲੱਗਣ ਦੀਆਂ ਘਟਨਾਵਾਂ ਵਿੱਚ ਵਾਧਾ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਅਨਾਜ ਦੀ ਪੈਦਾਵਾਰ ਘਟਾਉਣ ਦਾ ਕਾਰਨ ਵੀ ਬਣਦਾ ਹੈ। ਉਦਾਹਰਨ ਲਈ ਸੰਨ 2010 ਵਿੱਚ ਗਰਮੀ ਦੀ ਲਹਿਰ ਅਤੇ ਸੋਕੇ ਕਾਰਨ ਰੂਸ ਵਿੱਚ ਅਨਾਜ ਉਤਪਾਦਨ ਵਿੱਚ ਇਕ ਤਿਹਾਈ ਕਮੀ ਆਈ ਸੀ। (47) ਸੰਨ 2010 ਵਿੱਚ ਪਾਕਿਸਤਾਨ ਦੀਆਂ 20 ਫੀਸਦੀ ਫਸਲਾਂ ਉਸ ਸਾਲ ਆਏ ਹੜ੍ਹਾਂ ਦੀ ਮਾਰ ਵਿੱਚ ਆ ਗਈਆਂ ਸਨ। ਪਾਕਿਸਤਾਨ ਵਿੱਚ ਆਏ ਇਹਨਾਂ ਹੜ੍ਹਾਂ ਦੇ ਕਈ ਕਾਰਨਾਂ ਵਿੱਚੋਂ ਇਕ ਕਾਰਨ ਇਹ ਵੀ ਸੀ ਕਿ ਮੌਸਮਾਂ ਦੀ ਤਬਦੀਲੀ ਕਾਰਨ ਪਾਕਿਸਤਾਨ ਦੀ 3 ਮਹੀਨੇ ਲੰਮੀ ਮੌਨਸੂਨ ਰੁੱਤ ਵਿੱਚ ਹੋਣ ਵਾਲੀ ਕੁੱਲ ਵਰਖਾ ਦੇ ਅੱਧ ਤੋਂ ਜ਼ਿਆਦੀ ਵਰਖਾ ਸਿਰਫ ਇਕ ਹਫਤੇ ਵਿੱਚ ਹੀ ਹੋ ਗਈ ਸੀ। (48) ਇਸ ਹੀ ਤਰ੍ਹਾਂ ਜਿਵੇਂ ਪਹਿਲਾ ਦੱਸਿਆ ਜਾ ਚੁੱਕਾ ਹੈ ਕਿ 1999-2002 ਦੌਰਾਨ ਮੰਗੋਲੀਆ ਵਿੱਚ ਪੈਣ ਵਾਲੇ ਸੋਕਿਆਂ ਕਾਰਨ ਉੱਥੋਂ ਦੇ ਕ੍ਰੋੜਾਂ ਜਾਨਵਰ ਮਾਰੇ ਗਏ ਸਨ। (48) ਅਨਾਜ ਅਤੇ ਪਸ਼ੂ ਸੰਪਤੀ ਵਿੱਚ ਆਉਣ ਵਾਲੀ ਇਸ ਤਰ੍ਹਾਂ ਦੀ ਕਮੀ ਪ੍ਰਭਾਵਿਤ ਖੇਤਰਾਂ ਵਿੱਚ ਖੁਰਾਕ ਦੀ ਥੁੜ ਪੈਦਾ ਕਰਦੀ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਪੂਰੀ ਖੁਰਾਕ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। *2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ* ਅਨੁਸਾਰ ਸੰਨ 2050 ਤੱਕ ਸਮੁੰਦਰਾਂ ਦੇ ਪਾਣੀਆਂ ਦੀ ਪੱਧਰ ਵਿੱਚ ਹੋਣ ਵਾਲੇ ਵਾਧੇ, ਸੋਕਿਆਂ, ਗਰਮੀ ਦੀਆਂ ਲਹਿਰਾਂ, ਹੜਾਂ ਅਤੇ ਹੋਣੀਆਂ ਵਾਲੀਆਂ ਬਾਰਸ਼ਾਂ ਵਿੱਚ ਬਦਲੀ ਕਾਰਨ ਪੂਰੀ ਖੁਰਾਕ ਨਾ ਮਿਲਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ 2.5 ਕ੍ਰੋੜ (25 ਮਿਲੀਅਨ) ਦਾ ਵਾਧਾ ਹੋ ਜਾਵੇਗਾ। (49) ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਪੂਰੀ ਖੁਰਾਕ ਦਾ ਨਾ ਮਿਲਣਾ ਲੋਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਕਈ ਤਰ੍ਹਾਂ ਦੇ ਗੰਭੀਰ ਅਸਰ ਪਾਉਂਦਾ ਹੈ।

## ਘਰੋਂ ਬੇਘਰ ਹੋਣਾ

ਵਾਤਾਵਰਨ ਦਾ ਨੁਕਸਾਨ ਦੁਨੀਆ ਭਰ ਵਿੱਚ ਕਿੰਨੇ ਹੀ ਲੋਕਾਂ ਨੂੰ ਘਰੋਂ ਬੇਘਰ ਹੋਣ ਲਈ ਮਜਬੂਰ ਕਰ ਰਿਹਾ ਹੈ ਅਤੇ ਆਉਣ ਵਾਲੇ ਭਵਿੱਖ ਵਿੱਚ ਇਸ ਵਰਤਾਰੇ ਵਿੱਚ ਹੋਰ ਤੇਜ਼ੀ ਆਉਣ ਦੀਆਂ ਸੰਭਾਵਨਾਵਾਂ ਹਨ। ਸਮੁੰਦਰਾਂ ਦੇ ਪਾਣੀਆਂ ਦੀ ਪੱਧਰ ਵਿੱਚ ਵਾਧਾ, ਤੂਫਾਨਾਂ ਅਤੇ ਹੜਾਂ ਵਰਗੀਆਂ ਕੁਦਰਤੀ ਆਫਤਾਂ, ਮਾਰੂਥਲਾਂ ਦਾ ਫੈਲਾਅ, ਸੋਕਾ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਡਿੱਗਣਾ, ਵੱਖ ਵੱਖ ਕਾਰਨਾਂ ਕਰਕੇ ਜ਼ਮੀਨ, ਪਾਣੀ ਅਤੇ ਆਲੇ ਦੁਆਲੇ ਵਿੱਚ ਜ਼ਹਿਰੀਲੇ ਪਦਾਰਥਾਂ ਦੇ ਫੈਲਾਅ ਵਰਗੇ ਵਰਤਾਰਿਆਂ ਕਾਰਨ ਲੋਕ ਆਪਣੇ ਘਰ-ਬਾਰ ਛੱਡ ਰਹੇ ਹਨ ਜਾਂ ਅਜਿਹੇ ਵਰਤਾਰਿਆਂ ਕਾਰਨ ਉਹਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਆਪਣੇ ਘਰ-ਬਾਰ ਛੱਡਣੇ ਪੈ ਸਕਦੇ ਹਨ। ਘਰੋਂ ਬੇਘਰ ਹੋ ਰਹੇ ਇਹਨਾਂ ਲੋਕਾਂ ਵਿੱਚੋਂ ਕਈਆਂ ਲਈ ਘਰ ਛੱਡਣ ਦੀ ਇਹ ਪ੍ਰਕ੍ਰਿਆ ਸਥਾਈ ਹੁੰਦੀ ਹੈ ਅਤੇ ਕਈਆਂ ਲਈ ਆਰਜ਼ੀ। ਭਾਵ ਕਈ ਲੋਕ ਹਮੇਸ਼ਾਂ ਹਮੇਸ਼ਾਂ ਲਈ ਆਪਣੇ ਘਰ ਛੱਡ ਜਾਂਦੇ ਹਨ ਜਦੋਂ ਕਿ ਕਈ ਹਾਲਤਾਂ ਦੇ ਸੁਧਰਨ ਕਾਰਨ ਕੁਝ ਸਮੇਂ ਬਾਅਦ ਆਪਣੇ ਘਰਾਂ ਨੂੰ ਵਾਪਸ ਆ ਜਾਂਦੇ ਹਨ।

ਵਾਤਾਵਰਨ ਦੇ ਨੁਕਸਾਨ ਕਾਰਨ ਦੁਨੀਆ ਭਰ ਵਿੱਚ ਕਿੰਨੇ ਕੁ ਲੋਕ ਘਰੋਂ ਬੇਘਰ ਹੋ ਰਹੇ ਹਨ? ਇਸ ਸਵਾਲ ਦਾ ਜੁਆਬ ਸੁਖਾਲਾ ਨਹੀਂ ਕਿਉਂਕਿ ਕਈ ਵਾਰ ਲੋਕਾਂ ਵਲੋਂ ਘਰ ਛੱਡਣ ਪਿੱਛੇ ਉਹਨਾਂ ਦੇ ਆਲੇ ਦੁਆਲੇ ਦੇ ਵਾਤਾਵਰਨ ਦੇ ਹੋਏ ਨੁਕਸਾਨ ਦੇ ਨਾਲ ਨਾਲ ਕੁਝ ਹੋਰ ਕਾਰਨ ਵੀ ਕੰਮ ਕਰ ਰਹੇ ਹੁੰਦੇ ਹਨ। ਕਈ ਵਾਰੀ ਇਸ ਸਵਾਲ ਦੇ ਜੁਆਬ ਦੇਣ ਦੇ ਅਮਲ ਉੱਤੇ ਵਾਤਾਵਰਨ ਦੇ ਨੁਕਸਾਨ ਦੀ ਕਿਸਮ ਵੀ ਆਪਣਾ ਅਸਰ ਪਾਉਂਦੀ ਹੈ। ਉਦਾਹਰਨ ਲਈ ਜਦੋਂ ਇਕਦਮ ਕੋਈ ਵੱਡਾ ਹੜ੍ਹ ਆਉਂਦਾ ਹੈ ਤਾਂ ਉਸ ਕਾਰਨ ਘਰੋਂ ਬੇਘਰ ਹੋਏ ਲੋਕਾਂ ਦੀ ਗਿਣਤੀ ਬਾਰੇ ਜਾਣਨਾ ਸੁਖਾਲਾ ਹੁੰਦਾ ਹੈ। ਇਸ ਦੇ ਉਲਟ ਸਮਾਂ ਪਾ ਕੇ ਜ਼ਮੀਨ ਦੀ ਘੱਟ ਗਈ ਉਪਜਾਊ ਸ਼ਕਤੀ ਕਾਰਨ ਖੇਤੀਬਾੜੀ ਸਿਰ ਗੁਜ਼ਾਰਾ ਨਾ ਕਰ ਸਕਣ ਦੀਆਂ ਹਾਲਤਾਂ ਦੇ ਸਿੱਟੇ ਵਜੋਂ ਹੌਲੀ ਹੌਲੀ ਆਪਣਾ ਵਤਨ ਛੱਡ ਕੇ ਜਾਣ ਬਾਰੇ ਲੋਕਾਂ ਦੀ ਗਿਣਤੀ ਬਾਰੇ ਫੈਸਲਾ ਕਰਨਾ ਮੁਸ਼ਕਿਲ ਹੁੰਦਾ ਹੈ। ਫਿਰ ਵੀ ਇਸ ਮਸਲੇ ਬਾਰੇ ਪਿਛਲੇ ਕੁਝ ਸਾਲਾਂ ਦੌਰਾਨ ਛਪੇ ਅਧਿਐਨ ਅਤੇ ਰਿਪੋਰਟਾਂ ਦੇ ਆਧਾਰ 'ਤੇ ਕੁਝ ਤੱਥ ਪੇਸ਼ ਹਨ।

ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਵਲੋਂ 2009 ਵਿੱਚ ਛਾਪੀ ਗਈ *ਸਟੇਟ ਆਫ ਵਰਲਡ ਪਾਪੂਲੇਸ਼ਨ* ਨਾਮੀ ਰਿਪੋਰਟ ਵਿੱਚ ਵਾਤਾਵਰਨ ਵਿੱਚ ਆਈ ਤਬਦੀਲੀ ਕਾਰਨ ਹੁਣ ਤੱਕ ਘਰੋਂ ਬੇਘਰ ਹੋ ਗਏ ਲੋਕਾਂ ਦੀ ਗਿਣਤੀ ਬਾਰੇ ਕਈ ਅੰਦਾਜ਼ਿਆਂ ਦਾ ਜ਼ਿਕਰ ਕਰਨ ਤੋਂ ਬਾਅਦ ਦੱਸਿਆ ਗਿਆ ਹੈ ਕਿ ਸਭ ਤੋਂ ਆਮ ਵਰਤੇ ਜਾਂਦੇ ਤੱਥਾਂ ਅਨੁਸਾਰ ਇਹ ਗਿਣਤੀ 2.5 ਕ੍ਰੋੜ ਹੈ। ਪਰ ਇਸ ਗਿਣਤੀ ਵਿੱਚ ਉਹ ਲੋਕ ਸ਼ਾਮਲ ਨਹੀਂ ਹਨ ਜੋ ਸੋਕੇ ਜਾਂ ਜ਼ਮੀਨ ਦੇ ਖੁਰਨ ਵਰਗੀਆਂ ਵਾਤਾਵਰਨ ਵਿੱਚ ਹੌਲੀ ਹੌਲੀ ਹੋ ਰਹੀਆਂ ਤਬਦੀਲੀਆਂ ਕਾਰਨ ਘਰੋਂ ਬੇਘਰ ਹੋਏ ਹਨ। ਮੌਸਮਾਂ ਵਿੱਚ ਆਉਣ ਵਾਲੀ ਤਬਦੀਲੀ ਕਾਰਨ ਭਵਿੱਖ ਵਿੱਚ ਕਿੰਨੇ ਲੋਕ ਘਰੋਂ ਬੇਘਰ ਹੋਣਗੇ? ਉਪ੍ਰੋਕਤ ਰਿਪੋਰਟ ਅਨੁਸਾਰ ਇਸ ਬਾਰੇ ਵੀ ਵੱਖ ਵੱਖ ਅੰਦਾਜ਼ੇ ਹਨ, ਜਿਹਨਾਂ ਵਿਚੋਂ ਕੁਝ ਅਧਿਐਨਾਂ ਦਾ ਮੰਨਣਾ ਹੈ ਕਿ 2050 ਤੱਕ ਵਾਤਾਵਰਨ ਵਿੱਚ ਆਉਣ ਵਾਲੀਆਂ ਤਬਦੀਲੀਆਂ ਕਾਰਨ 5 ਕ੍ਰੋੜ (50 ਮਿਲੀਅਨ) ਲੋਕ ਘਰੋਂ ਬੇਘਰ ਹੋਣਗੇ ਜਦੋਂ ਕੁਝ ਹੋਰ ਅਧਿਐਨਾਂ ਦਾ ਮੰਨਣਾ ਹੈ ਕਿ ਇਹ ਗਿਣਤੀ 1 ਅਰਬ (1 ਬਿਲੀਅਨ) ਦੇ ਬਰਾਬਰ ਹੋਵੇਗੀ। ਪਰ ਆਮ ਮੰਨੀ ਜਾਣ ਵਾਲੀ ਗਿਣਤੀ ਅਨੁਸਾਰ 2050 ਤੱਕ ਵਾਤਾਵਾਰਨ ਵਿੱਚ ਹੋਣ ਵਾਲੀਆਂ ਤਬਦੀਲੀਆਂ ਕਾਰਨ 20 ਕ੍ਰੋੜ (200 ਮਿਲੀਅਨ) ਲੋਕ ਘਰੋਂ ਬੇਘਰ ਹੋ ਜਾਣਗੇ। (50)

ਤਾਪਮਾਨ ਵਿੱਚ ਵਾਧੇ ਕਾਰਨ ਗਲੇਸ਼ੀਅਰਾਂ ਦੇ ਪਿਘਲਨ ਅਤੇ ਸਮੁੰਦਰਾਂ ਦੇ ਪਾਣੀਆਂ ਦੇ ਫੈਲਣ ਕਾਰਨ ਇੱਕੀਵੀਂ ਸਦੀ ਵਿੱਚ ਸਮੁੰਦਰਾਂ ਦੇ ਪਾਣੀਆਂ ਦਾ ਪੱਧਰ 1 ਮੀਟਰ (3.28 ਫੁੱਟ) ਤੋਂ 2 ਮੀਟਰ (6.56 ਫੁੱਟ) ਤੱਕ ਉੱਚਾ ਹੋ ਸਕਦਾ ਹੈ।(51) ਅਜਿਹਾ ਹੋਣ ਨਾਲ ਸਮੁੰਦਰਾਂ ਦੇ ਕੰਢਿਆਂ ਉੱਤੇ ਵਸਣ ਵਾਲੇ ਵੱਡੀ ਗਿਣਤੀ ਲੋਕਾਂ ਨੂੰ ਆਪਣੇ ਘਰ ਬਾਰ ਛੱਡਣੇ ਪੈ ਸਕਦੇ ਹਨ। ਜੇ ਸਮੁੰਦਰਾਂ ਦੇ ਪਾਣੀ ਦੇ ਪੱਧਰ ਵਿੱਚ 1 ਮੀਟਰ ਦਾ ਵਾਧਾ ਹੁੰਦਾ ਹੈ ਤਾਂ ਸੰਨ 2100 ਤੱਕ ਏਸ਼ੀਆ (ਮੁੱਖ ਰੂਪ ਵਿੱਚ ਚੀਨ, ਬੰਗਲਾਦੇਸ਼ ਅਤੇ ਵੀਅਤਨਾਮ ਵਿੱਚ) ਵਿੱਚ 10 ਕ੍ਰੋੜ ਲੋਕਾਂ ਨੂੰ, ਯੂਰਪ ਵਿੱਚ 1.4 ਕ੍ਰੋੜ ਲੋਕਾਂ ਨੂੰ ਅਫਰੀਕਾ ਅਤੇ ਦੱਖਣੀ ਅਮਰੀਕਾ ਵਿੱਚ 80 ਲੱਖ ਤੱਕ ਲੋਕਾਂ ਨੂੰ ਘਰੋਂ ਬੇਘਰ ਹੋਣਾ ਪੈ ਸਕਦਾ ਹੈ। (52)

ਮਨੁੱਖੀ ਸਰਗਰਮੀਆਂ ਕਾਰਨ ਜ਼ਮੀਨ ਦਾ ਹੋ ਰਿਹਾ ਮਾਰੂਥਲੀਕਰਨ ਧਰਤੀ ਲਈ ਇਕ ਹੋਰ ਵੱਡੀ ਸਮੱਸਿਆ ਬਣਕੇ ਸਾਹਮਣੇ ਆ ਰਿਹਾ ਹੈ। ਚਾਰਗਾਹਾਂ ਦੀ ਉਹਨਾਂ ਦੀ ਸਮਰੱਥਾ ਤੋਂ ਵੱਧ ਵਰਤੋਂ, ਧਰਤੀ ਹੇਠਲੇ ਪਾਣੀ ਨੂੰ ਹੱਦੋਂ ਵੱਧ ਕੱਢਣਾ, ਦਰਿਆਵਾਂ ਆਦਿ ਦੇ ਕੁਦਰਤੀ ਵਹਾਅ ਨੂੰ ਬਦਲ ਕੇ ਸ਼ਹਿਰਾਂ ਵੱਲ ਨੂੰ ਮੋੜਨਾ ਅਤੇ ਵਾਤਾਵਰਨ ਦੇ ਤਾਪਮਾਨ ਵਿੱਚ ਹੋ ਰਿਹਾ ਵਾਧਾ ਜ਼ਮੀਨ ਦੇ ਮਾਰੂਥਲੀਕਰਨ ਦਾ ਕਾਰਨ ਬਣ ਰਿਹਾ ਹੈ। ਇਸ ਸਮੱਸਿਆ ਦੀ ਵਿਆਪਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਸਮੇਂ ਦੁਨੀਆ ਦੀ 38 ਫੀਸਦੀ ਧਰਤੀ ਦੇ ਮਾਰੂਥਲ ਵਿੱਚ ਤਬਦੀਲ ਹੋਣ ਦਾ ਖਤਰਾ ਹੈ।(53) ਉਦਾਹਰਨ ਲਈ ਅਫਰੀਕਾ ਦਾ ਸਹਾਰਾ ਮਾਰੂਥਲ ਹਰ ਸਾਲ ਚਾਰੇ ਪਾਸਿਆਂ ਨੂੰ ਫੈਲ ਰਿਹਾ ਹੈ, ਬਰਾਜ਼ੀਲ ਵਿੱਚ 2.5 ਲੱਖ ਵਰਗ ਮੀਲ ਜ਼ਮੀਨ ਮਾਰੂਥਲੀਕਰਨ ਤੋਂ ਪ੍ਰਭਾਵਿਤ ਹੈ, ਮੈਕਸੀਕੋ ਵਿੱਚ ਹਰ ਸਾਲ 400 ਵਰਗਮੀਲ ਖੇਤੀਯੋਗ ਜ਼ਮੀਨ ਮਾਰੂਥਲੀਕਰਨ ਕਾਰਨ ਖੇਤੀ ਦੇ ਯੋਗ ਨਹੀਂ ਰਹਿ ਰਹੀ ਅਤੇ ਚੀਨ ਵਿੱਚ ਹਰ ਸਾਲ 1300 ਵਰਗ ਮੀਲ ਜ਼ਮੀਨ ਮਾਰੂਥਲ ਬਣ ਰਹੀ ਹੈ। (54)

ਮਾਰੂਥਲੀਕਰਨ ਦੇ ਇਸ ਅਮਲ ਕਾਰਨ ਕ੍ਰੋੜਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪੈ ਸਕਦੇ ਹਨ ਅਤੇ ਪੈ ਰਹੇ ਹਨ। ਉਦਾਹਰਨ ਲਈ 2006 ਵਿੱਚ ਮਾਰੂਥਲੀਕਰਨ ਬਾਰੇ ਹੋਈ ਯੂਨਾਇਟਿਡ ਨੇਸ਼ਨਜ਼ ਦੀ ਕਾਨਫਰੰਸ ਵਿੱਚ ਇਕ ਅੰਦਾਜ਼ਾ ਲਾਇਆ ਗਿਆ ਸੀ ਕਿ 2020 ਤੱਕ ਅਫਰੀਕਾ ਦੇ ਸੱਬ-ਸਹਾਰਾ

ਖੇਤਰ ਦੇ 6 ਕ੍ਰੋੜ ਲੋਕ ਆਪਣਾ ਘਰਬਾਰ ਛੱਡ ਕੇ ਉੱਤਰੀ ਅਫਰੀਕਾ ਅਤੇ ਯੂਰਪ ਵੱਲ ਨੂੰ ਅਵਾਸ ਕਰ ਸਕਦੇ ਹਨ। ਪਿਛਲੇ 50 ਸਾਲਾਂ ਦੌਰਾਨ ਉੱਤਰੀ ਅਤੇ ਪੱਛਮੀ ਚੀਨ ਵਿੱਚ ਮਾਰੂਥਲ ਦੇ ਫੈਲਾਅ ਕਾਰਨ 24,000 ਪਿੰਡ ਜਾਂ ਤਾਂ ਪੂਰੀ ਤਰ੍ਹਾਂ ਜਾਂ ਅੱਧ ਪਚੱਧੇ ਰੂਪ ਵਿੱਚ ਖਾਲੀ ਕਰ ਦਿੱਤੇ ਗਏ ਹਨ। (55) ਸੀ ਐੱਨ ਐੱਨ ਦੇ ਟੈਕਨੌਲੌਜੀ ਸੈਕਸ਼ਨ ਵਿੱਚ ਨਵੰਬਰ 2008 ਵਿੱਚ ਛਪੇ ਇਕ ਆਰਟੀਕਲ ਵਿੱਚ ਲਿਖਿਆ ਹੈ ਕਿ ਚੀਨ ਦੇ ਉੱਤਰ ਵਿੱਚ ਪੂਰੇ ਦੇ ਪੂਰੇ ਪਿੰਡ ਮਾਰੂਥਲੀਕਰਨ ਕਾਰਨ ਰੇਤੇ ਦੇ ਹੇਠਾਂ ਦੱਬੇ ਗਏ ਹਨ। ਉੱਥੋਂ ਦੀ ਸਟੇਟ ਫੌਰਸਟਰੀ ਐਡਮਿਨਸਟ੍ਰੇਸ਼ਨ ਦਾ ਅੰਦਾਜ਼ਾ ਹੈ ਕਿ ਮਾਰੂਥਲੀਕਰਨ ਚੀਨ ਦੇ 40 ਕ੍ਰੋੜ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਅਤੇ ਇਹਨਾਂ ਵਿੱਚ ਬਹੁਤੇ ਲੋਕ ਆਪਣੀ ਜ਼ਮੀਨ ਉੱਤੇ ਖੇਤੀ ਕਰਨ ਜਾਂ ਪਸ਼ੂ ਪਾਲਣ ਤੋਂ ਅਯੋਗ ਹੋ ਰਹੇ ਹਨ ਅਤੇ ਨਤੀਜੇ ਵਜੋਂ ਵਾਤਾਵਰਨ ਕਾਰਨ ਪੈਦਾ ਹੋਏ ਸ਼ਰਨਾਰਥੀ ਬਣ ਕ੍ਰੋੜਾਂ ਦੀ ਗਿਣਤੀ ਵਿੱਚ ਚੀਨ ਦੇ ਵੱਡੇ ਸ਼ਹਿਰਾਂ ਵਿੱਚ ਪਹੁੰਚ ਰਹੇ ਹਨ। (56)

ਖੇਤੀਬਾੜੀ, ਸਨਅਤ ਅਤੇ ਹੋਰ ਮਨੁੱਖੀ ਸਰਗਰਮੀਆਂ ਦੌਰਾਨ ਪਾਣੀ ਦੀ ਹੱਦੋਂ ਵੱਧ ਵਰਤੋਂ ਅਤੇ ਮੌਸਮਾਂ ਵਿੱਚ ਆ ਰਹੀਆਂ ਨਾਟਕੀ ਤਬਦੀਲੀਆਂ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਪਾਣੀ ਦੀ ਕਿੱਲਤ ਅਤੇ ਸੋਕੇ ਵਰਗੇ ਹਾਲਾਤ ਪੈਦਾ ਕਰ ਰਹੀਆਂ ਹਨ। ਨਤੀਜੇ ਵਜੋਂ ਕਈ ਥਾਂਵਾਂ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਘਰਬਾਰ ਛੱਡਣੇ ਪੈ ਰਹੇ ਹਨ। ਸੰਨ 2001 ਵਿੱਚ ਛਪੀ ਇਕ ਰਿਪੋਰਟ ਵਿੱਚ ਅੰਦਾਜ਼ਾ ਲਾਇਆ ਗਿਆ ਸੀ ਕਿ 2025 ਤੱਕ ਦੁਨੀਆ ਭਰ ਵਿੱਚ ਤਿੰਨਾਂ ਵਿੱਚੋਂ ਦੋ ਵਿਅਕਤੀਆਂ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪਏਗਾ ਅਤੇ ਉਹਨਾਂ ਵਿੱਚੋਂ ਬਹੁਤੇ ਆਪਣਾ ਘਰਬਾਰ ਛੱਡਣ ਲਈ ਮਜਬੂਰ ਹੋ ਜਾਣਗੇ। (57)ਇਕ ਹੋਰ ਰਿਪੋਰਟ ਅਨੁਸਾਰ ਪਾਣੀ ਦੀ ਕਮੀ ਕਾਰਨ ਸੀਰੀਆ ਵਿੱਚ 160 ਪਿੰਡ ਖਾਲੀ ਕਰਨੇ ਪਏ ਹਨ ਅਤੇ ਉੱਤਰੀ ਇਰਾਕ ਵਿੱਚ 1 ਲੱਖ ਤੋਂ ਵੱਧ ਲੋਕ ਪਾਣੀ ਦੀ ਕਮੀ ਕਾਰਨ ਘਰੋਂ ਬੇਘਰ ਹੋਏ ਹਨ। ਉੱਤਰੀ ਅਤੇ ਪੱਛਮੀ ਚੀਨ, ਅਤੇ ਉੱਤਰੀ ਮੈਕਸੀਕੋ ਦੇ ਪੇਂਡੂ ਖੇਤਰਾਂ ਵਿੱਚੋਂ ਲੱਖਾਂ ਲੋਕਾਂ ਨੂੰ ਪਾਣੀ ਦੀ ਕਮੀ ਕਾਰਨ ਆਪਣੇ ਘਰ ਛੱਡਣੇ ਪੈ ਸਕਦੇ ਹਨ। ਇਸ ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪਾਣੀ ਦੀ ਕਿੱਲਤ ਕਾਰਨ ਘਰੋਂ ਬੇਘਰ ਹੋਣ ਦੀ ਸਥਿਤੀ ਹੁਣ ਪੇਂਡੂ ਖੇਤਰਾਂ ਤੱਕ ਹੀ ਸੀਮਤ ਨਹੀਂ ਰਹੇਗੀ ਸਗੋਂ ਅਜਿਹੀ ਸਥਿਤੀ ਕਈ ਵੱਡੇ ਸ਼ਹਿਰਾਂ ਨੂੰ ਵੀ ਆਪਣੇ ਪ੍ਰਭਾਵ ਹੇਠ ਲਏਗੀ। ਉਦਾਹਰਨ ਲਈ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਕਿੱਲਤ ਕਾਰਨ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੀ ਰਾਜਧਾਨੀ ਕੋਇਟੇ ਦੇ ਆਪਣੇ ਮੌਜੂਦਾ ਥਾਂ 'ਤੇ ਵਸਦੇ ਰਸਦੇ ਰਹਿਣ 'ਤੇ ਪ੍ਰਸ਼ਨ ਚਿੰਨ ਲਾਇਆ ਜਾ ਰਿਹਾ ਹੈ। (58)

ਹੜ੍ਹਾਂ, ਝੱਖੜਾਂ ਅਤੇ ਤੂਫਾਨਾਂ ਵਰਗੀਆਂ ਕੁਦਰਤੀ ਆਫਤਾਂ ਵੀ ਲੋਕਾਂ ਦੀ ਜਾਨਮਾਲ ਦਾ ਵੱਡਾ ਨੁਕਸਾਨ ਕਰਨ ਦੇ ਨਾਲ ਨਾਲ ਉਹਨਾਂ ਨੂੰ ਘਰੋਂ ਬੇਘਰ ਹੋਣ ਲਈ ਮਜ਼ਬੂਰ ਕਰਦੀਆਂ ਹਨ। ਉਦਾਹਰਨ ਲਈ ਸੰਨ 2005 ਵਿੱਚ ਅਮਰੀਕਾ ਦੀ ਗਲਫ ਕੋਸਟ ਉੱਤੇ ਆਏ ਸਮੁੰਦਰੀ ਤੂਫਾਨ ਕੈਟਰੀਨਾ ਕਾਰਨ ਨਿਊ ਔਰਲੀਨਜ਼ ਦੇ 10 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਸਨ। ਇਹਨਾਂ ਵਿੱਚੋਂ 7 ਲੱਖ ਲੋਕ ਤਾਂ ਤੂਫਾਨ ਦੇ ਪ੍ਰਭਾਵ ਹਟਣ ਬਾਅਦ ਵਾਪਸ ਆਪਣੇ ਘਰਾਂ ਨੂੰ ਪਰਤ ਆਏ ਸਨ ਪਰ 3 ਲੱਖ ਲੋਕਾਂ ਨੂੰ ਸਦਾ ਲਈ ਆਪਣੇ ਘਰ ਛੱਡ ਗਏ ਸਨ।(59) ਇਸ ਹੀ ਤਰ੍ਹਾਂ ਮਾਰਚ 2011 ਵਿੱਚ ਜਾਪਾਨ ਦੇ ਸ਼ਹਿਰ ਫੂਕੂਸ਼ੀਮਾ ਵਿਖੇ ਪਰਮਾਣੂ ਬਿਜਲੀ ਦੇ ਪਲਾਂਟ ਵਿੱਚ ਹੋਈ ਦੁਰਘਟਨਾ ਤੋਂ ਬਾਅਦ ਆਈ ਸੁਨਾਮੀ ਕਾਰਨ ਹਜ਼ਾਰਾਂ ਲੋਕ ਘਰੋਂ ਬੇਘਰ ਹੋ ਗਏ ਸਨ। ਉਹਨਾਂ ਵਿੱਚੋਂ ਕਿੰਨੇ ਲੋਕ ਆਰਜ਼ੀ ਤੌਰ 'ਤੇ ਘਰੋਂ ਬੇਘਰ ਹੋਏ ਹਨ ਅਤੇ ਕਿੰਨੇ ਪੱਕੇ ਤੌਰ 'ਤੇ ਇਸ ਬਾਰੇ ਅਜੇ ਪੱਕੀ ਤਰ੍ਹਾਂ ਕਹਿਣਾ ਮੁਸ਼ਕਿਲ ਹੈ। (60) ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਬੇਸ਼ੱਕ ਮਨੁੱਖਤਾ ਨੂੰ ਹਮੇਸ਼ਾਂ ਤੋਂ ਹੀ ਹੜ੍ਹਾਂ, ਝੱਖੜਾਂ ਅਤੇ ਤੂਫਾਨਾਂ ਵਰਗੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਪਰ ਹੁਣ ਇਹਨਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਨਤੀਜੇ ਵਜੋਂ ਇਹਨਾਂ ਆਫਤਾਂ ਦੀ ਮਾਰ ਹੇਠ ਆ ਰਹੇ ਲੋਕਾਂ ਦੀ ਗਿਣਤੀ ਵੀ ਵੱਧ ਰਹੀ ਹੈ। *ਸਟੇਟ ਆਫ ਦੀ ਵਰਲਡ ਪਾਪੂਲੇਸ਼ਨ* ਅਨੁਸਾਰ ਪਿਛਲੇ ਦੋ ਦਹਾਕਿਆਂ ਦੌਰਾਨ ਦੁਨੀਆ ਭਰ ਵਿੱਚ ਹਰ ਸਾਲ ਆਉਣ ਵਾਲੀਆਂ ਕੁਦਰਤੀ ਆਫਤਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ – ਭਾਵ ਇਹ ਗਿਣਤੀ 200 ਪ੍ਰਤੀ ਸਾਲ ਤੋਂ ਵੱਧ ਕੇ 400 ਪ੍ਰਤੀ ਸਾਲ ਤੱਕ ਪਹੁੰਚ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹਨਾਂ ਕੁਦਰਤੀ ਆਫਤਾਂ ਵਿੱਚੋਂ 70 ਫੀਸਦੀ ਆਫਤਾਂ ਦਾ ਸੰਬੰਧ ਮੌਸਮਾਂ ਨਾਲ ਸੰਬੰਧਤ ਸੀ। ਪਿਛਲੇ ਦਹਾਕੇ ਦੌਰਾਨ ਇਹਨਾਂ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਤਿੰਨ ਗੁਣਾਂ ਵਾਧਾ ਹੋਇਆ ਹੈ ਅਤੇ ਇਹਨਾਂ ਕਾਰਨ ਸਿੱਧੇ ਤੌਰ 'ਤੇ ਹਰ ਸਾਲ ਔਸਤਨ 21.1 ਕ੍ਰੋੜ ਲੋਕ ਪ੍ਰਭਾਵਿਤ ਹੁੰਦੇ ਹਨ। ਸੰਨ 1998 ਤੋਂ ਸੰਨ 2007 ਵਿਚਕਾਰ 2.8 ਅਰਬ (ਬਿਲੀਅਨ) ਲੋਕ ਮੌਸਮਾਂ ਨਾਲ ਸੰਬੰਧਤ ਆਫਤਾਂ ਤੋਂ ਪ੍ਰਭਾਵਿਤ ਹੋਏ ਸਨ ਜਦੋਂ ਕਿ ਉਸ ਤੋਂ ਪਹਿਲੇ ਦਸਾਂ ਸਾਲਾਂ ਦੌਰਾਨ ਇਹ ਗਿਣਤੀ 1.8 ਅਰਬ (ਬਿਲੀਅਨ) ਸੀ। (61)

## ਅੰਤਿਕਾ

ਹੁਣ ਤੱਕ ਅਸੀਂ ਦੇਖਿਆ ਹੈ ਕਿ ਵਾਤਾਵਰਨ ਦਾ ਨੁਕਸਾਨ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਬਹੁਤ ਗੰਭੀਰ ਅਤੇ ਮਾਰੂ ਅਸਰ ਪਾਉਂਦਾ ਹੈ। ਹੁਣ ਅਸੀਂ ਸੰਖੇਪ ਵਿੱਚ ਇਸ ਮੁੱਦੇ ਬਾਰੇ ਗੱਲ ਕਰਾਂਗੇ ਕਿ ਇਹਨਾਂ ਅਸਰਾਂ ਦੀ ਮਾਰ ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਲੋਕਾਂ 'ਤੇ ਜ਼ਿਆਦਾ ਪੈਂਦੀ ਹੈ। *2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ* ਦੇ ਲੇਖਕਾਂ ਨੇ ਇਹ ਗੱਲ ਵਾਰ ਵਾਰ ਦੁਹਰਾਈ ਹੈ ਕਿ ਭਾਵੇਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਲੋਕਾਂ ਦੀ ਭੂਮਿਕਾ ਘੱਟ ਹੈ ਪਰ ਇਸ ਨੁਕਸਾਨ ਅਤੇ ਪ੍ਰਦੂਸ਼ਣ ਕਾਰਨ ਪੈਣ ਵਾਲੇ ਮਾਰੂ ਅਸਰਾਂ ਦੇ ਭਿਆਨਕ ਨਤੀਜੇ ਗਰੀਬ ਅਤੇ ਨਿਤਾਣੇ ਲੋਕਾਂ ਨੂੰ ਜ਼ਿਆਦਾ ਝੱਲਣੇ ਪੈਂਦੇ ਹਨ। ਇਸ ਦਾ ਇਕ ਜ਼ਾਹਰਾ ਕਾਰਨ ਤਾਂ ਇਹ ਹੈ ਕਿ ਗਰੀਬ ਅਤੇ ਨਿਤਾਣੇ ਲੋਕਾਂ ਕੋਲ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਰਕਾਰੀ ਅਤੇ ਕਾਰਪੋਰੇਸ਼ਨਾਂ ਦੀਆਂ ਨੀਤੀਆਂ ਦਾ ਵਿਰੋਧ ਕਰਨ ਦੀ ਤਾਕਤ ਨਹੀਂ ਹੁੰਦੀ ਅਤੇ ਨਾ ਹੀ ਉਹਨਾਂ ਕੋਲ ਵਾਤਾਵਰਨ ਦੇ ਨੁਕਸਾਨ ਕਾਰਨ ਪੈਣ ਵਾਲੇ ਮਾਰੂ ਅਸਰਾਂ ਨਾਲ ਨਜਿੱਠਣ ਦੀ ਸਮਰੱਥਾ ਹੁੰਦੀ ਹੈ। *2011 ਦੀ ਹਿਊਮਨ ਡਿਵੈਲਪਮੈਂਟ* ਰਿਪੋਰਟ ਅਨੁਸਾਰ :

- ਹਾਂਗਕਾਂਗ ਅਤੇ ਸੰਘਾਈ ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਗਰੀਬ ਅਤੇ ਘੱਟ ਪੜ੍ਹੇ ਲਿਖੇ ਲੋਕਾਂ ਵਿੱਚ ਜ਼ਿਆਦਾ ਹੈ। ਇੰਗਲੈਂਡ ਵਿੱਚ ਮਿਊਂਸਪੈਲਟੀਆਂ ਦੇ ਰਹਿੰਦ ਖੂਹੰਦ ਨੂੰ ਸਾੜਨ ਵਾਲੇ ਪਲਾਂਟਾਂ (ਇਨਸਿਨਰੇਟਰਜ਼) ਵਿੱਚੋਂ ਅੱਧੇ ਪਲਾਂਟ ਉਹਨਾਂ ਦਸਵਾਂ ਹਿੱਸਾ ਮਿਊਂਸਪੈਲਟੀਆਂ ਵਿੱਚ ਹਨ ਜਿਹੜੀਆਂ ਸਭ ਤੋਂ ਗਰੀਬ ਹਨ। ਉੱਥੇ ਗਰੀਬ ਅਤੇ ਘੱਟਗਿਣਤੀਆਂ ਦੇ ਲੋਕਾਂ ਦੇ ਰਹਿਣ ਵਾਲੇ ਇਲਾਕਿਆਂ ਦੀ ਹਵਾ ਜ਼ਿਆਦਾ ਪ੍ਰਦੂਸ਼ਤ ਹੈ ਜਦੋਂ ਕਿ ਕਾਰਾਂ ਦੀ ਜ਼ਿਆਦਾ ਮਾਲਕੀ ਵਾਲੇ (ਅਮੀਰ) ਇਲਾਕਿਆਂ ਵਿੱਚ ਦੀ ਹਵਾ ਜ਼ਿਆਦਾ ਸਾਫ ਹੈ। ਨੀਦਰਲੈਂਡ, ਅਤੇ ਜਰਮਨੀ ਵਿੱਚ ਵੀ ਹਵਾ ਉਨ੍ਹਾਂ ਇਲਾਕਿਆਂ ਵਿੱਚ ਜ਼ਿਆਦਾ ਪ੍ਰਦੂਸ਼ਤ ਹੈ ਜਿਹਨਾਂ ਇਲਾਕਿਆਂ ਵਿੱਚ ਗਰੀਬ ਅਤੇ ਅਵਾਸੀ ਲੋਕ ਰਹਿੰਦੇ ਹਨ। ਫਰਾਂਸ ਵਿੱਚ ਸਨਅਤੀ ਅਤੇ ਪਰਮਾਣੂ ਰਹਿੰਦ-ਖੂੰਹਦ ਨੂੰ ਭੰਡਾਰ ਕਰਨ ਵਾਲੀਆਂ ਥਾਂਵਾਂ ਅਤੇ ਕੂੜੇ ਕਰਕਟ ਨੂੰ ਸਾੜਨ ਅਤੇ ਸਾਂਭਣ ਵਾਲੀਆਂ ਥਾਂਵਾਂ ਉਹਨਾਂ ਇਲਾਕਿਆਂ ਵਿੱਚ ਜ਼ਿਆਦਾ ਹਨ ਜਿਹਨਾਂ ਇਲਾਕਿਆਂ ਵਿੱਚ ਅਵਾਸੀ ਲੋਕ ਰਹਿੰਦੇ ਹਨ।
- ਅਮਰੀਕਾ ਵਿੱਚ ਜ਼ਹਿਰੀਲੀ ਰਹਿੰਦ ਖੂੰਹਦ (ਵੇਸਟ) ਨਾਲ ਨਿਪਟਣ ਵਾਲੀਆਂ ਥਾਂਵਾਂ (ਫੈਸਿਲਟੀਜ਼) ਜ਼ਿਆਦਾ ਤਰ ਉਹਨਾਂ ਇਲਾਕਿਆਂ ਵਿੱਚ ਹਨ ਜਿਹਨਾਂ ਇਲਾਕਿਆਂ ਵਿੱਚ ਮਜ਼ਦੂਰ ਅਤੇ ਘੱਟ ਗਿਣਤੀਆਂ ਦੇ ਲੋਕ ਰਹਿੰਦੇ ਹਨ। ਸਾਬਕਾ ਸੋਵੀਅਤ ਯੂਨੀਅਨ ਵਿੱਚ ਵੀ ਅਜਿਹੀਆਂ ਥਾਂਵਾਂ ਉਹਨਾਂ ਇਲਾਕਿਆਂ ਵਿੱਚ ਜ਼ਿਆਦਾ ਸਨ, ਜਿਹਨਾਂ ਇਲਾਕਿਆਂ ਵਿੱਚ ਮੁਸਲਮਾਨ ਤਤਾਰ ਅਤੇ ਬਖਸ਼ੀਰ ਲੋਕ ਰਹਿੰਦੇ ਸਨ ਅਤੇ ਸਟਾਲਿਨ ਦੇ ਰਾਜ ਦੌਰਾਨ ਸਰਕਾਰੀ ਜਬਰ ਦਾ ਸ਼ਿਕਾਰ ਹੋਏ ਅਤੇ ਜਲਾਵਤਨ ਕੀਤੇ ਗਏ ਲੋਕਾਂ ਨਾਲ ਸੰਬੰਧਤ ਲੋਕ ਰਹਿੰਦੇ ਸਨ।

- ਕਈ ਹਾਲਤਾਂ ਵਿੱਚ ਵਾਤਾਵਰਨ ਦੇ ਨੁਕਸਾਨ ਕਾਰਨ ਪੈਦਾ ਹੋਈਆਂ ਸਥਿਤੀਆਂ ਨਾਲ ਨਜਿੱਠਣ ਲਈ ਸਰਕਾਰਾਂ ਇਸ ਤਰ੍ਹਾਂ ਦੀ ਨੀਤੀਆਂ ਬਣਾਉਂਦੀਆਂ ਹਨ ਜੋ ਗਰੀਬਾਂ ਅਤੇ ਨਿਤਾਣਿਆਂ ਉੱਪਰ ਬੋਝ ਹੋਰ ਵਧਾ ਦਿੰਦੀਆਂ ਹਨ। ਉਦਾਹਰਨ ਲਈ ਮੰਗੋਲੀਆ ਵਿੱਚ ਪੇਂਡੂ ਇਲਾਕਿਆਂ ਦੇ ਲੋਕਾਂ ਅਤੇ ਛੋਟੇ ਵਪਾਰਾਂ ਨੂੰ ਸਾਫ ਪਾਣੀ ਲਈ ਵੱਡੀਆਂ ਸਨਅਤਾਂ ਅਤੇ ਖਾਣਾਂ ਦੀਆਂ ਕੰਪਨੀਆਂ ਦੇ ਮੁਕਾਬਲੇ 84 ਗੁਣਾਂ ਵੱਧ ਕੀਮਤੀ ਤਾਰਨੀ ਪੈਂਦੀ ਹੈ।
- ਪੇਂਡੂ ਖੇਤਰਾਂ ਵਿੱਚ ਜੰਗਲਾਂ ਵਿੱਚ ਅਤੇ ਜੰਗਲਾਂ ਦੇ ਨੇੜੇ ਰਹਿਣ ਵਾਲੇ ਗਰੀਬ ਲੋਕ ਆਪਣੀ ਆਮਦਨ ਦਾ ਚੌਥਾ ਹਿੱਸਾ ਜੰਗਲਾਂ ਤੋਂ ਪ੍ਰਾਪਤ ਕਰਦੇ ਹਨ। ਹਿੰਦੁਸਤਾਨ ਦੇ ਅਰੁਣਾਚਲ ਦੇ ਇਲਾਕੇ ਵਿੱਚ ਗਰੀਬ ਲੋਕ ਜ਼ਿੰਦਾ ਰਹਿਣ ਲਈ ਭਾਈਚਾਰੇ ਦੇ ਸਾਂਝੇ ਜੰਗਲਾਂ 'ਤੇ ਨਿਰਭਰ ਕਰਦੇ ਹਨ। ਜਿਹੜੇ ਘਰਾਂ ਕੋਲ ਜ਼ਮੀਨ ਘੱਟ ਹੈ ਅਤੇ ਜਿਹਨਾਂ ਘਰਾਂ ਵਿੱਚ ਪੜ੍ਹੇ ਲਿਖੇ ਲੋਕ ਘੱਟ ਹਨ, ਉਹ ਲੋਕ ਜ਼ਿੰਦਾ ਰਹਿਣ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਹਨ। ਦੱਖਣੀ ਇਥੋਪੀਆ ਵਿੱਚ ਜੰਗਲਾਂ ਤੋਂ ਹੋਣ ਵਾਲੀ ਆਮਦਨ ਅਬਾਦੀ ਦੇ ਪੰਜਵੇਂ ਹਿੱਸੇ ਨੂੰ ਗਰੀਬੀ ਰੇਖਾ ਤੋਂ ਉੱਪਰ ਰੱਖਣ ਵਿੱਚ ਭੂਮਿਕਾ ਨਿਭਾਉਂਦੀ ਹੈ। ਦੱਖਣੀ ਏਸ਼ੀਆ ਦੇ ਕਈ ਇਲਾਕਿਆਂ ਵਿੱਚ ਜੰਗਲਾਤ ਦਾ ਨੁਕਸਾਨ ਹੋਣ ਕਾਰਨ ਬਾਲਣ ਲਈ ਜੰਗਲਾਂ 'ਤੇ ਨਿਰਭਰ ਕਰਨ ਵਾਲੇ ਲੋਕਾਂ ਨੂੰ ਬਾਲਣ ਇਕੱਠਾ ਕਰਨ ਲਈ ਜ਼ਿਆਦਾ ਸਮਾਂ ਲਾਉਣਾ ਪੈਂਦਾ ਹੈ ਜਦੋਂ ਕਿ ਅਮੀਰ ਲੋਕ ਬਾਲਣ ਦੇ ਦੂਸਰੇ ਢੰਗ ਵਰਤਣ ਲੱਗ ਪਏ ਹਨ। ਬਹੁਤੀ ਵਾਰ ਬਾਲਣ ਇਕੱਠਾ ਕਰਨ ਦੀ ਜ਼ਿੰਮੇਵਾਰੀ ਔਰਤਾਂ ਦੀ ਹੁੰਦੀ ਹੈ, ਇਸ ਲਈ ਜੰਗਲਾਂ ਨੂੰ ਹੋਏ ਨੁਕਸਾਨ ਕਾਰਨ ਪੈਦਾ ਹੋਣ ਵਾਲੀ ਇਹ ਸਥਿਤੀ ਉਹਨਾਂ 'ਤੇ ਕੰਮ ਦਾ ਬੋਝ ਹੋਰ ਵਧਾ ਦਿੰਦੀ ਹੈ ਅਤੇ ਕਈ ਹਾਲਤਾਂ ਵਿੱਚ ਛੋਟੀਆਂ ਬੱਚੀਆਂ ਨੂੰ ਸਕੂਲ ਭੇਜਣ ਦੀ ਥਾਂ ਬਾਲਣ ਇਕੱਠਾ ਕਰਨ ਦੇ ਕੰਮ ਲਾ ਦਿੱਤਾ ਜਾਂਦਾ ਹੈ।
- ਹੜਾਂ, ਹਨ੍ਹੇਰੀਆਂ ਅਤੇ ਵੱਡੀਆਂ ਢਿਗਾਂ ਡਿਗਣ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਬੱਚਿਆਂ, ਔਰਤਾਂ, ਬਜ਼ੁਰਗਾਂ ਖਾਸ ਕਰਕੇ ਗਰੀਬਾਂ ਦੀਆਂ ਮੌਤਾਂ ਹੋਣ ਦੀ ਦਰ ਜ਼ਿਆਦਾ ਹੁੰਦੀ ਹੈ। ਬੰਗਲਾ ਦੇਸ਼ ਵਿੱਚ ਗਰੀਬ ਲੋਕ ਨਦੀਆਂ ਦੇ ਕੰਢਿਆਂ 'ਤੇ ਜ਼ਿਆਦਾ ਰਹਿੰਦੇ ਹਨ, ਇਸ ਲਈ ਹੜਾਂ ਦੀ ਮਾਰ ਹੇਠ ਆਉਣ ਦਾ ਖਤਰਾ ਉਨ੍ਹਾਂ ਨੂੰ ਜ਼ਿਆਦਾ ਹੁੰਦਾ ਹੈ।
- ਹਿੰਦੁਸਤਾਨ ਦੇ ਕਈ ਇਲਾਕਿਆਂ ਵਿੱਚ ਸੋਕਿਆਂ ਦੌਰਾਨ ਮਰਨ ਵਾਲੇ ਬੱਚਿਆਂ ਵਿੱਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਮੌਤ ਦਰ ਜ਼ਿਆਦਾ ਹੁੰਦੀ ਹੈ।
- ਸੰਨ 2005 ਵਿੱਚ ਅਮਰੀਕਾ ਦੇ ਸੂਬੇ ਨਿਊ ਔਰਲਿਨਜ਼ ਵਿੱਚ ਆਏ ਸਮੁੰਦਰੀ ਤੂਫਾਨ ਦੀ ਮਾਰ ਵਿੱਚ ਆਉਣ ਵਾਲੇ ਲੋਕਾਂ ਵਿੱਚੋਂ ਤਿੰਨ ਚੌਥਾਈ ਲੋਕ ਕਾਲੇ ਸਨ।
- ਸੰਨ 2003 ਵਿੱਚ ਯੂਰਪ ਵਿੱਚ ਆਈ ਗਰਮੀ ਦੀ ਲਹਿਰ (ਹੀਟ ਵੇਵ) ਦੌਰਾਨ ਮਰਨ ਵਾਲਿਆਂ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਜ਼ਿਆਦਾ ਸੀ। (62)

*ਸਟੇਟ ਆਫ ਦੀ ਵਰਡਲ ਪਾਪੂਲੇਸ਼ਨ* ਨਾਮੀ ਰਿਪੋਰਟ ਅਨੁਸਾਰ:

- ਸੰਨ 1991 ਵਿੱਚ ਬੰਗਲਾ ਦੇਸ਼ ਵਿੱਚ ਆਏ ਸਮੁੰਦਰੀ ਤੂਫਾਨ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ 5 ਗੁਣਾਂ ਜ਼ਿਆਦਾ ਸੀ।
- *ਲੈਨਸੈਂਟ* ਮੈਡੀਕਲ ਜਰਨਲ ਦੇ ਮਈ 2009 ਦੇ ਅੰਕ ਅਨੁਸਾਰ ਦੁਨੀਆ ਦੇ ਸਭ ਤੋਂ ਗਰੀਬ 1 ਅਰਬ ਲੋਕ ਵਾਤਾਵਰਨ ਵਿੱਚ ਛੱਡੀ ਜਾਂਦੀ ਕਾਰਬਨ ਦੇ ਸਿਰਫ 3 ਫੀਸਦੀ ਹਿੱਸੇ ਲਈ ਹੀ ਹਿੱਸੇਦਾਰ ਹਨ, ਪਰ ਉਹ ਮੌਸਮਾਂ ਵਿੱਚ ਆਈ ਤਬਦੀਲੀ ਕਾਰਨ ਪੈ ਰਹੇ ਅਸਰਾਂ ਦੀ ਮਾਰ ਵੱਡੀ ਪੱਧਰ 'ਤੇ ਝੱਲਦੇ ਹਨ। ਜਰਨਲ 'ਚ ਛਪੀ ਰਿਪੋਰਟ ਅਨੁਸਾਰ ਯੂਰਪ ਦੀ ਵਸੋਂ ਦੇ ਮੁਕਾਬਲੇ ਅਫਰੀਕਾ ਦੀ ਗਰੀਬ ਵਸੋਂ ਵਿੱਚ ਵਿਸ਼ਵ ਪੱਧਰ ਉੱਤੇ ਵਾਤਾਵਰਨ ਵਿੱਚ ਹੋ ਰਹੀਆਂ ਤਬਦੀਲੀਆਂ - ਮੌਸਮਾਂ ਵਿੱਚ ਤਬਦੀਲੀ ਸਮੇਤ- ਦੇ ਕਾਰਨ ਸਿਹਤਮੰਦ ਜ਼ਿੰਦਗੀ ਜਿਉਣ ਦੇ ਸਾਲਾਂ ਵਿੱਚ ਹੋਣ ਵਾਲਾ ਘਾਟਾ (ਲੌਸ ਆਫ ਹੈਲਥੀ ਲਾਈਫ ਯੀਅਰਜ਼) 500 ਗੁਣਾਂ ਜ਼ਿਆਦਾ ਹੋਵੇਗਾ। (63)

ਅਸੀਂ ਆਪਣੇ ਆਲੇ ਦੁਆਲੇ ਇਕ ਸਰਸਰੀ ਨਜ਼ਰ ਮਾਰ ਕੇ ਵੀ ਦੇਖ ਸਕਦੇ ਹਾਂ ਕਿ ਵਾਤਾਵਰਨ ਦੇ ਭੈੜੇ ਅਸਰਾਂ ਦਾ ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਲੋਕਾਂ 'ਤੇ ਵੱਧ ਅਸਰ ਹੁੰਦਾ ਹੈ। ਉਦਾਹਰਨ ਲਈ, ਪਾਣੀ ਦੇ ਪ੍ਰਦੂਸ਼ਤ ਹੋਣ ਦੀ ਸਥਿਤੀ ਵਿੱਚ ਅਮੀਰ ਲੋਕ ਪੀਣ ਲਈ ਮੁੱਲ ਦਾ ਸਾਫ ਪਾਣੀ ਲੈਣ ਦੇ ਕਾਬਲ ਹੁੰਦੇ ਹਨ ਜਦੋਂ ਕਿ ਗਰੀਬ ਲੋਕ ਪ੍ਰਦੂਸ਼ਤ ਪਾਣੀ ਪੀਣ ਲਈ ਹੀ ਮਜਬੂਰ ਹੁੰਦੇ ਹਨ। ਇਸ ਹੀ ਤਰ੍ਹਾਂ ਗਰਮੀ ਦੀਆਂ ਲਹਿਰਾਂ ਦੌਰਾਨ ਅਮੀਰ ਲੋਕ ਤਾਂ ਏਅਰ ਕੰਡੀਸ਼ਨਡ ਮਕਾਨਾਂ ਅਤੇ ਕਾਰਾਂ ਵਿੱਚ ਆਪਣਾ ਸਮਾਂ ਗੁਜ਼ਾਰ ਸਕਦੇ ਹਨ ਜਦੋਂ ਕਿ ਗਰੀਬ ਲੋਕਾਂ ਲਈ ਅਜਿਹੀਆਂ ਸਹੂਲਤਾਂ ਪ੍ਰਾਪਤ ਕਰਨਾ ਸੰਭਵ ਨਹੀਂ ਹੁੰਦਾ। ਇਸ ਦੇ ਨਾਲ ਹੀ ਕੁੱਝ ਰਿਪੋਰਟਾਂ ਵਿੱਚ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਗਿਆ ਹੈ ਕਿ ਕਈ ਹਾਲਤਾਂ ਵਿੱਚ ਵਾਤਾਵਰਨ ਦੇ ਨੁਕਸਾਨ ਕਾਰਨ ਅਮੀਰ ਲੋਕਾਂ ਨੂੰ ਫਾਇਦਾ ਹੁੰਦਾ ਹੈ। ਉਦਾਹਰਨ ਲਈ ਜਦੋਂ ਵਾਤਾਵਰਰਨ ਦਾ ਨੁਕਸਾਨ ਕਰਕੇ ਵੱਡੀਆਂ ਕਾਰਪੋਰੇਸ਼ਨਾਂ ਮੁਨਾਫਾ ਕਮਾਉਂਦੀਆਂ ਹਨ ਤਾਂ ਇਸ ਮੁਨਾਫੇ ਦਾ ਹਿੱਸਾ ਇਹਨਾਂ ਕਾਰਪੋਰੇਸ਼ਨਾਂ ਦੇ ਅਮੀਰ ਹਿੱਸੇਦਾਰਾਂ (ਸ਼ੇਅਰਹੋਲਡਰਾਂ) ਨੂੰ ਮਿਲਦਾ ਹੈ।

ਇਹਨਾਂ ਤੱਥਾਂ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਵਾਤਾਵਰਨ ਦੇ ਨੁਕਸਾਨ ਕਾਰਨ ਮਨੁੱਖੀ ਜ਼ਿੰਦਗੀ 'ਤੇ ਪੈਣ ਵਾਲੇ ਅਸਰ ਅਮੀਰਾਂ ਦੇ ਮਕਾਬਲੇ ਗਰੀਬਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਬਹੁਤ ਸਾਰੀਆਂ ਹਾਲਤਾਂ ਵਿੱਚ ਵਾਤਾਵਰਨ ਦੇ ਨੁਕਸਾਨ ਕਾਰਨ ਪੈਦਾ ਹੋਣ ਵਾਲੀਆਂ ਸਥਿਤੀਆਂ ਗਰੀਬ ਅਤੇ ਨਿਤਾਣੇ ਲੋਕਾਂ ਲਈ ਜ਼ਿੰਦਗੀ ਜਾਂ ਮੌਤ ਦਾ ਮਸਲਾ ਖੜ੍ਹਾ ਕਰ ਦਿੰਦੀਆਂ ਹਨ। ਇਸ ਲਈ ਵਾਤਾਵਰਨ ਦੇ ਨੁਕਸਾਨ ਵਿਰੁੱਧ ਲੜਾਈ ਸਮਾਜ ਵਿਚਲੇ ਗਰੀਬ ਅਤੇ ਨਿਤਾਣੇ ਲੋਕਾਂ ਦੇ ਹਿਤਾਂ ਦੀ ਲੜਾਈ ਹੈ ਅਤੇ ਉਹਨਾਂ ਦੀ ਆਰਥਿਕ ਅਤੇ ਸਮਾਜਕ ਬਰਾਬਰੀ ਲਈ ਚਲਦੀ ਲੜਾਈ ਦਾ ਇਕ ਹਿੱਸਾ ਹੀ ਹੈ, ਉਸ ਤੋਂ ਕਿਸੇ ਵੀ ਤਰ੍ਹਾਂ ਵੱਖਰੀ ਨਹੀਂ ਹੈ।

## ਹਵਾਲੇ:

1. FWR Group. Definition of Environmental degradation. Downloaded July 20, 2012 from http://www.fwrgroup.com.au/environmental-degradation.html ; Wikipedia. Enviornmental Degradation. Downloaded July 20, 2012 from http://en.wikipedia.org/wiki/Environmental_degradation
2. Magdoff, Fred and John Bellamy Foster (2011). What Every Environmentalist Needs to Know about Capitalism New York: Monthly Review Press.

3. UNDP (2011). Human Development Report 2011: Sustainablity and Equity: A Better Future for All. (p. 54). New York: Palgrave Macmillan. Downloaded May 15, 2012 from http://hdr.undp.org/en/reports/global/hdr2011/download/
4. Nellemann, C, MacDevette, M., Manders, T., Eickhout, B., Svihus, B., Prins, A.G., Kaltenborn, B.P. (Eds.) (2009). The Environmental Food Crisis: The Environment's Role In Averting Future Food Crises. (p. 40-41). United Nations Environment Programme. Downloaded June 16, 2012 from http://www.grida.no/publications/rr/food-crisis/
5. Nellemann, C, MacDevette, M., Manders, T., Eickhout, B., Svihus, B., Prins, A.G., Kaltenborn, B.P. (Eds.) (2009) (p. 46).
6. UNDP (2011). (p. 55).
7. Nellemann, C, MacDevette, M., Manders, T., Eickhout, B., Svihus, B., Prins, A.G., Kaltenborn, B.P. (Eds.) (2009) (p. 48-52).
8. UNDP (2011). (p. 55).
9. Nellemann, C, MacDevette, M., Manders, T., Eickhout, B., Svihus, B., Prins, A.G., Kaltenborn, B.P. (Eds.) (2009) (p. 41-42).
10. UNDP (2011). (p. 56).
11. Somorin, Olufunso A. (2007). Climate impacts, forest-dependent rural livelihoods and adaptation strategies in Africa: A review. African Journal of Environmental Science and Technology. 4(13) pp. 903-912 . Available online at http://www.academicjournals.org/AJEST
12. UNDP (2011). (p. 56-57).
13. Somorin, Olufunso A. (2007).
14. Lam, VWY, Cheung WWL, Swartz W and Sumalia UR. (2012). Climate change impacts on fisheries in West Africa: implications for economic, food and nutritional security. African Journal of Marine Science. 34(1) pp. 103-117 .
15. UNDP (2011). (p. 57).
16. Munslow, Barry and O'Dempsey Tim. (2010). Globalisation and Climate Change in Asia: the urban health impact. Third World Quarterly. 31(8) pp. 1339-1356.
17. Munslow, Barry and O'Dempsey Tim. (2010).
18. Pruss-Ustun, A and Corvalan C. (2006). Preventing Disease Through Health Environments: Towards an estimate of the environmental burden of disease (p. 9). World Health Organization. Downloaded July 16, 2012 from http://www.who.int/quantifying_ehimpacts/publications/preventingdisease/en/
19 Health Canada. Road Traffic and Air Pollution. Downloaded on July 18, 20112 from: http://www.hc-sc.gc.ca/hl-vs/iyh-vsv/environ/traf-eng.php
20. UNDP (2011). (p. 57); Baldauf, Sarah (February 26, 2010). Air Pollution: It's Not Just Your Lungs That Suffer. US News . Downloaded July 9/2012 from: **http://health.usnews.com/health-news/family-health/heart/articles/2010/02/26/air-pollution-its-not-just-your-lungs-that-suffer**
21. Pollution Causes 40 percent Of Deaths Worldwide, Study Finds. (14 August 2007). Science Daily. Downloaded on July 24, 2012 from: http://www.sciencedaily.com/releases/2007/08/070813162438.htm
22. UNDP (2011). (p. 52).
23. Timmons, Heather and Vyawahre, Malvika (1 February 2012). India's Air the World's Unhealthiest, Study Says. The New York Times. Downloaded July 27, 2012 from: http://india.blogs.nytimes.com/2012/02/01/indias-air-the-worlds-unhealthiest-study-says/
24. Levitt, Tom (21 December 2012). Air pollution linked to 200,000 premature deaths in UK. The Ecologist. Downloaded July 27, 2012 from: http://www.theecologist.org/News/news_round_up/701026/air_pollution_linked_to_200000_premature_deaths_in_uk.html
25. Air pollution stirs debate in France (23 December, 2010). Press TV. Downloaded July 28, 2012 from: http://edition.presstv.ir/detail/156874.html
26. Particles killing half a million (2 June, 2010). Acid News. Downloaded July 28, 2012 from: http://www.airclim.org/acidnews/2010/AN2-10/particles-killing-half-million
27. Fine particle air pollution responsible for 9000 premature deaths in California each year (1 September, 2010). YubaNet.com Downloaded July 28, 2012 from: http://yubanet.com/california/Fine-particle-air-pollution-responsible-for-9-000-premature-deaths-in-California-each-year.php#.UHsOlBjgK9g
28. Air Quality and Your Health. BC Air Quality Downloaded July 28, 2012 from: http://www.bcairquality.ca/health/
29. Health through safe drinking water and basic sanitation. World Health Organization Downloaded July 28, 2012 from: http://www.who.int/water_sanitation_health/mdg1/en/index.html ; Jacobs, Andrew. (30 January 2012). China Says It Curbed Spill of Toxic Metal in River. The New York Times. Downloaded August 17, 2012 from: http://www.nytimes.com/2012/01/31/world/asia/china-says-it-curbed-spill-of-toxic-metal-in-river.html?ref=bottledwater;
Narain, Sunita (14 June 2012). Sanitation for all. Nature 486 (7402);
Water facts. Water.org. Downloaded on July 29, 2012 from: http://water.org/water-crisis/water-facts/water/
30. Duhigg, Charles (12 September 2009). Clean Water Laws Are Neglected, at a Cost in Suffering. The New York Times. Downloaded August 17, 2012 from: http://www.nytimes.com/2009/09/13/us/13water.html?pagewanted=allToxic Waters
31. Water Pollution Guide. Water Pollution Org Downloaded August 19, 2012 from: http://www.water-pollution.org.uk/

32. Water Pollution Guide; Jacobs, Andrew.
33. Water. Downloaded August 19, 2012 from: http://edugreen.teri.res.in/explore/water/water.htm
34. UNDP (2011). (p. 53).
35. Infrastructure is India's biggest handicap (11 Decmber, 2008). The Economist Downloaded August 18, 2012 from: http://www.economist.com/node/12749787?story_id=12749787
36. Duhigg, Charles (12 September 2009).
37. Green Peace India Society (2009). Chemical Fertilisers in Our Water: An analysis of nitrates in the groundwater in Punjab. Downloaded August 20, 2012 from http://www.indiawaterportal.org/node/21017
38. Chaberlain, Gethin (30 August 2009). India's generation of children crippled by uranium waste. The Observer. Downloaded August 21, 2012 from: http://www.guardian.co.uk/world/2009/aug/30/india-punjab-children-uranium-pollution/print
39. Larsen, Janet (25 May 2011). Cancer Now Leading Cause of Death in China Earth Policy Institute. Downloaded August 22, 2012 from: http://www.earth-policy.org/plan_b_updates/2011/update96
40. Wikipedia. Heat Wave. Downloaded August 22, 2012 from: http://en.wikipedia.org/wiki/Heat_wave
41. Borenstein, Seth (5 August 2012). Drought, heat waves statistically linked to climate change: top NASA scientist. The National Post. Downloaded August 18, 2012 from: http://news.nationalpost.com/2012/08/05/drought-heat-waves-statistically-linked-to-climate-change-top-nasa-scientist/
42. Bhattacharya, Shaoni (10 October 2003). European heatwave caused 35,000 deaths. New Scientist. Downloaded August 18, 2012 from: http://www.newscientist.com/article/dn4259-european-heatwave-caused-35000-deaths.html
43. Larsen, Janet (28 July 2006). Setting the Record Straight:More than 52,000 Europeans Died from Heat in Summer 2003. Earth Policy Institute. Downloaded August 22, 2012 from: http://www.earth-policy.org/plan_b_updates/2006/update56
44. Kim, Lucian and Levitov Maria (10 August 2010). Russia Heat Wave May Kill 15,000, Shave $15 Billion of GDP. Bloomberg. Downloaded August 18, 2012 from: http://www.bloomberg.com/news/2010-08-10/russia-may-lose-15-000-lives-15-billion-of-economic-output-in-heat-wave.html
45. Blumenthal Susan, Ko Yi-An, Safdi Stephanie, Hoffman Beth and Chen Julie. (6 April 2008). World Health Day: The Hazards of Global Warning to Your Health. AlterNet. Downloaded August 22, 2012 from: http://www.alternet.org/story/81530/world_health_day%3A_the_hazards_of_global_warming_to_your_health?paging=off
46. UNDP (2011). (p. 53).
47. Kim, Lucian and Levitov Maria (10 August 2010).
48. Munslow, Barry and O'Dempsey Tim. (2010).
49. UNDP (2011). (p. 53).
50. UNFPA (2009). State of World Population 2009. United Nations Population Fund. Downloaded August 20, 2012 from unfpa.org/swp/2009/
51. UNFPA (2009). State of World Population 2009. (p.14)
52. UNFPA (2009). State of World Population 2009. (p.14)
53. Thirty-Eight Percent of World's Surface in Danger of Desertification (10 February, 2010). Science Daily Downloaded August 23, 2012 from: http://www.sciencedaily.com/releases/2010/02/100209183133.htm
54. Brown Lester R. (31 August 2011). Expanding Desert, Falling Water Tables, and Toxic Pollutants Are Driving People From Their Homes. AlterNet. Downloaded August 22, 2012 from: http://www.alternet.org/story/152253/expanding_desert%2C_falling_water_tables%2C_and_toxic_pollutants_are_driving_people_from_their_homes?paging=off; Merchant, Brian (2010). 38% of Worlds Land in Danger of Turning into Desert. Treehugger. Downloaded August 22, 2012 from: http://www.treehugger.com/natural-sciences/38-of-worlds-land-in-danger-of-turning-into-desert.html
55. Brown Lester R. (31 August 2011).
56. Economy, Elizabeth C. (November, 2008). Economic miracle, environmental disaster. CNN.com/technology Downloaded August 22, 2012 from: http://edition.cnn.com/2008/TECH/science/10/27/what.matters.huai/index.html?iref=mpstoryview#cnnSTCText
57. World warned on water refugees (22 March 2001). BBC News Downloaded August 22, 2012 from: http://news.bbc.co.uk/2/hi/science/nature/1234244.stm
58. Brown, Lester R. (31 August 2011).
59. Brown, Lester R. (15 August 2011). Raising Storms and Rising Seas Swelling the Ranks of Climate Refugee. Earth Policy Institute. Downloaded August 22, 2012 from: http://www.earth-policy.org/book_bytes/2011/wotech6_ss1
60. Brown, Lester R. (31 August 2011).
61. UNFPA (2009). State of World Population 2009. (p.30)
62. UNDP (2011). (p. 45, 49, 57 and 60).
63. UNFPA (2009). State of World Population 2009. (p.5 and 35)

# ਮਲਾਲਾ ਯੂਸਫਜ਼ਈ ਜੋ ਤਾਲਿਬਾਨ ਨਾਲ ਟਕਰਾਅ ਗਈ: ਹਾਂ, ਮੈਂ ਹਾਂ! ਮਲਾਲਾ - ਕਰ ਕੀ ਕਰਨੈਂ



ਮਲਾਲਾ ਯੂਸਫਜਾਈ

**ਲੇਖਕ: ਰਾਜ ਹੀਉਂ**

ਚੌਦਾਂ ਵਰ੍ਹਿਆਂ ਦੀ ਬਾਲ ਉਮਰ ਰੱਸੀ ਨੂੰ ਸੱਪ ਸਮਝਕੇ ਚੀਖਾਂ ਮਾਰਨ ਦੀ ਹੁੰਦੀ ਹੈ,ਇਹ ਉਮਰ ਵੰਗਾਰਾਂ ਪਾਉਣ ਦੀ ਨਹੀਂ ਹੁੰਦੀ। ਇਸ ਉਮਰ ਵਿੱਚ ਬੱਚੇ ਨੇ ਰਾਤ ਦੇ ਘੁੱਪ ਹਨੇਰੇ'ਚ ਆਪਣੇ ਹੀ ਪੈਰਾਂ ਦੀ ਆਵਾਜ ਤੋ ਡਰ ਜਾਣਾ ਹੁੰਦਾ ਹੈ, ਇਹ ਉਮਰ ਸ਼ਬਦਾਂ ਨੂੰ ਹਥਿਆਰ ਬਨਾਉਣ ਦੀ ਨਹੀਂ ਹੁੰਦੀ।ਉਹ ਬਚਪਨ ਜਿਸਨੇ ਆਪਣੇ ਆਂਢ-ਗੁਆਂਢ ਵਿੱਚ ਬੇਗੁਨਾਹਾਂ ਦੇ ਖੂਨ ਨਾਲ ਖੇਡੀ ਜਾ ਰਹੀ ਹੋਲੀ ਨਿੱਤ ਦਿਨ ਵੇਖੀ ਹੋਵੇ ,ਉਹ ਬਚਪਨ ਨੂੰ ਤਿਤਲੀ ਦਾ ਪਿੱਛਾ ਕਰਨ ਵਾਲ਼ਾ ਸ਼ੌਕ ਨਹੀਂ ਪਾਲ਼ ਸਕਦਾ। ਅਜਿਹੇ ਹੀ ਬਚਪਨ ਦੇ ਪਹਿਲੇ 14 ਵਰ੍ਹੇ ਮਾਣਦਿਆਂ ਪਾਕਿਸਤਾਨ ਦੀ ਮਲਾਲਾ ਯੂਸਫਜ਼ਈ ਅੱਜ ਭੈਅ-ਮੁਕਤ ਹੋ ਗਈ ਹੈ। ਬੰਬ-ਗੋਲੀਆਂ ਦੀਆਂ ਆਵਾਜ਼ਾਂ ਕਦੇ ਵੀ ਉਸ ਲਈ ਅਣਹੋਣੀ ਨਹੀਂ ਰਹੀਆਂ, ਕਈ ਵਾਰ ਤਾਂ ਉਸ ਨੂੰ ਆਪਣੇ ਦਿਲ ਦੀ ਧੜਕਣ ਵੀ ਇਹਨਾਂ ਆਵਾਜ਼ਾਂ ਵਰਗੀ ਜਾਪਣ ਲੱਗ ਪੈਂਦੀ ਹੈ। ਅੱਜ ਜਦ ਇਹ ਸਭ ਲਿਖ ਰਿਹਾਂ ਹਾਂ ਤਾਂ ਮਲਾਲਾ ਸਿਰ ਵਿੱਚ ਗੋਲ਼ੀ ਲੱਗਣ ਨਾਲ ਬਰਤਾਨੀਆ ਦੇ ਇੱਕ ਫੌਜੀ ਹਸਪਤਾਲ ਵਿੱਚ ਜ਼ਿੰਦਗੀ ਮੂਹਰੇ ਮੌਤ ਨੂੰ ਉਂਗਲਾਂ ਤੇ ਨਚਾ ਰਹੀ ਹੈ। ਡਾਕਟਰ ਅਗਲੇ 48 ਘੰਟੇ ਖਤਰੇ ਦੇ ਦੱਸ ਰਹੇ ਨੇ ਤੇ ਮਲਾਲਾ ਪਾਕਿ ਦੀਆਂ ਧੀਆਂ ਨੂੰ ਤਲਿਬਾਨਾਂ ਤੋ ਅਜ਼ਾਦ ਕਰਵਾਉਣ ਦੀਆਂ ਵਿਓਂਤਾਂ ਗੁੰਦ ਰਹੀ ਹੈ।

ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੀ ਸਵਰਗ ਨੁਮਾ ਸਵਾਤ-ਘਾਟੀ ਦੇ ਕਸਬੇ ਵਿੱਚ 1998 'ਚ ਜਨਮੀ ਅਤੇ ਪਲ਼ ਰਹੀ ਮਲਾਲਾ ਨੇ ਉਸ ਵਰਗੀਆਂ ਧੀਆਂ ਦੇ ਪੜ੍ਹਨ ਤੇ ਲਾਈ ਪਾਬੰਦੀ ਨੂੰ ਤੋੜਦਿਆਂ ਅੱਜ ਤਾਲਿਬਾਨਾਂ ਨੂੰ ਪੜ੍ਹਨੇ ਪਾ ਰੱਖਿਆ ਹੈ। ਮੰਗੋਰਾ ਵਿੱਚ ਹੀ 'ਖੁਸ਼ਹਾਲ ਪਬਲਿਕ ਸਕੂਲ' ਚਲਾ ਰਹੇ ਜ਼ਿਆ-ਉੱਦ-ਦੀਨ-ਯੂਸਫਜ਼ਈ ਦੀ ਧੀ ਨੂੰ ਅੱਜ ਸਮੁੱਚੇ ਪਾਕਿਸਤਾਨ ਅਤੇ ਦੁਨੀਆਂ ਭਰ 'ਚ ਮਨੁੱਖਤਾ ਦੇ ਕਦਰਦਾਨ ਬੜੇ ਫ਼ਖਰ ਨਾਲ ਆਪਣੀ ਧੀ ਐਲਾਨ ਰਹੇ ਹਨ। ਸਵਾਤ-ਘਾਟੀ ਤੇ 2007 ਵਿੱਚ ਤਾਲਿਬਾਨ ਨੇ ਕਬਜ਼ਾ ਜਮਾਉਂਦਿਆਂ ਹੀ ਆਪੇ ਘੜੀ ਸ਼ਰੀਅਤ ਲੋਕਾਂ ਤੇ ਠੋਸਦਿਆਂ ਇਹ ਫਰਮਾਨ ਝਾੜ ਦਿੱਤਾ ਕਿ ਸ਼ਰੀਅਤ ਅਨੁਸਾਰ ਲੜਕੀਆਂ ਨੂੰ ਪੜ੍ਹਨ ਦਾ ਕੋਈ ਅਧਿਕਾਰ ਨਹੀ ਹੈ। ਆਪਣੀ ਦਹਿਸ਼ਤ ਫੈਲਾਉਣ ਲਈ ਇਲਾਕੇ ਦੇ ਅਨੇਕਾਂ ਸਕੂਲ ਬੰਬਾਂ ਨਾਲ ਉੜਾ ਦਿੱਤੇ ਅਤੇ ਪੜ੍ਹਨ ਜਾਂਦੀਆਂ ਕੁੜੀਆਂ ਨੂੰ ਘਰ ਦੀ ਚਾਰਦੀਵਾਰੀ ਅੰਦਰ ਕੈਦ ਕਰ ਦਿੱਤਾ। ਉਲੰਘਣਾ ਕਰਨ ਵਾਲੇ ਨੂੰ ਮਲਾਲਾ ਦੇ ਘਰ ਦੇ ਗੁਆਂਢ ਵਿੱਚ ਸਖਤ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ। ਪੜ੍ਹਨ ਦੀ ਦੀਵਾਨੀ ਮਲਾਲਾ ਚੀਖ ਚੀਖ ਕੇ ਦੁਨੀਆਂ ਭਰ ਨੂੰ ਇਸ ਕੱਟੜਪੁਣੇ ਵਿਰੁੱਧ ਜਗਾਉਣਾ ਚਹੁੰਦੀ ਸੀ ਪਰ ਘਰ ਦੀ ਚਾਰਦੀਵਾਰੀ ਪਿੱਛੇ ਘਰ ਵਾਲਿਆਂ ਤੋ ਇਲਾਵਾ ਹੋਰ ਕੋਈ ਨਹੀ ਸੁਣ ਰਿਹਾ ਹੁੰਦਾ। ਪਿਤਾ ਨੇ ਉਸ ਦੀਆਂ ਖਾਮੋਸ਼ ਚੀਖਾਂ ਨੂੰ ਸੁਣਿਆ 'ਤੇ ਆਪਣੇ ਸਕੂਲ਼ ਵਿੱਚ ਉਸ ਦੀ ਪੜ੍ਹਾਈ ਜਾਰੀ ਰੱਖੀ। ਬੀ.ਬੀ ਸੀ. ਦਾ ਇੱਕ ਪੱਤਰਕਾਰ ਅਬਦੁਲ ਹਾਈ ਕਾਕੁਰ ਮਲਾਲਾ ਦੇ ਪਿਤਾ ਨੂੰ ਮਿਲਿਆ ਅਤੇ ਤਾਲਿਬਾਨ ਦੇ ਇਸ ਅੰਨੇ ਕਾਨੂੰਨ ਵਿਰੁੱਧ ਕਿਸੇ ਲੜਕੀ ਤੋਂ ਬੀ ਬੀ ਸੀ ਦੇ ਉਰਦੂ ਅਤੇ ਅੰਗਰੇਜੀ ਬਲਾਗ ਲਈ ਰੋਜ਼ਾਨਾ ਡਾਇਰੀ ਲਿਖਵਾਉਣ ਦੀ ਪੇਸ਼ਕਸ਼ ਕੀਤੀ, ਡਰ-ਭੈਅ ਕਾਰਨ ਵਾਹਪੇਸ਼ ਨਾ ਚਲਦੀ ਵੇਖ ਪਿਤਾ ਨੇ ਆਪਣੀ ਹੀ ਧੀ ਮਲਾਲਾ ਨੂੰ ਹੀ ਕੰਮ ਸੌਂਪ ਦਿੱਤਾ। ਕਲਮ ਭਾਵੇਂ ਮਲਾਲਾ ਦੇ ਹੱਥ 'ਚ ਹੀ ਚਲ ਰਹੀ ਸੀ ਪਰ ਸੁਰੱਖਿਆ ਕਾਰਨਾ ਕਰਕੇ ਮਲਾਲਾ ਦਾ ਨਾਮ ਕਾਲਮਨਵੀਸ ਵਜੋਂ 'ਗੁਲ ਮੱਕੀ' ਕਰ ਦਿੱਤਾ ਗਿਆ। ਜਨਵਰੀ 2009 ਤੋਂ ਸ਼ੁਰੂ ਹੋਈ ਡਾਇਰੀ ਲਗਾਤਾਰ 70 ਦਿਨ ਚਲਦੀ ਰਹੀ। ਮਲਾਲਾ ਉਰਫ ਗੁਲ ਮੱਕੀ ਨੇ ਐਨਾ ਨਿੱਗਰ ਤੇ ਨਿੱਡਰ ਲਿਖਿਆਂ ਕਿ ਇਹ ਡਾਇਰੀ 'ਸਵਾਤ ਦੀ ਆਵਾਜ਼' ਬਣ ਕੇ ਗੂੰਜ ਉੱਠੀ। ਦੇਸ਼ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਮਲਾਲਾ ਨੂੰ 'ਨੈਸ਼ਨਲ ਪੀਸ ਅਵਾਰਡ' ਨਾਲ ਨਵਾਜਿਆ, ਹਾਇਰ ਸੈਕੰਡਰੀ ਸਕੂਲ ਦਾ ਨਾਮ ਮਲਾਲਾ ਯੂਸਫਜ਼ਈ ਦੇ ਨਾਮ ਤੇ ਐਲਾਨ ਦਿੱਤਾ ਗਿਆ। ਮਲਾਲਾ ਨੇ ਬੱਚਿਆ ਨੂੰ ਸਕੂਲ ਵੱਲ ਉੱਤਸ਼ਾਹਿਤ ਕਰਨ ਲਈ ਇੱਕ ਡਾਕੂਮੈਂਟਰੀ ਬਣਾਈ ਤੇ ਮਲਾਲਾ ਬੱਚਿਆਂ ਲਈ ਬਹਾਦੁਰੀ ਦੇ ਐਵਾਰਡ ਵਾਸਤੇ ਦੁਨੀਆਂ ਭਰ ਵਿੱਚੋ 5ਵੇਂ ਨੰਬਰ 'ਤੇ ਰਹੀ।

ਮਲਾਲਾ ਅਨੁਸਾਰ ਮਲਾਲਾ ਨਾਮ ਉਸ ਨੂੰ ਨਹੀ ਭਾਉਂਦਾ। ਮਲਾਲਾ ਦੇ ਅਰਥਾਂ ਮੁਤਾਬਕ ਉਹ 'ਦੁੱਖਾਂ ਦੀ ਮਾਰੀ' ਬਣਕੇ ਜੀਊਣਾ ਨਹੀਂ ਚਾਹੁੰਦੀ। ਉਸ ਨੇ ਤਾਂ 'ਗੁਲ ਮੱਕੀ' ਬਣਕੇ ਜੀਊਣਾ ਹੈ। 'ਗੁਲ ਮੱਕੀ' ਭਾਵ ਪਖਤੂਨ ਲੋਕਾਂ ਦੀਆ ਲੋਕ ਕਥਾਵਾਂ ਦੀ ਬਹਾਦੁਰ ਨਾਇਕਾ।

ਅੱਜ ਜ਼ਖਮੀ ਹਾਲਤ 'ਚ ਇਹ ਯੂਸਫਜ਼ਈ ਮਲਾਲਾ ਭਾਵੇਂ ਮਲਾਲਾ (ਦੁੱਖਾਂ ਦੀ ਮਾਰੀ) ਹੀ ਬਣੀ ਪਈ ਹੈ ਪਰ ਤਾਲਿਬਾਨ ਦੇ ਮਨਾਂ ਵਿੱਚ ਉਸ ਦੀ ਦਹਿਸ਼ਤ 'ਗੁਲ ਮੱਕੀ' ਵਰਗੀ ਹੀ ਹੈ। ਇਸ 9 ਅਕਤੂਬਰ ਨੂੰ ਜਦ ਇਹ ਗੁਲ ਮੱਕੀ ਸਕੂਲ ਵਿੱਚ ਪੇਪਰ ਦੇ ਕੇ ਬੱਸ ਵਿੱਚ ਸਵਾਰ ਹੋਈ ਤਾਂ ਤਾਲਿਬਾਨ ਦੇ ਹਥਿਆਰਬੰਦ ਦਹਿਸ਼ਤਗਰਦਾਂ ਨੇ ਉਸ ਨੂੰ ਸਹੇਲੀਆਂ ਸਮੇਤ ਦਬੋਚ ਲਿਆ। ਗੰਨ ਦੇ ਪਰਛਾਵੇਂ ਹੇਠ ਆਵਾਜ਼ ਆਈ, "ਤੁਹਾਡੇ ਵਿੱਚੋ ਮਲਾਲਾ ਕੋਣ ਹੈ? ਦੱਸੋ ਨਹੀਂ ਤਾਂ ਸਾਰੀਆਂ ਨੂੰ ਭੁੰਨ ਦਿਆਂਗੇ।" ਮਲਾਲਾ ਡਰੀ ਨਹੀਂ, ਮਲਾਲਾ ਲੁਕੀ ਨਹੀਂ,ਮਲਾਲਾ ਭੱਜੀ ਨਹੀਂ..ਉਹ ਗਰਜ਼ ਉੱਠੀ, "ਹਾਂ, ਮੈ ਹਾਂ ਮਲਾਲਾ-ਕਰ ਕੀ ਕਰਨੈ।" ਗੋਲੀ ਚੱਲੀ, ਮਲਾਲਾ ਦੇ ਸਿਰ ਵਿੱਚ ਵੱਜੀ 'ਬਹਾਦੁਰ' ਤਾਲਿਬਾਨ ਭੱਜ ਗਏ। ਪਰ ......ਪਰ ਮਲਾਲਾ ਤਾਂ ਬਲਵਾਨ ਜ਼ੇਰਾ ਲਈ ਅੱਜ ਵੀ ਇੰਤਜ਼ਾਰ ਕਰ ਰਹੀ ਹੈ ਆਪਣੇ ਸਿਹਤਯਾਬ ਹੋਣ ਦਾ, ਤੇ ਮਲਾਲਾ ਦਾ ਇੰਤਜ਼ਾਰ ਕਰ ਰਹੀ ਹੈ ਪਾਕਿਸਤਾਨ ਦੀ ਹਰ ਉਹ ਧੀ ਜੋ ਪੜ੍ਹਨਾ ਚਾਹੁੰਦੀ ਹੈ, ਅੜਨਾ ਚਾਹੁੰਦੀ ਹੈ ਤੇ ਹੱਕਾਂ ਦੀ ਜੰਗ ਲੜਨਾ ਚਾਹੁੰਦੀ ਹੈ। ਉਧਰ ਸਵਾਤ-ਘਾਟੀ ਦੀਆਂ ਫਿਜ਼ਾਵਾਂ ਵਿੱਚ ਅੱਜ ਵੀ ਇੱਕ ਅਵਾਜ਼ ਗੂਜ਼ ਰਹੀ ਹੈ "ਹਾਂ, ਮੈ ਹਾਂ ਮਲਾਲਾ-ਕਰ ਕੀ ਕਰਨੈ।" ਹੁਣ ਇਸੇ ਗੂੰਜ ਨੇ ਤਾਲਿਬਨਾਂ ਦੀ ਨੀਂਦ ਹਰਾਮ ਕਰ ਰੱਖੀ ਹੈ। ਉਹ ਪ੍ਰੇਸ਼ਾਨ ਹਨ ਕਿ ਅਗਰ 14-15 ਵਰ੍ਹਿਆਂ ਦੀਆਂ ਇੱਕ ਥੱਪੜ ਦੀ ਮਾਰ ਨਾ ਸਹਿ ਸਕਣ ਵਾਲ਼ੀਆਂ ਕੁੜੀਆਂ ਅੱਜ ਬਦੂੰਕ ਸਾਹਮਣੇ ਵੀ "ਕਰ ਕੀ ਕਰਨੈ" ਕਹਿ ਸਕਦੀਆਂ ਹਨ ਤਾਂ ਭਵਿੱਖ ਤਾਲਿਬਾਨ ਦਾ ਨਹੀ ਬਲਕਿ ਇਹਨਾਂ ਕੁੜੀਆਂ ਦਾ ਹੈ। ●

ਲੜੀਵਾਰ ਨਾਵਲ

# ਨਰਕਕੁੰਡ 'ਚ ਵਾਸਾ

## ਜਗਦੀਸ਼ ਚੰਦਰ

(ਵਤਨ ਦੇ ਇਸ ਅੰਕ ਨਾਲ ਅਸੀਂ ਪੰਜਾਬ ਦੇ ਪੇਂਡੂ ਪਿਛੋਕੜ ਨਾਲ ਸੰਬੰਧਤ ਹਿੰਦੀ ਦੇ ਬੇਹਤਰੀਨ ਨਾਵਲਕਾਰ ਜਗਦੀਸ਼ ਚੰਦਰ ਦੇ ਨਾਵਲ 'ਨਰਕੁੰਡ 'ਚ ਵਾਸਾ' (ਅਨੁਵਾਦਕ ਜਗਦੀਸ਼ ਬਿਨਿੰਗ) ਦਾ ਅਨੁਵਾਦ ਦੇਣਾ ਸ਼ੁਰੂ ਕਰ ਰਹੇ ਹਾਂ। ਇਸ ਤੋਂ ਪਹਿਲਾਂ ਅਸੀਂ ਉਨ੍ਹਾਂ ਦੇ ਨਾਵਲ 'ਧਰਤੀ ਧਨ ਨਾ ਆਪਣਾ' (ਅਨੁਵਾਦਕ ਸੁਖਵੰਤ ਹੁੰਦਲ) ਨੂੰ ਕਿਸ਼ਤਾਂ ਵਿਚ ਛਾਪ ਚੁੱਕੇ ਹਾਂ। ਇਸ ਸੰਬੰਧੀ ਪਾਠਕਾਂ ਵੱਲੋਂ ਸਾਨੂੰ ਬਹੁਤ ਹਾਂ-ਪੱਖੀ ਹੁੰਗਾਰਾ ਮਿਲਦਾ ਰਿਹਾ ਹੈ। ਇਹ ਹੱਥਲਾ ਨਾਵਲ ਪੰਜਾਬ ਦੇ ਦਲਿਤ ਲੋਕਾਂ ਦੇ ਜੀਵਨ ਦੇ ਅਜਿਹੇ ਪੱਖ ਬਾਰੇ ਹੈ ਜਿਸ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੈ। ਇਸ ਪੱਧਰ ਦੀ ਪੰਜਾਬੀ ਵਿਚ ਸ਼ਇਦ ਹੀ ਕੋਈ ਹੋਰ ਰਚਨਾ ਹੋਵੇ ਜੋ ਜਲੰਧਰ ਸ਼ਹਿਰ ਵਰਗੇ ਥਾਂ 1960ਵਿਆਂ ਦੌਰਾਨ ਦਲਿਤ ਲੋਕਾਂ ਦੇ ਕਠਨਾਈਆਂ ਭਰੇ ਜੀਵਨ ਨੂੰ ਦਰਸਾਉਂਦੀ ਹੋਵੇ। ਇਹ ਹੈਰਾਨੀ ਤੇ ਨਿਰਾਸ਼ਾ ਵਾਲੀ ਗੱਲ ਹੈ ਕਿ ਇਨ੍ਹਾਂ ਨਾਵਲਾਂ ਬਾਰੇ ਪੰਜਾਬੀ ਵਿਚ ਬਹੁਤ ਘੱਟ ਚਰਚਾ ਹੋਈ ਹੈ। ਇਸ ਸੰਬੰਧੀ ਸਾਨੂੰ ਪਾਠਕਾਂ ਦੇ ਹੁੰਗਾਰੇ ਦੀ ਆਸ ਰਹੇਗੀ- ਸੰਪਾਦਕ)

## ਇੱਕ

ਬੱਸ ਅੱਡੇ 'ਤੇ ਇਕਦਮ ਹਲਚੱਲ ਸ਼ੁਰੂ ਹੋ ਗਈ। ਇੱਕੋ ਸਮੇਂ ਬਹੁਤ ਸਾਰੀਆਂ ਅਵਾਜ਼ਾਂ ਆਉਣ ਲੱਗੀਆਂ ਅਤੇ ਆਪਸ ਵਿਚ ਰਲਗੱਡ ਹੋ ਕੇ ਬੇਪਛਾਣ ਰੌਲੇ ਵਿਚ ਗੁਆਚ ਗਈਆਂ।

ਅੰਬ ਦੇ ਇਕ ਵੱਡੇ ਤੇ ਬੁੱਢੇ ਦਰੱਖਤ ਦੀ ਸੰਘਣੀ ਛਾਂ ਥੱਲੇ ਹਰੇ ਤੇ ਪੀਲੇ ਪੱਤਿਆਂ ਉੱਤੇ ਲੰਮੇ ਪਏ ਪਏ ਹੀ ਕਾਲੀ ਨੇ ਕੂਹਣੀ ਦੇ ਸਹਾਰੇ ਗਰਦਣ ਉੱਪਰ ਚੁੱਕੀ ਅਤੇ ਅੱਡੇ 'ਤੇ ਪੈਂਦੇ ਰੌਲੇ ਨੂੰ ਸੁਣਨ ਤੇ ਸਮਝਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਦੇ ਕੰਨਾਂ ਵਿਚ ਜਦ ਟਰੰਕ ਅਤੇ ਬਿਸਤਰੇ ਦੇ ਸ਼ਬਦ ਪਏ ਤਾਂ ਉਹ ਚੁਕੰਨਾ ਹੋ ਗਿਆ। ਉਸ ਨੇ ਅੰਦਾਜ਼ਾ ਲਾਇਆ ਕਿ ਬੱਸ ਵਿਚ ਜਾਂ ਤਾਂ ਜਨੇਤ ਆਈ ਹੈ ਜਾਂ ਫਿਰ ਡੇਰੇ ਵਾਲੇ ਸੰਤ ਦੇ ਸ਼ਰਧਾਲੂਆਂ ਦੀ ਟੋਲੀ ਆਈ ਹੈ।

ਅੱਡੇ ਵੱਲ ਨੂੰ ਆਉਂਦਾ ਕਾਲੀ ਸੋਚਣ ਲੱਗਾ, ਟੋਲੀ ਹੋਈ ਤਾਂ ਬੱਸ ਤੋਂ ਸਮਾਨ ਉਤਾਰ ਕੇ ਉਹ ਵੀ ਚਾਰ ਪੈਸੇ ਕਮਾ ਲਵੇਗਾ ਅਤੇ ਦੋ ਡੰਗ ਦੇ ਗੁਜ਼ਾਰੇ ਤੋਂ ਬੇਫਿਕਰ ਹੋ ਜਾਵੇਗਾ। ਪਰ ਗਿਆਨੋ ਅਤੇ ਪਿੰਡ ਦਾ ਖਿਆਲ ਆਉਂਦਿਆਂ ਹੀ ਉਸ ਦਾ ਹੌਂਸਲਾ ਢਹਿ ਗਿਆ। ਉਹ ਫਿਰ ਦਰੱਖਤ ਦੇ ਥੱਲੇ ਆ ਬੈਠਾ। ਉਸ ਨੇ ਆਪਣਾ ਮੂੰਹ ਬਾਹਾਂ ਵਿਚ ਲੁਕੋ ਲਿਆ। ਗਿਆਨੋ ਉਹਦੇ ਬਾਰੇ ਕੀ ਸੋਚਦੀ ਹੋਵੇਗੀ? ਔਖੇ ਵੇਲੇ ਗਿਆਨੋ ਦਾ ਸਾਥ ਨਾ ਦੇਣ ਕਰਕੇ ਉਸ ਨੂੰ ਬਹੁਤ ਸ਼ਰਮ ਮਹਿਸੂਸ ਹੋਣ ਲੱਗੀ।

ਇਹ ਯਾਦ ਆਉਂਦਿਆਂ ਹੀ ਕਾਲੀ ਦਾ ਦਮ ਘੁੱਟਣ ਲੱਗਾ ਕਿ ਗਿਆਨੋ ਦੇ ਗਰਭ ਦੀ ਖਬਰ ਇਕ ਨਾ ਇਕ ਦਿਨ ਸਾਰੇ ਪਿੰਡ ਵਿਚ ਫੈਲ ਜਾਵੇਗੀ ਅਤੇ ਉਸ ਦੇ ਮੱਥੇ 'ਤੇ ਪਾਪ ਦਾ ਦਾਗ ਸੂਰਜ ਵਾਂਗ ਚਮਕਣ ਲੱਗ ਪਵੇਗਾ।

ਕਾਲੀ ਬਹੁਤ ਜ਼ਿਆਦਾ ਪਰੇਸ਼ਾਨ ਹੋ ਗਿਆ ਅਤੇ ਉਸ ਨੇ ਢਿੱਡ ਭਾਰ ਲੰਮਾ ਪੈ ਕੇ ਆਪਣਾ ਮੂੰਹ ਗਿੱਲੀ ਮਿੱਟੀ ਅਤੇ ਪੱਤਿਆਂ ਵਿਚ ਲੁਕੋਅ ਲਿਆ। ਉਸ ਨੂੰ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੋਇਆ ਕਿ ਪੂਰੇ ਪਿੰਡ ਵਿਚ ਇਕ ਵੀ ਅਜੇਹਾ ਆਦਮੀ ਨਹੀਂ ਹੈ ਜਿਸ ਨੂੰ ਉਹ ਆਪਣਾ ਮਦਦਗਾਰ ਸਮਝ ਸਕੇ। ਮੁਹੱਲੇ ਦੇ ਦੋਸਤਾਂ ਅਤੇ ਪਿੰਡ ਦੇ ਮਦਦਗਾਰਾਂ ਦੀਆਂ ਸ਼ਕਲਾਂ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮ ਗਈਆਂ ਪਰ ਉਸ ਦੇ ਦਿਲ ਦਿਮਾਗ ਤੇ ਹਨੇਰਾ ਛਾਇਆ ਰਿਹਾ।

ਕਾਲੀ ਦੀ ਸੋਚ ਦਾ ਸਿਲਸਿਲਾ ਡਾਕਟਰ ਬਿਸ਼ਨਦਾਸ 'ਤੇ ਅਟਕ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਪਿੰਡ ਵਿਚ ਇਕ ਉਹ ਹੀ ਅਜੇਹਾ ਆਦਮੀ ਹੈ ਜੋ ਉਸ ਦੀ ਸਥਿਤੀ ਨੂੰ ਸਮਝਦਾ ਹੈ ਪਰ ਜੋ ਇਲਾਜ ਉਸ ਨੇ ਦੱਸਿਆ ਸੀ, ਉਹ ਉਸ ਦੇ ਵੱਸੋਂ ਬਾਹਰ ਹੈ। ਗਿਆਨੋ ਨੂੰ ਪਿੰਡ ਤੋਂ ਦੂਰ ਲੈ ਕੇ ਜਾਣ ਬਾਰੇ ਕਾਲੀ ਜਿੰਨਾ ਜ਼ਿਆਦਾ ਸੋਚਦਾ ਉਨਾ ਹੀ ਜ਼ਿਆਦਾ ਆਪਣੇ ਆਪ ਨੂੰ ਇਸ ਮਾਮਲੇ ਦੇ ਅਸਮਰਥ ਸਮਝਦਾ।

ਆਪਣੇ ਹੀ ਖਿਆਲਾਂ 'ਚ ਗੁਆਚਾ ਕਾਲੀ ਪਹਿਲਾਂ ਤਾਂ ਅੱਕ ਗਿਆ ਅਤੇ ਫਿਰ ਜ਼ਮੀਨ 'ਤੇ ਲੰਮਾ ਪਿਆ-ਪਿਆ ਉਂਘਲਾਉਣ ਲੱਗਾ। ਸੁੱਤ-ਉਨੀਂਦੇ ਵਿਚ ਹੀ ਉਹ ਪਿੰਡ ਪਹੁੰਚ ਗਿਆ। ਉਹਨੂੰ ਦੇਖ ਕੇ ਪਿੰਡ ਦੇ ਆਦਮੀ, ਔਰਤਾਂ ਅਤੇ ਨਿਆਣਿਆਂ ਦੀਆਂ ਅੱਖਾਂ ਵਿਚ ਖੂਨ ਉੱਤਰ ਆਇਆ ਅਤੇ ਜੋ ਵੀ ਉਨ੍ਹਾਂ ਦੇ ਹੱਥ ਲੱਗਾ, ਉਹੀ ਚੁੱਕ ਕੇ ਸਾਰੇ ਉਸ ਦੇ ਪਿਛੇ ਦੌੜੇ ਜਿਵੇਂ ਉਸ ਦਾ ਬੂੰਦ-ਬੂੰਦ ਖੂਨ ਨਿਚੋੜ ਲੈਣਾ ਚਾਹੁੰਦੇ ਹੋਣ।

ਕਾਲੀ ਹੜਬੜਾ ਕੇ ਜਾਗਿਆ ਅਤੇ ਡਰਿਆ ਹੋਇਆ ਆਪਣੇ ਹੀ ਮੁੜ੍ਹਕੇ ਨਾਲ ਭਿੱਜ ਗਿਆ। ਅੰਬ ਦੇ ਦਰੱਖਤ ਦੇ ਪੱਤਿਆਂ ਵਿਚੋਂ ਕਿਰ ਕੇ ਆਉਂਦੀਆਂ ਕਿਰਨਾਂ ਵਿਚ ਉਸ ਦੀਆਂ ਅੱਖਾਂ ਚੁੰਧਿਆ ਗਈਆਂ। ਉਸ ਨੇ ਰੌਸ਼ਨੀ ਵਲੋਂ ਮੂੰਹ ਦੂਜੇ ਪਾਸੇ ਫੇਰ ਲਿਆ। ਉਹ ਘਬਰਾ ਗਿਆ ਤੇ ਉਹਨੂੰ ਲੱਗਾ ਜਿੱਦਾਂ ਨ੍ਹੇਰਾ ਉਸ ਨੂੰ ਖਾਣ ਨੂੰ ਪੈਂਦਾ ਹੋਵੇ ਤੇ ਰੌਸ਼ਨੀ ਉਸ ਦੀ ਹੋਂਦ ਨੂੰ ਚੀਰਦੀ ਹੋਵੇ। ਉਸ ਨੂੰ ਅਲਫ਼ ਨੰਗਾ ਅਤੇ ਬੇਪਰਦ ਕਰਦੀ ਹੋਵੇ।

ਸਿਖਰ ਦੁਪਿਹਰੇ ਦੇਖਿਆ ਸੁਫ਼ਨਾ ਕਾਲੀ ਦੇ ਦਿਮਾਗ ਵਿਚ ਫੋੜੇ ਵਾਂਗ ਬੈਠ ਗਿਆ ਅਤੇ ਪਲ-ਪਲ ਰਿਸਣ ਲੱਗਾ। ਉਸ ਤੋਂ ਛੁਟਕਾਰਾ ਪਾਉਣ ਲਈ ਉਹ ਅੰਬਾਂ ਦੇ ਬਾਗ ਵਿਚੋਂ ਨਿਕਲ ਕੇ ਰੇਲਵੇ ਫਾਟਕ ਦੇ ਨੇੜੇ ਇੱਟਾਂ ਦੇ ਪੁਰਾਣੇ ਵੀਰਾਨ ਭੱਠੇ ਵਿਚ ਆ ਬੈਠਾ। ਭੱਠੇ ਦੀ ਸੁਰਖ-ਸੁਰਮਈ ਕੰਧ ਦਾ ਸਹਾਰਾ ਲੈ ਕੇ ਉਹ ਇਕ ਵਾਰ ਫਿਰ ਗਿਆਨੋ ਬਾਰੇ ਸੋਚਣ ਲੱਗਾ। ਉਸ ਨੂੰ ਧਰਤੀ, ਅਕਾਸ਼ ਅਤੇ ਪਤਾਲ ਵਿਚ ਕਿਤੇ ਵੀ ਅਜੇਹੀ ਜਗ੍ਹਾ ਨਜ਼ਰ ਨਹੀਂ ਸੀ ਆ ਰਹੀ ਜਿਸ ਨੂੰ ਉਹ ਆਪਣੀ ਕਹਿ ਸਕੇ ਅਤੇ ਨਿਸਚਿੰਤ ਹੋ ਕੇ ਗਿਆਨੋ ਨੂੰ ਅਰਾਮ ਅਤੇ ਚੈਨ ਨਾਲ ਬਿਠਾ ਸਕੇ।

ਬਹੁਤ ਹੀ ਜ਼ਿਆਦਾ ਨਿਰਾਸ਼ ਹੋਇਆ ਉਹ ਭੱਠੇ ਤੋਂ ਵੀ ਬਾਹਰ ਆ ਗਿਆ। ਉਸ ਦੇ ਹੱਥ-ਮੂੰਹ ਅਤੇ ਲੱਤਾਂ ਸੁਰਖ-ਸੁਰਮਈ ਮਿੱਟੀ ਨਾਲ ਲਿਬੜੀਆਂ ਹੋਈਆਂ ਸਨ। ਉਹ ਭੱਠੇ ਦੇ ਪਿੱਛੇ ਖੇਤਾਂ ਵਿਚ ਹਲਟ ਵੱਲ ਨੂੰ ਤੁਰ ਪਿਆ। ਹਲਟ ਖੜ੍ਹਾ ਸੀ। ਨਾਲ ਹੀ ਕੱਚੇ ਕੋਠੇ ਦੇ ਟੁੱਟੇ ਬੂਹੇ ਤੇ ਜਿੰਦਾ ਲਟਕ ਰਿਹਾ ਸੀ। ਪਸ਼ੂਆਂ ਦੀਆਂ ਖੁਰਲੀਆਂ ਵੀ ਖਾਲੀ ਪਈਆਂ ਸਨ। ਉਸ ਨੇ ਅੰਦਾਜ਼ਾ ਲਾਇਆ ਕਿ ਖੇਤ ਦਾ ਮਾਲਕ ਆਪਣੇ ਡੰਗਰ-ਮਾਲ ਨਾਲ ਸ਼ਾਇਦ ਪਿੰਡ ਚਲੇ ਗਿਆ ਹੈ ਅਤੇ ਉਸ ਦੇ ਛੇਤੀ ਮੁੜ ਕੇ ਆਉਣ ਦੀ ਸੰਭਾਵਨਾ ਵੀ ਨਹੀਂ ਲਗਦੀ।

ਕਾਲੀ ਨੇ ਗਾਧੀ ਨੂੰ ਹਿਲਾ-ਜੁਲਾ ਕੇ ਹਲਟ ਦਾ ਜਾਇਜ਼ਾ ਲਿਆ ਅਤੇ ਫਿਰ ਗਾਧੀ ਦੇ ਸਿਰੇ ਨਾਲ ਚਾਦਰ ਬੰਨ ਕੇ ਉਸ ਨੂੰ ਖਿੱਚਣ ਲੱਗਾ। ਜਦ ਟਿੰਡਾਂ ਵਿਚੋਂ ਪਾਣੀ ਚੁਬੱਚੇ ਵਿਚ ਡਿੱਗ ਕੇ ਆੜ ਵਿਚ ਵਗਣ ਲੱਗਾ ਤਾਂ ਉਸ ਨੇ ਦੌੜ ਕੇ ਹੱਥ-ਮੂੰਹ ਧੋ ਲਏ। ਵਾਰ-ਵਾਰ ਏਦਾਂ ਕਰ ਕੇ ਉਹਨੇ ਭੱਠੇ ਦੀ ਸੁਰਖ ਮਿੱਟੀ ਆਪਣੇ ਸਰੀਰ ਤੋਂ ਪੂਰੀ ਤਰ੍ਹਾਂ ਧੋ ਲਈ ਅਤੇ ਰੱਜ ਕੇ ਪਾਣੀ ਪੀਤਾ।

ਉਸ ਦਾ ਮਨ ਹੁਣ ਕਿਸੇ ਹੱਦ ਤੱਕ ਸ਼ਾਂਤ ਹੋ ਗਿਆ ਸੀ। ਨਿਰਾਸ਼ਾ ਅਤੇ ਪਰੇਸ਼ਾਨੀ ਵੀ ਕੁਛ ਘੱਟ ਗਈ ਸੀ। ਉਹ ਹਲਟ ਦੇ ਨੇੜੇ ਹੀ ਸ਼ਹਿਤੂਤ ਦੇ ਦਰੱਖਤ ਥੱਲੇ ਖੇਤ ਦੀ ਵੱਟ 'ਤੇ ਬੈਠ ਗਿਆ। ਕਾਲੀ ਨੂੰ ਇਕ ਵਾਰ ਫਿਰ ਊਂਘ ਆ ਗਈ ਅਤੇ ਉਸ ਨੇ ਸੁਫਨੇ ਵਿਚ ਦੇਖਿਆ ਕਿ ਉਹ ਬੱਚੇ ਨੂੰ ਗੋਦ ਵਿਚ ਲਈ ਘਰ ਦੇ ਖੁੱਲੇ ਵਿਹੜੇ ਵਿਚ ਬੈਠਾ ਹੈ। ਰਸੋਈ ਵਿਚ ਬੈਠੀ ਗਿਆਨੋ ਬੱਚੇ ਅਤੇ ਕਾਲੀ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਦੇਖ ਕੇ ਮੁਸਕਰਾ ਰਹੀ ਹੈ। ਉਹ ਆਪਣੇ ਥਾਂ ਤੋਂ ਉਠ ਕੇ ਕਾਲੀ ਦੇ ਕੋਲ ਆ ਜਾਂਦੀ ਹੈ ਅਤੇ ਬੱਚੇ ਦਾ ਚੇਹਰਾ ਉਸ ਦੇ ਚੇਹਰੇ ਦੇ ਬਰਾਬਰ ਕਰਦੀ ਹੈ...ਹੂ-ਬਹੂ ਤੇਰੇ ਹੀ ਨੈਣ-ਨਕਸ਼ ਹਨ। ...ਉਹੋ ਜਿਹਾ ਫਿੰਨਾ ਨੱਕ ਅਤੇ ਮੋਟੇ-ਮੋਟੇ ਬੁੱਲ...। ਗਿਆਨੋ ਜ਼ੋਰ-ਜ਼ੋਰ ਨਾਲ ਹੱਸਦੀ ਹੈ।

"ਤੇਰਾ ਵੀ ਤਾਂ ਬਰਾਬਰ ਦਾ ਹਿੱਸਾ ਹੈ...ਅੱਖਾਂ ਅਤੇ ਮੱਥਾ ਬਿਲਕੁਲ ਤੇਰਾ ਹੈ...। ਦੋਵਾਂ ਦਾ ਬਹੁਤ ਵਧੀਆ ਮੇਲ ਹੈ।" ਕਾਲੀ ਵੀ ਹੱਸਦਾ ਹੈ।

ਆਪਣੇ ਹੀ ਹਾਸੇ ਤੋਂ ਡਰ ਕੇ ਕਾਲੀ ਬੌਖਲਾ ਕੇ ਜਾਗ ਜਾਂਦਾ ਹੈ। ਨੇੜੇ ਹੀ ਬੰਨ੍ਹੇ 'ਤੇ ਕੀੜੀਆਂ ਦੀ ਕਤਾਰ ਨੂੰ ਮੂੰਹ ਵਿਚ ਅਨਾਜ ਦੇ ਬਰੀਕ ਟੁਕੜੇ ਲੈ ਕੇ ਛੋਟੀ ਜਿਹੀ ਮੋਰੀ ਵਿਚ ਵੜਦੀਆਂ ਨੂੰ ਦੇਖਣ ਲੱਗਦਾ ਹੈ। ਸ਼ਹਿਤੂਤ ਦੀਆਂ ਟਾਹਣੀਆਂ ਵਿਚ ਇਕ ਚਿੜੇ ਅਤੇ ਚਿੜੀ ਨੂੰ ਕਲੋਲ ਕਰਦੇ ਅਤੇ ਆਪਣੇ ਬੱਚਿਆਂ ਨੂੰ ਦਾਣੇ ਖਿਲਾਉਂਦੇ ਦੇਖ ਕੇ ਉਹ ਵਿਆਕੁਲ ਹੋ ਜਾਂਦਾ ਹੈ। ਉਹ ਸੁੰਨ ਹੋ ਜਾਂਦਾ ਹੈ ਕਿ ਉਸ ਤੋਂ ਤਾਂ ਜੀਵ-ਜੰਤੂ ਹੀ ਚੰਗੇ ਹਨ ਜਿਨ੍ਹਾਂ ਦਾ ਆਪਣਾ ਘਰ ਹੈ, ਪਰਿਵਾਰ ਹੈ ਅਤੇ ਚੈਨ ਹੈ।

ਇਸ ਸੋਚ ਵਿਚ ਡੁੱਬਿਆ ਕਾਲੀ ਇਕ ਵਾਰ ਫਿਰ ਭੱਠੇ ਵੱਲ ਨੂੰ ਤੁਰ ਪਿਆ। ਮੁੜ-ਮੁੜ ਕੇ ਉਸ ਦੇ ਮਨ ਵਿਚ ਖਿਆਲ ਆ ਰਿਹਾ ਸੀ ਕਿ ਉਸ ਨੂੰ ਮੌਤ ਕਿਉਂ ਨਹੀਂ ਆ ਜਾਂਦੀ। ਉਸ ਨੇ ਕਈ ਰਾਤਾਂ ਅਜੇਹੇ ਥਾਈਂ ਗੁਜ਼ਾਰੀਆਂ ਸਨ ਜਿਥੇ ਬਿੱਛੂ-ਸੱਪ ਵੀ ਹੋ ਸਕਦੇ ਸਨ ਪਰ ਉਸ ਨੂੰ ਕੁਛ ਨਹੀਂ ਹੋਇਆ ਸੀ। ਉਸ ਨੂੰ ਕੀੜੀ ਤੱਕ ਵੀ ਨਹੀਂ ਲੜੀ ਸੀ।

ਗਿਆਨੋ ਦੀ ਹਾਲਤ, ਆਪਣੀ ਬੇਬਸੀ, ਪਿੰਡ ਵਾਲਿਆਂ ਦੀ ਬੇਰੁਖੀ ਅਤੇ ਵਿਰੋਧ ਨੇ ਉਹਦੇ ਅੰਦਰ ਜੀਣ ਦੀ ਇੱਛਾ ਨੂੰ ਬਿਲਕੁਲ ਖਤਮ ਕਰ ਦਿੱਤਾ। ਕਾਲੀ ਨੇ ਸੋਚਿਆ ਕਿ ਉਸ ਦੀ ਖੁਸ਼ੀ ਵਿਚ ਹੱਸਣ ਵਾਲਾ ਕੋਈ ਨਹੀਂ ਹੈ ਅਤੇ ਗਮੀਂ ਵਿਚ ਕਿਸੇ ਦੇ ਰੋਣ ਦੀ ਵੀ ਕੋਈ ਉਮੀਦ ਨਹੀਂ। ਉਸ ਦਾ ਜੀਣਾ-ਮਰਨਾ ਜੇ ਸਿਰਫ਼ ਉਹਦੇ ਲਈ ਹੀ ਰਹਿ ਗਿਆ ਹੈ ਤਾਂ ਉਹ ਕਿਉਂ ਨਾ ਗੱਡੀ ਦੇ ਥੱਲੇ ਆ ਕੇ ਆਪਣੀ ਜਾਨ ਦੇ ਦੇਵੇ ਅਤੇ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਲਵੇ।

ਉਸ ਨੇ ਫੈਸਲਾ ਕਰ ਲਿਆ ਕਿ ਉਹ ਮੁਕੇਰੀਆਂ ਤੋਂ ਜਲੰਧਰ ਜਾਣ ਵਾਲੀ ਆਖਰੀ ਗੱਡੀ ਦੇ ਥੱਲੇ ਸਿਰ ਦੇ ਦੇਵੇਗਾ। ਇਸ ਦੇ ਨਾਲ ਹੀ ਇਸ ਜਹਾਨ ਤੋਂ ਉਸ ਦੀ ਕਹਾਣੀ ਖਤਮ ਹੋ ਜਾਵੇਗੀ ਅਤੇ ਅਗਲੀ ਦੁਨੀਆਂ ਵਿਚ ਉਹ ਨਵੇਂ ਸਿਰੇ ਤੋਂ ਆਪਣਾ ਜੀਵਨ ਸ਼ੁਰੂ ਕਰ ਸਕੇਗਾ।

ਕਾਲੀ ਸੋਚਣ ਲੱਗਾ ਕਿ ਉਸ ਦੀ ਮੌਤ ਦੀ ਖਬਰ ਕਿਸੇ ਨਾ ਕਿਸੇ ਤਰ੍ਹਾਂ ਪਿੰਡ ਵਿਚ ਵੀ ਪਹੁੰਚ ਜਾਵੇਗੀ। ਸ਼ਾਇਦ ਨਾ ਵੀ ਪਹੁੰਚੇ। ਇਹ ਖਿਆਲ ਆਉਂਦਿਆਂ ਹੀ ਕਾਲੀ ਉਦਾਸ ਹੋ ਗਿਆ। ਉਹ ਆਪਣੀ ਮੌਤ ਬਾਰੇ ਪਿੰਡ ਵਾਲਿਆਂ ਦੀ ਪ੍ਰਤੀਕਿਰਿਆ ਬਾਰੇ ਕਲਪਨਾ ਕਰਨ ਲੱਗਾ। ਲੋਕ ਤਾਂ ਖੁਸ਼ ਹੋਣਗੇ ਪਰ ਗਿਆਨੋ ਉਹਦੇ ਬਾਰੇ ਵਿਚ ਕੀ ਸੋਚੇਗੀ। ਉਹਨੂੰ ਤਾਂ ਕੇਵਲ ਇਕ ਮੇਰਾ ਹੀ ਸਹਾਰਾ ਹੈ। ਇਹ ਸੋਚਦਿਆਂ ਹੀ ਕਾਲੀ ਨੂੰ ਬਹੁਤ ਜ਼ਿਆਦਾ ਸ਼ਰਮ ਮਹਿਸੂਸ ਹੋਈ। ਉਹ ਗਿਆਨੋ ਲਈ ਕਿਸ ਤਰ੍ਹਾਂ ਦਾ ਸਹਾਰਾ ਹੈ ਕਿ ਵਾਅਦਾ ਕਰਕੇ ਵੀ ਉਸ ਨੂੰ ਮਿਲਣ ਨਹੀਂ ਗਿਆ। ਉਹ ਅੱਧੀ ਰਾਤ ਤੋਂ ਲੈ ਕੇ ਤੜਕੇ ਤੱਕ ਕੰਡਿਆਲੀਆਂ ਝਾੜੀਆਂ ਵਿਚ ਬੈਠੀ ਇਸ ਉਮੀਦ 'ਤੇ ਉਸ ਦੀ ਉਡੀਕ ਕਰਦੀ ਰਹੀ ਹੋਵੇਗੀ ਕਿ ਉਹ ਉਸ ਦੇ ਸਾਰੇ ਦੁੱਖ-ਦਰਦ ਦੂਰ ਕਰ ਦੇਵੇਗਾ ਅਤੇ ਉਸ ਨੂੰ ਉੱਡਣਖਟੋਲੇ ਵਿਚ ਬਿਠਾ ਕੇ ਦੁਸ਼ਮਣਾਂ ਦੀਆਂ ਨਜ਼ਰਾਂ ਤੋਂ ਬਹੁਤ ਦੂਰ ਸਤਵੇਂ ਅਕਾਸ਼ ਵਿਚ ਲੈ ਜਾਵੇਗਾ। ਕਾਲੀ ਤੜਫ਼ ਉਠਿਆ ਕਿ ਉਹ ਬਹੁਤ ਵੱਡਾ ਕਾਇਰ ਅਤੇ ਵਿਸ਼ਵਾਸਘਾਤੀ ਹੈ ਅਤੇ ਇਹੋ ਜਿਹੀ ਬਿਪਤਾ ਵਿਚ ਗਿਆਨੋ ਨੂੰ ਬਿਲਕੁਲ ਇਕੱਲੀ ਛੱਡ ਆਇਆ ਹੈ।

ਜਦ ਰੇਲਗੱਡੀ ਨੇ ਬਾਹਰਲੇ ਸਿਗਨਲ ਦੇ ਨੇੜੇ ਪਹੁੰਚ ਕੇ ਜ਼ੋਰਦਾਰ ਸੀਟੀ ਮਾਰੀ ਤਾਂ ਕਾਲੀ ਖੇਤ ਦੀ ਵੱਟ ਤੋਂ ਉੱਠ ਕੇ ਫ਼ਸਲ ਨੂੰ ਪੈਰਾਂ ਥੱਲੇ ਮਿੱਧਦਾ ਹੋਇਆ ਰੇਲ ਦੀ ਪੱਟੜੀ ਵੱਲ ਨੂੰ ਦੌੜਨ ਲੱਗਾ। ਉਹ ਵਾਰ ਵਾਰ ਪਿੱਛੇ ਮੁੜ ਕੇ ਦੇਖਦਾ। ਗੱਡੀ ਨੂੰ ਬਹੁਤ ਨੇੜੇ ਦੇਖ ਕੇ ਉਹ ਪੱਟੜੀ ਦੇ ਵਿਚਕਾਰ ਹੋ ਕੇ ਤੁਰਨ ਲੱਗਾ। ਉਸ ਦੇ ਦਿਲ-ਦਿਮਾਗ 'ਤੇ ਹਨੇਰਾ ਛਾ ਗਿਆ ਸੀ ਅਤੇ ਨਾ ਹੀ ਮਨ ਵਿਚ ਕੋਈ ਇੱਛਾ ਸੀ।

ਸਟੇਸ਼ਨ ਦੇ ਪੂਰਬ ਵੱਲ ਫ਼ਾਟਕ ਪਾਰ ਕਰਨ ਬਾਅਦ, ਰੇਲ-ਪੱਟੜੀ ਵਿਚੋਂ ਇਕ ਹੋਰ ਪੱਟੜੀ ਨਿਕਲਦੀ ਸੀ। ਕਾਲੀ ਛਾਲ ਮਾਰ ਕੇ ਦੂਸਰੀ ਪੱਟੜੀ ਵਿਚ ਆ ਗਿਆ ਕਿਉਂਕਿ ਸ਼ਾਮ ਦੀ ਗੱਡੀ ਅਕਸਰ ਇਸ ਪੱਟੜੀ ਤੋਂ ਆਇਆ ਕਰਦੀ ਸੀ।

ਗੱਡੀ ਦਾ ਕਾਲ਼ਾ ਕਲੂਟਾ ਇੰਜਣ, ਜ਼ੋਰ-ਜ਼ੋਰ ਨਾਲ ਸੀਟੀਆਂ ਮਾਰਦਾ, ਚਿਮਨੀ ਵਿਚੋਂ ਕਾਲ਼ਾ ਧੂੰਆਂ ਅਤੇ ਥੱਲਿਉਂ ਚਿੱਟੀ ਭਾਫ਼ ਛੱਡਦਾ ਹੋਇਆ ਗੱਡੀ ਦੇ ਤਿੰਨ ਡੱਬਿਆਂ ਨੂੰ ਆਪਣੇ ਪਿੱਛੇ ਖਿੱਚੀ ਆਉਂਦਾ, ਦਨਦਨਾਉਂਦਾ ਕਾਲੀ ਦੇ ਉੱਪਰ ਨੂੰ ਚੜ੍ਹਿਆ ਆ ਰਿਹਾ ਸੀ। ਉਸ ਨੇ ਅੱਖਾਂ ਬੰਦ ਕਰ ਲਈਆਂ। ਗੱਡੀ ਚੀਕਦੀ-ਚਿਲਾਉਂਦੀ ਅਤੇ ਉਸ ਦੇ ਸਰੀਰ ਨੂੰ ਭਾਫ ਨਾਲ ਭਿਉਂਦੀ ਹੋਈ ਸਟੇਸ਼ਨ ਵੱਲ ਨੂੰ ਚਲੇ ਗਈ।

ਕਾਲੀ ਨੇ ਅੱਖਾਂ ਖੋਲੀਆਂ ਤਾਂ ਗੱਡੀ ਪਲੇਟਫਾਰਮ ਤੇ ਹੌਲੀ-ਹੌਲੀ ਖੜ੍ਹ ਗਈ ਸੀ ਅਤੇ ਛੁੱਕ-ਛੁੱਕ ਦੀ ਥਾਂ ਛਾਂ-ਛਾਂ ਦੀ ਅਵਾਜ਼ ਆਉਣ ਲੱਗ ਪਈ ਸੀ। ਰੇਲ ਪੱਟੜੀ ਦੇ ਵਿਚਾਲੇ ਖੜ੍ਹਾ ਉਹ ਗੱਡੀ ਵੱਲ ਬੇਯਕੀਨੀ ਨਾਲ ਦੇਖਣ ਲੱਗਾ। ਉਸ ਨੂੰ ਮਹਿਸੂਸ ਹੋਇਆ ਕਿ ਗੱਡੀ ਨੇ ਵੀ ਉਸ ਨਾਲ ਵਿਸ਼ਵਾਸਘਾਤ ਕੀਤਾ ਹੈ।

ਇੰਜਣ ਪਾਣੀ ਭਰ ਕੇ ਇਕ ਵਾਰ ਫਿਰ ਗੱਡੀ ਨਾਲ ਆ ਜੁੜਿਆ ਸੀ। ਚਿਮਨੀ ਵਿਚੋਂ ਧੂੰਏਂ ਦੇ ਕਾਲ਼ੇ ਬੱਦਲ ਵੱਲ਼ ਖਾਂਦੇ ਹੋਏ ਅਸਮਾਨ ਵੱਲ ਨੂੰ ਉਠ ਰਹੇ ਸਨ। ਭਾਫ਼ ਦੀ ਛਾਂ-ਛਾਂ ਵੀ ਵੱਧ ਗਈ ਸੀ।

ਇੰਜਣ ਨੇ ਜ਼ੋਰ ਦੀ ਸੀਟੀ ਵਜਾਈ ਤੇ ਨਾਲ ਹੀ ਭਕ-ਭਕ ਕਰਦਾ ਹੋਇਆ ਧਕਾਧੱਕ ਧੂੰਆਂ ਛੱਡਣ ਲੱਗਾ। ਭਾਫ਼ ਦੀ ਜ਼ੋਰਦਾਰ ਛੂੰ-ਛੜੱਪ ਦੀ ਅਵਾਜ਼ ਦੇ ਨਾਲ ਹੀ ਗੱਡੀ ਹਿਚਕੋਲੇ ਖਾਂਦੀ ਹੋਈ ਤੁਰ ਪਈ ਤਾਂ ਕਾਲੀ ਦਾ ਦਿਲ-ਦਿਮਾਗ ਵੀ ਰੌਸ਼ਨ ਹੋ ਉਠਿਆ। ਉਸ ਦੇ ਮਨ ਵਿਚ ਜੀਣ ਦੀ ਇੱਛਾ ਇੰਜਣ ਦੀ ਸੀਟੀ ਦੀ ਅਵਾਜ਼ ਵਾਂਗ ਉੱਭਰੀ ਅਤੇ ਉਹ ਰਫ਼ਤਾਰ ਫੜ ਰਹੀ ਗੱਡੀ ਦੇ ਪਿੱਛੇ ਦੌੜਨ ਲੱਗਿਆ।

ਆਖਰੀ ਡੱਬਾ ਪਾਣੀ ਦੇ ਵੱਡੇ ਪੰਪ ਦੇ ਪਿੱਛੇ ਹੀ ਸੀ ਕਿ ਕਾਲੀ ਨੇ ਉਸ ਦੇ ਪਿਛਲੇ ਦਰਵਾਜ਼ੇ ਦੇ ਡੰਡੇ ਨੂੰ ਫੜ ਲਿਆ ਅਤੇ ਡੱਬੇ ਦੇ ਨਾਲ-ਨਾਲ ਦੌੜਣ ਲੱਗਾ। ਛਾਲ ਮਾਰ ਕੇ ਪਾਏਦਾਨ ਤੇ ਪੈਰ ਰੱਖਣ ਦੀ ਕੋਸ਼ਿਸ਼ ਕਰਦਿਆਂ ਉਹ ਇਕ-ਦੋ ਵਾਰ ਲੜਖੜਾ ਗਿਆ ਅਤੇ ਪੱਟੜੀ ਦੇ ਨਾਲ ਪਏ ਪੱਥਰਾਂ ਨਾਲ ਘਿਸਰਨ ਤੋਂ ਵਾਲ-ਵਾਲ ਬਚਿਆ। ਅੰਤ ਵਿਚ ਉਸ ਨੇ ਪੈਰ ਪਾਏਦਾਨ ਤੇ ਰੱਖ ਹੀ ਲਿਆ ਅਤੇ ਡੰਡੇ ਨੂੰ ਦੋਨਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ। ਖਿੜਕੀ ਤੋਂ ਬਾਹਰ ਝਾਕ ਰਹੇ ਇਕ ਆਦਮੀ ਦੇ ਰੌਲ਼ਾ ਪਾਉਣ ਕਰਕੇ ਦੋ ਨੌਜਵਾਨਾਂ ਨੇ ਕਾਲੀ ਨੂੰ ਉੱਪਰ ਖਿੱਚ ਲਿਆ।

"ਭਾਈ, ਜੇ ਲੜ-ਝਗੜ ਕੇ ਘਰੋਂ ਆਇਆਂ, ਅਤੇ ਮਰਨਾ ਆਂ ਤਾਂ ਸਿੱਧੀ ਤਰ੍ਹਾਂ ਮਰ। ਹੋਰਨਾਂ ਲਈ ਕਿਉਂ ਮੁਸੀਬਤ ਖੜ੍ਹੀ ਕਰਨੀ ਚਾਹੁੰਨਾ ਏਂ।" ਇਕ ਬਜ਼ੁਰਗ ਨੇ ਕਾਲੀ ਨੂੰ ਤਾੜਨਾ ਕੀਤੀ।

"ਬਿਨ੍ਹਾਂ ਟਿਕਟ ਸਫ਼ਰ ਕਰ ਰਿਹਾ ਹੋਣਾ।" ਦੂਜੇ ਆਦਮੀ ਨੇ ਬੇਯਕੀਨੀ ਨਾਲ ਕਾਲੀ ਵੱਲ ਦੇਖਿਆ, "ਤਾਂ ਹੀ ਤਾਂ ਦੌੜ ਕੇ ਗੱਡੀ ਫੜੀ ਹੈ।"

"ਚਲੋ ਛੱਡੋ ਇਹਨੂੰ। ਪਹਿਲਾਂ ਹੀ ਬਹੁਤ ਪਰੇਸ਼ਾਨ ਲੱਗ ਰਿਹਾ ਹੈ," ਤੀਜੇ ਮੁਸਾਫਰ ਨੇ ਗੱਲ ਮੁਕਾਈ।

ਡੱਬੇ ਦੇ ਸਾਰੇ ਮੁਸਾਫਰ ਇਕ ਵਾਰ ਫਿਰ ਆਪਣੇ ਆਪ ਵਿਚ ਸੁੰਗੜ ਗਏ। ਕਾਲੀ ਦਰਵਾਜ਼ੇ ਦੇ ਪਿਛੇ ਜਿਹੇ ਹੋ ਕੇ ਫਰਸ਼ ਤੇ ਹੀ ਬੈਠ ਗਿਆ। ਉਸ ਨੂੰ ਬੁਰੀ ਤਰ੍ਹਾਂ ਸਾਹ ਚੜ੍ਹਿਆ ਹੋਇਆ ਸੀ ਅਤੇ ਉਹ ਆਪਣੇ ਹੋਸ਼-ਹਵਾਸ ਤੇ ਵੀ ਪੂਰੀ ਤਰ੍ਹਾਂ ਕਾਬੂ ਨਹੀਂ ਸੀ ਪਾ ਰਿਹਾ।

ਫਾਟਕ ਪਾਰ ਕਰਨ ਬਾਅਦ ਇੰਜਣ ਅਗਲੇ ਸਟੇਸ਼ਨ ਨੂੰ ਗੱਡੀ ਦੇ ਆਉਣ ਬਾਰੇ ਸੂਚਿਤ ਕਰਨ ਲਈ ਜ਼ੋਰ-ਜ਼ੋਰ ਨਾਲ ਸੀਟੀਆਂ ਮਾਰਨ ਲੱਗਾ ਤਾਂ ਕਾਲੀ ਨੂੰ ਇਕਦਮ ਖਿਆਲ ਆਇਆ ਕਿ ਚੋਲਾਂਗ ਸਟੇਸ਼ਨ ਆਉਣ ਹੀ ਵਾਲਾ ਹੈ। ਉਸ ਨੂੰ ਇਕ ਵਾਰ ਫਿਰ ਡਰ ਨੇ ਘੇਰ ਲਿਆ ਕਿਉਂਕਿ ਉਸ ਦੇ ਪਿੰਡ ਦੇ ਲੋਕ ਗੱਡੀ ਰਾਹੀਂ ਸਫ਼ਰ ਕਰਨ ਲਈ ਅਕਸਰ ਇਸ ਹੀ ਸਟੇਸ਼ਨ ਤੇ ਆਉਂਦੇ ਹਨ।

ਕਾਲੀ ਫੁਰਤੀ ਨਾਲ ਉਪਰਲੀ ਸੀਟ ਤੇ ਜਾ ਬੈਠਾ। ਫਿਰ ਉਹ ਲੰਮਾ ਲੈ ਗਿਆ ਅਤੇ ਸਿਰ-ਮੂੰਹ ਚਾਦਰ ਨਾਲ ਲਪੇਟ ਲਿਆ। ਪਰ ਪਲੇਟਫਾਰਮ ਦੀ ਚਹਿਲ-ਪਹਿਲ ਤੇ ਨਜ਼ਰ ਰੱਖਣ ਲਈ ਉਸ ਨੇ ਚਾਦਰ ਵਿਚ ਛੋਟਾ ਜਿਹਾ ਝਰੋਖਾ ਬਣਾ ਲਿਆ ਸੀ।

ਚੋਲਾਂਗ ਦਾ ਸਟੇਸ਼ਨ ਨੇੜੇ ਆਉਣ ਤੇ ਗੱਡੀ ਦੀ ਰਫ਼ਤਾਰ ਘੱਟ ਗਈ ਅਤੇ ਇੰਜਣ ਨੇ ਜ਼ੋਰਦਾਰ ਲੰਮੀ ਸੀਟੀ ਮਾਰੀ। ਫਿਰ ਕਰਚ...ਕਰਚ...ਕਰੀਹ...ਕਰੀਹ ਦੀਆਂ ਅਵਾਜ਼ਾਂ ਕਰਦੀ ਹੋਈ ਗੱਡੀ ਖੜ੍ਹ ਗਈ।

ਕਾਲੀ ਚਾਦਰ ਦੇ ਝਰੋਖੇ ਵਿਚੋਂ ਸਵਾਰੀਆਂ ਦੇ ਰੌਲੇ ਤੇ ਭੱਗਦੜ ਨੂੰ ਦੇਖਦਾ ਰਿਹਾ। ਉਸ ਦੀ ਨਿਗਾਹ ਸਟੇਸ਼ਨ ਦੇ ਪਾਰ ਕੱਚੀ ਸੜਕ ਦੇ ਕਿਨਾਰੇ ਝੁੱਗੀਆਂ ਵਰਗੀਆਂ ਦੁਕਾਨਾਂ ਵੱਲ ਚਲੇ ਗਈ। ਉਨਾਂ ਤੋਂ ਪਰੇ ਦਰੱਖਤਾਂ ਵਿਚ ਘਿਰਿਆ ਇਕ ਪਿੰਡ ਸੀ। ਉਸ ਤੋਂ ਇਕ ਕੋਹ ਦੇ ਫਾਸਲੇ ਤੇ ਦੂਸਰਾ ਅਤੇ ਲੱਗਭੱਗ ਇਕ ਕੋਹ ਹੋਰ ਅੱਗੇ ਪੂਰਬ ਵੱਲ ਉਸ ਦਾ ਪਿੰਡ ਸੀ।

ਕਾਲੀ ਨੂੰ ਯਾਦ ਆਇਆ ਕਿ ਤਕਰੀਬਨ ਦੋ ਸਾਲ ਪਹਿਲਾਂ ਉਹ ਜਲੰਧਰ ਤੋਂ ਮੁਕੇਰੀਆਂ ਜਾਣ ਵਾਲੀ ਪਹਿਲੀ ਗੱਡੀ ਰਾਹੀਂ ਇਸ ਹੀ ਸਟੇਸ਼ਨ 'ਤੇ ਉਤਰਿਆ ਸੀ। ਉਸ ਵਕਤ ਮਨ ਵਿਚ ਪਿੰਡ ਲਈ ਕਿੰਨੀ ਚਾਹ ਸੀ, ਬੜੇ-ਬੜੇ ਅਰਮਾਨ ਸਨ, ਬਹੁਤ ਉਤਸ਼ਾਹ ਅਤੇ ਲਾਲਸਾ ਸੀ। ਪਰ ਅੱਜ ਉਹ ਦਿਨ ਦੀ ਆਖਰੀ ਗੱਡੀ ਰਾਹੀਂ ਇਸ ਹੀ ਸਟੇਸ਼ਨ ਤੋਂ ਚੋਰਾਂ ਵਾਂਗ ਜਾ ਰਿਹਾ ਹੈ ਜਿਵੇਂ ਸਾਰਾ ਇਲਾਕਾ ਉਹਦਾ ਦੁਸ਼ਮਣ ਬਣ ਗਿਆ ਹੋਵੇ ਅਤੇ ਹਰ ਆਦਮੀ ਸਰਗਰਮੀ ਨਾਲ ਉਸ ਦੀ ਹੀ ਤਲਾਸ਼ ਕਰ ਰਿਹਾ ਹੋਵੇ।

ਸਟੇਸ਼ਨ ਵੱਲ ਨੂੰ ਪੂਰਬ ਤੋਂ ਆਉਣ ਵਾਲੀ ਪੱਗਡੰਡੀ ਉਤੇ ਕੁੱਝ ਲੋਕਾਂ ਨੂੰ ਗੱਡੀ ਵੱਲ ਨੂੰ ਦੌੜੇ ਆਉਂਦੇ ਦੇਖ ਕੇ ਕਾਲੀ ਘਬਰਾ ਗਿਆ। ਉਸ ਨੇ ਮੂੰਹ ਦੂਸਰੇ ਪਾਸੇ ਮੋੜ ਲਿਆ ਅਤੇ ਚਾਦਰ ਸਿਰ 'ਤੇ ਤਾਣ ਲਈ।

ਇਕ ਲੰਮੀ ਅਤੇ ਇਕ ਛੋਟੀ ਸੀਟੀ ਦੇ ਬਾਅਦ ਗੱਡੀ ਚੱਲ ਪਈ। ਸਟੇਸ਼ਨ ਦੀ ਇਮਾਰਤ, ਲੈਂਪਪੋਸਟ ਅਤੇ ਬੈਂਚ ਹੌਲੀ-ਹੌਲੀ ਉਸ ਦੀਆਂ ਅੱਖਾਂ ਦੇ ਅੱਗਿਉਂ ਖਿਸਕਦੇ ਹੋਏ ਪਿੱਛੇ ਰਹਿ ਗਏ। ਜਦ ਗੱਡੀ ਇਕ ਵਾਰ ਫਿਰ ਖੁੱਲੇ ਖੇਤਾਂ ਕੋਲੋਂ ਦੌੜਣ ਲੱਗੀ ਤਾਂ ਕਾਲੀ ਨੇ ਸੁੱਖ ਦਾ ਸਾਹ ਲਿਆ ਅਤੇ ਚਾਦਰ ਵਿਚੋਂ ਅੱਖਾਂ ਦੇ ਮੂਹਰੇ ਝਰੋਖਾ ਬਣਾ ਕੇ ਉਹ ਥੱਲੇ ਵਾਲੀਆਂ ਸੀਟਾਂ ਤੇ ਬੈਠੀਆਂ ਸਵਾਰੀਆਂ ਦੀਆਂ ਗੱਲਾਂ ਸੁਣਨ ਲੱਗਾ।

ਡੁੱਬਦੇ ਸੂਰਜ ਦੀਆਂ ਕਿਰਨਾਂ ਦੀ ਠੰਡਕ ਅਤੇ ਲੰਮੀਆਂ ਪਰਛਾਈਆਂ ਵਿਚ ਕੰਬਦੇ ਖੇਤ ਪਿੱਛੇ ਨੂੰ ਦੌੜੇ ਜਾ ਰਹੇ ਸਨ। ਕਾਲੀ ਨੂੰ ਮਹਿਸੂਸ ਹੋਣ ਲੱਗਾ ਕਿ ਉਸ ਦੀ ਬੀਤੀ ਜ਼ਿੰਦਗੀ ਅਤੇ ਸੁੱਖ-ਦੁੱਖ ਵੀ ਪਿੱਛੇ ਰਹਿ ਗਏ ਹਨ ਅਤੇ ਉਹ ਬਹੁਤ ਤੇਜ਼ੀ ਨਾਲ ਉਹਨਾਂ ਤੋਂ ਦੂਰ ਜਾ ਰਿਹਾ ਹੈ। ਇਹ ਸੋਚ ਕੇ ਉਸ ਨੂੰ ਚੈਨ ਜਿਹਾ ਮਹਿਸੂਸ ਹੋਇਆ।

ਜਲੰਧਰ ਤੋਂ ਤਿੰਨ ਸਟੇਸ਼ਨ ਪਹਿਲਾਂ ਸੂਰਜ ਡੁੱਬ ਗਿਆ ਅਤੇ ਪਿੱਛੇ ਨੂੰ ਦੌੜੇ ਜਾਂਦੇ ਖੇਤ ਵੀ ਹਨੇਰੇ ਵਿਚ ਗੁਆਚ ਗਏ। ਕਾਲੀ ਨੇ ਆਪਣੇ ਭਵਿੱਖ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਵੀ ਉਸ ਨੂੰ ਡੂੰਘੇ ਹਨੇਰੇ ਦੀ ਤਰ੍ਹਾਂ ਹੀ ਲੱਗਾ। ਉਸ ਨੇ ਨਿਰਾਸ਼ ਹੋ ਕੇ ਇਕ ਵਾਰ ਫਿਰ ਮੂੰਹ ਤੇ ਚਾਦਰ ਲੈ ਲਈ।

ਬਿਜਲੀ ਦੀ ਮੱਧਮ ਰੌਸ਼ਨੀ ਡੱਬੇ ਅੰਦਰ ਮੋਟੇ-ਮੋਟੇ ਘਸਮੈਲੇ ਧੱਬੇ ਬਣ ਕੇ ਫੈਲ ਗਈ ਸੀ। ਖਿੜਕੀਆਂ ਵਿਚੋਂ ਛਿਣ ਕੇ ਆਉਂਦੀ ਰੌਸ਼ਨੀ ਦੇ ਧੱਬੇ ਥੱਲੇ, ਪੱਟੜੀ ਤੇ ਪੈਂਦੇ ਹੋਏ ਗੱਡੀ ਦੇ ਨਾਲ ਦੌੜ ਰਹੇ ਸਨ। ਸਾਰੇ ਵਾਤਾਵਰਨ 'ਤੇ ਇੰਜਣ ਦੀ ਛੁੱਕ-ਛੁੱਕ ਅਤੇ ਡੱਬੇ ਦੇ ਪਹੀਆਂ ਦੀ ਗੜਗੜਾਹਟ ਛਾਈ ਹੋਈ ਸੀ।

ਗੱਡੀ ਜਦੋਂ ਜਲੰਧਰ ਤੋਂ ਇਕ ਸਟੇਸ਼ਨ ਹੀ ਦੂਰ ਰਹਿ ਗਈ ਤਾਂ ਕਾਲੀ ਨੂੰ ਇਕ ਵਾਰ ਫੇਰ ਘਬਰਾਹਟ ਮਹਿਸੂਸ ਹੋਣ ਲੱਗੀ। ਉਹ ਜਲੰਧਰ ਸ਼ਹਿਰ ਬਾਰੇ ਸੋਚਣ ਲੱਗਾ। ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਉਹ ਆਪਣੇ ਦਿਮਾਗ 'ਚ ਸ਼ਹਿਰ ਦੀ ਕੋਈ ਰੂਪ-ਰੇਖਾ ਤੇ ਨਕਸ਼ਾ ਨਾ ਬਣਾ ਸਕਿਆ।

ਹੁਣ ਉਹਨੂੰ ਪਿੰਡ ਦੇ ਡਰ ਨਾਲੋਂ ਸ਼ਹਿਰ ਦਾ ਭੈ ਖਾਣ ਲੱਗਾ। ਉਹਨੇ ਸੋਚਿਆ ਕਿ ਸ਼ਾਇਦ ਇਹ ਸ਼ਹਿਰ ਵੀ ਬਹੁਤ ਬੜਾ ਹੋਣਾ ਹੈ। ਉਹਦੇ ਵਿਚ ਕਈ ਪਿੰਡ ਅਸਾਨੀ ਨਾਲ ਸਮਾ ਸਕਦੇ ਹੋਣੇਗੇ। ਉਥੇ ਛੋਟੇ ਛੋਟੇ ਘਰ ਤੇ ਝੁੱਗੀਆਂ ਤੋਂ ਬਿਨਾਂ ਆਲੀਸ਼ਾਨ ਮਕਾਨ, ਬਹੁਤ ਬੜੀਆਂ ਖੁੱਲੀਆਂ ਕੋਠੀਆਂ, ਮਹੱਲ ਤੇ ਹਵੇਲੀਆਂ ਵੀ ਹੋਣਗੀਆਂ। ਸ਼ਹਿਰ ਆਦਮੀਆਂ ਨਾਲ ਖਚਾਖਚ ਭਰਿਆ ਹੋਵੇਗਾ ਜਿਥੇ ਤੁਰਦੇ ਸਮੇਂ ਲੋਕਾਂ ਦਾ ਮੋਢੇ ਨਾਲ ਮੋਢਾ ਖਹਿੰਦਾ ਹੋਵੇਗਾ। ਪਰ ਇਹ ਚੇਤਾ ਆਉਂਦੇ ਹੀ ਉਹ ਬਹੁਤ ਉਦਾਸ ਹੋ ਗਿਆ ਕਿ ਐਨੇ ਵੱਡੇ ਸ਼ਹਿਰ 'ਚ ਉਹਦੀ ਜਾਣ ਪਹਿਚਾਣ ਵਾਲਾ ਇਕ ਵੀ ਬੰਦਾ ਨਹੀਂ ਹੈ।

ਕਾਲੀ ਨੂੰ ਲੱਗਾ ਕਿ ਹਨੇਰੇ 'ਚ ਗੁਆਚੇ ਪੰਛੀ ਵਾਂਗ ਉਹ ਵੀ ਸ਼ਹਿਰ 'ਚ ਭਟਕਦਾ ਫਿਰੇਗਾ ਤੇ ਲੋਅ ਹੋਣ ਤੋਂ ਪਹਿਲਾਂ ਹੀ ਕਿਸੇ ਕੰਧ ਵਿਚ ਵੱਜ ਕੇ ਜਾਂ ਥੱਕ ਕੇ ਦਮ ਤੋੜ ਦੇਵੇਗਾ।

ਜਦ ਸਵਾਰੀਆਂ ਆਪਣਾ ਆਪਣਾ ਸਮਾਨ ਸੰਭਾਲਣ ਲੱਗੀਆਂ ਤਾਂ ਉਹਨੇ ਸੁਣਿਆਂ ਕਿ ਵੱਡਾ ਸਟੇਸ਼ਨ ਆਉਣ ਹੀ ਵਾਲਾ ਹੈ। ਕਾਲੀ ਵੀ ਉਪਰਲੀ ਸੀਟ ਤੋਂ ਥੱਲੇ ਆ ਗਿਆ ਤੇ ਤਾਕੀ 'ਚੋਂ ਸਿਰ ਬਾਹਰ ਕੱਢ ਕੇ ਦੂਰ ਤੱਕ ਫੈਲੀਆਂ ਤੇ ਟਿਮਟਮਾਉਂਦੀਆ ਰੌਸ਼ਨੀਆਂ ਨੂੰ ਧਿਆਨ ਨਾਲ ਦੇਖਣ ਲੱਗਾ।

ਜਿਉਂ ਜਿਉਂ ਸ਼ਹਿਰ ਨੇੜੇ ਆ ਰਿਹਾ ਸੀ ਕਾਲੀ ਦੇ ਮਨ 'ਚ ਉਹਦੇ ਲਈ ਦਿਲਚਸਪੀ ਤੇ ਇੱਛਾ ਅਤੇ ਜ਼ਿੰਦਗੀ ਲਈ ਉਤਸ਼ਾਹ ਵੱਧ ਰਿਹਾ ਸੀ।

ਬਾਹਰਲਾ ਸਿਗਨਲ ਲੰਘ ਕੇ ਇੰਜਣ ਜ਼ੋਰ ਜ਼ੋਰ ਨਾਲ ਸੀਟੀਆਂ ਮਾਰਨ ਲੱਗਾ। ਯਾਤਰੀ ਆਪਣਾ ਸਮਾਨ ਚੁੱਕ ਕੇ ਦਰਵਾਜ਼ੇ ਕੋਲ ਇਕੱਠੇ ਹੋ ਗਏ ਤਾਂ ਕਿ ਗੱਡੀ ਤੋਂ ਉੱਤਰ ਕੇ ਛੇਤੀ ਤੋਂ ਛੇਤੀ ਘਰ ਪਹੁੰਚ ਸਕਣ। ਕਾਲੀ ਵੀ ਆਪਣੀ ਚਾਦਰ ਫੜੀ ਉਨ੍ਹਾਂ ਨਾਲ ਖੜ੍ਹਾ ਹੋ ਗਿਆ ਤੇ ਹਰ ਪਲ ਸ਼ਹਿਰ ਦੇ ਨੇੜੇ ਆ ਰਹੇ ਸ਼ੋਰ ਤੇ ਰੌਸ਼ਨੀਆਂ ਨੂੰ ਧਿਆਨ ਨਾਲ ਸੁਣਨ ਤੇ ਦੇਖਣ ਲੱਗਾ।

ਗੱਡੀ ਪਲੇਟਫਾਰਮ ਤੇ ਖੜ੍ਹੀ ਹੋਈ ਤਾਂ ਡੱਬਿਆਂ ਤੋਂ ਬਾਹਰ ਨਿਕਲਣ ਲਈ ਸਵਾਰੀਆਂ ਦਾ ਜੋਸ਼ ਹੱਦ ਤੱਕ ਜਾ ਪਹੁੰਚਾ ਤੇ ਉਹ ਇਕ ਦੂਜੇ ਵਿਚ ਵੱਜਦੇ ਹੋਏ ਬੋਰੀ ਦੇ ਮੂੰਹ ਚੋਂ ਡਿੱਗਦੇ ਹੋਏ ਆਲੂਆਂ ਦੀ ਤਰ੍ਹਾਂ ਪਲੇਟਫਾਰਮ 'ਤੇ ਖਿਲਰ ਗਏ। ਸਾਰੇ ਮੁਸਾਫਰ ਕਾਹਲੀ ਕਾਹਲੀ ਸਟੇਸ਼ਨ ਵੱਲ ਜਾ ਰਹੇ ਸਨ ਤਾਂ ਕਿ ਛੇਤੀ ਛੇਤੀ ਆਪਣੇ ਆਪਣੇ ਠਿਕਾਣੇ ਪਹੁੰਚ ਸਕਣ। ਪਲੇਟਫਾਰਮ ਤੇ ਖੜ੍ਹੇ ਕਾਲੀ ਨੇ ਜਦ ਆਪਣੀ ਮੰਜ਼ਿਲ ਬਾਰੇ ਸੋਚਿਆ ਤਾਂ ਉਸ ਨੂੰ ਝੁਣਝੁਣੀ ਆ ਗਈ। ਉਹ ਪਿੰਡ ਦੇ ਆਪਣੇ ਅਧੂਰੇ ਜਿਹੇ ਘਰ ਤੋਂ ਬਿਨ੍ਹਾਂ ਹੋਰ ਕੁਸ਼ ਨਾ ਸੋਚ ਸਕਿਆ। ਇਹ ਚੇਤਾ ਆਉਂਦਿਆਂ ਹੀ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਕਿ ਉਹਦੇ ਕੋਲ ਤਾਂ ਗੱਡੀ ਦਾ ਟਿਕਟ ਵੀ ਨਹੀਂ ਹੈ, ਫੜਿਆ ਗਿਆ ਤਾਂ ਉਹਦੀ ਪੁੱਛ ਪੜਤਾਲ ਹੋਵੇਗੀ। ਉਹ ਉਸ ਦਾ ਅਤਾ ਪਤਾ ਪੁੱਛਣਗੇ। ਸਭ ਕੁੱਝ ਭੁੱਲ ਕੇ ਉਹ ਇਸ ਉਲਝਣ 'ਚ ਪੂਰੀ ਤਰ੍ਹਾਂ ਫਸ ਗਿਆ ਕਿ ਉਹ ਸਟੇਸ਼ਨ ਤੋਂ ਬਾਹਰ ਕਿਵੇਂ ਨਿਕਲੇਗਾ।

ਜਦ ਉਹਦੀ ਸਮਝ ਵਿਚ ਕੁੱਝ ਨਾ ਆਇਆ ਤਾਂ ਉਹ ਮੁੜ ਗੱਡੀ ਦੇ ਡੱਬੇ 'ਚ ਵੜ ਗਿਆ ਜਿਵੇਂ ਉਹਨੇ ਅਜੇ ਅੱਗੇ ਹੋਰ ਸਫਰ ਕਰਨਾ ਹੋਵੇ। ਪਰ ਗੱਡੀ ਦੇ ਬਾਹਰ ਹੱਥ 'ਚ ਝਾੜੂ ਤੇ ਡੱਬੇ ਫੜੀ ਸਫਾਈ ਕਰਨ ਵਾਲਿਆਂ ਨੂੰ ਦੇਖ ਕੇ ਕਾਲੀ ਦੇ ਹੱਥ ਪੈਰ ਫੁੱਲ ਗਏ ਤੇ ਉਹ ਦੂਜੇ ਦਰਵਾਜ਼ੇ ਰਾਹੀਂ ਨਿਕਲ ਕੇ ਉਨ੍ਹਾਂ ਤੋਂ ਦੂਰ ਚਲਾ ਗਿਆ।

ਪਲੇਟਫਾਰਮ ਤਕਰੀਬਨ ਖਾਲੀ ਹੋ ਗਿਆ ਸੀ। ਮੁਕੇਰੀਆਂ ਤੋਂ ਆਉਣ ਵਾਲੀ ਗੱਡੀ ਦੀਆਂ ਸਵਾਰੀਆਂ ਪੁਲ਼ ਪਾਰ ਕਰਕੇ ਸਟੇਸ਼ਨ ਤੋਂ ਬਾਹਰ ਜਾ ਰਹੀਆਂ ਸਨ। ਪਰ ਦੂਜੇ ਪਲੇਟਫਾਰਮ ਤੇ ਦਿੱਲੀ ਜਾਣ ਵਾਲੀ ਗੱਡੀ ਦੇ ਮੁਸਾਫਰਾਂ ਕਰਕੇ ਕਾਫੀ ਭੀੜ ਸੀ। ਕਾਲੀ ਨੂੰ ਯਾਦ ਆਇਆ ਕਿ ਕਈ ਸਾਲ ਪਹਿਲਾਂ ਉਹਨੇ ਵੀ ਦਿੱਲੀ ਜਾਣ ਨੂੰ ਗੱਡੀ ਇਥੋਂ ਹੀ ਫੜੀ ਸੀ।

ਖਾਲੀ ਪਲੇਟਫਾਰਮ ਤੇ ਕਾਲੀ ਨੂੰ ਸਾਮ੍ਹਣੇ ਪੁਲਸ ਦੇ ਇਕ ਹਵਾਲਦਾਰ ਨਾਲ ਦੋ ਸਿਪਾਹੀ ਆਉਂਦੇ ਦਿਸੇ। ਉਹਨੂੰ ਲੱਗਾ ਕਿ ਉਹ ਸ਼ਾਇਦ ਉਹਦੇ ਵੱਲ ਹੀ ਆ ਰਹੇ ਹਨ। ਕਾਲੀ ਦੀ ਡਰ ਨਾਲ ਘਿੱਗੀ ਬੱਝ ਗਈ ਤੇ ਸਾਰੇ ਸਰੀਰ ਵਿਚ ਕੰਬਣੀ ਛਿੜ ਗਈ। ਆਉਣ ਵਾਲੇ ਖਤਰੇ ਨੂੰ ਮਹਿਸੂਸ ਕਰਦਿਆਂ ਉਹਦੇ ਸੁੰਨ ਹੋਏ ਸਰੀਰ 'ਚ ਇਕਦਮ ਫੁਰਤੀ ਆ ਗਈ ਤੇ ਸੁੰਨ ਹੋਇਆ ਦਿਮਾਗ ਵੀ ਕੰਮ ਕਰਨ ਲੱਗਾ।

ਉਹਨੇ ਕਾਹਲੀ ਜਿਹੇ ਚਾਰੇ ਪਾਸੇ ਦੇਖਿਆ ਤਾਂ ਕਿ ਹਨੇਰੇ ਵਿਚ ਕਿਤੇ ਲੁਕ ਜਾਵੇ ਪਰ ਪੂਰੇ ਪਲੇਟਫਾਰਮ ਤੇ ਕਿਤੇ ਬਹੁਤ ਤੇਜ਼ ਤੇ ਕਿਤੇ ਮੱਧਮ ਜਿਹੀ ਰੋਸ਼ਨੀ ਫੈਲੀ ਹੋਈ ਸੀ। ਕਾਲੀ ਦੂਜੇ ਪਾਸੇ ਨੂੰ ਤੁਰਨ ਲੱਗਾ ਤੇ ਅਰਾਮ ਨਾਲ ਟਹਿਲਦਾ ਹੋਇਆ ਪਲੇਟਫਾਰਮ ਦੇ ਕੰਢੇ ਤੱਕ ਪਹੁੰਚ ਗਿਆ। ਉਹਨੇ ਪਿਛੇ ਮੁੜ ਕੇ ਦੇਖਿਆ। ਪੁਲਸ ਕਿਤੇ ਦਿਖਾਈ ਨਹੀਂ ਸੀ ਦੇ ਰਹੀ। ਕਾਲੀ ਨੇ ਸੁੱਖ ਦਾ ਸਾਹ ਲਿਆ ਤੇ ਚਾਰੇ ਪਾਸੇ ਦੇਖ ਕੇ ਸੋਚਣ ਲੱਗਾ ਕਿ ਹੁਣ ਕਿਥੇ ਜਾਵੇ।

ਉਹਨੇ ਨਜ਼ਰ ਘੁਮਾ ਕੇ ਯਾਰਡ ਵੱਲ ਦੇਖਿਆ। ਥੋੜ੍ਹੀ ਦੂਰ ਬੁੱਢੇ ਹਾਥੀ ਵਰਗਾ ਇੰਜ਼ਣ ਖੜਾ ਸੀ। ਉਹ ਥੋੜੇ ਥੋੜੇ ਚਿਰ ਬਾਅਦ ਸੀਟੀ ਮਾਰਦਾ ਤੇ ਬਹੁਤ ਸਾਰੀ ਭਾਫ ਛੱਡਣ ਪਿਛੋਂ ਸ਼ਾਂਤ ਹੋ ਜਾਂਦਾ।

ਇੰਜਣ ਦੀ ਮੱਧਮ ਰੋਸ਼ਨੀ ਸਾਰੇ ਯਾਰਡ 'ਚ ਫੈਲੀ ਹੋਈ ਸੀ। ਉਹ ਖਾਲੀ ਯਾਰਡ ਦੇ ਪਾਰ ਦੇਖਣ ਲੱਗਾ। ਗੜਗੜਾਹਟ ਦੀਆਂ ਅਵਾਜ਼ਾਂ ਆ ਰਹੀਆਂ ਸਨ ਜਿਵੇਂ ਬਹੁਤ ਸਾਰੀਆਂ ਆਟਾ ਪੀਹਣ ਵਾਲੀਆਂ ਚੱਕੀਆਂ ਚੱਲ ਰਹੀਆਂ ਹੋਣ। ਉਹਦੇ ਸੱਜੇ ਪਾਸੇ ਕਾਫੀ ਦੂਰ ਕਈ ਬਹੁਤ ਬੜੇ ਬੜੇ ਤੇ ਗੋਲ਼ ਗੋਲ਼ ਉਚੇ ਢੋਲ ਖੜ੍ਹੇ ਸਨ । ਕਾਲੀ ਉਨਾਂ ਨੂੰ ਹੈਰਾਨੀ ਨਾਲ ਦੇਖ ਰਿਹਾ ਸੀ ਕਿ ਦੋ ਆਦਮੀ ਉਹਦੇ ਕੋਲ ਦੀ ਕਾਹਲੀ ਨਾਲ ਲੰਘੇ ਤੇ ਪਲੇਟਫਾਰਮ ਤੋਂ ਯਾਰਡ 'ਚ ਉਤਰ ਕੇ ਰੇਲ ਦੀਆਂ ਪਟੜੀਆਂ ਪਾਰ ਕਰਕੇ ਅਗਾਂਹ ਚਲੇ ਗਏ। ਉਹਨਾਂ ਦੇ ਸਿਰ ਤੇ ਵੱਡੀਆਂ ਵੱਡੀਆਂ ਬੋਰੀਆਂ ਤੇ ਹੱਥਾਂ 'ਚ ਬੜੇ ਬੜੇ ਝੋਲੇ ਸਨ।

ਕਾਲੀ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪਿਆ। ਉਹ ਬੰਦੇ ਰੇਲ ਦੀਆਂ ਲਾਇਨਾਂ ਲੰਘ ਕੇ ਇਕ ਕੱਚੀ ਸੜਕ 'ਤੇ ਜਾ ਕੇ ਖੱਬੇ ਪਾਸੇ ਮੁੜ ਗਏ। ਕਾਲੀ ਵੀ ਥੋੜਾ ਫਾਸਲਾ ਰੱਖ ਕੇ ਉਨਾਂ ਦਾ ਪਿੱਛਾ ਕਰਦਾ ਰਿਹਾ। ਲਾਇਨ ਪਾਰ ਕਰਨ ਤੋਂ ਬਾਅਦ ਉਹਨੂੰ ਬਹੁਤ ਚੈਨ ਮਹਿਸੂਸ ਹੋਇਆ। ਉਹਨੇ ਲੰਮਾ ਸਾਰਾ ਸਾਹ ਛੱਡਿਆ। ਸਰੀਰਕ ਤੇ ਮਾਨਸਿਕ ਤਨਾਅ ਬਹੁਤ ਹੱਦ ਤੱਕ ਘੱਟ ਜਾਣ ਕਰਕੇ ਉਹ ਹੁਣ ਖੁੱਲ ਕੇ ਤੁਰਨ ਲੱਗਾ ਤੇ ਆਪਣੇ ਆਪ ਨੂੰ ਹੌਸਲਾ ਦੇਣ ਲਈ ਲੰਮਾ ਸਾਹ ਛੱਡ ਕੇ ਹੌਲੀ ਜਿਹੀ ਖੰਘ ਵੀ ਲੈਂਦਾ।

ਕੱਚਾ ਰਾਹ ਪੱਕੀ ਸੜਕ ਵਿਚ ਜਾ ਮਿਲਿਆ। ਸੜਕ ਦੇ ਇਕ ਪਾਸੇ ਕੋਈ ਸੌ ਸੌ ਗਜ਼ ਦੀ ਦੂਰੀ ਤੇ ਖੜੇ ਖੰਭਿਆਂ ਤੇ ਬਿਜਲੀ ਦੇ ਬਲਬ ਜਗ ਰਹੇ ਸਨ ਤੇ ਕਾਲੀ ਸੜਕ ਉਤੇ ਭੂਰੀ ਜਿਹੀ ਰੌਸ਼ਨੀ ਫੈਲੀ ਹੋਈ ਸੀ।

ਥੋੜੀ ਹੀ ਦੇਰ ਬਾਅਦ ਦੋਮੋਰੀਆ ਪੁਲ ਆ ਗਿਆ। ਪੁੱਲ ਦੇ ਥੱਲੇ ਦੀਂ ਉਹ ਵੀ ਉਨਾਂ ਲੋਕਾਂ ਦੇ ਮਗਰ ਮਗਰ ਸੱਜੇ ਪਾਸੇ ਮੁੜ ਗਿਆ। ਕਾਲੀ ਨੂੰ ਜਲੰਧਰ ਸ਼ਹਿਰ ਦੇ ਜੁਗਰਾਫੀਏ ਤੇ ਸੜਕਾਂ-ਥਾਵਾਂ ਦੀ ਕੋਈ ਜਾਣਕਾਰੀ ਨਹੀਂ ਸੀ। ਉਹ ਇਸ ਅੰਦਾਜ਼ੇ ਨਾਲ ਚਲ ਰਿਹਾ ਸੀ ਕਿ ਸਟੇਸ਼ਨ ਦੇ ਨੇੜੇ ਤੇੜੇ ਪਹੁੰਚ ਜਾਵੇਗਾ।

ਦੋਨੋ ਆਦਮੀ ਇਕ ਤਿੰਨ-ਰਾਹੇ ਤੋਂ ਸੱਜੇ ਪਾਸੇ ਨੂੰ ਮੁੜ ਗਏ। ਇਹ ਇਕ ਬਜ਼ਾਰ ਸੀ। ਸੜਕ ਦੇ ਦੋਨੀਂ ਪਾਸੀਂ ਦੁਕਾਨਾਂ ਅਜੇ ਖੁੱਲੀਆਂ ਸੀ ਤੇ ਬਜ਼ਾਰ ਵਿਚ ਕਾਫੀ ਰੌਣਕ ਸੀ। ਕਾਲੀ ਮੋੜ ਤੇ ਖੜ੍ਹ ਗਿਆ ਤੇ ਦੋਨਾਂ ਆਦਮੀਆਂ ਨੂੰ ਬਜ਼ਾਰ ਵਿਚ ਅੱਗੇ ਜਾਂਦੇ ਦੇਖਦਾ ਰਿਹਾ। ਆਪਣੀ ਵੱਲ ਕਾਹਲੀ ਨਾਲ ਆਉਂਦੇ ਤਾਂਗੇ ਤੋਂ ਬੇਖਬਰ ਕਾਲੀ ਧਿਆਨ ਤੇ ਹੈਰਾਨੀ ਨਾਲ ਬਜ਼ਾਰ ਵਿਚ ਦੂਰ ਦੂਰ ਤੱਕ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ।

"ਭਾਈ, ਬਚ ਮੋੜ ਤੋਂ," ਤਾਂਗੇ ਵਾਲੇ ਨੇ ਜ਼ੋਰ ਨਾਲ ਹਾਕ ਮਾਰੀ ਤਾਂ ਉਹ ਚੌਂਕ ਗਿਆ ਤੇ ਦੌੜ ਕੇ ਕੰਧ ਨਾਲ ਜਾ ਲੱਗਾ।

"ਇਕ ਸਵਾਰੀ ਟੇਸ਼ਨ ਤੱਕ।" ਤਾਂਗੇ ਵਾਲੇ ਨੇ ਕਾਲੀ ਵੱਲ ਮੁੜਕੇ ਦੇਖਦਿਆਂ ਕਿਹਾ। ਪਰ ਕਾਲੀ ਵਲੋਂ ਕੋਈ ਹੁੰਗਾਰਾ ਨਾ ਆਉਣ ਤੇ ਤਾਂਗਾ ਟਪ-ਟਪ ਦੀ ਅਵਾਜ਼ ਕਰਦਾ ਉਹਦੇ ਕੋਲੋ ਕਾਹਲੀ ਨਾਲ ਲੰਘ ਗਿਆ।

ਕਾਲੀ ਨੇ ਅੰਦਾਜ਼ਾ ਲਾਇਆ ਕਿ ਰੇਲਵੇ ਸਟੇਸ਼ਨ ਖੱਬੇ ਪਾਸੇ ਵੱਲ ਹੋਣਾ ਚਾਹੀਦਾ। ਉਹ ਉੱਚੀ ਕੰਧ ਦੇ ਨਾਲ ਨਾਲ ਉਧਰ ਨੂੰ ਤੁਰਨ ਲੱਗਾ ਜਿਧਰ ਨੂੰ ਤਾਂਗਾ ਗਿਆ ਸੀ। ਅਜੇ ਉਹ ਸਟੇਸ਼ਨ ਤੋਂ ਕਾਫੀ ਦੂਰ ਹੀ ਸੀ ਕਿ ਇਕ ਇੰਜ਼ਨ ਕੰਧ ਦੇ ਦੂਜੇ ਪਾਸੇ ਆ ਕੇ ਰੁਕਿਆ ਤੇ ਕੁੱਝ ਪਲਾਂ ਮਗਰੋਂ ਸੀਟੀ ਮਾਰਦਾ ਤੇ ਭਾਫ ਛੱਡਦਾ ਪਿਛੇ ਨੂੰ ਮੁੜ ਗਿਆ।

ਇਹ ਦੇਖ ਕੇ ਕਾਲੀ ਦਾ ਅੰਦਾਜ਼ਾ ਯਕੀਨ 'ਚ ਬਦਲ ਗਿਆ ਕਿ ਉਹ ਰੇਲਵੇ ਸਟੇਸ਼ਨ ਵੱਲ ਹੀ ਜਾ ਰਿਹਾ ਹੈ। ਉਹ ਇਸ ਤਰ੍ਹਾਂ ਤੁਰਨ ਲੱਗਾ ਜਿਵੇਂ ਆਪਣੇ ਘਰ ਨੂੰ ਜਾ ਰਿਹਾ ਹੋਵੇ।

ਇਸ ਸ਼ਹਿਰ ਵਿਚ ਰੇਲਵੇ ਸਟੇਸ਼ਨ ਤੋਂ ਬਿਨਾਂ ਕਾਲੀ ਕਿਸੇ ਵੀ ਅਜਿਹੀ ਥਾਂ ਬਾਰੇ ਸੋਚ ਨਹੀਂ ਸੀ ਸਕਦਾ ਜਿਥੇ ਰਾਤ ਭਰ ਲਈ ਆਸਰਾ ਤੇ ਅਰਾਮ ਮਿਲ ਸਕੇ। ਰੇਲਵੇ ਸੜਕ ਤੇ ਸਟੇਸ਼ਨ ਦੇ ਨੇੜੇ ਢਾਬਿਆਂ ਦੀ ਕਤਾਰ ਤੇ ਉਥੋਂ ਦਾਲ ਸਬਜ਼ੀ ਦੇ ਤੁੜਕੇ ਦੀ ਖੁਸ਼ਬੋ ਨਾਸਾਂ ਨੂੰ ਚੜ੍ਹਦੀ ਤੇ ਉਹਦਾ ਅਨੰਦ ਲੈਂਦਾ ਹੋਇਆ ਕਾਲੀ ਸਟੇਸ਼ਨ ਵੱਲ ਇਦਾਂ ਤੁਰਿਆ ਜਾ ਰਿਹਾ ਸੀ ਜਿਵੇਂ ਆਪਣੇ ਜੱਦੀ ਪੁਸ਼ਤੀ ਘਰ ਨੂੰ ਜਾ ਰਿਹਾ ਹੋਵੇ।

ਰੇਲਵੇ ਸਟੇਸ਼ਨ ਦੇ ਬਾਹਰ ਖੜੇ ਤਾਂਗੇ, ਕੋਚਵਾਨ, ਕੁਲੀ, ਸਵਾਰੀਆਂ ਅਤੇ ਉਨਾਂ ਦਾ ਪਿੱਛਾ ਕਰਦੇ ਹੋਏ ਭਿਖਾਰੀ ਤੇ ਭਿਖਾਰਨਾਂ ਤੋਂ ਬਚਦਾ ਬਚਦਾ ਉਹ ਤੀਜੇ ਦਰਜੇ ਦੇ ਅਰਾਮਘਰ 'ਚ ਪਹੁੰਚ ਗਿਆ। ਉਥੇ ਬਹੁਤ ਸਾਰੇ ਲੋਕ ਥੱਲੇ ਕਪੜਾ ਵਿਛਾ ਕੇ ਤੇ ਕਈ ਬੈਂਚਾਂ ਤੇ ਲੰਮੇ ਪਏ ਸਨ। ਕਾਲੀ ਨੇ ਇਧਰ ਉਧਰ ਦੇਖਿਆ ਤੇ ਇਕ ਕੋਨੇ 'ਚ ਖਾਲੀ ਥਾਂ ਦੇਖ ਕੇ ਉਸ ਨੇ ਸੁੱਖ ਦਾ ਸਾਹ ਲਿਆ। ਉਹਨੇ ਜੇਬ 'ਚ ਪਈ ਆਪਣੀ ਪੂੰਜੀ ਨੂੰ ਟੋਹਿਆ। ਕਪੜੇ ਵਿਚ ਬੰਨੇ ਸਿਕਿਆਂ ਦੇ ਚੌਰਸ ਤੇ ਗੋਲ ਕਿਨਾਰਿਆਂ ਨੂੰ ਮਜਬੂਤੀ ਨਾਲ ਟੋਹ ਕੇ ਮਹਿਸੂਸ ਕੀਤਾ ਤੇ ਮਨ ਹੀ ਮਨ 'ਚ ਹਿਸਾਬ ਲਾਇਆ। ਉਹਦੇ ਕੋਲ ਕੁੱਲ ਇਕ ਰੁਪਿਆ ਤੇ ਦੋ ਆਨੇ ਸਨ।

ਕੋਨੇ ਦੀ ਇਕ ਬੈਂਚ ਤੋਂ ਇਕ ਆਦਮੀ ਉੱਠ ਕੇ ਚਲਾ ਗਿਆ ਤਾਂ ਕਾਲੀ ਨੇ ਉਹਦੇ ਇਕ ਪਾਸੇ ਡੇਰਾ ਜਮਾ ਲਿਆ। ਉਹ ਸੋਚਣ ਲੱਗਾ ਸਟੇਸ਼ਨ ਦੇ ਬਾਹਰ ਢਾਬੇ 'ਤੇ ਖਾਣਾ ਖਾਵੇ ਜਾਂ ਫਿਰ ਇਥੇ ਹੀ ਕੁਲਚੇ-ਛੋਲਿਆਂ ਨਾਲ ਗੁਜ਼ਾਰਾ ਕਰ ਲਵੇ। ਉਹ ਕੁੱਝ ਚਿਰ ਆਪਣੇ ਆਪ ਨਾਲ ਇਸ ਬਾਰੇ ਸਲਾਹ ਮਸ਼ਵਰਾ ਕਰਦਾ ਰਿਹਾ। ਬਹੁਤ ਸੋਚ ਵਿਚਾਰ ਤੋਂ ਬਾਅਦ ਕਾਲੀ ਨੇ ਫੈਸਲਾ ਕੀਤਾ ਕਿ ਉਥੇ ਹੀ ਕੁਲਚੇ-ਛੋਲੇ ਖਾ ਕੇ ਢਿੱਡ ਭਰ ਲਵੇ, ਕਿਉਂਕਿ ਇਨਾਂ ਪੈਸਿਆਂ ਨਾਲ ਵੱਧ ਤੋਂ ਵੱਧ ਸਮਾਂ ਕੱਢਣਾ ਚਾਹੀਦਾ ਹੈ।

ਕੁਲਚੇ-ਛੋਲਿਆਂ ਵਾਲਾ ਵੀ ਆਪਣੀ ਛਾਬੜੀ ਕਾਨਿਆਂ ਦੀਆਂ ਤਿੰਨ ਥੰਮੀਆਂ 'ਤੇ ਰੱਖੀ ਸੁਸਤ ਜਿਹਾ ਖੜਾ ਸੀ। ਕਾਲੀ ਨੂੰ ਆਪਣੀ ਵੱਲ ਦੇਖਦਾ ਦੇਖ ਕੇ ਕੁਲਚੇ ਵਾਲੇ ਨੇ ਹੋਕਾ ਦਿਤਾ-"ਗਰਮ ਛੋਲੇ-ਭਟੂਰੇ…ਗਰਮ ਗਰਮ ਛੋਲੇ-ਕੁਲਚੇ …ਕਾਬਲੀ ਚਨੇ…ਕਰਾਰੇ…ਮਸਾਲੇਦਾਰ।"

ਕਾਲੀ ਝਟਪਟ ਛਾਬੜੀ ਵਾਲੇ ਦੇ ਕੋਲ ਚਲਾ ਗਿਆ। ਉਹ ਬੜੇ ਧਿਆਨ ਨਾਲ ਵੱਡੀ ਸਾਰੀ ਪਰਾਤ ਦੇ ਇਕ ਖੂੰਜੇ 'ਚ ਛੋਟੀ ਜਿਹੀ ਢੇਰੀ ਨੂੰ ਦੇਖਣ ਲੱਗਾ। ਉਹਦੇ ਉਤੇ ਹਰੀ ਮਿਰਚ, ਟਮਾਟਰ ਦੇ ਟੁਕੜੇ ਤੇ ਹਰੇ ਧਨੀਏ ਦੇ ਪੱਤੇ ਰੱਖੇ ਹੋਏ ਸਨ। ਪਰਾਤ ਨੂੰ ਇਕ ਛੋਟੀ ਜਿਹੀ ਅੰਗੀਠੀ ਤੇ ਟਿਕਾਇਆ ਹੋਇਆ ਸੀ ਤਾਂ ਕਿ ਛੋਲੇ ਗਰਮ ਰਹਿਣ। ਪਰਾਤ ਦੇ ਕੋਲ ਇਕ ਹੋਰ ਛੋਟੀ ਅੰਗੀਠੀ ਸੀ ਜਿਸ ਤੇ ਛੋਟਾ ਜਿਹਾ ਤਵਾ ਰੱਖਿਆ ਹੋਇਆ ਸੀ।

ਪਰਾਤ 'ਚ ਸਜਾਈਆਂ ਸਾਰੀਆਂ ਚੀਜ਼ਾਂ ਨੂੰ ਕਾਲੀ ਨੇ ਧਿਆਨ ਨਾਲ ਪਰਖਿਆ। ਉਹਨੇ ਦੇਖਿਆ ਕਿ ਭਟੂਰਾ ਕੁਲਚੇ ਤੋਂ ਜ਼ਿਆਦਾ ਮੋਟਾ ਹੈ। ਉਹਨੇ ਭਟੂਰੇ ਵੱਲ ਇਸ਼ਾਰਾ ਕੀਤਾ, "ਇਹ ਕਿੰਨੇ ਦਾ ਹੈ?"

"ਆਨੇ ਦੇ ਦੋ।" ਛਾਬੜੀ ਵਾਲੇ ਨੇ ਇਕਦਮ ਜਵਾਬ ਦਿੱਤਾ ਤੇ ਭਟੂਰਾ ਚੁੱਕਣ ਲਈ ਹੱਥ ਵਧਾਇਆ।

"ਤੇ ਇਹ?" ਕਾਲੀ ਨੇ ਕੁਲਚੇ ਵੱਲ ਇਸ਼ਾਰਾ ਕੀਤਾ। "ਇਹ ਵੀ ਆਨੇ ਦੇ ਦੋ?"

"ਤੇ ਛੋਲੇ?"

"ਮੁਫਤ।"

"ਤਾਂ ਇਕ ਇਹ ਦੇ ਦੇ ਤੇ ਇਕ ਆਹ।" ਕਾਲੀ ਨੇ ਭਟੂਰੇ ਤੇ ਕੁਲਚੇ ਵੱਲ ਵਾਰੀ ਵਾਰੀ ਇਸ਼ਾਰਾ ਕੀਤਾ।

ਛਾਬੜੀ ਵਾਲੇ ਨੇ ਕਾਗਜ਼ ਦੇ ਟੁਕੜੇ 'ਤੇ ਇਕ ਕੁਲਚਾ ਤੇ ਇਕ ਭਟੂਰਾ ਅਤੇ ਪੱਤੇ ਦੇ ਡੂਨੇ 'ਚ ਛੋਲੇ ਪਾ ਦਿਤੇ।

ਕਾਲੀ ਨੇ ਦੋ-ਦੋ ਕਰਕੇ ਚਾਰ ਕੁਲਚੇ ਤੇ ਭਟੂਰੇ ਖਾਧੇ। ਉਹਨੇ ਪੈਸੇ ਦਿੱਤੇ ਤੇ ਨਲਕੇ ਤੋਂ ਢਿੱਡ ਭਰ ਕੇ ਪਾਣੀ ਪੀ ਕੇ ਡਕਾਰ ਮਾਰਦਾ ਚਾਹ ਦੀ ਰੇੜੀ ਕੋਲ ਆ ਖੜਾ ਹੋਇਆ। ਉਥੇ ਇਕ ਲੰਬੀ ਬੋਦੀ ਵਾਲਾ ਤਿਲਕਧਾਰੀ ਪੰਡਿਤ ਵੀ ਚਾਹ ਦੀ ਖਾਹਿਸ਼ ਪੂਰੀ ਕਰਨ ਲਈ ਪਹਿਲਾਂ ਹੀ ਖੜ੍ਹਾ ਸੀ। ਉਹਨੂੰ ਦੇਖ ਕੇ ਕਾਲੀ ਸਹਿਮ ਗਿਆ ਕਿਉਂਕਿ ਉਹਨੂੰ ਆਪਣੇ ਪਿੰਡ ਦੇ ਪੰਡਿਤ ਸੰਤਰਾਮ ਦਾ ਚੇਤਾ ਆ ਗਿਆ। ਚਾਹ ਲਈ ਕਹਿ ਕੇ ਉਹ ਥੋੜ੍ਹਾ ਪਿੱਛੇ ਹਟ ਗਿਆ। ਚਾਹ ਵਾਲੇ ਨੇ ਦੋ ਕੱਪ ਚਾਹ ਬਣਾਈ ਤੇ ਇਕ ਇਕ ਕੱਪ ਪੰਡਿਤ ਤੇ ਕਾਲੀ ਨੂੰ ਫੜਾ ਦਿੱਤੇ।

ਪੰਡਿਤ ਨੇ ਚਾਹ ਦਾ ਇਕ ਘੁੱਟ ਭਰਿਆ ਤੇ ਭੈੜਾ ਜਿਹਾ ਮੂੰਹ ਬਣਾ ਲਿਆ, "ਮਿੱਠਾ ਥੋੜਾ ਆ। ਸ਼ੱਕਰ ਦੇ ਦੋ ਚਮਚੇ ਹੋਰ ਪਾ ਦੇ।"

ਪੰਡਿਤ ਦੀ ਰੀਸੇ ਕਾਲੀ ਨੇ ਵੀ ਆਪਣਾ ਕੱਪ ਮੋਹਰੇ ਕਰ ਦਿਤਾ ਤੇ ਸ਼ੱਕਰ ਦਾ ਚਮਚਾ ਪੁਆ ਕੇ ਚਾਹ ਨੂੰ ਹਿਲਾਉਂਦਾ ਪਿਛੇ ਹਟ ਗਿਆ। ਉਹ ਪੂਰਾ ਅਨੰਦ ਲੈਣ ਲਈ ਚਾਹ ਦਾ ਘੁੱਟ ਅੰਦਰ ਲੰਘਾਉਂਦਾ ਸੜ੍ਹੂਪ-ਸੜ੍ਹੂਪ ਦੀ ਅਵਾਜ਼ ਕੱਢਦਾ ਹੋਇਆ ਚੋਰੀ ਛਿਪੇ ਪੰਡਿਤ ਵੱਲ ਦੇਖਣ ਲੱਗਾ।

ਕਾਲੀ ਅਜੇ ਚਾਹ ਪੀ ਹੀ ਰਿਹਾ ਸੀ ਕਿ ਦੂਰੋਂ ਇੰਜਣ ਦੀ ਸੀਟੀ ਸੁਣਾਈ ਦਿੱਤੀ। ਇੰਜਣ ਦੀ ਅਵਾਜ਼ ਨੇੜੇ ਆ ਰਹੀ ਸੀ। ਨਾਲ ਹੀ ਗੱਡੀ ਦੀ ਗੜਗੜਾਹਟ ਤੇ ਧਮਕ ਉੱਚੀ ਹੋਣ ਲੱਗੀ।

ਤੀਜੇ ਦਰਜੇ ਦੇ ਮੁਸਾਫਰਖਾਨੇ ਦੇ ਦੋਨਾਂ ਦਰਵਾਜ਼ਿਆਂ ਵਿਚ ਨੀਲੀਆਂ ਤੇ ਲਾਲ ਕਮੀਜ਼ਾਂ ਪਾਈ ਕੁਲੀ ਸਿਗਰਟ ਦਾ ਆਖਰੀ ਸੂਟਾ ਲਾ ਕੇ ਉਨਾਂ ਨੂੰ ਪੈਰਾਂ ਥੱਲੇ ਕੁਚਲਦੇ ਹੋਏ ਪਲੇਟਫਾਰਮ ਵੱਲ ਨੂੰ ਦੌੜ ਰਹੇ ਸਨ।

ਕਾਲੀ ਵੀ ਬੜੇ ਗੇਟ ਦੇ ਨੇੜੇ ਚਲਾ ਗਿਆ। ਪਰ ਚਿੱਟੀ ਵਰਦੀ ਪਾਈ ਦੋ ਬਾਬੂਆਂ ਨੂੰ ਆਉਂਦੇ ਦੇਖ ਕੇ ਉਹ ਡਰ ਕੇ ਪਿੱਛੇ ਹਟ ਗਿਆ।

ਕੁੱਝ ਹੀ ਪਲਾਂ 'ਚ ਸੀਟੀਆਂ ਮਾਰਦੀ ਹੋਈ ਡਾਕਗੱਡੀ ਸਟੇਸ਼ਨ ਤੇ ਆ ਗਈ। ਚਮਕਦੇ ਡੱਬੇ ਗੇਟ ਦੇ ਮੋਹਰਿਉਂ ਨਿਕਲ ਗਏ ਤੇ ਚੀ…ਚੀ…ਦੀ ਅਵਾਜ਼ ਕਰਦੇ ਖੜ੍ਹ ਗਏ।

ਪਲੇਟਫਾਰਮ ਤੇ ਬਹੁਤ ਹੀ ਸ਼ੋਰ ਮਚ ਗਿਆ। ਇਕੋ ਵਾਰ ਬਹੁਤ ਸਾਰੀਆਂ ਅਵਾਜ਼ਾਂ ਆਉਣ ਲੱਗੀਆਂ। ਕੁੱਝ ਹੀ ਸਮੇਂ 'ਚ ਸਮਾਨ ਨਾਲ ਲੱਦੀਆਂ ਸਵਾਰੀਆਂ ਬੜੇ ਗੇਟ ਤੋਂ ਮੁਸਾਫਰ ਖਾਨੇ 'ਚ ਦਾਖਲ ਹੋਣ ਲੱਗੀਆਂ। ਤਾਂਗਿਆਂ ਵਾਲੇ ਸਵਾਰੀਆਂ ਨੂੰ ਘੇਰਨ ਲੱਗੇ, "ਲਾਲਾ ਜੀ ਕਿੱਥੇ ਜਾਣਾ ਹੈ। ਬਾਬੂ ਜੀ ਪੇਸ਼ਾਵਰੀ ਤਾਂਗਾ ਹੈ।" ਤਾਂਗੇ ਵਾਲਾ ਇਕ ਹੀ ਸਾਹ 'ਚ ਇੰਨੀਆਂ ਸੜਕਾਂ, ਮੁਹੱਲੇ ਤੇ ਬਜ਼ਾਰਾਂ ਦੇ ਨਾਂ ਲੈ ਗਿਆ ਕਿ ਸਮਝਣਾ ਵੀ ਔਖਾ ਸੀ। ਕਈ ਸਵਾਰੀਆਂ ਕਿਰਾਏ ਦਾ ਮੁੱਲ ਕਰਦੀਆਂ ਬਹਿਸ ਕਰਨ ਲੱਗ ਪਈਆਂ।

ਸਵਾਰੀਆਂ ਨੂੰ ਲੈ ਕੇ ਤਾਂਗਿਆਂ ਵਾਲੇ ਆਪਸ ਵਿਚ ਵੀ ਲੜ ਪੈਂਦੇ। ਇਕ ਤਾਂਗੇ ਵਾਲਾ ਦੋ ਸਵਾਰੀਆਂ ਦਾ ਸਮਾਨ ਆਪਣੇ ਤਾਂਗੇ 'ਚ ਰੱਖਣ ਲੱਗਾ ਤਾਂ ਦੂਜੇ ਤਾਂਗੇ ਵਾਲੇ ਨੇ ਉਹਦਾ ਲੜ ਫੜਦਿਆਂ ਰੋਹਬ ਨਾਲ ਪੁੱਛਿਆ, "ਕਿੱਥੇ ਲਿਜਾ ਰਿਹਾ ਇਨਾਂ ਦਾ ਸਮਾਨ?" "ਕਿਉਂ ਤੂੰ ਇਨ੍ਹਾਂ ਦਾ ਮਾਮਾ ਲਗਦਾ?" ਪਹਿਲੇ ਤਾਂਗੇ ਵਾਲੇ ਨੇ ਆਪਣਾ ਲੜ ਛੁੜਾਉਂਦਿਆਂ ਉਹਦਾ ਹੱਥ ਝਟਕ ਦਿਤਾ।

"ਮਾਮਾ ਲਗਦਾ ਹੋਊਂਗਾ ਤੂੰ। ਇਨਾਂ ਨਾਲ ਪਹਿਲਾਂ ਮੈਂ ਗੱਲ ਕੀਤੀ ਆ।" ਦੂਜੇ ਤਾਂਗੇ ਵਾਲੇ ਨੇ ਜ਼ਬਰਦਸਤੀ ਉਨ੍ਹਾਂ ਦਾ ਸਮਾਨ ਚੁੱਕ ਲਿਆ।

ਹੌਲੀ ਹੌਲੀ ਸਵਾਰੀਆਂ ਨਾਲ ਲੱਦੇ ਤਾਂਗੇ ਸਟੇਸ਼ਨ ਦੇ ਵਿਹੜੇ 'ਚੋਂ ਬਾਹਰ ਨਿਕਲਣ ਲੱਗੇ। ਡਾਕਗੱਡੀ ਵੀ ਪਲੇਟਫਾਰਮ ਤੋਂ ਖਿਸਕਦੀ ਹੋਈ ਤੁਰਨ ਲੱਗੀ ਅਤੇ ਉਹਦੀ ਗੜਗੜਾਹਟ ਤੇ ਧਮਕ ਥੋੜ੍ਹੇ ਪਲਾਂ ਵਿਚ ਘੱਟ ਕੇ ਖਮੋਸ਼ੀ 'ਚ ਡੁੱਬ ਗਈ।

ਮੁਸਾਫਰ ਖਾਨੇ 'ਚ ਭੀੜ ਵੱਧਦੀ ਦੇਖ ਕੇ ਕਾਲੀ ਨੇ ਚਾਹ ਦਾ ਆਖਰੀ ਘੁੱਟ ਕਾਹਲੀ ਨਾਲ ਭਰਿਆ ਤੇ ਖਾਲੀ ਕੱਪ ਚਾਹ ਵਾਲੇ ਦੇ ਪੈਰਾਂ ਕੋਲ ਰੱਖ ਕੇ ਬੈਂਚ 'ਤੇ ਜਾ ਬੈਠਾ। ਇਕ ਆਦਮੀ ਨੂੰ ਬੈਂਚ ਵੱਲ ਆਉਂਦਾ ਦੇਖ ਕੇ ਕਾਲੀ ਚੌੜਾ ਹੋਕੇ ਬੈਠ ਗਿਆ ਤੇ ਪਿੱਠ ਪਿੱਛੇ ਨੂੰ ਹੋ ਕੇ ਫੱਟੇ ਨਾਲ ਟਿਕਾ ਲਈ। ਬੈਂਚ ਤੇ ਆਪਣਾ ਕਬਜ਼ਾ ਜਮਾਉਣ ਲਈ ਉਹਨੇ ਲੱਤਾਂ ਅੱਧੀਆਂ ਕੁ ਪਸਾਰ ਕੇ ਉੱਪਰ ਚਾਦਰ ਲੈ ਲਈ।

ਪਲੇਟਫਾਰਮ ਤੋਂ ਮੰਗਦੇ ਹੋਏ ਮੰਗਤੇ ਤੇ ਮੰਗਤੀਆਂ ਮੁਸਾਫਰਖਾਨੇ 'ਚ ਆ ਵੜੇ। ਉਨ੍ਹਾਂ 'ਚ ਬੁੜੇ, ਬੁੜੀਆਂ, ਜਵਾਨ ਤੇ ਬੱਚੇ ਵੀ ਸਨ। ਉਹ ਵੱਖਰੇ ਵੱਖਰੇ ਟੋਲੇ ਬਣਾ ਕੇ ਦਿਨ ਭਰ ਦੀ ਕਮਾਈ ਦਾ ਹਿਸਾਬ ਕਰਨ ਲੱਗੇ। ਉਹ ਕਦੀ ਕਦੀ ਆਪਸ ਵਿਚ ਲੜ ਪੈਂਦੇ ਤੇ ਬਹਿਸ ਕਰਨ ਲੱਗ ਜਾਂਦੇ। ਕੁੱਝ ਬੁੱਢੇ ਮੰਗਤੇ ਤੇ ਮੰਗਤੀਆਂ ਨੇ ਆਪਣੀਆਂ ਮੈਲੀਆਂ ਕੁਚੈਲੀਆਂ ਤੇ ਪੁਰਾਣੀਆਂ ਪਾਟੀਆਂ ਹੋਈਆਂ ਚਾਦਰਾਂ ਕੱਢ ਕੇ ਵਿਛਾ ਲਈਆਂ ਤਾਂ ਕੇ ਤੜਕੇ ਆਉਣ ਜਾਣ ਵਾਲੀਆ ਗੱਡੀਆਂ ਵਿਚ ਵੀ ਭੀਖ ਮੰਗ ਸਕਣ। ਸੌਣ ਤੋਂ ਪਹਿਲਾਂ ਉਨ੍ਹਾਂ ਨੇ ਪੈਸਿਆਂ ਦੀਆਂ ਗੁੱਥਲੀਆਂ ਨੂੰ ਚੰਗੀ ਤਰ੍ਹਾਂ ਟੋਹ ਕੇ ਦੇਖਿਆ। ਜਨਾਨੀਆਂ ਨੇ ਆਪਣੀਆਂ ਆਪਣੀਆਂ ਗੁੱਥਲੀਆਂ ਨੇਫਿਆਂ ਨਾਲ ਬੰਨ੍ਹ ਲਈਆਂ ਤੇ ਆਦਮੀਆਂ ਨੇ ਪਾਟੇ ਹੋਏ ਕੁੜਤਿਆਂ ਦੀਆਂ ਅੰਦਰਲੀਆਂ ਜੇਬਾਂ ਨਾਲ ਬਕਸੂਏ ਲਾ ਕੇ ਬੰਨ ਲਈਆਂ।

ਕੁੱਝ ਨੌਜੁਆਨ ਮੰਗਤੇ ਇਕ ਕੋਨੇ ਵਿਚ ਬੈਠੇ ਤਾਸ਼ ਲੈ ਕੇ ਜੂਆ ਖੇਡਣ ਲੱਗੇ ਤੇ ਕੁੱਝ ਸਟੇਸ਼ਨ ਦੇ ਬਾਹਰ ਰੇਲਵੇ ਰੋਡ 'ਤੇ ਠੇਕਾ ਸ਼ਰਾਬ ਦੇਸੀ ਵੱਲ ਨੂੰ ਤੁਰ ਪਏ।

ਮੁਟਿਆਰ ਮੰਗਤੀਆਂ ਨੇ ਆਪਣੀਆਂ ਚਾਦਰਾਂ ਬਜ਼ੁਰਗ ਮੰਗਤੀਆਂ ਦੇ ਵਿਚਾਲੇ ਵਿਛਾ ਲਈਆਂ ਤੇ ਆਪਸ ਵਿਚ ਹੌਲੀ ਹੌਲੀ ਗੱਲਾਂ ਕਰਨ ਲੱਗੀਆਂ। ਕਦੀ ਕਦੀ ਉਹ ਆਪਣੇ ਮੂੰਹਾਂ 'ਤੇ ਹੱਥ ਰੱਖ ਕੇ ਆਪਣੇ ਹਾਸੇ ਨੂੰ ਰੋਕਦੀਆਂ ਇਕ ਦੂਜੀ ਨਾਲ ਚੁੰਬੜ ਜਾਂਦੀਆਂ।

ਕਾਲੀ ਅਜੇ ਨਿਸਚਿੰਤ ਹੋ ਕੇ ਬੈਂਚ 'ਤੇ ਲੰਮਾ ਪਿਆ ਹੀ ਸੀ ਕਿ ਪਲੇਟਫਾਰਮ ਤੇ ਮੁਸਾਫਰ ਖਾਨੇ ਵਿਚ ਵੱਡੇ ਗੇਟ ਰਾਹੀਂ ਦੋ ਸਿਪਾਹੀ ਤੇ ਹਵਾਲਦਾਰ ਦਾਖਲ ਹੋਏ। ਹਵਾਲਦਾਰ ਕੋਲ ਗਜ਼ ਭਰ ਲੰਮੀ ਬੈਂਤ ਦੀ ਸੋਟੀ ਤੇ ਸਿਪਾਹੀਆ ਨੇ ਲਾਠੀਆਂ ਫੜੀਆਂ ਹੋਈਆਂ ਸਨ। ਹਵਾਲਦਾਰ ਦੇ ਨਾਲ ਇਕ ਆਦਮੀ ਹੋਰ ਵੀ ਸੀ। ਉਹਦੇ ਇਕ ਹੱਥ ਵਿਚ ਛੋਟਾ ਜਿਹਾ ਟਰੰਕ ਤੇ ਕੱਛ 'ਚ ਝੋਲਾ ਸੀ।

ਹਵਾਲਦਾਰ ਨੇ ਮੁਸਾਫਰ ਖਾਨੇ ਵਿਚ ਚਾਰੇ ਪਾਸੇ ਦੇਖਿਆ। ਸਾਰੀਆਂ ਬੈਚਾਂ ਭਰੀਆਂ ਪਈਆਂ ਸਨ। ਫਰਸ਼ ਤੇ ਲੋਕ ਸੁੱਤੇ ਪਏ ਸਨ ਤੇ ਕੁੱਝ ਬੈਠੇ ਗੱਪਾਂ ਮਾਰ ਰਹੇ ਸਨ।

"ਇਹ ਮੁਸਾਫਰ ਖਾਨਾ ਹੈ ਜਾਂ ਸਰਾਂ?" ਹਵਾਲਦਾਰ ਰਾਤ ਨੂੰ ਉਥੇ ਇੰਨੀ ਭੀੜ ਦੇਖ ਕੇ ਖਿੱਝ ਗਿਆ। ਉਹ ਇਕ ਬੈਂਚ ਕੋਲ ਗਿਆ ਤੇ ਉਸ ਤੇ ਲੰਮੇ ਪਏ ਆਦਮੀ ਨੂੰ ਡੰਡੇ ਨਾਲ ਹਿਲਾ ਕੇ ਉਠਾ ਦਿਤਾ। " ਇਥੇ ਕਿਉ ਪਿਆ ਆਂ?"

"ਸਵੇਰੇ ਤੜਕੇ ਦੀ ਗੱਡੀ ਲੈਣੀ ਹੈ, ਹੁਸ਼ਿਆਰਪੁਰ ਜਾਣ ਲਈ।"

"ਗੱਡੀ ਤੜਕੇ ਨੂੰ ਲੈਣੀ ਆਂ ਤੇ ਡੇਰਾ ਹੁਣੇ ਲਾ ਕੇ ਬਹਿ ਗਿਆ?"

"ਅੰਮ੍ਰਿਤਸਰ ਤੋਂ ਆਇਆਂ। ਐਸ ਵੇਲੇ ਹੁਸ਼ਿਆਰਪੁਰ ਨੂੰ ਕੋਈ ਗੱਡੀ ਨਹੀਂ ਜਾਂਦੀ।"

"ਟਿਕਟ ਕਿੱਥੇ ਆ?" ਹਵਾਲਦਾਰ ਨੇ ਰੋਹਬ ਨਾਲ ਪੁੱਛਿਆ।

"ਟਿਕਟ ਹੈ।" ਸਵਾਰੀ ਨੇ ਜੇਬ 'ਚੋਂ ਰੁਮਾਲ ਕੱਢਿਆ ਤੇ ਗੰਢ ਖੋਲ ਕੇ ਉਸ ਵਿਚੋਂ ਟਿਕਟ ਕੱਢ ਕੇ ਹਵਾਲਦਾਰ ਨੂੰ ਫੜਾ ਦਿਤਾ।

ਹਵਾਲਦਾਰ ਨੇ ਟਿਕਟ ਦੇਖ ਕੇ ਸਵਾਰੀ ਨੂੰ ਮੋੜ ਦਿੱਤਾ ਤੇ ਸਿਪਾਹੀਆਂ ਵੱਲ ਨੂੰ ਚਲੇ ਗਿਆ। "ਮੁਸਾਫਰਖਾਨੇ 'ਚ ਹਰ ਆਦਮੀ ਦਾ ਟਿਕਟ ਚੈੱਕ ਕਰੋ।"

ਸਿਪਾਹੀ ਬੈਂਚਾਂ ਉੱਪਰ ਪਏ ਤੇ ਬੈਠੇ ਲੋਕਾਂ ਵੱਲ ਨੂੰ ਚਲੇ ਗਏ। ਉਨ੍ਹਾਂ ਨੂੰ ਦੇਖ ਕੇ ਕਾਲੀ ਘਬਰਾ ਗਿਆ। ਹਵਾਲਦਾਰ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਉਹਦਾ ਮੂੰਹ ਪੀਲਾ ਹੋ ਗਿਆ ਤੇ ਉਹ ਹੋਲੀ ਜਿਹੇ ਚਾਦਰ ਲਪੇਟ ਕੇ ਬੈਂਚ ਦੇ ਇਕ ਪਾਸੇ ਨੂੰ ਸਰਕ ਗਿਆ।

"ਟਿਕਟ ਦਿਖਾਉ?" ਹਵਾਲਦਾਰ ਦੀ ਕੜਕਦੀ ਅਵਾਜ਼ ਸੁਣ ਕੇ ਕਾਲੀ ਦੀ ਘਿੱਗੀ ਬੱਝ ਗਈ ਤੇ ਉਹਨੇ ਹੱਥ ਜੋੜ ਕੇ ਨਾਂਹ 'ਚ ਸਿਰ ਹਿਲਾਇਆ।

"ਮੁਸਾਫਰਖਾਨਾ ਤੇਰੇ ਨਾਨਕਿਆਂ ਦਾ ਘਰ ਆ। ਚੱਲ ਦੌੜ ਇੱਥੋਂ।" ਹਵਾਲਦਾਰ ਨੇ ਆਪਣਾ ਡੰਡਾ ਕਾਲੀ ਵੱਲ ਨੂੰ ਘੁਮਾਇਆ।

ਕਾਲੀ ਚਾਦਰ ਸੰਭਾਲਦਾ ਦੌੜ ਗਿਆ ਤੇ ਹਵਾਲਦਾਰ ਨੇ ਸਿਪਾਹੀਆਂ ਨੂੰ ਹਾਕ ਮਾਰੀ, ਜਿਹਦੇ ਕੋਲ ਟਿਕਟ ਨਹੀਂ ਉਹਨੂੰ ਧੱਕੇ ਦੇ ਕੇ ਬਾਹਰ ਕੱਢ ਦਿਉ।"

ਫੇਰ ਉਹਨੇ ਆਪਣੇ ਨਾਲ ਆਏ ਆਦਮੀ ਵੱਲ ਦੇਖਿਆ ਤੇ ਕਿਹਾ, "ਆਪਣਾ ਸਮਾਨ ਰੱਖ ਤੇ ਪੂਰੇ ਬੈਂਚ ਨੂੰ ਸੰਭਾਲ ਲੈ। ਲੱਤਾਂ ਪਸਾਰ ਕੇ ਚੰਗੀ ਤਰ੍ਹਾਂ ਨੀਂਦ ਪੂਰੀ ਕਰ।" ਹਵਾਲਦਾਰ ਮੁੱਛਾਂ ਨੂੰ ਉਂਗਲੀਆਂ ਨਾਲ ਵੱਟ ਦੇਣ ਲੱਗਾ।

"ਬਹੁਤ ਬਹੁਤ ਧੰਨਵਾਦ।" ਆਦਮੀ ਨੇ ਆਪਣੇ ਹੱਥ ਤੇ ਕੱਛ ਵਾਲਾ ਸਮਾਨ ਬੈਂਚ ਤੇ ਟਿਕਾ ਦਿੱਤਾ ਤੇ ਆਪ ਚਾਹ ਵਾਲੀ ਰੇੜੀ ਵੱਲ ਨੂੰ ਤੁਰ ਪਿਆ।

"ਨਿੱਕੇ, ਚਾਹ ਸੁਹਣੀ ਬਣਾਈ। ਮੇਰਾ ਪੁਰਾਣਾ ਦੋਸਤ ਹੈ।" ਹਵਾਲਦਾਰ ਨੇ ਆਪਣੇ ਸਾਥੀ ਵੱਲ ਇਸ਼ਾਰਾ ਕੀਤਾ, "ਇਹਨੂੰ ਸ਼ਿਕਾਇਤ ਨਾ ਹੋਵੇ ਕਿ ਹਵਾਲਦਾਰੀ ਦੇ ਬਾਵਜੂਦ ਵੀ ਕੱਚੀ ਚਾਹ ਪਿਲਾਈ ਆ।"

"ਬਾਦਸ਼ਾਹੋ, ਕੀ ਗੱਲ ਕਰਦੇ ਆਂ।" ਹਵਾਲਦਾਰ ਦੇ ਆਦਮੀ ਨੇ ਹੱਸਦਿਆਂ ਕਿਹਾ, "ਜਦ ਸੌਣ ਲਈ ਸਾਰਾ ਬੈਂਚ ਦੇ ਦਿੱਤਾ ਤਾਂ ਚਾਹ ਕਿਦਾਂ ਘਟੀਆ ਹੋ ਸਕਦੀ ਆ?"

"ਯਾਰ, ਤੂੰ ਇਕ ਵਾਰ ਕਹਿ ਕੇ ਤਾਂ ਦੇਖ। ਸਾਰਾ ਮੁਸਾਫਰ ਖਾਨਾ ਖਾਲੀ ਕਰਾ ਦੇਵਾਂਗਾ।" ਹਵਾਲਦਾਰ ਨੇ ਆਪਣੇ ਸੱਜੇ ਮੋਢੇ ਤੇ ਲੱਗੇ ਤਿੰਨ ਫੀਤਿਆਂ ਵੱਲ ਇਸ਼ਾਰਾ ਕੀਤਾ।

"ਬਾਦਸ਼ਾਹੋ, ਮਾਲਕ ਆਂ ਤੁਸੀਂ, ਮਾਲਕ।" ਹਵਾਲਦਾਰ ਦੇ ਸਾਥੀ ਨੇ ਸਿਫਤ ਕਰਦਿਆਂ ਮੁਸਕਰਾਇਆ।

ਚਾਹ ਪੀ ਕੇ ਹਵਾਲਦਾਰ ਨੇ ਸਿਪਾਹੀਆ ਨਾਲ ਮੁਸਾਫਰ ਖਾਨੇ ਦਾ ਚੱਕਰ ਲਾਇਆ। ਇਕ ਕੋਨੇ 'ਚ ਜੂਆ ਖੇਲ ਰਹੇ ਨੌਜੁਆਨ ਮੰਗਤੇ ਆਪਣੇ ਪੱਤੇ ਕੱਠੇ ਕਰਕੇ ਹੌਲੀ ਜਿਹੇ ਖਿਸਕਣ ਲੱਗੇ ਸੀ। ਪਰ ਹਵਾਲਦਾਰ ਨੇ ਉਨ੍ਹਾਂ ਨੂੰ ਦੇਖ ਲਿਆ। ਉਹਨੇ ਆਪਣਾ ਡੰਡਾ ਹਵਾ 'ਚ ਘੁਮਾਂਉਦਿਆਂ ਸਿਪਾਹੀਆਂ ਨੂੰ ਹੁਕਮ ਦਿੱਤਾ, "ਫੜੋ ਸਾਲਿਆਂ ਨੂੰ, ਮੁਸਾਫਰ ਖਾਨੇ ਨੂੰ ਜੂਆ ਘਰ ਬਣਾ ਰੱਖਿਆ ਇਹਨਾਂ ਨੇ।" ਸਿਪਾਹੀਆਂ ਨੇ ਅਗਾਂਹ ਹੋ ਕੇ ਫਰਸ਼ ਤੇ ਲਾਠੀਆਂ ਮਾਰੀਆਂ ਤਾਂ ਮੰਗਤੇ ਦੌੜ ਕੇ ਹਨੇਰੇ 'ਚ ਲੁਕ ਗਏ।

ਬੁੱਢੇ ਮੰਗਤੇ ਤੇ ਮੰਗਤੀਆਂ ਆਪਣਾ ਨੰਗੇਜ਼ ਢਕਣ ਲਈ ਮੈਲੀਆਂ ਤੇ ਪਾਟੀਆਂ ਪੁਰਾਣੀਆਂ ਚਾਦਰਾਂ ਆਪਣੇ ਦੁਆਲੇ ਲਪੇਟਣ ਲੱਗੇ। ਜੁਆਨ ਮੰਗਤੀਆਂ ਆਪਣੇ ਸਰੀਰਾਂ ਨੂੰ ਇਕੱਠਾ ਕਰਕੇ ਸੁੰਗੜ ਗਈਆਂ।

"ਤੁਸੀਂ ਇਥੇ ਕੀ ਕਰ ਰਹੇ ਆਂ। ਦੌੜੋ ਇੱਥੋ?" ਹਵਾਲਦਾਰ ਨੇ ਮੰਗਤਿਆਂ ਵੱਲ ਨੂੰ ਡੰਡਾ ਘੁਮਾਇਆ।

"ਸਰਕਾਰ ਲੱਕ ਸਿੱਧਾ ਕਰ ਰਹੇ ਹਾਂ।" ਸਭ ਤੋਂ ਜ਼ਿਆਦਾ ਬੁੱਢੇ ਮੰਗਤੇ ਨੇ ਲੇਲੜੀਆਂ ਲੈਂਦੇ ਹੋਏ ਹੱਥ ਜੋੜੇ।

"ਕਿਉਂ? ਸਾਰਾ ਦਿਨ ਕੱਸੀ ਚਲਾਉਦੇ ਰਹੇ ਆਂ, ਜਿਹੜੀ ਥਕਾਵਟ ਹੋ ਗਈ ਆ। ਲੱਕ ਆਕੜ ਗਿਆ ਇਨ੍ਹਾਂ ਦਾ। ...ਉੱਠੋ ਇੱਥੋਂ। ਸਾਲੇ ਦਿਨ ਨੂੰ ਮੰਗਦੇ ਫਿਰਦੇ ਆ ਰਾਤ ਨੂੰ ਚੋਰੀਆਂ ਕਰਦੇ ਆ, ਡਾਕੇ ਮਾਰਦੇ ਆ।" ਹਵਾਲਦਾਰ ਨੇ ਦੰਦ ਪੀਹਦਿਆਂ ਕਿਹਾ।

"ਸਰਕਾਰ, ਡਾਕੇ-ਚੋਰੀਆਂ ਕਰਨ ਜੋਗੇ ਹੁੰਦੇ ਤਾਂ ਸਾਰਿਆਂ ਮੂਹਰੇ ਹੱਥ ਕਿਉਂ ਅੱਡਦੇ...ਸਭ ਦਾ ਭਲਾ ਕਿਉਂ ਮੰਗਦੇ।"

"ਬਕਬਾਸ ਬੰਦ ਕਰ।" ਹਵਾਲਦਾਰ ਨੇ ਜ਼ੋਰ ਨਾਲ ਡੰਡਾ ਘੁਮਾਇਆ।

ਫਿਰ ਉਹਨੇ ਇਕ ਜੁਆਨ ਮੰਗਤੀ ਨੂੰ ਖੁੱਚ ਖੁਰਕਦਿਆਂ ਦੇਖਿਆ ਤੇ ਬੁੱਲਾਂ ਉਤੇ ਜੀਭ ਫੇਰਦਾ ਹੋਇਆ ਭੜਕ ਉਠਿਆ। "ਇਹਨੂੰ ਦੇਖ, ਇਹਦੇ ਲੋੜ ਤੋਂ ਜ਼ਿਆਦਾ ਹੀ ਖਾਜ ਹੁੰਦੀ ਆ।"

ਹਵਾਲਦਾਰ ਨੇ ਦੋਨਾਂ ਸਿਪਾਹੀਆਂ ਨੂੰ ਹਾਕ ਮਾਰੀ, ਇਨਾ ਨੂੰ ਕੱਢੋ ਇੱਥੋਂ। ਜਦੋਂ ਦਾ ਇਨਾਂ ਨੇ ਮੁਸਾਫਰ ਖਾਨੇ ਨੂੰ ਆਪਣਾ ਰੈਣ-ਬਸੇਰਾ ਬਣਾਇਆ ਹੈ, ਥਾਣੇ ਵਿਚ ਚੋਰੀ ਦੀਆਂ ਵਾਰਦਾਤਾਂ 'ਚ ਬਹੁਤ ਵਾਧਾ ਹੋ ਗਿਆ ਹੈ।"

ਦੋਨੋ ਸਿਪਾਹੀ ਝਿੜਕਾਂ ਮਾਰਦੇ ਮੰਗਤੇ ਤੇ ਮੰਗਤੀਆਂ ਦੇ ਕਪੜੇ ਖਿਚਣ ਲੱਗੇ ਤਾਂ ਮੰਗਤੇ ਉੱਠ ਕੇ ਤੁਰ ਪਏ। "ਕਹਿਰ ਮਾਲਿਕ ਦਾ।" ਇਕ ਬੁੱਢੇ ਮੰਗਤੇ ਨੇ ਹਵਾਲਦਾਰ ਵੱਲ ਹੱਥ ਕਰਕੇ ਕਿਹਾ। "ਸਰਕਾਰ ਮਰੇ ਨੂੰ ਮਾਰ ਕੇ ਕਾਹਦੀ ਬਹਾਦਰੀ। ਅਸੀਂ ਤਾਂ ਪਹਿਲਾਂ ਹੀ ਮਰੇ ਹੋਏ ਹਾਂ।"

ਮੰਗਤੇ ਤੇ ਮੰਗਤੀਆਂ ਬੁੜ ਬੁੜ ਕਰਦੇ ਮੁਸਾਫਰ ਖਾਨੇ ਤੋਂ ਬਾਹਰ ਨਿਕਲ ਕੇ ਬਾਹਰਲੀ ਕੰਧ ਦੇ ਕੋਲ ਖੜ੍ਹ ਗਏ। "ਬੈਠ ਜਾਉ ਇਥੇ।"

"ਇਥੇ ਬਾਹਰ ਹੀ?" ਇਕ ਮੁਟਿਆਰ ਮੰਗਤੀ ਨੇ ਕਿਹਾ।

"ਇਨ੍ਹਾਂ ਨੂੰ ਜਾ ਲੈਣ ਦਿਉ। ਫੇਰ ਅੰਦਰ ਚਲੇ ਜਾਵਾਂਗੇ।"

ਸਟੇਸ਼ਨ ਦੇ ਸਾਹਮਣੇ ਵਾਲਾ ਥਾਂ ਖਾਲੀ ਹੋ ਗਿਆ ਸੀ। ਤਾਂਗਿਆਂ ਦੀ ਟਾਪ, ਘੁੰਗਰੂਆਂ ਦੀ ਛਣਛਣਾਹਟ ਤੇ ਛੈਂਟੇ ਦੀ ਛਾਂ ਛਾਂ ਦੀ ਅਵਾਜ਼ ਦੂਰ ਚਲੇ ਗਈ ਸੀ। ਕੁਲੀ ਵੀ ਆਪਣੀ ਦਿਨ ਭਰ ਦੀ ਕਮਾਈ ਸੰਭਾਲ ਕੇ ਆਪਣੇ ਆਪਣੇ ਘਰਾਂ ਨੂੰ ਜਾ ਰਹੇ ਸਨ।

ਗੱਡੀ ਤੇ ਮੁਸਾਫਰਾਂ ਦੇ ਜਾਣ ਤੋਂ ਬਾਅਦ ਰੇਲਵੇ ਸਟੇਸ਼ਨ ਬਿਲਕੁਲ ਸੁੰਨਸਾਨ ਹੋ ਗਿਆ ਸੀ। ਸਾਹਮਣੇ ਤੋਂ ਕਈ ਕੁੱਤੇ ਆਏ ਤੇ ਪੂਛ ਚੱਕੀ, ਹੌਂਕਦੇ ਹੋਏ ਪਲੇਟਫਾਰਮ ਵੱਲ ਚਲੇ ਗਏ। ਸਟੇਸ਼ਨ ਦੇ ਸੱਜੇ ਪਾਸੇ ਬੱਸ ਅੱਡੇ ਕੋਲ ਦੀਆਂ ਦੁਕਾਨਾਂ ਵੀ ਬੰਦ ਹੋ ਰਹੀਆਂ ਸਨ।

ਸੜਕ ਦੀ ਰੌਣਕ ਵੀ ਘੱਟ ਗਈ ਤਾਂ ਕਾਲੀ ਵੀ ਆਪਣੀ ਜਗ੍ਹਾ ਤੋਂ ਹਿਲਿਆ। ਉਹਦੇ ਕਦਮ ਮੁਸਾਫਰ ਖਾਨੇ ਵੱਲ ਵਧਣ ਲੱਗੇ ਪਰ ਉਹ ਉਹਨੀਂ ਪੈਰੀਂ ਹੀ ਮੁੜ ਆਇਆ ਕਿਉਂਕਿ ਸਿਪਾਹੀਆਂ ਨਾਲ ਨਵਾਂ ਹਵਾਲਦਾਰ ਉਥੇ ਬੈਠਾ ਚਾਹ ਪੀ ਰਿਹਾ ਸੀ।

ਕਾਲੀ ਬੱਸ ਅੱਡੇ ਵੱਲ ਆ ਗਿਆ। ਹੌਲੀ ਹੌਲੀ ਪੈਰ ਚੁੱਕਦਾ ਉਹ ਬੰਦ ਦੁਕਾਨਾਂ ਦੇ ਨੇੜੇ ਆ ਗਿਆ। ਦੁਕਾਨਾਂ ਦੇ ਸਾਹਮਣੇ ਪਈਆਂ ਬੈਂਚਾਂ ਖਾਲੀ ਸਨ। ਕਾਲੀ ਨੇ ਰਾਤ ਉਨ੍ਹਾਂ ਬੈਂਚਾਂ ਤੇ ਸੌਂ ਕੇ ਗੁਜ਼ਾਰਨ ਬਾਰੇ ਸੋਚਿਆ।

ਉਹ ਅਜੇ ਬੈਂਚ ਤੋਂ ਥੋੜੀ ਦੂਰ ਹੀ ਗਿਆ ਸੀ ਕਿ ਠੰਡੀ ਹੋ ਰਹੀ ਭੱਠੀ ਲਾਗਿਉ ਇਕ ਕੁੱਤਾ ਨਿਕਲਿਆ ਤੇ ਟੱਪ ਟੱਪ ਕੇ ਉਹਨੂੰ ਭੌਂਕਣ ਲੱਗਾ। ਪਲ ਕੁ ਪਿਛੋਂ ਕਈ ਹੋਰ ਕੁੱਤੇ ਭੌਂਕਦੇ ਹੋਏ ਆ ਗਏ ਤੇ ਕਾਲੀ ਦੁਆਲੇ ਘੁਮੇਰੇ ਕੱਢਣ ਲੱਗੇ।

ਕੁੱਤਿਆਂ ਤੋਂ ਬਚਦਾ ਬਚਾਂਦਾ ਕਾਲੀ ਦੁਕਾਨਾਂ ਕੋਲੋਂ ਬੱਸ ਅੱਡੇ ਵੱਲ ਆ ਗਿਆ। ਉਹਨੇ ਸੋਚਿਆ ਕਿ ਸ਼ਹਿਰ ਦਾ ਕੁੱਤਾ ਤਾਂ ਕੁੱਤੇ ਦਾ ਮਦਦਗਾਰ ਹੈ ਪਰ ਆਦਮੀ ਨਹੀਂ।

ਆਪਣੇ ਇਕੱਲੇਪਣ ਕਰਕੇ ਕਾਲੀ ਉਦਾਸ ਹੋ ਗਿਆ ਤੇ ਬੱਸ ਅੱਡੇ ਦੇ ਖਾਲੀ ਬਰਾਂਡੇ ਦੇ ਇਕ ਕੋਨੇ ਵਿਚ ਚਾਦਰ ਵਿਛਾ ਕੇ ਲੰਮਾ ਪੈ ਗਿਆ ਤੇ ਆਉਣ ਵਾਲੀ ਸਵੇਰ ਬਾਰੇ ਸੋਚਣ ਲੱਗਾ।

## ਦੋ

ਰੇਲਵੇ ਸਟੇਸ਼ਨ 'ਤੇ ਤੜਕੇ ਦੀਆਂ ਗੱਡੀਆਂ ਦੇ ਰੌਲੇ ਕਰਕੇ ਕਾਲੀ ਦੀ ਅੱਖ ਸੁਵੱਖਤੇ ਖੁੱਲ ਗਈ। ਕਈਆਂ ਦਿਨਾਂ ਦੀ ਥਕਾਵਟ ਤੇ ਦਿਮਾਗੀ ਪਰੇਸ਼ਾਨੀ ਤੋਂ ਬਾਅਦ ਉਹ ਆਪਣੇ ਆਪ ਨੂੰ ਕਿਸੇ ਹੱਦ ਤੱਕ ਹਲਕਾ ਤੇ ਤੰਦਰੁਸਤ ਮਹਿਸੂਸ ਕਰ ਰਿਹਾ ਸੀ। ਜਦ ਉਹਨੂੰ ਅੱਡੇ ਦੇ ਪਿਛਵਾੜੇ ਵਲੋਂ ਕੁੱਝ ਅਵਾਜ਼ਾਂ ਸੁਣਾਈ ਦਿੱਤੀਆਂ ਤਾਂ ਉਹ ਘਬਰਾ ਗਿਆ ਤੇ ਦੱਬੇ ਪੈਰੀਂ ਸੜਕ ਦੇ ਕੰਢੇ ਆ ਕੇ ਖੜ੍ਹ ਗਿਆ।

ਥੋੜ੍ਹੇ ਹੀ ਸਮੇਂ ਬਾਅਦ ਅੱਡੇ ਦੇ ਪਿਛਵਾੜਿਉਂ ਚਾਰ ਆਦਮੀ ਗੱਲਾਂ ਕਰਦੇ ਹੋਏ ਅੰਦਰਲੇ ਦਰਵਾਜ਼ੇ ਰਾਹੀਂ ਬਾਹਰ ਖੁੱਲੇ ਵਿਹੜੇ ਵਿਚ ਆ ਗਏ। ਉਹਨਾਂ ਨੇ ਇਕ ਕੋਨੇ ਵਿਚ ਪਈਆਂ ਖਾਲੀ ਬੋਤਲਾਂ ਚੁੱਕੀਆਂ ਤੇ ਨਲਕੇ ਤੋਂ ਪਾਣੀ ਨਾਲ ਭਰ ਕੇ ਰੇਲਵੇ ਸਟੇਸ਼ਨ ਦੀ ਬਾਹਰਲੀ ਕੰਧ ਦੇ ਨਾਲ ਤੁਰਦੇ ਹੋਏ ਰੇਲਵੇ ਰੋਡ ਵੱਲ ਚਲੇ ਗਏ। ਪਰ ਕੁੱਝ ਲੋਕ ਖਾਲੀ ਹੱਥੀਂ ਹੀ ਬੱਸ ਅੱਡੇ ਦੀ ਪਿਛਲੀ ਛੋਟੀ ਕੰਧ ਟੱਪ ਕੇ ਢਲਾਨ ਵਿਚ ਉੱਤਰ ਗਏ।

ਕਾਲੀ ਵੀ ਕੰਧ ਟੱਪ ਕੇ ਉਨ੍ਹਾਂ ਦੇ ਪਿੱਛੇ ਪਿੱਛੇ ਤੁਰਨ ਲੱਗਾ। ਉਹ ਛੇਤੀ ਹੀ ਖੁੱਲੀ ਜਗ੍ਹਾ 'ਚ ਪਹੁੰਚ ਗਿਆ। ਉਥੇ ਸੈਂਕੜੇ ਹੀ ਲੋਕ ਜੰਗਲ-ਪਾਣੀ ਬੈਠੇ ਸਨ। ਕਾਲੀ ਵੀ ਬਚਦਾ ਬਚਦਾ ਹੌਲੀ ਜਿਹੇ ਇਕ ਖਾਲੀ ਥਾਂ ਜਾ ਬੈਠਾ। ਉਥੋਂ ਉਠ ਕੇ ਉਹ ਛੱਪੜ ਵੱਲ ਨੂੰ ਚਲਾ ਗਿਆ।

ਉਹ ਆਪਣੇ ਆਪ ਨੂੰ ਹੋਰ ਵੀ ਹਲਕਾ ਮਹਿਸੂਸ ਕਰਨ ਲੱਗਾ ਕਿਉਂਕਿ ਇਕ ਅਣਜਾਣ ਜਗ੍ਹਾ 'ਚ ਸਵੇਰ ਦੀ ਇਕ ਬਹੁਤ ਵੱਡੀ ਜ਼ਰੂਰਤ ਅਸਾਨੀ ਨਾਲ ਪੂਰੀ ਹੋ ਗਈ ਸੀ। ਉਹ ਕੰਧ ਟੱਪ ਕੇ ਅੱਡੇ ਦੇ ਅੰਦਰ ਆ ਗਿਆ। ਦੋ ਬੱਸਾਂ ਖੁੱਲੇ ਵਿਹੜੇ ਵਿਚ ਖੜੀਆਂ ਸਨ। ਡਰਾਈਵਰ ਇੰਜ਼ਨ ਨੂੰ ਸਟਾਰਟ ਕਰਨ ਲੱਗੇ ਹੋਏ ਸਨ ਜਦ ਕਿ ਕਲੀਨਰ ਕਪੜੇ ਨਾਲ ਬੱਸ ਨੂੰ ਬਾਹਰੋਂ ਝਾੜ ਪੂੰਝ ਰਹੇ ਸਨ।

ਬੱਸ ਅੱਡੇ ਦੇ ਨਾਲ ਰੇਲਵੇ ਰੋਡ ਤੇ ਹਲਵਾਈਆਂ ਦੀਆਂ ਦੁਕਾਨਾਂ ਤੇ ਅੰਗੀਠੀਆਂ ਬੱਲ ਰਹੀਆਂ ਸਨ ਤੇ ਸਫਾਈ ਦੇ ਬਾਅਦ ਸਮਾਨ ਨੂੰ ਚੰਗੀ ਤਰ੍ਹਾਂ ਟਿਕਾਇਆ ਜਾ ਰਿਹਾ ਸੀ।

ਬੱਸਾਂ ਦੀ ਸਫਾਈ ਤੋਂ ਬਾਅਦ ਡਰਾਈਵਰ ਤੇ ਕਲੀਨਰ ਦੁਕਾਨਾਂ ਵਿਚ ਜਾ ਬੈਠੇ ਤਾਂ ਆਪਣੇ ਚਾਰੇ ਪਾਸੇ ਦੇਖਦਾ ਹੋਇਆ ਕਾਲੀ ਨਲਕੇ ਵੱਲ ਇਦਾਂ ਜਾਣ ਲੱਗਾ ਜਿਵੇਂ ਚੋਰੀ ਕਰਨ ਜਾ ਰਿਹਾ ਹੋਵੇ। ਉਹਦਾ ਜੀਅ ਕੀਤਾ ਕਿ ਉਹ ਨਹਾ ਲਵੇ ਤਾਂ ਜੋ ਸਰੀਰ ਹੋਰ ਵੀ ਹਲਕਾ ਹੋ ਜਾਵੇ। ਲੇਕਿਨ ਉਹਨੇ ਇਰਾਦਾ ਬਦਲ ਲਿਆ ਕਿ ਪਤਾ ਨਹੀਂ ਜੇ ਬਾਹਰ ਦੇ ਲੋਕਾਂ ਨੂੰ ਬੱਸ ਅੱਡੇ ਦੇ ਨਲਕੇ ਤੇ ਨਾਉਣ ਧੋਣ ਦੀ ਇਜਾਜ਼ਤ ਹੈ ਜਾਂ ਨਹੀਂ।

ਮੂੰਹ ਹੱਥ ਧੋ ਕਾਲੀ ਖਾਲੀ ਬੱਸਾਂ ਦੇ ਕੋਲ ਆ ਗਿਆ। ਇਕ ਅਧੇੜ ਉਮਰ ਦਾ ਆਦਮੀ ਜ਼ੋਰ ਜ਼ੋਰ ਚਿਲਾਅ ਰਿਹਾ ਸੀ। "ਚੱਲ ਬਈ, ਲੁਧਿਆਣਾ, ਫਗਵਾੜਾ, ਗੁਰਾਇਆਂ, ਫਿਲੌਰ।"

ਫੇਰ ਉਹ ਦੂਜੀ ਲਾਰੀ ਦਾ ਬੋਨਟ ਥਪਥਪਾਉਂਦਾ ਹੋਇਆ ਹੋਕਾ ਦਿੰਦਾ-"ਚੱਲ ਬਈ, ਚਹੇੜੂ, ਫਗਵਾੜਾ, ਬਹਿਰਾਮ, ਬੰਗਾ, ਨਵਾਂ ਸ਼ਹਿਰ।"

ਉਹ ਅਵਾਜ਼ ਬਦਲ ਬਦਲ ਕੇ ਤੇ ਥਾਵਾਂ ਦੇ ਨਾਂ ਅੱਗੇ ਪਿੱਛੇ ਕਰਕੇ ਵਾਰ ਵਾਰ ਬੋਲ ਰਿਹਾ ਸੀ। "ਸ਼ਿੰਗਾਰਿਆ, ਜ਼ੋਰ ਨਾਲ ਸਾਫ ਅਵਾਜ਼ ਦੇ। ਪਾਟੇ ਹੋਏ ਢੋਲ ਵਾਂਗ ਕਿਉਂ ਬਾਂ-ਬਾਂ ਕਰ ਰਿਹਾ?" ਬੱਸ ਦੇ ਕਲੀਨਰ ਗਿਆਨ ਨੇ ਹੱਸਦਿਆਂ ਕਿਹਾ।

"ਕੀ ਕਰਾਂ ਭਾਅ, ਸੰਘ ਬੈਠ ਗਿਆ। ਕੱਲ੍ਹ ਕੱਚੀ ਸੜਕ ਤੇ ਲਾਰੀ 'ਚ ਚਲਾ ਗਿਆ। ਸੰਘ ਵਿਚ ਧੂੜ ਭਰ ਗਈ ਹੈ।" ਸ਼ਿੰਗਾਰੇ ਨੇ ਖੰਘ ਕੇ ਸੰਘ ਸਾਫ ਕਰਨ ਦਾ ਯਤਨ ਕੀਤਾ।

"ਤਾਂ ਰਾਤ ਨੂੰ ਸ਼ਰਾਬ ਨਾਲ ਗਰਾਰੇ ਕਰ ਲੈਂਦਾ। ਇਸ ਕੰਮ ਲਈ ਤਾਂ ਪਾਈਆ ਕੁ ਹੀ ਬਥੇਰੀ ਸੀ। ਸੰਘ ਵੀ ਸਾਫ ਹੋ ਜਾਂਦਾ ਤੇ ਨੀਂਦ ਵੀ ਵਧੀਆ ਆਉਂਦੀ।" ਗਿਆਨ ਮਿਨ੍ਹਾ ਜਿਹਾ ਹੱਸਿਆ।

"ਭਾ ਜੀ ਬਹੁਤ ਮਹਿੰਗਾ ਇਲਾਜ ਦੱਸ ਰਹੇ ਹੋ। ਐਸ ਕੰਮ ਨਾਲ ਢਿੱਡ ਭਰ ਕੇ ਰੋਟੀ ਤਾਂ ਮਿਲਦੀ ਨਹੀਂ, ਐਨਾ ਮਹਿੰਗਾ ਇਲਾਜ ਕਿਵੇਂ ਕਰੀਏ?" ਸ਼ਿੰਗਾਰਾ ਬੱਸਾਂ ਦੇ ਦੁਆਲੇ ਗੇੜੇ ਕੱਢਦਾ ਹੋਇਆ ਅਵਾਜ਼ ਦੇ ਰਿਹਾ ਸੀ।

"ਉਏ ਹੋਕੇ ਦਿਆ ਪੁੱਤਰਾ, ਬਾਹਰ ਸੜਕ ਤੇ ਜਾ ਕੇ ਅਵਾਜ਼ ਦੇ। ਅੱਡੇ ਦੇ ਅੰਦਰ ਤਾਂ ਅੰਨੇ ਤੇ ਬੋਲੇ ਨੂੰ ਵੀ ਪਤਾ ਲੱਗ ਜਾਊ ਕਿ ਜਲੰਧਰ-ਲੁਧਿਆਣਾ ਤੇ ਜਲੰਧਰ-ਨਵਾਂ ਸ਼ਹਿਰ ਦੀਆਂ ਲਾਰੀਆਂ ਤਿਆਰ ਆ।" ਮੋਟੇ ਜਿਹੇ ਡਰਾਈਵਰ ਸੰਤਾ ਸਿੰਘ ਨੇ ਸ਼ਿੰਗਾਰੇ ਨੂੰ ਪਿਆਰ ਨਾਲ ਝਿੜਕਿਆ।

ਸ਼ਿੰਗਾਰਾ ਹੱਸਦਾ ਹੋਇਆ ਸੜਕ ਵੱਲ ਨੂੰ ਤੁਰ ਪਿਆ। ਉਹਨੇ ਖੱਬੇ ਹੱਥ ਦੇ ਅੰਗੂਠੇ ਨੂੰ ਗੱਲ੍ਹ ਤੇ ਟਿਕਾ ਚਾਰੇ ਉਂਗਲੀਆਂ ਮੂੰਹ ਦੇ ਪਾਸੇ ਨਾਲ ਜੋੜ ਕੇ ਉੱਚੀ ਉੱਚੀ ਹੋਕਾ ਦੇਣ ਲੱਗਾ, "ਚੱਲ ਲੁਧਿਆਣਾ...ਲੁਧਿਆਣਾ, ਫਗਵਾੜਾ-ਫਗਵਾੜਾ ...ਬੰਗਾ...ਬੰਗਾ...ਫਿਲੌਰ-ਗੁਰਾਇਆਂ...ਨਵਾਂ ਸ਼ਹਿਰ...ਨਵਾਂ ਸ਼ਹਿਰ। ਡਾਕ ਗੱਡੀਆਂ ਜਾਣ ਹੀ ਵਾਲੀਆਂ ਹਨ।"

ਸ਼ਿੰਗਾਰੇ ਦੀ ਪਾਟੀ ਅਵਾਜ਼ ਨੂੰ ਸੁਣ ਕੇ ਸੰਤਾ ਸਿੰਘ ਜ਼ੋਰ ਜ਼ੋਰ ਦੀ ਹੱਸਣ ਲੱਗਾ। ਉਹਦੀਆਂ ਖੁੱਚਾਂ ਤੇ ਢਿਲਕੇ ਢਿੱਡ ਵਿਚ ਹੱਸਣ ਕਰਕੇ ਲਹਿਰਾਂ ਜਿਹੀਆਂ ਉਠ ਰਹੀਆਂ ਸਨ। ਕੁੱਝ ਸਵਾਰੀਆਂ ਨੂੰ ਅੱਡੇ ਵਿਚ ਵੜਦਿਆਂ ਦੇਖ ਕੇ ਸੰਤਾ ਸਿੰਘ ਤੇ ਗਿਆਨ ਬੈਂਚ ਤੋਂ ਉਠ ਕੇ ਆਪਣੀ ਬੱਸ ਕੋਲ ਆ ਗਏ। ਗਿਆਨ ਗੱਡੀ ਦੇ ਪਿਛਲੇ ਬੂਹੇ ਕੋਲ ਖੜ੍ਹ ਗਿਆ ਜਦੋਂ ਕਿ ਸੰਤਾ ਸਿੰਘ ਨੇ ਆਪਣੀ ਸੀਟ ਸੰਭਾਲ ਲਈ। ਉਹਨੇ ਹਿਲ ਜੁਲ ਕੇ ਆਪਣੇ ਢਿੱਡ ਨੂੰ ਸਟੇਰਿੰਗ ਵੀਲ੍ਹ ਤੇ ਸੀਟ ਦੇ ਵਿਚਾਲੇ ਖ਼ਾਲੀ ਜਗ੍ਹਾ ਵਿਚ ਚੰਗੀ ਤਰ੍ਹਾਂ ਟਿਕਾਇਆ। ਇਸ ਤਰ੍ਹਾਂ ਕਰਦਿਆਂ ਉਸ ਦਾ ਸਾਹ ਫੁੱਲ ਗਿਆ। ਸਾਹ ਨੂੰ ਠੀਕ ਕਰਨ ਲਈ ਉਹ ਖੰਘਣ ਲੱਗਾ। ਸੰਤਾ ਸਿੰਘ ਦੇ ਢਿੱਡ ਸੰਭਾਲਣ ਦੇ ਤਰੀਕੇ ਨੂੰ ਗਿਆਨ ਬੜੇ ਧਿਆਨ ਨਾਲ ਦੇਖ ਰਿਹਾ ਸੀ। ਸ਼ਿਗਾਰੇ ਨੂੰ ਵੀ ਹੋਕਾ ਦੇਣ ਦਾ ਚੇਤਾ ਭੁੱਲ ਗਿਆ। ਉਹਦੇ ਵੱਲ ਝੁਕ ਕੇ ਗਿਆਨ ਬੁੜਬੜਾਇਆ, ਤਾਏ ਦੇ ਢਿੱਡ 'ਚ ਜੇ ਬੱਚੇ ਹੋਏ ਤਾਂ ਅੱਧੀ ਦਰਜਨ ਤੋਂ ਘੱਟ ਨਹੀਂ ਹੋਣੇ।"

"ਤੇ ਜੇ ਗੰਦ ਭਰਿਆ ਹੋਇਆ ਤਾਂ ਘੱਟ ਤੋਂ ਘੱਟ ਅੱਧੇ ਸ਼ਹਿਰ ਦਾ ਜ਼ਰੂਰ ਹੋਵੇਗਾ।" ਸ਼ਿੰਗਾਰਾ ਖੀਂ ਖੀਂ ਕਰਕੇ ਹੱਸਿਆ।

"ਤੇ ਜੇ ਸ਼ਰਾਬ ਹੋਈ ਤਾਂ ਪੰਜ ਸੱਤ ਡਰੱਮ ਅਸਾਨੀ ਨਾਲ ਨਿਕਲ ਆਉਣਗੇ।" ਗਿਆਨ ਖੁੱਲ ਕੇ ਹੱਸਿਆ।

ਸੰਤਾ ਸਿੰਘ ਨੂੰ ਪਤਾ ਸੀ ਕਿ ਉਹ ਉਹਦੀ ਗੋਗੜ ਦਾ ਮਜ਼ਾਕ ਉਡਾ ਰਹੇ ਹਨ। ਗਰਦਨ ਘੁਮਾ ਕੇ ਗੁੱਸੇ ਭਰੀਆਂ ਅੱਖਾਂ ਨਾਲ ਦੋਨਾਂ ਵੱਲ ਦੇਖਦਾ ਉਹ ਦੰਦ ਪੀਹਣ ਲੱਗਾ, "ਹੋਕਾ ਤੁਹਾਡਾ ਪਿਉ ਦੇਉਗਾ? ਸਾਲੇ ਇਦਾਂ ਖੀਂ ਖੀਂ ਕਰਦੇ ਆ ਜਿਵੇਂ ਨਕਲਾਂ ਦੇਖ ਰਹੇ ਹੋਣ।"

ਸ਼ਿੰਗਾਰੇ ਨੇ ਹਾਸੇ ਨੂੰ ਰੋਕਣ ਲਈ ਮੂੰਹ ਤੇ ਹੱਥ ਰੱਖ ਲਿਆ ਤੇ ਹੌਲੀ ਜਿਹੇ ਉਥੋਂ ਖਿਸਕ ਗਏ ਅਤੇ ਅਲੱਗ ਅਲੱਗ ਪਾਸੇ ਜਾ ਕੇ ਉੱਚੀ ਉੱਚੀ ਹੋਕਾ ਦੇਣ ਲੱਗੇ। "ਭਾਈ, ਲੁਧਿਆਣਾ, ਫਗਵਾੜਾ, ਗੁਰਾਇਆਂ, ਫਿਲੌਰ, ਬਹਿਰਾਮ, ਬੰਗਾ, ਨਵਾਂ ਸ਼ਹਿਰ...ਨਵਾਂ ਸ਼ਹਿਰ, ਲੁਧਿਆਣਾ। ਗੱਡੀਆਂ ਤਿਆਰ ਹਨ।"

ਬੱਸਾਂ ਨੂੰ ਤਿਆਰ ਦੇਖ ਕੇ ਸੜਕ ਤੇ ਜਾਂਦੀਆਂ ਦੋ ਮੰਗਤੀਆਂ ਅੱਡੇ ਵਿਚ ਆ ਗਈਆਂ। ਗਿਆਨ ਦੇ ਮੋਹਰੇ ਹੱਥ ਫੈਲਾ ਗਿੜਗਿੜਾ ਕੇ ਭੀਖ ਮੰਗਣ ਲੱਗੀਆਂ।

"ਸ਼ਿੰਗਾਰਿਆ ਇਨ੍ਹਾਂ ਦਾ ਹਾਲ ਦੇਖ।" ਗਿਆਨ ਨੇ ਮੰਗਤੀਆਂ ਵੱਲ ਇਸ਼ਾਰਾ ਕਰਕੇ ਕਿਹਾ, "ਸਵੇਰ ਤੋਂ ਕਿਸੇ ਸਵਾਰੀ ਦਾ ਮੂੰਹ ਨਹੀਂ ਦੇਖਿਆ। ਅਜੇ ਇਕ ਵੀ ਟਿਕਟ ਨਹੀਂ ਕੱਟੀ ਤੇ ਇਹ ਸਵੇਰੇ ਸਵੇਰੇ ਆ ਧਮਕੀਆਂ।"

"ਰੱਬ ਭਾਗ ਲਾਵੇ। ਵੇਹੜੇ ਹਸਦੇ ਵਸਦੇ ਰਹਿਣ।" ਮੰਗਤੀਆਂ ਨੇ ਆਪਣੀ ਰੱਟ ਜਾਰੀ ਰੱਖੀ।

"ਜਾਉ, ਬੱਸਾਂ ਦਾ ਮਾਲਿਕ ਮੋਹਰੇ ਬੈਠਾ ਆ। ਡਰਾਈਵਰ ਦੀ ਸੀਟ 'ਤੇ। ਉਹਦੇ ਕੋਲੋਂ ਮੰਗੋ। ਮਨ 'ਚ ਦਇਆ ਆ ਗਈ ਤਾਂ ਝੋਲੀ ਭਰ ਦੇਊਗਾ।" ਸ਼ਿੰਗਾਰੇ ਨੇ ਸੰਤਾ ਸਿੰਘ ਵੱਲ ਇਸ਼ਾਰਾ ਕੀਤਾ।

ਮੰਗਤੀਆਂ ਸੰਤਾ ਸਿੰਘ ਦੀ ਸੀਟ ਕੋਲ ਜਾ ਕੇ ਭੀਖ ਮੰਗਣ ਲੱਗੀਆਂ। ਸੰਤਾ ਸਿੰਘ ਦੀ ਉਮਰ ਦੇ ਹਿਸਾਬ ਨਾਲ ਉਹਨਾਂ ਨੇ ਅਸੀਸਾਂ ਵੀ ਬਦਲ ਦਿੱਤੀਆਂ, "ਸਰਦਾਰਾ ਤੂੰ ਬਾਰਾਂ ਪੋਤਿਆਂ ਦਾ ਮੂੰਹ ਚੁੰਮੇਂ। ਲਾਰੀਆਂ ਚਲਦੀਆਂ ਰਹਿਣ। ਰੱਬ ਰੱਜ ਕੇ ਭਾਗ ਲਾਵੇ। ਬਸ, ਚਾਹ ਜੋਗੇ ਪੈਸੇ ਦੇ ਦੇ।"

ਸੰਤਾ ਸਿੰਘ ਨੇ ਪਹਿਲਾਂ ਤਾ ਮੰਗਤੀਆਂ ਨੂੰ ਅਣਦੇਖਾ ਕਰਨ ਲਈ ਮੂੰਹ ਦੂਜੇ ਪਾਸੇ ਫੇਰ ਲਿਆ। ਪਰ ਜਦ ਉਹ ਅਸੀਸਾਂ ਦੇ ਨਾਲ ਨਾਲ ਖਿੜਕੀਆਂ ਤੇ ਹੱਥ ਮਾਰਨ ਲੱਗੀਆਂ ਤਾਂ ਸੰਤਾ ਸਿੰਘ ਨੇ ਗੁੱਸੇ ਨਾਲ ਉਹਨਾਂ ਵੱਲ ਦੇਖਿਆ, "ਦੌੜੋ ਇਥੋਂ। ਮੁਸ਼ਟੰਡੀਆਂ ਕਿਤੋਂ ਦੀਆਂ।"

ਪਰ ਜਦੋਂ ਮੰਗਤੀਆਂ ਬਹਿਸ ਕਰਨ ਤੇ ਉੱਤਰ ਆਈਆਂ ਤਾਂ ਸੰਤਾ ਸਿੰਘ ਨੇ ਧਮਕੀ ਦਿੱਤੀ, "ਭਲਮਾਣਸੀ ਨਾਲ ਜਾਂਦੀਆਂ ਜਾਂ ਚੱਕਾਂ ਹੈਂਡਲ?" "ਸਰਦਾਰਾ ਖੈਰ ਨਾ ਦੇ। ਮਿੱਠਾ ਤਾਂ ਬੋਲ। ਬੋਹਣੀ ਦਾ ਟਾਈਮ ਆ।" ਇਕ ਮੰਗਤੀ ਨੇ ਸੰਤਾ ਸਿੰਘ ਵੱਲ ਜ਼ੋਰ ਜ਼ੋਰ ਨਾਲ ਹੱਥ ਲਹਿਰਾਇਆ ਤੇ ਦੂਜੀ ਮੰਗਤੀ ਦੀ ਬਾਂਹ ਫੜ੍ਹ ਲਾਰੀ ਵੱਲ ਗੁੱਸੇ ਨਾਲ ਦੇਖਿਆ, "ਚੱਲ ਟੇਸ਼ਨ 'ਤੇ ਹੀ ਚਲਦੇ ਹਾਂ। ਸਵੇਰੇ ਸਵੇਰੇ ਕਜੂੰਸ ਦੇ ਮੱਥੇ ਲੱਗੇ ਆਂ। ਰੱਬ ਖ਼ੈਰ ਕਰੇ।"

ਸੰਤਾ ਸਿੰਘ ਮੰਗਤੀਆ ਵੱਲ ਦੇਖਦਾ ਰਿਹਾ। ਜਦੋਂ ਉਹ ਅੱਡੇ ਤੋਂ ਬਾਹਰ ਨਿਕਲ ਗਈਆਂ ਤਾਂ ਉਹ ਦੋਨੋਂ ਹੱਥ ਸਟੇਰਿੰਗ ਵੀਲ੍ਹ ਤੇ ਟਿਕਾ ਕੇ ਅਰਾਮ ਨਾਲ ਬੈਠ ਗਿਆ।

ਸ਼ਿੰਗਾਰਾ ਤੇ ਗਿਆਨ ਹੋਕਾ ਦਿੰਦੇ ਦਿੰਦੇ ਥੱਕ ਕੇ ਚੁੱਪ ਹੋ ਗਏ। ਸ਼ਿੰਗਾਰੇ ਨੇ ਚਾਰੇ ਪਾਸੇ ਦੇਖ ਕੇ ਗਿਆਨ ਨੂੰ ਪੁੱਛਿਆ -"ਰਾਤੀਂ ਮਜ਼ਦੂਰਾਂ ਵਿਚੋਂ ਅੱਡੇ 'ਤੇ ਕੌਣ ਰਿਹਾ ਸੀ?"

"ਸੋਮਾ ਸੀ।"

"ਉਹ ਤਾਂ ਸਵੇਰ ਦਾ ਦਿਸਿਆ ਹੀ ਨਹੀਂ। ਕਿੱਥੇ ਮਰ ਗਿਆ?"

"ਸਵੇਰੇ ਤਾਂ ਇੱਥੇ ਸੀ। ਜੰਗਲ- ਪਾਣੀ ਸਾਡੇ ਨਾਲ ਹੀ ਗਿਆ ਸੀ।"

ਸੋਮੇ ਨੂੰ ਕੰਧ ਟੱਪ ਕੇ ਅੱਡੇ 'ਚ ਆਉਂਦਾ ਦੇਖ ਕੇ ਗਿਆਨ ਨੇ ਉਹਦੀ ਵੱਲ ਇਸ਼ਾਰਾ ਕੀਤਾ, "ਲੈ, ਤੂੰ ਚੇਤੇ ਕਰ ਰਿਹਾ ਸੀ। ਸੋਮਾ ਆ ਗਿਆ।"

"ਕਿੱਥੇ ਚਲੇ ਗਿਆ ਸੀ ਤੂੰ?" ਸ਼ਿੰਗਾਰੇ ਨੇ ਰੋਅਬ ਨਾਲ ਪੁੱਛਿਆ।

"ਯਾਰਾ, ਪਿੰਡ ਦੇ ਦੁਕਾਨਦਾਰ ਦਾ ਮੰਡੀ ਦੇ ਲਾਲੇ ਲਈ ਜ਼ਰੂਰੀ ਸਨੇਹਾ ਸੀ। ਉਹ ਦੇਣ ਗਿਆ ਸੀ।"

'ਸਮਾਨ ਵਾਲੀ ਸਵਾਰੀ ਆ ਜਾਂਦੀ ਤਾਂ ਲਾਰੀ ਦੀ ਛੱਤ 'ਤੇ ਸਮਾਨ ਕੌਣ ਚੜਾਉਂਦਾ?" ਸ਼ਿੰਗਾਰੇ ਦਾ ਲਹਿਜਾ ਸਖਤ ਹੋ ਗਿਆ।

"ਯਾਰਾ, ਪਹਿਲੀਆਂ ਲਾਰੀਆਂ ਵਿਚ ਭਾਰੇ ਸਮਾਨ ਵਾਲੀ ਸਵਾਰੀਆਂ ਘੱਟ ਹੀ ਹੁੰਦੀ ਆ। ਵੈਸੇ ਵੀ ਮੈਨੂੰ ਮੰਡੀ ਤੱਕ ਫੇਰਾ ਹੀ ਪਿਆ। ਲਾਲੇ ਦੇ ਘਰ ਚਾਹ-ਲੱਸੀ ਵੀ ਨਹੀਂ ਪੀਤੀ।" ਸੋਮਾ ਹੱਥ ਰਗੜ ਕੇ ਮੁਸਕਰਾਇਆ।

"ਨਹੀਂ, ਲਾਲਾ ਤਾਂ ਤੈਨੂੰ ਦੇਸੀ ਘਿਉ ਤੇ ਕੇਸਰ-ਕਸਤੂਰੀ ਪਾ ਕੇ ਬੂਰੀ ਮੱਝ ਦਾ ਦੁੱਧ ਪਿਆਉਂਦਾ।" ਸ਼ਿਗਾਰੇ ਨੇ ਨਫਰਤ ਨਾਲ ਸਿਰ ਝਟਕਿਆ। "ਚਲ ਹੋਕਾ ਦੇ। ਅਸੀਂ ਬੋਲ-ਬੋਲ ਕੇ ਥੱਕ ਗਏ ਆਂ।"

ਸੋਮੇ ਨੇ ਸਿਰ 'ਤੇ ਲਪੇਟਿਆ ਸਾਫਾ ਖੋਲ੍ਹ ਕੇ ਕੱਛ 'ਚ ਦੇ ਲਿਆ ਤੇ ਸੜਕ ਦੇ ਕਿਨਾਰੇ ਖੜ੍ਹ ਕੇ ਜ਼ੋਰ ਜ਼ੋਰ ਨਾਲ ਲੁਧਿਆਣਾ, ਫਗਵਾੜਾ, ਨਵਾਂ ਸ਼ਹਿਰ ਦਾ ਹੋਕਾ ਦੇਣ ਲੱਗਾ। ਬਾਅਦ ਵਿਚ ਸ਼ਿੰਗਾਰਾ ਤੇ ਗਿਆਨ ਵੀ ਉਹਦੇ ਨਾਲ ਰਲ਼ ਗਏ।

ਦਿੱਲੀ, ਹੁਸ਼ਿਆਰਪੁਰ, ਅੰਮਿਤਸਰ ਤੋਂ ਗੱਡੀਆਂ ਆ ਜਾਣ ਦੇ ਬਾਅਦ ਬੱਸ ਅੱਡੇ ਤੇ ਰੌਣਕ ਵੱਧਣ ਲੱਗੀ। ਇਕ-ਇਕ ਦੋ-ਦੋ ਕਰਕੇ ਸਵਾਰੀਆਂ ਦੋਨਾਂ ਬੱਸਾਂ 'ਚ ਬੈਠ ਰਹੀਆਂ ਸਨ। ਸ਼ਿਗਾਰਾ,ਗਿਆਨ ਤੇ ਸੋਮੇ ਦੀਆਂ ਹਾਕਾਂ ਵੀ ਉੱਚੀ ਹੋਣ ਲੱਗੀਆਂ। ਸੋਮਾ ਸਮਾਨ ਨਾਲ ਲੱਦੀਆਂ ਸਵਾਰੀਆਂ ਆਉਣ 'ਤੇ ਹੋਕਾ ਲਾਉਣਾ ਬੰਦ ਕਰਕੇ ਉਹਨਾਂ ਦੇ ਕੋਲ ਚਲਾ ਜਾਂਦਾ।

ਕਾਲੀ ਨੂੰ ਲੱਗਾ ਕਿ ਉਹਨੂੰ ਬੱਸ ਅੱਡੇ 'ਤੇ ਵੀ ਕੰਮ ਕੰਮ ਮਿਲ ਸਕਦਾ ਹੈ। ਪਰ ਇਹ ਖਿਆਲ ਆਉਂਦੇ ਹੀ ਉਹ ਡਰ ਗਿਆ ਕਿ ਜੇ ਪਿੰਡ ਤੋਂ ਆਏ ਕਿਸੇ ਬੰਦੇ ਨੇ ਉਹਨੂੰ ਇਥੇ ਦੇਖ ਲਿਆ ਤਾਂ ਉਹਦਾ ਪੋਲ ਖੁੱਲ ਜਾਵੇਗਾ। ਉਹ ਨਿਰਾਸ਼ ਹੋ ਬਹੁਤ ਪਿਛੇ ਹੱਟ ਗਿਆ ਤੇ ਕੰਧ ਨਾਲ ਢਾਸਣਾ ਲਾ ਕੇ ਸੋਚਾਂ 'ਚ ਡੁੱਬ ਗਿਆ।

ਮਨ 'ਚ ਇਹ ਖਿਆਲ ਆਉਂਦੇ ਹੀ ਕਾਲੀ ਨੂੰ ਕੁੱਝ ਢਾਰਸ ਮਿਲੀ ਕਿ ਪਿੰਡ ਦੇ ਲੋਕ ਇੰਨੀ ਦੂਰ ਇਸ ਸ਼ਹਿਰ ਤੱਕ ਕਿਥੇ ਸਫਰ ਕਰਦੇ ਆ। ਉਹ ਤਾਂ ਨੇੜੇ ਤੇੜੇ ਦੇ ਪਿੰਡਾਂ ਤੱਕ ਹੀ ਰਿਸ਼ਤੇਦਾਰਾਂ ਦੇ ਕੋਲ ਆਉਂਦੇ ਜਾਂਦੇ ਆ। ਥਾਣੇ-ਕਚਹਿਰੀ 'ਚ ਕੰਮ ਹੋਵੇ ਤਾਂ ਟਾਂਡਾ-ਉੜਮੁੜ, ਦਸੂਹਾ ਜਾਂ ਜ਼ਿਆਦਾ ਤੋਂ ਜ਼ਿਆਦਾ ਹੁਸ਼ਿਆਰਪੁਰ ਤੱਕ ਚਲੇ ਜਾਣਗੇ। ਹਾਂ ਪਿੰਡ ਦਾ ਲਾਲਾ ਕਦੇ-ਕਦੇ ਸ਼ਾਇਦ ਇਥੇ ਸੌਦਾ ਲੈਣ ਮੰਡੀ 'ਚ ਆਉਂਦਾ ਜਾਂਦਾ ਹੋਵੇਗਾ। ਬਹੁਤ ਸਾਰੇ ਲੋਕਾਂ ਨੇ ਜਲੰਧਰ ਦੇਖਣਾ ਤਾਂ ਦੂਰ ਦੀ ਗੱਲ, ਸ਼ਾਇਦ ਇਸ ਦਾ ਨਾਂ ਵੀ ਨਾ ਸੁਣਿਆ ਹੋਵੇ। ਕਾਲੀ ਕੰਧ ਤੋਂ ਹਟ ਕੇ ਇਕ ਵਾਰ ਫੇਰ ਬੱਸਾਂ ਦੇ ਦੁਆਲੇ ਫਿਰਨ ਲੱਗਾ।

ਬੱਸਾਂ 'ਚ ਕਾਫੀ ਸਵਾਰੀਆਂ ਬੈਠ ਚੁੱਕੀਆਂ ਸਨ। ਗਿਆਨ ਨੇ ਸੂਰਜ ਵੱਲ ਦੇਖ ਕੇ ਸੰਤਾ ਸਿੰਘ ਨੂੰ ਅਵਾਜ਼ ਮਾਰੀ, "ਤਾਇਆ ਦੱਬ ਦੇ ਕਿੱਲੀ। ਟਾਇਮ ਹੋ ਗਿਆ। ਅਜੇ ਕਚਹਿਰੀ ਤੇ ਫਾਟਕ ਤੋਂ ਵੀ ਸਵਾਰੀਆਂ ਚੁੱਕਣੀਆਂ।

ਸੰਤਾ ਸਿੰਘ ਨੇ ਬੱਸ ਸਟਾਰਟ ਕਰ ਦਿੱਤੀ। ਗਿਆਨ ਬੱਸ ਦੀ ਪਿਛਲੀ ਖੁੱਲੀ ਖਿੜਕੀ ਦੇ ਡੰਡੇ 'ਤੇ ਖੜ੍ਹਾ ਹੋ ਕੇ ਜ਼ੋਰ ਜ਼ੋਰ ਦੀ ਹੋਕਾ ਦੇਣ ਲੱਗਾ।

ਥੋੜੇ ਜਿਹੇ ਫਰਕ ਨਾਲ ਦੋਨੋ ਬੱਸਾਂ ਕਾਲ਼ਾ ਤੇ ਮੁਸ਼ਕ ਮਾਰਦਾ ਧੂੰਆਂ ਛੱਡਦੀਆਂ, ਲੜਖੜਾਉਂਦੀਆਂ ਹੋਈਆਂ ਬਾਹਰ ਨਿਕਲ ਗਈਆਂ।

ਅੱਡੇ ਵਿਚ ਖਿਲਰੇ ਹੋਏ ਲੋਕ ਘੱਟਣ ਲੱਗੇ। ਆਪਾ-ਧਾਪੀ ਤੇ ਰੌਲ਼ਾ ਖਤਮ ਹੋਣ ਨਾਲ ਮਾਹੋਲ ਇਕ ਵਾਰ ਫਿਰ ਸ਼ਾਂਤ ਹੋ ਗਿਆ। ਸ਼ਿੰਗਾਰਾ ਤੇ ਸੋਮਾ ਵੀ ਇਕ ਚਾਹ ਦੀ ਦੁਕਾਨ ਦੇ ਬੈਂਚ 'ਤੇ ਬੈਠ ਕੇ ਸਿਗਰਟ ਪੀਂਦੇ ਇਧਰ ਉਧਰ ਦੀਆਂ ਗੱਲਾਂ ਕਰਨ ਲੱਗੇ। ਕਾਲੀ ਵੀ ਟਹਿਲਦਾ-ਟਹਿਲਦਾ ਉਹਨਾਂ ਦੇ ਨੇੜੇ ਚਲਾ ਗਿਆ ਤੇ ਕੁੱਝ ਦੂਰ ਖੜ੍ਹਾ ਹੋ ਕੇ ਉਨਾਂ ਦੀਆਂ ਗੱਲਾਂ ਧਿਆਨ ਨਾਲ ਸੁਣਨ ਲੱਗਾ। ਉਹਨੇ ਸੋਚਿਆ ਕਿ ਅੱਡੇ 'ਚ ਮਜ਼ਦੂਰੀ ਜਾਂ ਕੋਈ ਹੋਰ ਛੋਟਾ-ਮੋਟਾ ਕੰਮ ਲੱਭਣ ਲਈ ਉਨਾਂ ਨਾਲ ਗੱਲ ਕਰੇ। ਉਹ ਹੌਸਲਾ ਕਰਕੇ ਉਨਾਂ ਦੇ ਬਹੁਤ ਨੇੜੇ ਜਾ ਖੜਾ ਹੋਇਆ ਪਰ ਉਹ ਉਹਦੀ ਮੌਜੂਦਗੀ ਤੋਂ ਬੇ ਪਰਵਾਹ ਆਪਣੀਆਂ ਗੱਲਾਂ 'ਚ ਮਸਤ ਰਹੇ।

ਜਦ ਲੁਧਿਆਣੇ ਤੋਂ ਆਉਣ ਵਾਲੀ ਬੱਸ ਅੱਡੇ ਵਿਚ ਵੜੀ ਤਾਂ ਸੋਮਾ ਸਾਫੇ ਨੂੰ ਸਿਰ ਤੇ ਲਪੇਟਦਾ ਹੋਇਆ ਬੱਸ ਵੱਲ ਨੂੰ ਦੌੜ ਪਿਆ। ਸ਼ਿੰਗਾਰਾ ਅਰਾਮ ਕਰਨ ਦੇ ਲਈ ਖਾਲੀ ਬੈਂਚ ਤੇ ਲੰਮਾ ਪੈ ਗਿਆ। ਫੇਰ ਉਹ ਵੀ ਇਕ ਦਮ ਉਠ ਕੇ ਬੱਸ ਵੱਲ ਨੂੰ ਤੁਰ ਪਿਆ।

ਡਰਾਈਵਰ ਨੇ ਖਿੜਕੀ ਖੋਲ੍ਹ ਕੇ ਥੱਲੇ ਛਾਲ ਮਾਰੀ। "ਬਾਬਿਉ, ਸੱਤ ਸ੍ਰੀ ਅਕਾਲ।"

"ਸੱਤ ਸ੍ਰੀ ਅਕਾਲ। ਕੀ ਹਾਲ ਹੈ ਤੇਰਾ ਸ਼ਿੰਗਾਰਿਆ?"

"ਬਾਬਿਉ, ਠੀਕ ਹੈ। ਵਾਹਿਗੁਰੂ ਦੀ ਫੁੱਲ ਮੇਹਰ ਆ।" ਸ਼ਿੰਗਾਰੇ ਨੇ ਸੂਰਜ ਦੀ ਉਚਾਈ ਦਾ ਅੰਦਾਜ਼ਾ ਲਾਉਂਦਿਆਂ ਹੋਇਆਂ ਪੁੱਛਿਆ, "ਬਾਬਿਉ, ਅੱਜ ਲਾਰੀ ਲੇਟ ਨਈਂ ਆਈ?"

"ਹਾਂ, ਨਕੋਦਰ ਰੇਲ ਲਾਈਨ ਵਾਲਾ ਫਾਟਕ ਬੰਦ ਸੀ।" ਡਰਾਈਵਰ ਮਿਲਖਾ ਸਿੰਘ ਨੇ ਮੈਲੇ ਹੱਥਾਂ ਨੂੰ ਰਗੜਦਿਆਂ ਕਲੀਨਰ ਨੂੰ ਹਾਕ ਮਾਰੀ, "ਉਏ ਮੁਖਤਿਆਰਿਆ, ਜਾ ਦੌੜ ਕੇ ਵਰਕਸ਼ਾਪ ਤੋਂ ਪਿਆਰੂ ਮਕੈਨਿਕ ਨੂੰ ਲੈ ਕੇ ਆ। ਗੱਡੀ ਦਾ ਇੰਜ਼ਣ ਖੜਖੜ ਕਰਦਾ ਆ। ਉਹਨੂੰ ਕਹਿ ਬੋਨਟ ਚੁੱਕ ਕੇ ਇਕ ਵਾਰ ਚੈੱਕ ਕਰੇ।"

"ਬਾਬਿਉ, ਮੈਂ ਜੋ ਹਾਂ ਇਨਾਂ ਕੰਮਾਂ ਲਈ। ਮੁਖਤਿਆਰੇ ਨੇ ਤਾਂ ਅਜੇ ਅੱਡਾ ਇੰਨਚਾਰਜ ਨੂੰ ਫੇਰੇ ਦਾ ਹਿਸਾਬ ਕਿਤਾਬ ਵੀ ਦੇਣਾ ਹੋਣਾ ਹੈ।" ਸ਼ਿੰਗਾਰਾ ਵਰਕਸ਼ਾਪ ਨੂੰ ਜਾਣ ਲੱਗਾ।

"ਓਏ, ਤੂੰ ਐਨਾ ਮੋਹਤਬਰ ਨਾ ਬਣ। ਮੁਖਤਿਆਰੇ ਨੂੰ ਹੀ ਜਾਣ ਦੇ। ਉਦਾਂ ਵੀ ਅਸੀਂ ਆਪਣਾ ਹਿਸਾਬ ਕਿਤਾਬ ਅਖੀਰਲੇ ਫੇਰੇ ਤੋਂ ਬਾਅਦ ਲੁਧਿਆਣੇ ਜਾ ਕੇ ਹੀ ਦਿੰਦੇ ਹਾਂ।" ਮਿਲਖਾ ਸਿੰਘ ਨੇ ਸ਼ਿੰਗਾਰੇ ਨੂੰ ਰੋਕ ਕੇ ਇਕ ਵਾਰ ਫਿਰ ਮੁਖਤਿਆਰ ਸਿੰਘ ਨੂੰ ਹਾਕ ਮਾਰੀ।

ਮਿਲਖਾ ਸਿੰਘ ਨੂੰ ਆਪਣੇ ਗੰਦੇ ਹੱਥ ਦਾੜੀ ਤੇ ਫੇਰਦਿਆਂ ਦੇਖ ਮੁਖਤਿਆਰ ਸਿੰਘ ਹੱਸਣ ਲੱਗ ਪਿਆ, "ਚਾਚਾ, ਦਾੜੀ ਕਾਲੀ ਕਰਨੇ ਦਾ ਇੰਨਾ ਸ਼ੌਕ ਹੈ ਤਾਂ ਖਜਾਬ ਲਾਇਆ ਕਰ। ਇੰਜਣ ਦੀ ਕਾਲਖ ਤੋਂ ਇਹ ਕੰਮ ਕਿਉਂ ਲੈ ਰਿਹਾ।"

"ਓਏ ਦਾੜੀ ਦੇ ਪੁੱਤਰਾ, ਦੌੜ ਕੇ ਵਰਕਸ਼ਾਪ ਤੋਂ ਪਿਆਰੂ ਮਕੈਨਿਕ ਨੂੰ ਸੱਦ ਕੇ ਲਿਆ। ਇੰਜਣ ਖੜਖੜ ਕਰਦਾ ਆ। ਉਹ ਨੂੰ ਕਹਿ ਕਿ ਆ ਕੇ ਦੇਖ ਜਾਵੇ ਤੇ ਅਗਲੇ ਫੇਰੇ ਤੋਂ ਪਹਿਲਾਂ ਇਹਨੂੰ ਠੀਕ ਕਰ ਦੇਵੇ।"

ਮੁਖਤਿਆਰ ਦੇ ਨਾਲ ਸ਼ਿੰਗਾਰਾ ਵੀ ਵਰਕਸ਼ਾਪ ਨੂੰ ਚਲਾ ਗਿਆ। ਮਿਲਖਾ ਸਿੰਘ ਇਧਰ ਉਧਰ ਦੇਖਦਾ ਹੋਇਆ ਦਫਤਰ ਵਿਚ ਵੜ ਗਿਆ।

ਸਵਾਰੀਆਂ ਦੇ ਨਾਲ ਨਾਲ ਬੱਸ ਤੋਂ ਬਰਕਤ ਤੇ ਤੋਖਾ ਵੀ ਉਤਰੇ। ਸੋਮੇ ਨੂੰ ਬੱਸ ਦੇ ਪਿਛੇ ਲੱਗੀ ਪੌੜੀ ਵੱਲ ਜਾਂਦੇ ਦੇਖ ਕੇ ਬਰਕਤ ਨੇ ਉਹਨੂੰ ਹਾਕ ਮਾਰੀ, "ਸੋਮੇ ਰਹਿਣ ਦੇ। ਛੱਤ ਖਾਲੀ ਆ। ਭਾਰੇ ਸਮਾਨ ਵਾਲੀ ਸਵਾਰੀਆਂ ਸਦਰ ਥਾਣੇ ਤੇ ਕਚਹਿਰੀ ਚੌਂਕ ਵਿਚ ਉਤਰ ਗਈਆਂ ਸੀ। ਲਾਡੋਵਾਲੀ ਤੇ ਨਕੋਦਰ ਦੀਆਂ ਸਵਾਰੀਆਂ ਸੀ। ਅਸੀਂ ਚਾਰ ਆਨੇ ਕਮਾ ਲਿਆਏ ਹਾਂ।"

ਸੋਮਾ ਬਰਕਤ ਤੇ ਤੋਖੇ ਦੇ ਕੋਲ ਆ ਗਿਆ।

"ਤਕਾਲਾਂ ਦੇ ਆਖਰੀ ਫੇਰੇ ਕਿਦਾਂ ਰਹੇ?" ਬਰਕਤ ਨੇ ਜੇਬ 'ਚ ਪਾਈਆਂ ਚਾਰ ਚੁਆਨੀਆਂ ਨੂੰ ਖੜਖੜਾਉਂਦਿਆਂ ਪੁੱਛਿਆ, "ਬਸ ਇਦਾਂ ਸਮਝ ਕਿ ਰਾਤ ਦੀ ਰੋਟੀ ਦੇ ਪੈਸੇ ਵੀ ਮੁਸ਼ਕਲ ਨਾਲ ਹੀ ਬਣੇ ਆ। ਢਿੱਡ ਘੁੱਟ ਕੇ ਹੀ ਖਾਣਾ ਖਾਧਾ। " ਸੋਮਾ ਕੁਛ ਨਿਰਾਸ਼ ਜਿਹਾ ਸੀ।

"ਕੋਈ ਗੱਲ ਨਹੀਂ। ਦੁਪਿਹਰ ਨੂੰ ਢਿੱਡ ਭਰ ਕੇ ਖਾ ਲਈਂ। ਮੈਂ ਦੋ ਰੋਟੀਆਂ ਵਾਧੂ ਲੈ ਕੇ ਆਇਆਂ।" ਤੋਖੇ ਨੇ ਪੋਟਲੀ 'ਚ ਬੰਨ੍ਹੀਆਂ ਰੋਟੀਆਂ ਵੱਲ ਇਸ਼ਾਰਾ ਕਰਕੇ ਕਿਹਾ, "ਜਾ ਇਨ੍ਹਾਂ ਨੂੰ ਬਰਾਂਡੇ ਦੇ ਝਰੋਖੇ 'ਚ ਰੱਖ ਦੇ।"

"ਲੈ ਯਾਰਾ, ਮੇਰੀ ਪੋਟਲੀ ਵੀ ਲੈ ਜਾ।" ਬਰਕਤ ਨੇ ਕੁੜਤੇ ਦੀ ਬੜੀ ਜੇਬ ਵਿਚੋਂ ਇਕ ਪੋਟਲੀ ਕੱਢ ਕੇ ਸੋਮੇ ਦੇ ਹੱਥ ਫੜਾ ਦਿੱਤੀ।

ਸੋਮੇ ਨੇ ਪੋਟਲੀਆਂ ਫੜ ਕੇ ਉਹਨਾਂ ਨੂੰ ਸੁੰਘਿਆ, "ਬਰਕਤੇ, ਲਗਦਾ ਆ ਅੱਜ ਤਾਂ ਗਲਗਲ ਦਾ ਅਚਾਰ ਲਿਆਇਆਂ।"

"ਨਾਲ ਗੁੜ ਵੀ ਆ।" ਬਰਕਤ ਭਰਵੱਟੇ ਚੜ੍ਹਾ ਕੇ ਮੁਸਕਰਾਇਆ।

ਉਹ ਗੱਲਾਂ ਕਰਨ 'ਚ ਰੁਝੇ ਹੋਏ ਸਨ ਕਿ ਨਵਾਂ ਸ਼ਹਿਰ ਤੋਂ ਪਹਿਲੀ ਬੱਸ ਰੌਲਾ ਪਾਂਉਦੀ ਤੇ ਡਿੱਕੋਡੋਲੇ ਖਾਂਦੀ ਹੋਈ ਅੱਡੇ 'ਚ ਆ ਦਾਖਲ ਹੋਈ। ਬੱਸ ਦੀ ਛੱਤ ਤੇ ਖੜੇ ਮਨਸੂਖ ਨੇ ਬਰਕਤ ਤੇ ਤੋਖੇ ਨੂੰ ਦੇਖ ਕੇ ਛੱਤ 'ਤੇ ਪਏ ਸਮਾਨ ਵੱਲ ਇਸ਼ਾਰਾ ਕਰਕੇ ਜ਼ੋਰ ਜ਼ੋਰ ਨਾਲ ਹੱਥ ਹਿਲਾਇਆ।

ਬਰਕਤ ਤੇ ਤੋਖਾ ਕਾਹਲੀ ਕਾਹਲੀ ਬੱਸ ਵੱਲ ਨੂੰ ਤੁਰਨ ਲੱਗੇ ਤਾਂ ਸੋਮਾ ਰੋਟੀਆਂ ਦੀਆਂ ਪੋਟਲੀਆਂ ਹੱਥ 'ਚ ਫੜੀ ਉਹਨਾਂ ਵੱਲ ਧਿਆਨ ਨਾਲ ਦੇਖਦਾ ਰਿਹਾ। ਇਕ ਕੋਨੇ 'ਚ ਖੜ੍ਹਾ ਕਾਲੀ ਵੀ ਉਨ੍ਹਾਂ ਦੀਆਂ ਹਰਕਤਾਂ ਨੂੰ ਬੜੇ ਧਿਆਨ ਨਾਲ ਦੇਖ ਰਿਹਾ ਸੀ।

ਮਨਸੂਖ ਛੱਤ ਤੋਂ ਸਮਾਨ ਚੁੱਕ ਕੇ ਵਾਰੀ ਵਾਰੀ ਬਰਕਤ ਤੇ ਤੋਖੇ ਨੂੰ ਫੜਾਉਂਦਾ ਰਿਹਾ ਤੇ ਉਹ ਉਸ ਨੂੰ ਮਾਲਕ ਦੇ ਕਹੇ ਮੁਤਾਬਕ ਟਿਕਾਉਂਦੇ ਰਹੇ।

ਕੰਮ ਤੋਂ ਵਿਹਲੇ ਹੋ ਕੇ ਉਹ ਸੋਮੇ ਦੇ ਕੋਲ ਆ ਗਏ। ਉਹਨੇ ਪੂਰੀ ਬਤੀਸੀ ਖੋਲ ਕੇ ਮਨਸੂਖ ਦਾ ਸਵਾਗਤ ਕੀਤਾ, ''ਮੇਰਾ ਖਾਣਾ ਲਿਆਏ ਆਂ?''

''ਯਾਰਾ ਕਿਦਾਂ ਭੁੱਲ ਸਕਦਾ ਹਾਂ। ਮੈਨੂੰ ਪਤਾ ਸੀ ਕਿ ਤੇਰੇ ਢਿੱਡ ਵਿਚ ਚੂਹੇ ਦੌੜ ਰਹੇ ਹੋਣਗੇ। ਦੋ ਮੋਟੀਆਂ ਸਾਰੀਆਂ ਰੋਟੀਆਂ ਲੈ ਕੇ ਆਇਆਂ ਅੰਬ ਦੇ ਅਚਾਰ ਨਾਲ।'' ਮਨਸੂਖ ਨੇ ਆਪਣੀ ਪੋਟਲੀ ਵੀ ਸੋਮੇ ਨੂੰ ਫੜਾ ਦਿੱਤੀ।

ਸੋਮੇ ਨੇ ਪੋਟਲੀ ਨੂੰ ਸੱਜੇ ਹੱਥ ਨਾਲ ਹਾੜਿਆ, ''ਸੱਚਮੁਚ ਭਾਰੀ ਹੈ।''

''ਇਹ ਬੱਸ ਤਾਂ ਚੰਗੀ ਰਹੀ।'' ਬਰਕਤ ਨੇ ਮੁੱਠ ਖੋਲ੍ਹ ਕੇ ਪੈਸਿਆਂ ਦਾ ਹਿਸਾਬ ਕੀਤਾ।

''ਛੇ ਆਨੇ ਮਿਲੇ ਹੋਣਗੇ।'' ਮਨਸੂਖ ਨੇ ਅੰਦਾਜ਼ਾ ਲਾਇਆ।

''ਨਾ, ਪੰਜ ਆਨੇ ਤੇ ਇਕ ਟਕਾ। ਇਕ ਨਗ ਹੌਲਾ ਹੀ ਸੀ।'' ਬਰਕਤ ਨੇ ਕਿਹਾ।

''ਚਲੋ, ਜੋ ਬਣਿਆ, ਸੋ ਖੱਟਿਆ।'' ਤੋਖਾ ਸਤੁੰਸ਼ਟ ਹੋ ਮੁਸਕਰਾਇਆ, ''ਹਰੇਕ ਬੱਸ ਦਾ ਫੇਰਾ ਇਦਾਂ ਹੀ ਲੱਗੇ ਤਾਂ ਮਜ਼ਾ ਆ ਜਾਵੇ।''

ਉਹ ਚਾਰੇ ਬਰਾਂਡੇ ਵਿਚ ਜਾ ਬੈਠੇ। ਸੋਮੇ ਨੇ ਮਨਸੂਖ ਦੀ ਪੋਟਲੀ 'ਚੋਂ ਦੋ ਵੱਖਰੀਆਂ ਲਪੇਟੀਆਂ ਹੋਈਆਂ ਰੋਟੀਆਂ ਕੱਢ ਲਈਆਂ ਤੇ ਪੋਟਲੀ ਦੁਬਾਰਾ ਬੰਨ੍ਹ ਕੇ ਬਾਕੀ ਪੋਟਲੀਆਂ ਦੇ ਨਾਲ ਟਿਕਾ ਦਿੱਤੀ। ਰੋਟੀਆਂ ਦੀਆਂ ਤੈਹਾਂ ਖੋਲ੍ਹ ਕੇ ਉਸ ਨੇ ਅਚਾਰ ਨੂੰ ਸੁੰਘਿਆ। ਫੇਰ ਆਪਣੇ ਸਾਥੀਆਂ ਵੱਲ ਦੇਖਿਆ, ''ਆਓ ਸੱਜਣੋ। ਇਕ ਇਕ ਬੁਰਕੀ ਹੋ ਜਾਏ।''

''ਨਾ ਭਾਈ, ਤੂੰ ਮਜ਼ਾ ਲੈ। ਅਸੀਂ ਤਾਂ ਦੁਪਿਹਰ ਤੱਕ ਠੀਕ ਹਾਂ, ਪਿੰਡ ਤੋਂ ਢਿੱਡ ਭਰ ਕੇ ਤੁਰੇ ਸੀ।'' ਬਰਕਤ ਨੇ ਸੱਜਾ ਹੱਥ ਥੋੜ੍ਹਾ ਉੱਪਰ ਨੂੰ ਚੁੱਕਿਆ। ਫੇਰ ਉਹਨੇ ਆਪਣੇ ਸਾਥੀਆਂ ਵੱਲ ਧਿਆਨ ਨਾਲ ਦੇਖਿਆ, ''ਸੋਚ ਰਿਹਾ ਹਾਂ ਕਿ ਅਗਲੇ ਮਹੀਨੇ ਮੈਂ ਪਿੰਡ ਹੀ ਰਹਾਂ। ਅੱਡਾ ਤੁਸੀਂ ਤਿੰਨੇ ਸੰਭਾਲ ਲਿਓ।

''ਕਿਓ, ਠੀਕ-ਠਾਕ ਤਾਂ ਹੈਂ?'' ਸੋਮੇ ਨੇ ਚਿੰਤਾ ਜਿਹੀ ਨਾਲ ਪੁੱਛਿਆ।

''ਹਾਂ, ਵੈਸੇ ਤਾਂ ਠੀਕ-ਠਾਕ ਹੀ ਆਂ। ਕਣਕ ਦੀ ਬਿਜਾਈ ਦੇ ਦਿਨ ਆ ਰਹੇ ਆ। ਸੋਚਦਾ ਆਂ ਕਿ ਪਿੰਡ ਕਿਸੇ ਜ਼ਿਮੀਦਾਰ ਦੇ ਨਾਲ ਕੰਮ ਕਰਕੇ ਮਣ, ਡੇਢ ਮਣ ਦਾਣੇ ਮਿਲ ਗਏ ਤਾਂ ਘਰ ਅੰਨ-ਪਾਣੀ ਦੀ ਸੌਖ ਹੋ ਜਾਉਗੀ।'' ਬਰਕਤ ਸੋਚਾਂ 'ਚ ਡੁੱਬਿਆ ਹੋਇਆ ਸੀ।

''ਗੱਲ ਤਾਂ ਤੇਰੀ ਠੀਕ ਆ।'' ਸੋਮੇ ਨੇ ਸਹਿਮਤੀ 'ਚ ਸਿਰ ਹਿਲਾਇਆ।

''ਇਹ ਕੰਮ ਤਾਂ ਅਸੀਂ ਸਾਰੇ ਕਰਾਂਗੇ ਹੀ। ਪਿਤਾ ਪੁਰਖੀ ਪੇਸ਼ਾ ਤਾਂ ਇਹੀ ਹੈ। ਸੋਮੇ ਨੇ ਬੁਰਕੀ ਸੰਘ ਤੋਂ ਕਾਹਲੀ ਨਾਲ ਥੱਲੇ ਕਰਦਿਆਂ ਕਿਹਾ।

''ਤਾ ਫੇਰ ਅੱਡਾ ਬਾਹਰ ਦੇ ਮਜ਼ਦੂਰ ਸਾਂਭ ਲੈਣਗੇ। ਸਾਰੇ ਇਕੋ ਟਾਇਮ ਕਿਦਾਂ ਜਾ ਸਕਦੇ ਆਂ?'' ਬਰਕਤ ਨੇ ਉਹਨਾਂ ਨੂੰ ਸਮਝਾਇਆ, ''ਇਦਾਂ ਕਰਦੇ ਆਂ ਕਿ ਦੋ ਜਣੇ ਹੁਣ ਬਿਜਾਈ ਤੇ ਜਾ ਆਉਂਦੇ ਆਂ, ਬਾਕੀ ਗੰਨੇ ਦੀ ਪਿੜਾਈ ਵੇਲੇ ਪਿੰਡ 'ਚ ਕੰਮ ਕਰ ਆਵਾਂਗੇ। ਅਨਾਜ ਨਾ ਸਹੀ, ਗੁੜ-ਸ਼ਕਰ ਮਿਲ ਜਾਊਗਾ।''

ਬਰਕਤ ਦੀ ਸਲਾਹ ਸੁਣ ਕੇ ਉਹ ਸੋਚਾਂ 'ਚ ਪੈ ਗਏ।

ਉਹਨਾਂ ਦੀ ਗੱਲ ਬਾਤ ਸੁਣ ਕੇ ਕਾਲੀ ਦੇ ਕੰਨ ਖੜ੍ਹੇ ਹੋ ਗਏ। ਉਹ ਇਧਰ ਉਧਰ ਝਾਕਦਾ ਉਨ੍ਹਾਂ ਦੇ ਦੁਆਲੇ ਘੁਮੇਰੇ ਕੱਢਣ ਲੱਗਾ। ਉਹਨੇ ਸੋਚਿਆ ਜੇ ਅੱਡੇ 'ਤੇ ਕੰਮ ਬਣ ਜਾਵੇ ਤਾਂ ਉਹਦੀਆਂ ਸਾਰੀਆ ਮੁਸ਼ਕਲਾਂ ਹੱਲ ਹੋ ਜਾਣ। ਅਜੇ ਖੁੱਲੇ ਦਿਨ ਆ। ਰਾਤ ਨੂੰ ਬਹੁਤੀ ਠੰਡ ਵੀ ਨਹੀਂ ਹੁੰਦੀ। ਉਹ ਬਰਾਂਡੇ 'ਚ ਸੌਂ ਸਕਦਾ ਹੈ। ਰੋਟੀ-ਪਾਣੀ ਨਾਲ ਦੇ ਢਾਬੇ ਤੋਂ ਮਿਲ ਜਾਇਆ ਕਰਨੀ ਹੈ। ਜੰਗਲ-ਪਾਣੀ ਲਈ ਕੰਧ ਟੱਪਣ ਦੀ ਹੀ ਲੋੜ ਹੈ।

ਕਾਲੀ ਦੇ ਦਿਮਾਗ ਵਿਚ ਆਪਣੇ ਭਵਿੱਖ ਬਾਰੇ ਇਕ ਨਕਸ਼ਾ ਬਣਨ ਲੱਗਾ। ਉਹ ਅੱਡੇ ਦੇ ਮਜ਼ਦੂਰਾਂ ਨਾਲ ਇਸ ਬਾਰੇ ਗੱਲ ਕਰਨੀ ਚਾਹੁੰਦਾ ਸੀ ਪਰ ਉਹਦਾ ਹੌਸਲਾ ਹੀ ਨਹੀਂ ਪਿਆ।

ਬਰਕਤ ਨੇ ਆਪਣੇ ਸਾਥੀਆਂ ਵੱਲ ਵੇਖਿਆ। ਉਹਨਾਂ ਨੂੰ ਦੁਚਿੱਤੀ ਜਿਹੀ 'ਚ ਦੇਖ ਉਹ ਉਠ ਖੜ੍ਹਿਆ, ''ਅਜੇ ਬੱਸਾਂ ਆਉਣ 'ਚ ਟਾਇਮ ਹੈ। ਆਉ ਅੱਡਾ ਇੰਨਚਾਰਜ ਨਾਲ ਸਲਾਹ ਕਰ ਲੈਂਦੇ ਆਂ। ਆਖਰੀ ਫੈਸਲਾ ਤਾਂ ਉਹ ਹੀ ਕਰੂਗਾ।''

ਉਹ ਅੱਡਾ ਇੰਨਚਾਰਜ ਮੀਤ ਸਿੰਘ ਦੇ ਕਮਰੇ ਵੱਲ ਨੂੰ ਤੁਰ ਪਏ। ਉਹ ਐਨਕ ਲਾਈ ਅਖਬਾਰ 'ਤੇ ਝੁੱਕਿਆ ਹੋਇਆ ਸੀ ਤੇ ਇੰਝ ਬੁੜਬੁੜਾ ਰਿਹਾ ਸੀ ਜਿਵੇਂ ਅਖਬਾਰ ਵਿਚ ਛਪੇ ਇਕ-ਇਕ ਅੱਖਰ ਨੂੰ ਜੋੜ ਕੇ ਪੜ੍ਹ ਰਿਹਾ ਹੋਵੇ। ਉਹ ਚੁੱਪਚਾਪ ਖੜ੍ਹੇ ਉਹਦੀ ਵੱਲ ਦੇਖਦੇ ਰਹੇ। ਫੇਰ ਅੱਖਾਂ ਹੀ ਅੱਖਾਂ ਵਿਚ ਇਕ-ਦੂਸਰੇ ਨੂੰ ਇਸ਼ਾਰੇ ਕਰਨ ਲੱਗੇ। ਅੰਤ 'ਚ ਉਹਨਾਂ ਵਿਚੋਂ ਸਭ ਤੋਂ ਪੁਰਾਣਾ ਅੱਡਾ ਮਜ਼ਦੂਰ ਬਰਕਤ ਬੋਲਿਆ, ''ਉਸਤਾਦ ਜੀ, ਸੱਤ ਸ੍ਰੀ ਅਕਾਲ।''

ਮੀਤ ਸਿੰਘ ਨੇ ਮੋਢਿਆਂ ਸਮੇਤ ਧੜ ਉੱਪਰ ਨੂੰ ਚੱਕਿਆ ਤੇ ਐਨਕ ਦੇ ਸ਼ੀਸ਼ਿਆਂ ਵਿਚੋਂ ਹੀ ਉਨ੍ਹਾਂ ਵੱਲ ਦੇਖਦੇ ਹੋਏ ਪੁੱਛਿਆ , ''ਕੀ ਹੋ ਗਿਆ ਜੋ ਟੋਲਾ ਬਣਾ ਕੇ ਮੇਰੇ ਕਮਰੇ 'ਚ ਧੁੱਸ ਦਿੰਦੇ ਆ ਵੜੇ ਆਂ?''

''ਉਸਤਾਦ ਜੀ, ਇਕ ਸਲਾਹ ਕਰਨੀ ਸੀ।'' ਬਰਕਤ ਨੇ ਹੱਥ ਜੋੜ ਕੇ ਕਿਹਾ।

''ਮੇਰੇ ਸਿਰ ਤੇ ਚੜ੍ਹ ਕੇ ਖੜ੍ਹੇ ਆ ਜਿਵੇਂ ਮੇਰਾ ਸਿਰ ਪਾੜਨਾ ਹੋਵੇ।'' ਮੀਤ ਸਿੰਘ ਨੇ ਅਖਬਾਰ ਤੇ ਦੋਨੋ ਬਾਂਹਾਂ ਖਿਲਾਰ ਕੇ ਉਨ੍ਹਾਂ ਵੱਲ ਘੂਰ ਕੇ ਦੇਖਿਆ।

''ਉਸਤਾਦ ਜੀ, ਤੁਸੀਂ ਇਹ ਕੀ ਕਹਿ ਰਹੇ ਹੋ।'' ਬਰਕਤ ਨੇ ਆਪਣੇ ਦੋਨੋ ਹੱਥ ਮੀਤ ਸਿੰਘ ਦੇ ਗੋਡਿਆਂ ਤੇ ਰੱਖ ਦਿਤੇ। ''ਤੁਸੀਂ ਓਦਾਂ ਹੀ ਸਾਡੇ ਸਿਰ 'ਤੇ ਸੌ ਛਿੱਤਰ ਮਾਰ ਲਵੋ। ਐਨਾ ਵੱਡਾ ਪਾਪ ਸਾਡੇ 'ਤੇ ਕਿਉਂ ਚੜਾਉਂਦੇ ਹੋ?''

''ਬੋਲੋ, ਕੀ ਗੱਲ ਆ? ਮੇਰੇ ਕਮਰੇ ਤੇ ਚੜ੍ਹਾਈ ਕਿਉ ਕੀਤੀ ਆ?'' ਮੀਤ ਸਿੰਘ ਨੇ ਧੜ ਦਾ ਸਾਰਾ ਭਾਰ ਕੁਰਸੀ ਦੇ ਪਿੱਛੇ ਨੂੰ ਪਾ ਦਿੱਤਾ।

''ਉਸਤਾਦ ਜੀ, ਤੁਸੀਂ ਤਾਂ ਜਾਣਦੇ ਹੀ ਹੋ ਕਿ ਫਸਲ ਦੀ ਬਿਜਾਈ ਦੇ ਦਿਨ ਨੇੜੇ ਆ ਰਹੇ ਹਨ। ਅਸੀਂ ਸੋਚ ਰਹੇ ਸੀ ਸਾਡੇ ਵਿਚੋਂ ਦੋ ਜਣੇ ਆਪਣੇ-ਆਪਣੇ ਪਿੰਡ ਜਾ ਕੇ ਜ਼ਿਮੀਦਾਰਾਂ ਨਾਲ ਫਸਲ ਦੀ ਬਿਜਾਈ ਕਰ ਲਈਏ। ਅਨਾਜ ਮਿਲਣ ਨਾਲ ਥੋੜ੍ਹਾ ਸੁਖਾਲਾ ਹੋ ਜਾਉਗਾ।''

''ਹੂੰ।'' ਮੀਤ ਸਿੰਘ ਸੋਚ ਵਿਚ ਡੁੱਬ ਗਿਆ। ਫਿਰ ਅੱਗੇ ਨੂੰ ਝੁੱਕਦੇ ਹੋਏ ਨੇ ਹੱਥ ਇੰਨੇ ਜ਼ੋਰ ਨਾਲ ਚੱਕੇ ਕਿ ਉਹਨਾਂ ਵਿਚ ਅਖਬਾਰ ਵੀ ਪੂਰੀ ਤਰ੍ਹਾਂ ਇਕੱਠਾ ਹੋ ਗਿਆ।

"ਬਹੁਤ ਸਿਆਣੇ ਬਣਦੇ ਆਂ। ਲਗਦਾ ਹੈ ਕਿ ਭਾਰ ਚੁੱਕ ਚੁੱਕ ਕੇ ਤੁਹਾਡਾ ਦਿਮਾਗ ਪਿਚਕ ਗਿਆ ਹੈ," ਮੀਤ ਸਿੰਘ ਨੇ ਝਿੜਕਿਆ, ਫਿਰ ਉਹਨਾਂ ਨੂੰ ਸਮਝਾਇਆ। "ਮੂਰਖੋ...ਤੁਸੀਂ ਫਸਲ ਦੀ ਬਿਜਾਈ ਲਈ ਪਿੰਡ ਜਾਣਾ ਚਾਹੁੰਦੇ ਹੋ। ਉਧਰੋਂ ਨਿਰਾਤੇ ਆ ਰਹੇ ਹਨ। ਜਵਾਲਾ ਜੀ, ਚਿੰਤਪੂਰਨੀ ਜਾਣ ਵਾਲੇ ਭਗਤਾਂ ਦੀ ਭੀੜ ਲੱਗ ਜਾਣੀ ਹੈ। ਚਾਰ ਪੈਸੇ ਕਮਾਉਣ ਦੇ ਇਹੀ ਤਾਂ ਦਿਨ ਹਨ।"

"ਹਾਂ, ਉਸਤਾਦ ਜੀ, ਅਸੀਂ ਇਹ ਤਾਂ ਸੋਚਿਆ ਹੀ ਨਹੀਂ।" ਬਰਕਤ ਖਸਿਆਨਾ ਜਿਹਾ ਹੋ ਗਿਆ।

"ਭਾਈ, ਆਪਣਾ ਪੜ੍ਹਿਆ-ਲਿਖਿਆ ਚੰਗੀ ਤਰ੍ਹਾਂ ਵਿਚਾਰ ਲਵੋ। ਅੱਡੇ ਤੇ ਮਜ਼ਦੂਰ ਤਾਂ ਰੱਖਣੇ ਹੀ ਪੈਣਗੇ... ਸਵਾਰੀਆਂ ਦੀ ਸਹੂਲਤ ਤੇ ਆਪਣੀ ਜ਼ਰੂਰਤ ਦੇ ਲਈ। ...ਤੁਸੀਂ ਇਕ ਵਾਰ ਅੱਡਾ ਛੱਡ ਦਿਤਾ ਤਾਂ ਦੁਬਾਰਾ ਨਹੀਂ ਮਿਲੇਗਾ।" ਮੀਤ ਸਿੰਘ ਨੇ ਅਖਬਾਰ ਨੂੰ ਖੋਲ੍ਹਦੇ ਹੋਏ ਚਿਤਾਵਨੀ ਦਿੱਤੀ।

"ਠੀਕ ਹੈ ਉਸਤਾਦ ਜੀ। ਨਹੀਂ ਜਾਵਾਂਗੇ।"ਬਰਕਤ ਨੇ ਸਿਰ ਝੁਕਾ ਲਿਆ।

ਉਹ ਕਮਰੇ ਤੋਂ ਬਾਹਰ ਜਾਣ ਲਈ ਮੁੜੇ ਤਾਂ ਮੀਤ ਸਿੰਘ ਨੇ ਉਨ੍ਹਾਂ ਨੂੰ ਰੋਕ ਲਿਆ। "ਮੁੰਡਿਉ, ਤੁਹਾਨੂੰ ਪਤਾ ਹੀ ਹੈ ਕਿ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਸੰਤਰਾ ਹੀ ਲੈ ਲੋ, ਡੇਢ ਰੁਪਏ ਤੋਂ ਦੋ ਰੁਪਏ ਦਾ ਹੋ ਗਿਆ ਹੈ। ਠੇਕੇਦਾਰਾਂ ਨੇ ਇਕੋ ਵਾਰ ਅੱਠ ਆਨੇ ਦੀ ਕੀਮਤ ਵਧਾ ਦਿੱਤੀ ਹੈ। ਤੁਸੀਂ ਵੀ ਹੁਣ ਮਜ਼ਦੂਰ ਅੱਡਾ ਫੀ ਛੇ ਆਨੇ ਦੀ ਬਜਾਏ ਅੱਠ ਆਨੇ ਰੋਜ਼ਾਨਾ ਦਿਆ ਕਰੋ।"

"ਉਸਤਾਦ ਜੀ, ਸਾਡੀ ਮਜ਼ਦੂਰੀ ਦਾ ਰੇਟ ਤਾਂ ਪੁਰਾਣਾ ਹੀ ਹੈ।" ਸੋਮੇ ਨੇ ਕਿਹਾ।

"ਤੁਸੀਂ ਇਥੇ ਕਿੰਨੇ ਰੇਟ 'ਚ ਕੰਮ ਕਰਦੇ ਹੋ? ਮੈਨੂੰ ਨਾ ਦੱਸੋ।" ਮੀਤ ਸਿੰਘ ਦਾ ਲਹਿਜਾ ਸਖਤ ਹੋ ਗਿਆ। "ਚਾਹ...ਰੋਟੀ, ਦੁੱਧ ਸਭ ਦਾ ਭਾਅ ਵੱਧ ਗਿਆ ਹੈ। ਪਹਿਲੀ ਤਰੀਕ ਤੋਂ ਬੱਸ ਦਾ ਕਿਰਾਇਆ ਵੀ ਵੱਧ ਰਿਹਾ ਹੈ। ਤੁਸੀਂ ਵੀ ਆਪਣਾ ਰੇਟ ਵਧਾ ਦਿਉ। ਇਸ ਤਰ੍ਹਾਂ ਅੱਡਾ ਫ਼ੀਸ ਆਪਣੇ ਆਪ ਵੱਧ ਜਾਏਗੀ।

"ਉਸਤਾਦ ਜੀ, ਸੌਦੇ ਨੇ ਬਾਰਾ ਨਹੀਂ ਖਾਣਾ। ਸਵੇਰ ਦੀਆਂ ਦੋ ਬੱਸਾਂ ਆਈਆਂ ਤੇ ਦੋ ਬੱਸਾਂ ਗਈਆਂ ਹਨ, ਲੇਕਿਨ ਸਿਰਫ ਸੋਮੇ ਨੇ ਚਾਰ ਆਨੇ ਕਮਾਏ ਆ। ਅਸੀਂ ਤਾਂ ਚਾਹ-ਪਾਣੀ ਤੋਂ ਵੀ ਬੇਜ਼ਾਰ ਬੈਠੇ ਹਾਂ।" ਜੇਬ ਤੇ ਹੱਥ ਰੱਖ ਕੇ ਬਰਕਤ ਗਿੜਗੜਾਇਆ।

"ਉਸਤਾਦ ਜੀ, ਫਿਰ ਇਸ ਕੰਮ 'ਚ ਬੱਧੀ ਆਮਦਨ ਵੀ ਨਹੀਂ ਹੈ। ਮੀਂਹ-ਹਨੇਰੀ ਆ ਜਾਵੇ, ਗਰਮੀ-ਸਰਦੀ ਵੱਧ ਜਾਵੇ ਤਾਂ ਸਵਾਰੀਆਂ ਘਰ ਤੋਂ ਬਾਹਰ ਨਿਕਲਣਾ ਬੰਦ ਕਰ ਦਿੰਦੀਆਂ ਹਨ ਤੇ ਸਾਡਾ ਕੰਮ ਮੰਦਾ ਪੈ ਜਾਂਦਾ ਹੈ।"

"ਮੰਦੇ ਦਿਆ ਪੁੱਤਰਾ, ਮੇਲੇ-ਠੇਲੇ ਤੇ ਕਮਾਈ ਵੀ ਤਾਂ ਤੁਸੀਂ ਕਰਦੇ ਆਂ। ਜਦ ਸਵਾਰੀਆਂ ਸਮਾਨ ਬੱਸ ਦੀ ਛੱਤ ਤੋਂ ਲਾਹੁਣ ਤੇ ਚੜਾਉਣ ਲਈ ਕਤਾਰ ਬੰਨ ਕੇ ਖੜ੍ਹੀਆਂ ਹੁੰਦੀਆਂ ਹਨ। ਉਦੋਂ ਵੀਹ ਆਦਮੀਆਂ ਦਾ ਕੰਮ ਤੁਸੀਂ ਚਾਰ ਜਣੇ ਕਰਦੇ ਆਂ ਤੇ ਦਸ ਗੁਣਾ ਕਮਾਈ ਕਰਦੇ ਹੋ। ਜੇ ਕਦੇ ਇਕ ਆਦਮੀ ਦਾ ਕੰਮ ਚਾਰ ਜਣਿਆਂ ਨੂੰ ਕਰਨਾ ਪੈ ਜਾਏ ਤਾਂ ਮੌਤ ਕਿਉਂ ਪੈਂਦੀ ਆ। ਕੰਮ ਧੰਦੇ ਵਿਚ ਮੰਦਾ ਜਾਂ ਤੇਜ਼ੀ ਤਾਂ ਆਉਂਦੀ ਜਾਂਦੀ ਹੀ ਰਹਿੰਦੀ ਹੈ। ...ਸੋਚ ਲਉ... ਵਿਚਾਰ ਲਉ...ਜੇ ਤੁਹਾਨੂੰ ਮੰਜੂਰ ਨਹੀਂ ਤਾਂ ਮੈਂ ਦੋ ਮਜ਼ਦੂਰ ਹੋਰ ਰੱਖ ਲਵਾਂਗਾ। ਮੈਂ ਆਪਣਾ ਘਰ ਵੀ ਤਾਂ ਦੇਖਣਾ ਹੈ।" ਮੀਤ ਸਿੰਘ ਫੇਰ ਅਖਬਾਰ ਤੇ ਝੁਕ ਗਿਆ।

ਕੋਈ ਜਵਾਬ ਦਿੱਤੇ ਬਿਨਾਂ ਬਰਕਤ, ਸੋਮਾ ਤੇ ਉਨਾਂ ਦੇ ਦੋਨੋ ਸਾਥੀ ਬਾਹਰ ਜਾਣ ਲਈ ਮੁੜੇ ਤਾਂ ਮੀਤ ਸਿੰਘ ਨੇ ਉਨਾਂ ਨੂੰ ਇਕ ਵਾਰ ਫਿਰ ਰੋਕ ਕੇ ਆਪਣਾ ਫੈਸਲਾ ਸੁਣਾ ਦਿੱਤਾ, "ਤੁਹਾਡੀ ਅੱਡਾ ਫੀਸ ਮੈਂ ਸੰਤਰੇ ਦੀ ਕੀਮਤ ਨਾਲ ਬੰਨ ਦਿੱਤੀ ਹੈ। ਉਹਦੀ ਕੀਮਤ ਵਧੇਗੀ ਤਾਂ ਅੱਡਾ ਫ਼ੀਸ ਵੀ ਵਧਾ ਦੇਵਾਂਗਾ। ਅਗਰ ਘੱਟ ਗਈ ਤਾਂ ਅੱਡਾ ਫ਼ੀਸ ਵੀ ਘਟਾ ਦੇਵਾਂਗਾ।"

"ਉਸਤਾਦ ਜੀ, ਇਦਾਂ ਲਗਦਾ ਕਿ ਸਵੇਰੇ ਸਵੇਰੇ ਹੀ ਨਸ਼ੇ 'ਚ ਗੁੱਟ ਹੋ ਗਏ ਹੋ।" ਬਰਕਤ ਹੱਥ ਰਗੜਦਾ ਹੋਇਆ ਮੁਸਕਰਾਇਆ।

"ਗੁੱਟ ਦਿਆ ਪੁੱਤਰਾ, ਅਜੇ ਤਾਂ ਮੈਂ ਲੱਸੀ ਵੀ ਨਹੀਂ ਪੀਤੀ। ਗੁੱਟ ਕਿਦਾਂ ਹੋ ਗਿਆ। ਜਾ ਦੌੜ ਕੇ ਮਕੰਦੇ ਹਲਵਾਈ ਦੀ ਦੁਕਾਨ ਤੋਂ ਮਿੱਠੀ ਲੱਸੀ ਦਾ ਗਲਾਸ ਲੈ ਕੇ ਆ। ...ਥੋੜਾ ਪਰੇ ਸਤਨਾਮੇ ਤੋਂ ਤਿੰਨ ਸੰਤਰੇ ਵੀ ਲੈਂਦਾ ਆਈਂ...ਸਵੇਰ ਦੇ ਹੀ ਖੱਟੇ ਡਕਾਰ ਆਉਂਦੇ ਆ। ਲਗਦਾ ਹੈ ਢਿੱਡ 'ਚ ਤੇਜ਼ਾਬੀ ਮਾਦਾ ਵੱਧ ਗਿਆ ਹੈ।" ਮੀਤ ਸਿੰਘ ਨੇ ਦੋਹਾਂ ਹੱਥਾਂ ਨਾਲ ਢਿੱਡ ਨੂੰ ਘੁੱਟਿਆ।

"ਉਸਤਾਦ ਜੀ ਪੈਸੇ?" ਬਰਕਤ ਨੇ ਉਹਦੀ ਵੱਲ ਖੁੱਲਾ ਤੇ ਖਾਲੀ ਹੱਥ ਵਧਾ ਦਿੱਤਾ।

ਮੀਤ ਸਿੰਘ ਨੇ ਘੂਰ ਕੇ ਉਹਦੀ ਵੱਲ ਦੇਖਿਆ ਤਾਂ ਬਰਕਤ ਬੋਲਿਆ, "ਉਸਤਾਦ ਜੀ ਦੱਸਿਆ ਤਾਂ ਹੈ ਕਿ ਸਵੇਰ ਦੀਆਂ ਦੋ ਲਾਰੀਆਂ ਆਈਆਂ ਤੇ ਦੋ ਗਈਆਂ ਹਨ। ਕੁਲ ਮਿਲਾ ਕੇ ਚਾਰ ਆਨੇ ਦੀ ਕਮਾਈ ਹੋਈ ਹੈ। ...ਕਦੀ ਕਦੀ ਤਾਂ ਇਦਾਂ ਦਾ ਮਨਹੂਸ ਦਿਨ ਹੁੰਦਾ ਹੈ ਕਿ ਲਾਰੀ ਤੋਂ ਭੁੱਖੀਆਂ ਨੰਗੀਆਂ ਸਵਾਰੀਆਂ ਹੀ ਉਤਰਦੀਆਂ ਹਨ। ਸਮਾਨ ਤਾਂ ਕੀ ਉਨ੍ਹਾਂ ਦੇ ਤਨ 'ਤੇ ਪੂਰੇ ਕਪੜੇ ਵੀ ਨਹੀਂ ਹੁੰਦੇ।"

"ਟਰੰਕਾਂ, ਬਿਸਤਰਿਆਂ ਤੇ ਵੱਡੀਆਂ ਵੱਡੀਆਂ ਗੱਠੜੀਆਂ ਨਾਲ ਲੱਦੀਆਂ ਸਵਾਰੀਆਂ ਵੀ ਤਾਂ ਇਸੇ ਅੱਡੇ ਤੇ ਉਤਰਦੀਆਂ।" ਮੀਤ ਸਿੰਘ ਨੇ ਬਰਕਤ ਨੂੰ ਝਿੜਕਿਆ, "ਜਾ, ਦੌੜ ਕੇ ਲੱਸੀ ਤੇ ਸੰਤਰੇ ਲੈ ਆ। ਉਹਨੂੰ ਦੱਸ ਦੇਵੀਂ ਕਿ ਅੱਡਾ ਇੰਨਚਾਰਜ ਨੇ ਮੰਗਵਾਏ ਆ। ਉਹ ਪੈਸੇ ਨਹੀਂ ਮੰਗੇਗਾ। ਛੇਤੀ ਦੌੜ ਜਾ। ਦੋਨਾਂ ਬੱਸਾਂ ਦੇ ਜਾਣ ਦਾ ਟਾਇਮ ਹੋ ਰਿਹਾ ਹੈ। ਅੱਗੇ-ਪਿਛੇ ਹੀ ਤੁਰ ਪੈਣੀਆਂ।"

ਬਰਕਤ ਤੇ ਉਹਦੇ ਸਾਥੀ ਮੀਤ ਸਿੰਘ ਦੇ ਕਮਰੇ ਤੋਂ ਬਾਹਰ ਆ ਗਏ। ਬਰਕਤ ਹਲਵਾਈ ਦੀ ਦੁਕਾਨ ਨੂੰ ਚਲਾ ਗਿਆ ਅਤੇ ਸੋਮਾ, ਤੋਖਾ ਤੇ ਮਨਸੂਖ ਬਾਹਰ ਖੁੱਲੀ ਜਗ੍ਹਾ 'ਚ ਆ ਖੜੇ ਹੋਏ। ਨਵਾਂ ਸ਼ਹਿਰ-ਬੰਗਿਆਂ ਨੂੰ ਜਾਣ ਵਾਲੀ ਬੱਸ ਲੱਗ ਗਈ ਸੀ ਅਤੇ ਉਸਦਾ ਡਰਾਈਵਰ ਤੇ ਕਲੀਨਰ ਬੋਨਟ ਦੇ ਕੋਲ ਖੜ੍ਹੇ ਸਨ। ਸੋਮਾ ਤੇ ਉਹਦੇ ਸਾਥੀ ਵੀ ਉਹਨਾਂ ਦੇ ਕੋਲ ਚਲੇ ਗਏ।

"ਮਨਸੂਖ, ਇਸ ਬੱਸ ਤੇ ਤੂੰ ਤਾਂ ਤੋਖਾ ਆਪਣੀ ਕਿਸਮਤ ਅਜ਼ਮਾ ਲਉ। ਲੁਧਿਆਣਾ ਤੇ ਨਵਾਂਸ਼ਹਿਰ-ਬੰਗਿਆਂ ਤੋਂ ਆਉਣ ਵਾਲੀਆਂ ਲਾਰੀਆਂ ਮੈਂ ਤੇ ਬਰਕਤ ਦੇਖ ਲਵਾਂਗੇ।" ਸੋਮੇ ਨੇ ਸਲਾਹ ਦਿੱਤੀ।

ਮਨਸੂਖ, ਤੇ ਤੋਖੇ ਨੂੰ ਬੱਸ ਵੱਲ ਆਉਂਦਿਆਂ ਦੇਖ ਕੇ ਡਰਾਈਵਰ ਸਰਵਣ ਸਿੰਘ ਤੇ ਕਲੀਨਰ ਫੁੰਮਣਰਾਮ ਥੋੜ੍ਹਾ ਪਰੇ ਚਲੇ ਗਏ। ਸਰਵਣ ਸਿੰਘ ਵੱਲ ਨੂੰ ਮੂਧਾ ਹੋ ਕੇ ਫੁੰਮਣਰਾਮ ਨੇ ਬੁੜਬੁੜ ਕੀਤੀ "ਸੁਣਿਆ ਹੈ ਨਵਾਂ ਕਲੀਨਰ ਕੁਲਦੀਪ ਚੰਦ ਪੰਡਿਤ ਜੀ ਦਾ ਰਿਸ਼ਤੇਦਾਰ ਆ।"

"ਸੁਣਿਆ ਤਾਂ ਮੈਂ ਵੀ ਆਂ। ਠੀਕ ਹੀ ਹੋਣਾ। ਪੰਡਿਤ ਇਕੱਲਾ ਕੰਪਨੀ 'ਚ ਛੇ ਆਨਿਆਂ ਦਾ ਹਿੱਸੇਦਾਰ ਆ। ਇਸ ਲਈ ਬੰਦੇ ਜ਼ਿਆਦਾ ਉਹਦੇ ਹੀ ਭਰਤੀ ਹੋਣਗੇ। ਦੂਜੇ ਨੰਬਰ ਤੇ ਵਰਿਆਮ ਸਿੰਘ ਹੈ। ਉਹ ਕੰਪਨੀ 'ਚ ਚਾਰ ਆਨੇ ਦਾ ਮਾਲਿਕ ਹੈ।"

"ਇਹ ਦੋਨੋ ਤਾਂ ਕੰਪਨੀ ਨੂੰ ਖਾ ਜਾਣਗੇ। ...ਮੁਨਾਫਾ ਹਰ ਸਾਲ ਘੱਟਦਾ ਜਾ ਰਿਹਾ।" ਫੁੰਮਣਰਾਮ ਨੇ ਚਿੰਤਾ ਜ਼ਾਹਿਰ ਕੀਤੀ।

"ਤੂੰ ਕਿੰਨਾ...ਦੋ ਪੈਸੇ ਦਾ ਮਾਲਿਕ ਆਂ?" ਸਰਵਣ ਸਿੰਘ ਨੇ ਪੁੱਛਿਆ।

"ਨਹੀਂ, ਡੇਢ ਪੈਸੇ ਦਾ।" ਫੁੰਮਣਰਾਮ ਨੇ ਕਿਹਾ।

"ਮੈਂ ਇਕ ਪੈਸੇ ਦਾ ਮਾਲਿਕ ਹਾਂ। ...ਇੰਨਾ ਸ਼ੁਕਰ ਕਰ ਕਿ ਨੌਕਰੀ ਲੱਗੀ ਹੋਈ ਆ। ਆਪਣਾ ਰੋਟੀ-ਪਾਣੀ ਦਾ ਖਰਚਾ ਲਾਰੀ ਤੋਂ ਕੱਢ ਲੈਂਦੇ ਆਂ। ਰਾਤ ਨੂੰ ਮੂੰਹ ਵੀ ਕੌੜਾ ਕਰ ਲਈ ਦਾ ਆ। ਪੂਰੀ ਤਨਖਾਹ ਘਰ ਲੈ ਜਾਈਦੀ ਆ। ਉਤੋਂ ਸਾਲ ਬਾਅਦ ਥੋੜ੍ਹਾ ਬਹੁਤਾ ਡਿਵੀਡੰਡ ਵੀ ਮਿਲ ਜਾਂਦਾ ਹੈ। ਹੋਰ ਤੂੰ ਕੀ ਚਾਹੁੰਦਾ ਆਂ? ਕੀ ਤੇਰੇ ਨਾਂ ਦੇ ਨਾਲ ਨਾਲ ਤੇਰੇ ਸਿਰ ਤੇ ਵੀ ਫੁੰਮਣ ਬੰਨ੍ਹ ਦਿਤੇ ਜਾਣ?" ਉਤੇਜਿਤ ਹੋ ਕੇ ਸਰਵਣ ਸਿੰਘ ਨੇ ਫੁੰਮਣਰਾਮ ਦੇ ਮੋਢੇ ਤੇ ਜ਼ੋਰ ਨਾਲ ਹੱਥ ਮਾਰਿਆ।

"ਭਰਾਵਾ, ਤੇਰੀਆਂ ਸਾਰੀਆਂ ਗੱਲਾਂ ਠੀਕ ਆ। ਆਪਣਾ ਹਿਸਾਬ-ਕਿਤਾਬ ਤਾਂ ਠੀਕ-ਠਾਕ ਹੈ ਹੀ। ਪਰ ਮੇਰਾ ਭਤੀਜਾ ਅਠਾਰਾਂ ਸਾਲਾਂ ਦਾ ਹੋ ਗਿਆ ਹੈ। ਅੱਠ ਜਮਾਤਾਂ ਵੀ ਪਾਸ ਕਰ ਲਈਆਂ ਹਨ। ਉਹਦੇ ਬਾਰੇ ਮੈਂ ਸੋਚ ਰਿਹਾ ਸੀ ਕਿ ਜੇ ਕੰਪਨੀ ਵਿਚ ਪਰਚੀਆਂ ਕੱਟਣ ਜਾਂ ਕਲੀਨਰ ਦੀ ਨੌਕਰੀ ਮਿਲ ਜਾਵੇ ਤਾਂ ਚਿੰਤਾ ਦੂਰ ਹੋ ਜਾਵੇ।" ਫੁੰਮਣਰਾਮ ਡੂੰਘੀ ਸੋਚ ਵਿਚ ਡੁੱਬ ਗਿਆ, "ਜਵਾਨ ਮੁੰਡਾ ਅਵਾਰਾ ਨਹੀਂ ਫਿਰਨਾ ਚਾਹੀਦਾ।"

"ਤੇਰਾ ਭਰਾ ਕੀ ਕੰਮ ਕਰਦਾ?"

"ਪਿੰਡ ਵਿਚ ਛੋਟੀ ਜਿਹੀ ਕਰਿਆਨੇ ਦੀ ਹੱਟੀ।"

"ਤਾਂ ਮੁੰਡੇ ਨੂੰ ਹੁਣ ਹੱਟੀ 'ਤੇ ਬਿਠਾ ਦਿਉ।" ਸਰਵਣ ਸਿੰਘ ਨੇ ਸੁਝਾਅ ਦਿੱਤਾ।

"ਦੁਕਾਨ ਦੋ ਆਦਮੀਆਂ ਦਾ ਭਾਰ ਨਹੀਂ ਚੁੱਕ ਸਕਦੀ। ਵੈਸੇ ਵੀ ਮੇਰਾ ਭਤੀਜਾ ਫੇਰੇ-ਤੋਰੇ ਦਾ ਸ਼ੁਕੀਨ ਹੈ।"

"ਤਾਂ ਫੇਰ ਪੰਡਿਤ ਜੀ ਜਾਂ ਵਰਿਆਮ ਸਿੰਘ ਨਾਲ ਗੱਲ ਕਰ ਲਾ।"

"ਉਹ ਕਿਥੇ ਮੰਨਣ ਲੱਗੇ ਆ। ਉਹਨਾਂ ਦੀ ਆਪਣੀ ਰਿਸ਼ਤੇਦਾਰੀ ਬੜੀ ਲੰਬੀ ਚੌੜੀ ਆ।" ਫੁੰਮਣਰਾਮ ਮਾਯੂਸ ਹੋ ਗਿਆ।

"ਫੁੰਮਣਾ ਤੇਰਾ ਕੰਮ ਬਣ ਸਕਦਾ ਆ।" ਸਰਵਣ ਸਿੰਘ ਨੇ ਭਰਵੱਟੇ ਚੜ੍ਹਾ ਕੇ ਵਿਸ਼ਵਾਸ ਨਾਲ ਕਿਹਾ।

"ਕਿਦਾਂ?" ਫੁੰਮਣਰਾਮ ਹੈਰਾਨੀ ਨਾਲ ਸਰਵਣ ਸਿੰਘ ਵੱਲ ਦੇਖਣ ਲੱਗਾ।

"ਕੰਪਨੀ ਵਿਚ ਤਿੰਨ ਆਨੇ ਦਾ ਇਕ ਹੋਰ ਹਿੱਸੇਦਾਰ ਵੀ ਆ।"

"ਕੌਣ?"

"ਪੰਡੋਰੀ ਦਾ ਮਹੰਤ ਸੰਤੋਖ ਸਿੰਘ ...। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਇਸ ਗੱਲ ਦਾ। ਹਰ ਸਾਲ ਵਿਸਾਖੀ ਤੇ ਦੀਵਾਲੀ ਨੂੰ ਉਹਦੇ ਡੇਰੇ 'ਤੇ ਭੰਡਾਰਾ ਹੁੰਦਾ ਆ। ਕੰਪਨੀ ਦੀਆਂ ਸਾਰੀਆਂ ਲਾਰੀਆਂ ਸੰਗਤਾਂ ਨੂੰ ਮੁਫਤ ਢੋਂਦੀਆਂ ਹਨ। ਉਹ ਕਹਿ ਦੇਵੇ ਤਾਂ ਤੇਰੇ ਭਤੀਜੇ ਦਾ ਖੜ੍ਹੇ ਪੈਰ ਕੰਮ ਬਣ ਸਕਦਾ ਹੈ। ਸਿੱਧਾ ਇੰਸਪੈਕਟਰ ਲੱਗ ਸਕਦਾ। ਵੈਸੇ ਵੀ ਮਹੰਤ ਦਿਆਲੂ ਆਦਮੀ ਆ। ਔਰਤ ਜ਼ਾਤ ਦੀ ਗੱਲ ਨੂੰ ਝੱਟ ਮੰਨ ਲੈਂਦਾ ਹੈ।" ਸਰਵਣ ਸਿੰਘ ਅੱਖ ਦਬਾ ਕੇ ਹੱਸਿਆ।

"ਚਲੋ, ਕੋਸ਼ਿਸ਼ ਕਰਕੇ ਦੇਖਾਂਗੇ। ਪੰਡੋਰੀ ਵੈਸੇ ਵੀ ਮੇਰੇ ਪਿੰਡ ਦੇ ਨੇੜੇ ਹੀ ਹੈ। ਜ਼ਿਆਦਾ ਤੋਂ ਜ਼ਿਆਦਾ ਦੋ ਕੋਹ ਹੋਊਗੀ...ਡੰਡੀਓ ਡੰਡੀ। ...ਸੜਕ ਵੱਲ ਦੀ ਅੱਠ-ਦਸ ਕੋਹ ਪੈ ਜਾਂਦੀ ਆ। ਪਹਿਲਾਂ ਬਹਿਰਾਮ ਜਾਓ ਫੇਰ ਨੰਗਲ ਤੇ ਉਥੋਂ ਪੰਡੋਰੀ।"

"ਸੇਵਾ ਕਰੋ ਡੇਰੇ 'ਤੇ। ...ਮਹੰਤ ਖੁਸ਼ ਹੋ ਗਿਆ ਤਾਂ ਕੰਮ ਜ਼ਰੂਰ ਬਣ ਜਾਊਗਾ। ...ਉਹ ਤੀਵੀਆਂ ਨੂੰ ਮੁੰਡੇ ਵੀ ਦਿੰਦਾ ਆ। ਤੇਰਾ ਤਾਂ ਕੰਮ ਹੀ ਬਹੁਤ ਛੋਟਾ ਹੈ।" ਸਰਵਣ ਸਿੰਘ ਇਕ ਵਾਰ ਫਿਰ ਹੱਸਿਆ।

"ਕਰਕੇ ਦੇਖਦਾ ਆਂ।" ਫੁੰਮਣਰਾਮ ਨੇ ਹਾਂ ਵਿਚ ਸਿਰ ਹਿਲਾਇਆ।

"ਜ਼ਰੂਰ ਕਰ। ...ਇਸ ਕੰਪਨੀ ਵਿਚ ਜੇ ਕੁੱਤਾ ਵੀ ਭਰਤੀ ਕਰਨਾ ਹੋਵੇ ਤਾਂ ਉਹ ਜਾਂ ਤਾਂ ਕੰਪਨੀ ਦੇ ਕਿਸੇ ਵੱਡੇ ਹਿੱਸੇਦਾਰ ਦਾ ਆਪਣਾ ਹੋਵੇਗਾ, ਜਾਂ ਫਿਰ ਉਹਦੇ ਗਲੀ ਗੁਆਂਢ ਤੋਂ ਤਾਂ ਜ਼ਰੂਰ ਹੀ ਹੋਣਾ ਚਾਹੀਦਾ।" ਸਰਵਣ ਸਿੰਘ ਨੇ ਖਿਝ ਕੇ ਸਿਰ ਝਟਕਿਆ। ਫਿਰ ਉਹ ਚਾਰੇ ਪਾਸੇ ਦੇਖਣ ਲੱਗਾ, "ਸ਼ਿੰਗਾਰਾ ਕਿਥੇ ਮਰ ਗਿਆ। ਘੱਟੋ ਘੱਟ ਹੋਕਾ ਤਾਂ ਦੇਵੇ ਕਿ ਨਵਾਂ ਸ਼ਹਿਰ-ਬੰਗਿਆਂ ਦੀ ਲਾਰੀ ਲੱਗ ਗਈ ਹੈ।"

"ਕਿਤੇ ਇੱਥੇ ਹੀ ਹੋਣਾ। ਮੈਂ ਦੇਖਦਾ ਆਂ।" ਫੁੰਮਣਰਾਮ ਟਿਕਟਾਂ ਦੀ ਫੱਟੀ ਨੂੰ ਛਾਤੀ ਨਾਲ ਲਾ ਕੇ ਤੇ ਝੋਲੇ ਨੂੰ ਗੁੱਟ ਦੇ ਦੁਆਲੇ ਲਪੇਟ ਕੇ ਦੁਕਾਨਾਂ ਵੱਲ ਨੂੰ ਤੁਰ ਪਿਆ।

ਬਰਕਤ ਇਕ ਹੱਥ ਵਿਚ ਲੱਸੀ ਦਾ ਗਲਾਸ ਤੇ ਦੂਜੇ ਹੱਥ ਵਿਚ ਸੰਤਰਿਆਂ ਦਾ ਲਿਫ਼ਾਫ਼ਾ ਲਈ ਜਦ ਸਰਵਣ ਸਿੰਘ ਦੇ ਕੋਲੋਂ ਲੰਘਿਆ ਤਾਂ ਉਸ ਨੇ ਉਹ ਨੂੰ ਰੋਕ ਲਿਆ, "ਕਿਹਦਾ ਸਮਾਨ ਆ?"

ਬਰਕਤ ਨੇ ਭਰਵੱਟੇ ਉੱਪਰ ਨੂੰ ਚੜ੍ਹਾ ਕੇ ਅੱਡਾ ਇੰਨਚਾਰਜ ਦੇ ਕਮਰੇ ਵੱਲ ਇਸ਼ਾਰਾ ਕੀਤਾ। ਸਰਵਣ ਸਿੰਘ ਹੱਸ ਪਿਆ। "ਰੋਟੀ-ਪਾਣੀ, ਖਾਦ-ਖੁਰਾਕ ਅੱਡੇ ਦੀਆਂ ਦੁਕਾਨਾਂ ਦੇ ਜ਼ਿੰਮੇ ਆ। ਸਾਲਾ, ਮੁਫਤ ਦਾ ਮਾਲ ਖਾ-ਖਾ ਕੇ ਮੋਟਾ ਹੋਈ ਜਾਂਦਾ। ਹੋਵੇ ਵੀ ਕਿਉਂ ਨਾ। ਕੰਪਨੀ ਵਿਚ ਦੋ ਆਨੇ ਦਾ ਮਾਲਕ ਜੋ ਹੈ।"

"ਵੱਡੇ ਲੋਕਾਂ ਦੇ ਵੱਡੇ ਕੰਮ। ਗਰੀਬ ਆਦਮੀ ਕੀ ਕਹਿ ਸਕਦਾ।" ਬਰਕਤ ਨੇ ਆਪਣਾ ਸਿਰ ਝਟਕਿਆ ਤੇ ਲੱਸੀ ਦੇ ਵੱਡੇ ਸਾਰੇ ਗਲਾਸ ਨੂੰ ਘੁੱਟ ਕੇ ਫੜਦਿਆਂ ਮੀਤ ਸਿੰਘ ਦੇ ਕਮਰੇ ਵੱਲ ਨੂੰ ਚਲਾ ਗਿਆ।

ਥੋੜ੍ਹੀ ਹੀ ਦੇਰ ਬਾਅਦ ਲੁਧਿਆਣੇ ਤੋਂ ਵੀ ਬੱਸ ਆ ਗਈ। ਕੁਝ ਸਮੇਂ ਲਈ ਅੱਡੇ 'ਤੇ ਫੇਰ ਰੌਣਕ ਹੋ ਗਈ। ਮਜ਼ਦੂਰਾਂ ਦੇ ਨਾਲ-ਨਾਲ ਤਾਂਗੇ ਵਾਲੇ ਵੀ ਸਵਾਰੀਆਂ ਨੂੰ ਘੇਰੀ ਖੜ੍ਹੇ ਜ਼ੋਰ ਜ਼ੋਰ ਦੀ ਹੋਕਾ ਦੇ ਰਹੇ ਸਨ-"ਅੱਡਾ ਹੁਸ਼ਿਆਰਪੁਰ, ਟਾਂਡਾ ਅੱਡਾ...ਮਾਈ ਹੀਰਾਂ ਗੇਟ"...

"ਚੱਲ ਕਚਹਿਰੀ, ਅੱਡਾ ਅੰਮ੍ਰਿਤਸਰ ...ਨਕੋਦਰ ਅੱਡਾ...ਪੱਕਾ ਬਾਗ...ਚਹਾਰਬਾਗ...ਸੈਅਦਾਂ ਗੇਟ...ਫਗਵਾੜਾ ਗੇਟ।"

ਮੰਗਤੇ ਤੇ ਮੰਗਤੀਆਂ ਵੀ ਸਵਾਰੀਆਂ ਨੂੰ ਘੇਰਨੇ ਦੀ ਕੋਸ਼ਿਸ਼ ਕਰ ਰਹੇ ਸਨ।

ਜਦ ਸਵਾਰੀਆਂ ਅੱਡੇ ਤੋਂ ਬਾਹਰ ਚਲੇ ਗਈਆਂ ਤਾਂ ਉਥੇ ਇਕ ਵਾਰ ਫਿਰ ਖਮੋਸ਼ੀ ਛਾ ਗਈ। ਮਨਸੂਖ ਤੇ ਤੋਖਾ ਜੇਬ 'ਚ ਪਾਏ ਪੈਸਿਆਂ ਨੂੰ ਗਿਣਦੇ ਹੋਏ ਬਰਕਤ ਤੇ ਸੋਮੇ ਦੇ ਕੋਲ ਚਲੇ ਗਏ। ਉਹ ਬਰਾਂਡੇ ਦੇ ਦੋ ਥੰਮਾਂ ਦੇ ਨਾਲ ਆਹਮੋ ਸਾਹਮਣੇ ਖੜ੍ਹੇ ਸਿਗਰਟ ਪੀ ਰਹੇ ਸਨ।

"ਸੋਮਿਆਂ, ਆਪਾਂ ਰਲ਼ ਕੇ ਇਕ ਹੁੱਕਾ ਬਣਾ ਲਈਏ। ਸਿਗਰਟ ਨਾਲ ਬੁੱਲ੍ਹ ਜਲ ਜਾਂਦੇ ਹਨ।" ਬਰਕਤ ਨੇ ਸੁਝਾਅ ਦਿੱਤਾ, "ਦੂਜਾ ਸਸਤਾ ਵੀ ਪਊਗਾ।"

"ਛੱਡ ਯਾਰ, ਕਦੀ ਪਾਣੀ ਬਦਲ ਕੇ ਹੁੱਕਾ ਤਾਜ਼ਾ ਕਰੋ ਤੇ ਕਦੀ ਚਿਲਮ ਭਰੋ। ਸਿਗਰਟ ਹੀ ਠੀਕ ਆ।" ਸੋਮੇ ਨੇ ਨਾਂਹ ਵਿਚ ਸਿਰ ਹਿਲਾਇਆ।

ਬਰਕਤ ਨੇ ਕੋਈ ਜਵਾਬ ਨਾ ਦਿੱਤਾ ਤੇ ਸੋਮੇ ਨੂੰ ਛੱਡ ਤੋਖੇ ਤੇ ਮਨਸੂਖ ਵੱਲ ਦੇਖਣ ਲੱਗਾ। ਜਦ ਉਹ ਨੇੜੇ ਆ ਗਏ ਤਾਂ ਬਰਕਤ ਨੇ ਹੈਰਾਨੀ ਨਾਲ ਪੁੱਛਿਆ, "ਕੁੱਝ ਮਿਲਿਆ ਜਾਂ ਬੱਸ ਵਿਚ ਮੰਗਤੇ ਹੀ ਭਰੇ ਹੋਏ ਸੀ?"

"ਮੇਰਾ ਤਾਂ ਠੀਕ ਹੀ ਹੈ...।" ਤੋਖੇ ਨੇ ਜੇਬ ਵਿਚੋਂ ਦਸ ਆਨੇ ਕੱਢਦਿਆਂ ਕਿਹਾ, "ਮੇਰੀ ਲਾਰੀ 'ਚ ਤਾਂ ਇਕ ਕਾਲਜੀਏਟ ਬੈਠਾ ਸੀ। ਪਿੰਡ ਵਿਚ ਪਿਉ ਨੂੰ ਮਿਲ ਕੇ ਆਇਆ ਹੋਣਾ। ਟਰੰਕ, ਬਿਸਤਰਾ ਬੱਸ ਦੀ ਛੱਤ ਤੋਂ ਉਤਾਰਨ ਤੇ ਤਾਂਗੇ ਵਿਚ ਰੱਖਣ ਦੇ ਦਸ ਆਨੇ ਦੇ ਗਿਆ। ਬਾਂਰਾਂ ਆਨੇ ਮੰਗਦਾ ਤਾਂ ਸ਼ਾਇਦ ਉਹਨੇ ਉਹ ਵੀ ਦੇ ਦੇਣੇ ਸਨ।"

"ਮੈਨੂੰ ਤਾਂ ਛੇ ਹੀ ਆਨੇ ਮਿਲੇ ਆ। ਆੜ੍ਹਤੀ ਦੀਆਂ ਬੋਰੀਆਂ ਲਾਹੀਆਂ ਸਨ। ਨਗ ਮਗਰ ਦੋ ਪੈਸੇ ਦੇ ਹਿਸਾਬ ਨਾਲ ਤਿੰਨ ਆਨੇ ਬਣਦੇ ਸੀ। ਉਹ ਦੁਆਨੀ ਦੇ ਕੇ ਹੀ ਟਿੱਬਣਾ ਚਾਹੁੰਦਾ ਸੀ। ਪਰ ਮੈਂ ਵੀ ਅੜ ਗਿਆ। ਮਜ਼ਦੂਰੀ ਤਾਂ ਤਿੰਨ ਆਨੇ ਦੇ ਦਿੱਤੀ ਪਰ ਬੁੜ ਬੁੜ ਕਰਦਾ ਰਿਹਾ ਕਿ ਸ਼ਹਿਰ ਵਿਚ ਲੁੱਟ ਮਚੀ ਹੋਈ ਹੈ।"

ਤੋਖੇ ਤੇ ਮਨਸੂਖ ਨੇ ਆਪਣੇ ਆਪਣੇ ਪੈਸੇ ਗਿਣ ਕੇ ਬਰਕਤ ਨੂੰ ਦੇ ਦਿੱਤੇ। ਉਸ ਨੇ ਹੁਣ ਤੱਕ ਦੀ ਉਸ ਦਿਨ ਦੀ ਕਮਾਈ ਨੂੰ ਧਿਆਨ ਨਾਲ ਗਿਣਿਆ ਤੇ ਪੈਸਿਆਂ ਨੂੰ ਕਮੀਜ਼ ਦੇ ਥੱਲੇ ਪਤੂਹੀ ਦੀ ਅੰਦਰਲੀ ਜੇਬ ਵਿਚ ਰੱਖਦਾ ਹੋਇਆ ਸੂਰਜ ਵੱਲ ਦੇਖਣ ਲੱਗਾ, "ਪੌਣੇ ਦੋ ਰੁਪਏ ਹੀ ਬਣੇ ਹਨ। ...ਕੋਈ ਗੱਲ ਨਹੀਂ। ਅਜੇ ਘੱਟ ਤੋਂ ਘੱਟ ਅੱਠ-ਦਸ ਬੱਸਾਂ ਜਾਣਗੀਆਂ ਤੇ ਇੰਨੀਆਂ ਕੁ ਹੀ ਆਉਣਗੀਆਂ। ਅੰਮ੍ਰਿਤਸਰ, ਮੁਕੇਰੀਆਂ, ਨਕੋਦਰ-ਲੋਹੀਆਂ ਤੇ ਦਿੱਲੀ ਦੀ ਪਸੰਜ਼ਰ ਗੱਡੀਆਂ ਵੀ ਤਾਂ ਆਉਣੀਆਂ ਹਨ।"

ਉਹ ਕੁੱਝ ਪਲ ਚੁੱਪ ਬੈਠੇ ਰਹੇ। ਫਿਰ ਮਨਸੂਖ ਨੇ ਉਹਨਾਂ ਵੱਲ ਦੇਖਿਆ, "ਆਉ, ਖਾਣਾ ਖਾ ਲਈਏ।"

"ਯਾਰ, ਦਿਨ ਅਜੇ ਪੂਰੀ ਤਰ੍ਹਾਂ ਚੜ੍ਹਿਆ ਨਹੀਂ ਤੇ ਤੈਨੂੰ ਭੁੱਖ ਸਤਾਉਣ ਵੀ ਲੱਗ ਗਈ। ਕੀ ਤੂੰ ਘਰ ਤੋਂ ਭੁੱਖਾ ਹੀ ਤੁਰ ਪਿਆ ਸੀ?" ਬਰਕਤ ਨੇ ਖਿੱਝ ਕੇ ਪੁੱਛਿਆ। ਫਿਰ ਉਸ ਨੇ ਬਰਾਂਡੇ ਵਿਚ ਲੱਗੇ ਗੰਦੇ ਜਿਹੇ ਟਾਈਮ ਪੀਸ ਵੱਲ ਦੇਖਿਆ, "ਅਜੇ ਤਾਂ ਗਿਆਰਾਂ ਵੀ ਨਹੀਂ ਵੱਜੇ ਤੇ ਇਹਦਾ ਢਿੱਡ ਭੁੱਖ ਨਾਲ ਸੁੰਗੜਨ ਲੱਗਾ ਹੋਇਆ ਹੈ।"

"ਮੈਂ ਤਾਂ ਸੋਚਿਆ ਕਿ ਵਿਹਲੇ ਹੀ ਬੈਠੇ ਹਾਂ, ਖਾਣਾ ਹੀ ਖਾ ਲੈਂਦੇ ਹਾਂ।" ਮਨਸੂਖ ਖਸਿਆਨਾ ਜਿਹਾ ਹੋ ਗਿਆ।

"ਵਿਹਲੇ ਕਿਉਂ ਬੈਠਣਾ ਹੈ?" ਸੋਮਾ ਜੇਬ ਵਿਚੋਂ ਤਾਸ਼ ਕੱਢ ਕੇ ਪੱਤੇ ਫੈਂਟਣ ਲੱਗਾ। "ਕੀ ਖੇਲਣਾ? ...ਭਾਬੀ?"

"ਛੱਡ ਯਾਰ। ਭਾਬੀ ਤਾਂ ਨਿਆਣਿਆਂ ਦੀ ਖੇਡ ਆ।" ਤੋਖੇ ਨੇ ਇਤਰਾਜ਼ ਕੀਤਾ।

"ਪਰ ਠੋਕਾ ਦੇ ਕੇ ਮਜ਼ਾ ਬਹੁਤ ਆਉਂਦਾ ।" ਸੋਮਾ ਖੁਸ਼ ਹੋ ਗਿਆ। "ਕੋਟਪੀਸ ਖੇਲ ਲਵੋ।" ਮਨਸੂਖ ਨੇ ਸਲਾਹ ਦਿੱਤੀ।

"ਨਹੀਂ ਯਾਰੋ, ਸੀਪ ਖੇਲਦੇ ਹਾਂ। ਥੋੜ੍ਹੀ ਦਿਮਾਗੀ ਕਸਰਤ ਵੀ ਹੋਣੀ ਚਾਹੀਦੀ ਹੈ।" ਬਰਕਤ ਨੇ ਫੈਸਲਾ ਸੁਣਾਇਆ।

"ਪਹਿਲਾਂ ਪੀਸ ਕੱਢੋ।"

ਪੀਸ ਵੀ ਕੱਢਦੇ ਆਂ। ...ਤੋਖੇ, ਤੂੰ ਤੇ ਮਨਸੂਖ ਆੜੀ ...ਮੈਂ ਤਾਂ ਸੋਮਾ।"

ਬਰਕਤ ਨੇ ਸੋਮੇ ਤੋਂ ਤਾਸ਼ ਲੈ ਕੇ ਪੱਤਿਆਂ ਨੂੰ ਕਾਹਲੀ ਨਾਲ ਫੈਂਟਦੇ ਹੋਏ ਕਿਹਾ, ਜਿਸ ਨੂੰ ਹੁਕਮ ਦਾ ਗੁਲਾਮ ਆਇਆ, ਉਹ ਪੀਹੂਗਾ।" ਬਰਕਤ ਸਾਰਿਆਂ ਦੇ ਸਾਹਮਣੇ ਇਕ-ਇਕ ਪੱਤਾ ਸਿੱਧਾ ਕਰਕੇ ਸਿੱਟਦਾ ਰਿਹਾ। ਸਾਰਿਆਂ ਤੋਂ ਪਹਿਲਾਂ ਗੁਲਾਮ ਉਹਦੇ ਹੀ ਹਿੱਸੇ ਆਇਆ।

ਉਹ ਤਾਸ਼ ਖੇਲਣ ਵਿਚ ਮਗਨ ਹੋ ਗਏ ਤਾਂ ਕਾਲੀ ਵੀ ਹੌਲੀ ਹੌਲੀ ਉਹਨਾਂ ਦੇ ਨੇੜੇ ਆ ਗਿਆ ਤੇ ਖੇਲ ਦੇਖਣ ਲੱਗਾ। ਜਦ ਕਿਸੇ ਦਾ ਕੋਈ ਪੱਤਾ ਪੱਕਾ ਹੋ ਜਾਂਦਾ ਤਾਂ ਉਹ ਉਸ ਨੂੰ ਜ਼ੋਰ ਨਾਲ ਸਿੱਟਦਾ ਹੋਇਆ ਜੇਤੂ ਅਵਾਜ਼ ਕੱਢਦਾ। ਕਾਲੀ ਵੀ ਹੌਲੀ ਹੌਲੀ ਖੇਲ ਵਿਚ ਪੂਰੀ ਤਰ੍ਹਾਂ ਖੁੱਭ ਗਿਆ ਤੇ ਆਪਣੇ ਸਾਰੇ ਦੁੱਖ-ਦਰਦ ਭੁੱਲ ਗਿਆ।

ਤਾਸ਼ ਦੀ ਬਾਜ਼ੀ ਆਪਣੇ ਜੋਬਨ 'ਤੇ ਸੀ ਕਿ ਲਾਰੀ ਦੀ ਅਵਾਜ਼ ਸੁਣਾਈ ਦੇਣ ਲੱਗੀ। ਸਾਰਿਆਂ ਨੇ ਚੌਕੰਨੇ ਹੋ ਵਾਰੀ ਵਾਰੀ ਗੇਟ ਵੱਲ ਦੇਖਿਆ ਪਰ ਅਗਲੇ ਹੀ ਪਲ ਉਹ ਇਕ ਵਾਰ ਫਿਰ ਖੇਲ ਵਿਚ ਰੁੱਝ ਗਏ।

ਜਦ ਹਚਕੋਲੇ ਖਾਂਦੀ ਹੋਈ ਬੱਸ ਵਿਹੜੇ ਵਿਚ ਆਈ ਤਾਂ ਬਰਕਤ ਨੇ ਆਪਣੇ ਪੱਤਿਆਂ ਨੂੰ ਦੋਨਾਂ ਹੱਥਾਂ ਵਿਚ ਘੁੱਟਦਿਆਂ ਪੁੱਛਿਆ, "ਕਿਹਦੀ ਵਾਰੀ ਆ?"

"ਮੇਰੀ...।" ਮਨਸੂਖ ਨੇ ਕਿਹਾ।

"ਤਾਸ਼ ਦੀ ਨਹੀਂ। ...ਬੱਸ ਦੇਖਣੇ ਦੀ।"

"ਕਨੂੰਨ ਦੇ ਹਿਸਾਬ ਤਾਂ ਤੇਰੀ ਤੇ ਮਨਸੂਖ ਦੀ ਹੋਣੀ ਚਾਹੀਦੀ ਹੈ।"

"ਉਹ ਕਿਉਂ ...ਅਸੀਂ ਨਵੇਂ ਸ਼ਹਿਰ ਜਾਣ ਵਾਲੀ ਬੱਸ ਦੇਖੀ ਤਾਂ ਸੀ। ਦੋ ਸਵਾਰੀਆਂ ਦਾ ਸਮਾਨ ਚੜ੍ਹਾ ਕੇ ਚਾਰ ਆਨੇ ਵੀ ਲਏ ਸੀ।" ਬਰਕਤ ਨੇ ਕਿਹਾ।

"ਫੇਰ ਮੇਰੀ ਤੇ ਤੋਖੇ ਦੀ ਹੋਊਗੀ।" ਸੋਮੇ ਨੇ ਹੱਥ ਦੇ ਪੱਤਿਆਂ ਨੂੰ ਧਿਆਨ ਨਾਲ ਦੇਖਦੇ ਹੋਏ ਡੂੰਘੀ ਸੋਚ 'ਚ ਡੁੱਬੀ ਅਵਾਜ਼ ਵਿਚ ਕਿਹਾ।

"ਜਾਓ, ਪਹਿਲਾਂ ਬੱਸ ਦੇਖ ਆਉ।" ਬਰਕਤ ਨੇ ਆਪਣੇ ਹੱਥ ਦੇ ਪੱਤੇ ਉਲਟੇ ਕਰਕੇ ਫਰਸ਼ ਤੇ ਰੱਖ ਦਿੱਤੇ।

"ਬਸ, ਬਾਜੀ ਵੀ ਜ਼ਿਆਦਾ ਤੋ ਜ਼ਿਆਦਾ ਦੋ-ਤਿੰਨ ਹੱਥ ਹੀ ਰਹਿ ਗਈ ਹੈ। ਫਿਰ ਬੱਸ ਵੀ ਦੇਖਣੀ ਆ।" ਸੋਮੇ ਨੇ ਆਪਣੇ ਹੱਥ ਵਿਚ ਭਾਰੇ ਪੱਤੇ ਦੇਖ ਕੇ ਖੁਸ਼ ਹੁੰਦਿਆ ਕਿਹਾ।

"ਤਦ ਤੱਕ ਸਵਾਰੀਆਂ ਆਪਣੇ-ਆਪਣੇ ਘਰ ਪਹੁੰਚ ਜਾਣਗੀਆਂ।" ਬਹੁਤ ਸਾਰਾ ਧੂੰਆਂ ਛੱਡਣ ਤੋਂ ਬਾਅਦ ਖੜ੍ਹਨ ਤੇ ਫਿਰ ਡਰਾਈਵਰ ਨੂੰ ਆਪਣੀ ਸੀਟ ਤੋਂ ਛਾਲ ਮਾਰ ਕੇ ਥੱਲੇ ਉਤਰਦਿਆਂ ਦੇਖ ਕੇ ਬਰਕਤ ਨੇ ਫੈਸਲਾਕੁੰਨ ਅਵਾਜ਼ ਵਿਚ ਕਿਹਾ।

"ਤੁਸੀਂ ਤਾਸ਼ ਖੇਲੋ। ਜੇ ਬੱਸ ਦੀ ਛੱਤ 'ਤੇ ਸਵਾਰੀ ਦਾ ਸਮਾਨ ਹੋਇਆ ਤਾਂ ਮੈਂ ਥੱਲੇ ਲਾਹ ਦੇਵਾਂਗਾ।" ਕਾਲੀ ਨੇ ਪੇਸ਼ਕਸ਼ ਕੀਤੀ।

ਬਰਕਤ ਤੇ ਹੋਰ ਕਈਆਂ ਨੇ ਧਿਆਨ ਨਾਲ ਕਾਲੀ ਵੱਲ ਦੇਖਿਆ ਤੇ ਇਕਦਮ ਉਹਨਾਂ ਦੇ ਤੇਵਰ ਬਦਲ ਗਏ।

"ਬੱਲਿਆ, ਤੂੰ ਆਪਣਾ ਕੰਮ ਕਰ।" ਬਰਕਤ ਨੇ ਕਾਲੀ ਵੱਲ ਘੂਰ ਕੇ ਦੇਖਿਆ। "ਉਏ ਸੋਮੇ, ਤੋਖੇ, ਦੌੜੋ ਇੱਥੋਂ। ਬਾਜੀ ਇੱਥੇ ਹੀ ਛੱਡ ਦਿਉ। "ਬਰਕਤ ਨੇ ਬਾਂਹ ਤੋਂ ਫੜ ਕੇ ਉਹਨਾਂ ਨੂੰ ਉਠਾ ਦਿੱਤਾ।

"ਮਗਰੋਂ ਸਾਡੇ ਪੱਤੇ ਨਾ ਦੇਖਿਉ। ਬਹੁਤ ਵਧੀਆ ਬਾਜੀ ਆ।" ਸੋਮਾ ਤੇ ਤੋਖਾ ਪੱਤੇ ਫਰਸ਼ ਤੇ ਮੂਧੇ ਰੱਖ ਕੇ ਮੋਢਿਆਂ ਤੋਂ ਸਾਫੇ ਚੁੱਕ, ਸਿਰ 'ਤੇ ਲਪੇਟਦੇ ਹੋਏ ਬੱਸ ਵੱਲ ਨੂੰ ਦੌੜ ਗਏ।

ਕਾਲੀ ਨੇ ਉਹਨਾਂ ਦੀ ਗੱਲਬਾਤ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਉਹਨਾਂ ਦਾ ਲੀਡਰ ਬਰਕਤ ਹੈ। ਉਹ ਬਰਕਤ ਦੇ ਨੇੜੇ ਬੈਠ ਗਿਆ ਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੋਲਿਆ, "ਤੁਹਾਡੀ ਤਾਂ ਇਥੇ ਸਾਰੇ ਗੱਲ ਮੰਨਦੇ ਹਨ। ਮੈਂ ਬਿਲਕੁਲ ਬੇਆਸਰਾ ਤੇ ਬੇਕਾਰ ਹਾਂ। ਮੈਨੂੰ ਵੀ ਅੱਡੇ ਤੇ ਕੋਈ ਮਾੜਾ ਮੋਟਾ ਕੰਮ ਦੁਆ ਦੇਵੇਂ ਤਾਂ ਤੇਰੇ ਆਸਰੇ ਮੇਰਾ ਵੀ ਗੁਜ਼ਾਰਾ ਹੋ ਜਾਊਗਾ।"

ਬਰਕਤ ਨੇ ਬਹੁਤ ਧਿਆਨ ਨਾਲ ਕਾਲੀ ਨੂੰ ਸਿਰ ਤੋਂ ਪੈਰਾਂ ਤੱਕ ਕਈ ਵਾਰ ਦੇਖਿਆ ਜਿਵੇਂ ਨਜ਼ਰਾਂ ਹੀ ਨਜ਼ਰਾਂ ਵਿਚ ਉਸ ਨੂੰ ਤੋਲ ਰਿਹਾ ਹੋਵੇ। ਫਿਰ ਅੱਖਾਂ ਫੇਰ ਲਈਆਂ "ਭਾਈ ਕੌਣ ਹੈ ਤੂੰ, ਕਿਹੜੇ ਪਿੰਡ ਦਾ ਆਂ। ਕਿਥੇ ਰਹਿੰਦਾ?"

"ਹੁਣ ਤਾਂ ਮੇਰਾ ਕੋਈ ਪਿੰਡ ਨਹੀਂ ਹੈ। ਇੰਨੀ ਵੱਡੀ ਦੁਨੀਆਂ 'ਚ ਮੈਂ ਬਿਲਕੁਲ ਇਕੱਲਾ ਹਾਂ। ਨਾ ਕੋਈ ਅੱਗੇ ਹੈ ਨਾ ਪਿਛੇ। ਨਾ ਘਰ ਨਾ ਘਾਟ। ਲੈ ਦੇ ਕੇ ਇਕ ਚਾਚੀ ਸੀ, ਉਹ ਵੀ...।" ਗੱਚ ਭਰ ਜਾਣ ਦੇ ਕਾਰਨ ਕਾਲੀ ਅੱਗੇ ਕੁੱਝ ਨਾ ਕਹਿ ਸਕਿਆ ਤੇ ਸਿਰ ਉਪਰ ਅਸਮਾਨ ਵੱਲ ਨੂੰ ਚੁੱਕ ਲਿਆ। ਉਹਨੇ ਗਿਲ੍ਹੀਆਂ ਅੱਖਾਂ ਨੂੰ ਹਥੇਲੀ ਨਾਲ ਪੂੰਝਿਆ ਤੇ ਭਰੜਾਈ ਅਵਾਜ਼ ਵਿਚ ਬੋਲਿਆ, "ਚੌਧਰੀਆਂ ਨੇ ਪਿੰਡ ਚੋਂ ਕੱਢ ਦਿੱਤਾ ਹੈ। ਜੇ ਹਠ ਕਰਕੇ ਮੈਂ ਰਹਿ ਵੀ ਜਾਂਦਾ ਤਾਂ ਉਹਨਾਂ ਨੇ ਮੈਨੂੰ ਜਾਨੋਂ ਮਾਰ ਦੇਣਾ ਸੀ।

ਕਾਲੀ ਦੀ ਗੱਲ ਸੁਣ ਕੇ ਬਰਕਤ ਸੋਚਾਂ ਵਿਚ ਪੈ ਗਿਆ ਜਿਵੇਂ ਉਹਨੂੰ ਕੋਈ ਆਪਣਾ ਪੁਰਾਣਾ ਦੁੱਖ ਦਰਦ ਯਾਦ ਆ ਗਿਆ ਹੋਵੇ। ਫਿਰ ਉਹ ਗੰਭੀਰ ਹੋ ਸਿਰ ਹਿਲਾਉਣ ਲੱਗਾ, "ਪਿੰਡ ਛੱਡ ਕੇ ਸ਼ਹਿਰ ਉਹੀ ਆਦਮੀ ਆਉਂਦਾ ਜਿਹਦਾ ਪਿੰਡ ਵਿਚ ਰਹਿਣਾ ਮੁਸ਼ਕਲ ਹੋ ਜਾਵੇ। ਕੋਈ ਆਸ-ਮੁਰਾਦ ਨਾ ਰਹੇ। ਪੈਰਾਂ ਥੱਲੇ ਦੀ ਜ਼ਮੀਨ ਵੀ ਵੱਢਣ ਲੱਗੇ।"

ਬਰਕਤ ਤੋਂ ਥੋੜ੍ਹੀ ਜਿਹੀ ਹਮਦਰਦੀ ਪਾ ਕੇ ਕਾਲੀ ਨੂੰ ਥੋੜ੍ਹਾ ਜਿਹਾ ਹੌਸਲਾ ਹੋਇਆ ਤੇ ਉਹ ਦੋਨਾਂ ਹੱਥਾਂ ਨਾਲ ਅੱਖਾਂ ਪੂੰਝ ਕੇ ਬਰਕਤ ਵੱਲ ਦੇਖਣ ਲੱਗਾ। ਬਰਕਤ ਨੇ ਉਹਦੀ ਨੀਅਤ ਤਾੜ ਕੇ ਹੌਲੀ ਜਿਹੇ ਕਿਹਾ, "ਐਸ ਅੱਡੇ 'ਤੇ ਤਾਂ ਕੋਈ ਗੁੰਜਾਇਸ਼ ਨਹੀਂ ਹੈ। ਇਥੇ ਤਾਂ ਕੰਪਨੀ ਦੇ ਮਾਲਿਕਾਂ ਤੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਹੀ ਕੰਮ ਜਾਂ ਨੌਕਰੀ ਮਿਲਦੀ ਹੈ। ...ਅਸੀਂ ਵੀ ਅੱਡਾ ਫ਼ੀਸ ਦੇ ਕੇ ਕੰਮ ਕਰਦੇ ਹਾਂ। ...ਸਾਰਾ ਦਿਨ ਭਾਰ ਢੋਹ ਕੇ ਵੀ ਕਈ ਵਾਰ ਦਿਨ ਵਿਚ ਬਾਰਾਂ ਆਨੇ ਜਾਂ ਇਕ ਰੁਪਇਆ ਬਣਦਾ ਹੈ। ਸਮਾਨ ਵਾਲੀਆਂ ਜ਼ਿਆਦਾ ਸਵਾਰੀਆਂ ਆ ਜਾਣ ਤਾਂ ਡੇਢ ਦੋ ਰੁਪਏ ਵੀ ਮਿਲ ਜਾਂਦੇ ਹਨ। ਇਹ ਤੋਂ ਜ਼ਿਆਦਾ ਨਹੀਂ।"

ਬਰਕਤ ਦੀ ਗੱਲ ਸੁਣ ਕੇ ਕਾਲੀ ਖਮੋਸ਼ ਹੋ ਗਿਆ। ਉਹਦੀਆਂ ਅੱਖਾਂ ਵਿਚ ਇਕ ਵਾਰ ਫਿਰ ਹੰਝੂ ਛਲਕ ਆਏ ਤੇ ਸੰਘ 'ਚ ਅਟਕੀ ਚੀਕ ਨੂੰ ਉਹਨੇ ਬਹੁਤ ਹੀ ਮੁਸ਼ਕਲ ਨਾਲ ਬੁੱਲਾਂ ਤੇ ਆਉਣ ਤੋਂ ਰੋਕਿਆ।

"ਪਿੰਡ ਤੋਂ ਕਦੋਂ ਆਇਆਂ?"

"ਕੱਲ ਰਾਤ।"

"ਰਾਤ ਕਿਥੇ ਕੱਟੀ?"

"ਪਹਿਲਾਂ ਮੁਸਾਫਰਖਾਨੇ ਵਿਚ ਸੁੱਤਾ, ਉਥੋਂ ਪੁਲੀਸ ਹਵਾਲਦਾਰ ਨੇ ਕੱਢ ਦਿੱਤਾ। ਅੱਡੇ ਦੇ ਬਾਹਰ ਦੁਕਾਨਾਂ ਦੇ ਸਾਹਮਣੇ ਪਈ ਬੈਂਚ ਤੇ ਸੌਣ ਗਿਆ ਤਾਂ ਕੁੱਤੇ ਪਿਛੇ ਪੈ ਗਏ। ਉਥੋਂ ਅੱਡੇ ਤੇ ਆ ਗਿਆ ਤੇ ਇਕ ਹਨੇਰੇ ਕੋਨੇ ਵਿਚ ਜ਼ਮੀਨ ਤੇ ਸੌਂ ਕੇ ਰਾਤ ਕੱਟੀ।" ਕਾਲੀ ਨੇ ਦੱਸਿਆ।

"ਹੂੰ...।" ਬਰਕਤ ਨੇ ਸਿਰ ਹਿਲਾਇਆ, ਇਥੇ ਅੱਡੇ 'ਤੇ ਤਾਂ ਕੋਈ ਕੰਮ ਨਹੀਂ ਮਿਲਣਾ। ਨੇੜੇ ਹੀ ਬਰਫ਼ ਦਾ ਇਕ ਕਾਰਖਾਨਾ ਹੈ। ਸਾਹਮਣੇ ਸੜਕ ਤੇ ਖੱਬੇ ਨੂੰ ਮੁੜ ਕੇ ਸੜਕ ਸਿੱਧੀ ਬਰਫ਼ ਦੇ ਕਾਰਖਾਨੇ ਵੱਲ ਨੂੰ ਜਾਂਦੀ ਹੈ। ਉਹਨੂੰ ਪੁਰਾਣੀ ਰੇਲਵੇ ਰੋਡ ਵੀ ਕਹਿੰਦੇ ਹਨ। ਦੋਮੋਰੀਆ ਪੁਲ ਦੇ ਬਿਲਕੁਲ ਸਾਹਮਣੇ ਹੈ ਕਾਰਖਾਨਾ।"

"ਮੈਂ ਉਹ ਜਗ੍ਹਾ ਦੇਖੀ ਹੈ। ਰਾਤ ਨੂੰ ਗੱਡੀ ਤੋਂ ਉੱਤਰ ਕੇ ਦੋਮੋਰੀਆ ਪੁੱਲ ਦੇ ਥੱਲੇ ਦੀ ਲੰਘ ਕੇ ਹੀ ਰੇਲਵੇ ਸਟੇਸ਼ਨ ਤੋਂ ਬਾਹਰ ਆਇਆ ਸੀ।" ਕਾਲੀ ਨੇ ਦੱਸਿਆ।

"ਬਰਫ਼ ਕਾਰਖਾਨੇ ਦੇ ਕੋਲ ਕਈ ਮਾਲ ਗੋਦਾਮ ਤੇ ਅੱਗੇ ਸੜਕ ਉਤੇ ਇਮਾਰਤੀ ਲੱਕੜੀ ਦੇ ਬਹੁਤ ਸਾਰੇ ਸਟਾਲ ਵੀ ਹਨ। ਬਰਫ਼ ਕਾਰਖਾਨੇ ਦੇ ਬਾਹਰ ਰੋਜ਼ ਸਵੇਰ ਨੂੰ ਮਜ਼ਦੂਰਾਂ ਦੀ ਮੰਡੀ ਲਗਦੀ ਹੈ। ਕੰਮ ਤੇ ਹੁਨਰ ਦੇ ਅਨੁਸਾਰ ਲੋੜਵੰਦ ਦਿਹਾੜੀ 'ਤੇ ਮਜ਼ਦੂਰ ਲੈ ਜਾਂਦੇ ਹਨ। ...ਅੱਜ ਤਾਂ ਲੇਟ ਹੋ ਗਏ। ਅੱਧੀ ਦਿਹਾੜੀ ਹੋਣ ਵਾਲੀ ਹੈ। ...ਕੱਲ ਸਵੇਰੇ ਸੂਰਜ ਚੜ੍ਹਨ ਨਾਲ ਉਥੇ ਚਲਾ ਜਾਂਈ। ਉਥੇ ਰਾਜਗੀਰ ਵੀ ਆਉਂਦੇ ਹਨ। ਇੱਟਾਂ-ਗਾਰਾ ਫੜਾਉਣ ਲਈ ਉਹਨਾਂ ਨੂੰ ਵੀ ਮਜ਼ਦੂਰਾਂ ਦੀ ਜ਼ਰੂਰਤ ਹੁੰਦੀ ਹੈ। ਕਿਸਮਤ ਚੰਗੀ ਹੋਵੇ ਤਾਂ ਥੋੜ੍ਹਾ ਬਹੁਤਾ ਕੰਮ ਮਿਲ ਹੀ ਜਾਂਦਾ ਹੈ।" ਬਰਕਤ ਨੇ ਵਿਸਥਾਰ ਨਾਲ ਦੱਸਿਆ।

ਕਾਲੀ ਦਾ ਦਿਲ ਕਰਦਾ ਸੀ ਕਿ ਉਹ ਬਰਕਤ ਨੂੰ ਦੱਸੇ ਕਿ ਰਾਜਗੀਰਾਂ ਨਾਲ ਕੰਮ ਕਰਨ ਦਾ ਉਸਦਾ ਥੋੜ੍ਹਾ-ਬਹੁਤਾ ਤਜਰਬਾ ਹੈ। ਆਪਣਾ ਮਕਾਨ ਬਣਾਉਣ ਸਮੇਂ ਉਹ ਰਾਜਗੀਰਾਂ ਨੂੰ ਇਟਾਂ ਗਾਰਾ ਆਪਣੇ ਹੱਥਾਂ ਨਾਲ ਫੜਾਉਂਦਾ ਰਿਹਾ ਸੀ। ਪਰ ਉਹਨੇ ਆਪਣੀ ਇਸ ਖਾਹਿਸ਼ ਨੂੰ ਕੁਚਲ ਦਿੱਤਾ ਕਿਉਂਕਿ ਇਸ ਹਾਲ ਵਿਚ ਰਹਿੰਦਿਆਂ ਹੋਏ ਪੱਕਾ ਮਕਾਨ ਬਣਾਉਣ ਦੀ ਗੱਲ ਕਰਨੀ ਬਹੁਤ ਬੜਾ ਮਜ਼ਾਕ ਲੱਗੇਗਾ।

ਇੰਨੀ ਦੇਰ ਨੂੰ ਸੋਮਾ ਤੇ ਤੋਖਾ ਬੱਸ ਦਾ ਕੰਮ ਭੁਗਤਾ ਕੇ ਤੇ ਬਰਕਤ ਕੰਧ ਦੇ ਦੂਜੇ ਪਾਸੇ ਤੋਂ ਮੁੜ ਆਏ। ਸੋਮੇ ਤੇ ਤੋਖੇ ਨੂੰ ਦੇਖ ਬਰਕਤ ਨੇ ਪੁੱਛਿਆ, "ਹਾਂ ਬਈ, ਕਿਦਾਂ ਰਿਹਾ?"

"ਬੱਸ ਵਿਚ ਕੰਜਰ ਤੇ ਬਾਜੇਵਾਲੇ ਭਰੇ ਹੋਏ ਸਨ। ਵਿਆਹ ਦਾ ਕੰਮ ਭੁਗਤਾ ਕੇ ਆਏ ਸਨ। ਦੋ ਭਰਾਵਾਂ ਦਾ ਥੋੜ੍ਹਾ ਸਮਾਨ ਬੱਸ ਦੀ ਛੱਤ 'ਤੇ ਰੱਖਿਆ ਹੋਇਆ ਸੀ। ਉਹ ਉਨ੍ਹਾਂ ਨੇ ਆਪਣੇ ਆਪ ਹੀ ਲਾਹ ਲਿਆ।" ਸਾਲੀ ਬੱਸ ਵੀ ਖਾਲੀ ਗਈ ਤੇ ਇੰਨੀ ਵਧੀਆ ਬਾਜੀ ਵੀ ਵਿਚ ਹੀ ਖਰਾਬ ਹੋ ਗਈ।" ਸੋਮਾ ਬਹੁਤ ਖਿਝਿਆ ਹੋਇਆ ਸੀ।

"ਫ਼ਿਕਰ ਨਾ ਕਰ। ਜੋ ਕਰਮਾਂ ਵਿਚ ਲਿਖਿਆ ਹੈ, ਉਹੀ ਮਿਲੇਗਾ।" ਬਰਕਤ ਨੇ ਦਿਲਾਸਾ ਦਿੱਤਾ। ਫਿਰ ਸੂਰਜ ਵੱਲ ਦੇਖ ਕੇ ਬਰਾਂਡੇ ਵਿਚ ਲੱਗੀ ਬੜੀ ਸਾਰੀ ਘੜੀ ਵੱਲ ਨਿਗਾਹ ਮਾਰੀ। ਛੋਟੀ ਸੂਈ ਨੂੰ ਬਿਲਕੁਲ ਸਿੱਧੀ ਦੇਖ ਕੇ ਉਹ ਸੋਚਾਂ ਵਿਚ ਪੈ ਗਿਆ। ਕਾਲੀ ਨੂੰ ਬਰਕਤ ਦੇ ਕੋਲ ਬੈਠਾ ਤੇ ਗੱਲਾਂ ਕਰਦੇ ਦੇਖ ਸੋਮੇ, ਤੋਖੇ ਤੇ ਮਨਸੁਖ ਨੇ ਅਨੁਮਾਨ ਲਾਇਆ ਕਿ ਸ਼ਾਇਦ ਉਹਨੂੰ ਆਪਣੇ ਪਿੰਡ ਦਾ ਜਾਂ ਜਾਣ-ਪਹਿਚਾਣ ਦਾ ਆਦਮੀ ਮਿਲ ਗਿਆ ਹੈ।

ਮੀਤ ਸਿੰਘ ਨੂੰ ਆਪਣੇ ਕਮਰੇ ਵਿਚੋਂ ਨਿਕਲਦਾ ਦੇਖ ਕੇ ਉਹ ਹੈਰਾਨ ਹੋ ਗਏ ਤੇ ਉਹਦੇ ਵੱਲ ਦੇਖਣ ਲੱਗੇ। ਉਨ੍ਹਾਂ ਸਾਰਿਆਂ ਵਿਚੋਂ ਸਿਰਫ਼ ਬਰਕਤ ਦੀ ਹੀ ਮੀਤ ਸਿੰਘ ਨਾਲ ਜਰਾ ਖੁੱਲੀ ਗੱਲ ਬਾਤ ਸੀ ਕਿਉਂਕਿ ਉਹ ਉਹਦੇ ਨਾਨਕਿਆਂ ਦੇ ਪਿੰਡ ਦਾ ਸੀ ਤੇ ਬਚਪਨ ਵਿਚ ਮੀਤ ਸਿੰਘ ਕਈ ਸਾਲ ਉਥੇ ਰਿਹਾ ਸੀ। ਬਰਕਤ ਨੂੰ ਅੱਡੇ 'ਤੇ ਕੰਮ ਵੀ ਮੀਤ ਸਿੰਘ ਨੇ ਹੀ ਦੁਆਇਆ ਸੀ।

ਮੀਤ ਸਿੰਘ ਹੌਲੀ ਹੌਲੀ ਪੈਰ ਚੁੱਕਦਾ ਸੜਕ ਵੱਲ ਨੂੰ ਜਾ ਰਿਹਾ ਸੀ। ਇਹ ਦੇਖ ਕੇ ਬਰਕਤ ਉਠ ਖੜ੍ਹਾ ਹੋਇਆ ਤੇ ਕਪੜੇ ਝਾੜਦਿਆਂ ਪੁੱਛਿਆ, "ਉਸਤਾਦ ਜੀ, ਕਿੱਥੇ ਚੱਲੇ?"

"ਆਦਮੀ ਕਿਸੇ ਕੰਮ ਲਈ ਬਾਹਰ ਨਿਕਲੇ ਤਾਂ ਇਸ ਤਰ੍ਹਾਂ ਨਹੀਂ ਟੋਕੀਦਾ। ਬਦਸ਼ਗਨ ਹੁੰਦਾ ਹੈ।" ਮੀਤ ਸਿੰਘ ਨੇ ਬਰਕਤ ਨੂੰ ਝਿੜਕਿਆ।

"ਚਾਚਾ, ਮੈਂ ਤਾਂ ਇਸ ਲਈ ਪੁੱਛਿਆ ਸੀ ਕਿ ਕੋਈ ਸੇਵਾ ਹੋਵੇ, ਚਾਹ-ਪਾਣੀ ਲਿਆਉਣਾ ਹੋਵੇ ਤਾਂ ਮੈਂ ਲਿਆ ਦਿੰਦਾ। ਤੁਸੀਂ ਕਿਉਂ ਤਕਲੀਫ਼ ਕਰਦੇ ਹੋ।" ਬਰਕਤ ਅੱਗੇ ਹੋ ਕੇ ਮੀਤ ਸਿੰਘ ਦੇ ਗੋਡਿਆਂ ਵੱਲ ਨੂੰ ਝੁਕ ਗਿਆ।

"ਬਸ-ਬਸ ਪਰੇ ਰਹਿ।" ਮੀਤ ਸਿੰਘ ਨੇ ਪਿੱਛੇ ਹੱਟਦਿਆਂ ਉਸ ਨੂੰ ਪਿਆਰ ਨਾਲ ਝਿੜਕਿਆ, "ਸੇਵਾ ਕੋਈ ਨਹੀਂ ਹੈ। ਮੈਂ ਮੁਕੰਦੇ ਦੇ ਹੋਟਲ ਤੇ ਖਾਣਾ ਖਾਣ ਚੱਲਿਐਂ"।

"ਤੁਸੀਂ ਉਥੇ ਹਿਲਦੀਆਂ ਤੇ ਟੁੱਟੀਆਂ ਹੋਈਆਂ ਬੈਚਾਂ ਤੇ ਬੈਠੋਂਗੇ, ਮੱਖੀਆਂ ਦੇ ਵਿਚ? ਤੁਸੀਂ ਜੋ ਮੰਗਵਾਣਾ ਹੈ ਮੈਨੂੰ ਦੱਸ ਦਿਉ। ਮੈਂ ਦਫ਼ਤਰ ਵਿਚ ਹੀ ਲਿਆ ਦਿੰਦਾ ਹਾਂ।" ਬਰਕਤ ਨੇ ਬਹੁਤ ਹੀ ਗਰਮਜੋਸ਼ੀ ਨਾਲ ਕਿਹਾ।

"ਨਹੀਂ, ਮੈਂ ਉਥੇ ਹੀ ਜਾਣਾ। ਮੁਕੰਦਾ ਬਹੁਤ ਹੁਸ਼ਿਆਰ ਤੇ ਚਲਾਕ ਆਦਮੀ ਹੈ। ਅੱਡੇ ਦਾ ਵਿਉਪਾਰੀ ਹੈ ਨਾ। ਉੱਡਦੇ ਪੰਛੀਆਂ ਦੇ ਪਰ ਗਿਣ ਲੈਂਦਾ ਹੈ ਤੇ ਬੰਦ ਮੁੱਠੀ ਵਿਚੋਂ ਪੈਸੇ ਕੱਢ ਲੈਂਦਾ ਹੈ। ਉਹ ਮੇਰੇ ਦੇਖਦੇ-ਦੇਖਦੇ ਮੇਰੀਆਂ ਅੱਖਾਂ ਦੇ ਸਾਹਮਣੇ ਹੇਰਾਫੇਰੀ ਕਰ ਲੈਂਦਾ ਹੈ। ਤੁੜਕਾ ਦੇਸੀ ਘਿਓ ਦੀ ਬਜਾਏ ਵਲਾਇਤੀ ਘਿਓ ਦਾ ਲਾ ਦਿੰਦਾ ਹੈ। ਅੱਧ-ਪਾਈਆ ਦਹੀਂ ਨੂੰ ਵਧਾ ਕੇ ਪਾਈਆ ਬਣਾ ਦਿੰਦਾ ਹੈ। ਮੇਰੀ ਗੈਰਹਾਜ਼ਰੀ ਵਿਚ ਤਾਂ ਪਤਾ ਨਹੀਂ ਕੀ ਕੁਸ਼ ਕਰੂਗਾ।" ਮੀਤ ਸਿੰਘ ਹੱਥ ਹਿਲਾਉਂਦਾ ਅਗਾਂਹ ਤੁਰ ਪਿਆ, "ਤੁਹਾਡੇ ਜ਼ਿੰਮੇ ਬਸ ਇਕ ਹੀ ਸੇਵਾ ਹੈ। ਸੰਤਰੇ ਦਾ ਅਧੀਆ ਸੂਰਜ ਛਿਪਣੇ ਤੋਂ ਪਹਿਲਾਂ ਮਿਲ ਜਾਣਾ ਚਾਹੀਦਾ ਹੈ।"

ਬਰਕਤ ਤੇ ਉਹਦੇ ਸਾਥੀ ਮੀਤ ਸਿੰਘ ਨੂੰ ਜਾਂਦੇ ਹੋਏ ਦੇਖਦੇ ਰਹੇ। ਉਹ ਪਲੇ ਹੋਏ ਬੁੱਢੇ ਸਾਂਨ੍ਹ ਦੀ ਤਰ੍ਹਾਂ ਪੈਰ ਘਸੀਟਦਾ ਹੋਇਆ ਤੁਰ ਰਿਹਾ ਸੀ। ਬਰਕਤ ਆਪਣੇ ਸਾਥੀਆਂ ਵੱਲ ਨੂੰ ਮੁੜ ਪਿਆ, "ਯਾਰੋ, ਲਾਰੀ ਆਉਣ ਵਿਚ ਅਜੇ ਦੇਰ ਹੈ। ਆਓ, ਆਪਾਂ ਵੀ ਰੋਟੀ ਖਾ ਲਈਏ।"

"ਖਾ ਲੈਂਦੇ ਆਂ।" ਮਨਸੂਖ ਨੇ ਟੱਪ ਕੇ ਝਰੋਖੇ ਵਿਚ ਛਿਪਾਕੇ ਰੱਖੀਆਂ ਰੋਟੀਆਂ ਦੀਆਂ ਪੋਟਲੀਆਂ ਚੁੱਕ ਲਈਆਂ। "ਮੇਰੇ ਲਈ ਰੋਟੀ ਲਿਆਏ ਹੋ ਨਾ?" ਸੋਮੇ ਨੇ ਪੁੱਛਿਆ।

"ਪੱਕੀ, ਤੇਰਾ ਬਰਾਬਰ ਦਾ ਹਿੱਸਾ ਹੈ।" ਬਰਕਤ ਨੇ ਉਹਨੂੰ ਭਰੋਸਾ ਦੁਆਇਆ। ਫਿਰ ਕਾਲੀ ਵੱਲ ਮੂੰਹ ਕਰਕੇ ਪੁੱਛਿਆ, "ਸੱਜਣਾ, ਤੂੰ ਰੋਟੀ ਖਾ ਲਈ ਹੈ ਜਾਂ ਨਹੀਂ?"

"ਮੈਂ ਖਾ ਲਉਂਗਾ।" ਕਾਲੀ ਨੇ ਛੇਤੀ ਛੇਤੀ ਕਿਹਾ ਜਿਵੇਂ ਅਚਾਨਕ ਫੜਿਆ ਗਿਆ ਹੋਵੇ।

"ਮੈਂ ਪੁੱਛਿਆ ਕਿ ਤੂੰ ਰੋਟੀ ਖਾ ਲਈ ਹੈ ਜਾਂ ਨਹੀਂ?" ਪਰ ਕਾਲੀ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਉਸ ਨੇ ਆਪਣੇ ਸਾਥੀਆਂ ਨੂੰ ਪੁੱਛਿਆ – "ਕਿੰਨੀਆਂ ਰੋਟੀਆਂ ਲਿਆਂਦੀਆਂ ਅੱਜ?"

"ਉਨੀਆਂ ਹੀ ਜਿੰਨੀਆਂ ਰੋਜ਼ ਲਿਆਉਂਦੇ ਹਾਂ। ਸੋਮੇ ਦੇ ਹਿੱਸੇ ਦੀਆਂ ਵੀ ਲਿਆਏ ਹਾਂ। ਨਾਲ ਗੁੜ ਤੇ ਅਚਾਰ ਵੀ ਹੈ।" ਤੋਖੇ ਨੇ ਕਿਹਾ।

"ਹੂੰ।" ਬਰਕਤ ਸੋਚ ਵਿਚ ਪੈ ਗਿਆ, "ਸੋਮੇ, ਯਾਰ ਤੂੰ ਥੋੜ੍ਹੀ ਹਿੰਮਤ ਕਰ।"

"ਕੀ?"

"ਦੌੜ ਕੇ ਢਾਬੇ ਤੋਂ ਚਾਰ ਰੋਟੀਆਂ ਤੇ ਮੁਫ਼ਤ ਦੀ ਦਾਲ, ਪਿਆਜ਼ ਚਟਨੀ, ਜੋ ਵੀ ਮਿਲਦਾ ਹੈ, ਲੈ ਆ।" ਬਰਕਤ ਨੇ ਕਾਲੀ ਵੱਲ ਇਸ਼ਾਰਾ ਕੀਤਾ, ਇਹਨੇ ਵੀ ਰੋਟੀ ਖਾਣੀ ਹੈ।"

ਸੋਮੇ ਨੇ ਧਿਆਨ ਨਾਲ ਕਾਲੀ ਵੱਲ ਦੇਖਿਆ। "ਦਾਲ ਨੂੰ ਤੁੜਕਾ ਵੀ ਲੁਆ ਲਵਾਂ?"

ਨਹੀਂ, ਤੁੜਕਾ ਰਹਿਣ ਦੇ। ਉਦਾਂ ਹੀ ਚੱਲੂਗੀ।" ਬਰਕਤ ਨੇ ਨਾਂਹ ਕਰ ਦਿੱਤੀ।

ਬਰਕਤ ਦੀ ਗੱਲ ਤੋਂ ਸੋਮੇ ਨੇ ਅੰਦਾਜ਼ਾ ਲਾ ਲਿਆ ਕਿ ਕਾਲੀ ਉਹਦਾ ਨੇੜੇ ਦਾ ਰਿਸ਼ਤੇਦਾਰ ਨਹੀਂ ਹੈ। ਨਹੀਂ ਤਾਂ ਉਹ ਇਹਦੀ ਪੂਰੀ ਤਰ੍ਹਾਂ ਖਾਤਿਰ ਕਰਦਾ। ਯਾਰ ਦੋਸਤ ਵੀ ਮਲੂਮ ਨਹੀਂ ਹੁੰਦਾ ਕਿਉਂਕਿ ਦੋਨਾਂ ਵਿਚ ਕੋਈ ਬੇਤਕੁਲਫ਼ੀ ਨਹੀਂ ਹੈ। ਸੋਮੇ ਨੇ ਸੋਚਿਆ ਕਿ ਸ਼ਾਇਦ ਉਹ ਬਰਕਤ ਦੇ ਕਿਸੇ ਦੂਰ ਦੇ ਰਿਸ਼ਤੇਦਾਰ ਜਾਂ ਜਾਣ-ਪਹਿਚਾਣ ਵਾਲੇ ਤੋਂ ਪਤਾ ਲੈ ਕੇ ਇਹਨੂੰ ਅੱਡੇ 'ਤੇ ਮਿਲਣ ਆ ਗਿਆ ਹੋਣਾ। ਬਾਹਰੋਂ ਆਏ ਆਦਮੀ ਨੂੰ ਰੋਟੀ-ਪਾਣੀ ਪੁੱਛਣ ਦਾ ਫਰਜ਼ ਤਾਂ ਬਣਦਾ ਹੀ ਹੈ।

ਬਰਕਤ ਤੋਂ ਪੈਸੇ ਲੈ ਸੋਮਾਂ ਕੁੱਝ ਕਦਮ ਤੁਰ ਕੇ ਰੁਕ ਗਿਆ ਤੇ ਕਾਲੀ ਵੱਲ ਦੇਖਣ ਲੱਗਾ ਜਿਵੇਂ ਰੋਟੀ ਲਿਆਉਣ ਤੋਂ ਪਹਿਲਾਂ ਉਹਦੇ ਬਾਰੇ ਆਪਣੇ ਸ਼ੰਕੇ ਪੂਰੀ ਤਰ੍ਹਾਂ ਦੂਰ ਕਰ ਲੈਣਾ ਚਾਹੁੰਦਾ ਹੋਵੇ। ਇਹ ਦੇਖ ਕੇ ਬਰਕਤ ਵੀ ਉਹਦੇ ਕੋਲ ਚਲਾ ਗਿਆ ਤੇ ਹੌਲੀ ਹੌਲੀ ਗੱਲਾਂ ਕਰਦੇ ਹੋਏ ਸੜਕ ਵੱਲ ਨੂੰ ਤੁਰ ਪਏ।

"ਇਹ ਤੇਰਾ ਰਿਸ਼ਤੇਦਾਰ ਜਾਂ ਯਾਰ ਦੋਸਤ ਤਾਂ ਲਗਦਾ ਨਹੀਂ?" ਸੋਮੇ ਨੇ ਅੱਖ ਨਾਲ ਸੋਮੇ ਵੱਲ ਇਸ਼ਾਰਾ ਕੀਤਾ।

"ਯਾਰਾ, ਦੋਸਤ-ਯਾਰ ਕੁਛ ਵੀ ਨਹੀਂ ਹੈ। ਆਪਣੇ ਵਾਂਗ ਪਿੰਡੋਂ ਗਰੀਬੀ ਤੋਂ ਘਬਰਾ ਕੇ ਸ਼ਹਿਰ ਦੌੜ ਆਇਆ ਹੈ। ਦੱਸਦਾ ਸੀ ਕੱਲ ਹੀ ਇੱਥੇ ਪਹੁੰਚਾ ਹੈ। ਰਾਤ ਵੀ ਇਥੇ ਅੱਡੇ 'ਤੇ ਹੀ ਕੱਟੀ ਹੈ।"

"ਕਿੱਥੋਂ ਦਾ ਰਹਿਣ ਵਾਲਾ ਹੈ?"

"ਟਾਂਡਾ-ਉੜਮੁੜ ਦੇ ਨੇੜੇ ਕੋਈ ਪਿੰਡ ਦੱਸ ਰਿਹਾ ਸੀ।"

"ਕਾਫੀ ਦੂਰੋਂ ਆਇਆ ਹੈ। ਟਾਂਡਾ-ਉੜਮੁੜ ਮੈਂ ਵੀ ਇਕ ਵਾਰ ਗਿਆ ਸੀ। ਇਥੋਂ ਘੱਟੋ-ਘੱਟ ਵੀਹ-ਪੰਝੀ ਕੋਹ ਹੋਣਾ ਹੈ। ...ਉਹਤੋਂ ਅੱਗੇ ਪਿੰਡ ਪਤਾ ਨਹੀਂ ਹੋਰ ਕਿੰਨੀ ਦੂਰ ਹੋਊਗਾ।" ਸੋਮੇ ਨੇ ਹੈਰਾਨੀ ਨਾਲ ਬੁੱਲ ਘੁੱਟ ਲਏ।

ਬਰਕਤ ਇਕ ਵਾਰ ਫਿਰ ਸੋਚਾਂ ਵਿਚ ਡੁੱਬ ਗਿਆ ਜਿਵੇਂ ਕੋਈ ਪੁਰਾਣਾ ਜ਼ਖਮ ਇਕਦਮ ਹਰਾ ਹੋ ਗਿਆ ਹੋਵੇ। ਉਹ ਆਪਣੇ ਬੀਤੇ ਬਾਰੇ ਸੋਚਣ ਲੱਗਾ, "ਇਕ ਰਾਤ ਵਿਚ ਹੀ ਪਿੰਡ ਤੋਂ ਦੌੜ ਕੇ ਇਸ ਸ਼ਹਿਰ ਵਿਚ ਆਇਆ ਸੀ ਪਰ ਭੁੱਖ-ਪਿਆਸ ਤੋਂ ਤੰਗ ਆਕੇ ਦੋ ਦਿਨਾਂ ਬਾਅਦ ਹੀ ਪਿੰਡ ਮੁੜ ਗਿਆ ਸੀ।"

"ਖੁਸ਼ੀ ਨਾਲ ਤਾਂ ਸ਼ਹਿਰ ਕੋਈ ਵੀ ਨਹੀਂ ਆਉਂਦਾ। ਤੰਗੀ-ਤੁਰਸ਼ੀ ਹੀ ਪਿੰਡ ਛੱਡਣ ਲਈ ਮਜਬੂਰ ਕਰਦੀ ਹੈ" ਸੋਮਾ ਬੋਲਿਆ, "ਅਸੀਂ ਤਾਂ ਅਜੇ ਤੱਕ ਪਿੰਡ ਤੇ ਸ਼ਹਿਰ ਦੇ ਵਿਚਾਲੇ ਲਟਕ ਰਹੇ ਹਾਂ। ਕੰਮ ਸ਼ਹਿਰ ਵਿਚ ਕਰਦੇ ਹਾਂ ...ਸੌਂਦੇ ਪਿੰਡ ਵਿਚ ਹਾਂ।"

"ਉਸਤਾਦ ਜੀ ਦੀ ਕਿਰਪਾ ਬਣੀ ਰਹੇ। ਆਖਰੀ ਬੱਸ 'ਚ ਘਰ ਤਾਂ ਪਹੁੰਚ ਜਾਂਦੇ ਹਾਂ।"

"ਯਾਰ ਪੱਕੀ ਆਮਦਨ ਬਣ ਜਾਵੇ ਤਾਂ ਮੈਂ ਇੱਥੇ ਹੀ ਠਿਕਾਣਾ ਬਣਾ ਲੈਣਾ ਹੈ।" ਬਰਕਤ ਨੇ ਲੰਬਾ ਸਾਹ ਛੱਡਿਆ।

ਸੋਮੇ ਦੇ ਮੁੜਣ ਤੋਂ ਪਹਿਲਾਂ ਤੋਖਾ ਤਿੰਨ ਖਾਲੀ ਬੋਤਲਾਂ ਨਲਕੇ ਤੋਂ ਪਾਣੀ ਦੀਆਂ ਭਰ ਲਿਆਇਆ। ਉਹਨੇ ਇਕ ਸਾਫਾ ਜ਼ਮੀਨ ਤੇ ਵਿਛਾ ਲਿਆ ਤੇ ਆਪਣੀ ਪੋਟਲੀ ਖੋਲ੍ਹ ਕੇ ਰੋਟੀਆਂ ਕੱਢ ਲਈਆਂ। ਸਾਰਿਆਂ ਕੋਲ ਰੁੱਖੀ ਸੁੱਖੀ ਰੋਟੀ ਹੀ ਸੀ ਅਤੇ ਨਾਲ ਗੁੜ ਦੀ ਭੇਲੀ ਦਾ ਟੁਕੜਾ ਤੇ ਅੰਬ ਜਾਂ ਗਲਗਲ ਦਾ ਅਚਾਰ ਸੀ। ਬਰਕਤ ਨੇ ਸਾਰੀਆਂ ਪੋਟਲੀਆ ਤੋਂ ਇਕ-ਇਕ ਰੋਟੀ ਚੁੱਕ ਕੇ ਕਾਲੀ ਨੂੰ ਦੇ ਦਿੱਤੀਆਂ ਤੇ ਢਾਬੇ ਤੋਂ ਲਿਆਂਦੀਆਂ ਰੋਟੀਆਂ ਉਸੇ ਤਰ੍ਹਾਂ ਇਕ ਪੋਟਲੀ 'ਚ ਰੱਖ ਦਿੱਤੀਆਂ। ਬਰਕਤ ਨੇ ਰੋਟੀ ਦਾ ਟੁਕੜਾ ਤੋੜ ਕੇ ਦਾਲ ਸਾਰਿਆਂ ਵਿਚ ਬਰਾਬਰ ਵੰਡ ਦਿੱਤੀ। ਬਰਕਤ ਤੇ ਉਹਦੇ ਸਾਥੀ ਇਕੱਠੇ ਰੋਟੀ ਖਾਣ ਲੱਗੇ ਤੇ ਕਾਲੀ ਥੋੜ੍ਹੀ ਦੂਰ ਹੱਟ ਕੇ ਬੈਠ ਗਿਆ।

ਦੋ ਦਿਨਾਂ ਤੋਂ ਕਾਲੀ ਨੇ ਚੰਗੀ ਤਰ੍ਹਾਂ ਖਾਣਾ ਨਹੀਂ ਸੀ ਖਾਧਾ। ਹੱਥ ਵਿਚ ਰੋਟੀ ਦੇਖ ਕੇ ਉਹਦੀ ਭੁੱਖ ਚਮਕ ਪਈ ਤੇ ਮੂੰਹ ਵਿਚ ਪਾਣੀ ਆ ਗਿਆ। ਆਪਣੇ-ਆਪ ਨੂੰ ਬਹੁਤ ਰੋਕਣ ਦੇ ਬਾਵਜੂਦ ਵੀ ਉਹ ਬਹੁਤ ਕਾਹਲੀ-ਕਾਹਲੀ ਖਾਣਾ ਖਾ ਰਿਹਾ ਸੀ। ਬਰਕਤ ਨੇ ਆਪਣੇ ਹਿੱਸੇ ਦੀ ਵੀ ਅੱਧੀ ਰੋਟੀ ਕਾਲੀ ਨੂੰ ਦੇ ਦਿੱਤੀ ਕਿਉਂਕਿ ਉਹ ਆਪਣੀ ਆਖਿਰੀ ਰੋਟੀ ਵੀ ਅੱਧੀ ਤੋਂ ਜ਼ਿਆਦਾ ਖਾ ਚੁੱਕਾ ਸੀ ਜਦ ਕਿ ਬਾਕੀਆਂ ਨੇ ਅਜੇ ਦੋ-ਦੋ ਰੋਟੀਆਂ ਹੀ ਖਾਧੀਆਂ ਸਨ।

"ਰਹਿਣ ਦੇ ਭਾ ਜੀ, ਮੇਰਾ ਢਿੱਡ ਭਰ ਗਿਆ ਹੈ।" ਕਾਲੀ ਨੇ ਇਨਕਾਰ ਵਿਚ ਸਿਰ ਹਿਲਾਇਆ।

"ਖਾ ਲਾ, ਤੈਨੂੰ ਭੁੱਖ ਲੱਗੀ ਹੋਈ ਹੈ। ਅੰਨ-ਪਾਣੀ ਨੂੰ ਨਾਂਹ ਨਹੀਂ ਕਰੀ ਦੀ। ਪਤਾ ਨਹੀਂ ਫੇਰ ਕਦੋਂ ਮਿਲੂ।" ਬਰਕਤ ਨੇ ਰੋਟੀ ਕਾਲੀ ਦੇ ਹੱਥ ਵਿਚ ਦੇ ਦਿੱਤੀ।

ਬਾਕੀਆਂ ਨੇ ਵੀ ਆਪਣੇ-ਆਪਣੇ ਹਿੱਸੇ ਦੀ ਅੱਧੀ-ਅੱਧੀ ਰੋਟੀ ਕਾਲੀ ਨੂੰ ਦੇ ਦਿੱਤੀ। ਪੰਜ ਰੋਟੀਆਂ ਖਾ ਕੇ ਕਾਲੀ ਨੂੰ ਲੱਗਾ ਉਹਦਾ ਪੇਟ ਖਾਲੀ ਨਹੀਂ ਹੈ। ਇਨ੍ਹਾਂ ਲੋਕਾਂ ਦਾ ਵਤੀਰਾ ਦੇਖ ਕੇ ਉਸ ਨੂੰ ਗਿਆਨੋ ਦੀ ਯਾਦ ਆ ਗਈ। ਪਰ ਉਸ ਨੇ ਜ਼ੋਰ ਦੀ ਸਿਰ ਝਟਕ ਕੇ ਉਸ ਨੂੰ ਸਿਰ 'ਚੋਂ ਕੱਢ ਦਿੱਤਾ ਕਿ ਕਿਤੇ ਉਹ ਫੜਿਆ ਨਾ ਜਾਵੇ ਤੇ ਗਿਆਨੋ ਦੀ ਗੱਲ ਸੁਣ ਕੇ ਇਹ ਦਿਆਲੂ ਲੋਕ ਉਸ ਨੂੰ ਧੱਕੇ ਮਾਰ-ਮਾਰ ਇਥੋਂ ਨੱਠਾ ਨਾ ਦੇਣ।

ਰੋਟੀ ਖਾਣ ਤੋਂ ਬਾਅਦ ਉਨ੍ਹਾਂ ਨੇ ਪਾਣੀ ਪੀਤਾ। ਫੇਰ ਨਲਕੇ 'ਤੇ ਜਾ ਕੇ ਹੱਥ ਧੋਤੇ ਤੇ ਡੱਕੇ ਨਾਲ ਦੰਦ ਖੁਰਚਣ ਲੱਗੇ। ਬਰਕਤ ਨੇ ਕਾਲੀ ਵੱਲ ਮੁੜਦਿਆਂ ਕਿਹਾ, "ਦੇਖ ਮਿੱਤਰਾ, ਜਿਵੇਂ ਮੈਂ ਤੈਨੂੰ ਦੱਸ ਹੀ ਚੁੱਕਿਆਂ ਹਾਂ ...ਅੱਡੇ 'ਤੇ ਤੇਰੇ ਲਈ ਕੋਈ ਕੰਮ ਨਹੀਂ ਹੈ। ਜੇ ਥੋੜ੍ਹੀ ਜਿਹੀ ਵੀ ਗੁੰਜ਼ਾਇਸ਼ ਹੁੰਦੀ ਤਾਂ ਮੈਂ ਉਸਤਾਦ ਕੋਲ ਤੇਰੇ ਲਈ ਜ਼ਰੂਰ ਫਰਮਾਇਸ਼ ਕਰਦਾ। ਤੂੰ ਹੁਣੇ ਜਾ ਕੇ ਬਰਫ਼ ਦਾ ਕਾਰਖਾਨਾ ਦੇਖ ਆ। ਸਵੇਰੇ ਸੂਰਜ ਨਿਕਲਦਿਆਂ ਹੀ ਉਥੇ ਪਹੁੰਚ ਜਾਈਂ। ਰੱਬ ਸਭ ਦਾ ਰਾਖਾ ਹੈ। ਕੰਮ ਦਾ ਕੋਈ ਨਾ ਕੋਈ ਵਸੀਲਾ ਨਿਕਲ ਹੀ ਆਊਗਾ। ...ਸ਼ਹਿਰ ਦੇਖਣ ਨੂੰ ਤਾਂ ਸੁਹਣਾ ਹੈ, ਪਰ ਇੱਟਾਂ-ਪੱਥਰ ਤੇ ਲੋਹੇ-ਸੀਮੈਂਟ ਦਾ ਹੁੰਦਾ ਹੈ। ਇਥੇ ਪ੍ਰਾਹੁਣੇ ਲਈ ਰੋਟੀ ਵੀ ਤਿਆਰ ਹੁੰਦੀ ਹੈ ਤੇ ਗੱਡੀ ਵੀ। ਪਰ ਦੋਨਾਂ ਵਿਚੋਂ ਸਿਰਫ਼ ਇਕ ਹੀ ਮਿਲਦੀ ਹੈ। ਅਕਸਰ ਇਦਾਂ ਹੁੰਦਾ ਹੈ ਕਿ ਇਕ ਵੀ ਨਹੀਂ ਮਿਲਦੀ।"

ਕਾਲੀ ਨੂੰ ਆਪਣੀ ਗੱਲ ਧਿਆਨ ਨਾਲ ਸੁਣਦਾ ਦੇਖ ਬਰਕਤ ਨੇ ਕਿਹਾ, "ਬਰਫ਼ ਦਾ ਕਾਰਖਾਨਾ ਦੇਖਣ ਤੋਂ ਬਾਅਦ ਜੇ ਤੇਰੇ ਗੋਡਿਆਂ 'ਚ ਦਮ ਹੋਇਆ ਤਾਂ ਸ਼ਹਿਰ ਦੇਖ ਲਈਂ। ..." ਬਰਕਤ ਸੋਚ ਵਿਚ ਡੁੱਬ ਗਿਆ। ਫਿਰ ਪੁੱਛਿਆ, "ਤੇਰਾ ਰਾਤ ਨੂੰ ਰਹਿਣ ਦਾ ਕੋਈ ਇੰਤਜ਼ਾਮ ਹੈ?"

ਕਾਲੀ ਨੇ ਨਾਂਹ ਵਿਚ ਸਿਰ ਹਿਲਾਇਆ ਤਾਂ ਬਰਕਤ ਨੇ ਆਪਣੇ ਸਾਥੀਆ ਨੂੰ ਪੁੱਛਿਆ, "ਅੱਜ ਰਾਤ ਨੂੰ ਅੱਡੇ 'ਤੇ ਕਿਹਨੇ ਰਹਿਣਾ ਹੈ?"

"ਮੈਂ।" ਤੋਖੇ ਨੇ ਕਿਹਾ।

"ਯਾਰ, ਇਹਨੂੰ ਵੀ ਆਪਣੇ ਨਾਲ ਰੱਖ ਲਈਂ?" ਬਰਕਤ ਨੇ ਸੁਝਾਅ ਦਿੱਤਾ।

"ਜੇ ਕਿਸੇ ਡਰਾਈਵਰ-ਕਲੀਨਰ ਨੇ ਇਤਰਾਜ਼ ਕੀਤਾ ਤਾਂ?"

"ਕਹਿ ਦੇਈਂ ਉਸਤਾਦ ਜੀ ਦਾ ਆਦਮੀ ਹੈ। ਪਿੰਡ ਤੋਂ ਆਇਆ ਹੈ।" ਬਰਕਤ ਅੱਖ ਮਾਰ ਕੇ ਹੱਸਿਆ।

"ਠੀਕ ਹੈ।" ਤੋਖੇ ਨੇ ਵੀ ਜਵਾਬ ਵਿਚ ਅੱਖ ਮਾਰ ਦਿੱਤੀ।

ਬਰਕਤ ਨੇ ਕਾਲੀ ਵੱਲ ਦੇਖਿਆ, "ਭਾ ਜੀ, ਜਾਓ, ਜਾ ਕੇ ਸ਼ਹਿਰ ਦੇਖੋ। ਜਦ ਥੱਕ ਗਏ ਤਾਂ ਮੁੜ ਕੇ ਇਥੇ ਆ ਜਾਇਓ। ਤੋਖੇ ਦੇ ਕੋਲ। ...ਕੱਲ ਬਾਰੇ ਕੱਲ ਨੂੰ ਦੇਖਾਂਗੇ। ਪਹਿਲਾਂ ਅੱਜ ਦੀ ਨਬੇੜੀਏ।"

ਕਾਲੀ ਆਪਣਾ ਅਹਿਸਾਸ ਪ੍ਰਗਟ ਕਰਨ ਲਈ ਬਰਕਤ ਦੇ ਗੋਡਿਆਂ ਵੱਲ ਝੁੱਕ ਗਿਆ। ਪਰ ਬਰਕਤ ਨੇ ਵਿਚੋਂ ਹੀ ਰੋਕ ਦਿੱਤਾ, "ਇਹਦੀ ਲੋੜ ਨਹੀਂ ਹੈ। ਅਸੀਂ ਵੀ ਤਕਰੀਬਨ ਇੱਥੇ ਇਸ ਤਰ੍ਹਾਂ ਹੀ ਆਏ ਸੀ ਤੇ ਹੁਣ ਤੱਕ ਵਿਚੇ ਲਟਕ ਰਹੇ ਹਾਂ, ਇਸ ਲਈ ਤੇਰੀ ਬਹੁਤੀ ਮਦਦ ਨਹੀਂ ਕਰ ਸਕਦੇ। ਕੋਸ਼ਿਸ਼ ਕਰ ਕੇ ਦੇਖ ਲੈ। ਰੱਬ ਜੀ ਭਲੀ ਕਰਨਗੇ। ਜਿੰਨਾ ਚਿਰ ਸ਼ਹਿਰ 'ਚ ਹੈਂ, ਮਿਲਦਾ ਰਹੀਂ।"

ਕਾਲੀ ਨੇ ਵਾਰੀ-ਵਾਰੀ ਸਾਰਿਆਂ ਨੂੰ ਹੱਥ ਜੋੜੇ ਤੇ ਉਹਨਾਂ ਦੇ ਅਹਿਸਾਨ ਦੇ ਅਹਿਸਾਸ ਨੂੰ ਰੀੜ੍ਹ ਦੀ ਹੱਡੀ ਤੱਕ ਮਹਿਸੂਸ ਕਰਦਾ ਹੋਇਆ ਅੱਡੇ ਤੋਂ ਬਾਹਰ ਆ ਗਿਆ। (ਚਲਦਾ)

ਅਨੁਵਾਦ - ਜਗਦੀਸ਼ ਬਿਨਿੰਗ

(ਇਹ ਨਾਵਲ ਜਗਦੀਸ਼ ਚੰਦਰ ਵਲੋਂ ਪੰਜਾਬ ਦੇ ਦਲਿਤ ਜੀਵਨ 'ਤੇ ਲਿਖੇ ਤਿੰਨ ਨਾਵਲਾਂ ਦੀ ਤ੍ਰੈ-ਲੜੀ ਵਿੱਚੋਂ ਦੂਜਾ ਨਾਵਲ ਹੈ। ਇਸ ਤ੍ਰੈ-ਲੜੀ ਦਾ ਪਹਿਲਾ ਨਾਵਲ "ਧਰਤੀ ਧਨ ਨਾ ਆਪਣਾ" ਪੜ੍ਹਨ ਲਈ ਵਤਨ ਦੇ ਸਾਈਟ http://www.watanpunjabi.ca/vishesh/books.php 'ਤੇ ਜਾਉ।)

ਲੇਖ

# ਮੰਡੀ ਸੱਭਿਆਚਾਰ 'ਚ ਬਠਿੰਡਾ ਮਾਰਕਾ ਗਾਇਕੀ

## ਤਸਕੀਨ

ਵਿਆਪਕ ਤੇ ਬਰੀਕ ਅਰਥਾਂ 'ਚ ਬੰਦਾ ਅਪਣੇ ਸੱਭਿਆਚਾਰ ਦੀ ਅਨੋਖੀ ਏਕਤਾ ਦੇ ਨਮੂਨੇ ਨੂੰ ਪੇਸ਼ ਕਰਦਾ ਹੈ। ਆਮ ਅਤੇ ਖਾਸ ਦੀ ਝੂਠੀ ਪਛਾਣ। ਗਲਬੇ ਹੇਠ ਸਾਰਾ ਜਨ ਸੱਭਿਆਚਾਰ ਇਕੋ ਜਿਹਾ ਹੀ ਹੈ ਅਤੇ ਅੰਦਰਲੀਆਂ ਲਕੀਰਾਂ ਇਸ ਦੇ ਬਣਾਉਟੀ ਢਾਂਚੇ 'ਚੋਂ ਬਾਹਰ ਝਾਕਣ ਲਗਦੀਆਂ ਹਨ। ਸਿਖਰਾਂ 'ਤੇ ਬੈਠੇ ਲੋਕ ਆਪਣੀ ਅਜਾਰੇਦਾਰੀ ਜ਼ਿਆਦਾ ਚਿਰ ਲੁਕੋਣ ਵਿਚ ਦਿਲਚਸਪੀ ਨਹੀਂ ਰਖਦੇ, ਜਿਸ ਕਰਕੇ ਹਿੰਸਾ ਖੁੱਲ੍ਹ ਖੇਡਦੀ ਹੈ, ਇਸੇ ਕਰਕੇ ਸੱਤਾ ਉਗਮਦੀ ਹੈ। ਫਿਲਮਾਂ ਅਤੇ ਰੇਡੀਉ ਕਲਾ ਦੀ ਜ਼ਰੂਰਤ ਦਾ ਲੰਬਾ ਢਕਵੰਜ ਨਹੀਂ ਰਚ ਸਕਦੇ। ਸੱਚ ਤਾਂ ਉਨ੍ਹਾਂ ਲਈ ਨਿਰਾ ਵਪਾਰ ਹੈ, ਕੂੜ ਨੂੰ ਨਿਆਂਇਕ ਬਣਾਉਣ ਦੀ ਤਰਤੀਬ 'ਚ ਵਟੀ ਵਿਚਾਰਧਾਰਾ ਜਿਸ ਨੂੰ ਉਹ ਸੋਚ ਸਮਝ ਕੇ ਪੇਸ਼ ਕਰਦੇ ਹਨ।

-ਥਿਉਡੋਰ ਅਡੋਰਨੋ ਅਤੇ ਮੈਕਸ ਹਾਰਕਨੇਈਮਰ

ਜਮਾਤੀ ਸਮਾਜ ਦਾ ਸੱਭਿਆਚਾਰ ਵੀ ਜਮਾਤੀ ਸੱਭਿਆਚਾਰ (ਹਰ ਤਰ੍ਹਾਂ ਦੀ ਨਾਬਰਾਬਰੀ ਦਾ ਆਤਮਸਾਤੀਕ੍ਰਿਤ ਰੂਪ) ਹੀ ਹੁੰਦਾ ਹੈ। ਪਹਿਲੇ (ਸਾਬਕਾ) ਆਰਥਕ ਢਾਚੇ ਨੂੰ ਤੋੜ ਕੇ ਉਸਾਰਿਆ ਨਵਾਂ ਆਰਥਿਕ ਵਰਤਾਰਾ ਨਵੇਂ ਰੂਪ 'ਚ ਜਮਾਤੀ ਸਫਬੰਦੀਆਂ ਖੜ੍ਹੀਆਂ ਕਰਦਾ ਹੈ, ਜਿਸ ਵਿਚੋਂ ਨਵੀਆਂ ਵਿਰੋਧਤਾਈਆਂ ਜਨਮ ਲੈਂਦੀਆਂ ਹਨ। ਇਸੇ ਲਈ ਨਵਾਂ ਆਰਥਿਕ ਵਰਤਾਰਾ ਹਮੇਸ਼ਾਂ ਪਹਿਲਾਂ ਅਸਲ ਮੌਜੂਦ ਸੱਭਿਆਚਾਰਕ ਵਰਤਾਰੇ 'ਚ ਤਬਦੀਲੀ ਕਰਦਿਆਂ ਉਸ ਨੂੰ ਅਪਣੇ ਅਨੁਸਾਰ ਤੋਰਨ ਵਿਚ ਯਕੀਨ ਰੱਖਦਾ ਹੈ ਭਾਵ ਸਾਧਨਾਂ ਉੱਤੇ ਕਾਬਜ਼ ਜਮਾਤ ਦੀ ਵਿਚਾਰਧਾਰਾ ਨੂੰ ਲੋਕਾਂ/ਜਨ ਦੀ ਵਿਚਾਰਧਾਰਾ ਬਣਾਉਣ ਲਈ ਆਪਣੇ ਨਵੇਂ ਵਿਚਾਰਧਾਰਕ ਸੱਤਾ ਕੇਂਦਰਾਂ ਦੇ ਨਿਰਮਾਣ ਅਤੇ ਵਿਕਾਸ ਹਿੱਤ ਕਾਰਜ ਕਰਦਾ ਹੈ ਅਤੇ ਅੱਗੋਂ ਇਹ ਸੱਤਾ ਕੇਂਦਰ ਹਾਕਮ ਜਮਾਤ ਦੀ ਵਿਚਾਰਧਾਰਾ ਨੂੰ ਆਤਮਸਾਤ ਕਰਾਉਣ ਹਿੱਤ ਕਾਰਜ ਕਰਦੇ ਹਨ। ਜਮਾਤੀ ਅਰਥਚਾਰਾ ਅਪਣੀ ਪਦਾਰਥਕ ਜਕੜ ਦੇ ਗੂੜ੍ਹ ਨਿਰਮਾਣ ਹਿੱਤ ਸੱਭਿਆਚਾਰ ਨੂੰ ਉਨ੍ਹਾਂ ਕੇਂਦਰਾਂ/ਚਿਹਨਾਂ/ਮਿੱਥਾਂ ਰਾਹੀਂ ਪ੍ਰਚਾਰਦਾ-ਪ੍ਰਸਾਰਦਾ (ਜੋ ਲੋਕਾਂ ਵਿਚ ਅਪਣੀ ਮਾਨਤਾ ਹਿੱਤ ਸੱਤਾ ਪ੍ਰਾਪਤ ਕਰ ਚੁੱਕੇ ਹੁੰਦੇ ਹਨ) ਹੈ, ਜਿਸ ਰਾਹੀਂ ਉਹ ਅਪਣੀ ਜਮਾਤੀ ਵਿਚਾਰਧਾਰਾ ਪੱਕੀ ਅਤੇ ਚਿਰਸਥਾਈ ਰੂਪ 'ਚ ਆਤਮਸਾਤ ਕਰਵਾ ਸਕਣ। ਸੱਭਿਆਚਾਰ ਵਿਚ ਸਮਾਜਿਕ ਮਾਨਤਾ ਪ੍ਰਾਪਤ ਪ੍ਰਤੀਕਾਂ/ਚਿੰਨ੍ਹਾਂ ਦੀ ਸੱਤਾ ਲੋਕਾਂ/ਜਨ ਦੇ ਜਿਹਨ ਅੰਦਰਲੇ ਖਲਾਅ ਵਿਚ ਤੰਤਰ ਦੀ ਵਿਚਾਰਧਾਰਾ ਨੂੰ ਤੂੜ ਦਿੰਦੀ ਹੈ। ਸਿੱਟਾ ਜਮਾਤੀ ਸਮਾਜ ਦੀ 'ਆਰਤੀ' ਦਮਿਤ ਧਿਰ ਆਪਣੇ ਆਪ ਕਰਨ ਲੱਗਦੀ ਹੈ।

ਵੀਹਵੀਂ ਸਦੀ ਦਾ ਆਖਰੀ ਦਹਾਕਾ ਇਕ ਨਵੇਂ ਯੁੱਗ 'ਚ ਪ੍ਰਵੇਸ਼ ਕਰਦਾ ਹੈ। ਭਾਰਤੀ ਆਰਥਿਕਤਾ ਦੇ ਬੰਦ ਦਵਾਰ ਖੁੱਲ੍ਹੀ ਮੰਡੀ ਲਈ ਖੁੱਲ੍ਹਦੇ ਹਨ। 'ਗਲੋਬਲੀ ਯੁੱਗ' ਦਾ ਪ੍ਰਵੇਸ਼ ਨਿੱਜੀਕਰਨ ਦੇ ਵਿਚਾਰਾਂ ਦਾ ਤੂਫਾਨ ਲੈ ਅੰਦਰ ਵੜਦਾ ਹੈ। ਅਰਥਚਾਰਾ ਉਲਟ ਕੇ ਕੱਚੇ ਭੁੰਨੇ ਪੂੰਜੀਵਾਦ ਨੂੰ ਹੜੱਪਣ ਲੱਗਦਾ ਹੈ ਅਤੇ ਉਸ ਦੀ ਜਗ੍ਹਾਂ ਬਹੁਕੌਮੀ ਕੰਪਨੀਆਂ ਦੇ ਹਾਈ-ਟੈੱਕ ਦੀ ਜੈ-ਜੈ ਕਾਰ ਨਾਲ ਸੱਤਾ ਉੱਪਰ ਬਿਰਾਜਮਾਨ ਲੋਕ ਭਾਰਤੀ ਬੰਦੇ ਹੱਥ 'ਮੁਕਤੀ' ਦਾ ਝੋਲਾ ਫੜਾ ਦਿੰਦੇ ਹਨ ਅਤੇ ਇਸ ਵਿਚਾਰ ਨਾਲ ਜਨ ਮਾਨਸ ਨੂੰ ਦਿਲਾਸਾ ਦੇਣ ਲਗਦੇ ਹਨ ਕਿ ਉਨ੍ਹ ਕੋਲ ਇਸ ਦੇ ਸਿਵਾ ਕੋਈ ਚਾਰਾ ਨਹੀਂ। ਮੀਡੀਆ ਅਤੇ ਲੋਕਤੰਤਰ ਨਵੀਂ ਪੂੰਜੀ ਦੀ ਆਰਤੀ ਉਤਾਰਨ ਲਗਦੇ ਹਨ। ਸੰਕਟ ਭੋਗ ਰਹੇ ਪੰਜਾਬ ਦੇ ਸੰਤਾਪ ਨੂੰ ਸੱਭਿਆਚਾਰਕ ਮੇਲਿਆਂ ਦੇ ਝਾੜੇ ਨਾਲ 'ਖੰਭ' ਲੱਗਣ ਲਗਦੇ ਹਨ। ਜਿਸ ਨਾਲ ਜਸ਼ਨ ਦਾ ਇਕ ਮਾਹੌਲ ਪੰਜਾਬੀ ਜਨ ਜੀਵਨ ਨੂੰ ਨਵਾਂ ਹੁਲਾਰਾ ਦਿੰਦਾ ਹੈ, ਸੱਤਾ ਇਸ ਸੱਭਿਆਚਾਰ ਨੂੰ 'ਬਚਾਉਣ' ਹਿੱਤ ਜਸ਼ਨੀ ਮੇਲਿਆਂ ਵਿਚ ਰੁੱਝ ਜਾਂਦੀ ਹੈ। ਪੰਜਾਬੀ ਸੱਭਿਆਚਾਰ ਕਰਵਟੀ ਪਲਾਂ 'ਚ ਸੱਤਾਮਈ ਵਿਚਾਰਾਂ ਦੇ ਜਸ਼ਨ ਵਿਚ ਗੜੂੰਦ ਹੋ ਜਾਂਦਾ ਹੈ। ਜਦੋਂ 'ਹੋਸ਼ ਆਉਂਦੀ' ਹੈ ਤਾਂ ਸੱਭਿਆਚਾਰ ਦਾ ਦ੍ਰਿਸ਼ ਬਦਲ ਚੁੱਕਾ ਹੁੰਦਾ ਹੈ। ਜਸ਼ਨ ਦੇ ਇਸ ਸ਼ੋਰ 'ਚ ਮਾਨਵੀ ਨੈਤਿਕਤਾ ਨੂੰ ਚੁੱਕੀ ਰੱਖਣ ਵਾਲਾ ਬੰਦਾ ਅਲੋਪ (ਹਾਸ਼ੀਆਗਤ) ਹੋ ਜਾਂਦਾ ਹੈ। ਘਰਾਂ 'ਚ, ਬਜ਼ਾਰਾਂ 'ਚ ਵਸਤੂਆਂ ਦਾ ਜਸ਼ਨੀ ਸ਼ੋਰ ਨਵੀਆਂ ਸੱਤਾਵਾਂ ਨੂੰ ਪਕਿਆਈ ਦਿੰਦਾ ਇਨ੍ਹਾਂ ਅੱਗੇ ਨਤਮਸਤਕ ਹੋਣ ਲੱਗਦਾ ਹੈ। ਸਭ ਪਾਸੇ ਮੰਡੀ ਦਾ ਸ਼ੋਰ ਬੰਦੇ ਨੂੰ ਵਸਤੂ ਰੂਪ 'ਚ ਢਾਲ ਦਿੰਦਾ ਹੈ। ਅਸੀਂ ਟੈਲੀਵਿਜ਼ਨ, ਕੰਪਿਊਟਰ, ਰੇਡੀਓ, ਅਖਬਾਰਾਂ ਭਾਵ ਹਰ ਪਾਸਿਉਂ ਸੱਭਿਆਚਾਰਕ ਸੱਤਾਵਾਂ ਦੇ ਜਸ਼ਨ ਵਿਚ ਘਿਰ ਜਾਂਦੇ ਹਾਂ। ਸੱਤਾ ਦੇ ਇਹ ਨਵੇਂ ਸੰਦ ਸਾਡੀ ਉਂਗਲ ਫੜ ਕੇ ਸਾਨੂੰ ਦੂਰ ਹਨੇਰ ਭਰੇ ਅਮਾਨਵੀ ਜੰਗਲ 'ਚ ਭਟਕਣ ਲਈ ਛੱਡ ਦਿੰਦੇ ਹਨ। ਅਵਿਸ਼ਵਾਸ ਦੇ ਇਸ ਜੰਗਲ 'ਚੋਂ ਮਨ ਨੂੰ ਤਸੱਲੀ ਦੇਣ ਲਈ ਅਸੀਂ ਸਹਾਰੇ ਲੱਭਦੇ ਹਾਂ। ਧਰਮ ਪੰਥ, ਅਧਿਆਤਮ, ਜਾਤੀ ਗੌਰਵ, ਸੱਭਿਆਚਾਰਕ ਹੇਰਵੇ ਦੀਆਂ ਵਸਤਾਂ ਨਾਲ ਭਰੇ ਬਾਜ਼ਾਰ ਦੇ ਸਭ ਸਹਾਰਿਆਂ 'ਚੋਂ ਅਸੀਂ ਆਪਣੇ ਵਿਰੁੱਧ ਇਕ ਅਭਿਆਨ ਦਿਨ ਰਾਤ ਚਲਾਉਂਦੇ ਹਾਂ। 'ਲੋਕਤੰਤਰ' ਅਤੇ ਉਸ ਦੀ ਅ-ਰਾਜਨੀਤੀ ਸਾਡੇ ਸੱਭਿਆਚਾਰ ਲਈ ਖਤਰਾ ਬਣ ਜਾਂਦੇ ਹਨ। ਅੱਤਿਆਚਾਰ ਇਸ ਨਵੇਂ ਮੰਡੀ ਉਪਭੋਗ ਦਾ ਪਛਾਣ ਚਿੰਨ੍ਹ ਬਣ ਜਾਂਦਾ ਹੈ। "ਅੱਤਿਆਚਾਰ ਤਾਂ ਹਰ ਕਿਤੇ ਦਿਖਾਈ ਦਿੰਦਾ ਹੈ, ਅੱਤਿਆਚਾਰੀ ਕਿਤੇ ਵੀ ਨਜ਼ਰੀ ਨਹੀਂ ਪੈਂਦਾ।" ਅਸੀਂ ਸਦੀਵੀ ਭਟਕਣਾ 'ਚ ਗਾਦਸਾਗ੍ਰਸਤ ਭੰਮਤਰੇ ਪਏ ਹਾਂ। ਮੰਡੀ ਕੇਂਦਰਿਤ ਸੱਭਿਆਚਾਰ ਸਾਡੇ ਦਿਲਾਸੇ ਹਿੱਤ ਪੂੰਜੀ ਦੀ ਚਾਦਰ ਤਾਣ ਦਿੰਦਾ ਹੈ ਅਤੇ ਅਸੀਂ ਕਾਹਲੀ ਨਾਲ ਉਸ ਦੀ ਛਾਂ ਦੇ ਸਹਾਰੇ ਹੇਠ ਜਾਂਦੇ ਹਾਂ। ਆਪਣੀ ਛਾਂ ਹਿੱਤ ਬਾਕੀਆਂ ਨੂੰ ਇਸ 'ਸਹਾਰੇ' ਦੇ ਮੈਦਾਨੋਂ ਬਾਹਰ ਧੱਕਣ ਲੱਗਦੇ ਹਾਂ। ਇਸ ਛਾਂ ਦੀਆਂ ਇੱਛਾਵਾਂ ਸਾਡੀਆਂ ਨਹੀਂ ਹਨ। ਇਹ ਤਾਂ ਗਲੋਬਲੀ ਸੱਤਾ ਵੱਲੋਂ ਪੰਜਾਬੀ ਬੰਦੇ ਹੱਥ ਦਿੱਤੀ ਸੁੰਢ ਦੀ ਗੰਢੀ ਹੈ, ਜਿਸ ਦੀ ਮਿੱਥ ਨੇ ਵਾਸਤਵਿਕ ਬੰਦੇ ਦੀ ਬੌਧਿਕ ਤਾਕਤ ਚੂਸ ਲਈ ਹੈ। ਮੀਡੀਆ ਜਿਸ ਕਲਾ ਨੂੰ ਸੱਭਿਆਚਾਰ ਦੇ ਮਨੁੱਖੀ ਦਾਅਵੇ ਵਜੋਂ ਪ੍ਰਸਤੁਤ ਕਰਦਾ ਹੈ, ਉਹ ਮਾਨਵਤਾ ਦੀ ਘਿਨਾਉਣੀ ਪੈਰੋਡੀ ਜਾਪਦਾ 2 ਹੈ। ਬੰਦੇ ਦੇ ਵਾਸਤਵਿਕ ਰੂਪ ਤੋਂ ਉਸ ਦਾ ਕੱਦ ਕਈ ਗੁਣਾ ਵੱਡਾ ਆਕਾਰ ਗ੍ਰਹਿਣ ਕਰ ਜਾਂਦਾ ਹੈ ਅਤੇ ਅਸੀਂ ਉਸ ਕੱਦ (ਇਮੇਜ) ਦੀ ਗ੍ਰਿਫਤ ਵਿਚ ਘਿਰ ਚੁੱਕੇ ਹੁੰਦੇ ਹਾਂ। ਉਪਭੋਗੀ ਸੱਭਿਆਚਾਰ ਬੰਦੇ ਦੇ ਵਾਸਤਵਿਕ ਰੂਪ ਨੂੰ ਜਦੋਂ ਮੀਡੀਆ ਮਸ਼ੀਨ 'ਚੋਂ ਲੰਘਾਉਂਦਾ ਹੈ ਤਾਂ ਉਸ ਦਾ ਆਕਾਰ ਵਾਸਤਵਿਕ ਰੂਪ ਨਾਲੋਂ ਕਈ ਸੌ ਗੁਣਾ ਵੱਡਾ ਹੋ ਚੁੱਕਾ ਹੁੰਦਾ ਹੈ। ਉਹ ਸੱਤਾ ਬਣ ਕੇ ਲੋਕਾਂ ਦੇ ਜ਼ਿਹਨ ਨੂੰ ਕਬਜ਼ੇ 'ਚ ਕਰ ਲੈਂਦਾ ਹੈ। ਸਾਹਿਤ, ਕਲਾ, ਸੰਗੀਤ, ਰਾਜਨੀਤੀ ਦਾ ੳ ਅ ਜਾਨਣ ਵਾਲੇ ਲੋਕ ਮੀਡੀਆ ਰਾਹੀਂ ਸਾਡੇ ਧਨੰਤਰ ਬਣ ਕੇ ਉਪਦੇਸ਼ਕ ਅਤੇ ਆਦਰਸ਼ ਦੀ ਉਪਾਧੀ ਪ੍ਰਾਪਤ ਕਰ ਜਾਂਦੇ ਹਨ। ਉਨ੍ਹਾਂ ਦੀ ਸੱਤਾ ਵਾਸਤਵਿਕਤਾ ਦੁਆਲੇ ਮਿੱਥ ਦਾ ਲੇਅ ਚੜ੍ਹਾਈ ਜਾਂਦੀ ਹੈ। ਸੱਤਾ ਹੀ ਸਾਡੇ ਸਮੇਂ ਦੇ ਬੰਦੇ ਦੀ ਆਦਰਸ਼ ਟੀਸੀ ਬਣ ਜਾਂਦੀ ਹੈ।

ਸੱਭਿਆਚਾਰ ਵਿਚ ਜਨ ਮਾਨਸ ਸਿਰਜਣਾਤਮਿਕ ਉਤਪਾਦਨ ਸਦਕਾ ਆਪਣੇ ਸੱਭਿਆਚਾਰ ਨੂੰ ਅਮੀਰ ਕਰਨ ਲਈ ਯੋਗਦਾਨ ਪਾਉਂਦਾ ਹੈ। ਉਸ ਦੁਆਰਾ ਸਿਰਜੇ ਗੀਤ, ਕਥਾਵਾਂ ਲੋਕਾਂ ਦੇ ਸਮੁੱਚ ਦਾ ਹਿੱਸਾ ਬਣ ਕੇ ਲੋਕ ਗੀਤ, ਲੋਕ ਕਥਾਵਾਂ ਦਾ ਰੂਪ ਧਾਰਦੇ ਹਨ। ਇਹ ਮਨੁੱਖ ਉਤਾਪਦਨੀ ਕਿਰਤ ਵਿਚ ਯਕੀਨ ਰੱਖਦਾ ਆਪਣੇ ਤਜਰਬਿਆਂ ਨੂੰ ਮੁਹਾਵਰੇ, ਅਖਾਣਾਂ ਦੀ ਸਿਰਜਣਾ ਰਾਹੀਂ ਪ੍ਰਗਟ ਕਰਦਾ ਹੈ, ਪ੍ਰੰਤੂ ਅੱਜ ਦਾ ਪੰਜਾਬੀ ਬੰਦਾ ਸਿਰਜਦਾ ਨਹੀਂ ਉਪਭੋਗ ਕਰਦਾ ਹੈ। ਉਪਭੋਗ ਮੰਡੀ ਦਾ ਨਾਅਰਾ ਹੈ ਅਤੇ ਅੱਜ ਦਾ ਪੰਜਾਬੀ ਬੰਦਾ ਉਤਪਾਦਨੀ ਕਿਰਤ 'ਚੋਂ ਬਾਹਰ ਜੋ (ਪੈਰਾਸਾਈਟ) ਬਣਨ ਦੇ ਰਾਹ 'ਤੇ ਹੈ ਅਤੇ ਜਿਹੜਾ

ਵਿਅਕਤੀ ਅਜੇ ਵੀ ਉਤਪਾਦਨ ਵਿਚ ਮੌਜੂਦ ਹੈ ਉਹ ਇਸ ਉਪਭੋਗੀ ਸੱਭਿਆਚਾਰ ਤੋਂ ਹਾਸ਼ੀਆਗ੍ਰਸਤ ਹੈ। ਇਸੇ ਕਰਕੇ ਅੱਜ ਸੱਭਿਆਚਾਰ ਮਨੁੱਖ ਦੇ ਦੁੱਖ-ਸੁੱਖ 'ਚ ਕੰਮ ਆਉਣ ਦਾ ਮਨੋਰੰਜਕ ਅਤੇ ਸ਼ਾਨਦਾਰ ਸਾਧਨ ਹੋਣ ਦੀ ਬਜਾਏ ਮੰਡੀ ਦੁਆਰਾ ਉਤਪਾਦ ਹੁੰਦਾ ਅਤੇ ਬੰਦਿਆਂ ਦੁਆਰਾ ਉਪਭੋਗ ਕੀਤਾ ਜਾਂਦਾ ਹੈ। ਲੋਕ ਗੀਤ ਹਾਈ-ਟੈੱਕਦੇ ਪੇਂਜਿਆਂ 'ਚ ਪਿੰਜ ਕੇ ਵਸਤੂ ਦੇ ਰੂਪ 'ਚ ਸਾਡਾ ਉਪਭੋਗ ਬਣ ਰਹੇ ਹਨ ਅਤੇ ਅਸੀਂ ਅਪਣੇ ਇਤਿਹਾਸ ਨੂੰ ਪਛਾਨਣ ਤੋਂ ਇਨਕਾਰੀ ਹਾਂ। ਅਸੀਂ ਆਪੇ ਮੰਗ ਨਹੀਂ ਘੜਦੇ, ਸਿਰਫ ਬਾਜ਼ਾਰ/ਮੰਡੀ ਵਿਚ ਪਈ ਵਸਤੂਆਂ ਦੀ ਬਹੁਤਾਤ ਸਾਨੂੰ ਪੂਰਤੀ ਦੀ ਜ਼ਰੂਰਤ ਦਾ ਅਹਿਸਾਸ ਕਰਵਾਉਂਦੀ ਹੈ। ਸਾਡੀ ਮੰਗ ਅਦ੍ਰਿਸ਼ਟ ਦਿਮਾਗ ਘੜਦੇ ਹਨ ਅਤੇ ਸੱਭਿਆਚਾਰ ਦਾ ਇਹ ਵਸਤੂ ਰੂਪ ਆਪੇ ਸਾਡੀ ਪੂਰਤੀ ਬਣ ਜਾਂਦਾ ਹੈ, ਕਿਉਂਕਿ "ਦਿਲਲਗੀ ਸਿਰਫ ਔਸ਼ਧੀ ਇਸ਼ਨਾਨ"3 ਬਣ ਗਿਆ ਹੈ ਅਤੇ ਇਹ 'ਔਸ਼ਧੀ ਇਸ਼ਨਾਨ' ਅਸੀਂ ਆਪੇ ਸਿਰਜੇ ਮੀਡੀਆ ਨਾਇਕਾਂ ਰਾਹੀਂ ਕਰਦੇ ਹਾਂ, ਜਿਹਨਾਂ ਦੀ ਸੱਤਾ ਪਦਾਰਥਕ ਰੂਪ 'ਚ ਕੱਦਵਾਰ ਬਣ ਕੇ ਸਾਡੇ ਜ਼ਿਹਨ ਦੀਆਂ ਕੋਸ਼ਕਾਵਾਂ ਨੂੰ ਘੇਰ ਲੈਂਦੀ ਹੈ। ਅਸੀਂ ਆਪੇ ਮੂਰਤੀ ਘੜਦੇ ਹਾਂ ਅਤੇ ਆਪੇ ਉਸ ਦੀ ਵਿਰਾਟ ਲੀਲ੍ਹਾ ਅੱਗੇ ਗੋਡਿਆਂ ਪਰਨੇ ਹੋ ਜਾਂਦੇ ਹਾਂ, ਕਿਉਂਕਿ ਉਹ ਸਾਡੇ ਹੱਥੋਂ ਨਿਕਲ 'ਰੱਬੀ' ਸੱਤਾ ਦਾ ਹਿੱਸਾ ਹੋ ਜਾਂਦੀ ਹੈ।

ਨੱਬਵਿਆਂ ਤੱਕ ਸੱਭਿਆਚਾਰ 'ਆਜ਼ਾਦ' ਰੂਪ 'ਚ ਵਿਚਰਦਾ ਅਜੇ ਸੱਭਿਆਚਾਰ ਉਦਯੋਗ ਨਹੀਂ ਸੀ ਬਣਿਆ। ਪਰ ਗਲੋਬਲੀ ਪੂੰਜੀ ਦੇ ਪ੍ਰਕੋਪ ਹੇਠ ਇਹ ਮੰਡੀ ਸੱਭਿਆਚਾਰ ਵਿਚ ਰੁਪਾਂਤਰਿਤ ਹੋ ਜਾਂਦਾ ਹੈ। ਮੁੱਖ ਰੂਪ 'ਚ ਇਸ ਮੰਡੀ ਸੱਭਿਆਚਾਰ ਨੂੰ 'ਸੱਟੇ ਦੀ ਪੂੰਜੀ' ਚਲਾਉਂਦੀ ਹੈ ਭਾਵੇਂ ਹੋਰ ਕਈ ਤਰ੍ਹਾਂ ਦੀ ਪੂੰਜੀ (ਜਿਵੇਂ ਐੱਨ ਆਰ ਆਈ ਪੂੰਜੀ) ਦੀ ਇਸ ਵਿਚ ਸ਼ਮੂਲੀਅਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੰਡੀ ਦੇ 'ਸਰਵੇਕਾਰ' ਇਹ ਵੇਰਵੇ ਖੋਜਦੇ ਰਹਿੰਦੇ ਹਨ ਕਿ ਹੁਣ ਕਿਸ ਵਿਚਾਰ ਦੀ ਖਪਤ ਹੋ ਸਕਦੀ ਹੈ। ਸੰਗੀਤ ਦੀ ਮੰਡੀ ਵਿਚ ਕਿਹੜਾ ਵਿਚਾਰ ਮੰਗ ਨੂੰ ਵਧਾ ਸਕਦਾ ਹੈ? ਹੁਣ ਇਸ ਵਿਚ ਸਰਦਾਰੀ ਵਿਕਣੀ ਹੈ, ਜਾਤ, ਅਧਿਆਤਮ, ਜਸ਼ਨ, ਹੇਰਵਾ ਜਾਂ ਰੁਦਨ ਵਿਕਣਾ ਹੈ। ਹਰ ਇਕ ਮੰਗ/ਵਿਚਾਰ ਦੀ ਪੂਰਤੀ ਲਈ ਮਾਲ ਮੰਡੀ ਵਿਚ ਮੌਜੂਦ ਹੁੰਦਾ ਹੈ। 'ਸੰਤਾਪੇ' ਬੰਦੇ ਦਾ 'ਆਸਰਾ' ਕਿਹੜੀ ਵਸਤੂ (ਵਿਚਾਰ) ਬਣ ਸਕਦੀ ਹੈ, ਮੰਡੀ ਧੜਾ ਧੜ ਉਸੇ ਉਤਪਾਦ ਦਾ ਢੇਰ ਬਣਨ ਲਗਦੀ ਹੈ। ਅਸੀਂ ਉਪਭੋਗ/ਖਪਤ ਦੀ ਹੀ ਭਗਤੀ ਕਰਨ ਲੱਗਦੇ ਹਾਂ ਅਤੇ ਮੀਡੀਆ ਇਸਦੀ ਗਤੀ ਵਿਚ ਵਾਧਾ ਕਰਦਾ ਹੈ।

ਇਸ ਸੰਦਰਭ 'ਚ ਅਸੀਂ ਹੇਰਵਾ ਅਤੇ ਐੱਨ. ਆਰ. ਆਈ. ਪੂੰਜੀ ਦੀਆਂ ਬਰਕਤਾਂ ਨੂੰ ਇਕ ਵੱਖਰੇ ਲੇਖ (30 ਜਨਵਰੀ-2011-ਨਵਾਂ ਜ਼ਮਾਨਾ) 'ਚ ਵਿਚਾਰ ਚੁੱਕੇ ਹਾਂ, ਜਿਸ ਨੂੰ ਪਾਠਕਾਂ ਵੱਲੋਂ ਦੁਆਬੀ ਵਰਤਾਰਾ ਮੰਨਿਆ ਗਿਆ ਸੀ, ਪ੍ਰੰਤੂ ਬਠਿੰਡਾ ਮਾਰਕਾ ਗਾਇਕੀ ਮਨਾਂ ਨੂੰ ਅਚੰਭਿਤ ਕਰਨ ਲਈ ਵੱਖਰੀ ਤਰ੍ਹਾਂ ਦਾ ਸ਼ੁਗਲ (ਵਿਚਾਰ) ਕਰਦੀ ਹੈ ਭਾਵੇਂ ਇਨ੍ਹਾਂ ਦੋਹਾਂ ਦੀ ਜੜ੍ਹ ਭਿੰਨ ਨਹੀਂ ਸਗੋਂ ਗੌਰਵ ਨੂੰ ਹੀ ਮੂਰਤੀਮਾਨ ਕਰਦੀ ਹੈ। ਦੁਗਾਣਾ ਗਾਇਕੀ ਲਈ ਬਠਿੰਡਾ ਮਾਰਕਾ ਗੀਤਕਾਰੀ ਹੀ ਇਸ ਯੁੱਗ ਵਿਚ ਨਵੀਂ ਰੂਹ ਫੂਕਦੀ ਹੈ। ਇੱਥੇ ਮੁਹੱਬਤ ਘਰੇਲੂ ਲੋੜਾਂ, ਉਪਭੋਗ, ਜਸ਼ਨ ਅਤੇ ਰੁਦਨ ਦਾ ਸੰਵਾਦ ਬਣ ਜਾਂਦੀ ਹੈ। ਇਹ ਸੰਵਾਦ ਮੰਡੀ ਸੱਭਿਆਚਾਰ ਵਿਚ ਨਵੀਂ ਤਾਕਤ ਭਰ ਦਿੰਦਾ ਹੈ।

ਨੱਬਵਿਆਂ ਤੱਕ ਦੀ ਗਾਇਕੀ ਦਾ ਕੇਂਦਰ ਲੁਧਿਆਣਾ ਸੀ, ਪ੍ਰੰਤੂ ਗਲੋਬਲੀ ਪੂੰਜੀ ਨੇ ਇਸ ਇਕ ਕੇਂਦਰ ਨੂੰ ਉਸ ਤਰ੍ਹਾਂ ਤੋੜ ਕੇ 'ਵਿਖੰਡਤ' ਕਰ ਦਿੱਤਾ ਜਿਵੇਂ ਉੱਤਰ-ਆਧੁਨਿਕਤਾਵਾਦ ਨੇ ਪਾਠ ਵਿਚਲੇ ਬਹੁਕੇਂਦਰਾਂ ਦੀ ਤਸੱਲੀਬਖਸ਼ ਜਾਂਚ ਕੀਤੀ ਸੀ। ਅੱਜ ਹਰ ਸ਼ਹਿਰ ਅੰਦਰ ਮੰਡੀ ਸੱਭਿਆਚਾਰ ਦੇ ਕਰਿੰਦੇ ਕੰਮ ਕਰਦੇ ਹਨ। ਹਰ ਇਕ ਕਾਮਾ ਆਪਣੀ-ਅਪਣੀ ਚਿਹਨੀ ਸੱਤਾ ਦੀ ਕੀਮਤ ਮੁਤਾਬਿਕ ਇਨ੍ਹਾਂ ਕੇਂਦਰਾਂ ਦੀ ਚੋਣ ਕਰਦਾ ਹੈ। ਕੁਝ ਵੱਡੀਆਂ ਚਿਹਨੀ ਸੱਤਾਵਾਂ ਵਿਦੇਸ਼ਾਂ (ਐੱਨ ਆਰ ਆਈ) ਵਿਚੋਂ ਮਾਲ ਸਪਲਾਈ ਕਰਦੀਆਂ ਅਪਣੀ ਸੱਤਾ ਨੂੰ ਸਥਾਨਕ ਸੱਤਾਵਾਂ ਤੋਂ ਸਿਖਰ 'ਤੇ ਸਥਾਪਿਤ ਕਰ ਲੈਂਦੀਆਂ ਹਨ। ਹਰ ਗਾਇਕ ਦੀ ਚਿਹਨੀ ਸੱਤਾ (ਸਾਈਨ ਵੈਲਿਊ) ਹੀ ਉਸ ਦੀ ਕੀਮਤ ਨਿਰਧਾਰਤ ਕਰਦੀ ਹੈ। ਹਰ ਖਰੀਦਦਾਰ ਅਪਣੀ ਜੇਬੀ ਸੱਤਾ ਮੁਤਾਬਿਕ ਵਸਤੂ ਨੂੰ ਖਰੀਦਦਾ ਹੈ। ਜੇਬ ਹੀ ਤੈਅ ਕਰਦੀ ਹੈ ਕਿ ਗਾਹਕ ਨੇ ਕਿਹੜਾ ਉਤਪਾਦ ਖਰੀਦਣਾ ਹੈ। ਐੱਨ ਆਰ ਆਈ/ਹਰੀ ਕ੍ਰਾਂਤੀ ਦੀਆਂ ਬਰਕਤਾਂ ਸਦਕਾ ਸ਼ਹਿਰੀ ਜੀਵਨ ਭੋਗਦੀ ਜਮਾਤ ਹੇਰਵਾ ਅਤੇ ਜਸ਼ਨ ਦੀ ਖਰੀਦਦਾਰ ਹੈ। 'ਹਰੀ ਕ੍ਰਾਂਤੀ' ਦੀਆਂ ਸਿਖਰੀ ਬਰਕਤਾਂ ਹੰਢਾਅ ਚੁੱਕੇ ਜੱਟ/ਕਿਸਾਨ ਜ਼ਮੀਨਾਂ ਦੀ ਵਧੀ ਕੀਮਤ ਕਾਰਨ ਇਸ ਗੰਗਾ 'ਚ ਹੱਥ ਧੋਂਦੇ ਸਰਦਾਰੀ, ਰਫਲਾਂ, ਪਿਸਤੌਲਾਂ, ਲੰਡੀਆਂ ਜੀਪਾਂ, ਲੈਂਡ ਕਰੂਜ਼ਰ, ਬਰਾਡੋ, ਰੌਂਡੀ, ਵੈਲੀ, ਬੁਲੇਟ ਦੇ ਖਰੀਦਦਾਰ ਹਨ। ਇਸ ਦੌੜ 'ਚੋਂ ਪੱਛੜੇ ਰੁਦਨ (ਸੈਡ ਸੌਂਗ) ਦੇ ਖਰੀਦਦਾਰ ਹਨ। ਕੁਝ ਮੋਬਾਈਲਾਂ, ਲੈਪਟਾਪ, ਐਨਕਾਂ ਆਦਿ ਦੇ ਖਰੀਦਦਾਰ ਹਨ। ਔਰਤਾਂ ਗਹਿਣਿਆਂ, ਜੀਨਾਂ, ਚੁੰਨੀਆਂ, ਸੁਰਖੀਆਂ, ਪਾਊਡਰ, ਕੋਕਾ, ਨੱਥ ਜਿਹੇ ਜਿਸਮ ਨੂੰ ਸ਼ਬਾਬ ਬਣਾਉਣ ਵਾਲੇ ਉਤਪਾਦਾਂ ਦੀਆਂ ਖਰੀਦਦਾਰ ਹਨ ਅਤੇ ਉਹਨਾਂ ਲਈ ਪਹਿਲੇ ਤੋੜਦ ਦੀ ਦਾਰੂ, ਕੱਚ ਦਾ ਸਮਾਨ, ਡੋਰ, ਵੂਫਰ ਆਦਿ ਨਿਸ਼ਕਿਰਿਆ ਚਿਹਨਾਂ ਦੀ ਭਰਮਾਰ ਹੈ। ਹਰ ਬੰਦੇ ਨੂੰ ਇਸ ਮੰਡੀ ਸੱਭਿਆਚਾਰ ਨਾਲ ਜੋੜਨ ਲਈ ਵੱਖ-ਵੱਖ ਉਤਪਾਦਾਂ ਦੇ ਢੇਰ ਹਨ। ਗਾਇਕੀ ਤਾਂ ਅੱਜ ਉਤਪਾਦਾਂ ਦੀ ਮਸ਼ਹੂਰੀ ਕਰਨ ਦਾ ਮਨੋਰੰਜਕ ਸਾਧਨ ਹੈ। ਜਾਤੀ 'ਪੀੜਾ' ਸਹਿੰਦੇ ਜਨ ਕੋਲ ਵੱਖ ਵੱਖ ਗੌਰਵਾਂ ਦੀ ਸੇਲ ਵੀ ਇਸ ਮੰਡੀ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਹਰ ਮਾਲ ਬਾਜ਼ਾਰ ਦੀ ਫਲੱਡ ਲਾਈਟ ਨਾਲ ਬੰਦੇ ਦੀਆਂ ਅੱਖਾਂ ਚੁੰਧਿਆਉਂਦਾ ਆਪਣੇ ਆਪ ਉਸ ਦੀ ਜੇਬ ਵਿਚ ਆ ਟਿਕਦਾ ਹੈ।

ਅਸੀਂ ਜੇ ਇਸ ਲੇਖ ਵਿਚ ਇਕ ਪ੍ਰਤੀਕ 'ਸਰਦਾਰੀ' ਨੂੰ ਕੇਂਦਰ ਵਿਚ ਰੱਖੀਏ ਤਾਂ ਅੱਜ ਦੇ ਮੰਡੀ ਸੱਭਿਆਚਾਰ ਦਾ ਕੋਈ ਸੂਤਰ ਫੜਨ ਵਿਚ ਕਾਮਯਾਬ ਹੋ ਜਾਈਏ, ਕਿਉਂਕਿ ਇਸ ਦੇ ਕਾਰਨਾਂ ਦੇ ਬਹੁਤ ਸਾਰੇ ਸੂਤਰ ਹੋ ਸਕਦੇ ਹਨ।

*ਯਾਰੀ ਤੇ ਸਰਦਾਰੀ ਆਉਂਦੀ ਕਿਸੇ ਕਿਸੇ ਨੂੰ ਰਾਸ।*

*-ਗੁਰਦਾਸ ਮਾਨ*

*ਬਾਕੀ ਗੱਲਾਂ ਬਾਅਦ 'ਚ ਸੋਹਣੀਏ ਪਹਿਲਾਂ ਸਰਦਾਰ ਹਾਂ*

*-ਬੱਬੂ ਮਾਨ*

*ਪੁੱਤ ਸਰਦਾਰਾਂ ਦਾ ਹੁਣ ਨ੍ਹੀਂ ਡਿਗਰੀਆਂ ਕਰਦਾ*

*-ਮਿਸ ਪੂਜਾ*

*ਵਿਚ ਪ੍ਰਦੇਸਾਂ ਜਾ ਚਲਾਉਣਾ ਏ ਟਰੱਕ*
*ਛੱਡ ਇੰਡੀਆ ਦੇ ਵਿਚ ਸਰਦਾਰੀ ਮੱਖਣਾ*

*-ਦੀਪ ਢਿੱਲੋਂ + ਜਸਮਾਨੀ ਜੱਸੀ*

*ਪੂਰਾ ਸਿੱਕਾ ਚਲਦਾ ਏ ਯਾਰਾਂ ਦੀ ਯਾਰੀ ਦਾ*
*ਇਕ ਤੇਰੀ ਦੀਵਾਨਗੀ ਨੀ ਮੈਨੂੰ ਦੂਜਾ ਸ਼ੌਕ ਸਰਦਾਰੀ ਦਾ*

*-ਕਮਲ ਗਰੇਵਾਲ*

ਸਮਕਾਲੀ ਪੰਜਾਬੀ ਗਾਇਕੀ ਸ਼ਬਦ ਅਤੇ ਚਿਤਰ ਦੇ ਪੱਧਰ 'ਤੇ ਤਿੰਨ ਵੱਡੇ ਚਿਹਨਾਂ ਜੱਟ, ਸਰਦਾਰ ਅਤੇ ਵੈਲੀ ਦੇ ਧੁਰਿਆਂ ਦੁਆਲੇ ਘੁੰਮ ਰਹੀ ਹੈ। ਇਤਿਹਾਸਕ ਰੂਪ 'ਚ ਅਤੀਤ ਹੋ ਗਏ ਇਨ੍ਹਾਂ ਚਿੰਨ੍ਹਾਂ ਨੂੰ ਮੰਡੀ ਸੱਭਿਆਚਾਰ ਦੀ ਹਾਈ-ਟੈੱਕ ਮਸ਼ੀਨ ਵਿਚ ਪਿੰਜ ਕੇ ਇਸਦਾ ਵੱਡੇ ਪੱਧਰ 'ਤੇ ਉਤਪਾਦ ਕੀਤਾ ਜਾ ਰਿਹਾ ਹੈ। ਇਸ ਖਿਲਾਰੇ ਦੇ ਬਹੁਰੰਗਾਂ (ਦੀ ਗਰੁੱਪ ਆਫ ਸਟੇਟਮੈਂਟਸ) ਦਾ ਅਸਰ/ਮਕਸਦ ਇਕੋ ਹੁੰਦਾ ਹੈ ਕਿ ਪੰਜਾਬੀ ਸੱਭਿਆਚਾਰ ਨੂੰ ਪ੍ਰਣਾਏ ਬੰਦੇ ਦੇ ਜ਼ਿਹਨ ਉੱਤੇ ਸਰਦਾਰ/ਜੱਟ ਹੋਣ ਦੀ ਤੀਬਰ ਇੱਛਾ ਨੂੰ ਪਦਾਰਥਕ ਰੂਪ 'ਚ ਢਾਲਣਾ ਅਤੇ ਇਹ ਕੰਮ ਬਾਮਕਸਦ (ਵਿਚਾਰਧਾਰਕ ਰੂਪ 'ਚ) ਜਾਰੀ ਹੈ। ਜਿਹੜੇ ਚਿਨ੍ਹ/ਪ੍ਰਤੀਕ ਇਤਿਹਾਸ ਵਿਚ ਮਨੁੱਖੀ ਦਮਨ ਦੇ ਉਪਕਰਨ ਸਨ। ਉਨ੍ਹਾਂ ਦੀ ਪ੍ਰਾਪਤੀ ਦੀ ਤੀਬਰ ਇੱਛਾ ਅੱਜ ਦੀ ਮੱਧਵਰਗੀ (ਜਗੀਰੂ ਨਾ ਕਿ ਬੁਰਜੂਆ ਰੂਪ) ਜ਼ਿਹਨੀਅਤ ਨੂੰ ਕਬਜ਼ੇ ਵਿਚ ਲੈ ਵਡਿਆਈ ਦਾ ਰੂਪ ਧਾਰ ਜਾਂਦੀ ਹੈ। ਸਰਦਾਰ ਭਾਵ ਰਾਠ ਸੱਭਿਆਚਾਰ ਦਾ ਇਤਿਹਾਸ, ਦਮਨ ਦਾ ਪ੍ਰਤੀਕ ਰਿਹਾ ਹੋਣ ਦੀ ਬਜਾਏ, ਜੇਬ ਵਿਚ ਉੱਗੀ ਧਨ ਦੀ ਨਵੀਂ ਤਾਜ਼ਗੀ ਸਦਕਾ ਵਡਿਆਈ ਵਜੋਂ ਵੱਡੇ ਰੂਪ 'ਚ ਉਤਪਾਦ ਹੋਣ ਲੱਗਦਾ ਹੈ। ਸਰਦਾਰ, ਵੈਲੀ ਅਤੇ ਜੱਟ ਬਠਿੰਡਾ ਮਾਰਕਾ ਗਾਇਕੀ ਦੇ ਕੇਂਦਰੀ ਧੁਰੇ ਹਨ, ਕਿਉਂਕਿ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਤੱਕ ਵੀ ਜੱਟ ਅਤੇ ਸਰਦਾਰ ਦੋ ਵੱਖ-ਵੱਖ ਚਿਹਨ (ਭਾਵ ਜਾਤ ਦੇ ਪੱਧਰ 'ਤੇ ਤਾਂ ਦੋਵੇਂ ਜੱਟ ਹਨ ਪਰ ਜਮਾਤ ਦੇ ਪੱਧਰ 'ਤੇ ਇਕ ਉਤਪਾਦਨ ਕਰਦੀ ਜਮਾਤ ਅਤੇ ਦੂਸਰੀ ਉਤਪਾਦ ਨੂੰ ਹੜੱਪਣ ਵਾਲੀ ਸ਼ੋਸ਼ਕ ਧਿਰ) ਅੱਜ ਇਕੋ ਚਿਹਨਤ ਚਿ ਢਲ ਗਏ ਹਨ। ਜੱਟ ਸਰਦਾਰ (ਛੋਟੀ ਕਿਸਾਨੀ) ਨਹੀਂ ਹੋ ਸਕਦਾ, ਕਿਉਂਕਿ ਰਾਠ ਬਣਨ ਲਈ ਬਹੁਤ ਸਾਰੀ ਜਾਇਦਾਦ (ਜ਼ਮੀਨ) ਦਾ ਹੋਣਾ ਜ਼ਰੂਰੀ ਹੈ ਜੋ ਉਸ ਨੂੰ ਅਵਾਰਾ ਧਨ ਦਾ ਭੋਗ ਕਰਾਵੇ। ਜੱਟ ਅਪਣੀ 'ਅਣਖ' ਦੀ ਦਹਿਸ਼ਤ ਸਦਕਾ ਵੈਲੀ ਬਣਨ ਵੱਲ ਪ੍ਰੇਰਿਤ ਹੁੰਦਾ ਹੈ ਅਤੇ ਰਾਠਾਂ ਵੱਲੋਂ ਹੁੰਦਾ ਛੋਟੇ ਕਿਸਾਨ ਦਾ ਦਮਨ ਵੈਲੀ ਬਣਨ ਲਈ ਮਜਬੂਰ ਕਰਦਾ ਹੈ, ਭਾਵੇਂ ਉਹ ਫਿਰ ਰਾਠਾਂ ਦੇ ਹਿੱਤ ਵਿਚ ਹੀ ਭੁਗਤਦਾ ਹੈ। ਵੈਲੀ ਪੰਜਾਬੀ ਸੱਭਿਆਚਾਰ ਵਿਚ ਨਾਇਕ ਦੀ ਉਪਾਧੀ ਨਹੀਂ ਪ੍ਰਾਪਤ ਕਰ ਸਕਿਆ, ਕਿਉਂਕਿ ਉਹ ਦਮਨ ਦਾ ਪ੍ਰਤੀਕ ਸੀ। ਇਹ ਦਮਨ ਖਿਲਾਫ ਪ੍ਰਤੀਰੋਧ ਵਜੋਂ ਹੋਂਦ 'ਚ ਆਉਂਦਾ ਬਹਿਕਦਾ ਰੋਹ ਸੀ ਜੋ ਉਤਪਾਦਨੀ ਤਾਕਤਾਂ ਵਿਰੁੱਧ ਹੀ ਦਹਿਸ਼ਤ ਵਜੋਂ ਇਸਤੇਮਾਲ ਹੁੰਦਾ ਰਹਿੰਦਾ ਸੀ। ਰਾਠਾਂ/ਸਰਦਾਰਾਂ ਦੁਆਰਾ ਦਮਨ ਸੱਭਿਆਚਾਰਕ ਮਾਨਤਾ ਪ੍ਰਾਪਤ ਪਤਵੰਤਾ ਹੋਣ ਦੀ ਉਪਾਧੀ ਸੀ ਅਤੇ ਜਿਸਦੀ ਚੌਧਰ ਲਈ ਸਟੇਟ ਉਸ ਦਾ ਸਾਥ ਦਿੰਦੀ ਸੀ ਜਦੋਂ ਕਿ ਵੈਲੀ ਸਮਾਜਿਕ ਮਾਨਤਾ ਪ੍ਰਾਪਤ ਜੁਜ਼ ਨਹੀਂ ਸੀ। ਡਾਕੂ ਵੈਲੀ ਦਾ ਸੁਧਰਿਆ ਰੂਪ ਹੁੰਦਾ ਹੈ, ਜੋ ਸਮਾਜਿਕ ਨੈਤਿਕਤਾਵਾਂ (ਅਣਖ ਲਈ ਲੜਦਾ, ਮਜ਼ਲੂਮ ਅਤੇ ਔਰਤ ਦੀ ਰੱਖਿਆ ਕਰਨ ਵਾਲਾ ਚਿਹਨ) ਦੇ ਕੁਝ ਹਿੱਸੇ ਨੂੰ ਕਬੂਲਦਾ ਮਾਨਵ 'ਹਿਤਾਇਸ਼ੀ' ਹੋਣ ਕਰਨ ਵਾਲਾ ਚਿਹਨ) ਦੇ ਕੁਝ ਹਿੱਸੇ ਨੂੰ ਕਬੂਲਦਾ ਮਾਨਵ 'ਹਿਤਾਇਸ਼ੀ' ਹੋਣ ਕਾਰਨ 'ਨਾਇਕ'/ਮਿੱਥ ਵਜੋਂ ਪ੍ਰਤੀਬਿੰਬਤ ਹੁੰਦਾ ਹੈ। ਇਸ ਕਰਕੇ ਸਰਦਾਰ, ਜੱਟ, ਵੈਲੀ ਅਤੇ ਡਾਕੂ ਦੇ ਪ੍ਰਤੀਕ ਵੱਖ-ਵੱਖ ਅਰਥਾਂ ਵਿਚ ਖੁੱਲ੍ਹਦੇ ਹਨ, ਪ੍ਰੰਤੂ ਅੱਜ ਸਰਦਾਰ, ਵੈਲੀ ਅਤੇ ਜੱਟ ਇਕੋ ਅਰਥ ਨੂੰ ਚਿਹਨਤ ਕਰ ਰਹੇ ਹਨ। ਭਾਵ ਇਤਿਹਾਸ ਦੇ ਇਹ ਜਮਾਤੀ ਚਿਹਨ ਵਰਤਮਾਨ ਵਿਚ ਅਪਣੀ ਚਿਹਨੀ ਕੀਮਤ ਗਵਾ ਬੈਠਦੇ ਹਨ (ਵੈਲੀ ਦਾ ਅੱਜ ਸਮਅਰਥੀ ਸ਼ਬਦ ਲੁੰਪਨ ਹੈ) ਅਤੇ ਸਿੱਟਾ, ਸਭ ਦੇ ਅਰਥ ਅਣਖ, ਚੌਧਰ ਅਤੇ ਜਿਸਮਾਨੀ ਤਾਕਤ ਵਜੋਂ ਸੱਤਾ ਬਣ ਹਾਜ਼ਰ ਹੁੰਦੇ ਹਨ। ਬਠਿੰਡਾ ਮਾਰਕਾ ਗਾਇਕੀ ਸੱਭਿਆਚਾਰ ਬੜੇ 'ਮਾਣ' ਨਾਲ ਇਸ ਦਾ ਉਤਪਾਦ ਕਰਦਾ ਇਤਿਹਾਸ ਨੂੰ ਪੈਰੋਡੀ ਬਣਾਉਂਦਾ ਸ਼ਬਦਾਂ ਦੇ ਜਮਾਤੀ ਅਰਥਾਂ ਨੂੰ ਮੰਡੀ ਮਸ਼ੀਨ ਵਿਚ ਪਿੰਜਦਾ ਇਸ ਨੂੰ ਉਪਭੋਗ ਦੀ ਫੂਹੜ ਵਸਤੂ ਬਣਾ ਦਿੰਦਾ ਹੈ ਅਤੇ ਇਹ ਸ਼ਬਦ ਆਪਣੇ ਜ਼ਮਾਤੀ ਅਰਥ ਗਵਾ ਬੈਠਦੇ ਹਨ। ਮੰਡੀ ਸੱਭਿਆਚਾਰ ਦਾ ਮੁੱਖ ਮਾਰਕਾ ਬੰਦੇ ਨੂੰ ਇਤਿਹਾਸ ਮੁਕਤ ਕਰਨਾ ਹੀ ਹੁੰਦਾ ਹੈ ਅਤੇ ਅੱਜ ਇਹ ਮੰਡੀ ਸੱਭਿਆਚਾਰ ਰਾਹੀਂ ਵਾਪਰ ਰਿਹਾ ਹੈ। ਇਸੇ ਲਈ ਕਾਕੇ ਭਾਵੇਂ ਜੱਟਾਂ ਦੇ ਹੋਣ, ਸਰਦਾਰਾਂ ਦੇ, ਸੈਣੀਆਂ, ਕੰਬੋਆਂ, ਲੁਬਾਣਿਆਂ ਜਾਂ ਚਮਾਰਾਂ ਦੇ, ਅਰਥ ਜੱਟ ਸੱਭਿਆਚਾਰ ਦੇ ਜਗੀਰੂ ਰੂਪ ਨੂੰ ਹੀ ਪ੍ਰਤੀਬਿੰਬਤ ਕਰਦੇ ਹਨ ਅਤੇ ਜੱਟ ਬਣਨ ਦੀ ਤੀਬਰ ਇੱਛਾ ਨਾਲ ਲਬਰੇਜ਼ ਹਨ (ਬ੍ਰਾਹਮਣਿਕ ਵਿਚਾਰਧਾਰਾ ਦਾ ਇਹੋ ਲੁਭਾਉਣਾ 'ਗੁਣ' ਹੈ)। ਪੂੰਜੀਵਾਦੀ ਪੂੰਜੀ ਸਾਮੰਤੀ ਸੱਭਿਆਚਾਰਕ ਮਾਨਤਾਵਾਂ ਨੂੰ ਰੱਦ ਕਰਕੇ ਜਿੱਥੇ ਆਧੁਨਿਕਤਾ (ਜਮਾਤੀ ਚੇਤਨਾ) ਦਾ ਪਾਸਾਰ ਕਰਦੀ ਹੈ, ਉੱਥੇ ਗਲੋਬਲੀ ਪੂੰਜੀ ਜਗੀਰੂ ਚਿੰਨ੍ਹਾਂ ਦਾ ਮੰਡੀ ਸੱਭਿਆਚਾਰ ਰਾਹੀਂ ਪੁਨਰ ਉਥਾਨ ਕਰਕੇ ਅਤੇ ਉਸ ਵਿਚੋਂ ਜਮਾਤੀ ਅਰਥਾਂ ਦੀ ਰੱਤ ਚੂਸ ਕੇ ਬੰਦੇ ਦੇ ਪ੍ਰਤੀਰੋਧ ਨੂੰ ਤਿਲਾਂਜਲੀ ਦਿੰਦੀ (ਆਰਾਜਨੀਤੀ ਦਾ ਉਭਾਰ) ਹਰ ਬੰਦੇ ਨੂੰ ਰਾਠ ਸੱਭਿਆਚਾਰ 'ਚ 'ਸਰਦਾਰ' ਬਣਨ ਲਈ ਪ੍ਰੇਰਿਤ ਕਰਦੀ, ਹਾਕਮ ਵਿਚਾਰਾਂ ਨੂੰ ਪਦਾਰਥਕ ਸ਼ਕਲ ਵਿਚ ਢਾਲਦੀ, ਜ਼ਿਹਨ ਵਿਚ ਘਰ ਕਰ ਲੈਂਦੀ ਹੈ ਅਤੇ ਸੱਤਾ ਦੇ ਚਿਹਨ ਉਸ ਦਾ ਆਦਰਸ਼ ਸੁਪਨਾ ਹੋ ਨਿੱਬੜਦੇ ਹਨ। ਬਠਿੰਡਾ ਮਾਰਕਾ ਗਾਇਕੀ ਦੇ ਸੈਂਕੜੇ ਪ੍ਰਵਚਨ ਜੱਟ ਸੱਭਿਆਚਾਰ ਨੂੰ ਸਾਮੰਤੀ ਪਕਿਆਈ ਦਿੰਦੇ, ਸੱਤਾ ਦੁਆਰਾ ਹੁੰਦੇ ਅੱਤਿਆਚਾਰ ਨੂੰ ਮਾਨਤਾ ਦੇਣ ਵਿਚ ਰੁੱਝੇ ਹੋਏ ਹਨ। ਸਿੱਟਾ ਬਾਜ਼ਾਰ, ਘਰ, ਮਾਲ ਸੜਕਾਂ ਉਪਭੋਗੀ ਵਸਤਾਂ ਨਾਲ ਡੱਕੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਖਰੀਦਣ ਨਾਲ ਕਿਸੇ ਉਤਪਾਦਨ ਵਿਚ ਵਾਧਾ ਨਹੀਂ ਹੁੰਦਾ ਸਗੋਂ ਉਤਪਾਦਨੀ ਕਿਰਤ ਸ਼ਕਤੀ ਹਾਸ਼ੀਆਗਤ ਹਾਦਸੇ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਮੰਡੀ ਸੱਭਿਆਚਾਰ ਦੀ ਅੱਖ ਕਿਸਾਨ ਦੀ ਉਤਪਾਦਨੀ ਮਸ਼ੀਨ ਜ਼ਮੀਨ 'ਤੇ ਹੈ, ਜੋ ਉਤਪਾਦਨ ਦੀ ਸਿਖਰ ਹੰਢਾਅ ਕੇ ਭਾਰੇ ਪੱਲੇ ਦੀ ਮਹਿੰ ਬਣ ਗਈ ਹੈ। ਉਸ 'ਚੋਂ ਪ੍ਰਾਪਤ ਉਤਪਾਦਨ ਨਾਲੋਂ ਉਸ ਦਾ ਮੁੱਲ ਕਈ ਸੌ ਗੁਣਾ ਵੱਧ ਹੈ। ਸਿੱਟਾ ਜ਼ਮੀਨ ਵਿਕਦੀ ਹੈ ਤਾਂ ਜੇਬ 'ਚ ਆਇਆ ਧਨ ਜੱਟ/ਕਿਸਾਨ ਨੂੰ ਰਾਠ ਦੇ ਰੁਤਬੇ 'ਤੇ ਪਹੁੰਚਾ ਦਿੰਦਾ ਹੈ। ਰਾਠ ਸੱਭਿਆਚਾਰ ਨੂੰ ਹੁਲਾਰਾ ਮਿਲਦਾ ਹੈ। ਗੱਡੀਆਂ, ਰਫਲਾਂ ਅਤੇ ਔਰਤ ਭੋਗ ਲਈ ਹਿੰਸਾ ਵਿਚ ਪੁਰਜ਼ੋਰ ਵਾਧਾ ਹੋਣ ਲੱਗਦਾ ਹੈ।

ਇੱਥੇ ਇਕ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਸਰਦਾਰਾਂ ਭਾਵ ਰਾਠਾਂ ਅਤੇ ਜੱਟਾਂ ਵਿਚ ਫਰਕ ਜਮਾਤੀ ਪਾੜਾ ਹੀ ਹੁੰਦਾ ਹੈ। ਜੱਟ ਉਤਪਾਦਨੀ ਕਾਮਾ ਹੈ ਅਤੇ ਰਾਠ ਇਕ ਜੋਕ ਦੀ ਤਰ੍ਹਾਂ ਹੈ ਜੋ ਹੋਰਾਂ ਦੀ ਕਿਰਤ ਸ਼ਕਤੀ ਨੂੰ ਹੜੱਪ ਕੇ ਅੱਯਾਸ਼ ਜੀਵਨ ਭੋਗਦਾ ਹੈ। ਜਦੋਂ ਜੱਟ ਕੋਲ ਉਤਪਾਦਨੀ ਕਿਰਤ ਦੀ ਬਜਾਏ ਆਵਾਰਾ ਪੂੰਜੀ (ਮਹਿੰਗੀ ਵਿਕੀ ਜ਼ਮੀਨ ਜਾਂ ਵਿਦੇਸ਼ਾਂ 'ਚੋਂ ਆਇਆ ਧਨ) ਦੀ ਬਹੁਤਾਤ ਹੁੰਦੀ ਹੈ ਅਤੇ ਉਹ ਉਤਪਾਦਨੀ ਸਬੰਧਾਂ ਵਿਚੋਂ ਬਾਹਰ ਹੋ ਜਾਂਦਾ ਹੈ ਤਾਂ ਉਹ ਰਾਠ ਸੱਭਿਆਚਾਰ ਵਿਚ ਹੀ ਰੂਪਾਂਤਰਿਤ ਹੋ ਜਾਂਦਾ ਹੈ। ਰਾਠ ਜਾਂ ਠਾਕੁਰ (ਅਰਿਸਟੋਕ੍ਰੇਟ) ਉਤਪਾਦਨ ਕਰਨ ਵਿਚ ਨਹੀਂ ਸਗੋਂ ਇਸ ਨੂੰ ਭੋਗਣ ਹਿੱਤ ਕਾਰਜ ਕਰਦੇ ਹਨ ਅਤੇ ਜਦੋਂ ਉਹੋ ਪੂੰਜੀ ਜੱਟ ਦਾ ਆਧਾਰ ਬਣਦੀ ਹੈ ਤਾਂ ਉਸ ਦਾ ਰੂਪਾਂਤਰਣ ਇਸੇ ਜੋਕ ਸੱਭਿਆਚਾਰ ਵਿਚ ਹੋ ਜਾਂਦਾ ਹੈ। 'ਅਣਖ' ਜਾਇਦਾਦ ਸੰਪਨ ਸਾਮੰਤੀ ਸੱਤਾਵਾਂ ਦਾ ਨਫਸ ਹੈ (ਇੱਥੇ ਬੁਰਜੂਆ ਮਾਨਸਿਕਤਾ ਦਾ ਜ਼ਿਕਰ ਨਹੀਂ ਹੋ ਰਿਹਾ) ਇਸੇ ਲਈ ਜੱਟ ਦਾ ਰੂਪਾਂਤਰਣ ਸਰਦਾਰ ਜਾਂ ਵੈਲੀ ਵਿਚ ਹੋ ਜਾਂਦਾ ਹੈ, ਕਿਉਂਕਿ ਕਿਰਤ ਦੀ ਤਾਕਤ 'ਤੇ ਪਲਣ ਵਾਲੀ ਜਮਾਤ ਨੂੰ ਸਾਧਨ ਸੰਪਨ ਧਿਰ ਦੁੱਕੀ-ਤਿੱਕੀ ਸ਼ਬਦਾਂ ਨਾਲ ਸੰਬੋਧਿਤ ਹੁੰਦੀ ਹੈ ਅਤੇ ਮੰਡੀ ਯੁੱਗ 'ਚ 'ਦੁੱਕੀ-ਤਿੱਕੀ' ਹੋਰ ਹੇਠਾਂ ਵਾਲੀ ਸਥਿਤੀ 'ਚ ਡਿੱਗ ਪੈਂਦੇ ਹਨ।

*ਦੁੱਕੀ ਤਿੱਕੀ ਸਭ ਦੇ ਫੱਟੇ ਚੱਕ ਦਿਆਂਗੇ...*

ਇਸ ਦਾ ਅਰਥ ਇਹ ਨਹੀਂ ਕਿ ਜੱਟ ਹੀ ਇਸ ਰਾਠ ਗੌਰਵ ਦਾ ਸ਼ਿਕਾਰ ਹੁੰਦਾ ਹੈ ਸਗੋਂ ਕਿਸੇ ਵੀ ਜਾਤ ਕੋਲ ਆਇਆ ਅਜਿਹਾ ਆਵਾਰਾ ਧਨ ਉਸ ਨੂੰ ਸਾਮੰਤੀ ਸੱਭਿਆਚਾਰ ਦੀ ਗਾਲਬੀ ਸਥਿਤੀ ਵਿਚ ਹੀ ਢਾਲ ਦੇਵੇਗਾ। ਇਹ ਪੂੰਜੀ ਦਾ ਜਮਾਤੀ ਗੁਣ/ਸੁਭਾਅ ਹੈ।

*1.ਬਾਪੂ ਵਾਲੇ ਕੈਸ਼ 'ਤੇ ਮਿੱਤਰੋ ਐਸ਼ਾਂ ਈ ਐਸ਼ਾਂ ਨੇ।*
*2. ਵਿਹਲਾ ਜੱਟ ਫਿਰਦਾ ਏ ਪੰਗੇ ਲੈਣ ਨੂੰ।*
*3. ਕਦੇ ਲਾਉਣ ਕਲਾਸਾਂ ਨਾ/ਬੈਠ ਕੰਟੀਨੀ/ਪਾ ਕੇ ਵੱਧ ਚੀਨੀ ਪੀਂਦੇ ਸੀ ਚਾਹਾਂ/ਬਣਾਉਣ ਸਲਾਹਾਂ/ਕਿਵੇਂ ਕੁਝ ਕਰੀਏ ਧਮਕ ਅਸਮਾਨੀ....*

ਅਜਿਹੇ 'ਆਦਰਸ਼' ਸੱਭਿਆਚਾਰ ਦੀ ਉਸਾਰੀ ਹਿੱਤ ਉਹ ਲੋਕ ਸੱਤਾ ਪ੍ਰਾਪਤੀ ਦੇ ਮੁਕਾਬਲੇ ਵਿਚ ਆ ਜਾਂਦੇ ਹਨ, ਜਿਨ੍ਹਾਂ ਕੋਲ ਧਨ ਪਹਿਲਾਂ ਹੀ ਪ੍ਰਾਪਤ ਹੁੰਦਾ ਹੈ ਜਾਂ 'ਜੱਦੀ ਜਾਇਦਾਦ' ਵਿਕਣ ਨਾਲ ਪ੍ਰਾਪਤ ਹੋ ਜਾਂਦਾ ਹੈ। ਜਦੋਂ ਸੱਤਾ ਪ੍ਰਾਪਤੀ ਦਾ ਇਕੋ-ਇਕ ਸਾਧਨ ਧਨ ਹੈ ਅਤੇ ਅੱਜ ਉਹ ਉਤਪਾਦਨੀ ਕਿਰਤ ਵਿਚੋਂ 'ਨਸੀਬ' ਨਹੀਂ ਹੋ ਸਕਦਾ ਤਾਂ ਉਸ ਦੀ ਪ੍ਰਾਪਤੀ ਦਾ ਵਸੀਲਾ ਇਸ ਮੰਡੀ ਸੱਭਿਆਚਾਰ ਵਿਚ ਮੌਜੂਦ ਹੈ। ਸਮਾਜਿਕ ਰੂਪ 'ਚ ਹਿਕਾਰਤ ਭਰੇ ਕੁਝ ਕੰਮ ਜਿਵੇਂ ਦਲਾਲੀ, ਝੂਠ, ਡਾਕਾ, ਭ੍ਰਿਸ਼ਟਾਚਾਰ ਇਸ ਮੰਡੀ ਸੱਭਿਆਚਾਰ ਦਾ ਕੇਂਦਰੀ ਸਥਾਨ ਮੱਲ ਬਹਿੰਦੇ ਹਨ। ਸੱਤਾ ਪ੍ਰਾਪਤੀ ਲਈ ਸਭ ਮਾਨਵੀ ਮੁੱਲ ਦਾਅ 'ਤੇ ਲੱਗ ਜਾਂਦੇ ਹਨ। ਧਨ ਭਾਵੇਂ ਵੇਸਵਾਗਿਰੀ 'ਚੋਂ ਪ੍ਰਾਪਤ ਹੋਵੇ, ਧੋਖਾਧੜੀ, ਦੱਲਾਗਿਰੀ ਜਾਂ ਕਿਸੇ ਵੀ ਅਮਾਨਵੀ ਕਾਰੇ 'ਚੋਂ ਇਸ ਮੰਡੀ 'ਚ ਸਭ ਜਾਇਜ਼ ਹੈ। ਸਾਧਨ ਪ੍ਰਾਪਤ ਵਿਅਕਤੀ ਦੀ ਸੱਤਾ ਨੂੰ ਤੰਤਰ ਸਲਾਮ ਕਰਦਾ ਹੈ।

*ਵੇ ਹੁੰਦੇ ਬਾਪੂ ਜੀ ਪਟਵਾਰੀ*
*ਅਫਸਰ ਤੂੰ ਲੱਗਿਆ ਸਰਕਾਰੀ*
*ਨਾ ਕੋਈ ਹੁੰਦੀ ਨਣਦ ਕੁਆਰੀ*
*ਵੇ ਮੇਰੇ ਹੱਥ ਹੁੰਦੀ ਮੁਖਤਿਆਰੀ*
*ਨਿੱਕੇ ਟੱਬਰ 'ਚ ਨਾ ਕੋਈ ਹੋਣੀ ਤੇਰ ਮੇਰ ਸੀ*
*ਜ਼ਿੰਦਗੀ ਜਿਉਣ ਦਾ ਨਜ਼ਾਰਾ ਆਉਣਾ ਫੇਰ ਸੀ।*

*ਮੰਤਰੀ ਜੇ ਹੁੰਦਾ ਕਿਤੇ ਪਹਿਲੀ ਸਰਕਾਰ ਦਾ*
*ਛੋਟਾ ਮੋਟਾ ਐੱਮ. ਐੱਲ. ਏ. ਵੀ ਹੁੰਦਾ ਜੇ ਬਿਹਾਰ ਦਾ*
*ਨੀ ਤਗੜਾ ਇਕ ਘੁਟਾਲਾ ਕਰਕੇ*
*ਅੱਧ ਲੈ ਹੱਥ ਜੀ ਧਰਕੇ*
*ਪਹੁੰਚਦੇ ਕੈਨੇਡਾ ਅਸੀਂ ਲਾਉਣੀ ਨਹੀਂ ਦੇਰ ਸੀ*
*ਜ਼ਿੰਦਗੀ ਜਿਉਣ...*

*-ਲਵਲੀ ਨਿਰਮਾਨ+ਪ੍ਰਵੀਨ ਭਾਰਟਾ*

*ਕੋਈ ਢੋਲਾ ਜੁਗਤ ਲੜਾ ਲਈਏ*
*ਚੱਲ ਬੱਲੀਏ ਫਿਲਮ ਬਣਾ ਲਈਏ*
*ਨਾਲੇ ਚਾਰ ਕਬੂਤਰ 'ਡਾਅ ਲਾਂ ਗੇ*
*ਇਹ ਖੇਡ ਕਈਆਂ ਨੇ ਖੇਡੀ*
*ਗੁਰਦਾਸ ਨੂੰ ਹੀਰੋ ਲੈ ਲਾਂ ਗੇ ਤੇ ਘੁੱਗੀ ਕਰੂ ਕਮੇਡੀ*
*ਫਿਰ ਨੋਟ ਸੰਭਾਲੇ ਜਾਣੇ ਨੀ*
*ਜਦ ਐਡ ਕਰੀ ਅਖਬਾਰਾਂ ਦੀ*
*ਫਿਰ ਬਹਿ ਦਫਤਰ ਵਿਚ ਚੋਣ ਕਰੀਂ*
*ਤੂੰ ਹੀਰੋਇਨ ਮੁਟਿਆਰਾਂ ਦੀ*
*ਕੰਮ ਉਪਰੋਂ ਉਪਰੋਂ ਚੱਲਜੂਗਾ*
*ਪੱਲਿਉਂ ਨਹੀਂ ਲਾਉਣੀ ਕੌਡੀ...।*

*ਦੋ ਚਾਰ ਵੀ ਤੀਰ ਬਰਾੜਾ ਜੇ*
*ਇਕ ਵਾਰ ਟਿਕਾਣੇ ਬਹਿ ਗਏ ਵੇ*
*ਫਿਰ ਜੇਲ 'ਚ ਰੋਟੀ ਖਾਵਾਂਗੇ*
*ਲੈਣੇ ਦੇ ਦੇਣੇ ਪੈ ਗਏ ਜੇ*
*ਕਿਤੇ ਦੂਰ ਕਾਕੜੇ ਉਡਜਾਂਗੇ*
*ਵੱਸਦੀ ਏ ਦੁਨੀਆਂ ਐਡੀ...।*

*-ਮਿਸ ਪੂਜਾ + ਦਰਸ਼ਨ ਖੇਲਾ*

ਮੰਡੀ ਸੱਭਿਆਚਾਰ ਵਿਚਲੀ ਮੁਕਾਬਲੇਬਾਜ਼ੀ ਦੇ ਕਾਰਨ ਹਾਸ਼ੀਏ (ਸਾਧਨਹੀਣ) 'ਤੇ ਧੱਕੇ ਗਏ ਲੋਕ ਗਿਆਨ ਦੀ ਅਣਹੋਂਦ ਸਦਕਾ ਪ੍ਰਤੀਰੋਧ ਦੀ ਬਜਾਏ ਸੱਤਾ ਨੂੰ ਨਤਮਸਤਕ ਹੋਣ ਲੱਗ ਪੈਂਦੇ ਹਨ ਅਤੇ ਸੱਤਾ ਦੇ ਪ੍ਰਵਚਨ ਉਨ੍ਹਾਂ ਦੇ ਜ਼ਿਹਨ ਨੂੰ ਘੇਰ ਕੇ ਹਾਕਮ ਵਿਚਾਰਧਾਰਾ ਦੇ ਹਵਾਲੇ ਕਰ ਦਿੰਦੇ ਹਨ। ਮੰਡੀ ਸੱਭਿਆਚਾਰ 'ਚ ਖੜ੍ਹੀਆਂ ਸੱਤਾਵਾਂ ਨੈਤਿਕ ਮੁੱਲਾਂ ਨੂੰ 'ਅਸੀਮਤਾ ਤੱਕ ਮੁਲਤਵੀ' ਕਰਦੀਆਂ ਜਾਂਦੀਆਂ ਹਨ। ਇਉਂ ਜਾਪਣ ਲੱਗ ਜਾਂਦਾ ਹੈ ਕਿ ਇਤਿਹਾਸ 'ਅੰਤ' ਵੱਲ ਵਧ ਰਿਹਾ ਹੈ, ਪ੍ਰੰਤੂ ਅੰਤਰ ਵਿਰੋਧਾਂ ਦੀ ਲਗਾਤਾਰ ਮੌਜੂਦਗੀ ਵਾਰ-ਵਾਰ ਇਤਿਹਾਸ ਵੱਲ ਧੱਕਦੀ ਰਹਿੰਦੀ ਹੈ।

ਵੀਹਵੀਂ ਸਦੀ ਦੇ ਆਖਰੀ ਦਹਾਕੇ 'ਚ ਜਦੋਂ ਪੰਜਾਬੀ ਸੱਭਿਆਚਾਰ ਦੇ ਬੂਹੇ 'ਤੇ ਰਣਜੀਤ ਮਣੀ ਦੀ ਗਾਇਕੀ ਨੇ ਦਸਤਕ ਦਿੱਤੀ ਤਾਂ ਉਸ ਦੀ ਗਾਇਕੀ 'ਚ ਫੂਹੜਪਨ ਉਸੇ ਤਰ੍ਹਾਂ ਚੋਂਦਾ ਸੀ ਜਿਵੇਂ ਮੀਂਹ 'ਚ ਮਾੜੇ ਕੋਠੇ ਦੀ ਛੱਤ ਟਪਕਦੀ ਹੈ। ਇਥੇ ਸ਼ਬਦ ਦਾ ਸਾਹਿਤ ਨਾਲੋਂ ਅਤੇ ਗਾਇਨ ਦਾ ਸੰਗੀਤ ਨਾਲੋਂ ਰਿਸ਼ਤਾ ਟੁੱਟਣਾ ਸ਼ੁਰੂ ਹੁੰਦਾ ਹੈ। ਇਹ ਦੋਵੇਂ ਕਾਣ ਮਾਰੇ ਨਜ਼ਰ ਆਉਂਦੇ ਸਨ ਪਰ ਹੌਲੀ-ਹੌਲੀ ਸੰਗੀਤਕ 'ਸੁਰਾਂ' ਦਾ ਕਲਾ ਨਾਲੋਂ ਨਾਤਾ ਟੁੱਟਦਾ ਗਿਆ ਅਤੇ ਕਾਣਸੁਰੇ ਬੇਢਬੀਆਂ ਆਵਾਜ਼ਾਂ ਕੱਢਣ ਵਾਲੇ ਸੰਗੀਤ ਦਾ ਕੇਂਦਰ ਮੱਲ ਬੈਠੇ (ਇੱਥੇ ਵਿਚਾਰ ਚਰਚਾ ਅਧੀਨ ਗੀਤ ਅਤੇ ਸੰਗੀਤ ਦੇ ਰੂਪਕੀ/ਸੰਗੀਤਕ ਪੱਖ ਦੀ ਚਰਚਾ ਨਹੀਂ ਕੀਤੀ ਜਾ ਰਹੀ)। ਟੀ ਆਰ ਪੀ ਹੀ ਉਨ੍ਹਾਂ ਦੀ ਕੱਦਾਵਰੀ (ਸਾਈਨ ਵੈਲਿਊ) ਤੈਅ ਕਰਦੀ ਹੈ, ਕਿਉਂਕਿ ਮਿਕਦਾਰ ਹੀ ਗੁਣਾਂ ਉੱਤੇ ਕਾਬਜ਼ ਹੋ ਜਾਂਦੀ ਹੈ ਅਤੇ

ਖਪਤ ਦਾ ਇਹੋ ਅਸੂਲ ਹੈ। ਸ਼ਬਦ ਅਤੇ ਸੰਗੀਤ ਦੀ ਕਲਾ ਸਿਰਜਣਾਤਮਿਕ ਸੁਹਜ ਰਾਹੀਂ ਬੰਦੇ ਨੂੰ ਅਪਣੀ ਉਂਗਲ ਫੜ ਕੇ ਨਾਲ ਤੋਰ ਲੈਂਦੀ ਹੈ। ਹੁਣ 'ਸੰਗੀਤ' ਦਾ ਸ਼ੋਰ (ਆਰਕੈਸਟਰਾ ਰੂਪ) ਆਨੰਦ ਦੀ ਬਜਾਏ ਭਟਕਣਾ ਪੈਦਾ ਕਰਦਾ ਹੈ। ਸ਼ਬਦਾਂ ਦੀ ਜੁਗਾਲੀ 'ਔਸ਼ਧੀ ਇਸ਼ਨਾਨ' ਵਜੋਂ ਵਸਤੂਆਂ ਦੀ ਸੱਤਾ ਲਈ ਭਟਕਣਾ ਨੂੰ ਹੋਰ ਤੀਬਰ ਕਰ ਦਿੰਦੀ ਹੈ।

ਬਠਿੰਡਾ ਮਾਰਕਾ ਗਾਇਕੀ ਦਾ ਉਥਾਨ ਚਮਕੀਲਾ ਗਾਇਨ ਦੇ ਅੰਤ ਕਾਰਨ ਪੈਦਾ ਹੋਏ ਖਲਾਅ 'ਚੋਂ ਹੁੰਦਾ ਹੈ। ਲੁਧਿਆਣਾ ਮਾਰਕਾ ਗਾਇਕੀ ਜਦੋਂ ਸਿਰਫ ਚਮਕੀਲਾ ਕੇਂਦਰਿਤ ਹੋ ਗਈ ਤਾਂ ਇੱਥੋਂ ਦਾ ਗਾਇਕੀ ਉਦਯੋਗ ਗਰਕਣ ਦੀ ਹਾਲਤ ਤੱਕ ਨਿੱਘਰ ਗਿਆ ਅਤੇ ਉਸਦੇ ਦੁਖਾਂਤਕ ਅੰਤ 'ਚ ਇਹ ਲਗਭਗ ਉੱਜੜ ਗਿਆ। ਗੁਰਦਾਸ ਮਾਨ ਇਸ ਗਾਇਕੀ ਕੇਂਦਰ ਦਾ ਹਿੱਸਾ ਨਹੀਂ ਸੀ। ਉਹ ਮਾਲਵੇ 'ਚ 'ਹਰੀ ਕ੍ਰਾਂਤੀ' ਸਦਕਾ ਪੈਦਾ ਹੋਈ ਨਵੀਂ ਪੜ੍ਹੀ-ਲਿਖੀ ਧਿਰ ਨੂੰ ਸੰਬੋਧਿਤ ਸੀ, ਜੋ ਨਵੀਆਂ ਕਦਰਾਂ-ਕੀਮਤਾਂ ਦੀ ਸ਼ੁਰੂਆਤ ਕਰ ਰਹੀ ਸੀ। ਚਮਕੀਲਾ ਅਤੇ ਗੁਰਦਾਸ ਮਾਨ ਇਕੋ ਸਮੇਂ ਦੋ ਸਮਾਨਅੰਤਰ ਵਿਚਾਰਧਾਰਾਵਾਂ ਦੇ ਸੱਭਿਆਚਾਰਕ ਪ੍ਰਤੀਨਿਧ ਵਜੋਂ ਆਹਮੋ-ਸਾਹਮਣੇ ਸਨ (ਇਹ ਦੋਵੇਂ ਗੀਤਕਾਰ ਵੀ ਹਨ/ਸਨ) ਚਮਕੀਲਾ ਦਾ ਪ੍ਰੇਰਨਾ ਸਰੋਤ/ਆਦਰਸ਼ ਬਸਤੀਵਾਦ ਵੇਲੇ ਪੈਦਾ ਹੋਇਆ ਵੈਲੀ ਸੱਭਿਆਚਾਰ/ਕਿੱਸਾਕਾਵਿ ਸੀ ਤਾਂ ਗੁਰਦਾਸ ਮਾਨ ਦਾ ਪ੍ਰੇਰਨਾ ਸਰੋਤ ਮੱਧਕਾਲ ਦੇ ਫਕੀਰਾਂ ਦਾ ਚਿੰਤਨ ਸੀ, ਜਿਸ ਨਜ਼ਰ 'ਚੋਂ ਉਹ ਵਰਤਮਾਨ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਚਮਕੀਲਾ ਹਰੀ ਕ੍ਰਾਂਤੀ ਦੀਆਂ ਬਰਕਤਾਂ ਕਾਰਨ ਖੁਸ਼ਹਾਲ ਹੋਈ ਜਗੀਰੂ ਸੋਚ ਵਾਲੀ ਅਨਪੜ੍ਹ ਧਿਰ ਦੇ ਵਿਚਾਰਾਂ ਨੂੰ ਨਵੀਂ ਖੁਸ਼ਹਾਲੀ 'ਚ ਵੈਲੀ ਰਾਹ ਵੱਲ ਪੱਕੇ ਪੈਰੀਂ ਤੁਰਨ ਲਈ ਮਦਦ ਕਰ ਰਿਹਾ ਸੀ ਜਿੱਥੇ ਵੈਲੀ ਦੁਆਰਾ ਸੈਕਸ ਲਈ ਰੰਨਾਂ "ਮਾਲ ਪੂੜਿਆਂ ਵਾਂਗੂੰ ਝੱਫੀਆਂ" ਜਾ ਸਕਦੀਆਂ ਹਨ ਅਤੇ ਇਸ ਸੱਤਾ ਦੀ ਪ੍ਰਾਪਤੀ ਲਈ ਹਿੰਸਾ ਜਿਸ ਦਾ ਸ਼ੌਂਕ ਹੁੰਦਾ ਹੈ। ਹਰੀ ਕ੍ਰਾਂਤੀ ਦੀਆਂ ਬਰਕਤਾਂ 'ਚੋਂ ਹੀ ਪੈਦਾ ਹੋਈ ਇਕ ਧਿਰ ਆਧੁਨਿਕ ਹੋਣ ਵੱਲ ਵਧ ਰਹੀ ਸੀ ਅਤੇ ਉਹ ਧਰਮ ਦੀ ਘੁਣ ਖਾਧੀ ਜਗੀਰੂ ਵਿਚਾਰਧਾਰਾ ਤੋਂ ਨਾਬਰ ਹੋਣ ਦੀ ਕੋਸ਼ਿਸ਼ 'ਚ ਸੀ। ਉਸ ਦੇ ਮੁਹੱਬਤੀ ਪ੍ਰਗਟਾਅ ਦਾ ਮਾਧਿਅਮ ਵੀ ਆਧੁਨਿਕ ਹੋ ਰਿਹਾ ਸੀ। ਗੁਰਦਾਸ ਮਾਨ ਇਸੇ ਧਿਰ ਦੇ ਸੱਭਿਆਚਾਰਕ ਨੁਮਾਇੰਦੇ ਵਜੋਂ ਸਾਹਮਣੇ ਆਉਂਦਾ ਹੈ। ਹਰੀ ਕ੍ਰਾਂਤੀ ਦੀ ਪ੍ਰਤੀ ਉਪਜ (ਬਾਈਪ੍ਰੋਡਕਟ) ਦਾ ਸਿੱਟਾ, ਇਕ ਧਿਰ ਆਧੁਨਿਕ ਸਫਰ ਵੱਲ ਤੁਰੀ ਭਾਵੇਂ ਇਹ ਗਿਣਤੀ ਪੱਖੋਂ ਬਹੁਤ ਥੋੜ੍ਹੀ ਸੀ ਪਰ ਇਹ ਜਗੀਰੂ ਵਿਚਾਰਾਂ ਦੀ ਗਾਲਬੀ ਪਕੜ 'ਚੋਂ ਆਵਾਮ ਨੂੰ ਮੁਕਤ ਕਰਨ ਲਈ ਯਤਨਸ਼ੀਲ ਸੀ ਭਾਵੇਂ ਸਫਲ ਨਹੀਂ ਹੋ ਰਹੀ ਸੀ। ਇਸੇ ਲਈ ਗੁਰਦਾਸ ਮਾਨ ਚਮਕੀਲਾ ਦੇ ਗਾਲਬੀ ਅਸਰ ਹੇਠ ਸਫਲਤਾ ਨੂੰ ਪ੍ਰਾਪਤ ਨਹੀਂ ਹੁੰਦਾ। ਉਹ ਬਾਅਦ ਵਿਚ ਸਫਲ ਹੁੰਦਾ ਹੈ ਜਦੋਂ ਉਸ ਦੀ ਧਿਰ ਵਿਸ਼ਵੀ ਯੁੱਗ ਦੀਆਂ ਗਾਲਬੀ ਬਰਕਤਾਂ ਦੀ ਹਿੱਸੇਦਾਰ ਬਣਕੇ ਸਥਾਪਿਤ ਹੋ ਰਹੀ ਹੁੰਦੀ ਹੈ।

ਜਗੀਰੂ ਵਿਚਾਰਾਂ ਕੋਲ ਆਈ ਹਰੀ ਕ੍ਰਾਂਤੀ ਦੀ ਬਰਕਤ ਨਵੇਂ ਵੈਲੀ ਸੱਭਿਆਚਾਰਕ ਨੁਮਾਇੰਦੇ ਚਮਕੀਲਾ ਦੀ ਗੈਰਹਾਜ਼ਰੀ 'ਚ ਪ੍ਰਤੀਨਿਧ ਹੀਣੀ (ਸੱਭਿਆਚਾਰਕ ਨਾਇਕਹੀਣੀ) ਹੋ ਜਾਂਦੀ ਹੈ। ਹਰੀ ਕ੍ਰਾਂਤੀ ਦਾ ਸਿੱਟਾ ਔਰਤਾਂ ਦੀ ਸਿੱਖਿਆ ਦਰ 'ਚ ਵਾਧਾ ਸੀ। ਨਵੇਂ ਵਿਚਾਰਾਂ ਦੀ ਪਕੜ 'ਚ ਆਏ ਲੋਕ ਔਰਤਾਂ ਨੂੰ ਸਿੱਖਿਆ ਪ੍ਰਾਪਤ ਕਰਾਉਣ ਲਈ ਕਾਹਲੀ ਨਾਲ ਕਦਮ ਪੁੱਟਦੇ ਹਨ। ਮਾਲਵੇ ਵਿਚ ਇਹ ਗਤੀ ਸਿੱਖਿਆ ਵਿਚ ਗਤੀਸ਼ੀਲਤਾ ਲੈ ਆਉਂਦੀ ਹੈ ਤਾਂ ਇਹਨਾਂ ਦੋ ਧਿਰੀ (ਜਗੀਰੂ ਅਤੇ ਆਧੁਨਿਕ) ਵਿਚਾਰਾਂ 'ਚ ਭੇੜ ਹੋਣ ਲਗਦਾ ਹੈ। ਅੱਜ ਮਾਲਵਾ ਇਸੇ ਗਹਿਗੱਚ ਸੱਭਿਆਚਾਰਕ ਭੇੜ ਦਾ ਯੁੱਧ-ਖੇਤਰ ਹੈ ਅਤੇ ਬਠਿੰਡਾ ਇਸ ਦਾ ਮਰਕਜ਼ ਹੈ। ਜਿੱਥੇ ਕਲਾ/ਚਿੰਤਨ ਅਤੇ ਗਾਲਬੀ ਵਿਚਾਰਾਂ ਦੀ ਸੱਤਾ ਸਥਾਪਤੀ ਦਰਮਿਆਨ ਸੰਗਰਾਮ ਚੱਲ ਰਿਹਾ ਹੈ। ਮਾਝਾ ਅਤੇ ਦੁਆਬਾ ਇਸ ਭੇੜ 'ਚੋਂ ਬਾਹਰ ਹੋ ਗਏ ਹਨ। ਮਾਝਾ ਨਿਰਾਸ਼ਾ ਦੀ ਘੁੰਮਣਘੇਰੀ 'ਚੋਂ ਨਸ਼ੇ ਅਤੇ ਧਰਮ/ਅਧਿਆਤਮ (ਗੁਰਦੁਆਰੇ+ਡੇਰਾਵਾਦ) ਦੇ ਸਹਾਰੇ 'ਚੋਂ ਰਾਹਤ ਭਾਲਦਾ ਅਪਣੀ ਇਤਿਹਾਸਕ ਭੂਮਿਕਾ 'ਚੋਂ ਸਫ ਵਲੇਟ ਕੇ ਗਹਿਰੀ 'ਸਮਾਧੀ' ਵਿਚ ਲੀਨ ਹੈ ਅਤੇ ਦੁਆਬਾ ਐੱਨ ਆਰ ਆਈ ਪੂੰਜੀ ਦੀਆਂ ਬਰਕਤਾਂ ਦੇ ਜਸ਼ਨ 'ਚ ਗੜੁੱਚ ਹੈ। ਮਾਝੇ ਦੀ ਅਜਿਹੀ ਨਿਰਾਸ਼ਾ ਦੀ ਸਥਿਤੀ ਪੰਜਾਬ ਸਮੇਂ ਜੰਗ ਦਾ ਮੈਦਾਨ (ਕੇਂਦਰ) ਰਹੇ ਹੋਣ ਕਾਰਨ ਵਾਪਰੀ (ਮਾਲਵੇ 'ਚ ਅੱਤਵਾਦ ਦਾ ਪਾਸਾਰ ਸੰਕਟ ਦੇ ਅੰਤਿਮ ਸਾਲਾਂ 'ਚ ਹੁੰਦਾ ਹੈ) ਜਿਸ ਨੇ ਉਸ ਦੀ ਆਰਥਿਕ ਅਤੇ ਬੌਧਿਕ ਰੱਤ ਨੂੰ ਚੂਸ ਕੰਗਾਲ ਕਰ ਧਰਤੀ 'ਤੇ ਪਟਕਾਅ ਮਾਰਿਆ ਹੈ (ਪਹਿਲਾਂ ਇਸ ਕੋਲ ਤਸਕਰੀ ਪੂੰਜੀ ਦੇ ਗੱਫੇ ਵੀ ਮੌਜੂਦ ਸਨ)। ਅਸਲ 'ਚ ਮਾਝਾ ਬੌਧਿਕ ਪੱਖੋਂ ਕੰਗਾਲ ਵੀ ਇਸੇ ਕਰਕੇ ਹੋਇਆ, ਕਿਉਂਕਿ ਉਹ ਸੰਕਟ ਤੋਂ ਬਾਅਦ ਆਰਥਿਕ ਪੱਖੋਂ ਕੰਗਾਲ ਹੋ ਗਿਆ ਅਤੇ ਦੁਆਬਾ ਐੱਨ ਆਈ ਪੂੰਜੀ ਦੇ ਸੱਭਿਆਚਾਰ ਦੀ ਜਿੱਲਣ 'ਚ ਫਸ ਗਿਆ (ਜਾਤੀ ਗੌਰਵ ਦਾ ਮੁੱਖ ਧੁਰਾ ਵੀ ਇਸੇ ਕਰਕੇ ਇਹੋ ਖੇਤਰ ਹੈ)। ਮਾਲਵਾ (ਸਤਲੁਜ ਪਾਰ ਦਾ ਇਲਾਕਾ) ਹੀ ਅਜਿਹਾ ਇਲਾਕਾ ਹੈ ਜਿੱਥੇ ਹਰੀ ਕ੍ਰਾਂਤੀ ਦੀ ਯੋਜਨਾ ਅਸਰ ਅੰਦਾਜ਼ ਹੋਈ ਅਤੇ ਕਿਸਾਨਾਂ ਦੀ ਜੇਬ ਮਾਲੋਮਾਲ ਹੋ ਗਈ, ਜਿਸ ਨੇ ਉਹਨਾਂ ਦੇ ਨਵੇਂ ਪੁਰਾਣੇ ਵਿਚਾਰਾਂ 'ਚ ਗਤੀ ਭਰ ਦਿੱਤੀ। ਸਮਾਜਿਕ ਗਤੀਸ਼ੀਲਤਾ ਦਾ ਇਹ ਦੌਰ ਸੱਭਿਆਚਾਰ 'ਤੇ ਤੇਜ਼ੀ ਨਾਲ ਅਸਰ ਅੰਦਾਜ਼ ਹੋਇਆ, ਭਾਵ ਮਾਲਵਾ ਹੀ ਉਹ ਖੇਤਰ ਸੀ ਜਿਸ ਨੇ ਮੁਕੰਮਲ ਰੂਪ 'ਚ ਹਰੀ ਕ੍ਰਾਂਤੀ ਦੀ ਆਰਥਿਕਤਾ 'ਚੋਂ ਭਵਿੱਖ ਦਾ ਰਾਹ ਫੜਿਆ। ਮਾਲਵੇ ਦੀ ਜ਼ਰਖੇਜ਼ ਜ਼ਮੀਨ ਨੇ ਖੇਤੀ ਦੇ ਪੂੰਜੀਵਾਦੀ ਮਾਡਲ ਤਹਿਤ ਉਤਪਾਦਨ ਦੇ ਅੰਬਾਰ ਲਾ ਦਿੱਤੇ ਜਿਸ ਦੇ ਸਿੱਟੇ ਵਜੋਂ ਉਪਰੋਕਤ ਧਿਰਾਂ ਪੈਦਾ ਹੋਈਆਂ ਅਤੇ ਅੱਜ ਇਸ ਜ਼ਮੀਨ ਦਾ ਕਾਮਾ ਉਤਪਾਦਨੀ ਖੜੋਤ ਸਦਕਾ ਬਿਮਾਰੀਆਂ ਖਾਧੀ ਧਰਤ 'ਤੇ ਨਾਸੂਰੀ ਸਰਾਲ ਦੇ ਚੱਬ 'ਚ ਹੈ। ਅੱਜ ਸੱਟੇ ਦੀ ਪੂੰਜੀ ਨੇ ਇਸ ਪੰਗੂ ਜ਼ਮੀਨ ਤੋਂ ਇਸ ਦੇ ਕਾਮੇ ਨੂੰ ਮੁਕਤ ਕਰਨ ਭਾਵ ਜ਼ਮੀਨ ਹਥਿਆਉਣ ਲਈ ਮੰਡੀ ਸੱਭਿਆਚਾਰ ਦੇ 'ਸਹਾਰੇ' ਦਾ ਰਾਹ ਫੜ ਲਿਆ ਹੈ ਜਿਸ ਨੇ ਮਾਲਵੇ ਵਿਚ 'ਇਕ ਧਿਰੀ' ਕਬਜ਼ੇ ਦੀ ਸੱਭਿਆਚਾਰਕ ਜੰਗ ਤੇਜ਼ ਕਰ ਦਿੱਤੀ ਹੈ।

ਹਰੀ ਕ੍ਰਾਂਤੀ ਸਦਕਾ ਉੱਭਰੀ ਚਮਕੀਲੇ ਦੀ ਵੈਲੀ ਧਿਰ, ਖੇਤੀ ਦੇ ਪੂੰਜੀਵਾਦੀ ਉਤਪਾਦਨ 'ਚ ਪ੍ਰਵਾਸੀ ਮਜ਼ਦੂਰਾਂ ਸਦਕਾ ਸਰਦਾਰਾਂ ਵਾਂਗ ਵਿਹਲੜ ਹੋ ਚਮਕੀਲੇ ਦੇ ਬੋਧ 'ਚੋਂ ਅਪਣੀ ਵਿਚਾਰਧਾਰਾ ਦੇ ਭਾਵਾਂ ਦਾ ਪ੍ਰਗਟਾਵਾ ਕਰ ਰਹੀ ਸੀ ਅਤੇ ਇਸ ਦਾ ਆਦਰਸ਼ ਵੈਲੀ ਸੱਤਾ ਰਾਹੀਂ ਰੰਨਾਂ ਭੋਗਣਾ ਸੀ। ਇਸੇ ਲਈ ਜਸ਼ਨ ਦੇ ਇਸ ਮਾਹੌਲ 'ਚ ਹਥਿਆਰਾਂ, ਨਸ਼ਿਆਂ ਦਾ ਖੁੱਲ੍ਹਾ ਸਮਰਥਨ ਚਮਕੀਲਾ ਵਿਚਾਰਧਾਰਾ ਦੀ ਅਹਿਮ ਪ੍ਰਾਪਤੀ ਸੀ ਜਿਸ ਨੇ ਵਿਹਲੜਪੁਣਾ ਅਗਲੀ ਪੀੜ੍ਹੀ ਨੂੰ ਵਿਰਸੇ ਵਿਚ ਸੌਂਪ ਦਿੱਤਾ, ਜੋ ਅੱਜ ਦੇ ਸਮੇਂ 'ਚ ਉਹਨਾਂ ਦੀ 'ਮਾਣਯੋਗ' ਪ੍ਰਾਪਤੀ ਬਣ ਗਿਆ ਹੈ। ਚਮਕੀਲੇ ਦੇ ਅੰਤ ਦਾ ਖਲਾਅ ਇਸ ਧਿਰ ਲਈ ਸੱਭਿਆਚਾਰਕ ਖਲਾਅ ਬਣ ਗਿਆ, ਕਿਉਂਕਿ ਸਿੱਖਿਅਤ ਧਿਰ ਲਗਾਤਾਰ ਅਨਪੜ੍ਹ ਜੂਲੇ ਤੋਂ ਮੁਕਤ ਹੋਣ ਲਈ ਸਿੱਖਿਆ ਦੀ ਗਤੀਸ਼ੀਲਤਾ 'ਚ ਸ਼ਾਮਿਲ ਹੋ ਰਹੀ ਸੀ। ਚਮਕੀਲੇ ਦੀ ਆਦਰਸ਼ ਰੰਨ ਸਿੱਖਿਆ ਸਦਕਾ ਵੈਲੀ ਜੂਲੇ ਤੋਂ ਮੁਕਤ ਹੋਣ 'ਚ ਰੁੱਝੀ ਤਾਂ ਬਠਿੰਡਾ ਸੱਭਿਆਚਾਰ ਦੇ ਇਸ ਨਵੇਂ ਭੇੜ ਦਾ ਕੇਂਦਰ ਬਣ ਗਿਆ। ਚਮਕੀਲੇ ਦੀ ਗੈਰਹਾਜ਼ਰੀ ਨੇ ਵੈਲੀ ਦੇ ਜਸ਼ਨ ਨੂੰ ਰੁਦਨ 'ਚ ਪਲਟ ਦਿੱਤਾ ਕਿਉਂਕਿ ਸਿੱਖਿਆ ਸਦਕਾ ਇਹ ਔਰਤ ਵੈਲੀ ਭਾਵ ਜਗੀਰੂ ਹੱਥਾਂ 'ਚੋਂ ਨਿਕਲ ਗਈ ਪ੍ਰਤੀਤ ਹੋ ਰਹੀ ਸੀ ਜੋ ਇਸ ਵਿਚਾਰਧਾਰਾ ਨੂੰ ਪੁਰਖ ਤੰਤਰ ਦੀ ਹਾਰ ਜਾਪਣ ਲੱਗੀ ਅਤੇ ਇਸ ਦੇ ਗਾਇਕੀ ਸੱਭਿਆਚਾਰ ਨੇ ਰੁਦਨੀ ਰਾਹ ਅਖਤਿਆਰ ਕਰ ਲਿਆ। ਗਲੋਬਲੀ ਯੁੱਗ ਦੀ ਆਰਥਿਕ ਪਕਿਆਈ ਸਦਕਾ ਜਦੋਂ ਸਭਿਆਚਾਰ ਮੰਡੀ ਦੇ ਹਿੱਤ ਭੁਗਤਣ ਲੱਗਾ ਤਾਂ ਜਗੀਰੂ ਵਿਚਾਰਾਂ ਦੀ ਬੇਹੱਦ ਸਪਲਾਈ ਨੇ ਬਠਿੰਡਾ ਮਾਰਕਾ ਵਿਚਾਰਾਂ ਦਾ ਤਾਬੜਤੋੜ ਉਤਪਾਦਨ ਸ਼ੁਰੂ ਕਰ ਦਿੱਤਾ। ਮਿਸ ਪੂਜਾ ਰਾਹੀਂ ਚਮਕੀਲਾ ਵਿਚਾਰਧਾਰਾ ਮੁੜ ਪੱਕੇ ਪੈਰੀਂ ਹੋ ਗਈ ਅਤੇ ਰੁਦਨ/ਨਸ਼ੇ ਸੱਤਾ ਦੀ ਦੌੜ 'ਚੋਂ ਪਿੱਛੇ ਰਹਿ ਗਏ ਲੋਕਾਂ ਦੀ ਹੋਣੀ ਬਣ ਗਏ ਹਨ, ਜਿਨ੍ਹਾਂ ਦੀ ਗਿਣਤੀ ਚੋਖੀ ਹੈ। ਮਿਸ ਪੂਜਾ ਦੇ ਵੈਲੀ ਦਾ ਅਕਸ ਗਲੋਬਲੀ ਵਿਚਾਰਧਾਰਾ 'ਚੋਂ ਆਕਾਰ ਗ੍ਰਹਿਣ ਕਰਦਾ ਹੋਣ ਕਾਰਨ ਬਠਿੰਡਾ ਗੀਤਾਂ ਤੇ ਪੁਸਤਕਾਂ 'ਚੋਂ ਭਵਿੱਖ ਵੱਲ ਵਧ ਰਿਹਾ ਹੈ, ਭਾਵ ਵਿਚਾਰਧਾਰਕ ਭੇੜ ਦਾ ਕੇਂਦਰ ਇਹੋ ਖੇਤਰ ਹੈ। ਗਿਆਨ ਅਤੇ ਗਾਲਬੀ ਵਿਚਾਰ ਇੱਥੇ ਜ਼ਬਰਦਸਤ ਟਕਰਾਅ 'ਚ ਹਨ। ਗਿਆਨ ਭਾਵ ਜਮਾਤੀ ਅਤੇ ਮੰਡੀ ਵਿਚਾਰਾਂ ਦਰਮਿਆਨ ਹੋ ਰਹੀ ਇਸ ਜੰਗ ਨੂੰ ਇਤਿਹਾਸ ਹੀ ਤੈਅ ਕਰੇਗਾ ਕਿ ਜਿੱਤ ਕਿਸ ਦੀ ਹੋਵੇਗੀ। ਗਾਇਕੀ ਦੇ ਮਾਲਵਾ ਅਤੇ ਦੁਆਬਾ ਦੋ ਰੂਪ ਵੱਖ-ਵੱਖ ਹੋਣ ਦੇ ਬਾਵਜੂਦ ਅੰਤਿਮ ਰੂਪ 'ਚ ਇਕੋ ਸਾਗਰ ਵਿਚ ਜਾ ਡਿਗਦੇ ਹਨ।

ਅਮਰ ਸਿੰਘ ਚਮਕੀਲੇ ਦੇ ਗਾਇਨ ਨੇ ਜਿਸ ਧੰਨ ਕੌਰ ਜਿਹੀ 'ਨਾਇਕਾ' ਦੀ ਤਲਾਸ਼ ਕੀਤੀ ਸੀ, ਉਸ ਦੇ ਯੁੱਗ ਦੇ ਅੰਤ ਨੇ ਇਸ ਨਾਇਕਾ ਨੂੰ ਛਿੱਲ ਤਰਾਸ਼ ਕੇ ਮੰਡੀ ਸੱਭਿਆਚਾਰ ਵਿਚ ਢੋਅ ਦਿੱਤਾ ਸੀ। ਧੰਨ ਕੌਰ ਵੀ ਆਪਣੇ ਅਨਪੜ੍ਹ ਰੂਪ 'ਚ ਪੁਰਖ ਤੰਤਰ ਅੱਗੇ ਅਪਣੀ ਲਿੰਗਕਤਾ ਸਮਰਪਿਤ ਕਰੀ ਬੈਠੀ ਸੀ ਅਤੇ ਹੁਣ ਇਸ ਦਾ ਸਿੱਖਿਅਤ (ਐਜੂਕੇਸ਼ਨਲ) ਰੂਪ ਉਨ੍ਹਾਂ ਵਿਚਾਰਾਂ ਨੂੰ ਹੀ ਮੰਡੀ ਦੇ ਹਾਣ ਦਾ ਕਰ ਰਿਹਾ ਸੀ। ਔਰਤ ਦੀ ਇਸ ਨਵੀਂ ਸਥਿਤੀ ਨੇ ਵੀ ਉਸ ਦੀ ਲਿੰਗਕਤਾ ਨੂੰ ਧਨ ਦਾ ਹੀ ਦਾਸ ਬਣਨ ਦੇ ਰਾਹ ਤੋਰਿਆ ਸੀ। ਉਸ ਦੀ ਅਨਪੜ੍ਹ ਸਥਿਤੀ ਪਹਿਲਾਂ ਛੋਟੀਆਂ ਸੱਤਾਵਾਂ ਦੇ ਅਧੀਨ ਸੀ ਅਤੇ ਹੁਣ ਉਹ ਸਿੱਖਿਅਤ ਰੂਪ 'ਚ ਆਪਣੇ ਲਈ ਸੱਤਾ ਦੀ ਚੋਣ ਕਰ ਸਕਦੀ ਹੈ। ਮਰਦ ਜਿਸ ਅਨਪੜ੍ਹ ਸਥਿਤੀ ਨੂੰ ਸੌਖਿਆਂ ਹਥਿਆ ਲੈਂਦਾ ਸੀ ਹੁਣ ਸਥਿਤੀ ਦੇ ਨਵੇਂ ਰੂਪ ਸਦਕਾ ਨਾਰੀ ਨੂੰ ਆਜ਼ਾਦ ਤਸੱਵਰ ਕਰਕੇ ਉਸ ਨੇ ਆਪਣੀ ਹੋਣੀ ਦਾ ਰੁਦਨ ਕਰਨਾ ਸ਼ੁਰੂ ਕਰ ਦਿੱਤਾ। ਚਮਕੀਲਾ ਹਰੀ ਕ੍ਰਾਂਤੀ 'ਚੋਂ ਪੈਦਾ ਹੋਈ ਅਨਪੜ੍ਹ ਧੜਵੈਲ ਜਮਾਤ ਦੇ ਜਸ਼ਨ ਦਾ ਗਾਇਕ ਸੀ ਤਾਂ ਰਣਜੀਤ ਮਣੀ ਉਸ ਜਸ਼ਨ ਦੀ ਖੁੱਸੀ ਹੋਈ ਸਥਿਤੀ ਦੇ ਰੁਦਨ ਵਜੋਂ ਪੇਸ਼ ਹੁੰਦਾ ਹੈ। ਸਿੱਖਿਅਤ ਔਰਤ ਦੀ ਮਾਨਸਿਕ ਤਬਦੀਲੀ ਮਰਦ ਦੇ ਸਜਾਵਟੀ ਰੂਪ ਵੱਲ ਆਕਰਸ਼ਿਤ ਹੋ ਰਹੀ ਸੀ ਤਾਂ ਮਰਦ ਅਪਣੇ ਪੁਰਖ ਤੰਤਰ ਦੇ ਖਸਤਾਹਾਲ ਹੋ ਜਾਣ ਦੇ ਭਰਮ ਸਦਕਾ ਮਰਦ ਹੱਥੋਂ ਆਜ਼ਾਦ ਲਿੰਗਕਤਾ ਜਾਣ ਕੇ ਪੁਰਖ ਤੰਤਰ ਦੇ ਖਾਤਮੇ ਦਾ ਰੁਦਨ ਕਰਦਾ ਹੈ।

*ਦੇ ਗੀ ਉਹ ਜਵਾਬ ਮੈਨੂੰ ਏਸੇ ਗੱਲ 'ਤੇ*
*ਉਹ ਕਹਿੰਦੀ ਦੇਸੀ ਜਿਹਾ।*

*-ਮਨੀ ਮੀਤ*

ਇਹ ਉਸ ਦਾ ਵਕਤੀ ਭਰਮ ਸੀ। ਔਰਤ ਤਾਂ ਪੁਰਖ ਦੇ ਨਵੇਂ ਰੂਪ ਦਾ ਤਸੱਵਰ ਮੰਡੀ ਮਨੁੱਖ ਵਿਚੋਂ ਤਲਾਸ਼ ਰਹੀ ਸੀ। ਉਹ ਤਾਂ ਏਨੀ ਆਜ਼ਾਦ ਹੋਈ ਸੀ ਕਿ ਆਪਣੇ ਹੁਸਨੀ/ਮਾਨਸਿਕ ਮੁੱਲ ਰਾਹੀਂ ਸੱਤਾ ਦੀ ਚੋਣ ਕਰ ਰਹੀ ਸੀ। ਉਸ ਦੀ ਦੌੜ ਸੀ ਕਿ ਉਹ ਕਿਹੜੀ ਸੱਤਾ ਨੂੰ ਅਪਣੀ ਲਿੰਗਕਤਾ ਸਮਰਪਿਤ ਕਰੇ। ਘਰ ਅਤੇ ਕੋਠੇ ਵਿਚ ਏਨਾ ਹੀ ਫਰਕ ਹੁੰਦਾ ਹੈ ਕਿ ਘਰ ਵਿਚ ਇਕ ਔਰਤ ਦੀ ਲਿੰਗਕਤਾ ਇਕ ਪੁਰਖ ਦੇ ਅਧੀਨ ਹੁੰਦੀ ਹੈ ਅਤੇ ਕੋਠੇ 'ਚ ਔਰਤ ਦੀ ਲਿੰਗਕਤਾ ਬਹੁਤ ਜੇਬਾਂ ਅਧੀਨ ਹੁੰਦੀ ਹੈ। ਅੰਤਿਮ ਰੂਪ 'ਚ ਉਸ ਦੀ ਹੋਣੀ ਵਿਕਣਾ ਹੈ ਜਾਂ ਅਪਨੀ ਲਿੰਗਕਤਾ ਨੂੰ ਮਰਦ ਸੱਤਾ ਦੇ ਅਧੀਨ ਕਰਨਾ ਹੀ ਹੈ। ਵਸਤ ਬਣੀ ਇਸ 'ਆਜ਼ਾਦ' ਔਰਤ ਨੇ ਅਪਣੇ ਦੁਆਲਿਉਂ ਮੁਹੱਬਤੀ ਨੈਤਿਕਤ ਦਾ ਪ੍ਰੰਪਰਿਕ ਉਛਾੜ ਲਾਹ ਮਾਰਿਆ ਸੀ ਤਾਂ ਰਣਜੀਤ ਮਣੀ, ਦੇਵਿੰਦਰ ਕੋਹੇਨੂਰ ਇਸ ਨਵੀਂ ਸੰਕਟੀ ਸਥਿਤੀ ਵਿਚ ਭਮੱਤਰ ਗਏ। ਮੇਜਰ ਰਾਜਸਥਾਨੀ, ਗੋਰਾ ਚੱਕ ਵਾਲਾ ਆਦਿ ਤਾਂ ਪ੍ਰੇਮਿਕਾ ਦੇ ਸੱਤਾ ਦੀ 'ਆਜ਼ਾਦ' ਚੋਣ ਦੇ ਫੈਸਲੇ ਨੂੰ ਬੇਵਫਾਈ ਜਾਣ ਕੇ ਉਸ ਦੀ ਡੋਲੀ ਵਾਲੀ ਕਾਰ ਤੱਕ ਨੂੰ ਤੋੜਨ ਦਾ 'ਅਣਖੀ' ਰਾਹ ਫੜਦੇ ਹਨ।

*ਤੇਰੇ ਅਣਖੀ ਆਸ਼ਕ ਨੇ*
*ਭੰਨ ਤੀ ਕਾਰ ਰੀਬਨਾਂ ਵਾਲੀ*

*-ਮੇਜਰ ਰਾਜਸਥਾਨੀ*

*ਮੈਂ ਭੱਖੜਾ ਅੜੀਏ ਟਿੱਬਿਆਂ ਦਾ*
*ਤੂੰ ਫੁੱਲਾਂ ਲੱਦੀ ਵੇਲ ਕੁੜੇ*
*ਇਕ ਮੋਹ ਜਿਹਾ ਚੰਦਰਾ ਪੈ ਗਿਆ ਸੀ*
*ਉਂਝ ਅਪਣਾ ਕੀ ਸੀ ਮੇਲ ਕੁੜੇ*
*ਚਾਹੁੰਦੇ ਰਹਿਣ ਚਕੋਰ ਭਾਵੇਂ*
*ਪਰ ਚੰਨ ਤਾਂ ਕਦੇ ਥਿਆਇਆ ਨਹੀਂ*
*ਤੇਰੇ ਵਿਆਹ ਦਾ ਕਾਰਡ ਪੜ੍ਹ ਕੇ ਤਾਂ*
*ਐਵੇਂ ਹੀ ਦਿਲ ਭਰ ਆਇਆ ਨੀ*

*...*
*ਮੇਰੇ ਰਾਂਝੇ ਦਾ ਪ੍ਰਿੰਸੀਪਲ ਜੀ*
*ਹਾੜਾ ਕੱਟਿਓ ਨਾ ਕਾਲਜ 'ਚੋਂ ਨਾਂ।*

*-ਰਣਜੀਤ ਮਣੀ*

ਪਹਿਲਾਂ ਔਰਤ ਕੋਲ 'ਚੋਣ' ਕਰਨ ਲਈ ਟੋਭਾ (ਪਿੰਡ) ਸੀ ਤਾਂ ਹੁਣ ਉਸ ਕੋਲ ਸਮੁੰਦਰ (ਨਗਰ) ਸੀ ਪਰ ਮਾਲਕ ਦੋਹਾਂ ਦਾ ਹੀ ਪੁਰਖ ਸੀ। ਬਚਨ ਬੇਦਿਲ ਅਜਿਹੀ ਸਥਿਤੀ ਦੇ ਪਨਪਣ ਕਾਰਨ ਔਰਤ ਦੇ ਦੋਸ਼ੀ ਹੋਣ ਦਾ ਪੁਲਸੀਆ ਫੈਸਲਾ ਕਰਦਾ ਹੈ ਅਤੇ ਉਸ ਨੂੰ ਬੇਵਫਾਈ ਦੇ ਫਤਵੇ ਦੀ ਸਜ਼ਾ ਦਿੰਦਾ ਹੈ।

*ਮੇਰੀ ਬੇਵਫਾ ਮਾਸ਼ੂਕ ਨੂੰ ਮੈਂ ਰੋਣਾ*
*ਗੀਤ ਦੇ ਬਹਾਨੇ ਦੋਸਤੋ*
*ਐਸਾ ਰੋਣਾ ਕੇ ਮੈਂ ਚੁੱਪ ਵੀ ਨ੍ਹੀਂ ਹੋਣਾ*
*ਗੀਤ ਦੇ ਬਹਾਨੇ ਦੋਸਤੋ।*

*-ਰਣਜੀਤ ਮਣੀ*

ਰੁਦਨ ਸੱਤਾ ਮੁਕਾਬਲੇ 'ਚ ਪਿੱਛੇ ਰਹਿ ਗਏ ਲੋਕਾਂ ਦੀ ਅਰਾਧਨਾ ਹੁੰਦੀ ਹੈ। ਇਹ ਵਕਤੀ ਸਥਿਤੀ ਸੀ ਅਤੇ ਇਸ 'ਚੋਂ ਸੁਰਜੀਤ ਬਿੰਦਰਖੀਆ ਬਹੁਤ ਛੇਤੀ ਬਾਹਰ ਕੱਢਣ ਵਿਚ ਕਾਮਯਾਬ ਹੋ ਜਾਂਦਾ ਹੈ। ਉਹ ਨਵੇਂ ਅਰਥਚਾਰੇ 'ਚੋਂ ਉਪਜ ਰਹੀ ਨਵੀਂ ਜਮਾਤ ਦੇ ਜਸ਼ਨ ਦੇ ਨੁਮਾਇੰਦੇ ਵਜੋਂ ਸਰੋਤਿਆਂ ਦੇ ਜ਼ਿਹਨ 'ਤੇ ਸਵਾਰ ਹੋ ਜਾਂਦਾ ਹੈ। ਜਸ਼ਨ 'ਚ ਗੜੂੰਦ ਇਹ ਬਿੰਦਰਖੀਆ ਧਿਰ ਮਣੀ ਦੀ ਇਸ ਰੁਦਨੀ ਧਿਰ ਨੂੰ ਪਿਛਾਂਹ ਧੱਕ ਕੇ ਹਾਸ਼ੀਏ 'ਤੇ ਸੁੱਟ ਦਿੰਦੀ ਹੈ, ਕਿਉਂਕਿ ਇਸ ਦੀ ਸੰਚਾਲਕ ਧਿਰ ਸਮਸ਼ੇਰ ਸੰਧੂ ਜਿਹੇ ਪ੍ਰੰਪਰਿਕ ਬੁੱਧੀਜੀਵੀਆਂ ਦੀ ਹੈ ਜੋ ਹਰੀ ਕ੍ਰਾਂਤੀ ਦੀਆਂ ਬਰਕਤਾਂ ਭੋਗਣ ਵਾਲੀ ਸਿੱਖਿਅਤ ਜਮਾਤ ਸੀ। ਇਹ ਜਮਾਤ ਇਸ ਨਵੀਂ ਔਰਤ ਨੂੰ ਆਪਣੀ ਸੱਤਾ ਵੱਲ ਆਕਰਸ਼ਿਤ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ ਅਤੇ ''ਪੱਗ ਦੇ ਪੇਚਾਂ'' ਕਾਰਨ ਅਪਣੀ ਦਰਸ਼ਨੀ ਖਿੱਚ ਵੱਲ ਮੋੜ

ਲੈਂਦੀ ਹੈ, ਕਿਉਂਕਿ ਔਰਤ ਦਾ ਨਵਾਂ ਰੂਪ ਜਿਸ ਬਾਜ਼ਾਰੀ ਖਿੱਚ ਵੱਲ ਆਕਰਸ਼ਿਤ ਹੋਇਆ ਸੀ ਇਹ ਨਵੀਂ ਜਮਾਤ ਉਸ ਪਿੜ ਨੂੰ ਤੇਜ਼ੀ ਨਾਲ ਮੱਲ ਰਹੀ ਸੀ। ਮਣੀ ਯੁੱਗ ਜਿਸ ਔਰਤ ਨੂੰ 'ਆਜ਼ਾਦ' ਜਾਣ ਕੇ ਭਮੱਤਰਿਆ ਗਿਆ ਸੀ, ਬਿੰਦਰਖੀਆ ਉਸ ਨਵੀਂ ਸਥਿਤੀ 'ਤੇ ਸਵਾਰ ਹੋ ਮਰਦ ਦੀ ਨਵੀਂ ਸਥਿਤੀ 'ਚ ਪੈਦਾ ਹੋਈ ਸੱਤਾ ਅੱਗੇ ਔਰਤ ਦਾ ਸਮਰਪਣ ਕਰਵਾਉਣ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਜਸ਼ਨ ਦਾ ਮਾਹੌਲ ਦੁਬਾਰਾ ਖਿੜ ਉੱਠਦਾ ਹੈ। ਇਸ ਔਰਤ ਵਿਚੋਂ ਮਰਦ ਦੀ ਸੱਤਾ ਬੋਲਣ ਲਗਦੀ ਹੈ ਅਤੇ ਉਹ ਖੁੱਲ੍ਹੇ ਰੂਪ 'ਚ ਅਪਣੀ ਲਿੰਗਕਤਾ ਨੂੰ ਇਸ ਦੇ ਅਧੀਨ ਕਰਨਾ ਸਵੀਕਾਰ ਲੈਂਦੀ ਹੈ।

*ਜੁਗਨੀ ਜਦੋਂ ਸ਼ਹਿਰ ਨੂੰ ਜਾਵੇ*
*ਨੱਕ ਵਿਚ ਕੋਕੇ ਨੂੰ ਮਟਕਾਵੇ*
*ਸੁਰਮਾ ਪੂਛਾਂ ਵਾਲਾ ਪਾਵੇ*
*ਚਟਨੀ ਨਾਲ ਸਮੋਸੇ ਖਾਵੇ*
*ਵੀਰ ਮੇਰਿਆ ਓ ਜੁਗਨੀ ਗਾਉਂਦੀ ਏ*
*ਉਹ ਸਭ ਦਾ ਦਿਲ ਭਰਮਾਉਂਦੀ ਏ।*
...
*ਸੱਤ ਸੌ ਦਾ ਸੂਟ ਤੇਰੇ ਛੱਬੀ ਸੌ ਦੇ ਗਹਿਣੇ*
*ਢਾਈ ਸੌ ਦੀ ਜੁੱਤੀ ਤੇਰੀ ਭਾਬੀ ਦੀਏ ਭੇਣੇ*
*ਪੂਰੇ ਪੈਂਤੀ ਸੌ ਪੰਜਾਹ 'ਚ ਕੋਈ ਭੁੱਲ ਹੋਈ ਨਾ*
*ਤੇਰੇ ਲੱਕ ਦੇ ਹੁਲਾਰਿਆਂ ਦਾ ਮੁੱਲ ਕੋਈ ਨਾ।*

*-ਸੁਰਜੀਤ ਬਿੰਦਰਖੀਆ*

ਇਸ ਜਸ਼ਨੀ ਸੱਤਾ ਦੀ ਅਧੀਨਗੀ ਉਸ ਨੂੰ ਸੱਤਾ ਦਾ ਵਕਤੀ 'ਹਿੱਸੇਦਾਰ' ਬਣਾ ਦਿੰਦੀ ਹੈ ਅਤੇ ਸੱਤਾ ਦਾ ਅੱਤਿਆਚਾਰੀ ਜਸ਼ਨ ਨਾਰੀ ਦੇ ਜ਼ਿਹਨ 'ਤੇ ਸਵਾਰ ਹੋ ਜਾਂਦਾ ਹੈ। ਪਤਵੰਤੀ ਧਿਰ ਦੀ ਅਧੀਨਗੀ ਉਸ ਨੂੰ ਆਪਣੀ ਸੱਤਾ ਮਹਿਸੂਸ ਹੋਣ ਲੱਗਦੀ ਹੈ।

*ਜੀਹਦੇ ਹੇਠ ਘੋੜਾ ਮੋਢੇ 'ਤੇ ਦੁਨਾਲੀ ਨੀ*
*ਪੱਗ ਬੰਨ੍ਹਦਾ ਜਿਉਣੇ ਮੌੜ ਵਾਲੀ ਨੀ*
*ਜੀਹਦੀ ਪੱਚੀਆਂ ਪਿੰਡਾਂ 'ਚ ਸਰਦਾਰੀ ਨੀ*
*ਲਾ ਲੀ ਐਹੋ ਜਿਹੇ ਵੈਲੀ ਨਾਲ ਯਾਰੀ ਨੀ*
*ਕਹਿੰਦੇ ਡੀ।ਸੀ। ਵੀ ਸਲੂਟ ਉਹਨੂੰ ਮਾਰਦਾ*
*ਪੈਰਾਂ 'ਚ ਠਾਣੇਦਾਰ ਰੋਲ ਤਾ*
*ਤੂੰ ਨ੍ਹੀਂ ਬੋਲਦੀ ਰਕਾਨੇ ਤੂੰ ਨ੍ਹੀਂ ਬੋਲਦੀ*
*ਤੇਰੇ 'ਚ ਤੇਰਾ ਯਾਰ ਬੋਲਦਾ*

*-ਸੁਰਜੀਤ ਬਿੰਦਰਖੀਆ*

ਹੁਣ ਉਹ ਧਿਰ ਮਣੀ ਵਾਂਗ ਬੇਵਫਾ ਮਾਸ਼ੂਕ ਨੂੰ ਗੀਤ ਬਹਾਨੇ ਰੋਂਦੀ ਨਹੀਂ ਸਗੋਂ ਹਿਸਾਬ ਕਿਤਾਬ ਕਰਦੀ ਹੈ-

*ਠਹਿਰ ਜਾ ਡੋਲੀ ਦੇ ਵਿਚ ਫੇਰ ਬੈਠੀਂ ਤੂੰ*
*ਪਹਿਲਾਂ ਕਰਜਾ ਹਿਸਾਬ ਨੀਂ ਯਾਰਾਂ ਦਾ*

*-ਸੁਰਜੀਤ ਬਿੰਦਰਖੀਆ*

ਸੁਰਜੀਤ ਬਿੰਦਰਖੀਅ ਜਿਸ ਨਵੀਂ ਜਮਾਤ ਨੂੰ ਇਸ ਜਸ਼ਨੀ ਮਾਹੌਲ ਵਿਚ ਲੈ ਆਇਆ ਸੀ। ਬੱਬੂ ਮਾਨ, ਹਰਭਜਨ ਮਾਨ, ਰਵਿੰਦਰ ਗਰੇਵਾਲ, ਨਿੱਕੂ ਆਦਿ ਬਹੁਤ ਸਾਰੇ ਸੱਭਿਆਚਾਰਕ ਨੁਮਾਇੰਦੇ ਉਸ ਜਮਾਤ ਦੀ ਅਣਖ ਤੱਕ ਨੂੰ ਨਵੇਂ ਅਧਿਆਏ 'ਚ ਬੰਨ੍ਹਦੇ ਜਾਂਦੇ ਹਨ। ਇਸ ਜਮਾਤ ਦੇ ਹਿੰਸਕ ਕਿਰਦਾਰ ਨੂੰ ਵਡਿਆਉਂਦੇ, ਮੰਡੀ ਪੰਪ ਨਾਲ ਇਸ ਦੀਆਂ ਜੜ੍ਹਾਂ ਵਿਚ ਜਗੀਰੂ ਤੇਲ ਦੇਣ ਲੱਗਦੇ ਹਨ। ਬੱਬੂ ਮਾਨ ਇਸ ਜਮਾਤ ਦੇ ਜੱਟ ਰੂਪ ਨੂੰ ਉਜਾਗਰ ਕਰਦਾ ਸਰਦਾਰੀ ਤੱਕ ਪਹੁੰਚਾਉਣ ਵਿਚ ਰੁੱਝਿਆ ਹੋਇਆ ਹੈ। ਇਹ ਗਾਇਕ ਸਾਧਨ ਸੰਪਨ ਹੋ ਗਏ ਲੋਕਾਂ ਦੇ ਪ੍ਰਤੀਨਿਧ ਹਨ ਪ੍ਰੰਤੂ ਅਗਿਆਨ ਦੇ ਰੱਥਾਂ 'ਤੇ ਸਵਾਰ ਸਾਧਨਾਂ ਦੀ ਭਾਲ ਵੱਲ ਤੁਰੀ ਧਿਰ 'ਬਠਿੰਡਾ ਮਾਰਕਾ' ਗਾਇਕੀ ਦੇ ਚੁੰਗਲ ਵਿਚ ਫਸਣ ਲੱਗਦੀ ਹੈ। ਮਾਲਵਾ ਇਸ ਸੰਘਰਸ਼ ਦਾ ਪਿੜ ਬਣ ਜਾਂਦਾ ਹੈ ਅਤੇ ਇਨ੍ਹਾਂ ਸਮਾਜ-ਆਰਥਿਕ ਵਿਰੋਧਤਾਈਆਂ 'ਚੋਂ ਗਿਆਨ ਅਤੇ ਸੱਤਾ ਵਿਚਕਾਰ ਸੰਘਰਸ਼ ਹੋਣ ਲੱਗਦਾ ਹੈ। ਜੇ 'ਬਠਿੰਡਾ ਮਾਰਕਾ' ਗਾਇਕੀ ਮਾਲਵੇ ਦਾ ਕੇਂਦਰੀ ਧੁਰਾ ਹੈ ਤਾਂ ਪੁਸਤਕ ਸੱਭਿਆਚਾਰ ਵੀ ਇੱਥੇ ਹੀ ਅਪਣੇ ਪੈਰ ਪਸਾਰਦਾ ਗਿਆਨ ਵੱਲ ਪੁਲਾਂਘ ਪੁੱਟ ਰਿਹਾ ਹੈ।

ਚਮਕੀਲੇ ਦਾ ਸਰੀਰਕ ਸਫਰ ਭਾਵੇਂ ਨੌਵੇਂ ਦਹਾਕੇ 'ਚ ਹੀ ਮੁੱਕ ਜਾਂਦਾ ਹੈ ਪ੍ਰੰਤੂ ਉਸ ਦੇ ਵਿਚਾਰ ਯਾਤਰਾ ਕਰਦੇ ਇਸ ਮੰਡੀ ਸੱਭਿਆਚਾਰ 'ਚ ਖਪਤ ਹੋ ਰਹੀ ਇਸ ਨਵੀਂ ਧਿਰ ਰਾਹੀਂ ਵਿਸਥਾਰ ਗ੍ਰਹਿਣ ਕਰਦੇ ਹਨ। ਵਿਚਾਰ ਚਮਕੀਲੇ ਦੇ ਹਨ ਸੱਭਿਆਚਾਰ ਦੀ ਸਥਿਤੀ ਉਪਭੋਗੀ ਹੈ, ਜਿਸ ਕਾਰਨ 'ਚਮਕੀਲਾ' ਵਿਚਾਰਧਾਰਾ ਅਪਣੇ ਵਾਸਤਵਿਕ ਰੂਪ ਤੋਂ ਵੀ ਰਸਾਤਲ 'ਚ ਗਰਕ ਹੋ ਰਹੀ ਹੈ। ਚਮਕੀਲਾ ਜਿਸ ਜੱਟ ('ਹਰੀ ਕ੍ਰਾਂਤੀ ਸਦਕਾ ਖੁਸ਼ਹਾਲ ਹੋਈ ਧਿਰ) ਦੀ ਚੌਧਰ ਅੱਗੇ ਪੰਜਾਬ ਨੂੰ ਝੁਕਾਉਂਦਾ ਉਸ ਦੇ ਵੈਲੀ ਹੋਣ ਦੀ ਵਡਿਆਈ ਕਰਦਾ ਹੈ। ਪੰਮੀ ਬਾਈ ਸੰਗੀਤਕ ਕਲਾ ਦੇ ਨਾਂ 'ਤੇ ਗਿੱਦੜ ਵਾਂਗੂ ਹਵਾਂਕਦੀਆਂ ਅਵਾਜ਼ਾਂ ਦਾ ਮਦਾਹ ਹੈ। ਉਹ ਸੰਗੀਤ ਦੇ ਕਲਾਤਮਿਕ ਰੂਪ ਦੇ ਗਵਾਚਣ ਨੂੰ ਜੱਟ ਸੱਭਿਆਚਾਰ ਦੇ ਮੰਡੀ ਅਧਿਆਏ ਦਾ ਗੌਰਵ ਬਣਾ ਦਿੰਦਾ ਹੈ। ਜਿਸ ਸੰਗੀਤ ਲਈ ਰਿਆਜ਼ ਮੁੱਖ ਸਾਧਨਾ ਸੀ, ਹੁਣ ਧਨ ਮੰਡੀ ਦੇ ਹਾਈਟੈਕ ਸਾਧਨਾਂ ਰਾਹੀਂ ਸੰਗੀਤ ਦਾ ਝੋਲਾ ਮਾਰਦਾ ਸ਼ੋਰ ਇਸ ਉਪਰ ਕਾਬਜ਼ ਹੋ ਜਾਂਦਾ ਹੈ। ਕਲਾ ਸਾਧਨਾ ਦੀ ਬਜਾਏ ਧਨ ਹੇਠਾਂ ਦਫਨ ਕਰ ਦਿੱਤੀ ਜਾਂਦੀ ਹੈ।

*ਮੁੰਡੇ ਜੱਟਾਂ ਦੇ ਜਦੋਂ ਦੇ ਗਾਉਣ ਲੱਗ ਪਏ*
*ਦੁਨੀਆ 'ਚ ਧੁੰਮ ਮੱਚ ਗਈ*
*ਖਾਨਦਾਨੀ 'ਚੋਂ ਗਵੱਈਏ ਗਾਉਣ ਵਾਲੇ*
*ਤੂੰਬਾ ਛੱਡ ਬੈਠਗੇ ਘਰੇ।*

*-ਪੰਮੀ ਬਾਈ*

ਮੰਡੀ ਮਿਸ ਪੂਜਾ ਰਾਹੀਂ ਇਨ੍ਹਾਂ 'ਗਾਇਕ' ਕਾਕਿਆਂ ਤੋਂ ਪੂੰਜੀ ਹਥਿਆਉਣ ਲੱਗਦੀ ਹੈ ਅਤੇ ਇਹ ਗਾਇਕ ਫੁਕਰਾ ਸੱਭਿਆਚਾਰ ਦੇ ਮੰਡੀ ਰੂਪ ਨੂੰ ਹੁਲਾਰਾ (ਪ੍ਰਮੋਸ਼ਨ) ਬਖਸ਼ਦੇ ਬੰਦੇ ਨੂੰ ਧਰਤੀ ਹੇਠਾਂ ਦੱਬਦੇ ਜਾਂਦੇ ਹਨ। ਇਹਨਾਂ ਲਈ ਨਸ਼ਾ ਪੈਦਾ ਕਰਨ ਦਾ ਕਾਰਨ, ਉਹਨਾਂ ਦਾ ਭਟਕਣਾ ਭਰਿਆ ਕਲਾ ਰਹਿਤ 'ਸੰਗੀਤ' ਹੈ। ਕਾਰਨਾਂ ਵੱਲ ਜਾਣਾ ਮੰਡੀ ਦੇ ਬੁੱਧੀਜੀਵੀ (ਗੀਤਕਾਰ) ਦੇ ਵੱਸ ਦਾ ਰੋਗ ਨਹੀਂ, ਕਿਉਂਕਿ ਕਾਰਨਾਂ ਦੀ ਤਲਾਸ਼ ਕਰਨਾ ਗਿਆਨ ਵੱਲ ਜਾਣਾ ਹੁੰਦਾ ਹੈ ਅਤੇ ਉਹ ਸੱਤਾ ਵਿਰੋਧੀ ਪੈਂਤੜੇ ਰਾਹੀਂ ਫਕੀਰ ਹੋਣ ਦਾ ਵਰਤਾਰਾ ਹੁੰਦਾ ਹੈ। ਸੱਤਾ ਵੱਲ ਵਧਦਾ ਵਿਅਕਤੀ ਅਜਿਹਾ ਜ਼ੋਖਮ ਭਰਿਆ ਕੰਮ ਨਹੀਂ ਕਰਦਾ। ਉਹ ਤਾਂ ਬਸ

*ਮੁਲਕ ਤਰੱਕੀ ਦੇ ਰਾਹ ਤੁਰਿਆ*
*ਹੁਣ ਨਾ ਗੱਡੀ ਰੋਕ ਦਿਉ*
*ਕੀਮਤ ਬੜੀ ਜਵਾਨੀ ਦੀ*
*ਐਵੇਂ ਨਾ ਭੱਠੀ ਝੋਕ ਦਿਉ*
*ਨਸ਼ਿਆਂ ਤੋਂ ਪ੍ਰਹੇਜ਼ ਕਰ ਲਿਉ*
*ਇਹੋ ਵਜ੍ਹਾ ਤਬਾਹੀ ਦੀ*
*ਦੁਸ਼ਮਣ ਵੀ ਹੋਵੇ ਭਾਵੇਂ*
*ਦਸਤਾਰ ਕਦੇ ਨਹੀਂ ਲਾਹੀਦੀ*

*-ਸਤਿੰਦਰ ਸਰਤਾਜ*

ਜਦੋਂ ਇਸ ਮੰਡੀ ਵਿਚ ਤਾਂ ਪੁੱਠੇ ਸਿੱਧੇ ਵਾਲਾਂ, ਦਾੜ੍ਹੀਆਂ, ਕੱਪੜਿਆਂ ਰਾਹੀਂ ਔਰਤਾਂ ਨੂੰ ਆਕਰਸ਼ਿਤ ਕਰਨ ਦੀ ਸਫਲ ਕੋਸ਼ਿਸ਼ ਹੋ ਰਹੀ ਹੈ ਤਾਂ ਕਾਰਨ ਕੌਣ ਢੂੰਡਦਾ ਹੈ। ਇਕ ਗੀਤ ਦੀ ਸ਼ੁਰੂਆਤ ਵਿਚ ਆਮਿਰ ਖਾਨ ਦੇ ਗਜ਼ਨੀ ਕੱਟ ਤੋਂ ਪ੍ਰਭਾਵਿਤ ਜੱਟਾਂ ਦਾ ਗਾਇਕ ਮੁੰਡਾ ਕੁੜੀ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਵਿਚ ਹੈ। "ਕਿਤੇ ਚਾਹ ਦੀ ਘੁੱਟ ਪਿਲਾ ਦੇ ਨੀ ਸਾਨੂੰ ਘਰੇ ਬੁਲਾ ਕੇ।" ਕੁੜੀ ਦਾ ਜੁਆਬ ਹੈ "ਸ਼ੈੱਟ ਅੱਪ! ਲੋਫਰ ਜਿਹਾ ਨਾ ਹੋਵੇ ਤਾਂ।" ਪਰ ਇਸ ਸੰਵਾਦ 'ਚੋਂ ਕਿਹੜੀਆਂ ਧੁਨੀਆਂ ਉਤਪੰਨ ਹੁੰਦੀਆਂ ਹਨ ਅਤੇ ਸੰਵਾਦ ਮੁੱਕਦਾ ਕਿੱਥੇ ਹੈ?

*ਨਾਰੀ-* *ਬਣਾਇਆ ਗਜ਼ਨੀ ਦਾ ਕੱਟ*
*ਵੇ ਤੂੰ ਕਿੱਥੋਂ ਦਾ ਏਂ ਜੱਟ*
*ਫਿਰੇਂ ਜੱਟਾਂ ਦਾ ਜਲੂਸ ਕਿਉਂ ਕਢਾਈ ਮੁੰਡਿਆ ਵੇ*
*ਆਹ ਟਿੰਡ 'ਤੇ ਲੈਨ ਜਿਹੀ ਬਣਾਈ ਮੁੰਡਿਆ ਵੇ*

*ਮਰਦ-* *ਜੱਟ ਮੈਂ ਪੰਜਾਬੀ ਆਂ ਪੰਜਾਬ ਦੀ ਮੈਂ ਸ਼ਾਨ ਨੀ*
*ਡੌਲਿਆਂ 'ਚ ਮੇਰੇ ਆਮਿਰ ਖਾਨ ਜਿੰਨੀ ਜਾਨ ਨੀ*
*ਮੈਂ ਵੀ ਜਾਣਾ ਬੰਬੇ ਕਹਿੰਦੇ ਮੁੰਡੇ ਦੌੜ ਗਏ ਨੀ*
*ਤੇਰੇ ਕਿਹੜੇ ਅੰਬ ਤੋੜ ਲਏ, ਤੂੰ ਮਿੱਤਰਾਂ ਤੋਂ ਮੁੱਖ ਮੋੜ ਲਏ*

ਇਸ ਅਨਜੋੜ ਸਬੰਧਾਂ ਲਈ ਇਕ ਕੁੜੀ ਦੇ ਲੋਫਰ ਨਾਲ ਸੰਵਾਦ 'ਚੋਂ ਪੂੰਜੀ ਦੀ ਸੱਤਾ ਬਾਜ਼ੀ ਮਾਰ ਜਾਂਦੀ ਹੈ ਅਤੇ ਉਹ ਅਪਣੀ ਲਿੰਗਕਤਾ ਇਸ 'ਲੋਫਰ' ਦੇ ਹਵਾਲੇ ਕਰਨ ਲਈ ਇਕਰਾਰ ਕਰਦੀ ਹੈ। ਜਿਸ ਵਿਚ ਜੱਟਾਂ ਦੀ ਸ਼ਾਨ-ਓ-ਸ਼ੌਕਤ ਦਾ ਕਮਾਲ ਜ਼ਮੀਨ ਦੀ ਵਿਕਰੀ ਹੈ।

*ਮਰਦ-* *ਐਥੇ ਪਹਿਲਾਂ ਕੈਸੇਟ ਮੈਂ ਪੂਜਾ ਨਾ ਕਢਾਈ ਸੀ*
*ਕਲਾਕਾਰਾਂ ਨਾਲੋਂ ਵੱਧ ਡੀ ਜੇ ਦੀ ਕਮਾਈ ਨੀ*
*ਸਾਡੀ ਵਿਕਗੀ ਪੈਲੀ ਇਨ੍ਹਾਂ ਪੈਸੇ ਜੋੜ ਲਏ*
*ਨੀ ਤੇਰੇ ਕਿਹੜੇ ਅੰਬ ਤੋੜ ਲਏ...।*

*ਨਾਰੀ-* *ਛੱਡ ਕੇ ਲਿਖਣਾ ਗਾਉਣਾ 'ਬਾਬੂ' ਫਿਲਮ ਬਣਾ ਲੈ ਵੇ*
*ਹੀਰੋਇਨ ਮੈਨੂੰ ਲੈ ਲੈ ਭਾਵੇਂ ਆੜੀ ਪਾ ਲੈ ਵੇ*
*ਮੈਂ ਵੀ ਗਈ ਸੀ ਬੰਬੇ ਨੂੰ ਆਈ ਮੁੰਡਿਆ ਵੇ*

*-ਬਾਬੂ ਚੰਡੀਗੜ੍ਹੀਆ=ਸੁਦੇਸ਼ ਕੁਮਾਰੀ*

ਸੱਭਿਆਚਾਰ ਨੂੰ ਜੱਟ ਗੌਰਵ ਰਾਹੀਂ ਮੰਡੀ ਹਥਿਆਉਣ ਲੱਗਦੀ ਹੈ। ਚਮਕੀਲਾ ਹਰੀ ਕ੍ਰਾਂਤੀ ਸਦਕਾ ਖ਼ੁਸ਼ਹਾਲ ਹੋਈ ਜਿਸ ਜੱਟ ਦੇ ਅਨਪੜ੍ਹ ਧੜਵੈਲ ਰੂਪ ਦੀ ਵਡਿਆਈ ਕਰ ਰਿਹਾ ਸੀ ਗਲੋਬਲੀ ਪੂੰਜੀ ਉਸਦੇ ਮਾਣਯੋਗ ਰੁਤਬੇ ਦੇ ਆਧਾਰ ਜ਼ਮੀਨ ਦਾ ਪਤਨ ਕਰਨ ਲੱਗਦੀ ਹੈ। ਮਨੁੱਖ ਸਮਾਜ 'ਚ ਜਿਸ ਵੀ ਰੁਤਬੇ 'ਤੇ ਪਹੁੰਚ ਚੁੱਕਾ ਹੋਵੇ ਹੇਠਾਂ ਨਹੀਂ ਜਾ ਸਕਦਾ। ਹੁਣ ਉਸ ਦਾ ਪਤਵੰਤਾ ਰੂਪ ਦਾਅ 'ਤੇ ਲੱਗ ਗਿਆ ਪਰ ਚੌਧਰੀ/ਸਰਦਾਰ ਹੋਣ ਦਾ ਮਾਣ ਗਵਾਚਦਾ ਵੇਖ ਉਹ ਕਰਜ਼ ਦੇ ਬੋਝ ਥੱਲੇ ਦੱਬਣ ਲੱਗ ਪਿਆ। ਇਸ ਧਿਰ ਨੂੰ ਜਿੰਨੇ ਵਿਸ਼ੇਸ਼ਣਾਂ ਨਾਲ ਵੱਧ ਪੱਠੇ ਪੈਂਦੇ ਜਾ ਰਹੇ ਹਨ ਹਾਊਮੈ ਜਾਂ ਪਤਵੰਤੀ ਸੱਤਾ ਦੀ ਭੁੱਖ ਓਨੀ ਹੀ ਪ੍ਰਬਲ ਹੁੰਦੀ ਜਾ ਰਹੀ ਹੈ। ਅਕਾਦਮਿਕ ਮੰਡੀ ਹਰੀ ਕ੍ਰਾਂਤੀ 'ਚੋਂ ਖ਼ੁਸ਼ਹਾਲ ਹੋਈ ਧਿਰ ਦੀ ਅਗਲੀ ਪੀੜ੍ਹੀ ਨੂੰ ਕਬਜ਼ੇ 'ਚ ਕਰ ਮੰਡੀ ਸੱਭਿਆਚਾਰ ਦੀ ਉਪਭੋਗੀ ਸਥਿਤੀ 'ਚ ਫਸਾ ਦਿੰਦੀ ਹੈ ਅਤੇ ਉਹ ਸੱਤਾ ਦੇ ਨਵੇਂ ਆਦਰਸ਼ ਮਾਡਲ ਘੜਨ ਲੱਗਦੀ ਹੈ। ਜਿਸ ਸਦਕਾ ਜ਼ਮੀਨ ਹੱਥੋਂ ਖੁੱਸਣ ਲਗਦੀ ਹੈ ਅਤੇ ਉਪਭੋਗ ਉਸ ਦੀ ਭਰਪਾਈ ਕਰਨ ਲਗਦਾ ਹੈ। ਵਿੱਦਿਆ ਪ੍ਰਾਪਤ 'ਧੰਨ ਕੌਰ' ਇਸ ਨਵੇਂ ਮੰਡੀ ਯੁੱਗ 'ਚ ਆਦਰਸ਼ ਮਾਡਲ ਦਾ ਰੂਪ ਧਾਰ ਕੇ ਬਾਜ਼ਾਰ ਵਿਚ ਨਿਰਵਸਤਰ ਵਿਕ ਰਹੀ ਹੈ। ਇਸ ਧਿਰ ਅੰਦਰ ਸਿਰਫ ਅਪਣੇ ਰਿਸ਼ਤੇ ਦੀ ਚੀਸ ਤਾਂ ਉੱਠਦੀ ਹੈ ਪਰ ਹਰ ਨਜ਼ਰ ਹੋਰ ਦੇ ਜਿਸਮ ਨੂੰ ਮੰਡੀ ਅੱਖਾਂ ਨਾਲ ਤਾੜ ਰਹੀ ਹੁੰਦੀ ਹੈ। ਗਲੋਬਲੀ ਯੁੱਗ ਦੇ ਮੰਡੀ ਉਪਭੋਗ ਦੀ ਇਹ ਔਰਤ ਜਿੰਨਾ 'ਕੁ' ਸਰੀਰ ਦਿਖਾਉਂਦੀ ਹੈ ਉਹ ਸਫਾਚੱਟ ਹੋ ਕੇ ਮਰਦ ਨੂੰ ਉਸਦੇ ਭੋਗ ਲਈ ਅਪਣੇ ਵੱਲ ਆਕਰਸ਼ਿਤ ਕਰਨ ਦਾ ਵਸੀਲਾ ਬਣ ਜਾਂਦਾ ਹੈ। ਵਸਤੂ ਦੀ ਭਾਅ ਦਾ ਚਮਕੀਲਾਪਨ ਗਲੋਬਲੀ ਮੰਡੀ ਦੀ ਪਹਿਲੀ ਸ਼ਰਤ ਹੈ।

*ਇਹ ਕੂੜ ਇਸ਼ਕ ਦੀਆਂ ਪੱਟੀਆਂ ਉਏ*
*ਅੱਜ ਕੱਲ੍ਹ ਦੀਆਂ ਹੀਰਾਂ ਨੇ*
*ਉਤੋਂ ਖਿੱਦੋ ਵਾਂਗੂੰ ਮੜ੍ਹੀਆਂ*
*ਅੰਦਰੋਂ ਪਾਈਆਂ ਲੀਰਾਂ ਨੇ*
*ਹਾਏ ਕਿੰਨਾ ਸਸਤਾ ਕਰਤਾ ਸੌਦਾ*
*ਇਸ਼ਕ ਦੁਕਾਨਾਂ ਦਾ*
*ਹੁਣ ਟਕੇ ਟਕੇ ਨੂੰ ਵਿਕਦਾ ਫਿਰਦਾ ਹੁਸਨ ਰਕਾਨਾਂ ਦਾ*

*–ਲਾਭ ਹੀਰਾ*

ਅੱਜ ਕੱਲ੍ਹ ਇਸ਼ਕ ਇਕ ਦੁਕਾਨ ਹੈ ਭਾਵ ਹਰ ਜਿਸਮ ਨੂੰ ਭੋਗਣ ਲਈ ਕੀਮਤ ਹੈ ਅਤੇ ਕੀਮਤ ਤਾਰਨ ਲਈ ਸੱਤਾ ਬਣਨਾ ਜ਼ਰੂਰੀ ਹੈ। ਇਸ਼ਕ ਦੁਕਾਨ ਤੋਂ ਮਾਲ ਖਰੀਦਣ ਲਈ ਜੇਬ/ਸੱਤਾ ਦੀ ਬੋਲੀ ਲਗਦੀ ਹੈ।

ਹੋਂਦ ਦੀ ਜੰਗ ਦੇ ਪ੍ਰਤੀਕ ਜਗਮੋਹਣ ਕੌਰ, ਰਣਜੀਤ ਕੌਰ, ਨਰਿੰਦਰ ਬੀਬਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਅਤੀਤ ਹੋ ਜਾਂਦੇ ਹਨ ਤਾਂ ਪੂੰਜੀ ਦੇ ਇਸ ਬਾਜ਼ਾਰ ਵਿਚ ਪੋਰਨੋਸਟਾਰ ਮਾਡਲਾਂ ਹੀ ਪ੍ਰਸਿੱਧੀ ਵਿਚ ਵਟਦੀਆਂ ਮਰਦ ਦੀ ਮਾਨਸਿਕ ਸੱਤਾ 'ਤੇ ਸਵਾਰ ਹੋ ਜਾਂਦੀਆਂ ਹਨ। ਲਿੰਗਕ ਕ੍ਰਮ ਦਾ ਪ੍ਰਗਟਾਵਾ ਹਿੰਸਕ ਰੂਪ 'ਚ ਹੋਣ ਲਗਦਾ ਹੈ। ਹੋਂਦ ਦੀ ਜੰਗ ਦੀਆਂ ਮਾਡਲਾਂ ਕਲਾ ਵਿਚ ਰੂਹ ਨੂੰ ਸਕੂਨ ਬਖਸ਼ ਰਹੀਆਂ ਸਨ ਅਤੇ ਅੱਜ ਦੀਆਂ ਮਾਡਲ ਪੂੰਜੀ ਲਈ ਰੂਹ ਨੂੰ ਵੇਚ ਰਹੀਆਂ ਹਨ। ਭਾਵ ਹੋਣ ਦੀ ਜੰਗ ਦੀ ਬਜਾਏ ਇਸ ਨਵੀਂ 'ਤ੍ਰੀਮਤ' ਨੇ ਬਜ਼ਾਰੀ ਪ੍ਰਵਚਨਾਂ ਦੀ ਕੈਦ ਸਵੀਕਾਰ ਲਈ ਹੈ। ਅੱਜ ਉਹ ਹਰ ਉਸ ਚਿਹਨ ਦੇ ਮਨੋਰੰਜਨ ਦੀ ਵਸਤੂ ਹੈ, ਜਿਸ ਕੋਲ ਸੱਤਾ ਹੈ। ਜਿੱਡੀ ਵੱਡੀ ਸੱਤਾ ਹੈ, ਵਸਤੂਆਂ (ਖ਼ੂਬਸੂਰਤ ਔਰਤਾਂ) ਦੀ ਓਨੀ ਵੱਡੀ ਭਰਮਾਰ ਦਿਲਲਗੀ ਲਈ ਪੁਰਖ ਦੁਆਲੇ ਜੁੜਨ ਲਗਦੀ ਹੈ। ਪੁਰਖ ਦੀ ਸੱਤਾ ਉਸ ਕੋਲ ਪ੍ਰਾਪਤ ਮੰਡੀ ਚਿਹਨਾਂ ਰਾਹੀਂ ਪ੍ਰਗਟ ਹੁੰਦੀ ਹੈ। ਬੁਲਟ, ਲੰਡੀ ਜੀਪ, ਪਿਸਤੌਲ, ਦੁਨਾਲੀ, ਮਾਊਜ਼ਰ, ਸਫਾਰੀ, ਲੈਂਡ ਕਰੂਜ਼ਰ, ਪਜੇਰੋ, ਰੌਡੀ ਵਰਗੇ ਸੱਤਾ ਚਿਹਨਾਂ ਸਦਕਾ ਪੁਰਖ ਨੂੰ ਵੱਜਦੇ ਡੀ ਸੀ ਦੇ ਸਲੂਟ ਔਰਤ ਨੂੰ ਅਪਣੀ ਸਮਾਜਿਕ ਹੋਂਦ (ਸਰਵਾਈਲ) ਦੇ ਬਚਾਉ ਲਈ ਸੱਤਾ ਵੱਲ ਆਕਰਸ਼ਿਤ ਕਰਦੇ ਹਨ।

ਬੁਲਟ ਸਰਦਾਰ, ਜੱਟ, ਵੈਲੀ ਸ਼ਾਨ/ਸੱਤਾ ਦੇ ਵਿਖਾਵੇ ਦਾ ਮੁੱਖ ਸਰੋਤ/ਪ੍ਰਤੀਕ ਬਣਾ ਦਿੱਤਾ ਜਾਂਦਾ ਹੈ। ਬੁਲਟ (ਮੋਟਰ ਸਾਈਕਲ) ਜੋ ਪੰਜਾਬ ਸੰਕਟ ਵੇਲੇ ਸਟੇਟ ਵੱਲੋਂ ਪੰਜਾਬ 'ਚੋਂ ਅਲੋਪ ਕਰ ਦਿੱਤਾ ਗਿਆ ਸੀ, ਇੱਕੀਵੀਂ ਸਦੀ ਵਿਚ ਸੱਤਾ ਦੇ ਕੇਂਦਰੀ ਪ੍ਰਤੀਕ ਵਜੋਂ ਹਾਜ਼ਰ ਹੈ ਅਤੇ ਪੰਜਾਬੀ ਗਾਇਕੀ ਵਾਰ-ਵਾਰ ਬਿਆਨਾਂ ਰਾਹੀਂ ਇਸ ਨੂੰ ਸੱਤਾ ਦੇ ਕੇਂਦਰੀ ਪ੍ਰਤੀਕ ਵਜੋਂ ਪਦਾਰਥਕ ਸ਼ਕਲ ਵਿਚ ਢਾਲ ਦਿੰਦੀ ਹੈ। ਇਸ ਦਾ ਮੁੱਖ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਬੁਲਟ ਦੀ ਸੱਤਾ ਔਰਤਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ ਤਾਂ 'ਰਾਠਾਂ' ਦੀ ਸੱਤਾ ਇਸ ਉਪਰ ਸਵਾਰੀ ਕਰੇਗੀ, ਕਿਉਂਕਿ ਔਰਤਾਂ/ਰੰਨਾਂ ਇਹਨਾਂ ਦਾ ਪਹਿਲਾ 'ਸ਼ੌਕ'' ਹੁੰਦਾ ਹੈ। ਬੁਲੇਟ ਸਰਦਾਰਾਂ/ਰਾਠਾਂ (ਅਰਿਸਟੋਕ੍ਰੈਟ) ਦੀ ਸ਼ਾਨ ਦੀ ਸਵਾਰੀ ਘੋੜੇ ਦਾ ਅੱਜ ਦੇ ਤੇਜ਼ ਰਫਤਾਰ ਯੁੱਗ 'ਚ ਮਸ਼ੀਨੀ ਰੂਪ ਹੈ।

*ਲੰਡੀ ਜੀਪ ਇਕ ਬੁਲਟ ਹੈ ਥੱਲੇ*
*ਪਿੰਡ ਵਿਚ ਹੋ ਗਈ ਬੱਲੇ-ਬੱਲੇ*
*ਮਹਿਫਲ ਲਾਈਏ ਯਾਰ ਬੇਲੀ ਜਦ 'ਕੱਠੇ ਹੁੰਦੇ ਨੇ*
*ਜੱਟਾਂ ਦੇ ਮੁੰਡੇ ਕੁੜੀਏ ਨੀ ਐਸ਼ ਪੱਠੇ ਹੁੰਦੇ ਨੇ*

*–ਮਿਸ ਪੂਜਾ+ਲੱਕੀ ਰੂੜੇਕੇ*

*ਮੌਡੀਫਾਈ ਬੁਲਟ ਤੇ ਮੌਡੀਫਾਈਡ ਜਿਪਸੀ*
*ਕੋਈ ਪੀਏ ਬੀਅਰ ਤੇ ਕੋਈ ਪੀਏ ਵਿਸਕੀ*
*ਕੌਣ ਲਵੇ ਪੰਗਾ ਜੱਟ ਪੂਰੇ ਅੱਜ ਰਿਸਕੀ*
*ਪੈ ਜਾਵੇ ਪੰਗਾ ਨਾ ਪਿੱਛਾ ਛੱਡਦੇ, ਵੈਰੀ ਭੁੱਲ ਜੇ ਆਰਾਮ ਨੂੰ*
*ਲਗਦੀਆਂ ਮਹਿਫਲਾਂ ਨੇ ਹੋਸਟਲ 'ਚ ਬਿੱਲੋ ਹਰ ਇਕ ਸ਼ਾਮ ਨੂੰ*

*–ਬਾਈ ਅਮਰਜੀਤ*

*ਬੜਾ ਬੁਲਟ ਪਿਆਰਾ ਸੀ/ਆਪ ਨਾ ਨਹਾਉਂਦੇ*
*ਬੁਲਟ ਚਮਕਾਉਂਦੇ/ਤੇ ਹੌਲੀ ਚਲਾਉਂਦੇ*
*ਗੇੜੀਆਂ ਲਾਉਂਦੇ/ਬੁਲਟ ਦੇ ਉੱਤੇ/ਕੁੜੀ ਵੀ ਮਰਦੀ*

*–ਸ਼ੈਰੀ ਮਾਨ*

*-ਜਿੰਨੇ ਮਰਜ਼ੀ ਤੂੰ ਲਾ ਲੈ ਗੇੜੀ ਰੂਟ ਵੇ*
*ਇੰਝ ਆਉਣਾ ਨ੍ਹੀ ਪਟੋਲਾ ਤੇਰੇ ਸੂਤ ਵੇ*
*-ਅਸੀਂ ਕਿਹੜਾ ਤੇਰੇ ਦੱਸ ਡਾਂਗ ਮਾਰਨੀ*
*ਨੀ ਚੰਨੋ ਸੁਣਜਾ ਖਲੋ ਕੇ ਗੱਲ ਨੇੜੇ*
*-ਸਾਰਾ ਦਿਨ ਬੁਲਟ 'ਤੇ ਲਾਵੇਂ ਗੇੜੀਆਂ*
*ਵੇ ਸੱਚੀਂ ਚੱਜ ਨਾ ਪੜ੍ਹਨ ਦੇ ਤੇਰੇ*

*-ਮਿਸ ਪੂਜਾ+ਪ੍ਰੀਤ ਬਰਾੜ*

*ਪੁੱਤ ਜੱਟਾਂ ਦੇ ਸ਼ੌਕੀ ਹੁੰਦੇ/ਫੋਰਡ, ਬੁਲਟ ਤੇ ਜੀਪਾਂ ਦੇ*

*-ਨਿਰਮਲ ਸਿੱਧੂ*

*ਵੇਖ ਲਿਆ ਜਿਸ ਦਿਨ ਦਾ ਕਮਲੇ ਜੱਟ ਨੇ ਤੇਰਾ ਚਿਹਰਾ ਨੀ*
*ਉਸੇ ਦਿਨ ਤੋਂ ਬੁਲਟ ਦੇ ਉੱਤੇ ਨਾਂ ਲਿਖਵਾ ਲਿਆ ਤੇਰਾ ਨੀ*

*-ਮਿਸ ਪੂਜਾ+ਪ੍ਰੀਤ ਬਰਾੜ*

*ਬੇਬੇ ਕੋਲੋ ਰੌਲਾ ਪਾਇਆ, ਮਸਾਂ ਬੀਰੇ ਨੂੰ ਮਨਾਇਆ*
*ਲਾ ਤਾ ਸੱਤਰ ਹਜ਼ਾਰ ਮ੍ਹੀਨੇ ਤੇਰਵੇਂ, ਬਾਪੂ ਨੇ ਕੁੜੇ ਕੱਲ੍ਹ ਹਾਰ ਕੇ*
*ਤੇਰੇ ਕਰਕੇ ਬੁਲਟ ਲਿਆ ਜੱਟ ਨੇ, ਨੀ ਬਹਿਜਾ ਬਿੱਲੋ ਛਾਲ ਮਾਰ ਕੇ*

*-ਮਿਸ ਪੂਜਾ+ਬਾਈ ਅਮਰਜੀਤ*

*ਦੁਗ ਦੁਗ ਦੁਗ ਤੇਰੀ ਗਲੀ 'ਚ ਕਰਾਉਣੀ*
*ਡੱਕ ਲਏ ਜੋ ਤੇਰੇ ਪਿੰਡ ਦਾ ਏ ਸੂਰਮਾ*
*ਪੂਰਾ ਇਕ ਲੱਖ ਨੀ ਮੈਂ ਬੁਲਟ ਤੇ ਲਾਇਆ।*

*-ਬੱਗੀ ਬੈਂਸ*

*ਜੱਟ ਬੁਲਟ ਦੀ ਨੰਬਰ ਪਲੇਟ ਦੇ ਉੱਤੇ*
*ਨੀ ਤੇਰਾ ਸ਼ਰੇਆਮ ਨਾਂਅ ਲਿਖਵਾਈ ਫਿਰਦਾ*

*ਕਰਮਾ+ਮਿਸ ਪੂਜਾ*

ਇਸ ਯੁੱਗ ਵਿਚ ਔਰਤ ਵਸਤੂ ਵਰਗੀ ਨਿਸ਼ਕ੍ਰਿਆ (ਪੈਸਿਵਟੀ) ਨੂੰ ਪਹੁੰਚਦੀ ਪੁਰਖ ਤੰਤਰ ਲਈ ਨਾਲ਼ ਦਾ ਕੰਮ ਕਰਦੀ ਹੈ, ਜਿਸ ਨੂੰ ਜੁਲਾਹਾ (ਸੱਤਾ) ਆਪਣੀ ਮਨਭਾਉਂਦੀ ਇੱਛਾ ਮੁਤਾਬਿਕ ਘੁਮਾਉਂਦਾ ਹੈ। ਨਾਲ ਮਨੋਰੰਜਨ ਲਈ ਸਾਧਨ ਸੰਪਨ ਸੱਤਾ ਵਾਸਤੇ ਹੋਣਾ ਸਵੀਕਾਰ ਕਰ ਲੈਂਦੀ ਹੈ। ਜਦ ਉਸ ਦੀ ਹੋਣੀ ਸੱਤਾ ਲਈ ਵਸਤੂ ਰੂਪੀ ਕਾਰਜ ਕਰਨਾ ਹੀ ਹੈ ਤਾਂ ਉਹ ਅਪਣੇ ਭੋਗੇ ਜਾਣ ਲਈ ਵੱਡੀ ਜਾਂ ਉਸ ਤੋਂ ਵੀ ਵੱਡੀ ਸੱਤਾ ਨੂੰ ਕਿਉਂ ਨਾ ਚੁਣੇ? ਉਹ ਤਾਂ ਉਸ ਲਈ ਮੁਕਾਬਲੇ 'ਚ ਖੜ੍ਹੀਆਂ ਸੱਤਾਵਾਂ 'ਚੋਂ ਵੱਡੀ ਦੀ ਹੀ ਚੋਣ ਕਰੇਗੀ।

ਲੋਕਾਂ ਵਾਂਗੂੰ ਕਰਦੇ ਨ੍ਹੀਂ ਹਾਂ ਸੋਹਣੀਏ
ਜਿੰਨੇ ਜੋਗੇ ਕਰਦੇ ਨ੍ਹੀਂ ਨਾਂਅ ਸੋਹਣੀਏ
ਯਾਰੀ ਲਾਉਂਦੇ ਪੱਕੀ
ਨੀ ਸੰਗਦੀ ਨਾ ਰਹਿ ਜਾਈਂ, ਕਿਤੇ ਲੋੜ ਪਈ ਤਾਂ ਦੱਸੀਂ...

ਤੇਰੇ ਜਿਹੇ ਪੁੱਛਦੇ ਬਥੇਰੇ ਸੋਹਣਿਆ
ਮੇਰਿਆਂ ਰਾਹਾਂ 'ਚ ਲਾਉਂਦੇ ਗੇੜੇ ਸੋਹਣਿਆ
ਸਾਹ ਨ੍ਹੀਂ ਲੈਂਦੇ ਉੱਚੀ/ਵੇ ਮੈਨੂੰ ਲੋੜ ਕੋਈ ਨਾ/ਹੋਰ ਕਿਸੇ ਤੋਂ ਪੁੱਛੀਂ

ਇੱਥੇ ਪੱਕੇ (ਪ੍ਰਤੀਬੱਧ) ਸਬੰਧਾਂ ਦਾ ਨਾਕਾਰ ਹੈ, ਕਿਉਂਕਿ ਔਰਤ ਪੁਰਖ ਤੰਤਰ ਦੇ ਜਨਮ ਤੋਂ ਹੀ ਸਹਾਰੇ 'ਤੇ ਪਲਣ ਵਾਲਾ 'ਜੀਵ' ਹੈ। ਕਦੇ ਪਿਤਾ, ਕਦੇ ਪਤੀ, ਕਦੇ ਪੁੱਤਰ ਦੇ ਸਹਾਰੇ 'ਤੇ। ਉਸ ਕੋਲ ਚੋਣ ਸਿਰਫ ਸੱਤਾ ਹੀ ਹੈ। ਇਸੇ ਲਈ ਉਹ ਅਪਣੀ ਹੋਣੀ ਨੂੰ ਸੱਤਾ ਦੇ ਸਹਾਰੇ 'ਚੋਂ ਤਲਾਸ਼ਦੀ ਹੈ। ਉਸ ਦੀ ਖ਼ੂਬਸੂਰਤੀ (ਮੰਡੀਕ੍ਰਿਤ) ਨੇ ਹੀ ਇਹ ਤੈਅ ਕਰਨਾ ਹੁੰਦਾ ਹੈ ਕਿ ਉਹ ਕਿੰਨੀ ਵੱਡੀ ਸੱਤਾ ਦੀ ਨਾਲ਼ ਹੋਣਾ ਸਵੀਕਾਰ ਕਰੇਗੀ।

ਇਸ ਗੀਤ ਵਿਚ ਉਸਨੂੰ ਖਰੀਦਣ ਵਾਲੀਆਂ ਸੱਤਾਵਾਂ ਦੀ ਭਰਮਾਰ ਲੁਪਤ ਹੈ ਅਤੇ ਉਨ੍ਹਾਂ ਸੱਤਾਵਾਂ ਦਾ ਮੁਕਾਬਲਾ/ਖਹਿਬਾਜ਼ੀ ਤੈਅ ਕਰੇਗੀ ਕਿ ਇਸ 'ਵਸਤੂ' ਦਾ ਕੀ ਮੁੱਲ ਤੈਅ ਹੁੰਦਾ ਹੈ। ਇਸ ਗੀਤ ਦੇ ਅਗਲੇ ਬੰਦ ਇਸੇ ਸਥਿਤੀ ਨੂੰ ਸਪੱਸ਼ਟ ਕਰਦੇ ਹਨ:

*ਟੌਹਰ ਵੇਖ ਕੇ ਮਰਦੀਆਂ ਕੁੜੀਆਂ*
*ਸਾਡਾ ਪਾਣੀ ਭਰਦੀਆਂ ਕੁੜੀਆਂ*
*ਲੈਂਡ ਕਰੂਜ਼ਰ ਰੱਖੀ ਨੀ ਸੰਗਦੀ ਨਾ ਰਹਿ ਜਾਈਂ*
*ਕਿਤੇ ਲੋੜ ਪਈ ਤਾਂ ਦੱਸੀ, ਨੀ ਸੰਗਦੀ ਨਾ ਰਹਿ ਜਾਈਂ।*

ਮੰਡੀ ਮੰਚ ਨੇ ਉਸ ਦੀ ਕੀਮਤ 'ਲੈਂਡ ਕਰੂਜ਼ਰ' ਦੀ ਸੱਤਾ ਤਾਰਿਆ ਹੈ। ਵਸਤੂ ਆਪਣੀ ਕੀਮਤ ਲੋੜੋਂ ਵੱਧ ਜਾਣ ਕੇ 'ਜੁਆਬ' ਪ੍ਰਸਤੁਤ ਕਰਦੀ ਹੈ:

*ਕਿੱਥੇ ਬਾਜਵਾ ਭੁੱਲਿਆ ਫਿਰਦਾਂ*
*ਮੁੱਲ ਪੁੱਛਦਾ ਬੇ ਮੁੱਲਿਆ ਫਿਰਦਾਂ*
*ਨਾ ਮੁੱਲ ਤੇਰੇ ਬਿਨਾਂ ਦੁੱਕੀ ਵੇ*
*ਮੈਨੂੰ ਲੋੜਾਂ ਤੇਰੀਆਂ/ਨਾ ਹੋਰ ਕਿਸੇ ਤੋਂ ਪੁੱਛੀਂ ਵੇ*
*ਮੈਨੂੰ ਲੋੜਾਂ ਤੇਰੀਆਂ...।*

–ਮਿਸ ਪੂਜਾ ਤੇ ਸਹਿਯੋਗੀ ਕਲਾਕਾਰ

ਇਸ ਬੰਦ ’ਚ ਸਪੱਸ਼ਟ ਹੋ ਜਾਂਦਾ ਹੈ ਕਿ ਔਰਤ ਦੀ ਖੂਬਸੂਰਤੀ ਅਤੇ ਉਸ ਦੀ ਕੀਮਤ ਮੰਡੀ ਵਿਚਲੀਆਂ ਸੱਤਾਵਾਂ ਸਥਾਪਿਤ ਕਰਦੀਆਂ ਹਨ। ਮਾਡਲਿੰਗ ਦੇ ਇਸ ਯੁੱਗ ਵਿਚ ‘ਉਪਭੋਗ’ ਲਈ ਹਰ ਪੁਰਖ ਸੱਤਾ ਨੂੰ ਕੀਮਤ ਤਾਰਨ ਲਈ ਕਿਹਾ ਜਾਂਦਾ ਹੈ। ਜੇਬੀ ਹੈਸੀਅਤ ਤੈਅ ਕਰਦੀ ਹੈ ਕਿ ਉਹ ਐਸ਼ ਦਾ ਮਾਲਕ ਹੋਵੇਗਾ, ਸ਼ਿਲਪਾ ਦਾ, ਕੈਟਰੀਨਾ ਦਾ, ਮਿਸ ਪੂਜਾ ਜਾਂ ਸੱਤੀ ਦਾ। ‘ਵਸਤੂ’ ਦੀ ਚਿਹਨੀ ਕੀਮਤ ਹੀ ਉਸ ਦੇ ਮਾਲਕ ਪੁਰਖ ਨੂੰ ਸੱਦਾ ਦਿੰਦੀ ਹੈ ਕਿ ਉਹ ਉਤਪਾਦ ਦੀ ਚਿਹਨੀ ਕੀਮਤ ਤਾਰੇ। ਮਾਡਲ ਮਿਸ ਸਿਟੀ, ਮਿਸ ਸਟੇਟ, ਮਿਸ ਇੰਡੀਆ, ਮਿਸ ਵਰਲਡ ਜਾਂ ਮਿਸ ਯੂਨੀਵਰਸ ਹੋਵੇ, ਹਰ ਇਕ ਚਿਹਨ ਦੀ ਕੀਮਤ ਵੱਖ-ਵੱਖ ਹੈ। ਇਸੇ ਤਰ੍ਹਾਂ ਟੀ ਵੀ, ਰੇਡੀਓ, ਸਟੇਜ, ਫਿਲਮ, ਬਿਜ਼ਨੈੱਸ, ਨੌਕਰੀ ਭਾਵ ਹਰ ਔਰਤ ਦੀ ਚਿਹਨੀ ਕੀਮਤ ਉਸ ਦੀ ਟੀ ਆਰ ਪੀ ਤੈਅ ਕਰਦੀ ਹੈ, ਜਿਸ ਕਾਰਨ ਮੰਡੀ ’ਚ ਔਰਤ ਦੀ ਚਿਹਨੀ ਕੀਮਤ ਨਿਰਧਾਰਤ ਕਰਨ ਲਈ ਮੁਕਾਬਲਾ ਲਗਾਤਾਰ ਜਾਰੀ ਰਹਿੰਦਾ ਹੈ, ਕੀਮਤ ਘਟਦੀ ਵਧਦੀ ਰਹਿੰਦੀ ਹੈ। ਮੁਕਾਬਲੇ ਲਈ ਇਹ ਵਸਤ ਧੜਾ ਧੜ ਪਿੰਡ, ਕਸਬੇ, ਨਗਰ, ਮਹਾਂਨਗਰ ’ਚੋਂ ਸਪਲਾਈ ਹੋਣ ਲੱਗਦੀ ਹੈ। ਇਨ੍ਹਾਂ ਦੀ ਭਰਮਾਰ ਮੰਡੀ ਸੱਭਿਆਚਾਰ ਨੂੰ ਨਵਾਂ ਹੁਲਾਰਾ ਦਿੰਦੀ ਹੈ। ਕਿਸੇ ਦੀ ਕੀਮਤ ਬੁਲਟ ਹੈ, ਕਿਸੇ ਦੀ ਸਫਾਰੀ, ਪਜੇਰੋ, ਮਰਸਡੀਜ਼, ਲੈਂਡ ਕਰੂਜ਼ਰ, ਹੈਲੀਕਾਪਟਰ, ਮਹੱਲ ਜਾਂ ਕੋਈ ਵੀ ਸੱਤਾ, ਹਰ ਵਸਤ ਦੀ ਕੀਮਤ ਉਸ ਦੇ ਨਿਰਧਾਰਤ ਚਿਹਨ ਮੁਤਾਬਿਕ ਹੈ, ਜਿਵੇਂ ਬਹੁ ਕੌਮੀ ਕੰਪਨੀਆਂ ਦੇ ਉਤਪਾਦਾਂ ਦੀ ਕੀਮਤ ਮੀਡੀਆ ਦੇ ਪ੍ਰਵਚਨਾਂ ਰਾਹੀਂ ਪੈਦਾ ਹੋਈ ਪਦਾਰਥਿਕ ਤਾਕਤ ਤੈਅ ਕਰਦੀ ਹੈ। ਕਾਰ ਅੱਜ ਕਿਸੇ ਸਵਾਰੀ ਗੱਡੀ ਦਾ ਨਾਂ ਨਹੀਂ ਸਿਰਫ ਮਾਰੂਤੀ-800 ਨੂੰ ਛੱਡ ਕੇ। ਇਸੇ ਲਈ ਅੱਜ ਕਾਰ ਕਹਿਣ ਦੀ ਬਜਾਏ ਮਾਡਲ ਦਾ ਨਾਂ ਬੰਦੇ ਦੀ ਸੱਤਾ/ਰੁਤਬਾ ਤੈਅ ਕਰਦਾ ਹੈ।

ਸਥਾਪਿਤ ਸੱਤਾ ਚਿਹਨਾਂ ਵਲੋਂ ਵਸਤੂਆਂ/ਧਨ ਦੇ ਮਾਲਕਾਂ ਨੂੰ ਰਹਿਨੁਮਾਈ ਬਖਸ਼ਣਾ ਜਨ ਮਾਨਸ ਦੇ ਜ਼ਿਹਨ ਉੱਤੇ ਇਨ੍ਹਾਂ ਦੀ ਸੱਤਾ ਸਥਾਪਿਤ ਕਰਨਾ ਹੁੰਦਾ ਹੈ। ਵਸਤੂਆਂ/ਜਾਇਦਾਦ ਦੇ ਮਾਲਕ ਅਪਣੀ ਸੱਤਾ ਦੇ ਵਿਸਥਾਰ ਲਈ ਹਰ ਹਰਬਾ ਵਰਤਦੇ ਹਨ ਅਤੇ ਸੱਤਾ ਦੇ ਸੰਸਥਾਗਤ ਚਿਹਨ (ਅਫਸਰ, ਕਾਨੂੰਨ ਸਾਜ਼, ਪੁਲਿਸ, ਲੋਕਤੰਤਰੀ ਨੁਮਾਇੰਦੇ ਆਦਿ) ਉਨ੍ਹਾਂ ਦੀ ਸੱਤਾ ਦਾ ਵਿਸਥਾਰ ਕਰਨ ਵਿਚ ‘ਸਹਿਯੋਗ’ ਕਰਦੇ ਹਨ। ਔਰਤ ਮਨ ਕੁਦਰਤੀ ਰੂਪ ’ਚ ਸੱਤਾ ਵੱਲ ‘ਝੁਕਦਾ’ ਹੈ। ਡਾਰਵਿਨ ਮਾਦਾ ਦੇ ਫਿਟੈਸਟ ਨਰ ਨਾਲ ਸਹਿਵਾਸ ਨੂੰ ਨਸਲ ਦੀ ਹੋਂਦ (ਸਰਵਵਿਅਲ) ਵਜੋਂ ਪਛਾਣਦਾ ਹੈ। ਉਹ ਕਹਿ ਰਿਹਾ ਸੀ ਕਿ ਕੁਦਰਤੀ ਰੂਪ ’ਚ ਮਾਦਾ ਅਪਣੀ ਨਸਲ ਦੀ ਚਿਰਸਥਾਈ/ਅਨਿਸ਼ਚਿਤ ਸਮੇਂ ਤੱਕ ਹਸਤੀ ਬਣਾਈ ਰੱਖਣ ਲਈ ਅਜਿਹਾ ਕਰਦੀ ਹੈ। ਮਾਦਾ ਦਾ ਇੱਛਾ ਅਨੁਸਾਰ ਸਹਿਵਾਸ ਨਸਲ ਦੀ ਹੋਂਦ ਹਿੱਤ ਕਿਰਿਆਸ਼ੀਲ ਹੁੰਦਾ ਹੈ ਅਤੇ ਚੋਣ ਮਾਦਾ ਹੱਥ ਹੁੰਦੀ ਹੈ ਕਿ ਉਹ ਕਿਸ ਨਰ ਰਾਹੀਂ ਇਸ ਨੂੰ ਸਰਅੰਜ਼ਾਮ ਦੇਵੇਗੀ। ਉੱਥੇ ਚੋਣ ਲਈ ਨਰ ਨਿਸ਼ਕਿਰਿਆ ਹੁੰਦਾ ਹੈ। ਬਹੁਤ ਸਾਰੇ ਜਨਜਾਤੀ ਸੱਭਿਆਚਾਰਾਂ ’ਚ ਵੀ ਇੰਝ ਹੀ ਵਾਪਰਦਾ ਹੈ ਪ੍ਰੰਤੂ ਸਮਾਜ ਦੇ ਜਮਾਤੀ ਰੂਪ ਧਾਰਨ ਹਿੱਤ ਇਹ ਸਿਲਸਿਲਾ ਰੁਕ ਜਾਂਦਾ ਹੈ, ਕਿਉਂਕਿ ਜਮਾਤੀ ਸਮਾਜਾਂ ਵਿਚ ਫਿਟੈਸਟ ਹੋਣ ਦਾ ਸਰੋਤ ਜਿਸਮਾਨੀ ਨਹੀਂ ਸਗੋਂ ਆਰਥਿਕ ਤਾਕਤ ਹੁੰਦਾ ਹੈ। ਇਥੇ ਧਨ/ਜਾਇਦਾਦ/ਪੂੰਜੀ ਰਾਹੀਂ ਪੁਰਖ ਸੱਤਾ ਪ੍ਰਾਪਤ ਕਰਦਾ ਹੈ। ਇਸੇ ਵਾਸਤੇ ਨਾਰੀ ਕੁਦਰਤੀ ਮਾਦਾ ਰੂਪ ਤੋਂ ਵੱਖ ਵਿਚਾਰਧਾਰਾ ਦੀ ਗ੍ਰਿਫਤ ਅਧੀਨ ਅਪਣੀ ਮਾਤਰੀ ਸੱਤਾ ਗਵਾ ਬੈਠਦੀ ਹੈ ਅਤੇ ਅਪਣੀ ਸਮਾਜਿਕ ਹੋਂਦ ਨੂੰ ਤਰਤੀਬ ’ਚ ਰੱਖਣ ਲਈ ਤਨ ਨੂੰ ਮਰਦ ਸੱਤਾ ਦੇ ਹੱਥ ਖੇਡਣ ਵਾਸਤੇ ਸੌਂਪ ਦਿੰਦੀ ਹੈ। ਇੱਥੇ ਨਰ ਕਿਰਿਆਸ਼ੀਲ ਹੋ ਜਾਂਦਾ ਹੈ ਅਤੇ ਮਾਦਾ ਨਿਸ਼ਕਿਰਿਆ ਹੋ ਜਾਂਦੀ ਹੈ। ਉਹ ਜਦੋਂ ਧਨ ਦੀ ਸੱਤਾ ਅੱਗੇ ਸਮਰਪਣ ਕਰ ਦਿੰਦੀ ਹੈ, ਤਦ ਅਪਣੇ ‘ਹੋਣ’ ਉੱਤੇ ਸਵਾਲੀਆ ਨਿਸ਼ਾਨ ਲਾਉਂਦੀ ਪੁਰਖ ਤੰਤਰ ਦੇ ਧੁਰੇ ਦੁਆਲੇ ਘੁੰਮਣ ਲੱਗਦੀ ਹੈ। ਉਸ ਦੀ ਦੌੜ ਇਕ ਤੋਂ ਦੂਸਰੀ ਸੱਤਾ ਦੀ ਅਧੀਨਗੀ ਤਾਂ ਹੋ ਸਕਦੀ ਹੈ; ਆਜਾਦ ਹੋਣਾ ਨਹੀਂ। ਆਜ਼ਾਦ ਰੂਪ ’ਚ ਹੋਣ ਦਾ ਪ੍ਰਵਚਨ ਜਮਾਤੀ ਸਮਾਜਾਂ ’ਚ ਸਿਰਫ ਆਧੁਨਿਕ ਔਰਤ ਦੇ ਹਿੱਸੇ ਆਇਆ ਸੀ, ਜਿਸ ਨੇ ਆਪਣੇ ਵਸਤੂ ਰੂਪ ਦਾ ਨਾਕਾਰ ਪੇਸ਼ ਕੀਤਾ ਸੀ ਅਤੇ ਉਸ ਦੇ ਹੋਣ ਦੀ ਰਾਜਨੀਤਕ ਚੇਤਨਾ ਉਸ ਦੇ ਅਵਾਂਗਰਦ ਹੋਣ ਦੇ ਸੰਘਰਸ਼ ਦਾ ਸਿੱਟਾ ਸੀ। ਜਰਮੇਨ ਗਰੀਅਰ ਨੇ ਇਸੇ ਕਰਕੇ ਹੀ ਕਿਹਾ ਸੀ ਕਿ ਔਰਤ ਜਦੋਂ ਹੀ ਉਪਭੋਗੀ ਬਾਜ਼ਾਰ ਵਿਚ ‘ਘੁੰਮਣ’ ਲੱਗਦੀ ਹੈ ਤਾਂ ਉਹ ਅਪਣੇ ਹੋਣ ਤੋਂ ਖੱਸੀਪੁਣੇ ਦਾ ਰਾਹ ਫੜ ਲੈਂਦੀ ਹੈ,4 ਭਾਵ ਨਿਸ਼ਕਿਰਿਆ, ਸੱਤਾ ਦੁਆਲੇ ਘੁੰਮਦਾ ਜੀਵ। ਇਸੇ ਕਰਕੇ ਅੱਜ ਦੇ ਉਪਭੋਗੀ ਸਮੇਂ ਵਿਚ ਸੱਤਾ ਦਾ ਸਰੋਤ ਸਮਾਜਿਕ ਮਾਨਤਾ ਪ੍ਰਾਪਤ ਚਿਹਨਾਂ ਦੇ ਧਨ ਅੱਗੇ ਝੁਕਣਾ ਨਵ-ਧਨਾਢਾਂ ਦੀ ਸੱਤਾ ਸਥਾਪਿਤ ਕਰਨਾ ਹੁੰਦਾ ਹੈ। ਉਹ ਮਿੱਥ ਰਾਹੀਂ ਪਦਾਰਥਿਕ ਸੱਤਾ ਬਣ ਜਾਂਦੇ ਹਨ ਅਤੇ ਜਨ ਮਾਨਸ ਇਸ ’ਤੇ ਸਹੀ ਪਾਉਣ ਲੱਗਦਾ ਹੈ। ‘ਰਾਜਕੁਮਾਰ’ ਦੀ ਭਾਲ ਦਾ ਸੁਪਨਾ ਔਰਤ ਨੂੰ ਅਪਣੇ ਵਾਸਤਵਿਕ ਦਮਿਤ ਰੂਪ ’ਚੋ ਬਾਹਰ ਲੈ ਜਾਣ ਦਾ ਭਾਜਵਾਦੀ ਮਾਰਗ ਹੁੰਦਾ ਹੈ। ਇਸੇ ਕਰਕੇ ਮਾਦਾ ਅਪਣੀ ਹਸਤੀ ਨੂੰ ਇਨ੍ਹਾਂ ਸਥਾਪਿਤ ਸੱਤਾਵਾਂ ਅੱਗੇ ਸਮਰਪਿਤ ਕਰਨ ਲੱਗਦੀ ਹੈ।

*ਮਰਦ–* *ਲੀਡਰਾਂ ਦੇ ਨਾਲ ਸਾਡੀ ਬਹਿਣੀ ਉੱਠਣੀ*
*ਪੈਂਦੀ ਏ ਵਜ਼ੀਰਾਂ ਤੱਕ ਪਹੁੰਚ ਰੱਖਣੀ*
*ਡੀ ਸੀ ਵਰਗੇ ਵੀ ਸਾਡਾ ਭਰਦੇ ਨੇ ਪਾਣੀ*
*ਕਦੇ ਪੁੱਛ ਲਈਂ ਕਿਸੇ ਤੋਂ ਸਾਡੇ ਬਾਰੇ*
*ਥਾਣਿਆਂ ਕਚਹਿਰੀਆਂ ’ਚ ਫੁੱਲ ਚੱਲਦੀ*
*ਨੀ ਕੰਮ ਫੋਨ ’ਤੇ ਹੁੰਦੇ ਨੇ ਸਾਰੇ।*

*ਔਰਤ–* *ਮਿਰਜ਼ੇ ਦੇ ਵਾਂਗੂ ਰੱਖੀ ਘੋੜੀ ਕਾਲੀ ਤੂੰ*
*ਰੱਖੇਂ ਪੱਗ ਬੰਨ੍ਹ ਕੇ ਜਿਉਣੇ ਵਾਲੀ ਤੂੰ*
*ਪਾ ਕੇ ਤੂੰ ਦੁਨਾਲੀ ਜਦੋਂ ਲੰਘਦਾ ਕਚਹਿਰੀਓਂ*
*ਮਾਰਦਾ ਸਲੂਟ ਪਟਵਾਰੀ*
*ਵੇਖ ਕੇ ਚੜ੍ਹਾਈ ਤੇਰੀ ਪੱਟ ਹੋਇਆ ਵੇ*

*ਤਾਹੀਓਂ ਲਾਈ ਆ ਤੇਰੇ ਨਾਲ ਯਾਰੀ*

*-ਮਿਸ ਪੂਜਾ ਤੇ ਸਹਿਯੋਗੀ ਕਲਾਕਾਰ*

ਸੱਭਿਆਚਾਰ ਮਨੁੱਖੀ ਮਨ ਲਈ ਸਿਰਜਣਾਤਮਿਕ ਬਾਲਣ ਦਾ ਕੰਮ ਕਰਦਾ ਹੈ ਪ੍ਰੰਤੂ ਇਹ ਸੱਭਿਆਚਾਰ ਮੰਡੀ ਦੇ ਹੱਥੇ ਚੜ੍ਹ ਜਾਂਦਾ ਹੈ ਤਾਂ ਮਨੁੱਖੀ ਮਾਨਸਿਕ ਤਾਕਤ ਸਿਥਲ ਹੋ ਕਿ ਗਾਲਬੀ ਸੁਨੇਹਿਆਂ (ਮੈਸਜੈਜ਼) ਸਦਕਾ ਹਾਕਮੀ ਪ੍ਰਵਚਨਾਂ ਨੂੰ ਪਦਾਰਥਕ ਤਾਕਤ ਵਿਚ ਢਾਲਣ ਲੱਗਦੀ ਹੈ। ਮੀਡੀਆ ਪੁਰਖ ਤੰਤਰ ਦੀ ਤਾਕਤੀ ਸਥਿਤੀ ਦੇ ਪ੍ਰਵਚਨ ਪੇਸ਼ ਕਰਦਾ ਮਰਦ ਨੂੰ ਸਿਰਫ ਸੱਤਾ ਬਣਨ ਦੇ ਰਾਹ ਤੋਰ ਦਿੰਦਾ ਹੈ। ਮਰਦ ਇਨ੍ਹਾਂ ਸੁਨੇਹਿਆਂ ਦੀ ਕੈਦ ਵਿਚ ਆਪਣੇ ਹੋਣ ਦੀ ਬਜਾਏ ਆਪਣੇ ਆਪ ਨੂੰ ਸੱਤਾ ਬਣਾਉਣ ਦੇ ਰਾਹ ਤੁਰ ਪੈਂਦਾ ਹੈ। ਸੱਤਾ ਬਣਣ ਦੇ ਮਨਸੂਬੇ ਲਈ ਜਦੋਂ ਨੌਜੁਆਨ ਪੀੜ੍ਹੀ ਇਸ ਦੌੜ ਵਿਚੋਂ ਹਾਰ ਜਾਂਦੀ ਹੈ ਤਾਂ ਸਿੱਟੇ ਵਜੋਂ ਨਸ਼ੇ (ਡਰੱਗਜ਼) ਦਾ ਸਹਾਰਾ ਲੱਭਣ ਲੱਗਦੀ ਹੈ। ਖੁਸ਼ੀ ਮਨੁੱਖੀ ਮਨ ਦਾ ਜ਼ਰੂਰੀ ਹਿੱਸਾ ਹੈ। ਸੱਤਾ ਬਣਨ ਦੀ ਦੌੜ ਵੀ ਇਕ 'ਖੁਸ਼ੀ' ਪ੍ਰਦਾਨ ਕਰਦੀ ਹੈ ਪ੍ਰੰਤੂ ਇਸ ਦੌੜ ਵਿਚੋਂ ਪਿੱਛੇ ਰਹਿ ਗਈ ਮਾਨਵੀ ਤਾਕਤ ਖੁਸ਼ੀ ਵਾਸਤੇ ਸਹਾਰੇ ਦੀ ਭਾਲ ਕਰਦੀ ਹੈ ਤਾਂ ਉਹ ਪ੍ਰਤੀਰੋਧੀ ਤਾਕਤਾਂ ਦੀ ਗੈਰ ਹਾਜ਼ਰੀ 'ਚ ਇਹ ਪ੍ਰਾਪਤੀ ਨਸ਼ੇ ਵਿਚੋਂ ਕਰਦੀ ਹੈ (ਵਿਚਾਰਧਾਰਾ ਦੀ ਜੰਗ ਵੀ ਖੁਸ਼ੀ ਦਾ ਸਭ ਤੋਂ ਵੱਡਾ ਸੋਮਾ ਹੈ, ਨਸ਼ਾ ਨਿਰਾਸ਼ਾ 'ਚੋਂ ਪੈਦਾ ਹੁੰਦਾ ਹੈ) 5। ਸਮਾਜ ਦੀ ਨਿਰਾਸ਼ਾ ਦਾ ਹਰ ਆਲਮ ਸੱਤਾ ਸੰਪਨ ਲੋਕਾਂ ਦੀਆਂ ਜੇਬਾਂ ਵਿਚ ਧਨ ਦੇ ਹੀ ਅੰਬਾਰ ਲਾਉਂਦਾ ਰਹਿੰਦਾ ਹੈ। ਮੰਡੀ ਦੇ ਬੁੱਧੀਜੀਵੀ (ਔਰਡੀਨੇਰੀ ਇੰਟਲੈਕੁਚਅਲ ਭਾਵ ਲੇਖਕ, ਪੱਤਰਕਾਰ, ਗੀਤਕਾਰ, ਕਵੀ ਆਦਿ) ਬਹੁਤ ਸਾਰੇ ਮੀਡੀਆ ਸਾਧਨਾਂ ਰਾਹੀਂ ਗਾਲਬੀ ਵਿਚਾਰਧਾਰਾ ਹਿੱਤ ਭੁਗਤਦੇ ਰਹਿੰਦੇ ਹਨ।

ਜਦੋਂ ਮੰਡੀ ਦੇ ਇਸ ਪ੍ਰਵਚਨ ਨੇ ਹਰ ਵਿਅਕਤੀ ਨੂੰ ਸੱਤਾ ਬਣਨ ਵੱਲ ਪ੍ਰੇਰਿਤ ਕੀਤਾ ਹੋਇਆ ਹੈ ਤਾਂ ਸੱਤਾ ਪ੍ਰਾਪਤੀ ਦਾ ਮੁਕਾਬਲਾ ਹਿੰਸਾ, ਭ੍ਰਿਸ਼ਟਾਚਾਰ, ਅਨੈਤਿਕਤਾ, ਆਰਾਜਨੀਤੀ ਆਦਿ ਨੂੰ ਤਿੱਖੇ ਰੂਪ ਵਿਚ ਉਭਾਰਦਾ ਹੈ। ਸੱਭਿਆਚਾਰ ਦਾ ਹਿੱਸਾ ਬਣਾ ਦਿੱਤੀ ਗਈ ਗੀਤਕਾਰੀ ਨੇ ਗਾਇਕੀ 'ਨਾਇਕਾ' ਦੇ ਅਜਿਹੇ ਕੱਦ ਪੈਦਾ ਕਰ ਦਿੱਤੇ ਹਨ ਕਿ ਉਨ੍ਹਾਂ ਦੇ ਸੁਨੇਹੇ ਪ੍ਰਵਚਨ ਦਾ ਰੂਪ ਧਾਰ ਨੌਜੁਆਨ ਪੀੜ੍ਹੀ ਨੂੰ ਅਪਣੀ ਗ੍ਰਿਫਤ ਵਿਚ ਕਸ ਲੈਂਦੇ ਹਨ। ਸੱਤਾ ਪ੍ਰਾਪਤੀ ਲਈ ਵਸਤਾਂ ਦੇ ਨਾਲ-ਨਾਲ ਸਰੀਰਕ ਆਕਰਸ਼ਣ ਹਿੱਤ ਵੀ ਮੁਕਾਬਲਾ ਜ਼ੋਰਾਂ 'ਤੇ ਹੋਣ ਲਗਦਾ ਹੈ। ਬੁਲੇਟ, ਲੈਂਡੀਆਂ ਜੀਪਾਂ, ਦੁਨਾਲੀਆਂ, ਟਕੂਏ ਆਦਿ ਜੇ ਸਰਦਾਰ, ਜੱਟ, ਵੈਲੀ ਦੀ ਤਾਕਤ ਦਾ ਪ੍ਰਦਰਸ਼ਨ ਕਰਦੇ ਹਨ ਤਾਂ ਚੌੜੀ ਛਾਤੀ, ਪੱਟ, ਡੌਲਿਆਂ ਦੀਆਂ ਮਛਲੀਆਂ ਵੀ ਔਰਤਾਂ ਦੀ ਖਿੱਚ ਦਾ ਕੇਂਦਰ ਹੁੰਦੇ ਹਨ। ਜਿਵੇਂ ਕਿ ਕਿਹਾ ਗਿਆ ਹੈ ਕਿ ਡਾਰਵਿਨ ਨੇ ਮਾਦਾ ਦੇ ਮੁਢਲੇ ਕੁਦਰਤੀ ਰੂਪ ਵਿਚ ਸਰੀਰਕ ਤਾਕਤਾਂ (ਫਿਟਸਟ) ਨੂੰ ਹੀ ਆਪਣੀ ਪਸੰਦ ਜਾਂ ਨਸਲ ਦੇ ਚਿਰਸਥਾਈ ਜੀਵਨ ਨੂੰ ਪਹਿਲ ਦਿੱਤੀ। ਅੱਜ ਦੇ ਮੰਡੀ ਦੌਰ ਵਿਚ ਡੌਲੇ 'ਚ ਮੱਛੀਆਂ, ਪੱਟਾਂ 'ਚ ਜ਼ੋਰ, ਚੌੜੇ ਸੀਨੇ ਦੇ ਪੁਰਾਤਨ ਚਿਹਨਾਂ ਦਾ ਬਾਜ਼ਾਰ ਲਾ ਦਿੱਤਾ ਹੈ। ਔਰਤ ਨੂੰ ਭਰਮਾਉਣ ਲਈ ਆਮਿਰ, ਸਲਮਾਨ, ਸੰਜੇ ਆਦਿ ਦੀ ਸਰੀਰਕ ਦਿੱਖ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਜਾਂਦੀ ਹੈ। ਅਪਣੇ 'ਆਦਰਸ਼' ਨਾਇਕਾਂ ਤੱਕ ਪਹੁੰਚ ਨਾ ਹੋਣ ਸਦਕਾ ਉਹ ਅਪਣੀ ਚਿਹਨੀ ਸੱਤਾ ਮੁਤਾਬਿਕ ਹੀ ਸੱਤਾ ਨੂੰ ਚੁਣਦੀਆਂ ਹਨ ਅਤੇ ਉਨ੍ਹਾਂ ਦੇ ਆਦਰਸ਼ ਹੀਰੋ ਉੱਥੇ ਹੀ ਵਿਸ਼ਰਾਮ ਕਰਦੇ ਹਨ ਭਾਵ ਜੇ ਸਲਮਾਨ ਨਹੀਂ ਤਾਂ ਉਸ ਜਿਹਾ ਸਰੀਰ, ਮਾਦਾ ਨੂੰ ਭਰਮਾਉਣ ਲਈ ਉਨ੍ਹਾਂ ਜਿਹੀ ਹਿੰਸਾ ਜਾਂ ਉਨ੍ਹਾਂ ਜਿਹੀਆਂ ਵਸਤਾਂ ਵੱਲ ਖਿੱਚ ਪੈਦਾ ਕਰਦਾ ਹੈ (ਜਿਵੇਂ ਮਰਦ ਕੈਟਰੀਨਾ, ਬਾਸੂ, ਕਰੀਨਾ ਨੂੰ ਹੋਰਾਂ ਵਿਚੋਂ ਤਲਾਸ਼ਣ ਦੀ ਕੋਸ਼ਿਸ਼ ਕਰਦੇ ਹਨ)। ਔਰਤ ਮਰਦ ਦੀ ਕਿਸ-ਕਿਸ ਸੱਤਾ ਵੱਲ ਆਕਰਸ਼ਤ ਹੁੰਦੀ ਹੈ, ਇਹ ਜਾਣਕਾਰੀ ਉਨ੍ਹਾਂ ਨੂੰ ਮੀਡੀਆ ਦਾ ਸੱਭਿਆਚਾਰ ਬਣ ਚੁੱਕਾ ਪ੍ਰਚਾਰ ਤੰਤਰ ਮੁਹੱਈਆ ਕਰਦਾ ਹੈ। ਭਾਵ ਔਰਤ ਮਰਦ ਦੋਹਾਂ ਦੀ ਜ਼ਿਹਨੀ ਜ਼ਰੂਰਤ ਕੀ ਹੈ ਦੀ ਜਾਣਕਾਰੀ ਵੀ ਮੰਡੀ 'ਚੋਂ ਹੀ ਪ੍ਰਾਪਤ ਹੁੰਦੀ ਹੈ।

ਅੱਜ ਪੰਜਾਬੀ ਗੀਤਕਾਰੀ ਵਿਚ ਸਰੀਰ ਨੂੰ ਆਕਰਸ਼ਿਤ ਕਰਨ ਲਈ ਕਿਹੜੇ ਸਾਧਨਾਂ ਦੀ ਲੋੜ ਹੈ, ਵਾਸਤੇ ਜਾਣਕਾਰੀ ਵੀ ਟੀ.ਵੀ./ਫਿਲਮਾਂ ਆਦਿ ਦੇ ਦ੍ਰਿਸ਼-ਚਿੱਤਰ ਮੁਹੱਈਆ ਕਰਦੇ ਹਨ। ਮਾਡਲ ਅਪਣੇ ਸਰੀਰਕ ਪ੍ਰਦਰਸ਼ਨ ਰਾਹੀਂ ਸਰੋਤਾ/ਦਰਸ਼ਕ (ਆਡੀਐਂਸ) ਨੂੰ ਭਰਮਾਉਂ ਦੇ ਹਨ ਅਤੇ ਉਸ ਨੂੰ ਦ੍ਰਿਸ਼ ਜਿਹਾ ਬਣਨ ਲਈ ਪ੍ਰੇਰਿਤ ਕਰਦੇ ਹਨ। ਸ਼ਬਦ ਅਤੇ ਚਿੱਤਰ ਡੌਲਿਆਂ, ਪੱਟਾਂ ਅਤੇ ਹਿੱਕ ਦੇ ਜ਼ੋਰ ਨਾਲ ਦੂਸਰੇ ਪੁਰਖ ਦੀ ਸੱਤਾ ਲਈ ਆਤੰਕ ਪੈਦਾ ਕਰਦਾ 'ਮਾਡਲ' ਕੁੜੀ (ਲਿੰਗਕਤਾ ਦਾ 'ਆਦਰਸ਼' ਪ੍ਰਤੀਕ) ਨੂੰ ਆਪਣੇ ਵੱਲ ਖਿਚਣ ਵਿਚ ਕਾਮਯਾਬ ਹੁੰਦਾ ਹੈ। ਸ਼ਬਦ/ਚਿੱਤਰ ਵਿਚਲੇ ਅੱਤਿਆਚਾਰ ਦਾ ਨਿਸ਼ਾਨਾ ਦੂਸਰੇ ਪੁਰਖ ਦੀ ਲਿੰਗਕ ਅਧੀਨਗੀ 'ਚੋਂ ਨਾਰੀ ਦਾ ਆਪਣੀ ਸੱਤਾ ਅੱਗੇ ਸਮਰਪਣ ਕਰਾਉਣਾ ਹੁੰਦਾ ਹੈ। ਦੋ ਸੱਤਾਵਾਂ ਦੇ ਭੇੜ 'ਚੋਂ ਵਸਤੂ (ਔਰਤ) ਉਸੇ ਦੀ ਹੋਵੇਗੀ ਜਿਹੜਾ ਜਿੱਤੇਗਾ। ਲਿੰਗਕ ਆਦਰਸ਼ ਜਿਸ ਅਧੀਨ ਹੋ ਜਾਵੇਗਾ ਉਹੋ ਹੀ ਅਣਖ ਨੂੰ ਪਰਣਾਇਆ ਵੈਲੀ, ਸਰਦਾਰ ਜਾਂ ਅਣਖੀ ਜੱਟ ਘੋਸ਼ਿਤ ਹੋਵੇਗਾ, ਕਿਉਂਕਿ ਤਾਕਤ/ਅੱਤਿਆਚਾਰ ਸਰਦਾਰਾਂ ਦਾ ਮੁੱਖ 'ਗੁਣ' ਹੈ। ਇਸ ਮੰਡੀ ਦਾ ਨੌਜੁਆਨ ਮਾਦਾ ਨੂੰ 'ਸਲਮਾਨੀ' ਦਿੱਖ ਨਾਲ ਪ੍ਰਭਾਵਿਤ ਕਰਨ ਲਈ ਸਰੀਰ ਨੂੰ ਵਿਖਾਵਾਕਾਰੀ ਬਣਾਉਣ ਹਿੱਤ 'ਮੁਕਾਬਲਾ' ਕਰਦਾ ਹੈ, ਜਿਵੇਂ ਸੈਕਸ ਇਕ ਦੰਗਲ ਹੋਵੇ। ਮਰਦ ਖੇਡ ਮੁਕਾਬਲੇ ਵਰਗਾ ਕਲਾ ਪ੍ਰਦਰਸ਼ਨ ਕਰਨ ਦੀ ਬਜਾਏ ਸਰੀਰਕ ਵਿਖਾਵੇ ਦੇ ਸੱਤਾ ਮੁਕਾਬਲੇ ਲਈ ਜਿੰਮ ਦੀ ਚੋਣ ਕਰਦਾ ਹੈ। ਜਿੰਮ ਸਰੀਰ ਦੇ ਵਿਖਾਵਾ ਰੂਪ ਨੂੰ ਤਾਂ ਤਾਕਤ (ਪ੍ਰਮੋਸ਼ਨ) ਦਿੰਦਾ ਹੈ, ਨਾਲ ਹੀ ਵੈਲੀਆਂ, ਬੁਲਟਾਂ ਰਾਹੀਂ ਹਿੰਸਾ ਦੀ ਵੀ ਸਮਾਜ ਵਿਚ ਝੜੀ ਲਾ ਦਿੰਦਾ ਹੈ।

*ਕਰ ਲਿਆ ਜਿੰਮ ਜੁਆਇਨ ਨੀ*
*ਹੁਣ ਸਾਡਾ ਟੈਮ ਨ੍ਹੀਂ ਲਗਦਾ।*
*-ਜਤਿੰਦਰ ਗਿੱਲ*

ਅਜਿਹੇ ਬਹੁਤ ਸਾਰੇ ਗੀਤ ਜਿੰਮ ਸੱਭਿਆਚਾਰ ਦੀ ਕਮਾਈ 'ਚ ਵਾਧਾ ਕਰਦੇ ਹਨ। ਅਜਿਹਾ ਇਸ ਕਰਕੇ ਵਾਪਰਦਾ ਹੈ ਕਿ ਸਰੀਰਕ ਤਾਕਤ ਜ਼ਿਹਨੀ ਸਿਰਜਣਾਤਮਿਕ ਤਾਕਤ ਦੇ ਛਿੰਨ-ਭਿੰਨ ਹੋਣ ਕਾਰਨ 'ਉਤੇਜਨਾ ਪ੍ਰਤੀਕ' ਨੂੰ ਸਿਰਫ ਜਿਸਮਾਨ ਤਾਕਤ ਰਾਹੀਂ ਅਪਣੇ ਵੱਲ ਖਿੱਚਣ ਦਾ ਯਤਨ ਕਰਦੀ ਹੈ, ਸਿੱਟਾ ਹਿੰਸਾ, ਕਤਲੋਗਾਰਤ, ਅੱਤਿਆਚਾਰ ਵਿਚ ਨਿਕਲਦਾ ਹੈ ਅਤੇ ਕਚਹਿਰੀਆਂ, ਥਾਣੇ, ਜੇਲ੍ਹਾਂ ਜੱਟਾਂ/ਵੈਲੀਆਂ ਦੀ ਆਦਰਸ਼ ਜਗ੍ਹਾ ਵਜੋਂ ਵਡਿਆਏ ਜਾਂਦੇ ਹਨ ਭਾਵ ਕਿ 'ਅਣਖ' ਖਾਤਰ ਪ੍ਰਾਪਤ ਕੀਤਾ ਆਦਰਸ਼। 'ਅਣਖ' ਸਾਮੰਤੀ ਸਮਾਜ 'ਚ ਸਭ ਤੋਂ ਲੁਭਾਉਂਦਾ, ਮਨ-ਭਾਉਂਦਾ ਤੇ ਆਦਰਸ਼ ਬਿੰਬ ਹੈ। ਅੱਜ ਦੇ ਮੰਡੀ ਯੁੱਗ 'ਚ ਇਸਦਾ 'ਪੁਨਰ ਉਥਾਨ' ਮੰਡੀ ਕ੍ਰਿਤ ਮਨੋਵਿਗਿਆਨ ਰਾਹੀਂ 'ਸੱਭਿਆਚਾਰ' ਦੀ ਕੇਂਦਰੀ ਥਾਂ ਮੱਲ ਬਹਿੰਦਾ ਹੈ। ਜਗੀਰੂ 'ਸਿਰ' ਦਾ ਮੰਡੀ ਕ੍ਰਿਤ ਫੈਲਾਅ ਅਣਖ ਦੀ ਖਾਤਰ ਕਤਲਾਂ (ਆਨਰ ਕਿਲਿੰਗ) ਨੂੰ ਵਿਸ਼ੇਸ਼ ਖਿੱਚ ਦਾ ਕੇਂਦਰ ਬਣਾਉਂਦਾ ਹੈ। ਜਦੋਂ ਮੀਡੀਆ ਅਣਖ ਦੇ 'ਉਤਪਾਦਨ' ਨੂੰ ਮੰਡੀ ਵਿਚ ਵੇਚਦਾ ਹੈ ਤਾਂ 'ਅਣਖ ਖਾਤਰ ਕਤਲ' ਸੁਭਾਵਕ ਵਰਤਾਰਾ ਬਣ ਜਾਂਦਾ ਹੈ। ਜਗੀਰੂ ਵਿਚਾਰਾਂ 'ਚ ਹੋਰ ਕੁੜੀ (ਅਦਰ ਸੈਕਸ) ਤਾਂ ਭੋਗਣ ਦੀ ਵਸਤੂ ਹੈ ਪ੍ਰੰਤੂ ਅਪਣੀ ਭੈਣ, ਧੀ ਇੱਜ਼ਤ/ਆਬਰੂ ਹੈ।

*ਜੀਹਨੇ ਲਾਲ ਪਰੀ ਨਾ ਪੀਤੀ*
*ਰੰਨ ਕੁੱਟ ਕੇ ਸਿੱਧੀ ਨਾ ਕੀਤੀ*
*ਜੀਹਨੇ ਨਸ਼ਾ ਪਾਣੀ ਨਾ ਪੀਣਾ*
*ਉਸ ਭੜੂਏ ਦਾ ਦੱਦ ਕੀ ਜੀਣਾ*

*ਕੰਡਾ ਖਿੱਚਿਆ ਨਾ ਜੀਹਨੇ*
*ਭੈਣ ਦੀ ਨਣਾਨ ਦਾ*
*ਉਹ ਵੈਲੀ ਕਾਹਦਾ ਕੋਹੜੀ ਹੈ ਜਹਾਨ ਦਾ।*
*-ਅਮਰ ਸਿੰਘ ਚਮਕੀਲਾ*

ਅਜਿਹੇ ਦੋਗਲੇ ਸਮਾਜ ਦੇ ਪੁਨਰ ਉਥਾਨ 'ਚ ਜਿਸਮਾਨੀ ਤਾਕਤ 'ਅਣਖ' ਨਾਲ ਜਿਊਣ ਦੀ 'ਚਾਹਤ' ਹਰ ਦੂਸਰੇ (ਅਦਰ) ਦੀ ਜਾਨ ਦੀ ਵੈਰੀ ਬਣ ਜਾਂਦੀ ਹੈ, ਕਿਉਂਕਿ ਵਰਤਮਾਨ ਸਮਾਜ ਵਿਚ ਜਾਤ ਦੀ ਵੀ ਕੇਂਦਰੀ ਸੱਤਾ ਹੈ ਅਤੇ ਪੰਜਾਬੀ ਸੱਭਿਆਚਾਰ ਇਸ ਵਕਤ ਜੱਟ/ਸਰਦਾਰ ਦੀ ਸਾਮੰਤੀ ਸੱਤਾ ਨੂੰ ਮੁਖਾਤਿਬ ਹੈ। ਜੱਟ ਸੱਭਿਆਚਾਰ ਅਣਖ ਨੂੰ ਵੈਲੀ ਦੇ ਪ੍ਰਤੀਕ ਰਾਹੀਂ ਹੀ ਕਾਇਮ ਰੱਖ ਸਕਦਾ ਹੈ। ਚਮਕੀਲਾ ਵੈਲੀ ਦਾ ਵਿਸ਼ੇਸ਼ 'ਗੁਣ' ਭੈਣ ਦੀ ਨਣਾਨ ਦਾ 'ਕੰਡਾ ਕੱਢਣਾ' ਦੱਸਦਾ ਹੈ, ਜਦੋਂ ਗਾਇਕੀ ਦੇ 'ਧਨੰਤਰ' ਸਾਰੇ ਜੱਟਾਂ ਨੂੰ ਵੈਲੀ ਬਣਾ ਕੇ ਅੱਤਿਆਚਾਰੀ ਬਣਾਉਣਾ ਚਾਹੁੰਦੇ ਹਨ ਤਾਂ ਦੁਰਾਚਾਰੀ ਉਹ ਅਪਣੇ ਆਪ ਹੋ ਜਾਣਗੇ। ਦਮਨ ਸੱਤਾ ਦਾ ਵਿਸ਼ੇਸ਼ ਲੱਛਣ ਹੈ। ਇਹਨਾਂ ਗੀਤਾਂ ਵਿਚ ਸਮੁੱਚੇ ਜੱਟਾਂ ਦੇ ਵੈਲੀ ਬਣਨ ਤੋਂ ਬਾਅਦ ਦੂਸਰੀ (ਅਦਰ) ਔਰਤ ਸਿਰਫ ਭੋਗਣ ਦੀ ਵਸਤੂ ਬਣ ਜਾਂਦੀ ਹੈ। ਆਤੰਕ, ਅੱਤਿਆਚਾਰ, ਅਣਖ ਲਈ ਕਤਲ ਸੱਭਿਆਚਾਰ ਦਾ ਕੇਂਦਰੀ ਸਥਾਨ ਮੱਲਣ ਲੱਗਦੇ ਹਨ। ਔਰਤ ਵੈਲੀ ਦੀ ਸੱਤਾ ਵੱਲ ਆਕਰਸ਼ਿਤ ਹੋਣ ਲਗਦੀ ਹੈ ਜਾਂ ਆਪਣੇ ਲਿੰਗਕ ਨਿਯੰਤ੍ਰਣ ਲਈ ਮਰਦ ਦੇ ਵੈਲੀ ਰੂਪ ਨੂੰ ਵਡਿਆਉਣ ਲਗਦੀ ਹੈ। ਵੈਲੀ ਸਾਮੰਤੀ ਸਮਾਜ 'ਚ ਅਸੱਭਿਅਕ ਹੋਣ ਦਾ ਪ੍ਰਤੀਕ ਹੈ ਪ੍ਰੰਤੂ ਗਲੋਬਲੀ ਮੰਡੀ ਦੇ ਪੰਜਾਬੀ ਸੱਭਿਆਚਾਰ 'ਚ ਇਹ ਮਾਨਮੱਤਾ ਪ੍ਰਤੀਕ ਹੈ।

*ਹੁਣ ਤੱਕ ਨੀਵੇਂ ਰਹਿ ਰਹਿ ਕੇ, ਅਸੀਂ ਘੁੱਟ ਸਬਰ ਦੇ ਭਰਲੇ,*
*ਬਰੀ ਕਰਾ ਲਊਂ ਆਪੇ ਤੈਨੂੰ ਵੇਚ ਕੇ ਪੰਜ ਸੱਤ ਮਰਲੇ*
*ਵੈਲੀ ਬਣ ਮਿੱਤਰਾ ਬੜੇ ਡਰਾਵੇ ਜਰ ਲਏ।*
*ਸੋਚਿਆ ਸੀ ਉਹ ਹੱਥ ਜੋੜ ਕੇ ਗੱਲ ਜਾਣਗੇ ਮੰਨ*
*ਯਾਰ ਤੇਰੇ ਨੇ ਗੱਡੀ ਲੈ ਲਈ ਟਰਿੱਪਲ ਜ਼ੀਰੋ (0001) ਵਨ*
*ਨੀਂ ਵਿਚ ਪਜੈਰੋ ਦੇ ਰੱਖ ਲਈ ਦੇਸੀ ਗੰਨ...*
*ਸ਼ਰੇਆਮ ਤੂੰ ਕਹਿ ਦੇ, ਜੀਹਨੇ ਫੜਨੀ ਪੂਛ ਹੁਣ ਫੜ ਲਏ*
*ਅਸਲੀ ਪਿਉ ਦਾ ਪੁੱਤ ਜੋ ਆ ਕੇ ਦੇਹਲੀ ਸਾਡੀ ਚੜ੍ਹ ਲਏ*
*ਵੈਲੀ ਬਣ ਮਿੱਤਰਾ...*
*ਪੀ.ਜੀ.ਆਈ. ਮੈਂ ਭੇਜ ਕੇ ਛੱਡੂੰ ਗਿੱਟੇ ਦੇਣੇ ਭੰਨ*
*ਕੱਲੇ-ਕੱਲੇ ਦਾ ਪਾਊਂ ਘੜੀਸਾ ਲੱਤਾਂ ਬਾਹਾਂ ਬੰਨ੍ਹ*
*ਨੀਂ ਵਿਚ ਪਜੈਰੋ ਦੇ...*
*ਪਤਾ ਲੱਗੇ ਮੈਨੂੰ ਆਥਨ ਨੂੰ ਤੂੰ ਗੋਡਿਆਂ ਥੱਲੇ ਧਰ ਲੇ*
*ਆਖਰੀ ਵਾਰੀ ਛੱਡਦੇ ਤੇਰੇ ਕਰਦੇ ਹੋਣ ਉਹ ਤਰਲੇ*
*ਵੈਲੀ ਬਣ ਮਿੱਤਰਾ...*

*-ਮਿਸ ਪੂਜਾ+ਪ੍ਰੀਤ ਬਰਾੜ*

ਵਾਰਿਸ ਸਾਫ ਰੂਪ 'ਚ ਪੇਸ਼ ਕਰਦਾ ਹੈ ਕਿ ਰੰਨ ਸੱਤਾ ਦੇ ਕਬਜ਼ੇ 'ਚ ਆਈ ਤ੍ਰੀਮਤ ਦਾ ਨਾਂ ਹੈ। ਰੰਨ ਖਸਮ ਤੋਂ ਬਿਨਾਂ ਹੋਂਦ ਨਹੀਂ ਰੱਖਦੀ। ਖਸਮ ਜੋ ਪੁਰਖ ਤੰਤਰ 'ਚ ਮਾਲਕੀ ਦਾ ਪ੍ਰਤੀਕ ਹੈ। ਇਸ ਗੀਤ ਵਿਚ ਸਪੱਸ਼ਟ ਹੈ ਕਿ ਇਹ ਬੋਲਾਂ ਵਾਲੀ ਹੀਰ ਤ੍ਰੀਮਤ ਨਹੀਂ ਸਗੋਂ 'ਧੰਨ ਕੌਰ' ਜਿਹੀ ਵੈਲਣ ਹੈ ਅਤੇ ਜਿਸ ਦਾ ਰੁਪਾਂਤਰਣ ਮੰਡੀ 'ਚ ਸੱਤਾ ਮੁਕਾਬਲੇ ਲਈ ਅੱਤਿਆਚਾਰ ਨੂੰ ਉਤਸ਼ਾਹਿਤ ਕਰ ਰਿਹਾ ਹੈ। ਅੱਤਿਆਚਾਰ ਲਈ ਹਥਿਆਰ, 'ਵੀ.ਆਈ.ਪੀ.' (ਸਰਕਾਰੀ ਸੱਤਾ) ਨੰਬਰ (0001), ਪਜੈਰੋ ਸਭ ਸੱਤਾ ਬਣਨ ਦੇ ਪ੍ਰਤੀਕ ਹਨ। 0001 ਨੰਬਰ ਰਾਹੀਂ ਨੌਜੁਆਨ ਲੱਖਾਂ ਰੁਪਏ ਦਾ ਮੁਕਾਬਲਾ ਕਰਕੇ ਅਪਣੇ ਵੈਲੀ ਪ੍ਰਤੀਕ ਨੂੰ ਉਭਾਰਨ ਲੱਗਦੇ ਹਨ। ਵੈਲੀ ਲਈ ਹਿੰਸਕ ਜ਼ਿਹਨ ਹੀ ਨਹੀਂ ਵਿਖਾਵਾਕਾਰੀ ਦਿੱਖ ਦੀ ਲੋੜ ਵੀ ਪੈਂਦੀ ਹੈ ਤਾਂ ਕਿ ਦੂਸਰੀ ਵੈਲੀ ਸੱਤਾ ਉਸ ਤੋਂ ਖੌਫ ਖਾਵੇ। ਅਣਖ ਲਈ ਡੌਲਿਆਂ 'ਚ 'ਜਾਨ' ਚਾਹੀਦੀ ਹੈ ਅਤੇ ਡੌਲਿਆਂ ਦਾ ਵਿਖਾਵਾਕਾਰੀ ਰੂਪ ਜਿੰਮ 'ਚੋਂ ਪ੍ਰਾਪਤ ਹੁੰਦਾ ਹੈ। ਜਿੰਮ ਵਿਚਲੀ ਵਰਜ਼ਿਸ਼ ਸਰੀਰ ਨੂੰ ਤੰਦਰੁਸਤ ਤਾਂ ਬਣਾ ਸਕਦੀ ਹੈ ਪਰ ਤਾਕਤਵਾਰ ਨਹੀਂ। ਵਿਖਾਵਾਕਾਰੀ ਅਤੇ ਤਾਕਤੀ ਸਰੀਰ ਲਈ ਲੰਬੇ ਅਭਿਆਸ ਅਤੇ ਸਾਧਨਾ ਦੀ ਲੋੜ ਹੁੰਦੀ ਹੈ, ਪ੍ਰੰਤੂ ਸੱਤਾ ਪ੍ਰਾਪਤੀ ਦੀ ਚਾਹਤ ਵਾਲੇ ਇਸ ਭੋਗੀ ਨੌਜਵਾਨ ਕੋਲ ਏਨਾ ਸਬਰ ਤਾਂ ਹੋ ਨਹੀਂ ਸਕਦਾ, ਜਿਸ ਕਾਰਨ ਉਹ ਸਰੀਰ ਨੂੰ ਫੈਲਾਉਣ ਵਾਲੇ ਸਾਧਨ ਵਰਤਦਾ ਹੈ। ਇਸੇ 'ਚੋਂ ਬਹੁਕੌਮੀ ਕੰਪਨੀਆਂ ਦੇ ਸਟਰੌਇਡ, ਗੋਲੀਆਂ, ਟੀਕਿਆਂ, ਪਾਊਡਰਾਂ ਦੀ ਖਰੀਦ ਰਿਕਾਰਡ ਤੋੜ ਵਾਧਾ ਕਰਦੀ ਹੈ ਅਤੇ ਨੌਜੁਆਨ ਇਸੇ 'ਚੋਂ ਤਾਕਤ ਤਲਾਸ਼ਦੇ ਹਨ (ਡਬਲਿਊ ਡਬਲਿਊ ਐੱਫ ਦੇ ਭਲਵਾਨਾਂ/ਰੈਸਲਰਾਂ ਦੇ ਦਿਖਾਵਾਕਾਰੀ ਸਰੀਰ ਅਤੇ ਹਿੰਸਾ ਵੀ)। ਸਰੀਰ ਤਾਕਤ ਫੜਨ ਦੀ ਬਜਾਏ ਫੁੱਲਣ ਲੱਗਦਾ ਹੈ। ਫਿਲਮੀ 'ਨਾਇਕ' ਇਨ੍ਹਾਂ ਸਟਰੌਇਡ ਰਾਹੀਂ ਹੀ ਪ੍ਰਦਰਸ਼ਨਕਾਰੀ ਸਰੀਰ ਨੂੰ ਦ੍ਰਿਸ਼ 'ਚ ਨਗਨਤਾ ਲਈ ਪੇਸ਼ ਕਰਦੇ ਹਨ। ਸਲਮਾਨ ਨੇ ਅਪਣਾ ਝੱਗਾ ਉਦੋਂ ਫਿਲਮਾਂ 'ਚ ਉਤਾਰਿਆ ਜਦੋਂ ਸਟਰੌਇਡ ਨੇ ਉਸਦੇ ਸਰੀਰ ਨੂੰ ਵਿਖਾਵਾਕਾਰੀ ਪੱਧਰ 'ਤੇ ਲੈ ਆਂਦਾ। ਸੰਜੇ ਦੱਤ ਇਹਨਾਂ ਸਦਕਾ 'ਖਲਨਾਇਕ' ਬਣਕੇ ਨੰਗਾ ਹੋਇਆ। ਭਾਵ ਬਹੁ ਕੌਮੀ ਕੰਪਨੀਆਂ ਦਾ ਬਾਜ਼ਾਰ ਹਰ ਰੂਪ 'ਚ ਜਨ ਮਾਨਸ ਨੂੰ ਅਪਣੇ ਉਤਪਾਦਾਂ ਨਾਲ ਜੋੜਨ ਦਾ ਸੱਭਿਆਚਾਰ ਪੇਸ਼ ਕਰਦਾ ਹੈ। ਬੈੱਨ ਜੌਹਨਸਨ ਸਟਰੌਇਡ ਸਦਕਾ ਮੈਡਲ ਖੂਹਾ ਬੈਠਾ ਪ੍ਰੰਤੂ ਫਿਲਮੀ ਹੀਰੋ ਇਸੇ ਵਜ੍ਹਾ ਨਾਲ ਮੰਡੀ ਲਈ ਪ੍ਰੇਰਿਤ ਔਰਤ ਦਾ ਦਿਲ ਜਿੱਤ ਗਏ। ਦਿਲਚਸਪ ਗੱਲ ਇਹ ਹੈ ਕਿ ਇਹਨਾਂ ਜਿੰਮਾਂ/ ਸਟਰੌਇਡ 'ਚੋਂ ਪੈਦਾ ਹੋਈ ਵਿਖਾਵਾਕਾਰੀ ਸਰੀਰਕ 'ਤਾਕਤ' ਕਿਸੇ ਵੀ ਉਤਪਾਦਨ/ਪ੍ਰਤੀਰੋਧ 'ਚ ਢਲਣ ਦੀ ਬਜਾਏ ਅੱਤਿਆਚਾਰੀ ਹੁੰਦੀ ਹੋਈ ਜੋਕ (ਪੈਰਾਸਾਈਟ) ਦਾ ਰੂਪ ਧਾਰਦੀ ਸਮਾਜਿਕ ਬਦਅਮਨੀ ਬਣ ਜਾਂਦੀ ਹੈ ਅਤੇ ਕਿਰਤ 'ਚ ਰੁੱਝੇ ਹੱਥਾਂ ਲਈ ਖੌਫ ਦੀ ਚਾਦਰ ਤਾਣ ਦਿੰਦੀ ਹੈ। ਇਹਨਾਂ ਨਵੇਂ ਮੰਡੀਕ੍ਰਿਤ ਸੱਭਿਆਚਾਰਕ ਪ੍ਰਵਚਨਾਂ ਵਿਚ ਹਿੰਸਾ, ਅਨਾਰਕੀ ਸੱਤਾ ਦੇ ਮੁਕਾਬਲੇ ਵਿਚ ਲੱਗੇ ਲੋਕਾਂ ਦੀ ਮੁੱਖ ਲੋੜ ਹੁੰਦੀ ਹੈ।

*ਵੈਲੀਆਂ ਦੀ ਅੱਖ ਅੱਜ ਲਾਲ ਐ*

*ਕੋਈ ਬੰਦਾ ਬੁੰਦਾ ਮਾਰਨਾ ਤਾਂ ਦੱਸ*

*-ਬਾਲੀ ਰਿਆੜ*

*ਕਿਹੜਾ ਬੰਦਾ ਯਾਰਾਂ ਤੋਂ ਮਰਾਉਣਾ ਅੱਜ ਤੈਂ*
*ਨਿੱਤ ਨਿੱਤ ਬਿੱਲੋ ਨ੍ਹੀਂ ਲੜਾਈਆਂ ਹੋਣੀਆਂ*

*-ਰਾਏ ਜੁਝਾਰ*

*ਸਹੁੰ ਤੇਰੀ ਮੈਨੂੰ ਸੋਹਣੀਏ ਪਹਿਲਾਂ ਸੀ ਚੰਗਾ*
*ਰੱਜ ਕੇ ਕੁੜੇ ਸ਼ਰੀਫ ਸੀ ਨਾ ਕਰਦਾ ਦੰਗਾ*
*ਰਾਹ ਤੇਰਾ ਕੋਈ ਡੱਕ ਜੇ ਮੈਂ ਕਿੱਦਾਂ ਜਰਦਾ*
*ਹਿਟਲਰ ਬਣ ਗਿਆ ਸੋਹਣੀਏ, ਤੇਰੀ ਰਾਖੀ ਕਰਦਾ*

*-ਰਣਜੋਧ*

*ਯਾਰਾਂ ਦੇ ਸਿਰਾਂ 'ਤੇ ਹਥਿਆਰਾਂ ਦੇ ਸਿਰਾਂ 'ਤੇ*
*ਜਿੱਤੀਏ ਮੈਦਾਨ ਤਲਵਾਰਾਂ ਦੇ ਸਿਰਾਂ 'ਤੇ*
*ਹਿੱਕ ਦੀ ਜੁਅਰਤ ਨਾਲ ਫੈਸਲੇ ਕਰੀਦੇ*
*ਉੱਤੋਂ ਰੱਬ ਦੀ ਨਿਗਾਹ ਵੀ ਮਿਹਰਬਾਨ ਚਾਹੀਦੀ*
*ਗੈਰਾਂ ਦਿਆਂ ਸਿਰਾਂ 'ਤੇ ਨ੍ਹੀਂ ਹੁੰਦੀਆਂ ਲੜਾਈਆਂ*
*ਆਪਣੇ ਵੀ ਡੌਲਿਆਂ 'ਚ ਜਾਨ ਚਾਹੀਦੀ*

*-ਮੰਗੀ ਮਾਹਲ*

............................................
*ਅਪਣੀਆਂ ਬਾਹਾਂ ਉੱਤੇ ਰੱਬ ਜਿੱਡਾ ਮਾਣ*
*ਨਹੀਂ ਰੱਖਦੇ ਭਰੋਸਾ ਹਥਿਆਰਾਂ 'ਤੇ*
.........................................
*ਤੇਰੇ ਪਿੱਛੇ ਘੁੰਮਦੇ ਨੇ ਜਿਹੜੇ ਬਣੇ ਘੈਂਟ ਨੀਂ*
*ਚੜ੍ਹ ਗਏ ਜੇ ਹੱਥੇ ਸਾਲੇ ਸਾਰੇ ਦੇਣੇ ਫੈਂਟ ਨੀਂ*
*ਹਾਕੀਆਂ ਨਾ ਮਾਰ-ਮਾਰ*
*ਬਿਜਲੀ ਦੀ ਲੈ ਕੇ ਤਾਰ*
*ਜੱਟ ਫੇਰ ਛੱਡੂ ਚਾਰ ਚਾਲੀ ਦਾ ਕਰੰਟ ਨੀਂ*
*ਫੇਰ ਭਾਵੇਂ ਸਾਡੇ ਨਾਂ 'ਤੇ ਨਿਕਲੇ ਵਰੰਟ ਨੀਂ*

*-ਦਿਲਜੀਤ*

ਇਹਨਾਂ ਸਾਰੇ ਆਤੰਕੀ ਪ੍ਰਵਚਨਾਂ ਦਾ ਕੇਂਦਰੀ ਧੁਰਾ ਸੱਤਾ ਬਣਨਾ ਹੈ ਜੋ ਸਮਾਜਿਕ ਸਨਮਾਨ ਰਾਹੀਂ ਮਾਦਾ ਲਿੰਗਕਤਾ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਕਿਰਿਆ ਜਾਪਦਾ ਹੈ, ਕਿਉਂਕਿ ਉਹ ਅਪਣੀ ਤਾਕਤ ਨੂੰ ਪ੍ਰਗਟਾਉਂਦਾ 'ਨੀਂ' ਨੂੰ ਸੰਬੋਧਤ ਹੋ ਕੇ ਹੀ ਹੈ। ਭਾਵ ਹਰ ਪ੍ਰਤੀਕ ਸੱਤਾ ਰਾਹੀਂ ਔਰਤ ਦੀ ਲਿੰਗਕ ਸੱਤਾ ਨੂੰ ਜਿੱਤ ਕੇ ਕਬਜ਼ੇ 'ਚ ਕਰਨ ਨੂੰ ਹੀ ਚਿਹਨਤ ਕਰਦਾ ਹੈ। ਔਰਤ ਦੇ ਉਪਭੋਗ ਲਈ ਇਹ ਕੀਮਤ ਤੈਅ ਕਰਨ ਦੇ ਸੰਕੇਤ ਸਦਕਾ ਨਾਰੀ ਵਸਤੂ ਦੀ ਸਥਿਤੀ 'ਚ ਡਿੱਗ ਕੇ ਮੰਡੀ ਵਿਚਲੀਆਂ ਸੱਤਾਵਾਂ ਦੁਆਰਾ ਭੋਗਣ ਦੀ ਵਸਤੂ ਬਣ ਜਾਂਦੀ ਹੈ। ਅੱਜ ਗੀਤਾਂ ਰਾਹੀਂ ਜੱਟੀ ਆਜ਼ਾਦ ਹੀ ਨਹੀਂ ਹੋਰਾਂ ਉਪਰ ਸੱਤਾ ਕਾਇਮ ਕਰਨ ਵਾਲੀ ਨਾਰੀ ਵਜੋਂ ਸੰਬੋਧਤ ਹੁੰਦੀ ਹੈ ਤਾਂ ਇਹ ਵੈਲੀ ਕਿਸ ਔਰਤ ਲਈ ਲੜ ਰਹੇ ਹਨ? ਸੁਆਲ ਦਾ ਜੁਆਬ ਸੁਆਲ ਵਿਚ ਮੌਜੂਦ ਹੈ। ਅੱਜ ਦੇ ਇਸ ਮੀਡੀਆ ਸੱਭਿਆਚਾਰ ਵਿਚ 'ਹੋਰ' (ਅਦਰ) ਔਰਤ ਸਿਰਫ ਭੋਗਣ ਵਾਲੀ ਵਸਤੂ ਹੈ ਅਤੇ ਲਾਫਟਰ ਚੈਨਲ ਇਹ ਖੁੱਲ੍ਹ ਲੈ ਇਸ ਸਥਿਤੀ ਨੂੰ ਪੋਰਨੋਗਰਾਫੀ ਤੱਕ ਹੇਠਾਂ ਸੁੱਟ ਦਿੰਦੇ ਹਨ। ਵਿਡੰਬਨਾ ਇਹ ਹੈ ਕਿ ਉਹ ਲਿੰਗਕ ਕਿਰਿਆ ਸਿਰਫ ਹਾਸਾ ਪੈਦਾ ਕਰਨ ਲਈ ਕਰਦੇ ਹਨ। "ਅਜਿਹਾ ਹਾਸਾ ਹੱਸਦੇ ਹੋਏ ਤਮਾਸ਼ਈ ਮਾਨਵਤਾ ਦੀ ਪੈਰੋਡੀ ਜਾਪਦੇ ਹਨ।"6 ਔਰਤ ਦੀ ਲਿੰਗਕਤਾ ਚੌਰਾਹੇ ਵਿਚ ਪੋਰਨੋਗਰਾਫਿਕ ਰੂਪ ਧਾਰ ਲੈਂਦੀ ਹੈ, "ਲਿੰਗੀ ਜਨ ਉਤਪਾਦਨ ਆਪਣੇ ਆਪ ਹੀ ਆਪਣੇ ਦਮਨ ਰੂਪ ਨੂੰ ਸਵੀਕਾਰ ਕਰ ਲੈਂਦਾ ਹੈ।"7 ਜਦੋਂ 'ਮੁੰਨੀ ਬਦਨਾਮ ਹੂਈ ਡਾਰਲਿੰਗ ਤੇਰੇ ਲੀਏ' ਗੀਤ ਨੂੰ ਭਾਰਤੀ ਸਮਾਜ ਵਿਚ ਕੇਂਦਰੀ ਸਥਾਨ ਪ੍ਰਾਪਤ ਹੁੰਦਾ ਹੈ ਤਾਂ ਉਹ ਸਿਰਫ 'ਮੁੰਨੀ' ਦੀ ਲਿੰਗਕਤਾ ਨੂੰ ਹੀ ਹਾਸ਼ੀਏ ਤੋਂ ਕੇਂਦਰ 'ਚ ਲੈ ਕੇ ਆਉਂਦਾ ਹੈ ਭਾਵ ਹਾਸ਼ੀਆਗਤ 'ਮੁੰਨੀ' ਆਪਣੀ ਲਿੰਗਕਤਾ ਨੂੰ ਤਾਂ ਕੇਂਦਰ ਵਿਚ ਲਿਆ ਸਕਦੀ ਹੈ ਪਰ ਆਪ ਹਾਸ਼ੀਆਗਤ ਹੀ ਰਹੇਗੀ। ਮੰਡੀ ਉਤੇ ਕਾਬਜ਼ ਸੱਤਾਵਾਂ/ਜੇਬਾਂ ਲਈ ਇਸ ਲਾਜ਼ੀਜ਼ ਜਿਸਮ (ਸ਼ਬਾਬ) ਦਾ ਭੰਡਾਰ ਮਾਣ ਨਾਲ ਪ੍ਰੋਸੇ ਜਾਣ ਲਈ ਤਿਆਰ ਹੈ। ਉਹ ਮਰਦ ਦੇ ਕਾਮੁਕ ਸੰਕਟ ਵਿਚ "ਜੰਡੂ ਭਾਮ" ਵਰਗੀ ਨਿਖਿੱਧ ਔਸ਼ਧੀ ਹੋ ਕੇ ਵੀ ਰਾਹਤ ਦਿੰਦੀ ਹੈ। ਮੁੰਨੀ ਦਾ ਲਾਜ਼ੀਜ਼ ਜਿਸਮ ਜੇਬਾਂ ਨੂੰ ਰਾਹਤ ਬਖਸ਼ਦਾ ਹੈ। 'ਸ਼ੀਲਾ ਦੀ ਜਵਾਨੀ' ਨੇ ਤਾਂ ਇਸ ਲਿੰਗਕ ਕਾਰੋਬਾਰ 'ਚ ਗਤੀ ਬਖਸ਼ ਦਿੱਤੀ ਅਤੇ ਜੇਬਾਂ ਇਹ ਕਹਿੰਦੀਆਂ ਹਨ ਕਿ

*ਸ਼ੀਲਾ ਹੋ ਜਾਂ ਮੁੰਨੀ, ਅਸੀਂ ਤਾਂ ਲੈਣੀ ਚੁੰਮੀ*
*ਅਸੀਂ ਤਾਂ ਲੈਣੀ ਚੁੰਮੀ, ਸ਼ੀਲਾ ਹੋ ਜਾਂ ਮੁੰਨੀ।*

*-ਦਲੇਰ ਮਹਿੰਦੀ*

ਭਾਵ ਜੇਬਾਂ/ਸੱਤਾਵਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿਸ ਦਾ ਜਿਸਮ ਹੈ, ਬਸ 'ਉਪਭੋਗ' ਹੀ ਜੇਬ ਦੀ ਲੋੜ ਬਣ ਗਿਆ ਹੈ ਅਤੇ ਇਹ ਜੇਬਾਂ ਵਿਚਲੇ ਤੂਫਾਨ ਦੀ ਭਟਕਣਾ ਸ਼ੀਲਾ, ਮੁੰਨੀ ਰਾਹੀਂ ਸਕੂਨ ਤਲਾਸ਼ਦੀ ਹੈ। ਹਾਸ਼ੀਆਗਤ ਔਰਤ ਆਪਣੇ ਵਸਤੂ ਜਿਸਮ ਦੀ ਬਦੌਲਤ ਮੰਡੀ ਉਪਭੋਗ ਲਈ 'ਕਿਰਿਆਸ਼ੀਲ' ਹੋਣ ਲਗਦੀ ਹੈ ਅਤੇ ਇਹ ਹਾਸ਼ੀਆਗਤ ਜਿਸਮ ਵਸਤਾਂ ਦੀ ਚਕਾਚੌਂਧੀ 'ਮਜਬੂਰੀ' ਸਦਕਾ ਵਸਤ ਵਜੋਂ ਪ੍ਰਕਿਰਿਆ ਕਰਨ ਲਗਦੇ ਹਨ। ਮੰਡੀ

ਦਾ "ਔਸ਼ਧੀ ਇਸ਼ਨਾਨ" ਘਰਾਂ ਦੇ ਬੈੱਡਰੂਮ ਨੂੰ ਸਿੱਧਾ 'ਹੀਰਾ ਮੰਡੀ' ਨਾਲ ਜੋੜ ਦਿੰਦਾ ਹੈ। ਜਿੱਥੇ ਮਾਣ ਨਾਲ ਇਹ ਪੇਸ਼ ਕੀਤਾ ਜਾਂਦਾ ਹੈ ਕਿ 'ਸ਼ੀਲਾ ਹੋ ਜਾਂ ਮੁੰਨੀ, ਅਸੀਂ ਤਾਂ ਲੈਣੀ ਚੁੰਮੀ'। ਚੁੰਮੀ ਕਿਸ ਚੀਜ਼ ਦਾ ਅਰਥ ਸੰਚਾਰ ਕਰਦੀ ਹੈ, ਪੰਜਾਬੀ ਬੰਦਾ ਇਸ ਬਾਰੇ ਬਹੁਤ ਚੇਤੰਨ ਹੈ। ਅੱਜ ਔਰਤ ਨੂੰ ਸਿਰਫ ਧਨ ਦੀ ਵਟਾਂਦਰਾ ਦਰ ਬਣਾ ਦਿੱਤਾ ਗਿਆ ਹੈ। ਪੰਜਾਬ ਵਿਚ ਤਾਂ ਇਹ ਸਿੱਖਿਅਤ ਅਦਾਰਿਆਂ ਵਿਚਲੀ ਨਾਰੀ ਨੂੰ ਵੀ ਮਰਦ ਦੇ ਹਾਬੜੇ ਲਈ ਖੁੱਲ੍ਹੇਆਮ ਮੰਡੀ ਵਿਚ ਧੱਕ ਦਿੰਦਾ ਹੈ, ਬਾਸ਼ਰਤੇ ਕਿ ਉਸ ਨੂੰ ਮਰਦ ਸੱਤਾਵਾਂ ਦੀ ਜੇਬ ਨੂੰ ਵਰਤਣਾ ਆਉਂਦਾ ਹੋਵੇ।

*ਤੂੰ ਜੱਟ ਨੂੰ ਕੰਗਾਲ ਕਰਕੇ*
*ਹੁਣ ਕੀਹਦੇ ਬਟੂਏ ਨੂੰ*
*ਵਾਢਾ ਲਾ ਲਿਆ।*

ਪੰਜਾਬੀ ਗਾਇਕੀ ਔਰਤ ਨੂੰ ਮੰਡੀ 'ਚ ਆਪਣਾ ਭਾਅ ਵਧਾਉਣ ਲਈ ਹੁਸਨ ਮੰਡੀ ਦਾ ਗੁਰ ਸਮਝਾਉਂਦੀ ਹੈ। ਇੱਥੇ "ਮੁਹੱਬਤ ਰੁਮਾਂਸ ਦੀ ਪੱਧਰ ਤੱਕ ਹੇਠਾਂ ਨਿੱਘਰ ਜਾਂਦੀ ਹੈ।"8 ਭਾਵ ਰੁਮਾਂਸ ਹੀ ਮੁਹੱਬਤ ਦਾ ਰੂਪ ਧਾਰ ਕੇ ਜ਼ਿਹਨ ਨੂੰ ਆਪਣੇ ਵੱਸ 'ਚ ਕਰ ਲੈਂਦਾ ਹੈ। ਉਤਪਾਦਨਹੀਣ ਅਤੇ ਮੰਡੀ ਦੀ ਜੋਕ ਰੂਪੀ ਸੱਤਾ ਨੂੰ ਵਡਿਆਉਣ ਵਾਲਾ ਵਿਅਕਤੀ ਮੁਹੱਬਤ ਨੂੰ ਵਪਾਰ ਵਜੋਂ ਲੈਂਦਾ ਹੈ। ਇਸੇ ਲਈ ਔਰਤ ਨਖਰੇ ਦੇ ਚਿਹਨ ਉਪਰ ਜ਼ੋਰ ਦੇ ਕੇ ਆਪਣੀ ਕੀਮਤ ਵਿਚ ਵਾਧਾ ਕਰਦੀ ਹੈ। ਨਖਰਾ ਮਰਦ ਸੱਤਾ ਦੀ ਵਸਤੂ ਪ੍ਰਾਪਤ ਕਰਨ ਦੀ ਹਉਮੈ ਨੂੰ ਸੱਟ ਮਾਰਦਾ ਹੈ। ਸੱਤਾਵਾਂ 'ਨਖਰੇ' ਦੀ ਬੋਲੀ ਵਧਾਉਂਦੀਆਂ ਜਾਂਦੀਆਂ ਹਨ।

*ਸੋਹਣੀ ਜੀ ਸ਼ਕਲ ਹੋਵੇ ਤਾਂ,*
*ਥੋੜ੍ਹੀ ਜਿਹੀ ਅਕਲ ਹੋਵੇ ਤਾਂ*
*ਸਿੱਟਿਆਂ 'ਤੇ ਆਈ,*
*ਜੋਬਨ ਦੀ ਫਸਲ ਹੋਵੇ ਤਾਂ*
*ਮੁੰਡੇ ਖੁੰਡੇ ਕੁਰਬਾਨ ਪਲ ਪਲ ਹੁੰਦੇ ਨੇ*
*ਵੇ ਸਾਰੇ ਮਸਲੇ ਸੋਹਣਿਆ*
*ਅੱਖ ਦੇ ਇਸ਼ਾਰੇ ਨਾਲ ਹੱਲ ਹੁੰਦੇ ਨੇ*
*ਵੇ ਸਾਰੇ ਮਸਲੇ ਸੋਹਣਿਆ*

*ਟੌਅਰ ਦਾ ਕੀ ਫਾਇਦਾ*
*ਪਿੱਛੇ ਲੱਗੇ ਨਾ ਬਾਜ਼ਾਰ ਜੇ*
*ਉਹ ਕਾਹਦਾ ਨਖਰਾ,*
*ਜੋ ਗੱਭਰੂ ਸਹਾਰ ਜੇ*
*ਸੁਰਮਾ ਜੇ ਪਾਉਣਾ ਆਵੇ*
*ਪਾ ਕੇ ਮਟਕਾਉਣਾ ਆਵੇ*
*ਹੁੰਦਾ ਕੀ ਨਈਓ*
*ਆਉਂਦੇ ਜਦੋਂ ਵੱਲ ਹੁੰਦੇ ਨੇ*
*ਵੇ ਸਾਰੇ ਮਸਲੇ ਸੋਹਣਿਆ*
*ਅੱਖ ਦੇ ਇਸ਼ਾਰੇ ਨਾਲ ਹੱਲ ਹੁੰਦੇ ਨੇ*

*–ਮਿਸ ਨੀਲਮ*

ਇਹ ਸਾਰੇ ਪ੍ਰਤੀਕ ਸੱਭਿਆਚਾਰ ਵਿਚ ਇਕ ਰਕਾਨ ਦੀ ਸਰਦਾਰੀ ਸਿੱਧ ਕਰਨ ਦੇ ਪ੍ਰਤੀਕ ਹੁੰਦੇ ਨੇ ਅਤੇ ਇਹਨਾਂ ਦਾ ਪ੍ਰਗਟਾਵਾ ਰਕਾਨ ਦੀ ਹੋਂਦ ਸਿੱਧ ਕਰਨ ਦਾ ਸਾਮੰਤੀ ਮਾਧਿਅਮ ਹੈ, ਪ੍ਰੰਤੂ ਇੱਥੇ ਇਹ ਸਾਰੇ ਚਿਹਨਾਂ ਦੇ ਅਰਥ ਬਾਜ਼ਾਰ ਵਿਚ ਖੁੱਲ੍ਹਦੇ ਹਨ। ਮਰਦ ਵੱਲੋਂ ਪੇਸ਼ ਕੀਤੇ ਜਾ ਰਹੇ ਸੱਤਾ ਬਣਨ ਦੇ ਚਿਹਨਾਂ ਦੇ ਐਨ ਬਰਾਬਰ ਸੱਤਾ ਨੂੰ ਨਾਰੀ ਦੇ ਰੁਮਾਂਸ ਉੱਤੇ ਕੇਂਦਰਿਤ ਕਰਾਉਣ ਲਈ ਮੰਡੀ ਦੇ ਵੱਲ ਸਿਖਾਏ ਜਾ ਰਹੇ ਹਨ। ਉਸ ਔਰਤ ਦਾ ਕੀ ਫਾਇਦਾ ਜੇ ਉਹ ਬਾਜ਼ਾਰ ਨੂੰ ਆਕਰਸ਼ਿਤ ਨਹੀਂ ਕਰ ਸਕਦੀ ਭਾਵ ਮੰਡੀ ਵਿਚ ਨਾਰੀ ਲਈ ਭਿੜਦੀਆਂ ਮਰਦ ਸੱਤਾਵਾਂ 'ਚੋਂ ਔਰਤ ਨੂੰ ਆਪਣੇ ਵਸਤੂ ਰੂਪ ਦੇ ਨਿਖਾਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਕਿ ਉਹ ਆਪਣੀ ਕੀਮਤ ਵਧਾ ਸਕੇ, ਕਿਉਂਕਿ ਵਸਤੂ ਦਾ ਆਕਰਸ਼ਣ ਮੰਡੀ ਦਾ ਪਹਿਲਾ ਅਸੂਲ ਹੈ। ਇਹ ਮੰਡੀ ਜਜ਼ਬਾਤ ਨੂੰ ਧਰਤ 'ਚ ਡੂੰਘੇ ਦਫਨ ਕਰ ਦਿੰਦੀ ਹੈ, ਕਿਉਂਕਿ ਜਜ਼ਬਾਤ ਮੁਹੱਬਤ ਪੈਦਾ ਕਰਦੇ ਹਨ। ਮੁਹੱਬਤ ਸਨੇਹ ਰਾਹੀਂ ਬੰਦੇ ਨੂੰ ਮਾਨਵੀ ਸ਼ਕਲ 'ਚ ਢਾਲਦੀ ਵਸਤੂਆਂ ਦੀ ਹੋਂਦ ਦਾ ਨਾਕਾਰ ਬਣ ਜਾਂਦੀ ਹੈ ਅਤੇ ਮੁਹੱਬਤ ਸਥਾਪਿਤ ਤੰਤਰ ਲਈ ਖਤਰਾ ਬਣ ਜਾਂਦੀ ਹੈ। ਇਸੇ ਕਰਕੇ ਮੰਡੀ ਔਰਤ/ਮਰਦ ਨੂੰ ਜਜ਼ਬਾਤ ਮੁਕਤ ਕਰਨ ਲਈ ਸਿਰ ਪਰਨੇ ਹੈ। ਵੈਲੀਆਂ ਦੀ ਸੱਤਾ ਡਫੀਰ ਮਾਰਨ 'ਤੇ ਖੜ੍ਹੀ ਹੈ। ਇੱਥੇ ਔਰਤ ਕਹਿ ਰਹੀ ਹੈ ਕਿ ਮੇਰੇ ਵਰਗੇ ਡਫੀਰ ਮਾਰਨੇ ਚਿਹਨੀ ਕੀਮਤ ਵਿਚ ਵਾਧਾ ਕਰਦੇ ਹਨ।

*ਹੁੰਦੀ ਨਾ ਇਮੋਸ਼ਨਲ ਮਾਡਰਨ ਹੀਰ ਵੇ*
*ਬਣ ਕੇ ਵਿਖਾ ਨਾ ਬਹੁਤਾ ਮੇਰੇ ਜੇ ਡਫੀਰ ਵੇ*
*ਬਹਿ ਜਾਈਂ ਨਾ ਕਟਾ ਕੇ ਕਿਤੇ ਨੋਜ਼ ਮੁੰਡਿਆ ਵੇ*
*ਐਨੀ ਛੇਤੀਂ ਨਈ ਓ ਹੋਈਦਾ ਕਲੋਜ਼ ਮੁੰਡਿਆ ਵੇ*

*–ਮਿਸ ਨੀਲਮ*

ਅਜਿਹੇ ਸਮਾਜਾਂ 'ਚ ਹੀ ਸ਼ਬਦ ਇਤਿਹਾਸ ਮੁਕਤ ਹੋ ਜਾਂਦੇ ਹਨ। ਜਿਸਨੂੰ ਉੱਤਰ-ਆਧੁਨਿਕਤਾਵਾਦੀ ਚਿੰਤਕ ਅਰਥ ਮੁਕਤ (ਮੁਲਤਵੀ ਹੁੰਦਿਆਂ ਹੋਇਆਂ ਅਰਥਾਂ ਤੋਂ ਮੁਕਤ ਹੋ ਜਾਣਾ) ਕਰਾਰ ਦਿੰਦੇ ਹਨ, ਕਿਉਂਕਿ ਚਿਹਨ ਅਰਥ ਦੇ ਸੰਕੇਤ ਕਰਨ ਤੋਂ 'ਇਨਕਾਰੀ' ਹੋ ਜਾਂਦੇ ਹਨ। "ਹਿਟਲਰ ਬਣ ਗਿਆ ਸੋਹਣੀਏ ਨੀਂ ਤੇਰੀ ਰਾਖੀ ਕਰਦਾ।" ਇੱਥੇ ਹਿਟਲਰ ਦੇ ਫਾਸ਼ੀਵਾਦੀ ਇਤਿਹਾਸ 'ਚ ਕਰੋੜਾਂ ਮਨੁੱਖਾਂ ਦਾ ਕਤਲੇਆਮ ਅਦ੍ਰਿਸ਼ਟ ਹੋ ਇਕ ਤੁਛ ਜਿਹਾ ਕਾਰਜ ਬਣ ਜਾਂਦਾ ਹੈ। ਕੋਈ ਵੀ ਆਪਣੀ ਅਣਖ ਦੀ ਖਾਤਿਰ ਹਿਟਲਰ ਹੋ ਸਕਦਾ ਹੈ। ਇਹ "ਅਣਖ" ਆਪਣੇ ਹਿਟਲਰ ਹੋ ਜਾਣ ਦੀ ਪ੍ਰਕਿਰਿਆ ਨੂੰ ਨਮੋਸ਼ੀ ਭਰੀ ਜਾਂ ਅਮਾਨਵੀ ਰੂਪ ਵਜੋਂ ਕਬੂਲਣ ਦੀ ਬਜਾਏ ਅਣਖ ਦੇ ਫਾਸ਼ੀਵਾਦੀ ਰੁਝਾਨ 'ਚ ਵਾਧਾ ਕਰਦੀ ਹੈ ਕਿ ਕਿਸੇ ਔਰਤ ਦੀ ਲਿੰਗਕਤਾ ਆਜ਼ਾਦ ਕਿਵੇਂ ਹੋ ਸਕਦੀ ਹੈ? ਉਸ ਦੇ ਨਿਯੰਤ੍ਰਣ ਲਈ ਰਾਖੀ ਕਰਦਿਆਂ ਹਿਟਲਰ ਦੇ ਫਾਸ਼ੀਵਾਦੀ ਰੁਝਾਨ ਤੱਕ ਪਹੁੰਚਿਆ ਜਾ ਸਕਦਾ ਹੈ। ਸੱਤਾ ਲਿੰਗਕ ਨਿਯੰਤ੍ਰਣ 'ਚੋਂ ਬਾਹਰ ਜਾਣ ਦੇ ਸਾਰੇ ਰਸਤੇ ਬੰਦ ਕਰਦਿਆਂ ਫਾਸ਼ੀਵਾਦ ਤੱਕ ਪਹੁੰਚਦੀ ਹੈ (ਜਰਮਨ ਫਾਸ਼ੀਵਾਦ ਔਰਤ ਨੂੰ ਮਸ਼ੀਨ ਵਜੋਂ ਪ੍ਰਭਾਸ਼ਿਤ ਕਰਦਾ ਹੈ ਜੋ ਮਰਦ ਦੇ ਨਿਯੰਤ੍ਰਣ 'ਚ ਹੁੰਦੀ ਹੈ) ਬੱਬੂ ਮਾਨ ਨਲੂਆ ਵੱਲੋਂ ਅਫਗਾਨ ਇਲਾਕੇ 'ਚ ਕੀਤੇ ਅੱਤਿਆਚਾਰ ਨੂੰ ਜੱਟਾਂ ਦੀ ਵਡਿਆਈ ਦੱਸਦਾ ਹੈ ਅਤੇ 'ਮੌਤ ਦੇ ਵਪਾਰੀ' ਭਾਵ ਫਾਸ਼ੀਵਾਦ ਦੀ ਲੋੜ ਨੂੰ ਮਹਿਸੂਸ ਕਰਾਉਂਦਾ ਹੈ। ਗੌਰਵ ਨੇ ਭਿੜਦਿਆਂ ਹੋਇਆਂ ਅੰਤਿਮ ਰੂਪ 'ਚ ਫਾਸ਼ਿਸਟ ਭਾਵ ਮੌਤ ਦੇ ਵਪਾਰੀ ਹੀ ਬਣਨਾ ਹੁੰਦਾ ਹੈ। ਇਸੇ ਲਈ ਉਸਨੂੰ ਅਪਣੇ ਗੌਰਵ ਲਈ ਇਤਿਹਾਸ ਦੀ ਵੀ ਭੰਨ ਤੋੜ ਕਰਨੀ ਪੈਂਦੀ ਹੈ। ਗੌਰਵ ਲਈ ਕਾਮਾ ਜਗਤ ਦਾ ਕਤਲੇਆਮ ਇਤਿਹਾਸ 'ਚ ਮਾਣਯੋਗ ਪ੍ਰਾਪਤੀ ਬਣ ਜਾਂਦਾ ਹੈ।

*ਮਰਨੋਂ ਮੂਲ ਨਾ ਡਰਦੇ ਨੀਂ ਜਿਹੜੇ ਮੌਤ ਦੇ ਵਪਾਰੀ ਨੇ*
*ਆ ਅਫਗਾਨ ਜਿਨ੍ਹਾਂ ਨਾ ਲੜ ਕੇ ਗੋਰੇ ਵੀ ਅੱਜ ਥੱਕੇ*
*ਹਰੀ ਸਿੰਘ ਨਲੂਏ ਨੇ ਕੀਤਾ ਰਾਜ ਤੇ ਤੋੜੇ ਨੱਕੇ*
*ਸੌਂ ਜਾ ਪੁੱਤਰਾ ਸੌਂ ਜਾ ਸਿੰਘਾਂ ਦੇ ਹੱਥ ਬੜੇ ਭਾਰੀ ਨੇ*

*ਦੁਨੀਆਂ ਜਿੱਤਣ ਆਇਆ ਸਿਕੰਦਰ ਲੈ ਕੇ ਭਾਰੀ ਫੋਰਸ*
*ਵੜਿਆ ਜਦ ਪੰਜਾਬ 'ਚ ਮੂਹਰੇ ਟੱਕਰ ਗਿਆ ਜੱਟ ਪੋਰਸ*
*ਹਾਰ ਕੇ ਵੀ ਜਿੱਤ ਲਿਆ ਸਿਕੰਦਰ ਆਖਿਰ ਬਲਹਾਰੀ ਨੇ।*
*ਮਰਨੋਂ ਮੂਲ ਨਾ...*

*-ਬੱਬੂ ਮਾਨ*

ਇਹ ਇਤਿਹਾਸ ਮੁਕਤ ਤਾਰੀਖ ਹੈ, ਕਿਉਂਕਿ ਜੱਟਾਂ ਨੂੰ ਪੰਜਾਬ ਦਾ ਮਾਣ ਅਤੇ ਗੌਰਵ ਬਣਾਉਣ ਲਈ ਪੋਰਸ ਨੂੰ ਜੱਟ ਬਣਾਉਣਾ ਜ਼ਰੂਰੀ ਸੀ। ਬੱਬੂ ਮਾਨ ਇਹ ਪੇਸ਼ ਕਰਨਾ ਚਾਹੁੰਦਾ ਹੈ ਕਿ ਬਹੁਤ ਸਦੀਆਂ ਤੋਂ ਜੱਟ ਹੀ ਪੰਜਾਬ ਦਾ ਗੌਰਵ ਰਹੇ ਹਨ ਅਤੇ ਹੋਰ ਜਨਜਾਤੀ ਕਬੀਲੇ, ਕਬੀਲਿਆਂ ਦੇ ਗੌਰਵ ਪੰਜਾਬ ਲਈ ਸੰਘਰਸ਼ਸ਼ੀਲ ਨਹੀਂ ਸਨ। ਇਸ ਲਈ ਪੋਰਸ ਦੇ ਸਿਕੰਦਰ ਅੱਗੇ ਗੋਡੇ ਟੇਕਣ ਦੀ ਬਜਾਏ ਉਸ ਨੂੰ ਜੱਟ ਸਿੱਧ ਕਰਨ ਲਈ ਲੜਾਕੂ ਜਰਨੈਲ ਬਣਾ ਦਿੱਤਾ ਗਿਆ ਹੈ। ਮਿੱਥ ਹੀ ਸੂਰਮੇ ਦੀ ਸਮਾਜ ਵਿਚ ਸੱਤਾ ਸਥਾਪਤ ਕਰਦੀ ਹੈ ਅਤੇ ਇਹ ਗੀਤ ਚਿਹਨਾਂ ਦੁਆਲੇ ਮਿੱਥ ਲਿਪੇਟਦੇ ਜੱਟ/ਵੈਲੀ ਨੂੰ ਗੌਰਵਮਈ ਬਣਾ ਦਿੰਦੇ ਹਨ। ਅਸਲ 'ਚ ਇਹ ਕਬੀਲਾਈ ਮਾਨਸਿਕਤਾ ਦਾ ਮੰਡੀ ਯੁੱਗ ਨਾਲ ਸਿੱਧਾ ਰਾਬਤਾ ਹੈ। ਭਗਤ ਸਿੰਘ ਕੁਰਬਾਨੀਆਂ ਕਰਨ ਵਾਲੇ ਇਸੇ ਪੰਜਾਬ ਨੂੰ "ਰਾਜਨੀਤਕ ਪਛੜੇਵੇਂ" 'ਚ ਨਿੱਘਰਿਆ ਕਰਾਰ ਦਿੰਦਾ ਹੈ। ਅੱਜ ਬਾਜ਼ਾਰ ਵਿਚ ਭਗਤ ਸਿੰਘ ਐਨ ਅਪਣੇ ਉਲਟ ਵਿਚਾਰਾਂ 'ਚ ਖਪਤ ਹੋ ਰਿਹਾ ਹੈ। ਉਸ ਦਾ ਬਿੰਬ ਮੰਡੀ ਲਈ ਲਾਹੇਵੰਦਾ ਸਾਬਤ ਹੋਇਆ ਹੈ ਅਤੇ ਵੈਲੀਆਂ 'ਚ ਮਾਣ ਭਰਨ ਦਾ ਮਾਰਗ ਵੀ ਹੈ। ਭਗਤ ਸਿੰਘ ਮੰਡੀ ਵਿਚ ਵੈਲੀ/ਡਾਕੂ/ਜੱਟ ਗੌਰਵ ਵਜੋਂ 'ਸੱਟੇ ਦੀ ਪੂੰਜੀ' ਨੂੰ ਸਿੰਜ ਰਿਹਾ ਹੈ।

*ਉਧਮ, ਭਗਤ, ਕਰਤਾਰ ਅਸੀਂ ਹਾਂ*
*ਸਾਰੀ ਦੁਨੀਆਂ 'ਚ ਸਰਦਾਰ ਅਸੀਂ ਹਾਂ*
*ਪਤਾ ਡੋਗਰਾਂ ਨੂੰ ਅਸੀਂ ਜੱਟ ਜਿਊਣ ਹੁੰਨੇ ਆਂ*
*ਸਾਨੂੰ ਦੱਸਣਾ ਨਹੀਂ ਪੈਂਦਾ ਅਸੀਂ ਕੌਣ ਹੁੰਨੇ ਆਂ*

*-ਕੇ.ਐੱਸ.ਮੱਖਣ*

ਭਗਤ ਸਿੰਘ ਦਾ ਮਾਰਕਸਵਾਦੀ ਬਣਨ ਦਾ ਫਲਸਫਾ ਮੰਡੀ ਦੇ ਗੌਰਵੀ ਤੰਤਰ ਦੀ ਭੇਟ ਚੜ੍ਹਕੇ ਸਰਦਾਰ/ਵੈਲੀ/ਜੱਟ ਦੀ ਅਣਖ ਦੇ 'ਹਾਣ' ਦਾ ਹੋ ਜਾਂਦਾ ਹੈ। ਸਰਦਾਰ/ਜੱਟ/ਵੈਲੀ ਜਿਸ ਕਿਰਤੀ ਨੂੰ ਦੁੱਕੀ ਤਿੱਕੀ ਵਜੋਂ ਸੰਬੋਧਿਤ ਹਨ ਭਗਤ ਸਿੰਘ ਉਸੇ ਜਮਾਤ ਦਾ ਨਾਇਕ ਹੈ, ਜਿਸ ਨੂੰ ਮੰਡੀ ਦੌਰ ਵਿਚ ਹੂੰਝ ਕੇ ਇਤਿਹਾਸ ਮੁਕਤ ਕਰ ਦਿੱਤਾ ਜਾਂਦਾ ਹੈ। ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਜਿਊਣੇ ਜਿਹੇ ਡਕੈਤ ਦੇ ਪੱਧਰ 'ਤੇ ਹੇਠਾਂ 'ਡਿੱਗ' ਪੈਂਦੇ ਹਨ। ਸੂਸਾਨ ਸੰਟੋਗ ਨੇ ਅਜਿਹੇ ਵਰਤਾਰੇ ਨੂੰ ਉਪਭੋਗਤਾਵਾਦ ਦੀ ਦੇਣ ਦੱਸਿਆ ਸੀ:

*"ਇਤਿਹਾਸ ਦੀ ਸਮਰਿਤੀ ਨੂੰ ਜਦੋਂ ਅਸੀਂ ਗਵਾ ਦਿੰਦੇ ਹਾਂ ਤਾਂ ਪੁਰਾਣੇ ਚਿਹਨ ਅਤੇ ਪ੍ਰਤੀਕ ਦੁਬਾਰਾ ਅਰਥ ਬਦਲ ਕੇ ਸਾਡੇ ਇਸ ਜੀਵਨ ਵਿਚ ਪਰਤ ਆਉਂਦੇ ਹਨ। ਹਿਟਲਰ ਦੇ ਸਮੇਂ ਫੌਜੀ ਵਰਦੀ, ਹੈਲਮੇਟ, ਚਮੜੇ ਦੇ ਜੈਕੇਟ, ਆਤੰਕ ਅਤੇ ਪਸ਼ੂਪੁਣੇ ਦੇ ਪ੍ਰਤੀਕ ਸੀ। ਇਹ ਸਾਰੀਆਂ ਚੀਜ਼ਾਂ ਪੱਛਮ ਦੇ ਖਾਦੇ-ਪੀਂਦੇ ਸਮਾਜ ਵਿਚ ਅੱਜ 'ਪੌਪ ਆਰਟ' ਤਹਿਤ ਸੈਕਸ ਅਤੇ ਕਾਮ ਉਤੇਜਨਾ ਦੇ ਪ੍ਰਤੀਕਾਂ ਨੂੰ ਉਸਾਰ ਰਹੀਆਂ ਹਨ। ਪਰਪੀੜਨ ਅਧਾਰਿਤ ਸੈਕਸ ਅਤੇ ਫਾਸ਼ੀਵਾਦ ਵਿਚ ਇਕ ਡੂੰਘਾ ਸਬੰਧ ਹੈ।"9*

ਸੂਸਾਨ ਉਪਭੋਗਤਾ ਬਜ਼ਾਰ ਅਤੇ ਫਾਸ਼ੀਵਾਦ ਦੇ ਡੂੰਘੇ ਸਬੰਧਾਂ ਨੂੰ ਯੂਰਪ ਵਿਚ ਦੇਖ ਰਹੀ ਸੀ। ਅੱਜ ਗਲੋਬਲੀ ਪੂੰਜੀ ਦੀ ਸੱਭਿਆਚਾਰਕ ਪਕੜ ਵਿਚ ਐੱਨ. ਆਰ. ਆਈ. ਗਾਇਕ ਯੂਰਪ, ਅਮਰੀਕਾ ਤੋਂ ਇਹ ਪਾਸ਼ਵਿਕਤਾ/ਹਿੰਸਾ/ਆਤੰਕ ਪੰਜਾਬ ਦੀ ਧਰਤੀ 'ਤੇ ਪਟਕਾਅ ਮਾਰਦੇ ਹਨ ਅਤੇ ਉਪਭੋਗਤਾ ਮੰਡੀ ਦੇ ਵਿਚਾਰ ਲੋਕਾਂ ਨੂੰ ਅਪਣੀ ਗ੍ਰਿਫਤ 'ਚ ਲੈ ਕੇ ਕਸ ਲੈਂਦੇ ਹਨ। ਸੂਸਾਨ ਦਾ ਵਿਸ਼ਲੇਸ਼ਣ ਪੰਜਾਬ ਨੂੰ ਉਸੇ ਤਰ੍ਹਾਂ ਸਮਝਣ ਵਿਚ ਸਹਾਈ ਹੁੰਦਾ ਹੈ, ਜਿਵੇਂ ਅਮਰੀਕਾ ਵਿਚ।

ਉਪਭੋਗਤਾ ਮੰਡੀ ਦੀ ਵਿਚਾਰਧਾਰਾ ਵਿਸ਼ਵ 'ਚ ਇਕੋ ਰੂਪ ਨਾਲ ਕੰਮ ਕਰਦੀ ਹੈ। ਫਰਕ ਸਿਰਫ ਏਨਾ ਹੁੰਦਾ ਹੈ ਕਿ ਇਸ ਵਿਚ ਗੌਰਵ ਦੇ ਪ੍ਰਤੀਕ ਸਥਾਨਕ ਹੁੰਦੇ ਹਨ ਜੋ ਮੰਡੀ ਸੱਭਿਆਚਾਰ ਵਿਚ ਨਵੀਂ ਤਾਕਤ ਫੂਕਦੇ ਹਨ। ਜ਼ੁਬਾਨ ਤਾਂ ਸਿਰਫ ਸੰਚਾਰ ਮਾਧਿਅਮ ਹੈ ਜੋ ਵਿਚਾਰਧਾਰਾ ਦੇ ਇਸ਼ਾਰੇ 'ਤੇ ਚੱਲਦੀ ਹੈ। ਪੰਜਾਬੀ ਗਾਇਕ ਅੱਜ ਇਸੇ ਗੌਰਵੀ ਪਾਸ਼ਵਿਕਤਾ ਨੂੰ ਮੰਡੀ 'ਚ ਉਪਭੋਗ ਲਈ ਤਿਆਰ ਕਰ ਰਹੇ ਹਨ।

ਹਰੀ ਕ੍ਰਾਂਤੀ ਦਾ ਵਰਤਾਰਾ ਅਪਣੀ ਅੰਤਿਮ ਪ੍ਰਕਿਰਿਆ ਹੰਢਾਅ ਚੁੱਕਾ ਹੈ। ਪੂੰਜੀਵਾਦੀ ਖੇਤੀ ਦੇ ਇਸ ਅਮਰੀਕਨ ਮਾਡਲ ਦੀ ਉਤਪਾਦਨੀ ਖੜੋਤ ਨੇ ਜ਼ਮੀਨ ਅਤੇ ਉਸਦੇ ਕਾਮੇ ਨੂੰ ਨਿਚੋੜ ਕੇ ਬਿਮਾਰੀਆਂ ਖਾਧੀ ਧਰਤ 'ਤੇ ਪਟਕਾਅ ਮਾਰਿਆ ਹੈ। ਅੱਜ ਕਿਸਾਨ ਨੂੰ ਉਪਭੋਗੀ ਵਸਤਾਂ ਵੱਲ ਤੋਰਨ ਦਾ ਰਾਹ ਇਹਨਾਂ ਗੀਤਾਂ ਨੇ ਫੜਿਆ ਹੋਇਆ ਹੈ। ਗੀਤ ਜੋ ਮਨੁੱਖੀ ਦੁੱਖ-ਸੁੱਖ 'ਚ ਉਸਦੇ ਸੰਗੀ ਸਾਥੀ ਰਹੇ ਹਨ ਹੁਣ ਮੰਡੀ ਦੀ ਸ਼ਰਧਾ 'ਚ ਸਮਰਪਿਤ ਹੋ ਗਏ ਹਨ ਪਰ ਕਿਸਾਨ/ਕਾਮੇ ਦੇ ਇਹ ਸੱਭਿਆਚਾਰਕ ਆਦਰਸ਼ ਅਜੇ ਵੀ ਉਸ ਨੂੰ ਆਪਣੇ ਮਹਿਸੂਸ ਹੁੰਦੇ ਹਨ। ਉਸ ਕੋਲ ਇਹਨਾਂ ਮੰਡੀ ਵਸਤਾਂ ਦੇ ਖਰੀਦਣ ਦੀ ਤਾਕਤ ਮੁੱਕ ਗਈ ਹੈ, ਕਿਉਂਕਿ ਉਤਪਾਦਨ ਖੜੋਤ 'ਚ ਫਸ ਗਿਆ ਹੈ। ਉਸ ਦੀ ਚਾਹਤ ਇਹਨਾਂ ਪ੍ਰਚਾਰਤ ਵਸਤੂਆਂ ਨੂੰ ਖਰੀਦਣ ਦੀ ਹੈ, ਪਰ ਖਰੀਦ ਸ਼ਕਤੀ ਪੰਗੂ ਹੋ ਜਾਂਦੀ ਹੈ, ਹਾਸਿਲ! ਜੱਟ ਦੇ ਗੌਰਵ ਲਈ ਉਸ ਦੀ ਉਤਪਾਦਨੀ ਮਸ਼ੀਨ (ਮਾਂ) ਵਿਕਾਊ ਹੈ। ਇਹਨਾਂ ਸਰਦਾਰ, ਜੱਟ, ਵੈਲੀ, ਅਣਖ ਵਰਗੇ ਜਗੀਰੂ ਚਿਹਨਾਂ ਦੀ ਤਾਬੜਤੋੜ ਸਪਲਾਈ ਬਠਿੰਡਾ ਮਾਰਕਾ ਗਾਇਕੀ ਦਾ ਵਿਸ਼ੇਸ਼ ਗੁਣ ਹੈ, ਐੱਨ ਆਰ ਆਈ ਗਾਇਕ ਤਾਂ ਇਸ 'ਚ ਪਾਸ਼ਵਿਕਤਾ ਦਾ ਮਸਾਲਾ ਪਾ ਕੇ ਚਟਪਟਾ ਹੀ ਬਣਾਉਂਦੇ ਹਨ।

ਮੰਡੀ ਸੱਭਿਆਚਾਰ ਦੀ ਇਸ ਉਪਭੋਗੀ/ਗੌਰਵੀ ਗਾਇਕੀ ਦੇ ਅਜਿਹੇ ਸੱਭਿਆਚਾਰਕ ਸ਼ੋਰ 'ਚ ਜੱਟ/ਕਿਸਾਨ ਤੇਜ਼ੀ ਨਾਲ ਜ਼ਮੀਨ ਖੁਣੋਂ ਪੰਗੂ ਬਣਾਇਆ ਜਾ ਰਿਹਾ ਹੈ, ਕਿਉਂਕਿ ਅਜੇ ਮਾਲਵਾ ਖਿੱਤਾ ਦੁਆਬੇ ਵਾਂਗ ਗਲੋਬਲੀ ਪੂੰਜੀ ਦੇ ਐੱਨ ਆਰ ਆਈ ਚੈਪਟਰ ਦਾ ਦਾਸ ਬਣਕੇ ਉੱਤਰ ਆਧੁਨਿਕ ਸਥਿਤੀ ਵਿਚ ਨਹੀਂ ਪਹੁੰਚਿਆ, ਭਾਵ ਅਜੇ ਇਹ ਕਲਾ, ਸਾਹਿਤ ਅਤੇ ਸੰਘਰਸ਼ ਕਾਰਨ 'ਗਲੋਬਲੀ' ਚੱਕ ਦੀਆਂ ਪੂਰੀਆਂ ਭੁਆਂਟਣੀਆਂ ਦੇ ਪ੍ਰਕੋਪ ਦਾ ਸ਼ਿਕਾਰ ਨਹੀਂ ਹੋਇਆ। ਗਲੋਬਲੀ ਮੰਡੀ ਤਾਂ ਸਮੁੱਚੇ ਪੰਜਾਬ ਦੇ ਜ਼ਿਹਨ 'ਤੇ ਉਕਰੀਆਂ ਸਿਮਰਿਤੀਆਂ ਨੂੰ ਮਿਟਾਅ ਕੇ ਇਕੋ ਸ਼ਬਦ ਲਿਖ ਦੇਣਾ ਚਾਹੁੰਦੀ ਹੈ, ਉਪਭੋਗ! ਜਦੋਂ ਕੋਈ ਕੌਮ ਇਤਿਹਾਸ ਹੱਥੋ ਹਾਰ ਜਾਂਦੀ ਹੈ ਤਾਂ ਉਹ ਆਪਣੀ ਬਚੀ ਖੁਚੀ ਤਾਕਤ ਨੂੰ ਅਪਣੇ ਅਤੀਤੀ ਗੌਰਵ 'ਚੋਂ ਤਲਾਸ਼ਣ ਲਗਦੀ ਹੈ, ਮੰਡੀ ਇਸ ਦੇ ਸਹਾਇਕ ਵਜੋਂ ਕੰਮ ਕਰਦੀ ਹੈ ਅਤੇ ਬੰਦੇ ਨੂੰ ਬੌਧਿਕ ਰੂਪ 'ਚ ਕੰਗਾਲ ਕਰਦਿਆਂ ਵਿਰਸੇ ਤੋਂ ਮੁਕਤ ਹਾਕਮ ਵਿਚਾਰਧਾਰਾ ਦੀ ਕੁਠਾਲੀ 'ਚ ਢਾਲ ਦਿੰਦੀ ਹੈ ਅਤੇ ਗਾਇਕ ਅੱਜ ਗੌਰਵੀ ਪਾਸ਼ਵਿਕਤਾ ਨੂੰ ਸੱਭਿਆਚਾਰ ਦੇ ਢੌਂਗੀ ਰੂਪ 'ਚ ਵੇਚਦੇ ਜੱਟ ਦੀ ਉਤਪਾਦਨੀ ਮਸ਼ੀਨ ਨੂੰ ਵਿਸ਼ਵ ਮੰਡੀ ਦੇ ਹਵਾਲੇ ਕਰਨ ਦੇ ਸਾਜ਼ਿਸ਼ੀ ਰੂਪ ਨੂੰ ਅਮਲੀ ਪ੍ਰਕਿਰਿਆ 'ਚ ਪਾ ਕੇ ਉਹਨਾਂ ਹੱਥ ਆਤੰਕ ਅਤੇ ਪਸ਼ੂਪੁਣੇ ਦਾ ਸਮਾਨ ਥਮਾ ਰਹੇ ਹਨ। ਮਾਨਵੀ ਸੰਕਲਪ ਜਜ਼ਬਾਤ, ਪ੍ਰਤੀਬੱਧਤਾ, ਸੰਵੇਦਨਸ਼ੀਲਤਾ, ਸਾਂਝ, ਮਾਨਵੀ ਵਿਸ਼ਵਾਸ, ਗਿਆਨ ਸਭ ਤੇਜ਼ੀ ਨਾਲ ਮੰਡੀ ਦੀਆਂ ਨੀਂਹਾਂ 'ਚ ਦਫਨ ਕੀਤੇ ਜਾ ਰਹੇ ਹਨ। ਅੱਜ ਪੰਜਾਬ 'ਚ ਦੁਨਾਲੀ, ਡਾਂਗ, ਵੈਲੀ, ਸਰਦਾਰ ਜਿਹੇ ਹਿੰਸਕ ਪ੍ਰਤੀਕ ਧੜਾ-ਧੜ ਉਪਭੋਗ ਕਰਵਾਏ ਜਾ ਰਹੇ ਹਨ। ਬ੍ਰਾਹਮਣਿਕ ਤੰਤਰ ਦਾ ਇਹੋ ਕਮਾਲ ਹੈ ਕਿ ਸਰਦਾਰੀ ਭਾਵੇਂ ਜੱਟ ਦੀ ਹੋਵੇ, ਰਾਜਪੂਤ, ਠਾਕੁਰ, ਯਾਦਵ ਜਾਂ ਦਲਿਤ ਦੀ, ਇਸ ਦਾ ਜਾਤੀ ਤੰਤਰ ਅਤੇ ਇਸਦੀ ਦਮਨ ਪ੍ਰਕਿਰਿਆ ਹਰ ਹਾਲ ਬਰਕਰਾਰ ਰਹਿਣੀ ਚਾਹੀਦੀ ਹੈ। ਹਿੰਦੁਸਤਾਨ ਇਸੇ 'ਕਮਾਲ' ਦੇ ਅਸਰ ਹੇਠ ਹੈ। ਹੁਣ ਪੰਜਾਬ ਨੂੰ ਜੱਟ ਗੌਰਵ ਦੀ ਸਰਦਾਰੀ ਰਾਹੀਂ ਪੰਜਾਬੀ ਬੰਦੇ ਨੂੰ ਇਸ ਛੜਯੰਤਰ 'ਚ ਫਸਾਇਆ ਜਾ ਰਿਹਾ ਹੈ। ਦੋ ਤਿਹਾਈ ਗੀਤਕਾਰ ਭਾਵੇਂ ਗੈਰ ਜੱਟ ਹਨ ਪਰ ਗੀਤ ਜੱਟ ਗੌਰਵ ਦੇ ਪਰੋਸ ਰਹੇ ਹਨ। ਜੱਟੀ ਦੀ ਮੜਕ ਨੂੰ ਮੰਡੀ ਵਿਚ ਪਰੋਸਣ ਵਾਲੀ ਉਪਭੋਗਤਾ ਮੰਡੀ ਦੀ ਵਿਚਾਰਧਾਰਾ ਵਿਸ਼ਵ ਪੱਧਰ 'ਤੇ ਇਕੋ ਜਿਹੀ ਹੈ, ਬਸ ਸੱਭਿਆਚਾਰ ਮੁਤਾਬਿਕ ਉਹਨਾਂ ਨੂੰ ਐਥੇਨਿਕ ਪ੍ਰਤੀਕ ਹੀ ਬਦਲਣੇ ਪੈਂਦੇ ਹਨ। ਗਾਇਕਾਂ ਵਿਚ ਬਹੁਤ ਵੱਡਾ ਹਿੱਸਾ ਗੈਰ ਜੱਟ ਹਨ ਪਰ ਉਹਨਾਂ ਦੁਆਰਾ ਜੱਟੀ ਅਤੇ ਜੱਟ ਦੀ ਗੌਰਵੀ ਪੌੜੀ ਸਿੱਧੀ ਉਪਭੋਗੀ ਬਾਜ਼ਾਰ ਵਿਚ ਉਤਾਰ ਦਿੱਤੀ ਗਈ ਹੈ, ਜਿਸ ਦਾ ਵੱਡਾ ਹਿੱਸਾ ਛੋਟੇ ਕਿਸਾਨਾਂ ਦਾ ਹੈ ਅਤੇ ਉਹੋ ਹੀ ਮੰਡੀ 'ਚ ਮਰ ਰਹੇ ਮਾਣ ਖਾਤਰ ਮੰਡੀ ਵੱਲੋਂ ਭੇਜੇ ਗੌਰਵ ਪ੍ਰਵਚਨਾਂ ਦਾ ਸ਼ਿਕਾਰ ਹੋ ਕੇ ਕਰਜ਼ ਥੱਲੇ ਆਤਮ ਹਤਿਆਵਾਂ ਕਰਦੇ, ਅਣਖ ਲਈ ਧੀਆਂ ਦੇ ਕਤਲ ਕਰਦੇ, ਸ਼ਾਨ ਨਾਲ ਕਿੱਲਿਆਂ ਦੇ ਨੰਬਰ ਦੇ ਕੇ ਲਏ ਟਰੈਕਟਰ ਦੀਆਂ ਥੁੜ੍ਹੀਆਂ ਕਿਸ਼ਤਾਂ ਲਈ ਲੁਕਦੇ ਫਿਰਦੇ ਅਤੇ ਨੱਕ ਲਈ ਧੀਆਂ ਦੇ ਵਿਆਹਾਂ ਨੂੰ ਕਰਜ਼ ਹੇਠਾਂ ਦੱਬਦੇ ਅੰਤਿਮ ਰੂਪ 'ਚ ਆਤਮ ਹੱਤਿਆ ਤੱਕ ਪਹੁੰਚ ਜਾਂਦੇ ਪਰ ਕਦੇ ਨਹੀਂ ਸਮਝ ਪਾ ਰਹੇ ਕਿ ਮੰਡੀ ਦੀ ਸਾਜ਼ਿਸ਼ ਲਗਾਤਾਰ ਉਹਨਾਂ ਵਿਰੁੱਧ ਜਾਰੀ ਹੈ। ਜਮਾਤੀ ਰੂਪ 'ਚ ਹੇਠਾਂ ਰਹਿ ਗਏ ਬੰਦੇ ਕੋਲ ਅਪਣੇ ਮਾਨਵੀ ਗੌਰਵ ਨੂੰ ਪ੍ਰਾਪਤ ਕਰਨ ਦਾ ਰਾਹ ਜਮਾਤੀ ਜੰਗ ਹੁੰਦਾ ਹੈ।

ਗਾਇਕਾਵਾਂ ਵੀ ਗੈਰ ਜੱਟ ਹਨ, ਜੋ ਵੈਲੀ ਦੀ ਬੜ੍ਹਕ ਅਤੇ ਮੜਕ 'ਤੇ ਲੱਟੂ ਹਨ। ਕਾਰਨ ਅਸੀਂ ਦੱਸ ਹੀ ਚੁੱਕੇ ਹਾਂ ਕਿ ਗੌਰਵ 'ਚ ਫਸਿਆ ਬੰਦਾ ਮੰਡੀ ਦੀ ਉਪਭੋਗੀ ਸਾਜ਼ਿਸ਼ ਦਾ ਸ਼ਿਕਾਰ ਹੁੰਦਾ ਹੈ ਅਤੇ ਇਹ ਰਾਹ ਮੁਕਤੀ ਵੱਲ ਨਹੀਂ ਹਿੰਸਾ ਵੱਲ ਅਤੇ ਅਖੀਰ ਫਾਸ਼ੀਵਾਦ ਤੱਕ ਲੈ ਜਾਂਦਾ ਹੈ। ਮੰਡੀ 'ਚ ਵਿਕ ਰਿਹਾ ਵੈਲੀ ਬਣਨ ਦਾ ਸਮਾਨ ਹਰ ਉਸ ਜਾਤ ਦੇ ਵਿਅਕਤੀ ਨੂੰ ਜੱਟ ਸੱਭਿਆਚਾਰ ਦੀ ਕੈਦ ਵਿਚ ਫਸਾ ਲੈਂਦਾ ਜਿਸ ਕੋਲ ਧਨ ਦਾ ਅਵਾਰਾ ਰੂਪ ਪ੍ਰਾਪਤ ਹੁੰਦਾ ਹੈ। ਲੜਾਈ ਭਾਵੇਂ ਉਹ ਆਪਣੀ ਜਾਤ ਦੇ ਗੌਰਵ ਦੀ ਲੜ ਰਿਹਾ ਹੋਵੇ ਜੱਟ ਹੋਣ ਦੀ (ਗਾਲਬੀ ਧਿਰ/ਬ੍ਰਾਹਮਣਿਕ ਤੰਤਰ 'ਚ ਗਾਲਬੀ ਜਾਤ ਤੱਕ ਪਹੁੰਚਣ ਦੀ) ਲਾਲਸਾ ਉਸ ਦੇ ਜ਼ਿਹਣ 'ਚ ਘਰ ਕਰੀ ਬੈਠੀ ਹੁੰਦੀ ਹੈ। ਗਾਇਕੀ ਦਾ ਦੁਆਬਾਈ ਵਰਤਾਰਾ ਇਸੇ ਸੰਕਟ 'ਚੋਂ ਲੰਘ ਰਿਹਾ ਹੈ:

*ਕਿਸੇ ਕੋਲ ਸਫਾਰੀ ਕਿਸੇ ਕੋਲ ਜੀਪ ਲੰਡੀ*
*ਏਰੀਏ ਦੇ ਵਿਚ ਦੂਰ-ਦੂਰ ਤੱਕ ਝਮਡੀ*
*ਲਵੇ ਜਿਹੜਾ ਪੰਗਾ ਕਿਹੜੇ ਕਿਸੇ ਨਾਲੋਂ ਘੱਟ ਨੇ*
*'ਸੈਣੀਆਂ' ਦੇ ਕਾਕੇ ਕਿਹੜੇ ਕਿਸੇ ਨਾਲੋਂ ਘੱਟ ਨੇ।*

*-ਹਰਪਾਲ ਲਾਡਾ*

*ਰੱਬ ਤੋਂ ਡਰੇ ਨਾ ਬਿੱਲੋ ਜੱਗ ਤੋਂ*
*ਨੀ ਮਜ਼ਬੀ ਦਾ ਪੁੱਤ ਬੱਲੀਏ।*

ਸਾਮੰਤੀ ਸੱਭਿਆਚਾਰ ਵਿਚ ਵੈਲੀ ਦਾ ਪ੍ਰਤੀਰੋਧ (ਅਣਖ) ਬਹਿਕਦਾ ਰੋਹ ਬਣ ਜਾਂਦਾ ਹੈ ਅਤੇ ਰਾਜਨੀਤਕ ਚੇਤਨਾ ਦੀ ਅਣਹੋਂਦ ਦਾ ਸ਼ਿਕਾਰ ਹੋ ਕੇ ਸਮਾਜ 'ਚ ਲੁੰਪੇਨ ਹੋਣ ਦੀ ਭੂਮਿਕਾ ਅਦਾ ਕਰਦਾ ਹੈ, ਜਦੋਂ ਕਿ ਆਧੁਨਿਕ ਯੁੱਗ 'ਚ ਇਹ ਪ੍ਰਤੀਰੋਧ ਹੋਂਦ ਦਾ ਰੂਪ ਧਾਰਦਾ ਰਾਜਨੀਤਕ ਚੇਤਨਾਂ ਤੱਕ ਪਹੁੰਚ ਗਿਆਨ 'ਚ ਬਦਲ ਜਾਂਦਾ ਹੈ। ਰਾਠ/ਸਰਦਾਰ ਦੀ ਸੱਤਾ 'ਚ ਵੱਜਿਆ ਇਕ ਵੀ ਪ੍ਰਤੀਰੋਧੀ ਕਿੱਲ ਉਸ ਦੀ ਹਾਊਮੈ ਨੂੰ ਅੱਤਿਆਚਾਰ ਵਿਚ ਬਦਲ ਦਿੰਦਾ ਹੈ। ਇਹ ਪਤਵੰਤੀ ਧਿਰ ਦੇ ਧਨ/ਜਾਇਦਾਦ ਦੁਆਰਾ ਸਰਦਾਰੀ (ਵਿਚਾਰਧਾਰਕ) ਰੱਖਣ ਦਾ ਗਾਲਬੀ 'ਸ਼ੌਕ'/ਰਾਹ ਹੈ, ਜਿੱਥੇ ਹੇਠਲੀਆਂ ਉਤਪਾਦਨੀ ਜਮਾਤਾਂ ਹੱਥੋਂ ਜੀਣ/ਹੋਂਦ ਦੇ ਵਿਚਾਰਾਂ ਨੂੰ ਖੋਹਣਾ ਵੀ ਸ਼ਾਮਿਲ ਹੁੰਦਾ ਹੈ। ਸਾਮੰਤੀ ਸਮਾਜ 'ਚ ਹਥਿਆਰ/ਅਹਿੰਸਾ ਦੀ ਸੱਤਾ ਦੀ ਹਾਊਮੈ 'ਤੇ ਮਾਣ ਚੰਦ ਲੋਕਾਂ ਦੇ ਹਿੱਸੇ ਆਉਂਦਾ ਹੈ, ਕਿਉਂਕਿ ਉਹ ਸਮਾਜਕ ਸਾਧਨਾਂ 'ਤੇ ਕਾਬਜ਼ ਹੁੰਦੇ ਹਨ। ਇਸੇ ਕਰਕੇ ਕਿਰਤੀ ਇਸ ਤੋਂ ਵੱਖਰੇ ਰੂਪ 'ਚ ਸੂਰਮਾ ਗਾਥਾਵਾਂ ਨੂੰ ਅਪਣੀ ਹੋਂਦ ਵਜੋਂ

ਕਲਪਦੇ ਹਨ ਅਤੇ ਇਹਨਾਂ ਗਾਥਾਵਾਂ 'ਚੋਂ ਆਪਣੇ ਪ੍ਰਤੀਰੋਧਾਂ ਲਈ ਸੰਤੁਸ਼ਟੀ ਪ੍ਰਾਪਤ ਕਰਦੇ ਹਨ, ਜਦੋਂ ਕਿ ਮੰਡੀ ਯੁਗ 'ਚ ਇਸ ਹਾਊਮੈ ਅਤੇ ਪ੍ਰਤੀਰੋਧ (ਬਹਿਕਦਾ ਰੋਹ) ਨੂੰ ਧੱਕ ਕੇ ਉਪਭੋਗਤਾਵਾਦ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਤਾਂ ਅਸੀਂ ਹਿੰਸਾ ਦੇ ਆਰਾਜਕੀ ਮੰਜ਼ਿਰ ਦੇ ਹਵਾਲੇ ਹੋ ਜਾਂਦੇ ਹਾਂ।

ਇਸੇ ਤਰ੍ਹਾਂ ਜਗੀਰੂ ਸਮਾਜ 'ਚ ਔਰਤ ਭੋਗ ਪ੍ਰਗਟਾਵੇ ਵਜੋਂ ਲਿੰਗਕ ਨਿਯੰਤ੍ਰਣ ਨੂੰ ਚਿਹਨਤ ਕਰਦੀ ਹੋਈ ਇਸ ਸਮਾਜ ਦੀ ਉਤਪਾਦਨੀ ਸ਼ਕਤੀ ਅਤੇ ਸਿਰਜਣਾ ਵੀ ਹੈ। ਅੱਜ ਮੰਡੀ ਸੱਭਿਆਚਾਰ 'ਚ ਇਹ ਉਤਪਾਦਨ ਤੋਂ ਟੁੱਟਿਆ ਹੋਇਆ ਚਮਕਾਂ ਮਾਰਦਾ ਖਾਲੀ ਡੱਬਾ ਹੈ 9 ਜੋ ਅਪਨੇ ਲਿੰਗਕ ਆਕਰਸ਼ਣ ਰਾਹੀਂ ਗ੍ਰਾਹਕ ਬਟੋਰ ਕੇ 'ਮਾਲਕਾਂ' ਹਵਾਲੇ ਕਰ ਦਿੰਦਾ ਹੈ ਅਤੇ ਉਪਭੋਗਤਾਵਾਦ ਦੀ ਗਤੀ ਤੇਜ਼ ਕਰਨ 'ਚ 'ਮਦਦ' ਕਰਦਾ ਹੈ। ਜਦੋਂ ਸਾਮੰਤੀ ਪੁਰਖ ਨੂੰ ਵਿਚਾਰਾਂ ਦੇ ਆਧੁਨਿਕ ਰੁਪਾਂਤਰਣ 'ਚ ਤਬਦੀਲ ਕੀਤੇ ਬਿਨਾਂ ਹੀ ਉਪਭੋਗਤਾ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਤਾਂ ਉਸ ਦੇ ਕਾਮੁਕ ਹਾਬੜੇ ਦਾ ਵਿਖਾਵਾ 'ਅਸ਼ਲੀਲਤਾ' ਵਜੋਂ ਦਿਖਾਈ ਦੇਣ ਲੱਗਦਾ ਹੈ। ਸਾਡੀਆਂ ਅਤ੍ਰਿਪਤ ਭਾਵਨਾਂ ਖੁੱਲ੍ਹੀ ਮੰਡੀ (ਫਰੀ ਮਾਰਕੀਟ) ਕਾਰਨ ਜਨਤਕ ਹੁੰਦੀਆਂ ਸਮਾਜ ਵਿਚ ਫੈਲਦਾ ਰੋਗ ਜਾਪਣ ਲੱਗਦੀਆਂ ਹਨ ਜਦੋਂ ਕਿ ਇਹ ਵਿਸ਼ਵ ਪਿੰਡ ਦੀ ਉਪਭੋਗਤਾਵਾਦੀ ਵਿਚਾਰਧਾਰਾ ਦਾ ਇਕ ਰੂਪ ਹੁੰਦਾ ਹੈ। ਸਾਨੂੰ ਇਹ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਜਾਪਦਾ ਹੈ, ਜਦੋਂ ਕਿ ਇਸ ਦਾ ਕਾਰਨ ਉਪਭੋਗਤਾਵਾਦੀ ਸੱਭਿਆਚਾਰ ਹੈ। ਅਸੀਂ ਨਗਨਤਾ ਅਤੇ ਅਸ਼ਲੀਲਤਾ 'ਚ ਵਿੱਥ ਦੇ ਬੋਧ ਨੂੰ ਪ੍ਰਾਪਤ ਕਰਨ ਤੋਂ ਅਸਮਰੱਥ ਹੋ ਜਾਂਦੇ ਹਾਂ। ਉਪਭੋਗਤਾਵਾਦੀ ਮਾਨਸਿਕਤਾ ਦਾ ਵਿਕਾਸ ਅਪਣੇ ਆਪ 'ਚ ਹੀ ਇਕ ਅਸ਼ਲੀਲਤਾ ਭਰੀ ਪ੍ਰਕਿਰਿਆ ਹੈ। ਅਸੀਂ ਇਸ ਨੂੰ (ਕਾਮੁਕਤਾ ਨੂੰ) ਅਸ਼ਲੀਲ ਉਦੋਂ ਕਰਾਰ ਦਿੰਦੇ ਹਾਂ, ਜਦੋਂ ਅਸੀਂ ਅਪਣੇ ਜਗੀਰੂ ਪਰਿਵਾਰਕ ਰਿਸ਼ਤਿਆਂ 'ਚ ਇਕੱਠੇ ਨਾਲ-ਨਾਲ ਬੈਠੇ ਟੀ.ਵੀ., ਫਿਲਮ ਦੀਆਂ ਚਲ ਮੂਰਤਾਂ ਜਾਂ ਬਾਜ਼ਾਰ 'ਚ ਅਜਿਹਾ ਤੱਕਦੇ ਹਾਂ ਪਰ ਇਕੱਲੇ ਰੂਪ 'ਚ ਇਹ ਸਾਡਾ (ਮਰਦ ਅਤੇ ਔਰਤ ਦੋਹਾਂ ਲਈ) ਮਨੋਰੰਜਨ ਹੈ। ਇਸੇ ਕਰਕੇ ਮੰਡੀ 'ਚ ਬੈਠੇ ਹਰ ਬੰਦੇ ਲਈ ਹੋਰ ਔਰਤ (ਅਦਰ ਵੁਮੈਨ) ਭੋਗੀ/ਉਪਭੋਗੀ ਮਸ਼ੀਨ/ਵਸਤੂ ਹੀ ਦਿਖਾਈ ਦਿੰਦੀ ਹੈ। ਇਕ ਦੋਗਲਾਪਨ ਸਾਰੇ ਸਮਾਜ ਨੂੰ ਘੇਰਨ ਲੱਗਦਾ ਹੈ ਮੰਡੀ ਦਾ ਕਾਮੁਕ ਗੀਤ/ਸੰਗੀਤ ਲਿੰਗਕ ਤੁਸ਼ਟੀ ਨਹੀਂ ਕਰਦਾ (ਜਿਵੇਂ ਸਾਮੰਤੀ ਸਮਾਜ 'ਚ ਭਗਤੀ/ਸੱਭਿਆਚਾਰਕ ਗੀਤ, ਲੋਕ ਗੀਤ ਲਿੰਗਕ ਤੁਸ਼ਟੀ -ਸੈਕੁਸਅਲ ਗਰੈਟੀਫਿਕੇਸ਼ਨ- ਦਾ ਇਕ ਮਾਧਿਅਮ ਸਨ) ਸਗੋਂ ਸੈਕਸ ਦਾ ਭੋਖੜਾ (ਉਤੇਜਨਾ) ਪੈਦਾ ਕਰਦਾ ਔਰਤ ਦੇਹ ਨੂੰ ਭੋਗਣ ਲਈ ਹਿੰਸਕ ਹੋ ਜਾਂਦਾ ਹੈ ਅਤੇ ਸੈਕਸ ਮੰਡੀ ਦੇ ਪਾਸ਼ਵਿਕ ਰੂਪ 'ਚ ਵਟ ਜਾਂਦਾ ਹੈ।

ਸਰਦਾਰ/ਵੈਲੀ ਦਾ 'ਲੁਭਾਉਣਾ' ਮੰਤਰ ਭੋਗ ਅਤੇ ਉਸ ਦੀ ਪ੍ਰਾਪਤੀ ਵਾਸਤੇ ਜੁੜੀ ਹਿੰਸਾ ਹੁੰਦਾ ਹੈ। 'ਸਰਦਾਰ' ਦੀਆਂ ਨਸਾਂ ਨੂੰ ਉਸ ਦੀ ਅਵਾਰਾ ਪੂੰਜੀ ਗਰਮ ਕਰਦੀ ਹੈ ਤਾਂ ਵੈਲੀ ਨੂੰ ਉਸ ਦਾ ਵਿਨਾਸ਼ੀ ਆਪਾ ਤਾਅ ਦਿੰਦਾ ਇਸਤਰੀ ਸਰੀਰ ਨੂੰ ਕਬਜ਼ੇ ਹੇਠ ਕਰਨ ਲਈ ਹਿੰਸਾ ਵਾਸਤੇ ਉਕਸਾਉਂਦਾ ਹੈ। ਇਹ ਦੋਵੇਂ ਰੂਪ ਸੱਤਾ (ਔਰਤ ਵੀ ਸੱਤਾ ਦਾ ਹੀ ਹਿੱਸਾ ਹੈ) ਪ੍ਰਾਪਤੀ ਲਈ ਅਸੱਭਿਅਕ ਹੱਦਾਂ ਤੱਕ ਪਹੁੰਚ ਜਾਂਦੇ ਹਨ। ਇਹ ਸੱਤਾਵਾਂ ਬਹੁ ਔਰਤ ਭੋਗ 'ਚ ਵਿਸ਼ਵਾਸ ਰੱਖਦੀਆਂ ਇਕ ਦੂਸਰੀ ਸੱਤਾ ਨਾਲ ਭਿੜਦੀਆਂ ਆਪਣੀ ਆਪਣੀ ਮਿੱਥ ਨੂੰ ਪੱਕਿਆਂ ਕਰਨ 'ਚ ਰੁੱਝੀਆਂ ਰਹਿੰਦੀਆਂ ਹਨ। 'ਅਣਖ' ਭੇੜ ਲਈ ਆਦਰਸ਼ਕ ਬਾਲਣ ਦਾ ਕੰਮ ਕਰਦੀ ਹੈ। ਹਰ ਤਰ੍ਹਾਂ ਦੇ ਨਾਜਾਇਜ਼ ਕਬਜ਼ੇ ਲਈ ਹਿੰਸਕ ਭੇੜ ਜਗੀਰੂ ਸੱਤਾਵਾਂ ਦੀ ਫਿਤਰਤ ਹੁੰਦੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ 'ਚ ਹਿੰਸਕ ਵਰਤਾਅ ਇਸਦਾ 'ਅਮੀਰੀ' ਗੁਣ ਹੈ। ਪਿਉ ਦਾ ਪੁੱਤਰ, ਪਤੀ ਦਾ ਪਤਨੀ, ਭਰਾ ਦਾ ਭੈਣ, ਜੱਟ ਦਾ ਸੀਰੀ ਨਾਲ ਵਾਰ-ਵਾਰ ਹਿੰਸਕ ਵਰਤਾਅ ਆਪਣੀ ਸੱਤਾ ਦੀ ਲਗਾਤਾਰ ਕਾਇਮੀ ਲਈ ਲਾਜ਼ਮੀ ਸ਼ਰਤ ਹੁੰਦਾ ਹੈ। ਇਸੇ ਤਰ੍ਹਾਂ ਔਰਤ ਨਾਲ ਲਿੰਗਕ ਵਰਤਾਅ ਸਾਡੇ ਸਮਾਜ ਵਿਚ ਹਿੰਸਕ ਤਰੀਕੇ ਨਾਲ ਪੇਸ਼ ਹੁੰਦਾ ਹੈ। ਅਸੀਂ ਆਨੰਦ ਨੂੰ ਹਿੰਸਕ ਸ਼ਬਦ ਭੰਡਾਰ ਦੀ ਚਾਸ਼ਨੀ 'ਚ ਡੋਬ ਕੇ ਆਨੰਦਿਤ ਹੁੰਦੇ ਹਾਂ। ਬੱਚਿਆਂ, ਔਰਤਾਂ, ਦਲਿਤਾਂ ਉੱਪਰ ਸੱਤਾ ਨੂੰ ਹਿੰਸਾ ਰਾਹੀਂ ਬਰਕਰਾਰ ਰੱਖਿਆ ਜਾਂਦਾ ਹੈ। ਮਨੂ-ਸਿਮਰਿਤੀ ਸੱਤਾ (ਸੱਤਾ ਦੀ ਵਿਚਾਰਧਾਰਾ) ਲਈ ਵਾਰ-ਵਾਰ ਹਿੰਸਾ ਦਾ ਉਪਦੇਸ਼ ਦਿੰਦੀ ਹੈ, ਕਿਉਂਕਿ ਹਿੰਸਾ ਬਗੈਰ ਸੱਤਾ ਨੂੰ ਬਰਕਰਾਰ ਹੀ ਨਹੀਂ ਰੱਖਿਆ ਜਾ ਸਕਦਾ ਅਤੇ ਇਸੇ ਕਾਰਨ ਸਾਮੰਤੀ ਮਨੋਵਿਗਿਆਨ ਵਿਚਲੀ ਨਾਰੀ ਹਿੰਸਕ ਵਰਤਾਅ ਜਾਂ ਹਿੰਸਕ ਸੈਕਸ 'ਚੋਂ ਅਪਣੀ 'ਹੋਂਦ' ਦਾ ਆਨੰਦ ਲੈਂਦੀ ਹੈ।

ਮੰਡੀ ਸੱਭਿਆਚਾਰ ਦੇ ਇਸ ਯੁੱਗ ਵਿਚ ਜਗੀਰੂ ਸ਼ਬਦ ਭੰਡਾਰ ਰਾਹੀਂ ਉਸ ਮਾਨਸਿਕਤਾ ਨੂੰ ਮੰਡੀ ਵਿਚ ਤਗੜਾ ਕਰਨ ਦਾ ਸਿਲਸਿਲਾ ਕਾਇਮ ਹੋਣ ਤੋਂ ਬਾਅਦ ਨਿੱਤ ਦਿਨ ਇਹਨਾਂ ਪ੍ਰਵਚਨਾਂ/ਬਿਆਨਾਂ ਦੀ ਝੜੀ ਦੀ ਲੋੜ ਪੈਂਦੀ ਹੈ ਅਤੇ ਵਾਰ-ਵਾਰ ਇਹਨਾਂ ਨੂੰ 'ਅੱਪਡੇਟ' ਕਰਨਾ ਪੈਂਦਾ ਹੈ। ਜਦੋਂ ਜੱਟ ਨੂੰ ਸਰਦਾਰ/ਵੈਲੀ ਦੀ ਵੰਨਗੀ 'ਚ ਬੰਨ੍ਹ ਕੇ ਉਸ ਨੂੰ ਜਮਾਤ/ਇਤਿਹਾਸ ਮੁਕਤ ਕਰਨਾ ਹੋਵੇ ਤਾਂ ਉਸਨੂੰ ਵਾਰ-ਵਾਰ ਅਗਿਆਨ ਅਤੇ ਅਵਾਰਾ ਪੂੰਜੀ 'ਤੇ ਕਬਜ਼ੇ ਲਈ ਪ੍ਰੇਰਿਆ ਜਾਂਦਾ ਹੈ। ਪੁਰਖਿਆਂ ਵਾਲੀ ਜ਼ਮੀਨ ਦੀ ਵਿਕਰੀ ਇਕ ਤਰ੍ਹਾਂ ਆਵਾਰਾ ਪੂੰਜੀ ਹੀ ਹੁੰਦੀ ਹੈ ਜਿਵੇਂ ਵਿਦੇਸ਼ 'ਚੋਂ ਹੋਰ ਕਿਸੇ ਦੁਆਰਾ ਕਮਾਈ ਪੂੰਜੀ ਇੱਥੋਂ ਦੇ ਕਾਕਿਆਂ/ਰਿਸ਼ਤੇਦਾਰਾਂ ਲਈ ਅਵਾਰਾ 'ਹੋਂਦ' ਹੀ ਰੱਖਦੀ ਹੈ ਅਤੇ ਉਸ ਪੂੰਜੀ ਦੇ ਸੱਤਾ, ਭੋਗ ਜਾਂ ਉਪਭੋਗ ਲਈ ਗੁਲਸ਼ਰੇ ਉਡਾਏ ਜਾਂਦੇ ਹਨ। ਬਹੁਤ ਸਾਰੇ ਗੀਤਾਂ 'ਚ ਜ਼ਮੀਨ ਨੂੰ ਵੇਚ ਕੇ ਗੁਲਸ਼ਰੇ ਉਡਾਉਣ ਦੇ ਪ੍ਰਵਚਨ ਮੌਜੂਦ ਹਨ ਅਤੇ ਇਹ ਵਿਕੀ ਹੋਈ ਜਾਇਦਾਦ 'ਚੋਂ ਪ੍ਰਾਪਤ ਧਨ ਵੀ ਆਵਾਰਾ ਹੋਂਦ ਹੀ ਹੈ।

*ਠੇਕੇ ਚਾੜ੍ਹ ਜਾਂ ਵੇਚ ਵੱਟ ਲੈ/ਸਾਰੀ ਉਮਰ ਦਾ ਰੋਗ ਕੱਟ ਲੈ*
*ਫੁਕਰਪੁਣੇ ਵਿਚ ਜੱਟਾ ਹੋ ਵੇ/ਭੱਠਾ ਗੁੱਲ ਗਿਆ*
*ਸ਼ੌਂਕ ਰਹਿ ਗਏ ਬਸ ਪੱਲੇ/ਵੇ ਖੇਤੀ ਕਰਨਾ ਭੁੱਲ ਗਿਆ*

*ਲੰਡੀ ਜੀਪ ਇਕ ਬੁਲਟ ਹੈ ਥੱਲੇ/ਪਿੰਡ ਵਿਚ ਹੋ ਗਈ ਬੱਲੇ-ਬੱਲੇ*
*ਮਹਿਫਿਲ ਲਾਈਏ ਯਾਰ ਬੇਲੀ ਜਦ 'ਕੱਠੇ ਹੁੰਦੇ ਨੇ*
*ਜੱਟਾਂ ਦੇ ਮੁੰਡੇ ਅੜੀਏ ਨੀ ਸ਼ੌਕੀ ਪੱਠੇ ਹੁੰਦੇ ਨੇ।*

*-ਮਿਸ ਪੂਜਾ+ਲੱਕੀ ਰੂੜੇਕੇ*

*ਜੱਟਾ ਹੁਣ ਪਿਛਲੇ ਰਵਾਜ ਛੱਡਦੇ*
*ਨਵੀਂ ਕਾਰ ਲੈ ਲੈ ਵੇ ਤੂੰ ਜੂੜ ਵੱਢ ਦੇ*
*ਕੀ ਕਰਨੀ ਏ ਐਨੀ ਮਾਇਆ ਵੱਟੀ ਸੋਹਣਿਆ*
*ਚੰਗੀ ਲੱਗੇ ਨਾ ਟਰੈਕਟਰ ਉੱਤੇ ਮੇਲੇ ਨੂੰ ਜਾਂਦੀ ਜੱਟੀ ਸੋਹਣਿਆ।*

*-ਮਿਸ ਨੀਲਮ+ਦਿਲਰਾਜ*

*ਬਾਪੂ ਦੀ ਕਮਾਈ ਉੱਤੇ ਐਸ਼ ਕਰਦੇ ਮੁੰਡੇ ਕਾਲਜਾਂ ਦੇ ਸਾਰੇ*
*ਕੁੜੀਆਂ ਨੂੰ ਰਾਹਾਂ ਵਿਚ ਰੋਕ ਖੜ੍ਹਦੇ ਨੰਬਰ ਦੇਣ ਦੇ ਮਾਰੇ*
*ਲਗਦੀਆਂ ਮਹਿਫਿਲਾਂ ਨੇ ਕਾਲਜ 'ਚ ਬਿੱਲੋ ਹਰ ਇਕ ਸ਼ਾਮ ਨੂੰ*

*ਖਾਲੀ ਕਰ ਬੋਤਲਾਂ ਤੇ ਮਾਰਦੇ ਨੇ ਚੀਕਾਂ ਬੱਸ ਤੇਰੇ ਨਾਮ ਨੂੰ*

*ਬਾਈ ਅਮਰਜੀਤ+ਸਹਿਯੋਗੀ*

*ਜੱਟ ਦੀ ਜ਼ਮੀਨ ਵਿਕ ਗਈ*
*ਲਾ ਕੇ ਤੇਰੇ ਨਾ' ਮੁਲਾਹਜ਼ੇਦਾਰੀ*
*ਸਾਡਿਆਂ ਬਜ਼ੁਰਗਾਂ ਬਣਾਏ ਸੀ ਮੁਰੱਬੇ*
*ਤੇਰੇ ਪਿੱਛੇ ਲੱਗ ਅਸੀਂ ਵੇਚ ਦਿੱਤੇ ਸੱਭੇ*
*ਐਸੀ ਇਸ਼ਕ ਤੇਰੇ ਨੇ ਮੱਤ ਮਾਰੀ*

*-ਪ੍ਰੀਤ ਹਰਪਾਲ*

ਬਹੁਤ ਸਾਰੇ ਮੰਡੀ ਪ੍ਰਵਚਨਾਂ ਵਿਚ ਸਿੱਖਿਆ ਦੀ ਗੈਰ-ਹਾਜ਼ਰੀ ਦੀ ਵਡਿਆਈ, ਹਿੰਸਾ, ਵਿਨਾਸ਼ ਦੀ ਵਡਿਆਈ ਰਾਹੀਂ ਵੈਲੀ/ਜੱਟ/ਸਰਦਾਰ ਦੀ ਸੱਤਾ ਕਾਇਮ ਰੱਖਣ ਦੇ ਬਿਆਨਾਂ ਦੀ ਝੜੀ ਲੱਗੀ ਰਹਿੰਦੀ ਹੈ। ਆਵਾਰਾ ਪੂੰਜੀ ਦੇ ਸਿੱਟੇ ਰਾਠਸ਼ਾਹੀ ਮਨੋਵਿਗਿਆਨ ਘੜਦੇ ਹਨ। ਸੱਤਾ ਕਿਉਂਕਿ ਛਿੰਨ ਭੰਗਰ ਹੈ ਅਤੇ ਵਾਰ-ਵਾਰ ਹਿੰਸਾ (ਭਾਸ਼ਾਈ/ਸਰੀਰਕ ਪੱਧਰ 'ਤੇ) ਰਾਹੀਂ ਇਸ ਨੂੰ 'ਅੱਪਡੇਟ' ਕਰਨਾ ਪੈਂਦਾ ਹੈ। ਸੱਤਾ ਦੀ 'ਅੱਪਡੇਟ' 'ਚ ਲੱਗਿਆ ਵਿਅਕਤੀ ਕਿਰਤ, ਸਿੱਖਿਆ, ਗਿਆਨ ਤੋਂ ਮੁਨਕਰ ਹੁੰਦਾ ਹੈ ਅਤੇ ਇਸੇ ਕਰਕੇ ਉਸ ਲਈ ਆਵਾਰਾ ਪੂੰਜੀ ਹੀ 'ਸਹਾਰਾ' ਬਣ ਸਕਦੀ ਹੈ।

ਪਹਿਲਾਂ ਇਹ ਵਰਤਾਰਾ ਬਠਿੰਡਾ ਮਾਰਕਾ ਗਾਇਕੀ ਦਾ ਹੀ ਹਿੱਸਾ ਸੀ ਪ੍ਰੰਤੂ ਅੱਜ ਇਹ ਫਿਲਮਾਂ, ਗੀਤਾਂ ਦੀ ਐੱਨ ਆਰ ਆਈ ਸਪਲਾਈ ਨਾਲ ਇਕ ਸੱਭਿਆਚਾਰਕ ਕਲਿੱਕ ਵਿਚ ਤਬਦੀਲ ਹੋ ਰਿਹਾ ਹੈ ਅਤੇ ਪੰਜਾਬੀਆਂ ਦੇ ਜ਼ਿਹਨ ਨੂੰ 'ਅਗਵਾ' ਕਰਕੇ ਮੰਡੀ ਤੰਤਰ ਦੇ ਸ਼ਿਕੰਜੇ 'ਚ ਫਸਾ ਰਿਹਾ ਹੈ। ਸਾਮੰਤੀ ਸੱਤਾਵਾਂ ਅਪਣੇ ਕਬਜ਼ੇ ਨੂੰ ਸਦੈਵ ਬਣਾਈ ਰੱਖਣ ਲਈ ਸੱਭਿਅਤਾ ਨੂੰ ਚੁਣੌਤੀ ਦਿੰਦੀਆਂ ਰਹਿੰਦੀਆਂ ਹਨ ਅਤੇ ਇਸੇ ਕਾਰਨ ਅਦਾਲਤਾਂ, ਜੇਲ੍ਹਾਂ, ਪੁਲਿਸ ਨਾਲ ਟਕਰਾਅ ਉਨ੍ਹਾਂ ਦੀ ਸ਼ਾਨ ਲਈ ਸਵਾਗਤ ਕੇਂਦਰ ਹਨ।

*ਕਚਹਿਰੀਆਂ 'ਚ ਮੇਲੇ ਲਗਦੇ*
*ਜਦੋਂ ਪੈਂਦੀ ਏ ਤਰੀਕ ਕਿਸੇ ਜੱਟ ਦੀ*

*-ਕੁਲਵਿੰਦਰ ਢਿੱਲੋਂ*

ਜਦੋਂ ਉਹ ਤੰਤਰੀ ਸੰਸਥਾਵਾਂ ਤੋਂ ਉੱਪਰ ਹੋ ਜਾਂਦੇ ਹਨ ਤਾਂ ਕਾਨੂੰਨ ਉਨ੍ਹਾਂ ਦਾ ਪਾਣੀ ਭਰਨ ਲੱਗ ਜਾਂਦਾ ਹੈ। ਸੱਤਾ ਅਤੇ ਪੁਲਿਸ ਦਾ ਗੂੜ੍ਹਾ ਰਿਸ਼ਤਾ ਹੈ। ਇਸ ਲਈ ਸੱਤਾ ਵੱਲੋਂ ਕਾਨੂੰਨ ਨੂੰ ਹਿੰਸਕ ਤਰੀਕੇ ਨਾਲ ਚੁਣੌਤੀ ਦੇ ਕੇ ਹੀ ਵਿਅਕਤੀ ਦੀ ਸੱਤਾ ਕਾਇਮ ਰਹਿ ਸਕਦੀ ਹੈ। ਵਿਅਕਤੀ ਸਾਹਮਣੇ ਡੀ ਸੀ, ਠਾਣੇਦਾਰ, ਪਟਵਾਰੀ ਦਾ ਮਨੋਬਲ ਡਿੱਗਣਾ ਹੀ ਜਨ 'ਚ ਵਿਅਕਤੀਵਾਦੀ ਤੰਤਰ ਦੀ ਸ਼ਾਨ ਪੈਦਾ ਕਰਦਾ ਹੈ। ਇਸੇ ਕਾਰਨ ਕਾਨੂੰਨੀ ਸੰਸਥਾਵਾਂ ਸੱਤਾ ਦੀ ਮੁੱਠੀ 'ਚ ਕੈਦ ਹੁੰਦੀਆਂ ਹਨ (ਸੱਤਾ ਹਿਰਾਰਕੀਕਲ ਤੰਤਰ ਹੈ) ਕਾਨੂੰਨ ਤਾਂ ਸਿਰਫ ਸੱਤਾਹੀਣੇ/ਕਿਰਤੀ ਬੰਦੇ ਲਈ ਖੌਫ ਦਾ ਮੰਤਰ ਹੈ। ਸੱਤਾ ਕਾਨੂੰਨ ਸਾਹਮਣੇ ਹਰ ਅਸੱਭਿਅਕ ਅਤੇ ਗੈਰ-ਕਾਨੂੰਨੀ ਵਰਤਾਰੇ ਲਈ ਬਜ਼ਿੱਦ ਹੁੰਦੀ ਹੈ, ਇਸੇ ਵਿਚ ਹੀ ਸੱਤਾ ਦੀ ਕਾਇਮੀ ਮੌਜੂਦ ਰਹਿੰਦੀ ਹੈ। ਵਿਸ਼ਵ ਮੰਡੀ ਲੋਕਤੰਤਰ ਅਜਿਹੇ ਵਰਤਾਰਿਆਂ ਵਿਚ ਰੂਹ ਫੂਕ ਦਿੰਦਾ ਹੈ ਅਤੇ 'ਲੋਕਤੰਤਰ' ਦੁਆਰਾ ਬਣਾਈਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਦਿੰਦਾ ਹੈ। ਪੰਜਾਬ ਦੀ ਕਿਸਾਨੀ ਇਤਿਹਾਸਕ ਰੂਪ 'ਚ ਹੀ ਵਿਅਕਤੀ ਵਿਸ਼ੇਸ਼ ਦੁਆਰਾ ਕਾਨੂੰਨ ਤੋੜਨ (ਬਹਿਕਦਾ ਰੋਹ) ਨੂੰ ਸਕਾਰਾਤਮਿਕ ਹੁੰਗਾਰਾ ਦਿੰਦੀ ਰਹੀ (ਕੰਮ ਦੀਆਂ ਸਥਿਤੀਆਂ 'ਚ ਵਿਕਸਿਤ ਮਨੋਵਿਗਿਆਨ) ਹੈ ਅਤੇ ਗਿਆਨ ਪ੍ਰਾਪਤੀ ਦਾ ਮਜ਼ਾਕ ਉਡਾਉਂਦੀ ਰਹੀ ਹੋਣ ਕਾਰਨ ਮੰਡੀ ਯੁੱਗ ਦੇ ਇਸ ਨਵੇਂ ਸ਼ੁਗਲ ਨੂੰ ਚੰਗਾ ਹੁੰਗਾਰਾ ਬਖਸ਼ ਰਹੀ ਹੈ। ਔਰਤ ਤਾਂ ਸੱਤਾ ਦੀ ਪਕਿਆਈ 'ਚ ਸੀਮੈਂਟ ਦੀ ਭੂਮਿਕਾ ਹੀ ਨਿਭਾਉਂਦੀ ਹੈ। ਮੰਡੀ ਸੱਭਿਆਚਾਰ 'ਚ ਹਿੰਸਾ ਦਾ ਏਨਾ ਬੋਲਬਾਲਾ ਹੋ ਜਾਂਦਾ ਹੈ ਕਿ ਉਪਭੋਗ ਅਤੇ ਪਾਸ਼ਵਿਕਤਾ ਸਮਾਂਤਰ ਜੁਜ਼ ਬਣ ਜਾਂਦੇ ਹਨ। ਫਿਲਮਾਂ, ਟੀ.ਵੀ., ਰੇਡੀਉ, ਨੈੱਟ ਸਭ ਪਾਸ਼ਵਿਕਤਾ ਦੇ ਪ੍ਰਵਚਨਾਂ 'ਚ ਲੀਨ ਹੋ ਜਾਂਦੇ ਹਨ। ਪੰਜਾਬੀ ਗੀਤ ਸੁਣਨ ਲਈ ਨੈੱਟ ਆਨ ਕਰੋ ਤਾਂ ਸੈਕਸ ਅਤੇ ਇਸਦੀ ਤਾਕਤ ਨੂੰ ਵਧਾਉਣ ਵਾਲੇ ਇਸ਼ਤਿਹਾਰਾਂ ਦਾ ਹੜ੍ਹ ਦਿਖਾਈ ਦੇਵੇਗਾ। ਨੈੱਟ ਤੁਹਾਡੀ ਕਾਮ ਉਤੇਜਨਾ ਨੂੰ ਉਲਟਣ ਲਈ ਕਾਹਲਾ ਹੈ, ਬਸ਼ਰਤੇ ਕਿ ਜੇਬ ਸਹੀ ਸਲਾਮਤ ਹੋਵੇ, ਫੇਸਬੁੱਕ ਇਸ 'ਧੰਦੇ' ਨੂੰ ਪ੍ਰਫੁੱਲਿਤ ਕਰਨ ਦਾ ਜ਼ਰੀਆ ਹੈ।

*ਫਾਇਦਾ ਨਹੀਓਂ ਕੋਈ ਦੇਹ ਨਾ ਫੋਕੀਆਂ ਸਫਾਈਆਂ ਤੂੰ*
*ਫੇਸਬੁੱਕ ਉੱਤੇ ਨਿੱਤ ਮਾਰਦਾ ਟਰਾਈਆਂ ਤੂੰ*
*ਜਣੀ ਖਣੀ ਤਾਈਂ ਭੇਜੇਂ ਰੋਜ਼ ਮੁੰਡਿਆ ਵੇ*

*ਭੋਰਾ ਨਹੀਂ ਉਦਾਸੀ ਦੇਖੀ ਸੋਹਣੇ ਮੁੱਖ 'ਤੇ ਮੈਂ*
*ਰਾਤੀਂ ਉਹਦੀ ਫੋਟੋ ਦੇਖੀ ਫੇਸਬੁੱਕ 'ਤੇ ਮੈਂ*
*ਇਨਫਰਮੇਸ਼ਨ ਵਿਚ ਲਿਖਿਆ ਸਿਰਨਾਵਾਂ ਚੰਨ ਦਾ ਏ*
*ਕਹਿੰਦੀ ਮੇਰਾ ਜਨਮ ਮਸਾਂ ਰੋਲਿਆਂ ਦੇ ਸੰਨ ਦਾ ਏ*
*ਗੱਲਾਂ ਵਾਲੀ ਇਕ ਗੱਲ ਉੱਤੇ ਕਿਉਂ ਨਾ ਟਿਕਦੀ ਏ*
*ਹਾਲੇ ਤੱਕ ਵੀ ਅਪਣੇ ਆਪ ਨੂੰ ਸਿੰਗਲ ਲਿਖਦੀ ਏ*
*ਚਲੋ ਆਪਸ ਵਿਚ ਗੱਲ ਕਰਦੇ ਆਂ ਕੀ ਲੈਣਾ ਪੁੱਛ ਕੇ ਮੈਂ*

*ਚੌਵੀ ਘੰਟੇ ਔਨਲਾਈਨ ਹੀ ਰਹਿੰਦੀ ਸੋਹਣੀ ਏ*
*ਰੱਬ ਹੀ ਜਾਣੇ ਕਿਹੜੇ ਵੇਲੇ ਸੌਂਦੀ ਹੋਣੀ ਏ*
*ਸਾਡੇ ਵਰਗਿਆਂ ਨਾਲ ਹੀ ਵਾਰੋ ਚੈਟਿੰਗ ਕਰਦੀ ਏ*
*ਕਿਹੜਾ ਹੋਰ ਟਰੱਕਾਂ ਦੀ ਡਿਸਪੈਚਰ ਕਰਦੀ ਏ*

*ਹੁਣ ਰੁੱਸਦੀ ਏ ਤੇ ਰੁੱਸ ਜਾਵੇ ਜੇ ਫੱਟੇ ਚੱਕ ਤੇ ਮੈਂ*

*-ਕਮਲ ਹੀਰ*

*ਓਪਨ ਮੈਂ ਕਰਿਆ ਅਕਾਊਂਟ ਆਪਦਾ*
*ਭਟਕਦਾ ਫਿਰਦਾ ਸੀ ਰਾਹਾਂ ਨਾਪਦਾ*
*ਇਕੋ ਦਮ ਨਿਗਾਹ ਟਿਕੀ ਗੋਰੇ ਮੁੱਖ 'ਤੇ*
*ਇਕ ਕੁੜੀ ਦਿਖੀ ਮੈਨੂੰ ਫੇਸਬੁੱਕ 'ਤੇ*

ਅੱਜ ਵੈਲੀ/ਸਰਦਾਰ 'ਸੱਭਿਆਚਾਰ' ਨੇ ਫਿਲਮਾਂ ਨੂੰ ਵੀ ਅਪਣੇ ਕਬਜ਼ੇ 'ਚ ਕਰ ਲਿਆ ਹੈ। ਫਿਲਮ ਦੀ ਕਹਾਣੀ ਦੇ ਨਾਇਕ ਜ਼ਿੰਮੇਵਾਰ ਸਰਕਾਰੀ ਅਹੁਦਿਆਂ ਉੱਪਰ ਬੈਠੇ ਸ਼ਰ੍ਹੇਆਮ ਕਾਨੂੰਨ ਨੂੰ ਉਲਟਾਉਣ ਦੇ ਮਸ਼ਵਰੇ ਦੇ ਰਹੇ ਹੁੰਦੇ ਹਨ। ਸਮੂਹਿਕ ਰੂਪ 'ਚ ਨਹੀਂ ਵਿਅਕਤੀਗਤ ਸੱਤਾ ਦੇ ਮੰਤਰ ਰਾਹੀਂ। ਰੰਨਾਂ ਦਾ ਹਾੜਬਾ (ਫਿਲਮ ਪਹਿਲਾਂ ਮੁਹੱਬਤ ਦੀ ਸਪਲਾਈ ਕਰਦੀ ਸੀ), ਕਾਨੂੰਨ ਤੋੜਨ ਲਈ ਵਿਅਕਤੀਗਤ ਹਿੰਸਾ ਹੀ ਇਹਨਾਂ ਫਿਲਮਾਂ ਦਾ ਕੇਂਦਰੀ ਥੀਮ ਹੈ। 'ਧਰਤੀ' ਫਿਲਮ ਵਿਚ ਇਹ ਜ਼ੋਰ ਵਿਸ਼ੇਸ਼ ਰੂਪ 'ਚ ਦਿੱਤਾ ਗਿਆ ਹੈ ਕਿ ਲੋਕਤੰਤਰ ਨੂੰ ਰਜਵਾੜਾਸ਼ਾਹੀ ਵਾਂਗ ਹੀ ਚਲਾਇਆ ਜਾ ਸਕਦਾ ਹੈ ਅਤੇ ਰਜਵਾੜਾਸ਼ਾਹੀ ਹਰ ਕਾਨੂੰਨ/ਜ਼ਿੰਮੇਵਾਰੀ ਤੋਂ ਉੱਪਰ ਹੁੰਦੀ ਹੈ ਅਤੇ ਇਸ ਨੂੰ ਰਜਵਾੜਾਸ਼ਾਹੀ ਦਾ 'ਆਵਾਰਾ ਪੂੰਜੀ ਤੰਤਰ' ਹੀ ਨਿਯੰਤ੍ਰਤ ਕਰ ਸਕਦਾ ਹੈ। ਗੀਤ ਬਠਿੰਡਾ ਮਾਰਕਾ ਵਿਚ ਐੱਨ ਆਰ ਆਈ ਵਜੂਦ ਨੂੰ ਰਲਾ ਕੇ ਪੇਸ਼ ਕੀਤੇ ਗਏ ਹਨ, ਜਿਸ ਨੂੰ ਧਰਮ ਦੀ ਪੁੱਠ ਚੜ੍ਹੀ ਹੋਈ ਹੈ ਭਾਵ ਮਾਝਾ, ਮਾਲਵਾ, ਦੁਆਬਾ ਦਾ ਸਾਂਝਾ ਪ੍ਰਵਚਨ ਹੀ ਫਿਲਮ ਉਦਯੋਗ ਨੂੰ ਹੁਲਾਰਾ ਦੇ ਸਕਦਾ ਹੈ।

*ਸਾਡੇ ਅਪਣੇ ਰੂਲ, ਸਾਡੇ ਅਪਣੇ ਅਸੂਲ*
*ਅਸੀਂ ਜਿੱਥੇ ਪੜ੍ਹੇ, ਉਹ ਤਾਂ ਵੱਖਰੇ ਸਕੂਲ*
*ਸਾਨੂੰ ਜਿਹੜੇ ਲੋਕ ਡੱਕੇ, ਸਾਰੇ ਦਾਅਵਿਆਂ ਨੂੰ ਖੋਗੇ*
*ਅਸੀਂ ਜਿਥੇ ਚਾਹਵਾਂਗੇ ਗੱਡੀ ਮੋੜਾਂਗੇ*
*ਫਿਰ ਸਾਰੇ ਦੇ ਸਾਰੇ ਈ ਸਿਗਨਲ ਤੋੜਾਂਗੇ*

*ਰੈਪ-(ਸਾਡਾ ਰੋਜ਼ ਦਾ ਖਰਚਾ...ਖਰਚਾ*
*ਸਾਡਾ ਕੁੜੀਆਂ 'ਚ ਚਰਚਾ...ਚਰਚਾ*
*ਸਾਡੀ ਪੁਲਿਸ ਨਾ' ਯਾਰੀ...ਯਾਰੀ*
*ਨਹੀਂ ਥਾਣੇ ਵਿਚ ਪਰਚਾ...ਪਰਚਾ)*

*ਯਾਰੋ ਸਾਡਾ ਚਰਚਾ ਹੀ ਰਹਿੰਦਾ ਹਰ ਥਾਂ*
*ਸਾਡਾ ਛਪਦਾ ਹੀ ਰਹਿੰਦਾ ਅਖਬਾਰਾਂ ਵਿਚ ਨਾਂ*
*ਅਸੀਂ ਕੱਲ੍ਹ ਦੇ ਨਹੀਂ ਆਂ ਅਸੀਂ ਅੱਜ ਦੇ ਸਟਾਰ*
*ਸਾਡੇ ਅੱਗੇ ਵੇਖੋ ਸਾਰੀ ਦੁਨੀਆਂ ਬੇਕਾਰ*
*ਅਸੀਂ ਐਸੀ ਵੈਸੀ ਕੁੜੀ ਨਾਲ ਕਰਨਾ ਨ੍ਹੀਂ ਪਿਆਰ*
*ਚੰਡੀਗੜ੍ਹ ਦੀ ਕੁੜੀ ਨਾ' ਦਿਲ ਜੋੜਾਂਗੇ*

*-ਮੀਕਾ ਸਿੰਘ*

*ਹੋਰ ਜੇ ਤੂੰ ਕਿਸੇ ਦੀਆਂ, ਲਾ ਬੈਠੀ ਮਹਿੰਦੀਆਂ*
*ਸ਼ਰ੍ਹੇਆਮ ਚੌਂਕ ਵਿਚ ਧੌਣਾਂ ਵੇਖੀਂ ਲਹਿੰਦੀਆਂ*
*ਤੇਰੀ ਡੋਲੀ ਹੋਰ ਲੈ ਜੇ, ਜੱਟ ਐਵੇਂ ਕਿੱਦਾਂ ਸਹਿ ਜੇ*
*ਵੇਖੀਂ ਸ਼ਮਸ਼ੀਰਾਂ ਨਾਲ ਵੱਜਦੇ ਸਟੰਟ ਨੀ*

*ਵੇਟ ਕਰ ਥੋੜ੍ਹੀ, ਤੇਰੇ ਪਿਉ ਨੂੰ ਮਨਾਲਾਂਗੇ*
*ਮੰਨਿਆ ਨਾ ਜੇ ਤੈਨੂੰ ਉਦਾਂ ਹੀ ਚੁਕਾਲਾਂਗੇ*
*ਉਂਝ ਤਾਂ ਨਿਮਾਣੇ ਆਂ ਪਰ ਵੈਲੀ ਵੀ ਪੁਰਾਣੇ ਆਂ*
*ਟੇਢਿਆਂ ਕੰਮਾਂ 'ਚ ਸਦਾ ਰਹਿਣੇ ਆਂ ਫਰੰਟ ਨੀ...।*

*-ਦਿਲਜੀਤ*

*ਕਾਲੀਆਂ ਬਾਰੀਆਂ ਵੀ ਗੱਡੀਆਂ ਨੂੰ ਮੈਂ ਲਾਵਾਂ*
*ਸਪੀਡ ਮੈਂ ਦੋ ਸੌ ਵੀਹ ਦੀ ਚਲਾਂ*
*ਪੁਲਿਸ ਦੇ ਸਾਹਮਣੇ ਮੈਂ ਨਹੀਂ ਰੁਕਦਾ*
*ਆਈ ਐਮ ਨਾਈਟ ਰਾਈਡਰ*
*ਬਰੇਕਾਂ...ਮਾਰ ਮਾਰ ਟਾਇਰ ਦੀ ਮੈਂ ਚੀਂ ਕੱਢਤਾ*
*ਸਾਰੇ ਲੋਕੀਂ ਤੱਕਦੇ ਬਈ ਕੀ ਹੋ ਗਿਆ*
*ਲਗਦਾ ਵਈ ਇੰਝ ਮੇਰਾ ਦਿਲ ਰੁਕ ਗਿਆ*

*ਉਹਨੂੰ ਮੈਂ ਪੁੱਛਦਾਂ, ਨੀ ਗੱਡੀ ਸਾਡੀ ਬਹਿ ਜਾ*
*ਨੀ ਜੱਟੀਏ! ਦੂਰ ਤੈਨੂੰ ਲੈ ਜਾਂ, ਵੇ ਅੜੀਏ*
*ਨੀ ਵੂਫਰ ਤੂੰ ਮੇਰੀ-ਮੇਰੀ*
*ਮੈਂ ਤੇਰਾ ਐਂਪਲੀਫਾਇਰ-ਫਾਇਰ*
*-ਇਮਰਾਨ ਖਾਨ*

ਫਿਲਮਾਂ ਦੇ ਆਦਰਸ਼ 'ਨਾਇਕ' ਵੈਲੀ/ਰਾਠ ਦੀ ਹਿੰਸਾ ਵਿਚ ਤਬਦੀਲ ਹੋ ਕੇ ਜਨ ਨੂੰ ਅਪਣੇ ਵੱਸ ਵਿਚ ਕਰਨ ਲਈ ਤਾਬੜਤੋੜ ਪਾਸ਼ਵਿਕ ਰੁਚੀਆਂ ਦਾ ਵਿਕਾਸ ਕਰ ਰਹੇ ਹਨ। ਇੱਥੇ ਜਿਹੜਾ ਵੀ ਪ੍ਰਤੀਰੋਧੀ ਇਤਿਹਾਸਕ ਸੰਕਲਪ ਹੁੰਦਾ ਹੈ, ਮੰਡੀ ਦੀ ਮਸੀਨ 'ਚ ਪਿੰਜ ਕੇ ਉਪਭੋਗ ਬਣ ਜਾਂਦਾ ਹੈ ਅਤੇ ਅਪਣੇ ਪਿੱਛੇ ਫੋਕ ਦਾ ਕੂੜਾ ਜਮ੍ਹਾਂ ਕਰਦਾ ਜਾਂਦਾ ਹੈ। ਮੰਡੀ ਦੇ ਨਾਅਰੇ ਹਨ "ਫੱਕ ਐਂਡ ਫਾਰਗੈੱਟ" ਅਤੇ "ਯੂਜ਼ ਐਂਡ ਥਰੋ" ਇੱਥੇ ਇਤਿਹਾਸ ਨੂੰ ਵੀ ਇਸੇ ਤਰਜ਼ 'ਚ ਪੇਸ਼ ਕਰਦਿਆਂ ਬੰਦਾ ਸਵੈ ਪ੍ਰਤੀ ਜ਼ਬਰਦਸਤ ਹਿੰਸਾ ਦਾ ਸ਼ਿਕਾਰ ਹੋ ਰਿਹਾ ਹੈ। ਵਿਨਾਸ਼ ਲੀਲ੍ਹਾ ਦਾ ਵਿਰਾਟ ਮੰਜ਼ਰ ਕੀ ਸੱਭਿਆਚਾਰ ਹੋ ਸਕਦਾ ਹੈ? ਮੀਡੀਆ ਇਸ ਪ੍ਰਤੀ ਜਵਾਬਦੇਹ ਨਹੀਂ, ਉਹ ਤਾਂ 'ਸੱਟੇ ਦੀ ਪੂੰਜੀ' ਦਾ ਭਾਈਵਾਲ ਹੈ ਅਤੇ ਅਸੀਂ ਪਲ-ਪਲ ਪ੍ਰਤੀਰੋਧ ਨੂੰ ਭੁੱਲ ਕੇ ਇਤਿਹਾਸ ਨੂੰ ਮੰਡੀ ਉਪਭੋਗ ਦੇ ਹਵਾਲੇ ਕਰਦੇ ਜਾਂਦੇ ਹਾਂ। ਅਸੀਂ ਤਾਂ ਸਿਰਫ ਇਸ ਗੱਲ 'ਤੇ ਖੜ੍ਹੇ ਹਾਂ ਕਿ "ਜੇ ਸੁੱਖ ਵੇਲੇ ਸ਼ੁਕਰਾਨਾ ਹੋਵੇ, ਤਾਂ ਦੁੱਖ ਵੇਲੇ ਅਰਦਾਸ।" ਭਗਤੀ ਚੇਤਨਾ ਅਤੇ ਗਿਆਨ ਆਪਸ ਵਿਚ ਵਿਰੋਧੀ ਪੈਂਤੜਾ ਹੈ ਅਤੇ ਤਰਕ ਮਨੁੱਖੀ ਹੋਂਦ ਦਾ ਪ੍ਰਮਾਨ ਸੂਤਰ। ਮੱਧ ਕਾਲ ਦੀ ਫਕੀਰ ਚੇਤਨਾ ਨੂੰ ਅੱਜ ਇਤਿਹਾਸ ਮੁਕਤ ਕਰਕੇ ਸੱਤਾ ਦੀ ਬਾਂਦੀ ਬਣਾਉਣ ਵਿਚ ਰੁੱਝਿਆ ਪੰਜਾਬੀ ਗਾਇਕੀ/ਮੀਡੀਆ ਸੱਭਿਆਚਾਰ ਸਾਨੂੰ ਦੇਸ਼ ਅਤੇ ਕਾਲ ਤੋਂ ਮੁਕਤ ਕਰ ਰਿਹਾ ਹੈ। ਦੇਸ਼ ਅਤੇ ਕਾਲ ਤੋਂ ਮੁਕਤ ਹੋਇਆ ਬੰਦਾ ਇਤਿਹਾਸ ਮੁਕਤ ਹੋ ਜਾਂਦਾ ਹੈ। ਇਤਿਹਾਸ ਮੁਕਤ ਹੋਇਆ ਬੰਦਾ ਉਨ੍ਹਾਂ ਸ਼੍ਰੇਣੀਆਂ ਤੋਂ 'ਮੁਕਤ' ਹੋ ਜਾਂਦਾ ਹੈ ਜੋ ਇਤਿਹਾਸ ਨੂੰ ਇਤਿਹਾਸ ਬਣਾਉਂਦੀਆਂ ਹਨ। ਅੱਜ ਪੰਜਾਬੀ ਬੰਦਾ ਜ਼ਿੰਦਗੀ ਦੇ ਹਰ ਦਿਨ ਨੂੰ ਦਿਹਾੜੀਦਾਰਾਂ ਵਾਂਗ ਟਪਾਉਂਦਾ ਹੈ। ਦਿਹਾੜੀਦਾਰ ਬੰਦੇ ਦਾ ਦਿਹਾੜੀ ਸਮਾਂ ਉਸ ਦਾ ਆਪਣਾ ਨਹੀਂ ਹੁੰਦਾ।

ਸੰਗੀਤ ਮੰਡੀ 'ਚ ਲੱਗੇ ਇਹ ਏਜੰਟ ਅਪਣੇ ਹਿੱਸੇ ਲਈ ਹਰ ਉਸ ਚਿਹਨ ਨੂੰ ਮੰਡੀ ਸੱਭਿਆਚਾਰ ਵਿਚ ਸੁੱਟ ਦਿੰਦੇ ਹਨ ਜੋ ਮਨੁੱਖ ਦੇ ਜਿਉਣ ਦਾ ਸਹਾਰਾ ਹੁੰਦਾ ਹੈ ਅਤੇ ਇਸੇ ਕਾਰਨ ਭਾਸ਼ਾ, ਜ਼ਬਾਨ, ਪ੍ਰਤੀਰੋਧ ਦੀ ਮਾਨਵੀ ਸੰਵੇਦਨਾ ਅਤੇ ਜਿਉਣ ਦਾ ਆਹਰ 'ਸੱਟੇ ਦੀ ਪੂੰਜੀ' ਦੇ ਹਵਾਲੇ ਕੀਤਾ ਜਾ ਰਿਹਾ ਹੈ। ਬੁੱਲ੍ਹਾ, ਬਾਹੂ, ਵਾਰਿਸ ਸਭ ਦੇ ਮਹਾਨ ਗਿਆਨ ਨੂੰ ਸੰਗੀਤ ਦੇ ਇਸ ਮੰਡੀ ਸੱਭਿਆਚਾਰ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਹ ਫਕੀਰ ਅਪਣੇ ਦਾਰਸ਼ਨਿਕ ਤਰਕਾਂ ਰਾਹੀਂ ਵਿਵਸਥਾ ਤੋਂ ਵੱਖ ਹੋ ਕੇ ਫਕੀਰ ਦਾ ਰੂਪ ਧਾਰ ਜਾਂਦੇ ਸਨ ਪ੍ਰੰਤੂ ਅੱਜ ਦੇ ਮੰਡੀ ਗਾਇਕ ਇਨ੍ਹਾਂ ਦੇ ਵੇਸ ਰੂਪ (ਹੰਸ ਰਾਜ ਹੰਸ, ਸਤਿੰਦਰ ਸਰਤਾਜ, ਮੀਤ ਸੁਰਮੀਤ ਆਦਿ) 'ਚ ਅਪਣੇ ਆਪ ਨੂੰ ਤੰਤਰ ਦੇ ਹਵਾਲੇ ਕਰਕੇ ਇਨ੍ਹਾਂ ਫਕੀਰਾਂ ਉੱਪਰ ਭਗਤੀ ਦਾ ਫੱਟਾ ਲਾ ਦਿੰਦੇ ਹਨ। ਭਗਤੀ ਹਮੇਸ਼ਾ ਤੰਤਰ ਦੀ ਸੱਜੀ ਬਾਂਹ ਜਾਂ ਤੰਤਰ ਆਪ ਹੀ ਹੈ, ਪ੍ਰੰਤੂ ਫਕੀਰ ਤੰਤਰ ਤੋਂ ਬਾਹਰ ਹੋ ਮਨੁੱਖ ਦੀ ਹੋਂਦ ਦੇ ਤਰਕ ਰਾਹੀਂ ਹਰ ਉਸ ਸੰਸਥਾਂ 'ਚੋਂ ਬਾਹਰ ਹੋ ਜਾਂਦਾ ਹੈ ਜੋ ਤੰਤਰ ਦਾ ਹਿੱਸਾ ਹੋਵੇ ਭਾਵੇਂ ਉਹ ਘਰ ਹੀ ਕਿਉਂ ਨਾ ਹੋਵੇ? ਇਹੋ ਗਿਆਨ ਦਾ ਮਾਰਗ ਹੈ ਅਤੇ ਯੂਰਪ ਦੀ ਆਧੁਨਿਕ ਲਹਿਰ ਨੇ ਇਸ ਨੂੰ ਵਿਗਿਆਨ ਬਣਾ ਕੇ ਤੰਤਰ ਤੋਂ ਮੁਕਤੀ ਦੇ ਸੰਦ ਪ੍ਰੋਲੇਤਾਰੀ ਨੂੰ ਸੌਂਪ ਦਿੱਤੇ ਸਨ। ਅੱਜ ਗਲੋਬਲੀ ਦੁਨੀਆ ਗਿਆਨ ਤੋਂ ਮੁਕਤੀ ਦੇ ਰਾਹ ਤੋਰ ਦਿੱਤੀ ਗਈ ਹੈ। ਵਾਲਟਰ ਬੈਂਜਾਮਿਨ ਨੇ ਇਸੇ ਦੁਨੀਆ ਦੀ ਅਗਾਊਂ ਕਲਪਨਾ ਦੂਜੀ ਜੰਗ ਤੋਂ ਪਹਿਲਾਂ ਕੀਤੀ ਸੀ, ਕਿਉਂਕਿ ਉਹ ਸੱਭਿਆਚਾਰ ਦੇ ਬਦਲਦੇ ਰੂਪ ਨੂੰ ਸਟੇਟ ਉਪਕਰਣਾਂ ਵੱਲੋਂ ਬੰਦੇ ਦੇ ਜ਼ਿਹਨ 'ਚ ਸੁੱਟੀ ਜਾ ਰਹੀ ਵਿਚਾਰਧਾਰਾ ਦੇ ਨਵੇਂ ਰੂਪ ਵਜੋਂ ਦੇਖ ਰਿਹਾ ਸੀ।

> "ਮਾਸ ਮੀਡੀਆ ਸੱਤਾਧਾਰੀ ਵਰਗ ਦੀ ਵਿਚਾਰਧਾਰਾ ਨੂੰ ਕਾਇਮ ਰੱਖਣ ਵਾਲਾ ਇਕ ਦਿਉ ਕੱਦ ਉਪਕਰਣ (ਸੰਦ) ਹੈ ਜਿਹੜਾ ਪੁਰਾਣੇ ਬੁਰਜੂਆ ਵਿਅਕਤੀਵਾਦ ਅਤੇ ਸਰਵਹਾਰਾ ਦੀ ਕ੍ਰਾਂਤੀਕਾਰੀ ਚੇਤਨਾ ਦੋਵਾਂ ਨੂੰ ਸਮਾਪਤ ਕਰ ਦਿੰਦਾ ਹੈ।"10

ਗਿਆਨ ਅਤੇ ਸੱਤਾ ਦੋ ਵਿਰੋਧੀ ਧਰਾਵਾਂ ਹਨ। ਸੱਤਾ ਇਕ ਹਿਰਾਰਕੀਕਲ ਤੰਤਰ ਹੈ ਜੋ ਹਰ ਉੱਪਰਲੀ ਸੱਤਾ ਦੀ ਥੰਮ੍ਹੀ ਬਣਨ ਦੀ 'ਸਮਰੱਥਾ' ਰੱਖਦਾ ਹੈ। ਇਹ ਤੰਤਰ ਦੀ ਮਜ਼ਬੂਤੀ ਦਾ ਇਕ ਅੰਗ ਹੈ ਅਤੇ ਇਸ ਕਰਕੇ ਛਵੀਆਂ (ਇਮੇਜਜ਼) ਰਾਹੀਂ ਵਿਅਕਤੀ ਸੱਤਾ ਨੂੰ ਮਜ਼ਬੂਤ ਕਰਦਿਆਂ ਮੰਡੀ ਦਾ ਉਪਕਰਨ ਮੀਡੀਆ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ, ਜਿਸ ਦਾ ਜ਼ੁੰਮਾ ਹੈ ਕਿ ਵਿਅਕਤੀਆਂ ਦੀਆਂ ਸੱਤਾਵਾਂ ਜਨ ਦੇ ਜ਼ਿਹਨ 'ਤੇ ਸਵਾਰ ਹੋ ਜਾਣ ਅਤੇ ਇਨ੍ਹਾਂ ਸੱਤਾਵਾਂ ਦੇ ਪ੍ਰਵਚਨ 'ਸੱਚਮੁੱਚ' ਧਰਮ ਸੂਤਰ ਦਾ ਰੂਪ ਧਾਰਦੇ ਭਗਤੀ 'ਚ ਰੁਪਾਂਤਰਿਤ ਹੋ ਜਾਂਦੇ ਹਨ। ਜਦੋਂ ਕਿ ਗਿਆਨ ਮਨੁੱਖ ਨੂੰ ਸਵੈ ਤਲਾਸ਼ ਦੇ ਰਾਹ ਤੋਰਦਾ ਹੈ।

*ਨਾ ਮੈਂ ਸੇਰ ਨਾ ਪਾ ਛਟਾਂਕੀ, ਨਾ ਪੂਰੀ ਸਰਸਾਈ ਹੂ*
*ਨਾ ਮੈਂ ਤੋਲਾ ਨਾ ਮੈਂ ਮਾਸਾ, ਹੁਣ ਗੱਲ ਰੱਤੀਆਂ 'ਤੇ ਆਈ ਹੂ*
*ਰੱਤੀ ਹੋਵਾਂ ਵੰਝ ਰੱਤੀ ਤੁੱਲਾਂ, ਉਹ ਵੀ ਪੂਰੀ ਨਾਹੀ ਹੂ*
*ਵਜ਼ਨ ਪੂਰਾ ਤਦ ਥਸਿਆ ਬਾਹੂ, ਜਦੋਂ ਹੋਸੀ ਫਜ਼ਲ ਇਲਾਹੀ ਹੂ।*

*-ਹਜ਼ਰਤ ਸੁਲਤਾਨ ਬਾਹੂ*

*ਬੁੱਲ੍ਹਿਆ ਕੀ ਜਾਣਾ ਮੈਂ ਕੌਣ*
*ਨਾ ਮੈਂ ਅੰਦਰ ਵੇਦ ਕਿਤਬਾਂ, ਨਾ ਵਿਚ ਭੰਗਾਂ ਨਾ ਸ਼ਰਾਬਾਂ*
*ਨਾ ਮੈਂ ਰਿੰਦਾ ਮਸਤ ਖਰਾਬਾਂ, ਨਾ ਵਿਚ ਜਾਗਣ ਨਾ ਵਿਚ ਸੌਣ*

*ਨਾ ਮੈਂ ਭੇਤ ਮਜ਼ਬ ਦਾ ਪਾਇਆ, ਨਾ ਮੈਂ ਆਦਮ ਹਵਾ ਦਾ ਜਾਇਆ*
*ਨਾ ਮੈਂ ਆਪਣਾ ਨਾਮ ਧਰਾਇਆ, ਨਾ ਵਿਚ ਬੈਠਣ ਨਾ ਵਿਚ ਭੌਣ।*

*ਅੱਵਲ ਆਖਿਰ ਆਪ ਨੂੰ ਜਾਣਾ, ਨਾ ਕੋਈ ਦੂਜਾ ਹੋਰ ਪਛਾਣਾਂ*
*ਮੈਥੋਂ ਹੋਰ ਨਾ ਕੋਈ ਸਿਆਣਾ, ਬੁੱਲ੍ਹਾ ਸ਼ਾਹ ਖੜ੍ਹਾ ਹੈ ਕੌਣ।*

*-ਬਾਬਾ ਬੁੱਲ੍ਹੇ ਸ਼ਾਹ*

ਇਹ ਸੰਦੇਹ ਮਨੁੱਖ ਦੇ ਹੋਣ ਦੇ ਤਰਕਾਂ ਨੂੰ ਤਿਆਰ ਕਰਦਾ, ਤੰਤਰ ਅਤੇ ਉਸ ਦੀਆਂ ਸੰਸਥਾਵਾਂ 'ਚੋਂ ਬੰਦੇ ਨੂੰ ਬਾਹਰ ਨਿਕਲ ਆਉਣ ਲਈ 'ਮਜਬੂਰ' ਕਰਦਾ ਹੈ। ਗਿਆਨ ਹੀ ਤਾਂ ਅਸਲ 'ਚ ਫਕੀਰ ਦੀ ਹੋਂਦ ਹੈ ਅਤੇ ਉਸ ਦੀ ਹੋਂਦ ਸਿਸਟਮੀ ਦੁਨੀਆ ਤੋਂ ਬਾਹਰ ਹੋਣ ਦਾ ਮਾਰ ਹੈ। ਸੱਤਾ ਤਰਕ ਦੀ ਦੁਸ਼ਮਣ ਹੈ। ਫਕੀਰ ਤਰਕ ਦੇ ਰੱਥ 'ਤੇ ਸਵਾਰ ਹੈ। ਤਰਕ ਸੱਤਾ ਅਤੇ ਉਸ ਦੇ ਤੰਤਰ ਦੀ ਮੌਤ ਹੈ। ਫਕੀਰ ਲਈ ਤਰਕ ਉਸ ਦੀ ਹੋਂਦ ਅਤੇ ਦੁੱਖਾਂ 'ਚੋਂ ਮੁਕਤੀ ਦਾ ਮਾਰਗ ਹੈ। ਸੱਤਾ ਦੀ ਜਨ ਨਾਲ ਨਫਰਤ ਹੈ, ਜਿਸ ਨੂੰ ਉਹ ਹਿੰਸਾ ਰਾਹੀਂ ਪ੍ਰਗਟ ਕਰਦੀ ਹੈ। ਫਕੀਰ ਦੀ ਜਨ ਨਾਲ ਮੁਹੱਬਤ ਹੈ ਅਤੇ ਉਹ ਸੱਤਾ ਨੂੰ ਛੱਡ ਜਨ ਨਾਲ ਗਿਆਨ ਦੀ ਯਾਰੀ ਗੰਢਦਾ ਹੈ। ਗਿਆਨ (ਗਿਆਨ ਪ੍ਰਾਪਤੀ ਫਕੀਰੀ ਰੂਪ 'ਚ ਹੁੰਦੀ ਹੈ) ਅਤੇ ਸੱਤਾ ਅੰਤ ਤੱਕ ਇਕ ਦੂਸਰੇ ਦੇ ਵਿਰੋਧੀ ਹਨ। ਸੱਤਾ ਸੱਤਾਸ਼ਾਲੀ ਵਿਅਕਤੀਆਂ/ਚਿਹਨਾਂ ਦਾ ਪ੍ਰਵਚਨ ਹੈ ਤਾਂ ਗਿਆਨ ਫਕੀਰਾਂ ਦਾ ਮਜਲਿਸੀ (ਡਿਬੇਟ) ਚਿੰਤਨ ਹੈ। ਸੱਤਾ ਪਦਾਰਥਕ ਕਬਜ਼ਾ ਹੈ ਤਾਂ ਫਕੀਰੀ ਸਭ ਪਦਾਰਥਾਂ ਨੂੰ ਵੰਡ ਕੇ "ਭੋਰਾ ਭੋਰਾ ਖਾਣਾ" ਹੈ। ਸੱਤਾ ਦਹਿਸ਼ਤ ਹੈ, ਹਿੰਸਾ ਹੈ ਅਤੇ ਜਨ ਨੂੰ ਨਫਰਤ ਕਰਨ ਲਈ ਤਿਆਰ 'ਮਿੰਬਰ' ਹੈ। ਬੰਦੇ ਨੂੰ ਗਿਆਨ ਲਈ ਇਸ ਤੋਂ ਬਾਹਰ ਆਉਣਾ ਲਾਜ਼ਮੀ ਹੈ। ਇਹ ਔਖਾ ਪੈਂਡਾ ਹੈ ਪ੍ਰੰਤੂ ਗਿਆਨ ਸੱਤਾ 'ਚੋਂ ਬਾਹਰ ਆ ਕੇ ਹੀ ਪ੍ਰਾਪਤ ਹੁੰਦਾ ਹੈ। ਇਹ ਪਤਵੰਤਾ ਸ਼ੌਕ ਨਹੀਂ ਹੈ ਭਾਵ ਫਕੀਰ ਦੇ ਵਿਦਰੋਹ ਰਾਹੀਂ ਹੀ ਇਹ ਗਤੀ 'ਚ ਰਹਿੰਦਾ ਹੈ ਅਤੇ ਜਨ ਹਮੇਸ਼ਾ ਫਕੀਰ ਦੇ ਨਾਲ ਹੁੰਦਾ ਹੈ। ਸੱਤਾ ਅਪਣੇ ਤਾਕਤਵਰ ਹੋਣ ਦਾ ਸਿਰਫ ਭਰਮ ਸਿਰਜ ਸਕਦੀ ਹੈ, ਅਸਲ ਸ਼ਕਤੀ ਗਿਆਨ ਪਿੱਛੇ ਤੁਰਿਆ ਜਨ ਹੀ ਹੁੰਦਾ ਹੈ। ਸੱਤਾ ਜਨ ਦੇ ਦਮਨ 'ਤੇ ਉੱਸਰਦੀ ਹੈ ਅਤੇ ਗਿਆਨ ਜਨ ਦੇ ਪ੍ਰਤੀਰੋਧ/ਚਿੰਤਨ ਦਾ ਆਧਾਰ ਸੂਤਰ ਹੈ। ਜੇ ਮੱਧਕਾਲ ਫਕੀਰੀ (ਗਿਆਨ) ਦਾ ਯੁੱਗ ਸੀ ਤਾਂ ਅੱਜ ਦਾ ਮੰਡੀ ਤੰਤਰ 'ਸਰਦਾਰੀ' (ਸੱਤਾ) ਦਾ ਯੁੱਗ ਹੈ। ਜਨ ਇਤਿਹਾਸ 'ਚੋਂ ਫਕੀਰੀ (ਗਿਆਨ) ਦੇ ਸੂਤਰਾਂ ਰਾਹੀਂ ਹੀ ਸੱਤਾ ਤੋਂ ਮੁਕਤ ਹੋ ਸਕਦਾ ਹੈ।

ਸੱਤਾ ਹੁੰਦੀ ਹੀ ਨਹੀਂ ਜੇ ਉਹ ਅਪਣਾ ਦਿਖਾਵਾ (ਸ਼ੋਅ) ਨਹੀਂ ਕਰਦੀ। ਦਮਨ/ਦਿਖਾਵੇ ਤੋਂ ਬਿਨਾਂ ਸੱਤਾ ਨਿਸ਼ਕ੍ਰਿਆ ਹੈ, ਜਿਵੇਂ ਪ੍ਰਾਣ ਬਿਨ ਆਦਮੀ ਅਤੇ ਪ੍ਰਤੀਰੋਧ ਅਮਲ ਬਾਝੋਂ ਪ੍ਰਵਚਨੀ ਸੰਘਰਸ਼ ਹੈ ਸਿਰਫ ਸਮਾਜ ਦੀ ਵਿਆਖਿਆ। ਵਰਤਮਾਨ ਦਾ 'ਕਾਲ ਚੱਕਰ' ਉਹਨਾਂ ਸੰਵੇਦਨਸ਼ੀਲ ਮਨਾਂ ਨੂੰ ਅਪਣੀ ਆਗੋਸ਼ (ਨਸ਼ਾਖੋਰੀ) 'ਚ ਸਮਾਅ ਲੈਂਦਾ ਹੈ ਜੋ ਵਿਦਰੋਹੀ ਸਥਿਤੀਆਂ 'ਚ ਪ੍ਰਤੀਰੋਧ ਦੇ ਵੈਨਗਾਰਡ ਹੋਣੇ ਹੁੰਦੇ ਹਨ ਲੁੰਪਨੀ ਪੂੰਜੀ 'ਚ ਲੁੰਪਨ ਹੋਣ ਤੋਂ ਅਸਮਰਥ ਮਨ (ਮਾਈਂਡ) ਨਸ਼ਿਆਂ ਵਿਚ ਘਿਰ ਜਾਂਦੇ ਹਨ। ਸੰਵੇਦਨਾ ਵਿਦਰੋਹੀ ਹਾਲਾਤਾਂ ਦੀ ਅਣਹੋਂਦ ਕਾਰਨ ਭਟਕਦੀ ਹੋਈ ਖੁਸ਼ੀ ਨੂੰ ਵਿਚਾਰਾਂ ਦੀ ਬਜਾਏ ਨਸ਼ੇ 'ਚੋਂ ਤਲਾਸ਼ਦੀ ਹੈ।

ਇਸ ਪਲਾਸਟਕੀ ਸੰਸਾਰ 'ਚ ਵਸਤੂਆਂ ਦੀ ਹੰਢਣਸਾਰਤਾ (ਡਿਊਰੇਬਿਲਟੀ) ਗੈਰਹਾਜ਼ਿਰ ਹੁੰਦੀ ਹੈ। ਇੱਥੇ ਭੁੱਖ ਨੂੰ ਦੂਰ ਕਰਨ ਵੇਲੇ ਖਾਧੇ ਜਾ ਰਹੇ ਸਾਰੇ ਭੋਜ ਵੀ ਮਨ ਨੂੰ ਤਸੱਲੀ ਨਹੀਂ ਦੇ ਪਾ ਰਹੇ ਹੁੰਦੇ, ਜਿਵੇਂ ਸੱਭਿਆਚਾਰਕ ਪਕਵਾਨ ਇਹ ਕਾਰਜ਼ ਨਿਭਾਉਂਦਾ ਹੈ। ਇਸ ਨਵੇਂ ਸਮੇਂ ਦਾ ਕਾਲ-ਚੱਕਰ ਸਾਡੀ ਨੀਅਤ ਨੂੰ ਹਮੇਸ਼ਾ ਭਟਕਣਾ ਦੇ ਰੱਥ 'ਤੇ ਸਵਾਰ ਕਰੀ ਰੱਖਦਾ ਹੈ। ਇੱਥੇ ਸਭ ਕੁਝ ਹੀ 'ਜੰਕ ਫੂਡ' ਵਰਗਾ ਹੈ ਭਾਵੇਂ ਉਹ ਮੁਹੱਬਤ ਹੋਵੇ, ਦੋਸਤੀ, ਗੀਤ, ਸੰਗੀਤ, ਜਾਂ ਭੋਜਨ। ਇਕ ਸਦੀਵੀ ਭਟਕਣਾ ਬੰਦੇ ਨੂੰ ਘੇਰੀ ਰੱਖਦੀ ਹੈ। ਇਕਾਗਰਤਾ ਇਸ ਯੁੱਗ ਤੋਂ 'ਰੁੱਸ' ਚੁੱਕੀ ਹੈ। ਯੋਗਾ ਦੀਆਂ ਜੰਕ 'ਔਸ਼ਧੀਆਂ' ਦਾ ਟੀ ਵੀ 'ਧਿਆਨ' ਇਸ਼ਤਿਹਾਰੀ ਭਟਕਣਾ ਲਈ ਸਾਨੂੰ ਬਾਜ਼ਾਰ ਦਾ ਸਹਾਰਾ ਹੋਰਡਿੰਗ ਬਣਾ ਕੇ ਓਮ-ਵਿਲੋਮ ਦਾ ਜਾਪ (ਭਗਤੀ) ਕਰਾਉਂਦਾ ਰਹਿੰਦਾ ਹੈ। 'ਜੰਕ ਫੂਡ' ਵਾਂਗ ਹੀ ਇਸ ਪਲਾਸਟਕੀ ਸੰਸਾਰ ਦੀਆਂ ਸੱਤਾਵਾਂ/ਚਿਹਨ ਵੀ ਪਲ ਪਲ ਮੁਲਤਵੀ ਹੁੰਦੇ ਰਹਿੰਦੇ ਹਨ। ਉਹ ਸਾਮੰਤਵਾਦੀ ਤੰਤਰ ਵਾਂਗ ਹਮੇਸ਼ਾ ਨਹੀਂ ਰਹਿੰਦੇ11 ਅਤੇ ਸੱਤਾਵਾਂ ਦੇ ਇਸ ਛਿਨਭੰਗਰ ਸੰਸਾਰ ਵਿਚ ਇਸਦਾ ਸੱਭਿਆਚਾਰ ਵੀ 'ਜੰਕ ਫੂਡ' ਦਾ ਕਾਰਜ ਨਿਭਾਉਂਦੇ ਹਨ। ਟਿਕਾਅ/ਪੜਾਅ ਫਕੀਰ ਦੇ ਗਿਆਨ ਦਾ ਜ਼ਬਰਦਸਤ ਸਹਾਰਾ ਹੈ ਜਿਸ ਵਿਚ ਮਜ਼ਲਿਸ ਸ਼ਾਮਿਲ ਹੁੰਦੀ ਹੈ ਪਰ ਰਾਕਟੀ ਗਤੀ 'ਜੰਕ ਸੱਭਿਆਚਾਰ' ਦੇ ਬੰਦੇ ਦੀ ਹੋਣੀ ਹੈ। ਇੱਥੇ ਔਰਤ ਮਰਦ ਇਕ ਦੂਜੇ ਨੂੰ ਭੋਗਣ ਦੇ ਹਾਬੜੇ 'ਚ ਤੰਤਰ (ਗਾਲਬੀ ਵਿਚਾਰਧਾਰਾ) ਦੁਆਰਾ ਭੋਗੇ ਜਾਂਦੇ ਜੁਜ਼ ਹਨ ਅਤੇ ਬਠਿੰਡਾ ਮਾਰਕ ਗਾਇਕੀ ਦਾ ਮੱਕੜਜਾਲ ਮਾਲਵੇ ਦੇ ਬਚੇ ਹੋਏ ਉਹਨਾਂ ਸਿਰਾਂ ਨੂੰ ਉੱਤਰ-ਆਧੁਨਿਕ ਸਥਿਤੀ ਦਾ ਭੋਗ ਲਵਾਉਣ ਲਈ ਜੁਗਤਾਂ ਘੜਦਾ ਹੈ ਜਿਹੜੇ ਅਜੇ ਗਾਲਬੀ ਘੇਰੇ ਤੋਂ ਬਾਹਰ ਮਨੁੱਖੀ ਹੋਂਦ 'ਚ ਮੁਕੰਮਲ ਯਕੀਨ ਰੱਖਦੇ, ਇਸ ਦਾ ਇਤਿਹਾਸ ਰਚਣ ਲਈ ਯਤਨਸ਼ੀਲ ਹਨ।

**(ਸਤੰਬਰ-ਦਸੰਬਰ 2011 ਦੇ ਹੁਣ 'ਚੋਂ ਧੰਨਵਾਦ ਸਹਿਤ)**

**ਹਵਾਲੇ:**


1. ਵਿਜੇ ਕੁਮਾਰ (ਸੁਸਾਨ ਸੰਟੋਗ), ਅੰਧੇਰੇ ਸਮੇਂ ਮੇਂ ਵਿਚਾਰ, ਸਫਾ 209
2. Theodor Adorno and Max Horkneimer, The Culture Industry, (from Dialectice of Enlightment), p. 11.
3. Theodor Adorno and Max Horkneimer, The Culture Industry, (from Dialectice of Enlightment), p. 11. Fun is a medicinal bath.
4. Germaine Greer, The Female Eunuch, p.16
5. ਕਾਰਲ ਮਾਰਕਸ, ਸਾਹਿਤ ਅਤੇ ਕਲਾ, ਸਫਾ-507 (ਖੁਸ਼ੀ ਬਾਰੇ ਸੰਕਲਪ-ਜੂਝਣਾ)
6. Theodor Adorno and Max Horkneimer, The Culture Industry, (from Dialectice of Enlightment), p. 11.
7. ਉਹੀ
8. ਉਹੀ
9. ਵਿਜੇ ਕੁਮਾਰ (ਸੁਸਾਨ ਸੰਟੋਗ), ਅੰਧੇਰੇ ਸਮੇਂ ਮੇਂ ਵਿਚਾਰ, ਸਫਾ 204-205
10. ਵਿਜੇ ਕੁਮਾਰ (ਵਾਲਟਰ ਬੈਂਜਮਿਨ), ਅੰਧੇਰੇ ਸਮੇਂ ਮੇਂ ਵਿਚਾਰ, ਸਫਾ 33

ਲੇਖ

# ਜ਼ੰਜੀਰਾਂ 'ਚ ਜਕੜੀ ਜਮਹੂਰੀਅਤ ਦੀ ਪੈਦਾਇਸ਼

# ਦੱਖਣੀ ਅਫ਼ਰੀਕਾ ਦੀ ਪਿਚਕੀ ਹੋਈ ਆਜ਼ਾਦੀ


## ਨੈਓਮੀ ਕਲੇਨ

### ਅਨੁਵਾਦ: ਬੂਟਾ ਸਿੰਘ


(ਅਗਸਤ 2012 ਵਿੱਚ ਸਾਊਥ ਅਫਰੀਕਾ ਦੀ ਇਕ ਪਲਾਟੀਨਮ ਦੀ ਖਾਣ ਵਿੱਚ ਚੱਲ ਰਹੀ ਹੜਤਾਲ ਦੌਰਾਨ ਪੁਲੀਸ ਵਲੋਂ ਚਲਾਈ ਗੋਲੀ ਕਾਰਨ 34 ਕਾਮੇ ਮਾਰੇ ਗਏ। ਇਸ ਘਟਨਾ ਨੇ ਦੁਨੀਆ ਭਰ ਦੇ ਲੋਕਾਂ ਨੂੰ ਸਾਊਥ ਅਫਰੀਕਾ ਵਿੱਚ ਅਪਾਰਥਾਈਡ (ਨਸਲਵਾਦੀ ਗੋਰਿਆਂ ਦੇ ਰਾਜ) ਦੌਰਾਨ ਵਾਪਰਦੀਆਂ ਹਿੰਸਕ ਘਟਨਾਵਾਂ ਦੀ ਯਾਦ ਕਰਵਾ ਦਿੱਤੀ ਹੈ। ਬਹੁਤ ਸਾਰੇ ਲੋਕਾਂ ਦੇ ਮਨ ਵਿੱਚ ਸਵਾਲ ਪੈਦਾ ਉੱਠਿਆ ਹੈ ਕਿ ਅਪਾਰਥਾਈਡ ਦੇ ਖਾਤਮੇ ਤੋਂ ਡੇਢ ਕੁ ਦਹਾਕੇ ਬਾਅਦ ਦੇ ਅੰਦਰ ਅੰਦਰ ਹੀ ਅਫਰੀਕਨ ਨੈਸ਼ਨਲ ਕਾਂਗਰਸ ਦੇ ਰਾਜ ਦੌਰਾਨ ਅਜਿਹੀ ਘਟਨਾ ਕਿਉਂ ਅਤੇ ਕਿਵੇਂ ਵਾਪਰ ਗਈ? ਇਸ ਸੁਆਲ ਦਾ ਜੁਆਬ ਜਾਣਨ ਲਈ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸਾਊਥ ਅਫਰੀਕਾ ਵਿੱਚ ਸੱਤਾ-ਬਦਲੀ ਦੇ ਸਮੇਂ ਦੌਰਾਨ ਕੀ ਵਾਪਰਿਆ। ਇਹ ਗੱਲ ਜਾਣ ਕੇ ਅਸੀਂ ਇਹ ਸਮਝ ਲਵਾਂਗੇ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨ ਦੇ ਬੀਜ ਸਾਊਥ ਅਫਰੀਕਾ ਵਿੱਚ ਸੱਤਾ ਬਦਲੀ ਦੇ ਵਰਤਾਰੇ ਦੌਰਾਨ ਹੀ ਬੀਜੇ ਗਏ ਸਨ।

ਨੈਓਮੀ ਕਲੇਨ ਦੀ 2007 ਵਿੱਚ ਛਪੀ ਕਿਤਾਬ "ਸ਼ਾਕ ਡੌਕਟਰੀਨ: ਦੀ ਰਾਈਜ਼ ਆਫ ਡਾਇਜਾਸਟਰ ਕੈਪਟਲਿਜ਼ਮ" ਦਾ ਸਾਊਥ ਅਫਰੀਕਾ ਬਾਰੇ ਲਿਖਿਆ ਗਿਆ ਅਧਿਆਇ ਸਾਊਥ ਅਫਰੀਕਾ ਵਿੱਚ ਸੱਤਾ ਬਦਲੀ ਦੌਰਾਨ ਵਾਪਰੀਆਂ ਘਟਨਾਵਾਂ ਦਾ ਬਹੁਤ ਬਾਖੂਬੀ ਨਾਲ ਵਿਸ਼ਲੇਸ਼ਣ ਕਰਦਾ ਹੈ। ਉਹਨਾਂ ਦੀ ਇਸ ਕਿਤਾਬ ਦਾ ਬੂਟਾ ਸਿੰਘ ਵਲੋਂ ਪੰਜਾਬੀ ਵਿੱਚ ਕੀਤਾ ਗਿਆ ਅਨੁਵਾਦ 2011 ਵਿੱਚ ਪ੍ਰਕਾਸ਼ਤ ਹੋਇਆ ਹੈ। ਅਸੀਂ ਨੈਓਮੀ ਕਲੇਨ ਅਤੇ ਬੂਟਾ ਸਿੰਘ ਦੇ ਧੰਨਵਾਦ ਸਹਿਤ ਇਹ ਲੇਖ ਵਤਨ ਦੇ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ। - ਸੰਪਾਦਕ)

ਸਮਝੌਤੇ ਦਾ ਅਰਥ ਹੈ ਕਿ ਇਤਿਹਾਸ ਹੇਠ ਦਬੀ ਹੋਈ ਧਿਰ ਨੂੰ ਇਹ ਲਾਜ਼ਮੀ ਸਮਝ ਲੈਣਾ ਚਾਹੀਦਾ ਹੈ ਕਿ ਜਬਰ ਅਤੇ ਜਮਹੂਰੀਅਤ ਦਰਮਿਆਨ ਸਿਫ਼ਤੀ ਫ਼ਰਕ ਹੈ। ਅਤੇ ਉਨ੍ਹਾਂ ਲਈ ਆਜ਼ਾਦੀ ਇਸ ਦੀ ਤਰਜ਼ਮਾਨੀ ਕਰਦੀ ਹੈ ਕਿ ਸਾਫ਼ ਪਾਣੀ ਦੀ ਸਪਲਾਈ ਦੀ ਬਿਜਲੀ ਚਲਦੀ ਰਹੇ, ਰਹਿਣ ਲਈ ਚੱਜ ਦੇ ਘਰ ਹੋਣ ਅਤੇ ਚੰਗੀ ਨੌਕਰੀ ਹੋਵੇ। ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜ ਸਕਣ ਅਤੇ ਸਿਹਤ ਸਹੂਲਤਾਂ ਉਨ੍ਹਾਂ ਦੀ ਪਹੁੰਚ 'ਚ ਹੋਣ। ਮੇਰਾ ਭਾਵ ਹੈ, ਜੇ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦਾ ਪੱਧਰ ਉੱਚਾ ਨਹੀਂ ਉੱਠਦਾ ਅਤੇ ਇਸ 'ਚ ਸੁਧਾਰ ਨਹੀਂ ਹੁੰਦਾ ਤਾਂ ਇਸ ਤਬਦੀਲੀ ਦਾ ਕੀ ਅਰਥ ਰਹਿ ਜਾਂਦਾ ਹੈ? ਜੇ ਅਜਿਹਾ ਨਹੀਂ ਹੁੰਦਾ ਤਾਂ ਵੋਟ ਬੇਕਾਰ ਚੀਜ਼ ਹੈ।

ਪ੍ਰਮੁੱਖ ਪਾਦਰੀ ਡੈਸਮੰਡ ਟੂਟੂ, ਦੱਖਣੀ ਅਫ਼ਰੀਕਾ ਬਾਰੇ ਤੱਥ ਖੋਜ ਕਮਿਸ਼ਨ ਦਾ ਚੇਅਰਮੈਨ, 2001 (1)

ਸੱਤਾ ਦਾ ਤਬਾਦਲਾ ਕਰਨ ਤੋਂ ਪਹਿਲਾਂ, ਨੈਸ਼ਨਲਿਸਟ ਪਾਰਟੀ ਜਿਸ ਚੀਜ਼ ਨੂੰ ਖ਼ੱਸੀ ਬਣਾ ਦੇਣਾ ਚਾਹੁੰਦੀ ਹੈ, ਇਹ ਇਕ ਤਰ੍ਹਾਂ ਦਾ ਐਸਾ ਵੱਟਾ-ਸੱਟਾ ਕਰਨ ਦਾ ਯਤਨ ਹੈ ਜਿਸ ਰਾਹੀਂ ਇਹ ਆਪਣੇ ਤਰੀਕੇ ਨਾਲ ਦੇਸ਼ ਦਾ ਸੰਚਾਲਨ ਕਰਨਾ ਛੱਡ ਦੇਵੇਗੀ। ਇਸ ਦੇ ਬਦਲੇ ਇਹ ਕਾਲੇ ਲੋਕਾਂ ਉੱਪਰ ਵੀ ਰੋਕ ਲਾ ਦੇਵੇਗੀ। ਉਹ ਵੀ ਆਪਣੇ ਤਰੀਕੇ ਨਾਲ ਦੇਸ਼ ਦਾ ਸੰਚਾਲਨ ਨਹੀਂ ਕਰ ਸਕਣਗੇ।

—ਐਲਿਸਟਰ ਸਪਾਰਕਸ, ਦੱਖਣੀ ਅਫ਼ਰੀਕੀ ਪੱਤਰਕਾਰ (2)

ਜਨਵਰੀ 1990 'ਚ ਨੈਲਸਨ ਮੰਡੇਲਾ ਨੇ ਜੇਲ੍ਹ ਦੀ ਕਾਲ ਕੋਠੜੀ 'ਚ ਬੈਠ ਕੇ ਇਕ ਰੁੱਕਾ ਲਿਖਿਆ ਜੋ ਜੇਲ੍ਹ ਤੋਂ ਬਾਹਰ ਉਸ ਦੇ ਹਮਾਇਤੀਆਂ ਦੇ ਨਾਂ ਸੀ। ਓਦੋਂ ਉਸ ਦੀ ਉਮਰ 71 ਵਰ੍ਹੇ ਸੀ। ਇਸ ਦਾ ਉਦੇਸ਼ ਉਸ ਬਹਿਸ ਦਾ ਨਿਤਾਰਾ ਕਰਨਾ ਸੀ ਕਿ ਕੀ ਸਤਾਈ ਸਾਲ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕੇ ਰਹਿਣ ਨਾਲ ਉਨ੍ਹਾਂ ਦੇ ਆਗੂ ਦੀ ਦੱਖਣੀ ਅਫ਼ਰੀਕਾ ਦੇ ਨਸਲੀ ਵਿਤਕਰੇ ਵਾਲੇ ਰਾਜ ਦੀ ਆਰਥਕ ਕਾਇਆਕਲਪ ਕਰਨ ਦੀ ਵਚਨਬੱਧਤਾ ਕਮਜ਼ੋਰ ਤਾਂ ਨਹੀਂ ਹੋ ਗਈ ਸੀ। ਉਸ ਨੇ ਬਹੁਤਾ ਸਮਾਂ ਕੇਪ ਟਾਊਨ ਦੇ ਸਮੁੰਦਰੀ ਕੰਢੇ ਤੋਂ ਦੂਰ ਰੋਬਨ ਟਾਪੂ ਦੀ ਜੇਲ੍ਹ 'ਚ ਗੁਜ਼ਾਰਿਆ ਸੀ। ਰੁੱਕਾ ਸਿਰਫ਼ ਦੋ ਵਾਕਾਂ ਦਾ ਸੀ ਅਤੇ ਇਸ ਨੇ ਮਾਮਲੇ ਦਾ ਨਬੇੜਾ ਕਰ ਦਿੱਤਾ ਸੀ : "ਖਾਣਾਂ, ਬੈਂਕਾਂ ਅਤੇ ਅਜਾਰੇਦਾਰੀ ਵਾਲੀਆਂ ਸਨਅਤਾਂ ਦਾ ਕੌਮੀਕਰਨ ਏ ਐੱਨ ਸੀ ਦੀ ਨੀਤੀ ਹੈ। ਅਤੇ ਇਸ ਸਬੰਧ 'ਚ ਸਾਡੇ ਵਿਚਾਰ ਬਦਲ ਜਾਣ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਅਸੀਂ ਕਾਲੇ ਲੋਕਾਂ ਨੂੰ ਆਰਥਕ ਹੱਕ ਦਿੱਤੇ ਜਾਣ ਦੀ ਪੂਰੀ ਹਮਾਇਤ ਕਰਦੇ ਹਾਂ ਤੇ ਇਸ ਨੂੰ ਉਤਸ਼ਾਹਤ ਕਰਦੇ ਹਨ, ਫੇਰ ਵੀ ਸਾਡੇ ਵਾਲੇ ਹਾਲਾਤ 'ਚ ਆਰਥਿਕਤਾ ਦ ਕੁਝ ਖੇਤਰਾਂ ਨੂੰ ਰਾਜ ਦੇ ਕੰਟਰੋਲ ਹੇਠ ਰੱਖਣਾ ਹੀ ਪਵੇਗਾ।"(3)

ਇਹ ਸਾਬਤ ਹੋ ਗਿਆ ਕਿ ਜਿਵੇਂ ਫੂਕੂਯਾਮਾ ਨੇ ਦਾਅਵਾ ਕੀਤਾ ਸੀ, ਇਤਿਹਾਸ ਦਾ ਹਾਲੇ ਅੰਤ ਨਹੀਂ ਹੋਇਆ ਸੀ। ਦੱਖਣੀ ਅਫ਼ਰੀਕਾ ਦੀ ਆਰਥਿਕਤਾ ਅਫ਼ਰੀਕਨ ਮਹਾਂਦੀਪ ਦੀ ਸਭ ਤੋਂ ਵੱਡੀ ਆਰਥਿਕਤਾ ਸੀ। ਉਥੇ ਕੁਝ ਲੋਕਾਂ ਨੂੰ ਅਜੇ ਵੀ ਇਹ ਯਕੀਨ ਸੀ ਕਿ ਉਨ੍ਹਾਂ ਉੱਤੇ ਜਬਰ ਕਰਨ ਵਾਲਿਆਂ ਵਲੋਂ ਬਦਕਾਰ ਤਰੀਕਿਆਂ ਨਾਲ ਬਟੋਰੇ ਮੁਨਾਫ਼ਿਆਂ ਉੱਤੇ ਹੱਕ ਜਤਾਉਣ ਅਤੇ ਇਨ੍ਹਾਂ ਦੀ ਮੁੜ ਵੰਡ ਕਰਨ ਦਾ ਹੱਕ ਆਜ਼ਾਦੀ ਦਾ ਹਿੱਸਾ ਸੀ।

ਇਹ ਵਿਸ਼ਵਾਸ ਅਫ਼ਰੀਕਨ ਨੈਸ਼ਨਲ ਕਾਂਗਰਸ ਦੀ ਨੀਤੀ ਦੀ ਪੈਂਤੀ ਸਾਲਾਂ ਤੋਂ ਬੁਨਿਆਦ ਸੀ ਉਸ ਸਮੇਂ ਤੋਂ, ਜਦੋਂ ਤੋਂ ਇਸ ਦੇ ਪ੍ਰਮੁੱਖ ਅਸੂਲਾਂ ਦੇ ਨਿਚੋੜ ਆਜ਼ਾਦੀ ਚਾਰਟਰ ਵਿਚ ਇਨ੍ਹਾਂ ਨੂੰ ਬਿਆਨ ਕੀਤਾ ਗਿਆ ਸੀ। ਚਾਰਟਰ ਦਾ ਖਰੜਾ ਤਿਆਰ ਕਰਨ ਦੀ ਕਹਾਣੀ ਦੱਖਣੀ ਅਫ਼ਰੀਕਾ ਵਿਚ ਲੋਕਧਾਰਾ ਦਾ ਹਿੱਸਾ ਬਣੀ ਹੋਈ ਹੈ ਅਤੇ ਇਸ ਦੀ ਠੋਸ ਵਜ੍ਹਾ ਹੈ। ਇਹ ਅਮਲ 1955 'ਚ ਪਾਰਟੀ ਵਲੋਂ ਪੰਜਾਹ ਹਜ਼ਾਰ ਵਾਲੰਟੀਅਰ ਕਸਬਿਆਂ ਅਤੇ ਪਿੰਡਾਂ ਨੂੰ ਭੇਜੇ ਜਾਣ ਤੋਂ ਸ਼ੁਰੂ ਹੋਇਆ ਸੀ। ਵਲੰਟੀਅਰਾਂ ਦਾ ਕੰਮ ਲੋਕਾਂ ਤੋਂ "ਆਜ਼ਾਦੀ ਦੀਆਂ ਮੰਗਾਂ ਇਕੱਠੀਆਂ ਕਰਨਾ ਸੀ—ਭਾਵ ਨਸਲੀ ਵਿਤਕਰੇ ਦੇ ਖ਼ਾਤਮੇ ਤੋਂ ਬਾਅਦ ਦੀ ਦੁਨੀਆਂ

ਬਾਰੇ ਉਹ ਕਿਵੇਂ ਸੋਚਦੇ ਹਨ ਜਿਸ ਵਿਚ ਸਾਰੇ ਦੱਖਣੀ ਅਫ਼ਰੀਕੀਆਂ ਨੂੰ ਬਰਾਬਰ ਹੱਕ ਹੋਣ। ਲੋਕਾਂ ਵਲੋਂ ਕਾਗਜ਼ ਦੇ ਟੁਕੜਿਆਂ ਉੱਤੇ ਇਹ ਮੰਗਾਂ ਲਿਖ ਕੇ ਭੇਜੀਆਂ ਗਈਆਂ : ''ਸਾਰੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨ ਦਿੱਤੀ ਜਾਵੇ,'' ''ਉਜਰਤਾਂ ਗੁਜ਼ਾਰੇ ਯੋਗ ਹੋਣ ਅਤੇ ਕੰਮ ਦੇ ਘੰਟੇ ਘਟਾਏ ਜਾਣ,'' ''ਰੰਗ, ਨਸਲ ਜਾਂ ਕੌਮੀਅਤ ਤੋਂ ਉੱਪਰ ਉੱਠ ਕੇ ਆਜ਼ਾਦ ਅਤੇ ਲਾਜ਼ਮੀ ਸਿਖਿਆ ਦਿੱਤੀ ਜਾਵੇ।'' ''ਮਕਾਨ ਅਤੇ ਆਜ਼ਾਦੀ ਨਾਲ ਘੁੰਮਣ-ਫਿਰਨ ਦਾ ਅਧਿਕਾਰ ਹੋਵੇ'' ਅਤੇ ਕਈ ਹੋਰ ਮੰਗਾਂ। (4) ਜਦੋਂ ਮੰਗਾਂ ਲਿਖਤੀ ਰੂਪ 'ਚ ਆ ਗਈਆਂ ਤਾਂ ਅਫ਼ਰੀਕਣ ਨੈਸ਼ਨਲ ਕਾਂਗਰਸ ਦੇ ਆਗੂਆਂ ਨੇ ਇਨ੍ਹਾਂ ਦਾ ਨਿਚੋੜ ਕੱਢਕੇ ਅੰਤਮ ਦਸਤਾਵੇਜ਼ ਤਿਆਰ ਕੀਤਾ। 26 ਜੂਨ 1955 ਨੂੰ ਕਲਿਪ ਟਾਊਨ ਵਿਖੇ ਕੀਤੇ ਗਏ ਜਨਤਕ ਸੰਮੇਲਨ 'ਚ ਇਸ ਨੂੰ ਬਾਕਾਇਦਾ ਰੂਪ 'ਚ ਪਾਸ ਕੀਤਾ ਗਿਆ। ''ਮੱਧਵਰਤੀ'' ਬਸਤੀ ਵਿਚ ਜੋ ਜੋਹਨਸਬਰਗ ਦੇ ਗੋਰੇ ਵਸਨੀਕਾਂ ਨੂੰ ਸੋਵੇਟੋ ਤੋਂ ਧੜਾਧੜ ਆ ਰਹੀ ਕਾਲੀ ਜਨਤਾ ਤੋਂ ਬਚਾਉਣ ਲਈ ਉਸਾਰੀ ਗਈ ਸੀ। ਦਸਤਾਵੇਜ਼ ਦੇ ਵਿਸ਼ਾ-ਵਸਤੂ ਬਾਰੇ ਵੋਟ ਦੇਣ ਲਈ ਕਾਲੇ ਇੰਡੀਅਨ, ''ਕਾਲੇ ਰੰਗ ਦੇ'' ਤੇ ਕੁਝ ਗੋਰੇ ਡੈਲੀਗੇਟ ਇਕ ਖੁੱਲ੍ਹੇ ਮੈਦਾਨ 'ਚ ਆ ਜੁੜੇ। ਕਲਿਪ ਟਾਊਨ ਦੇ ਇਤਿਹਾਸਕ ਇਕੱਠ ਦਾ ਵਰਨਣ ਨੈਲਸਨ ਮੰਡੇਲਾ ਨੇ ਇਸ ਤਰ੍ਹਾਂ ਕੀਤਾ ਸੀ : ''ਚਾਰਟਰ ਦਾ ਹਰ ਹਿੱਸਾ ਲੋਕਾਂ ਨੂੰ ਅੰਗਰੇਜ਼ੀ, ਸੇਸੋਥੋ ਅਤੇ ਕੋਸਾ ਬੋਲੀਆਂ ਵਿਚ ਉੱਚੀ ਆਵਾਜ਼ 'ਚ ਪੜ੍ਹਕੇ ਸੁਣਾਇਆ ਗਿਆ। ਹਰੇਕ ਹਿੱਸਾ ਪੜ੍ਹੇ ਜਾਣ 'ਤੇ ਹਜੂਮ 'ਅਫ਼ਰੀਕਾ!' ਅਤੇ 'MAYI2BUYE' ਦੇ ਜੈਕਾਰਿਆਂ ਨਾਲ ਸਹਿਮਤੀ ਪ੍ਰਗਟਾਉਂਦਾ ਰਿਹਾ।'' (5) ਆਜ਼ਾਦੀ ਚਾਰਟਰ ਦੀ ਨਸਲਪ੍ਰਸਤ ਰਾਜ ਤੋਂ ਆਕੀ ਪਹਿਲੀ ਮੰਗ ਇਸ ਤਰ੍ਹਾਂ ਹੈ, ''ਰਾਜ ਲੋਕ ਕਰਨਗੇ!''

ਪੰਜਾਹਵਿਆਂ ਦੇ ਅੱਧ 'ਚ, ਇਹ ਸੁਪਨਾ ਪੂਰਾ ਹੋਣ ਲਈ ਹਾਲੇ ਦਹਾਕੇ ਲੱਗਣੇ ਸਨ। ਸੰਮੇਲਨ ਦੇ ਦੂਜੇ ਦਿਨ, ਪੁਲਿਸ ਨੇ ਇਹ ਇਲਜ਼ਾਮ ਲਾ ਕੇ ਇਕੱਠ ਨੂੰ ਤਿੱਤਰ-ਬਿੱਤਰ ਕਰ ਦਿੱਤਾ ਕਿ ਡੈਲੀਗੇਟ ਰਾਜ ਵਿਰੁੱਧ ਬਗਾਵਤ ਦੀ ਸਾਜ਼ਿਸ਼ ਕਰ ਰਹੇ ਹਨ।

ਤਿੰਨ ਦਹਾਕੇ ਦੱਖਣੀ ਅਫ਼ਰੀਕਾ ਦੀ ਗੋਰੇ ਅਫ਼ਰੀਕਣਾਂ ਅਤੇ ਅੰਗਰੇਜ਼ਾਂ ਦੀ ਸਰਕਾਰ ਨੇ ਏ ਐੱਨ ਸੀ ਅਤੇ ਹੋਰ ਸਿਆਸੀ ਪਾਰਟੀਆਂ 'ਤੇ ਪਾਬੰਦੀ ਲਾਈ ਰੱਖੀ ਜੋ ਨਸਲੀ ਵਿਤਕਰੇ ਦਾ ਖ਼ਾਤਮਾ ਕਰਨ ਲਈ ਲੜ ਰਹੀਆਂ ਸਨ। ਬੇਇੰਤਹਾ ਜ਼ਬਰ ਦੇ ਇਸ ਸਮੁੱਚੇ ਅਰਸੇ 'ਚ, ਆਜ਼ਾਦੀ ਦਾ ਚਾਰਟਰ ਇਨਕਲਾਬੀ ਰੂਪੋਸ਼ ਜਥੇਬੰਦੀ ਅੰਦਰ ਹੱਥੋ-ਹੱਥੀ ਵੰਡਿਆ ਜਾਂਦਾ ਰਿਹਾ। ਆਸ ਅਤੇ ਟਾਕਰੇ ਦੀ ਪ੍ਰੇਰਨਾ ਦੇਣ ਵਾਲੀ ਇਸ ਤਾਕਤ ਦਾ ਜਲੌਅ ਫਿੱਕਾ ਨਹੀਂ ਪਿਆ। 1980ਵਿਆਂ 'ਚ ਨੌਜਵਾਨ ਖਾੜਕੂਆਂ ਦੀ ਉਸ ਨਵੀਂ ਪੀੜ੍ਹੀ ਨੇ ਇਹ ਚਾਰਟਰ ਬੁਲੰਦ ਕੀਤਾ ਜੋ ਸ਼ਹਿਰੀ ਬਸਤੀਆਂ 'ਚ ਜਵਾਨ ਹੋਈ ਸੀ। ਸਬਰ ਅਤੇ ਸਲੀਕੇ ਨਾਲ ਚੱਲਣ ਤੋਂ ਅਕੇ-ਸਤੇ ਅਤੇ ਗੋਰਿਆਂ ਦੇ ਗ਼ਲਬੇ ਦਾ ਖ਼ਾਤਮਾ ਕਰਨ ਲਈ ਕੁਝ ਵੀ ਕਰ ਗੁਜ਼ਰਨ 'ਤੇ ਉਤਾਰੂ ਗਰਮ-ਖ਼ਿਆਲ ਨੌਜਵਾਨਾਂ ਦੀ ਨਿਡਰਤਾ ਦੇਖ ਕੇ ਮਾਪਿਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਨ੍ਹਾਂ ਨੂੰ ਇਸ ਦੇ ਅੰਜਾਮ ਬਾਰੇ ਕੋਈ ਭੁਲੇਖਾ ਨਹੀਂ ਸੀ। ਉਹ ''ਗੋਲੀਆਂ ਤੇ ਅਥਰੂ ਗੈਸ ਸਾਨੂੰ ਰੋਕ ਨਹੀਂ ਸਕਦੇ'' ਦੇ ਜੈਕਾਰੇ ਲਾਉਂਦੇ ਸੜਕਾਂ ਉੱਤੇ ਆ ਨਿੱਤਰੇ। ਇਕ ਤੋਂ ਬਾਅਦ ਇਕ ਕਤਲ ਕਾਂਡ ਰਚੇ ਗਏ, ਦੋਸਤ ਮਿੱਤਰ ਕਬਰਾਂ 'ਚ ਦਫ਼ਨਾਏ ਗਏ ਉਹ ਫਿਰ ਵੀ ਆਜ਼ਾਦੀ ਦੇ ਤਰਾਨੇ ਗਾਉਂਦੇ ਹੋਏ ਅੱਗੇ ਵਧਦੇ ਗਏ। ਜਦੋਂ ਖਾੜਕੂਆਂ ਨੂੰ ਪੁੱਛਿਆ ਜਾਂਦਾ ਕਿ ਉਹ ਕਿਸ ਦੇ ਖਿਲਾਫ਼ ਲੜ ਰਹੇ ਹਨ, ਤਾਂ ਉਨ੍ਹਾਂ ਦਾ ਜਵਾਬ ਹੁੰਦਾ ''ਨਸਲੀ ਵਿਤਕਰਾ'' ਜਾਂ ''ਨਸਲਵਾਦ'' : ਜਦੋਂ ਇਹ ਪੁੱਛਿਆ ਜਾਂਦਾ ਕਿ ਕਾਹਦੀ ਖ਼ਾਤਰ ਲੜ ਰਹੇ ਹੋ ਤਾਂ ਬਹੁਤਿਆਂ ਦਾ ਜਵਾਬ ਹੁੰਦਾ ''ਆਜ਼ਾਦੀ ਖ਼ਾਤਰ'' ਅਤੇ ਅਕਸਰ ਹੀ ਜਵਾਬ ਹੁੰਦਾ ''ਆਜ਼ਾਦੀ ਚਾਰਟਰ ਦੀ ਖ਼ਾਤਰ।''

ਚਾਰਟਰ 'ਚ ਕੰਮ ਅਤੇ ਚੰਗੇ ਰੈਣ-ਬਸੇਰੇ ਦੇ ਅਧਿਕਾਰ ਅਤੇ ਵਿਚਾਰਾਂ ਦੀ ਆਜ਼ਾਦੀ ਦਰਜ ਕੀਤੀ ਗਈ ਸੀ। ਇਸ ਵਿਚ ਅਫ਼ਰੀਕਾ ਦੇ ਸਭ ਤੋਂ ਅਮੀਰ ਦੇਸ਼ ਦੀ ਦੌਲਤ ਵਿਚੋਂ ਹਿੱਸਾ ਦੇਣ ਦੀ ਸਭ ਤੋਂ ਤਿੱਖੀ ਮੰਗ ਵੀ ਸ਼ਾਮਲ ਸੀ। ਦੇਸ਼ ਜੋ ਹੋਰ ਖਜ਼ਾਨਿਆਂ ਦੇ ਨਾਲ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਸੋਨੇ ਦੀ ਖਾਣ ਹੈ। ਚਾਰਟਰ ਕਹਿੰਦਾ ਹੈ, ''ਦੱਖਣੀ ਅਫ਼ਰੀਕਾ ਵਾਸੀਆਂ ਦੀ ਵਿਰਾਸਤ, ਸਾਡੇ ਦੇਸ਼ ਦੀ ਕੌਮੀ ਦੌਲਤ ਮੁੜ ਲੋਕਾਂ ਦੇ ਸਪੁਰਦ ਕੀਤੀ ਜਾਵੇਗੀ; ਧਰਤੀ ਹੇਠਲੀ ਖਣਿਜੀ ਦੌਲਤ, ਬੈਂਕਾਂ ਅਤੇ ਅਜਾਰੇਦਾਰ ਸਨਅਤਾਂ ਦੀ ਮਾਲਕੀ ਪੂਰੀ ਤਰ੍ਹਾਂ ਲੋਕਾਂ ਨੂੰ ਦਿੱਤੀ ਜਾਵੇਗੀ। ਲੋਕਾਂ ਦੀ ਬਿਹਤਰੀ ਲਈ ਕੁਲ ਸਨਅਤ ਅਤੇ ਵਪਾਰ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾਵੇਗਾ।''(6)

ਚਾਰਟਰ ਦਾ ਖਰੜਾ ਤਿਆਰ ਕਰਨ ਸਮੇਂ, ਮੁਕਤੀ ਲਹਿਰ ਦੇ ਕੁਝ ਹਿੱਸਿਆਂ ਦੀ ਰਾਇ ਸੀ ਕਿ ਇਹ ਮੱਧਮਾਰਗੀ ਸਮਝ ਹੈ : ਹੋਰਨਾਂ ਦੀ ਰਾਇ ਸੀ ਇਹ ਨਾਮੁਆਫ਼ੀਯੋਗ ਹੱਦ ਤੱਕ ਕਮਜ਼ੋਰ ਹੈ। ਸਰਬ ਅਫ਼ਰੀਕੀਵਾਦੀਆਂ ਨੇ ਏ ਐੱਨ ਸੀ ਦੀ ਭੰਡੀ ਕੀਤੀ ਕਿ ਇਸ ਨੇ ਗੋਰੇ ਬਸਤੀਵਾਦੀਆਂ ਨੂੰ ਐਨੀ ਜ਼ਿਆਦਾ ਛੋਟ ਕਿਉਂ ਦਿੱਤੀ (ਉਨ੍ਹਾਂ ਨੇ ਸਵਾਲ ਕੀਤਾ, ''ਦੱਖਣੀ ਅਫ਼ਰੀਕਾ ਕਾਲੇ ਅਤੇ ਗੋਰੇ ਹਰ ਕਿਸੇ ਦਾ ਕਿਉਂ? ਉਨ੍ਹਾਂ ਦਾ ਕਹਿਣਾ ਸੀ, ਜਿਵੇਂ ਜਮੈਕਾ ਦੇ ਕਾਲੇ ਕੌਮਪ੍ਰਸਤ ਮਾਰਕਸ ਗਾਰਵੇ ਨੇ ਮੰਗ ਕੀਤੀ ਸੀ ਚਾਰਟਰ ਨੂੰ ਮੰਗ ਕਰਨੀ ਚਾਹੀਦੀ ਸੀ ''ਅਫ਼ਰੀਕਾ ਅਫ਼ਰੀਕਣਾਂ ਦਾ ਹੈ।'') ਪੱਕੇ ਮਾਰਕਸਵਾਦੀਆਂ ਨੇ ਇਨ੍ਹਾਂ ਮੰਗਾ ਨੂੰ ''ਨੀਮ ਬੁਰਜੂਆ'' ਕਹਿ ਕੇ ਰੱਦ ਕਰ ਦਿੱਤਾ। ਉਨ੍ਹਾਂ ਦੀ ਦਲੀਲ ਸੀ ਕਿ ਜ਼ਮੀਨ ਲੋਕਾਂ ਨੂੰ ਦੇਣਾ ਇਲਕਲਾਬੀ ਨਹੀਂ ਹੈ; ਲੈਨਿਨ ਨੇ ਤਾਂ ਕਿਹਾ ਸੀ ਕਿ ਨਿੱਜੀ ਜਾਇਦਾਦ ਲਾਜ਼ਮੀ ਖ਼ਤਮ ਕਰ ਦੇਣੀ ਚਾਹੀਦੀ ਹੈ।

ਮੁਕਤੀ ਘੋਲ 'ਚ ਸ਼ਾਮਲ ਸਾਰੇ ਧੜੇ ਇਸ ਨੁਕਤੇ 'ਤੇ ਸਹਿਮਤ ਸਨ ਕਿ ਨਸਲੀ ਵਿਤਕਰਾ ਨਾ ਸਿਰਫ਼ ਸਿਆਸੀ ਪ੍ਰਬੰਧ ਵਜੋਂ ਕੰਮ ਕਰਦਾ ਹੈ ਕਿ ਕਿਸ ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਕਿਸ ਨੂੰ ਆਜ਼ਾਦੀ ਹੋਵੇ। ਇਹ ਆਰਥਕ ਪ੍ਰਬੰਧ ਵੀ ਹੈ ਜੋ ਬਹੁਤ ਜ਼ਿਆਦਾ ਮੁਨਾਫ਼ੇ ਦੇਣ ਵਾਲਾ ਪ੍ਰਬੰਧ ਥੋਪਣ ਲਈ ਵੀ ਨਸਲੀ ਵਿਤਕਰੇ ਦੀ ਵਰਤੋਂ ਕਰਦਾ ਸੀ। ਮੁੱਠੀ ਭਰ ਗੋਰਾ ਕੁਲੀਨ ਵਰਗ ਦੱਖਣੀ ਅਫ਼ਰੀਕਾ ਦੀਆਂ ਖਾਣਾਂ, ਖੇਤਾਂ ਅਤੇ ਫੈਕਟਰੀਆਂ ਤੋਂ ਬੇਥਾਹ ਮੁਨਾਫ਼ੇ ਬਟੋਰ ਰਿਹਾ ਸੀ ਕਿਉਂਕਿ ਭਾਰੀ ਬਹੁ-ਗਿਣਤੀ ਕਾਲੇ ਲੋਕਾਂ ਨੂੰ ਜ਼ਮੀਨ ਦੀ ਮਾਲਕੀ ਦਾ ਹੱਕ ਨਹੀਂ ਸੀ ਅਤੇ ਇਹ ਉਸ ਤੋਂ ਕਿਤੇ ਘੱਟ ਉਜਰਤਾਂ 'ਤੇ ਮਿਹਨਤ ਸ਼ਕਤੀ ਮੁਹੱਈਆ ਕਰਨ ਲਈ ਮਜਬੂਰ ਬਣਾਏ ਗਏ ਸਨ ਜਿੰਨੀ ਉਜਰਤ ਇਨ੍ਹਾਂ ਨੂੰ ਮਿਲਣੀ ਚਾਹੀਦੀ ਸੀ। ਜਦੋਂ ਕਾਲੇ ਲੋਕ ਵਿਦਰੋਹ ਕਰਨ ਦਾ ਜੇਰਾ ਕਰਦੇ ਤਾਂ ਉਨ੍ਹਾਂ ਨੂੰ ਮਾਰ-ਕੁੱਟ ਕੇ ਜੇਲ੍ਹਾਂ 'ਚ ਡੱਕ ਦਿੱਤਾ ਜਾਂਦਾ ਸੀ। ਖਾਣਾਂ ਵਿਚ ਗੋਰਿਆਂ ਨੂੰ ਕਾਲਿਆਂ ਨਾਲੋਂ ਦਸ ਗੁਣਾਂ ਤੋਂ ਵੀ ਵੱਧ ਉਜਰਤ ਮਿਲਦੀ ਸੀ ਅਤੇ ਲਾਤੀਨੀ ਅਮਰੀਕਾ ਵਾਂਗ ਇੱਥੇ ਵੀ ਫ਼ੌਜ ਦੀ ਮਿਲੀਭੁਗਤ ਨਾਲ ਵੱਡੇ ਸਨਅਤਕਾਰ ਗੜਬੜ ਕਰਨ ਵਾਲੇ ਮਜ਼ਦੂਰਾਂ ਨੂੰ ਮਾਰ ਕੇ ਖਪਾ ਦਿੰਦੇ।(7)

ਆਜ਼ਾਦੀ ਚਾਰਟਰ ਨੇ ਮੁਕਤੀ ਲਹਿਰ ਦੀ ਇਸ ਬੁਨਿਆਦੀ ਸਹਿਮਤੀ ਦਾ ਐਲਾਨ ਕੀਤਾ ਕਿ ਆਜ਼ਾਦੀ ਨਿਰੀ ਕਾਲੇ ਲੋਕਾਂ ਦੇ ਰਾਜ 'ਤੇ ਕਾਬਜ਼ ਹੋਣ ਨਾਲ ਨਹੀਂ ਆਵੇਗੀ ਸਗੋਂ ਓਦੋਂ ਆਵੇਗੀ ਜਦੋਂ ਦੇਸ਼ ਦੀ ਨਜਾਇਜ਼ ਹਥਿਆਈ ਦੌਲਤ ਨੂੰ ਕਬਜ਼ੇ 'ਚ ਲੈ ਕੇ ਪੂਰੇ ਸਮਾਜ 'ਚ ਦੁਬਾਰਾ ਵੰਡ ਦਿੱਤੀ ਜਾਵੇਗੀ। ਦੱਖਣੀ ਅਫ਼ਰੀਕਾ ਹੁਣ ਐਸਾ ਦੇਸ਼ ਨਹੀਂ ਰਹੇਗਾ ਜਿੱਥੇ ਗੋਰੇ ਲੋਕ ਤਾਂ ਕੈਲੀਫੋਰਨੀਆ ਪੱਧਰ ਦੀ ਜ਼ਿੰਦਗੀ ਜਿਊਣ ਅਤੇ ਕਾਲੇ ਲੋਕ ਕਾਂਗੋ ਵਾਲਾ ਨਰਕ ਭੋਗਣ। ਨਸਲੀ ਵਿਤਕਰੇ ਦੇ ਸਮਿਆਂ 'ਚ ਇੰਵ ਹੀ ਕਿਹਾ ਜਾਂਦਾ ਸੀ। ਆਜ਼ਾਦੀ ਦਾ ਅਰਥ ਹੈ ਕਿ ਕੋਈ ਵਿਚ-ਵਿਚਾਲੇ ਦਾ ਰਾਹ ਕੱਢਣਾ ਪਵੇਗਾ।

ਜੇਲ੍ਹ 'ਚੋਂ ਲਿਖੇ ਸੰਖੇਪ ਰੁੱਕੇ ਰਾਹੀਂ ਮੰਡੇਲਾ ਇਸੇ ਸਮਝ 'ਤੇ ਮੋਹਰ ਲਾ ਰਿਹਾ ਸੀ : ਉਸ ਦਾ ਹਾਲੇ ਵੀ ਇਸ ਮੁੱਢਲੀ ਸੋਚ 'ਚ ਭਰੋਸਾ ਸੀ ਕਿ ਸਾਧਨਾਂ ਦੀ ਮੁੜ ਵੰਡ ਤੋਂ ਬਗ਼ੈਰ ਕੋਈ ਆਜ਼ਾਦੀ ਨਹੀਂ ਆਉਣ ਲੱਗੀ। ਇਸ ਵਕਤ ਬਹੁਤ ਜ਼ਿਆਦਾ ਦੇਸ਼ ''ਤਬਦੀਲੀ ਵਿਚੋਂ ਲੰਘ ਰਹੇ'' ਸਨ ਇਸ ਕਾਰਨ ਇਸ ਬਿਆਨ ਦੀਆਂ ਅਰਥ-ਸੰਭਾਵਨਾਵਾਂ ਬੇਥਾਹ ਸਨ। ਜੇ ਮੰਡੇਲਾ ਦੀ ਅਗਵਾਈ ਹੇਠ ਏ ਐੱਨ ਸੀ ਨੇ ਸੱਤਾ 'ਤੇ ਕਾਬਜ਼ ਹੋ ਕੇ ਬੈਂਕਾਂ ਅਤੇ ਖਾਣਾਂ ਦਾ ਕੌਮੀਕਰਨ ਕਰ ਦਿੱਤਾ ਤਾਂ ਇਕ ਮਿਸਾਲ ਕਾਇਮ ਹੋ ਜਾਵੇਗੀ। ਫੇਰ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰੀਆਂ ਲਈ ਹੋਰ ਦੇਸ਼ਾਂ ਵਿਚ ਐਸੀਆਂ ਤਜਵੀਜ਼ਾਂ ਨੂੰ ਬੀਤੇ ਦੀ ਗੱਲ ਕਹਿ ਕੇ ਰੱਦ ਕਰਨਾ ਅਤੇ ਇਹ ਜ਼ੋਰ ਦੇਣਾ ਹੋਰ ਵੀ ਮੁਸ਼ਕਲ ਹੋ ਜਾਵੇਗਾ ਕਿ ਸਿਰਫ਼ ਹਰ ਤਰ੍ਹਾਂ ਦੇ ਕੰਟਰੋਲ ਤੋਂ ਮੁਕਤ ਖੁੱਲ੍ਹੀਆਂ ਮੰਡੀਆਂ ਅਤੇ ਮੁਕਤ ਵਪਾਰ ਹੀ ਡੂੰਘੀਆਂ ਨਾਬਰਾਬਰੀਆਂ ਦਾ ਉਪਾਅ ਕਰਨ ਦੇ ਸਮਰੱਥ ਹਨ।

ਇਹ ਰੁੱਕਾ ਲਿਖਣ ਤੋਂ ਦੋ ਹਫ਼ਤੇ ਬਾਅਦ 11 ਫਰਵਰੀ 1990 ਨੂੰ ਮੰਡੇਲਾ ਆਜ਼ਾਦ ਆਦਮੀ ਵਜੋਂ ਜੇਲ੍ਹ ਤੋਂ ਬਾਹਰ ਆਇਆ। ਉਹ ਦੁਨੀਆਂ ਦੇ ਹੋਰ ਦੇਸ਼ਾਂ ਦੇ ਸੰਤਾਂ ਵਰਗਾ ਸਾਕਾਰ ਸੰਤ ਜਾਪਦਾ ਸੀ। ਉਸ ਦੀ ਰਿਹਾਈ ਦੇ ਜਸ਼ਨ ਮਨਾਉਣ ਲਈ ਦੱਖਣੀ ਅਫ਼ਰੀਕਾ ਦੇ ਲੋਕਾਂ ਦੇ ਹੜ੍ਹ ਉਮੜ ਆਏ। ਉਨ੍ਹਾਂ ਦੀ ਨਿਹਚਾ ਨੇ ਮੁੜ ਅੰਗੜਾਈ ਲਈ ਕਿ ਮੁਕਤੀ ਦੇ ਸੰਘਰਸ਼ ਨੂੰ ਕੋਈ ਵੀ ਤਾਕਤ ਰੋਕ ਨਹੀਂ ਸਕਦੀ। ਪੂਰਬੀ ਯੂਰਪ ਦੀ ਲਹਿਰ ਦੇ ਉਲਟ, ਦੱਖਣੀ ਅਫ਼ਰੀਕਾ ਪਿੱਛੇ ਨਹੀਂ ਸੀ ਹਟਿਆ ਸਗੋਂ ਲਹਿਰ ਅੱਗੇ ਵਧ ਰਹੀ ਸੀ। ਜਿੱਥੋਂ ਤੱਕ ਮੰਡੇਲਾ ਦਾ ਸਵਾਲ ਸੀ ਉਹ ਸੱਭਿਆਚਾਰਕ ਪੱਖੋਂ ਐਨਾ ਸਦਮੇ 'ਚ ਸੀ ਕਿ ਉਸ ਨੇ ਕੈਮਰਾ ਮਾਈਕਰੋਫ਼ੋਨ ਨੂੰ ''ਕੋਈ ਐਸਾ ਨਵੇਂ ਰਿਵਾਜ਼ ਦਾ ਹਥਿਆਰ ਸਮਝ ਲਿਆ ਜੋ ਮੇਰੇ ਜੇਲ੍ਹ 'ਚ ਹੋਣ ਸਮੇਂ ਵਿਕਸਤ ਹੋ ਗਿਆ ਹੋਵੇਗਾ।''(8)

ਸਤਾਈ ਸਾਲ ਪਹਿਲਾਂ ਉਹ ਜਿਸ ਦੁਨੀਆਂ 'ਚੋਂ ਜੇਲ੍ਹ ਗਿਆ ਸੀ ਅੱਜ ਦੀ ਦੁਨੀਆਂ ਉਸ ਤੋਂ ਬਿਲਕੁਲ ਵੱਖਰੀ ਸੀ। ਜਦੋਂ 1962 'ਚ ਮੰਡੇਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਫ਼ਰੀਕਣ ਮਹਾਂਦੀਪ 'ਚ ਤੀਜੀ ਦੁਨੀਆਂ ਦੀ ਕੌਮਪ੍ਰਸਤੀ ਪੂਰੇ ਜ਼ੋਰਾਂ 'ਤੇ ਸੀ; ਹੁਣ ਇਸ ਨੂੰ ਜੰਗ ਨੇ ਲੀਰੋ-ਲੀਰ ਕੀਤਾ ਹੋਇਆ ਸੀ। ਉਸ ਦੇ ਜੇਲ੍ਹ ਬੰਦ ਹੋਣ ਸਮੇਂ ਸਮਾਜਵਾਦੀ ਇਨਕਲਾਬਾਂ ਨੇ ਜ਼ੋਰ ਫੜਿਆ ਸੀ ਅਤੇ ਇਹ ਹੁਣ ਮੱਠੇ ਪੈ ਚੁੱਕੇ ਸਨ। ਚੇ ਗਵੇਰਾ 1967 'ਚ ਬੋਲੀਵੀਆ 'ਚ ਮਾਰਿਆ ਜਾ ਚੁੱਕਾ ਸੀ; ਸਲਵਾਡੋਰ ਅਲੈਂਡੇ ਨੂੰ 1973 ਦੇ ਰਾਜ ਪਲਟੇ ਸਮੇਂ ਕਤਲ ਕਰ ਦਿੱਤਾ ਗਿਆ ਸੀ; ਮੌਜ਼ਮਬੀਕ ਦਾ ਕੌਮੀ ਮੁਕਤੀ ਨਾਇਕ ਅਤੇ ਰਾਸ਼ਟਰਪਤੀ ਸਮੋਰਾ ਮਸ਼ੇਲ 1986 'ਚ ਇਕ ਰਹੱਸਮਈ ਹਵਾਈ ਹਾਦਸੇ 'ਚ ਫ਼ਨਾਹ ਹੋ ਗਿਆ ਸੀ। ਅੱਸੀਵਿਆਂ ਦੇ ਅਖ਼ੀਰ ਅਤੇ ਨੱਬੇਵਿਆਂ ਦੇ ਮੁੱਢ 'ਚ ਬਰਲਿਨ ਦੀ ਕੰਧ ਢਾਹੀ ਗਈ, ਤਿਆਨਮਿਨ ਚੌਂਕ ਵਾਪਰਿਆ ਅਤੇ ਕਮਿਊਨਿਜ਼ਮ ਢਹਿ-ਢੇਰੀ ਹੋਇਆ। ਇਸ ਰੱਦੋਬਦਲ ਦੌਰਾਨ ਸਮੇਂ ਦਾ ਹਾਣ ਦਾ ਹੋਣ ਲਈ ਉਸ ਕੋਲ ਵਕਤ ਨਹੀਂ ਸੀ; ਰਿਹਾਅ ਹੁੰਦੇ ਸਾਰ ਮੰਡੇਲਾ ਦੇ ਮੋਢਿਆਂ ਉੱਪਰ ਆਜ਼ਾਦੀ ਲਈ ਜੂਝ ਰਹੇ ਲੋਕਾਂ ਦੀ ਅਗਵਾਈ ਕਰਨ ਅਤੇ ਖ਼ਾਨਾਜੰਗੀ ਅਤੇ ਆਰਥਕ ਤਬਾਹੀ ਨੂੰ ਰੋਕਣ ਦੀ ਜ਼ਿੰਮੇਵਾਰੀ ਆਣ ਪਈ ਸੀ—ਇਹ ਦੋਵੇਂ ਸੰਭਾਵਨਾ ਸਪਸ਼ਟ ਦਿਖਾਈ ਦੇ ਰਹੀਆਂ ਸਨ।

ਜੇ ਕਮਿਊਨਿਜ਼ਮ ਅਤੇ ਸਰਮਾਏਦਾਰੀ ਦੇ ਵਿਚ ਵਿਚਾਲੇ ਕੋਈ ਤੀਜਾ ਰਾਹ ਮੌਜੂਦ ਸੀ—ਦੇਸ਼ ਦਾ ਜਮਹੂਰੀਕਰਨ ਅਤੇ ਨਾਲ ਹੀ ਦੌਲਤ ਦੀ ਮੁੜ ਵੰਡ ਕਰਨ ਦਾ ਰਾਹ—ਤਾਂ ਏ ਐੱਨ ਸੀ ਦੀ ਅਗਵਾਈ ਹੇਠ ਦੱਖਣੀ ਅਫ਼ਰੀਕਾ ਇਸ ਅਟੱਲ ਸੁਪਨੇ ਨੂੰ ਹਕੀਕਤ ਬਣਾਉਣ ਦੀ ਬੇਜੋੜ ਹਾਲਤ 'ਚ ਸੀ। ਮੰਡੇਲਾ ਨੂੰ ਸਿਰਫ਼ ਵਿਸ਼ਵ-ਵਿਆਪੀ ਤਾਰੀਫ਼ ਅਤੇ ਹਮਾਇਤ ਹੀ ਹਾਸਲ ਨਹੀਂ ਸੀ, ਲੰਘੇ ਸਾਲਾਂ 'ਚ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਵੀ ਖ਼ਾਸ ਤਰੀਕੇ ਨਾਲ ਚੱਲਿਆ ਸੀ। ਅੱਸੀਵਿਆਂ ਵਿਚ ਇਹ ਸਚਮੁਚ ਆਲਮੀ ਜਨਤਕ ਲਹਿਰ ਬਣ ਗਿਆ ਸੀ। ਅਤੇ ਦੱਖਣੀ ਅਫ਼ਰੀਕਾ ਤੋਂ ਬਾਹਰ ਕਾਰਕੁਨਾਂ ਨੇ ਕਾਰਪੋਰੇਟ ਬਾਈਕਾਟ ਦਾ ਹਥਿਆਰ ਬਹੁਤ ਹੀ ਪ੍ਰਭਾਵਸ਼ਾਲੀ ਰੂਪ 'ਚ ਇਸਤੇਮਾਲ ਕੀਤਾ ਸੀ—ਦੱਖਣੀ ਅਫ਼ਰੀਕਾ ਦੀਆਂ ਵਸਤਾਂ ਅਤੇ ਇਸ ਨਸਲਪ੍ਰਸਤ ਰਾਜ ਨਾਲ ਵਪਾਰ ਕਰਨ ਵਾਲੀਆਂ ਕੌਮਾਂਤਰੀ ਫਰਮਾਂ ਦੀਆਂ ਵਸਤਾਂ ਦਾ ਬਾਈਕਾਟ ਕੀਤਾ ਜਾਂਦਾ। ਇਸ ਯੁੱਧਨੀਤੀ ਦਾ ਮੰਤਵ ਕਾਰਪੋਰੇਟ ਸੈਕਟਰ ਉੱਤੇ ਲੋੜੀਂਦਾ ਦਬਾਅ ਪਾ ਕੇ ਇਸ ਨੂੰ ਮਜਬੂਰ ਕਰਨਾ ਸੀ ਕਿ ਇਹ ਦੱਖਣੀ ਅਫ਼ਰੀਕਾ ਦੀ ਕੱਟੜ ਸਰਕਾਰ ਨੂੰ ਨਸਲੀ ਵਿਤਕਰਾ ਖ਼ਤਮ ਕਰਨ ਲਈ ਮਨਾਏ। ਅਸਲ ਵਿਚ, ਇਸ ਮੁਹਿੰਮ ਦਾ ਨੈਤਿਕ ਪਹਿਲੂ ਵੀ ਸੀ : ਬਹੁਤ ਸਾਰੇ ਖਪਤਕਾਰਾਂ ਦਾ ਇਹ ਦ੍ਰਿੜ ਵਿਚਾਰ ਸੀ ਕਿ ਗੋਰਿਆਂ ਨੂੰ ਸਰਬੋਤਮ ਹੈਸੀਅਤ ਬਖਸ਼ਣ ਵਾਲੇ ਕਾਨੂੰਨਾਂ ਜ਼ਰੀਏ ਮੁਨਾਫ਼ੇ ਨਿਚੋੜਨ ਵਾਲੀਆਂ ਕੰਪਨੀਆਂ ਵਿਤੀ ਸੱਟ ਮਾਰੇ ਜਾਣ ਦੀਆਂ ਹੱਕਦਾਰ ਹੀ ਹਨ।

ਇਸ ਰਵੱਈਏ ਨਾਲ ਏ ਐੱਨ ਸੀ ਨੂੰ ਸਮੇਂ ਦੀ ਖੁੱਲ੍ਹੀ ਮੰਡੀ ਦੇ ਕੱਟੜ ਸਿਧਾਂਤ ਨੂੰ ਰੱਦ ਕਰਨ ਦਾ ਨਿਆਰਾ ਮੌਕਾ ਮਿਲ ਗਿਆ। ਕਿਉਂਕਿ ਪਹਿਲਾਂ ਹੀ ਇਹ ਵਿਆਪਕ ਸਹਿਮਤੀ ਬਣੀ ਹੋਈ ਸੀ ਕਿ ਇਹ ਕਾਰਪੋਰੇਸ਼ਨਾਂ ਨਸਲੀ ਵਿਤਕਰੇ ਦੇ ਜੁਰਮਾਂ 'ਚ ਹਿੱਸੇਦਾਰ ਹਨ, ਇਸ ਕਰਕੇ ਮੰਡੇਲਾ ਲਈ ਇਹ ਬਿਆਨ ਕਰਨ ਲਈ ਪਿੜ ਤਿਆਰ ਸੀ ਕਿ ਆਜ਼ਾਦੀ ਚਾਰਟਰ ਵਿਚ ਕੀਤੀ ਗਈ ਮੰਗ ਅਨੁਸਾਰ ਦੱਖਣੀ ਅਫ਼ਰੀਕਾ ਦੀ ਆਰਥਿਕਤਾ ਦੇ ਅਹਿਮ ਖੇਤਰਾਂ ਦਾ ਕੌਮੀਕਰਨ ਕਰਨਾ ਕਿਉਂ ਜ਼ਰੂਰੀ ਸੀ। ਉਹ ਇਹ ਬਿਆਨ ਕਰਨ ਲਈ ਵੀ ਇਸੇ ਦਲੀਲ ਨੂੰ ਵਰਤ ਸਕਦਾ ਸੀ ਕਿ ਨਸਲਪ੍ਰਸਤ ਨਿਜ਼ਾਮ ਦਾ ਚੜ੍ਹਾਇਆ ਹੋਇਆ ਕਰਜ਼ਾ ਇਕ ਨਵੀਂ, ਜਨਤਾ ਦੀ ਚੁਣੀ ਹੋਈ ਸਰਕਾਰ ਉੱਪਰ ਥੋਪਣਾ ਕਿਵੇਂ ਨਜਾਇਜ਼ ਬੋਝ ਸੀ। ਅਜਿਹਾ ਅਨੁਸ਼ਾਸਨਹੀਣ ਵਤੀਰਾ ਦੇਖ ਕੇ ਆਈ ਐੱਮ ਐੱਫ, ਅਮਰੀਕੀ ਖਜ਼ਾਨਾ ਵਿਭਾਗ ਅਤੇ ਯੂਰਪੀ ਯੂਨੀਅਨ ਨੂੰ ਅੱਗ ਲੱਗ ਜਾਣੀ ਸੀ, ਪਰ ਮੰਡੇਲਾ ਦਾ ਪ੍ਰਭਾਵ ਸਾਕਾਰ ਸੰਤ ਵਾਲਾ ਹੋਣ ਕਰਕੇ ਇਸ ਸਟੈਂਡ ਨੂੰ ਬੇਥਾਹ ਜਨਤਕ ਹਮਾਇਤ ਹਾਸਲ ਹੋ ਜਾਣੀ ਸੀ।

ਅਸੀਂ ਇਹ ਕਦੀ ਵੀ ਨਹੀਂ ਜਾਣ ਸਕਾਂਗੇ ਕਿ ਇਨ੍ਹਾਂ ਵਿਚੋਂ ਕਿਹੜੀ ਤਾਕਤ ਵੱਧ ਜ਼ੋਰਾਵਰ ਸਾਬਤ ਹੋਈ। ਜੇਲ੍ਹ ਵਿਚੋਂ ਮੰਡੇਲਾ ਵੱਲੋਂ ਰੁੱਕਾ ਲਿਖੇ ਜਾਣ ਅਤੇ 1994 ਦੀਆਂ ਚੋਣਾਂ 'ਚ ਹੂੰਝਾ ਫੇਰੂ ਜਿੱਤ ਹਾਸਲ ਕਰਕੇ ਰਾਸ਼ਟਰਪਤੀ ਚੁਣੇ ਜਾਣ ਦੇ ਵਿਚਕਾਰਲੇ ਸਾਲਾਂ 'ਚ ਪਾਰਟੀ ਲੀਡਰਸ਼ਿਪ ਨੂੰ ਕਿਸੇ ਤਰ੍ਹਾਂ ਇਹ ਜਚ ਗਿਆ ਸੀ ਕਿ ਇਹ ਜਨਤਾ 'ਚ ਆਪਣੇ ਰਸੂਖ਼ ਨੂੰ ਵਰਤ ਕੇ ਦੇਸ਼ ਦੀ ਚੋਰੀ ਕੀਤੀ ਦੌਲਤ ਨੂੰ ਮੁੜ ਹਾਸਲ ਕਰਕੇ ਇਸ ਦੀ ਨਵੇਂ ਸਿਰਿਉਂ ਵੰਡ ਨਹੀਂ ਕਰ ਸਕੇਗੀ। ਇਸ ਲਈ, ਕੈਲੀਫੋਰਨੀਆ ਅਤੇ ਕਾਂਗੋ ਦੇ ਗਭਲੇ ਮੇਲ ਦੀਆਂ ਨੀਤੀਆਂ ਦੀ ਥਾਂ ਏ ਐੱਨ ਸੀ ਨੇ ਐਸੀਆਂ ਨੀਤੀਆਂ ਅਖ਼ਤਿਆਰ ਕੀਤੀਆਂ ਜਿਨ੍ਹਾਂ ਦੇ ਸਿੱਟੇ ਵਜੋਂ ਨਾਬਰਾਬਰੀ ਅਤੇ ਜੁਰਮ ਐਨੀ ਵੱਡੀ ਮਾਤਰਾ 'ਚ ਵਧ ਗਏ ਕਿ ਦੱਖਣੀ ਅਫ਼ਰੀਕਾ ਅੰਦਰ ਪਾੜਾ ਹੁਣ ਬੈਵਰਲੀ ਹਿਲ (ਕੈਲੀਫੋਰਨੀਆ) ਅਤੇ ਬਗ਼ਦਾਦ ਦੇ ਪਾੜੇ ਦੇ ਨੇੜੇ ਤੇੜੇ ਜਾ ਪਹੁੰਚਿਆ ਹੈ। ਅੱਜ ਇਹ ਦੇਸ਼ ਇਸ ਦਾ ਪ੍ਰਤੱਖ ਸਬੂਤ ਹੈ ਕਿ ਜਦੋਂ ਆਰਥਕ ਸੁਧਾਰਾਂ ਨੂੰ ਸਿਆਸੀ ਕਾਇਆਕਲਪ ਦੇ ਏਜੰਡੇ ਤੋਂ ਵਿਛੋੜ ਦਿੱਤਾ ਜਾਂਦਾ ਹੈ ਤਾਂ ਕੀ ਭਾਣਾ ਵਾਪਰਦਾ ਹੈ। ਸਿਆਸੀ ਤੌਰ 'ਤੇ, ਇੱਥੋਂ ਦੇ ਲੋਕਾਂ ਨੂੰ ਵੋਟ ਦਾ ਹੱਕ, ਸ਼ਹਿਰੀ ਆਜ਼ਾਦੀਆਂ ਅਤੇ ਬਹੁਗਿਣਤੀ ਨੂੰ ਰਾਜ ਕਰਨ ਦਾ ਹੱਕ ਹਾਸਲ ਹੈ। ਫੇਰ ਵੀ ਆਰਥਕ ਤੌਰ 'ਤੇ ਦੱਖਣੀ ਅਫ਼ਰੀਕਾ ਦੁਨੀਆਂ ਦੇ ਸਭ ਤੋਂ ਵੱਧ ਨਾਬਰਾਬਰੀ ਵਾਲੇ ਸਮਾਜ ਦੇ ਰੂਪ 'ਚ ਬਰਾਜ਼ੀਲ ਨੂੰ ਪਿੱਛੇ ਛੱਡ ਗਿਆ ਹੈ।

2005 'ਚ ਮੈਂ ਦੱਖਣੀ ਅਫ਼ਰੀਕਾ ਇਹ ਸਮਝਣ ਲਈ ਗਈ ਸੀ ਕਿ 1990 ਤੋਂ ਲੈ ਕੇ 1994 ਦਰਮਿਆਨ ਦੇ ਉਨ੍ਹਾਂ ਅਹਿਮ ਸਾਲਾਂ ਦੌਰਾਨ ਹੋਈ ਰੱਦੋ-ਬਦਲ ਸਮੇਂ ਉੱਥੇ ਕੀ ਵਾਪਰਿਆ ਸੀ ਜਦੋਂ ਮੰਡੇਲਾ ਨੇ ਉਹ ਰਾਹ ਅਪਣਾਇਆ ਜਿਸ ਨੂੰ ਉਸ ਨੇ ਸਪਸ਼ਟ ਤੌਰ 'ਤੇ ''ਅਣਕਿਆਸਿਆ'' ਬਿਆਨ ਕੀਤਾ ਸੀ।

ਏ ਐੱਨ ਸੀ ਨੇ ਸੱਤਾਧਾਰੀ ਨੈਸ਼ਨਲ ਪਾਰਟੀ ਨਾਲ ਇਸ ਦ੍ਰਿੜ ਨਿਹਚਾ ਨਾਲ ਗੱਲਬਾਤ ਚਲਾਈ ਤਾਂ ਜੋ ਉਸ ਤਰ੍ਹਾਂ ਦੀ ਭਿਆਨਕ ਤਬਾਹੀ ਤੋਂ ਬਚਿਆ ਜਾ ਸਕੇ ਜਿਸ ਦਾ ਤਲਖ਼ ਅਨੁਭਵ ਗੁਆਂਢੀ ਮੌਜ਼ਮਬੀਕ ਨੂੰ ਹੋਇਆ ਸੀ।1975 'ਚ ਮੌਜ਼ਮਬੀਕ ਦੀ ਆਜ਼ਾਦੀ ਦੀ ਲਹਿਰ ਨੇ ਪੁਰਤਗਾਲ ਨੂੰ ਬਸਤੀਵਾਦੀ ਰਾਜ ਦਾ ਅੰਤ ਕਰਨ ਲਈ ਮਜਬੂਰ ਕਰ ਦਿੱਤਾ ਸੀ। ਉੱਥੋਂ ਜਾਣ ਸਮੇਂ ਖ਼ਫ਼ਾ ਹੋਏ ਪੁਰਤਗਾਲੀਆਂ ਨੇ ਕਿੜ ਕੱਢਣ ਲਈ ਬਹੁਤ ਤਬਾਹੀ ਮਚਾਈ ਸੀ। ਉਨ੍ਹਾਂ ਨੇ ਲਿਫਟਦਾਰ ਪੌੜੀਆਂ ਦੀਆਂ ਸ਼ਾਫਟਾਂ ਵਿਚ ਸੀਮਿੰਟ ਭਰ ਦਿੱਤਾ ਸੀ, ਟਰੈਕਟਰ ਤਬਾਹ ਕਰ ਦਿੱਤੇ ਸਨ ਅਤੇ ਉੱਥੋਂ ਜੋ ਕੁਝ ਵੀ ਲਿਜਾ ਸਕਦੇ ਸਨ ਸੰਨ੍ਹ ਮਾਰ ਕੇ ਲੈ ਗਏ ਸਨ। ਦੇਸ਼ ਦੇ ਪੱਲੇ ਕੱਖ ਨਹੀਂ ਰਿਹਾ ਸੀ। ਏ ਐੱਨ ਸੀ ਨੇ ਮੁਕਾਬਲਤਨ ਸ਼ਾਂਤਮਈ ਢੰਗ ਨਾਲ ਸੱਤਾ ਦਾ ਤਬਾਦਲਾ ਕਰਨ ਲਈ ਗੱਲਬਾਤ ਚਲਾਈ। ਇਸ ਦੇ ਬਾਵਜੂਦ ਵੀ ਇਹ ਦੱਖਣੀ ਅਫ਼ਰੀਕਾ ਦੇ ਨਸਲਪ੍ਰਸਤ ਹਾਕਮਾਂ ਨੂੰ ਸੱਤਾ ਛੱਡ ਕੇ ਜਾਣ ਵਕਤ ਤਬਾਹੀ ਮਚਾਉਣ ਤੋਂ ਨਹੀਂ ਰੋਕ ਸਕੀ। ਮੌਜ਼ਮਬੀਕ ਵਾਲੇ ਜੋਟੀਦਾਰਾਂ ਦੇ ਉਲਟ, ਨੈਸ਼ਨਲ ਪਾਰਟੀ ਨੇ ਸੀਮਿੰਟ ਪਾ ਕੇ ਮਸ਼ੀਨਰੀ ਖ਼ਰਾਬ ਨਹੀਂ ਕੀਤੀ—ਇਨ੍ਹਾਂ ਵਲੋਂ ਕੀਤੀ ਭੰਨਤੋੜ ਭਾਵੇਂ ਵੱਧ ਗੁੱਝੀ ਕਿਸਮ ਦੀ ਸੀ ਪਰ ਇਸ ਨੇ ਢਾਂਚੇ ਨੂੰ ਉਸੇ ਤਰ੍ਹਾਂ ਨਕਾਰਾ ਕਰ ਦਿੱਤਾ ਸੀ ਅਤੇ ਉਨ੍ਹਾਂ ਇਤਿਹਾਸਕ ਵਾਰਤਾਵਾਂ ਉੱਪਰ ਇਸ ਸਭ ਕਾਸੇ ਦੀ ਗੂੜ੍ਹੀ ਛਾਪ ਸੀ।

ਇਨ੍ਹਾਂ ਵਾਰਤਾਵਾਂ 'ਚ ਨਸਲੀ ਵਿਤਕਰੇ ਦੇ ਖ਼ਾਤਮੇ ਦੀਆਂ ਸ਼ਰਤਾਂ ਬਾਰੇ ਵਿਸਥਾਰ 'ਚ ਚਰਚਾ ਕੀਤੀ ਗਈ। ਗੱਲਬਾਤ ਦੋ ਸਮਾਂਤਰ ਲੀਹਾਂ 'ਤੇ ਚਲਦੀ ਰਹੀ ਪਰ ਇਹ ਲੀਹਾਂ ਇਕ ਦੂਜੀ 'ਚ ਜਾ ਫਸਦੀਆਂ ਸਨ : ਇਕ ਲੀਹ ਸਿਆਸੀ ਸੀ, ਦੂਜੀ ਆਰਥਕ। ਸੁਭਾਵਿਕ ਤੌਰ 'ਤੇ, ਜ਼ਿਆਦਾ ਧਿਆਨ ਨੈਲਸਨ ਮੰਡੇਲਾ ਅਤੇ ਨੈਸ਼ਨਲ ਪਾਰਟੀ ਦੇ ਆਗੂ ਐੱਫ ਡਬਲਯੂ ਡੀ ਕਲਾਰਕ ਦਰਮਿਆਨ ਆਹਲਾ-ਮਿਆਰੀ ਸਿਖ਼ਰ ਸੰਮੇਲਨਾਂ 'ਤੇ ਕੇਂਦਰਤ ਸੀ।

ਇਨ੍ਹਾਂ ਵਾਰਤਾਵਾਂ 'ਚ ਡੀ ਕਲਾਰਕ ਦੀ ਯੁੱਧਨੀਤੀ ਵੱਧ ਤੋਂ ਵੱਧ ਸੰਭਵ ਤਾਕਤ ਸੁਰੱਖਿਅਤ ਬਣਾ ਲੈਣ ਦੀ ਸੀ। ਉਸ ਨੇ ਆਮ ਬਹੁਗਿਣਤੀ ਦਾ ਰਾਜ ਆਉਣ ਤੋਂ ਰੋਕਣ ਲਈ ਹਰ ਹਰਬਾ ਵਰਤਿਆ। ਉਸ ਨੂੰ ਪੱਕਾ ਪਤਾ ਸੀ ਕਿ ਜੇ ਇਸ ਤਰ੍ਹਾਂ ਹੋ ਗਿਆ ਤਾਂ ਵਿਆਪਕ ਪੱਧਰ 'ਤੇ ਜ਼ਮੀਨ ਖੋਹ ਲਈ ਜਾਵੇਗੀ ਅਤੇ ਕਾਰਪੋਰੇਸ਼ਨਾਂ ਦਾ ਕੌਮੀਕਰਨ ਹੋ ਜਾਵੇਗਾ। ਇਸਨੂੰ ਰੋਕਣ ਲਈ ਉਸ ਨੇ ਦੇਸ਼ ਦੇ ਟੁਕੜੇ ਕਰਕੇ ਸੰਘ ਬਣਾਉਣ, ਘੱਟਗਿਣਤੀ ਪਾਰਟੀਆਂ ਲਈ ਵੀਟੋ ਅਧਿਕਾਰ ਯਕੀਨੀ ਬਣਾਉਣ, ਸਰਕਾਰ ਦੇ ਅਦਾਰਿਆਂ ਅੰਦਰ ਹਰੇਕ ਨਸਲੀ-ਸੱਭਿਆਚਾਰਕ ਗਰੁੱਪ ਲਈ ਨਿਸ਼ਚਿਤ ਫੀਸਦੀ ਸੀਟਾਂ ਰਾਖਵੀਆਂ ਕਰਾਉਣ ਦੀ ਪੂਰੀ ਵਾਹ ਲਾਈ। ਬਾਅਦ 'ਚ ਮੰਡੇਲਾ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ : ''ਨੈਸ਼ਨਲ ਪਾਰਟੀ ਅਸਲ ਵਿਚ ਸਾਡੀ ਸਹਿਮਤੀ ਨਾਲ ਗੋਰਿਆਂ ਦੀ ਸਰਬੋਤਮ ਹੈਸੀਅਤ ਨੂੰ ਬਰਕਰਾਰ ਰੱਖਣ ਦੀ ਵਾਹ ਲਾ ਰਹੀ ਸੀ।'' ਡੀ ਕਲਾਰਕ ਦੀ ਪਿੱਠ 'ਤੇ ਬੰਦੂਕਾਂ ਅਤੇ ਧਨ ਸੀ, ਪਰ ਉਸ ਦੇ ਵਿਰੋਧੀਆਂ ਪਿੱਛੇ ਦਹਿ ਲੱਖਾਂ ਲੋਕਾਂ ਦੀ ਲਹਿਰ ਸੀ। ਇਸ ਕਰਕੇ ਮੰਡੇਲਾ ਅਤੇ ਉਸ ਨਾਲ ਗੱਲਬਾਤ 'ਚ ਸ਼ਾਮਲ ਮੁੱਖ ਨੁਮਾਇੰਦੇ ਸਿਰਿਲ ਰਮਾਫੋਜ਼ਾ ਦੀ ਤਕਰੀਬਨ ਹਰ ਨੁਕਤੇ 'ਤੇ ਜਿੱਤ ਹੁੰਦੀ ਰਹੀ। (9)

ਅਕਸਰ ਹੀ ਇਨ੍ਹਾਂ ਤਰਥੱਲ ਮਚਾਊ ਸਿਖ਼ਰ ਸੰਮੇਲਨਾਂ ਦੇ ਨਾਲੋ-ਨਾਲ ਆਰਥਕ ਵਾਰਤਾਵਾਂ ਚੱਲਦੀਆਂ ਰਹੀਆਂ ਜਿਨ੍ਹਾਂ ਦੀ ਬਹੁਤ ਹੀ ਘੱਟ ਚਰਚਾ ਹੁੰਦੀ ਸੀ। ਏ ਐੱਨ ਸੀ ਵਲੋਂ ਇਨ੍ਹਾਂ ਵਿਚ ਮੁੱਖ ਤੌਰ 'ਤੇ ਥਾਬੋ ਮਬੇਕੀ ਹਿੱਸਾ ਲੈਂਦਾ ਸੀ। ਮਬੇਕੀ ਓਦੋਂ ਪਾਰਟੀ ਦਾ ਉੱਭਰ ਰਿਹਾ ਸਿਤਾਰਾ ਸੀ ਅਤੇ ਹੁਣ ਦੱਖਣੀ ਅਫ਼ਰੀਕਾ ਦਾ ਰਾਸ਼ਟਰਪਤੀ ਹੈ। ਜਦੋਂ ਸਿਆਸੀ ਗੱਲਬਾਤ ਅੱਗੇ ਵਧਣ ਨਾਲ ਨੈਸ਼ਨਲ ਪਾਰਟੀ ਨੂੰ ਇਹ ਸਪਸ਼ਟ ਹੋ ਗਿਆ ਕਿ ਛੇਤੀ ਹੀ ਸੰਸਦ ਉੱਪਰ ਏ ਐੱਨ ਸੀ ਦੀ ਮਜ਼ਬੂਤ ਜਕੜ ਬਣ ਜਾਵੇਗੀ, ਇਹ ਦੇਖ ਕੇ ਦੱਖਣੀ ਅਫ਼ਰੀਕਾ ਦੇ ਕੁਲੀਨ ਵਰਗ ਦੀ ਪਾਰਟੀ ਨੇ ਆਪਣੀ ਤਾਕਤ ਅਤੇ ਦਿਮਾਗੀ ਯੋਗਤਾ ਆਰਥਕ ਗੱਲਬਾਤ 'ਚ ਝੋਕ ਦਿੱਤੀ। ਦੱਖਣੀ ਅਫ਼ਰੀਕਾ ਦੇ ਗੋਰੇ ਸਰਕਾਰ ਉੱਪਰ ਕਾਲਿਆਂ ਦੇ ਕਾਬਜ਼ ਹੋਣ ਨੂੰ ਰੋਕਣ 'ਚ ਨਾਕਾਮਯਾਬ ਰਹੇ, ਪਰ ਜਦੋਂ ਨਸਲਪ੍ਰਸਤ ਨਿਜ਼ਾਮ ਹੇਠ ਬਟੋਰੀ ਦੌਲਤ ਨੂੰ ਬਚਾਉਣ ਦਾ ਸਵਾਲ ਆਇਆ ਤਾਂ ਉਹ ਐਨੀ ਅਸਾਨੀ ਨਾਲ ਇਸ ਨੂੰ ਹੱਥੋਂ ਨਹੀਂ ਛੱਡਣਗੇ।

ਇਨ੍ਹਾਂ ਵਾਰਤਾਵਾਂ 'ਚ ਡੀ ਕਲਾਰਕ ਸਰਕਾਰ ਦੀ ਦੋਹਰੀ ਨੀਤੀ ਸੀ। ਪਹਿਲਾਂ ਤਾਂ ਇਸ ਨੇ ਵਾਸ਼ਿੰਗਟਨ ਵਾਲੀ ਆਮ ਸਹਿਮਤੀ ਦੇ ਅਧਾਰ 'ਤੇ ਮਸੌਦਾ ਤਿਆਰ ਕਰ ਲਿਆ ਕਿ ਆਰਥਿਕਤਾ ਨੂੰ ਚਲਾਉਣ ਦਾ ਹੁਣ ਇਕੋ ਹੀ ਤਰੀਕਾ ਹੈ। ਇਸ ਅਧਾਰ 'ਤੇ ਇਸ ਨੇ ਆਰਥਿਕਤਾ ਦੇ ਅਹਿਮ ਫ਼ੈਸਲਾਕੁਨ ਖੇਤਰਾਂ—ਜਿਵੇਂ ਵਪਾਰ ਦੀ ਨੀਤੀ ਅਤੇ ਕੇਂਦਰੀ ਬੈਂਕ—ਨੂੰ ''ਤਕਨੀਕੀ'' ਜਾਂ ''ਪ੍ਰਸ਼ਾਸਨਿਕ'' ਵਜੋਂ ਪੇਸ਼ ਕੀਤਾ। ਫੇਰ ਇਸ ਨੇ ਕੌਮਾਂਤਰੀ ਵਪਾਰ ਸਮਝੌਤੇ, ਸੰਵਿਧਾਨਕ ਕਾਨੂੰਨਾਂ 'ਚ ਨਵੀਆਂ ਜੁਗਤਾਂ ਅਤੇ ਢਾਂਚਾ ਢਲਾਈ ਪ੍ਰੋਗਰਾਮ ਵਰਗੇ ਬਹੁਤ ਸਾਰੇ ਨੀਤੀਆਂ ਦੇ ਨਵੇਂ ਸੰਦਾਂ ਦੀ ਵਿਆਪਕ ਵਰਤੋਂ ਕਰਕੇ ਤਾਕਤ ਦੇ ਅਹਿਮ ਕੇਂਦਰ ਉਨ੍ਹਾਂ ਅਖੌਤੀ ਮਾਹਰਾਂ, ਅਰਥਸ਼ਾਸਤਰੀਆਂ ਅਤੇ ਅਧਿਕਾਰੀਆਂ ਦੇ ਹੱਥ ਦੇ ਦਿੱਤੇ ਜੋ ਆਈ ਐੱਮ ਐੱਫ, ਸੰਸਾਰ ਬੈਂਕ, ਚੁੰਗੀ ਅਤੇ ਵਪਾਰ ਬਾਰੇ ਆਮ ਸਹਿਮਤੀ (ਗੈਟ) ਅਤੇ ਨੈਸ਼ਨਲ ਪਾਰਟੀ ਦੇ ਬੰਦੇ ਸਨ। ਭਾਵ ਏ ਐੱਨ ਸੀ ਦੇ ਆਜ਼ਾਦੀ ਘੁਲਾਟੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ। ਇਹ ਦੇਸ਼ ਦੇ ਭੂਗੋਲ ਨੂੰ ਨਹੀਂ (ਜਿਵੇਂ ਮੁਢ 'ਚ ਡੀ ਕਲਾਰਕ ਨੇ ਵਾਹ ਲਾਈ ਸੀ) ਅਸਲ ਵਿਚ ਇਸ ਦੀ ਆਰਥਿਕਤਾ ਨੂੰ ਬਲਕਾਨ ਦੇਸ਼ਾਂ ਦੀ ਹਾਲਤ 'ਚ ਸੁੱਟ ਦੇਣ ਦੀ ਯੁੱਧਨੀਤੀ ਸੀ।

ਇਹ ਯੋਜਨਾ ਏ ਐੱਨ ਸੀ ਆਗੂਆਂ ਦੇ ਐਨ ਨੱਕ ਹੇਠ ਕਾਮਯਾਬੀ ਨਾਲ ਲਾਗੂ ਕਰਾਈ ਗਈ। ਸੁਭਾਵਿਕ ਤੌਰ 'ਤੇ ਉਹ ਤਾਂ ਸੰਸਦ 'ਤੇ ਕੰਟਰੋਲ ਕਰਨ ਦੀ ਲੜਾਈ ਜਿੱਤਣ 'ਚ ਬੁਰੀ ਤਰ੍ਹਾਂ ਰੁੱਝੇ ਹੋਏ ਸਨ। ਇਸ ਅਮਲ 'ਚ, ਏ ਐੱਨ ਸੀ ਬਹੁਤ ਜ਼ਿਆਦਾ ਮੱਕਾਰ ਯੁੱਧਨੀਤੀ ਹੱਥੋਂ ਆਪਣਾ ਬਚਾਅ ਨਹੀਂ ਕਰ ਸਕੀ। ਸਾਰਤੱਤ ਪੱਖੋਂ ਇਹ ਯੁੱਧਨੀਤੀ ਆਜ਼ਾਦੀ ਚਾਰਟਰ ਦੀਆਂ ਆਰਥਕ ਮੱਦਾਂ ਨੂੰ ਮਾਤ ਦੇਣ ਦੀ ਵਿਆਪਕ ਯੋਜਨਾ ਸੀ ਜੋ ਹੁਣ ਦੱਖਣੀ ਅਫ਼ਰੀਕਾ ਦਾ ਕਾਨੂੰਨ ਬਣਨ ਜਾ ਰਹੀ ਸੀ। ''ਰਾਜ ਦਾ ਸੰਚਾਲਨ ਲੋਕ ਕਰਨਗੇ'' ਛੇਤੀ ਹੀ ਇਹ ਸੁਪਨਾ ਹਕੀਕਤ ਬਣ ਜਾਵੇਗਾ, ਪਰ ਜਿਸ ਖੇਤਰ ਉੱਪਰ ਲੋਕਾਂ ਨੇ ਰਾਜ ਕਰਨਾ ਸੀ ਉਹ ਤੇਜ਼ੀ ਨਾਲ ਸੁੰਗੜ ਰਿਹਾ ਸੀ।

ਜਦੋਂ ਵਿਰੋਧੀਆਂ ਦਰਮਿਆਨ ਤਣਾਅਪੂਰਨ ਵਾਰਤਾਵਾਂ ਦੀਆਂ ਤੈਹਾਂ ਖੁੱਲ੍ਹ ਰਹੀਆਂ ਸਨ ਉਸ ਵਕਤ ਏ ਐੱਨ ਸੀ ਆਪਣੀਆਂ ਸਫ਼ਾਂ ਨੂੰ ਸੱਤਾਧਾਰੀ ਹੋਣ ਦੇ ਉਸ ਮੌਕੇ ਲਈ ਤਿਆਰ ਕਰਨ 'ਚ ਵੀ ਰੁੱਝੀ ਹੋਈ ਸੀ। ਏ ਐੱਨ ਸੀ ਦੇ ਅਰਥਸ਼ਾਸਤਰੀਆਂ ਅਤੇ ਵਕੀਲਾਂ ਨੇ ਕਾਰਜਕਾਰੀ ਟੋਲੀਆਂ ਬਣਾ ਕੇ ਇਹ ਹਿਸਾਬ-ਕਿਤਾਬ ਲਾਉਣਾ ਸ਼ੁਰੂ ਕਰ ਦਿੱਤਾ ਕਿ ਆਜ਼ਾਦੀ ਚਾਰਟਰ 'ਚ ਦਰਜ ਘਰਾਂ ਦੇ ਇੰਤਜ਼ਾਮ ਅਤੇ ਸਿਹਤ ਸਹੂਲਤਾਂ ਦੇ ਆਮ ਵਾਅਦਿਆਂ ਨੂੰ ਅਮਲੀ ਨੀਤੀਆਂ 'ਚ ਕਿਵੇਂ ਬਦਲਿਆ ਜਾਵੇ। ਇਨ੍ਹਾਂ ਯੋਜਨਾਵਾਂ ਵਿਚੋਂ ਸਭ ਤੋਂ ਉਤਸ਼ਾਹਪੂਰਨ ਸੀ ਜਮਹੂਰੀਅਤ ਨੂੰ ਹਰਕਤ 'ਚ ਲਿਆਉਣਾ ਨਾਂ ਦੀ ਆਰਥਕ ਵਿਉਂਤਬੰਦੀ ਜੋ ਨਸਲਪ੍ਰਸਤ ਰਾਜ ਦੇ ਖ਼ਾਤਮੇ ਤੋਂ ਬਾਅਦ ਦੱਖਣੀ ਅਫ਼ਰੀਕਾ ਦੇ ਭਵਿੱਖ ਲਈ ਵਿਉਂਤੀ ਗਈ ਸੀ। ਇਹ ਓਦੋਂ ਲਿਖੀ ਗਈ ਸੀ ਜਦੋਂ ਆਹਲੀ ਮਿਆਰੀ ਵਾਰਤਾਵਾਂ ਚੱਲ ਰਹੀਆਂ ਸਨ। ਇਸ ਵਕਤ ਪਾਰਟੀ ਦੇ ਹਮਾਇਤੀਆਂ ਨੂੰ ਇਹ ਇਲਮ ਨਹੀਂ ਸੀ ਕਿ ਜਦੋਂ ਉਹ ਜੋਸ਼-ਖਰੋਸ਼ ਨਾਲ ਯੋਜਨਾਵਾਂ ਘੜਨ 'ਚ ਜੁਟੇ ਹੋਏ ਸਨ, ਓਦੋਂ ਗੱਲਬਾਤ ਦੀ ਮੇਜ਼ 'ਤੇ ਬੈਠੀ ਪਾਰਟੀ ਦੀ ਗੱਲਬਾਤ ਕਰਤਾ ਟੀਮ ਨੂੰ ਐਸੀਆਂ ਛੋਟਾਂ ਦੇਣੀਆਂ ਪੈ ਰਹੀਆਂ ਸਨ ਜੋ ਇਨ੍ਹਾਂ ਯੋਜਨਾਵਾਂ ਨੂੰ ਅਮਲ 'ਚ ਲਾਗੂ ਹੋਣਾ ਅਸੰਭਵ ਬਣਾ ਦੇਣਗੀਆਂ। ਇਸ ਯੋਜਨਾ ਦੇ ਖਰੜੇ ਨਾਲ ਸਬੰਧਤ ਅਰਥਸ਼ਾਸਤਰੀ ਵਿਸ਼ਨੂ ਪਦਾਏਚੀ ਨੇ ਮੈਨੂੰ ਦੱਸਿਆ, ''ਸ਼ੁਰੂ ਹੋਣ ਤੋਂ ਪਹਿਲਾਂ ਹੀ ਇਹ ਯੋਜਨਾ ਮਰ-ਮੁੱਕ ਚੁੱਕੀ ਸੀ।'' ਜਿਸ ਵਕਤ ਖਰੜਾ ਪੂਰਾ ਹੋਇਆ, ''ਨਵੀਂ ਬਾਜ਼ੀ ਸ਼ੁਰੂ ਹੋ ਗਈ ਸੀ।''

ਪਦਾਏਚੀ ਏ ਐੱਨ ਸੀ 'ਚ ਸਰਗਰਮ ਟਕਸਾਲੀ ਸਿਖਲਾਈਯਾਫਤਾ ਅਰਥਸ਼ਾਸਤਰੀਆਂ ਵਿਚੋਂ ਇਕ ਸੀ। ਇਸ ਕਰਕੇ ਉਸ ਨੂੰ ਜਮਹੂਰੀਅਤ ਨੂੰ ਹਰਕਤ 'ਚ ਲਿਆਉਣਾ ਯੋਜਨਾ ਦਾ ਖਰੜਾ ਤਿਆਰ ਕਰਨ 'ਚ ਆਗੂ ਭੂਮਿਕਾ ਨਿਭਾਉਣ ਲਈ ਚੁਣਿਆ ਗਿਆ ਸੀ। (ਉਹ ਇਸ ਨੂੰ ''ਅੰਕੜੇ ਚਿੱਥਣਾ'' ਕਹਿੰਦਾ ਹੈ।) ਜਿਹੜੇ ਜ਼ਿਆਦਾਤਰ ਵਿਅਕਤੀ ਨੀਤੀਆਂ ਘੜਨ ਲਈ ਹੋਈਆਂ ਲੰਮੀਆਂ ਬੈਠਕਾਂ 'ਚ ਉਸ ਨਾਲ ਸ਼ਾਮਲ ਸਨ ਉਹ ਏ ਐੱਨ ਸੀ ਸਰਕਾਰ ਦੇ ਚੋਟੀ ਦੇ ਅਹੁਦਿਆਂ 'ਤੇ ਬਿਰਾਜਮਾਨ ਹੋ ਗਏ, ਪਰ ਪਦਾਏਚੀ ਨੇ ਇੰਞ ਨਾ ਕੀਤਾ। ਉਸ ਨੇ ਸਰਕਾਰ ਦੀ ਨੌਕਰੀ ਦੀ ਪੇਸ਼ਕਸ਼ ਠੁਕਰਾ ਦਿੱਤੀ, ਅਤੇ ਡਰਬਨ 'ਚ ਅਕਾਦਮਿਕ ਜ਼ਿੰਦਗੀ ਗੁਜ਼ਾਰਨ ਨੂੰ ਤਰਜੀਹ ਦਿੱਤੀ। ਇੱਥੇ ਉਹ ਪੜ੍ਹਾਉਣ ਅਤੇ ਲਿਖਣ ਅਤੇ ਆਈਕ ਦੀ ਕਿਤਾਬਾਂ ਦੀ ਦੁਕਾਨ ਚਲਾਉਣ ਦਾ ਆਪਣਾ ਮਨਪਸੰਦ ਕੰਮ ਕਰਦਾ ਹੈ। ਇਸ ਦਾ ਨਾਂ ਉਸ ਨੇ ਐਸੇ ਪਹਿਲੇ ਕਿਤਾਬਾਂ ਵੇਚਣ ਵਾਲੇ ਦੱਖਣੀ ਅਫ਼ਰੀਕੀ ਦੇ ਨਾਂ 'ਤੇ ਰੱਖਿਆ ਸੀ ਜੋ ਗੋਰਾ ਨਹੀਂ ਸੀ। ਇੱਥੇ ਅਫ਼ਰੀਕਣ ਇਤਿਹਾਸ ਦੇ ਦੁਰਲੱਭ ਗ੍ਰੰਥ ਪੂਰੇ ਧਿਆਨ ਨਾਲ ਸੰਭਾਲੇ ਹੋਏ ਹਨ। ਅਸੀਂ ਇਨ੍ਹਾਂ ਵਿਚਾਲੇ ਬੈਠ ਕੇ ਇਸ ਤਬਦੀਲੀ ਬਾਰੇ ਵਿਚਾਰ-ਚਰਚਾ ਕੀਤੀ ਸੀ।

ਪਦਾਏਚੀ ਦੱਖਣੀ ਅਫ਼ਰੀਕਾ ਦੀ ਟਰੇਡ ਯੂਨੀਅਨ ਲਹਿਰ ਦੇ ਸਲਾਹਕਾਰ ਵਜੋਂ ਸੱਤਰਵਿਆਂ 'ਚ ਮੁਕਤੀ ਘੋਲ 'ਚ ਸ਼ਾਮਲ ਹੋਇਆ ਸੀ। ਉਹ ਚੇਤੇ ਕਰਦਾ ਹੈ, ''ਉਨ੍ਹਾਂ ਦਿਨਾਂ 'ਚ ਅਸੀਂ ਸਾਰਿਆਂ ਨੇ ਆਜ਼ਾਦੀ ਚਾਰਟਰ ਆਪਣੇ ਦਰਵਾਜ਼ਿਆਂ ਦੇ ਪਿੱਛੇ ਟੰਗਿਆ ਹੁੰਦਾ ਸੀ।'' ਮੈਂ ਉਸ ਨੂੰ ਪੁੱਛਿਆ ਕਿ ਉਸ ਨੂੰ ਕਦੋਂ ਇਲਮ ਹੋਇਆ ਕਿ ਆਰਥਕ ਵਾਅਦੇ ਪੂਰੇ ਨਹੀਂ ਹੋਣਗੇ। ਉਸ ਨੇ ਦੱਸਿਆ ਕਿ ਪਹਿਲੀ ਵਾਰ ਉਸ ਨੂੰ 1993 ਦੇ ਅਖ਼ੀਰ 'ਚ ਸ਼ੱਕ ਹੋਇਆ, ਜਦੋਂ ਉਸ ਨੂੰ ਅਤੇ ਜਮਹੂਰੀਅਤ ਨੂੰ ਹਰਕਤ 'ਚ ਲਿਆਉਣ ਵਾਲੀ ਟੋਲੀ ਦੇ ਇਕ ਹੋਰ ਸਹਿ-ਕਾਮੇ ਨੂੰ ਗੱਲਬਾਤ ਕਰ ਰਹੀ ਟੀਮ ਦਾ ਫ਼ੋਨ ਆਇਆ ਜੋ ਨੈਸ਼ਨਲ ਪਾਰਟੀ ਨਾਲ ਲੈ-ਦੇ ਕਰਨ ਦੇ ਆਖ਼ਰੀ ਪੜਾਅ 'ਤੇ ਸੀ। ਫ਼ੋਨ 'ਤੇ ਉਨ੍ਹਾਂ ਨੇ ਦੱਖਣੀ ਅਫ਼ਰੀਕਾ ਦੀ ਕੇਂਦਰੀ ਬੈਂਕ ਨੂੰ ਆਜ਼ਾਦ ਅਦਾਰਾ ਬਣਾਉਣ ਦੇ ਚੰਗੇ-ਮਾੜੇ ਪੱਖਾਂ ਬਾਰੇ ਇਕ ਪੁਜ਼ੀਸ਼ਨ ਪੇਪਰ ਲਿਖਣ ਦੀ ਗੁਜ਼ਾਰਿਸ਼ ਕੀਤੀ ਸੀ, ਜਿਸ ਨੂੰ ਚੁਣੀ ਹੋਈ ਸਰਕਾਰ ਤੋਂ ਪੂਰੀ ਤਰ੍ਹਾਂ ਖ਼ੁਦ-ਮੁਖਤਿਆਰ ਅਦਾਰੇ ਵਜੋਂ ਚਲਾਉਣ ਦੀ ਤਜਵੀਜ਼ ਸੀ। ਹੈਂ ਇਹ ਕੀ? ਅਤੇ ਗੱਲਬਾਤ ਕਰਨ ਵਾਲਿਆਂ ਨੂੰ ਇਹ ਲਿਖਤ ਸਵੇਰੇ ਚਾਹੀਦੀ ਸੀ।

ਹੁਣ ਪੰਜਾਹ ਸਾਲਾਂ ਤੋਂ ਵੱਧ ਉਮਰ ਦੇ ਪਦਾਏਚੀ ਨੇ ਚੇਤੇ ਕੀਤਾ, "ਸਾਡੇ ਉੱਪਰ ਅਚਿੰਤੇ ਬਾਜ ਆ ਪਏ ਸਨ।" ਉਸ ਨੇ ਬਾਲਤੀਮੋਰ ਦੀ ਜੋਹਨਜ਼ ਹਾਪਕਿਨਜ਼ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਦੀ ਤਾਲੀਮ ਲਈ ਸੀ। ਉਹ ਜਾਣਦਾ ਸੀ ਕਿ ਉਨ੍ਹਾਂ ਸਮਿਆਂ 'ਚ ਕੇਂਦਰੀ ਬੈਂਕ ਨੂੰ ਆਜ਼ਾਦ ਅਦਾਰਾ ਬਣਾ ਦਿੱਤੇ ਜਾਣ ਨੂੰ ਅਮਰੀਕਾ ਦੇ ਖੁੱਲ੍ਹੀ ਮੰਡੀ ਦੇ ਹਮਾਇਤੀ ਅਰਥਸ਼ਾਸਤਰੀ ਵੀ ਫਾਲਤੂ ਵਿਚਾਰ ਸਮਝਦੇ ਸਨ। ਇਸਨੂੰ ਸ਼ਿਕਾਗੋ ਸਕੂਲ ਵਾਲੇ ਮੁੱਠੀ ਭਰ ਸਿਧਾਂਤਕਾਰਾਂ ਦੀ ਚਹੇਤੀ ਨੀਤੀ ਮੰਨਿਆ ਜਾਂਦਾ ਸੀ ਜਿਨ੍ਹਾਂ ਦਾ ਵਿਚਾਰ ਸੀ ਕਿ ਕੇਂਦਰੀ ਬੈਂਕਾਂ ਨੂੰ ਰਾਜਾਂ ਅੰਦਰ ਪੂਰੀ ਤਰ੍ਹਾਂ ਖ਼ੁਦ-ਮੁਖ਼ਤਿਆਰ ਗਣਰਾਜਾਂ ਵਾਂਗ ਚਲਾਇਆ ਜਾਣਾ ਚਾਹੀਦਾ ਹੈ ਜਿਨ੍ਹਾਂ ਵਿਚ ਚੁਣੇ ਹੋਏ ਕਾਨੂੰਨ ਘਾੜੇ ਟੰਗ ਨਾ ਅੜਾ ਸਕਣ। * (10) ਪਦਾਏਚੀ ਅਤੇ ਉਸ ਦੇ ਸੰਗੀਆਂ ਦਾ ਪੱਕਾ ਵਿਚਾਰ ਸੀ ਕਿ ਮੁਦਰਾ ਨੀਤੀ ਨਵੀਂ ਸਰਕਾਰ ਦੇ "ਵਿਕਾਸ, ਰੁਜ਼ਗਾਰ ਅਤੇ ਦੌਲਤ ਦੀ ਮੁੜ-ਵੰਡ ਦੇ ਵੱਡੇ ਨਿਸ਼ਾਨਿਆਂ" ਦੀ ਸੇਵਾ ਕਰੇ। ਉਨ੍ਹਾਂ ਅਨੁਸਾਰ ਏ ਐੱਨ ਸੀ ਦੀ ਇਹ ਪੁਜ਼ੀਸ਼ਨ ਸਿਆਣਪ ਵਾਲੀ ਨਹੀਂ ਸੀ ਕਿ "ਦੱਖਣੀ ਅਫ਼ਰੀਕਾ ਵਿਚ ਆਜ਼ਾਦ ਕੇਂਦਰੀ ਬੈਂਕ ਨਹੀਂ ਬਣਾਈ ਜਾਵੇਗੀ।"

ਪਦਾਏਚੀ ਅਤੇ ਉਸ ਦੇ ਇਕ ਸਾਥੀ ਨੇ ਰਾਤ ਝਾਗ ਕੇ ਇਕ ਪਰਚਾ ਲਿਖਿਆ ਜਿਸ ਨੇ ਗੱਲਬਾਤ ਕਰਨ ਵਾਲੀ ਟੀਮ ਨੂੰ ਲੋੜੀਂਦੀਆਂ ਦਲੀਲਾਂ ਜੁਟਾ ਦਿੱਤੀਆਂ ਜੋ ਨੈਸ਼ਨਲ ਪਾਰਟੀ ਦੇ ਇਸ ਕਪਟ ਦਾ ਮੁਕਾਬਲਾ ਕਰਨ ਲਈ ਚਾਹੀਦੀਆਂ ਸਨ। ਜੇ ਕੇਂਦਰੀ ਬੈਂਕ (ਜਿਸ ਨੂੰ ਦੱਖਣੀ ਅਫ਼ਰੀਕਾ 'ਚ ਰਿਜ਼ਰਵ ਬੈਂਕ ਕਿਹਾ ਜਾਂਦਾ ਹੈ) ਨੂੰ ਬਾਕੀ ਸਰਕਾਰ ਤੋਂ ਅੱਡ ਕਰਕੇ ਚਲਾਇਆ ਜਾਂਦਾ ਤਾਂ ਇਸ ਨੇ ਆਜ਼ਾਦੀ ਚਾਰਟਰ ਦੇ ਵਾਅਦੇ ਪੂਰੇ ਕਰਨ ਦੀ ਏ ਐੱਨ ਸੀ ਦੀ ਸਮਰਥਾ ਨੂੰ ਬੰਨ੍ਹ ਮਾਰ ਦੇਣਾ ਸੀ। ਇਸ ਤੋਂ ਇਲਾਵਾ, ਜੇ ਕੇਂਦਰੀ ਬੈਂਕ ਏ ਐੱਨ ਸੀ ਸਰਕਾਰ ਨੂੰ ਜਵਾਬਦੇਹ ਨਹੀਂ ਹੋਵੇਗਾ ਤਾਂ ਫੇਰ ਇਹ ਕਿਸ ਨੂੰ ਜਵਾਬਦੇਹ ਹੋਵੇਗਾ? ਆਈ ਐੱਮ ਐੱਫ ਨੂੰ? ਜੋਹਨਸਬਰਗ ਸਟਾਕ ਐਕਸਚੇਂਜ ਨੂੰ? ਇਹ ਪ੍ਰਤੱਖ ਸੀ ਕਿ ਚੋਣਾਂ ਹਾਰ ਜਾਣ ਤੋਂ ਬਾਅਦ ਵੀ ਨੈਸ਼ਨਲ ਪਾਰਟੀ ਸੱਤਾ 'ਤੇ ਕਾਠੀ ਪਾਈ ਰੱਖਣ ਦੀਆਂ ਚੋਰ ਮੋਰੀਆਂ ਲੱਭਣ ਦਾ ਟਿਲ ਲਾ ਰਹੀ ਸੀ। ਇਸ ਯੁੱਧਨੀਤੀ ਦਾ ਹਰ ਹਾਲਤ 'ਚ ਵਿਰੋਧ ਕੀਤੇ ਜਾਣ ਦੀ ਜ਼ਰੂਰਤ ਸੀ। ਪਦਾਏਚੀ ਨੇ ਉਹ ਹਾਲਾਤ ਚੇਤੇ ਕਰਦਿਆਂ ਦੱਸਿਆ, "ਉਹ ਵੱਧ ਤੋਂ ਵੱਧ ਸੰਭਵ ਨੂੰ ਜੱਫਾ ਮਾਰ ਰਹੇ ਸਨ। ਇਹ ਚਾਲ ਏਜੰਡੇ ਦਾ ਸਪਸ਼ਟ ਹਿੱਸਾ ਸੀ।"

ਪਦਾਏਚੀ ਨੇ ਸਵੇਰੇ ਪਰਚਾ ਫੈਕਸ ਕਰ ਦਿੱਤਾ ਪਰ ਕਈ ਹਫ਼ਤੇ ਕੋਈ ਉਘ-ਸੁੱਘ ਨਾ ਲੱਗੀ। "ਫੇਰ ਅਸੀਂ ਪੁੱਛਿਆ ਕੀ ਬਣਿਆ। ਸਾਨੂੰ ਦੱਸਿਆ ਗਿਆ, 'ਅਸੀਂ ਇਸ ਦਾ ਵਿਚਾਰ ਹੀ ਛੱਡ ਦਿੱਤਾ ਸੀ।' " ਹੁਣ ਨਵੇਂ ਸੰਵਿਧਾਨ 'ਚ ਕੇਂਦਰੀ ਬੈਂਕ ਆਜ਼ਾਦ ਹੈਸੀਅਤ ਵਾਲੀ ਹੋਵੇਗੀ ਸਗੋਂ ਇਸ ਦਾ ਮੁਖੀ ਵੀ ਉਹ ਵਿਅਕਤੀ ਕਰਿਸ ਸਟਾਲਸ ਹੋਵੇਗਾ ਜੋ ਨਸਲਵਾਦੀ ਨਿਜ਼ਾਮ 'ਚ ਇਸ ਨੂੰ ਚਲਾਉਂਦਾ ਸੀ। ਏ ਐੱਨ ਸੀ ਨੇ ਮਹਿਜ਼ ਕੇਂਦਰੀ ਬੈਂਕ ਦੀ ਬਲੀ ਹੀ ਨਹੀਂ ਸੀ ਦਿੱਤੀ। ਇਕ ਵੱਡੀ ਛੋਟ ਇਹ ਵੀ ਦਿੱਤੀ ਗਈ ਸੀ ਕਿ ਨਸਲਵਾਦੀ ਨਿਜ਼ਾਮ ਦਾ ਗੋਰਾ ਵਿੱਤ ਮੰਤਰੀ ਦੈਰਕ ਕੀਜ਼ ਵੀ ਆਪਣੇ ਅਹੁਦੇ ਉੱਪਰ ਸਜਿਆ ਰਹੇਗਾ। ਐਨ ਉਵੇਂ ਹੀ ਜਿਵੇਂ ਅਰਜਨਟਾਈਨਾ ਦੇ ਤਾਨਾਸ਼ਾਹ ਰਾਜ ਦੇ ਵਿੱਤ ਮੰਤਰੀ ਅਤੇ ਕੇਂਦਰੀ ਬੈਂਕ ਦੇ ਮੁਖੀਆਂ ਨੇ ਕਿਸੇ ਨਾ ਕਿਸੇ ਤਰ੍ਹਾਂ ਜਮਹੂਰੀਅਤ ਹੇਠ ਵੀ ਆਪਣੇ ਅਹੁਦੇ ਹਾਸਲ ਕਰ ਲਏ ਸਨ। ਦੀ ਨਿਊ ਯਾਰਕ ਟਾਈਮਜ਼ ਨੇ ਕੀਜ਼ ਦੀ ਤਾਰੀਫ਼ ਇਸ ਤਰ੍ਹਾਂ ਕੀਤੀ ਸੀ "ਦੇਸ਼ ਦੀ ਘੱਟ ਖਰਚੀਲੀ-ਕਾਰੋਬਾਰ ਹਿਤੈਸ਼ੀ ਸਰਕਾਰ ਦਾ ਆਹਲਾ ਪੈਗੰਬਰ।"(11)

ਪਦਾਏਚੀ ਨੇ ਦੱਸਿਆ, ਉਸ ਵਕਤ "ਅਸੀਂ ਹਾਲੇ ਉਤਸ਼ਾਹ 'ਚ ਸੀ। ਹੇ ਰੱਬਾ! ਕਿਉਂਕਿ ਇਹ ਇਨਕਲਾਬੀ ਸੰਘਰਸ਼ ਸੀ ਇਸ ਵਿਚੋਂ ਘੱਟੋ-ਘੱਟ ਕੁਝ ਤਾਂ ਹਾਸਲ ਹੋ ਕੇ ਰਹੇਗਾ।" ਜਦੋਂ ਉਸ ਨੂੰ ਇਲਮ ਹੋਇਆ ਕਿ ਕੇਂਦਰੀ ਬੈਂਕ ਅਤੇ ਖਜ਼ਾਨਾ ਵਿਭਾਗ ਨੂੰ ਇਨ੍ਹਾਂ ਦੇ ਪੁਰਾਣੇ ਨਸਲਪ੍ਰਸਤ ਮੁਖੀ ਹੀ ਚਲਾਉਣਗੇ ਤਾਂ ਇਸ ਦਾ ਭਾਵ ਸੀ "ਆਰਥਕ ਕਾਇਆਕਲਪ ਦਾ ਕੱਖ ਵੀ ਪੱਲੇ ਨਹੀਂ ਰਹੇਗਾ।" ਜਦੋਂ ਮੈਂ ਉਸ ਨੂੰ ਇਹ ਪੁੱਛਿਆ ਕਿ ਕੀ ਗੱਲਬਾਤ ਕਰਨ ਵਾਲਿਆਂ ਨੂੰ ਇਹ ਸਚਮੁਚ ਅਹਿਸਾਸ ਸੀ ਕਿ ਉਨ੍ਹਾਂ ਨੇ ਕਿੰਨਾ ਕੁਝ ਗੁਆ ਦਿੱਤਾ ਹੈ, ਪਹਿਲਾਂ ਤਾਂ ਉਹ ਥੋੜ੍ਹਾ ਝਿਜਕਿਆ, ਫੇਰ ਜਵਾਬ ਦਿੱਤਾ, "ਸਾਫ਼ ਗੱਲ ਹੈ, ਨਹੀਂ।" ਇਹ ਸਧਾਰਨ ਜਹੀ ਸੌਦੇਬਾਜ਼ੀ ਸੀ : "ਗੱਲਬਾਤ 'ਚ ਕੁਝ ਨਾ ਕੁਝ ਤਾਂ ਛੱਡਣਾ ਹੀ ਪੈਂਦਾ ਹੈ, ਅਤੇ ਸਾਡੀ ਧਿਰ ਨੇ ਇਹ ਕੁਝ ਛੱਡ ਦਿੱਤਾ—ਭਾਵ ਮੈਂ ਤੁਹਾਨੂੰ ਆਹ ਛੱਡਦਾਂ, ਤੁਸੀਂ ਔਹ ਛੱਡ ਦਿਓ।"

ਪਦਾਏਚੀ ਦੇ ਨਜ਼ਰੀਏ ਤੋਂ, ਕੁਝ ਵੀ ਏ ਐੱਨ ਸੀ ਆਗੂਆਂ ਦੀ ਗ਼ੱਦਾਰੀ ਕਰਕੇ ਨਹੀਂ ਸਗੋਂ ਇਸ ਕਰਕੇ ਵਾਪਰਿਆ ਕਿਉਂਕਿ ਉਹ ਬਹੁਤ ਸਾਰੇ ਐਸੇ ਮੁੱਦਿਆਂ 'ਤੇ ਮਾਤ ਖਾ ਗਏ ਜੋ ਉਸ ਸਮੇਂ ਐਨੇ ਅਹਿਮ ਨਹੀਂ ਜਾਪਦੇ ਹੋਣਗੇ—ਅਸਲ ਵਿਚ ਦੱਖਣੀ ਅਫ਼ਰੀਕਾ ਦੀ ਚਿਰਜੀਵੀ ਮੁਕਤੀ ਦਾ ਤਵਾਜ਼ਨ ਹੀ ਪੁੱਠਾ ਪੈ ਗਿਆ ਸੀ।

ਉਨ੍ਹਾਂ ਵਾਰਤਾਵਾਂ 'ਚ ਏ ਐੱਨ ਸੀ ਨੂੰ ਲੱਗਿਆ ਕਿ ਇਹ ਇਕ ਤਰ੍ਹਾਂ ਦੇ ਰਹੱਸਮਈ ਕਾਇਦੇ-ਕਾਨੂੰਨਾਂ ਦੇ ਜਾਲ 'ਚ ਫਸ ਚੁੱਕੀ ਹੈ, ਜੋ ਚੁਣੇ ਹੋਏ ਆਗੂਆਂ ਦੇ ਅਧਿਕਾਰਾਂ ਨੂੰ ਸੀਮਤ ਕਰਦੇ ਅਤੇ ਬੰਦਸ਼ਾਂ ਲਾਉਣ ਵਾਲੇ ਸਨ। ਜਦੋਂ ਦੇਸ਼ ਨੂੰ ਇਸ ਜਾਲ 'ਚ ਨੂੜਿਆ ਗਿਆ ਤਾਂ ਬਹੁਤ ਥੋੜ੍ਹੇ ਲੋਕਾਂ ਨੂੰ ਹੀ ਇਸ ਦੀ ਜਕੜ ਮਹਿਸੂਸ ਹੋਈ। ਪਰ ਜਦੋਂ ਨਵੀਂ ਸਰਕਾਰ ਸੱਤਾ 'ਚ ਆਈ ਅਤੇ ਇਸ ਨੇ ਖੁੱਲ੍ਹ ਖੇਡ੍ਹ ਕੇ ਆਪਣੇ ਵੋਟਰਾਂ ਨੂੰ ਮੁਕਤੀ ਦੇ ਉਹ ਫ਼ਾਇਦੇ ਦੇਣੇ ਚਾਹੇ ਜਿਨ੍ਹਾਂ ਦੀ ਉਹ ਆਸ ਕਰਦੇ ਸਨ ਅਤੇ ਜਿਨ੍ਹਾਂ ਦੀ ਖ਼ਾਤਰ ਉਨ੍ਹਾਂ ਨੇ ਵੋਟ ਪਾਈ ਸੀ ਤਾਂ ਸ਼ਿਕੰਜਾ ਕੱਸ ਦਿੱਤਾ ਗਿਆ। ਨਵੀਂ ਸਰਕਾਰ ਨੂੰ ਓਦੋਂ ਮਹਿਸੂਸ ਹੋਇਆ ਕਿ ਇਸ ਦੇ ਅਧਿਕਾਰਾਂ ਨੂੰ ਤਾਂ ਜੂੜ ਪਾਇਆ ਹੋਇਆ ਹੈ। ਏ ਐੱਨ ਸੀ ਦੇ ਰਾਜ ਦੇ ਪਹਿਲੇ ਸਾਲਾਂ 'ਚ ਮੰਡੇਲਾ ਦਫ਼ਤਰ 'ਚ ਆਰਥਕ ਸਲਾਹਕਾਰ ਵਜੋਂ ਕੰਮ ਕਰਨ ਵਾਲਾ ਪੈਤਰਿਕ ਬੌਂਡ ਚੇਤੇ ਕਰਦਾ ਹੈ ਕਿ ਦਫ਼ਤਰ ਵਿਚ ਆਮ ਹੀ ਮਜ਼ਾਕ ਕੀਤਾ ਜਾਂਦਾ ਸੀ "ਵਾਹ, ਸਾਨੂੰ ਰਾਜ ਮਿਲ ਗਿਆ ਹੈ ਪਰ ਅਧਿਕਾਰ ਕਿੱਥੇ ਹਨ? " ਜਦੋਂ ਨਵੀਂ ਸਰਕਾਰ ਨੇ ਆਜ਼ਾਦੀ ਚਾਰਟਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਓਦੋਂ ਪਤਾ ਲੱਗਿਆ ਕਿ ਤਾਕਤ ਤਾਂ ਕਿਸੇ ਹੋਰ ਦੇ ਹੱਥਾਂ 'ਚ ਸੀ।

ਜ਼ਮੀਨ ਦੀ ਮੁੜ-ਵੰਡ ਕਰਨਾ ਚਾਹੁੰਦੇ ਹੋ? ਇਹ ਨਹੀਂ ਹੋਣਾ—ਐਨ ਆਖ਼ਰੀ ਮੌਕੇ ਏ ਐੱਨ ਸੀ ਦੇ ਗੱਲਬਾਤ ਕਰਤਾ ਨਵੇਂ ਸੰਵਿਧਾਨ 'ਚ ਇਹ ਮੱਦ ਪਾਉਣੀ ਮੰਨ ਗਏ ਜੋ ਨਿੱਜੀ ਜਾਇਦਾਦ ਦੀ ਹਿਫਾਜ਼ਤ ਕਰਦੀ ਸੀ, ਇਸ ਨਾਲ ਜ਼ਮੀਨੀ ਸੁਧਾਰ ਸੰਭਵ ਹੀ ਨਾ ਰਹੇ। ਦਹਿ-ਲੱਖਾਂ ਬੇਰੁਜ਼ਗਾਰ ਮਜ਼ਦੂਰਾਂ ਲਈ ਨੌਕਰੀਆਂ ਪੈਦਾ ਕਰਨੀਆਂ ਚਾਹੁੰਦੇ ਹੋ? ਇਹ ਨਹੀਂ ਕੀਤੀਆਂ ਜਾ ਸਕਦੀਆਂ—ਏ ਐੱਨ ਸੀ ਵਲੋਂ ਗੈਟ ਸਮਝੌਤੇ 'ਤੇ ਦਸਤਖ਼ਤ ਕਰ ਦਿੱਤੇ ਜਾਣ ਕਾਰਨ ਸੈਂਕੜੇ ਫੈਕਟਰੀਆਂ ਬੰਦ ਹੋ ਜਾਣੀਆਂ ਸਨ। ਸੰਸਾਰ ਵਪਾਰ ਸੰਸਥਾ ਦੇ ਅਗਰਦੂਤ ਗੈਟ ਨੇ ਆਟੋ ਪਲਾਂਟਾਂ ਅਤੇ ਕੱਪੜਾ ਮਿੱਲਾਂ ਨੂੰ ਸਬਸਿਡੀ ਦਿੱਤੇ ਜਾਣ ਨੂੰ ਗ਼ੈਰ-ਕਾਨੂੰਨੀ ਬਣਾ ਦਿੱਤਾ ਸੀ। ਸ਼ਹਿਰੀ ਬਾਸ਼ਿੰਦਿਆਂ ਨੂੰ ਏਡਜ਼ ਦੀਆਂ ਮੁਫ਼ਤ ਦਵਾਈਆਂ ਵੰਡਣਾ ਚਾਹੁੰਦੇ ਹੋ ਜਿੱਥੇ ਇਹ ਜਾਨਲੇਵਾ ਬੀਮਾਰੀ ਭਿਆਨਕ ਤੇਜ਼ੀ ਨਾਲ ਫੈਲ ਰਹੀ ਸੀ? ਇਹ ਡਬਲਯੂ ਟੀ ਓ ਤਹਿਤ ਬੌਧਿਕ ਜਾਇਦਾਦ ਦੇ ਹੱਕਾਂ ਦੀ ਵਾਅਦਾ ਖਿਲਾਫ਼ੀ ਹੈ! ਅਸਲ ਵਿਚ ਏ ਐੱਨ ਸੀ ਬਿਨਾ ਕਿਸੇ ਬਹਿਸ-ਭੇੜ ਦੇ ਗੈਟ ਦੀ ਲਗਾਤਾਰਤਾ ਵਜੋਂ ਹੀ ਇਸ ਦੀ ਮੈਂਬਰ ਬਣ ਗਈ ਸੀ। ਗਰੀਬਾਂ ਨੂੰ ਖੁੱਲ੍ਹੇ-ਡੁੱਲ੍ਹੇ ਘਰ ਬਣਾ ਕੇ ਦੇਣ ਅਤੇ ਸ਼ਹਿਰੀ ਇਲਾਕਿਆਂ ਨੂੰ ਮੁਫ਼ਤ ਬਿਜਲੀ ਦੇਣ ਲਈ ਧਨ ਚਾਹੀਦਾ ਹੈ? ਅਫਸੋਸ—ਬਜਟ ਨੂੰ ਤਾਂ ਉਸ ਵਿਆਪਕ ਕਰਜ਼ੇ ਦੀ ਦੇਣਦਾਰੀ ਹੀ ਨਿਗਲੀ ਜਾ ਰਹੀ ਹੈ ਜੋ ਨਸਲਵਾਦੀ ਸਰਕਾਰ ਨੇ ਚੁੱਪ ਚੁਪੀਤੇ ਹੀ ਨਵੀਂ ਸਰਕਾਰ ਦੇ ਗਲ ਮੜ੍ਹ ਦਿੱਤਾ ਸੀ। ਹੋਰ ਨੋਟ ਛਾਪਣੇ ਹਨ? ਕੇਂਦਰੀ ਬੈਂਕ ਦੇ ਨਸਲਵਾਦੀ ਦੌਰ ਵਾਲੇ ਮੁਖੀ ਨੂੰ ਕਹਿ ਦਿਉ। ਸਾਰਿਆਂ ਨੂੰ ਮੁਫ਼ਤ ਪਾਣੀ ਦੇਣਾ ਚਾਹੁੰਦੇ ਹੋ? ਨਹੀਂ ਹੋ ਸਕਦਾ। ਸੰਸਾਰ ਬੈਂਕ ਵੱਡੀ ਗਿਣਤੀ ਦੇਸੀ ਅਰਥਸ਼ਾਸਤਰੀਆਂ, ਖੋਜੀਆਂ ਅਤੇ ਉਸਤਾਦਾਂ (ਆਪੇ ਸਜੇ "ਸੂਝ ਭੰਡਾਰ") ਦੀ ਫ਼ੌਜ ਦੀ ਸਹਾਇਤਾ ਨਾਲ ਨਿੱਜੀ ਖੇਤਰ ਦੀ ਹਿੱਸੇਦਾਰੀ ਨੂੰ ਅਸੂਲ ਬਣਾ ਰਹੀ ਹੈ। ਬੇਲਗਾਮ ਸੱਟੇਬਾਜ਼ੀ 'ਤੇ ਰੋਕ ਲਾਉਣ ਲਈ ਮੁਦਰਾ ਕੰਟਰੋਲ ਲਾਗੂ ਕਰਨਾ ਚਾਹੁੰਦੇ ਹੋ? ਇਹ ਚੋਣਾਂ ਤੋਂ ਐਨ ਪਹਿਲਾਂ ਆਈ ਐੱਮ ਐੱਫ ਨਾਲ ਸਹੀਬੰਦ ਕੀਤੇ 8 ਅਰਬ 50 ਕਰੋੜ ਡਾਲਰ ਦੇ ਲਾਭਦਾਇਕ ਸਮਝੌਤੇ ਦੀ ਉਲੰਘਣਾ ਹੋਵੇਗੀ। ਆਮਦਨੀ ਦੇ ਨਸਲੀ ਪਾੜੇ ਨੂੰ ਖ਼ਤਮ ਕਰਨ ਲਈ ਘੱਟੋ-ਘੱਟ ਉਜਰਤ 'ਚ ਵਾਧਾ ਕਰਨਾ ਚਾਹੁੰਦੇ ਹੋ? ਨਹੀਂ ਕਰ ਸਕਦੇ। ਆਈ ਐੱਮ ਐੱਫ ਨਾਲ ਸਮਝੌਤੇ "ਉਜਰਤ ਉੱਪਰ ਬੰਦਸ਼" ਲਾਉਂਦੇ ਹਨ। (12) ਇਨ੍ਹਾਂ ਵਾਅਦਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਸੋਚਿਓ ਵੀ ਨਾ—ਕਿਸੇ ਵੀ ਤਰ੍ਹਾਂ ਦੀ ਰੱਦੋਬਦਲ ਨੂੰ

ਖ਼ਤਰਨਾਕ ਕੌਮੀ ਬੇਇਤਬਾਰੀ, "ਸੁਧਾਰਾਂ" ਪ੍ਰਤੀ ਵਚਨਬਧ ਨਾ ਹੋਣ, ਅਤੇ "ਅਸੂਲਾਂ ਅਧਾਰਤ ਪ੍ਰਬੰਧ" ਦੀ ਅਣਹੋਂਦ ਮੰਨਿਆ ਜਾਵੇਗਾ। ਇਸ ਦੇ ਸਿੱਟੇ ਵਜੋਂ ਮੁਦਰਾ ਪ੍ਰਬੰਧ ਖੇਰੂੰ-ਖੇਰੂੰ ਹੋ ਜਾਵੇਗਾ, ਸਹਾਇਤਾ 'ਚ ਕਟੌਤੀ ਕੀਤੀ ਜਾਵੇਗੀ ਅਤੇ ਸਰਮਾਇਆ ਉਡਾਰੀ ਮਾਰ ਜਾਵੇਗਾ। ਫ਼ੈਸਲਾਕੁਨ ਚੀਜ਼ ਇਹ ਸੀ ਕਿ ਦੱਖਣੀ ਅਫ਼ਰੀਕਾ ਆਜ਼ਾਦ ਜ਼ਰੂਰ ਸੀ ਪਰ ਨਾਲ ਹੀ ਨੂੜਿਆ ਹੋਇਆ ਵੀ ਸੀ; ਇਹ ਹਰੇਕ ਰਾਜ਼ਦਾਰ ਅੱਖਰ-ਜਾਲ ਦੀ ਇਕ ਵੱਖਰੀ ਹੀ ਤਣੀ ਦੀ ਨੁਮਾਇੰਦਗੀ ਕਰਦਾ ਸੀ ਜੋ ਨਵੀਂ ਸਰਕਾਰ ਦੇ ਅੰਗਾਂ ਉੱਪਰ ਗੱਡੀ ਹੋਈ ਸੀ।

ਨਸਲੀ ਵਿਤਕਰੇ ਵਿਰੁੱਧ ਲੰਮਾ ਸਮਾਂ ਸਰਗਰਮ ਰਹੇ ਰਸੂਲ ਸਨਾਈਮਨ ਨੇ ਇਸ ਜਾਲ ਨੂੰ ਇਨ੍ਹਾਂ ਤਿੱਖੇ ਸ਼ਬਦਾਂ 'ਚ ਬਿਆਨ ਕੀਤਾ ਸੀ : "ਉਨ੍ਹਾਂ ਨੇ ਸਾਨੂੰ ਕਦੇ ਵੀ ਮੁਕਤ ਨਹੀਂ ਕੀਤਾ। ਉਨ੍ਹਾਂ ਨੇ ਸਿਰਫ਼ ਇਹ ਕੀਤਾ ਕਿ ਸਾਡੀ ਗਰਦਨ ਤੋਂ ਸੰਗਲ ਲਾਹ ਕੇ ਸਾਡੇ ਗਿੱਟਿਆਂ ਨੂੰ ਪਾ ਦਿੱਤਾ।" ਦੱਖਣੀ ਅਫ਼ਰੀਕਾ ਦੇ ਉੱਘੇ ਮਨੁੱਖੀ ਅਧਿਕਾਰ ਕਾਰਕੁਨ ਯਾਸਮਿਨ ਸੂਕਾ ਨੇ ਮੈਨੂੰ ਦੱਸਿਆ ਕਿ ਤਬਦੀਲੀ ਬਾਰੇ "ਸਰਮਾਏਦਾਰੀ ਕਹਿ ਰਹੀ ਸੀ, 'ਹਰੇਕ ਚੀਜ਼ ਸਾਡੇ ਕੋਲ ਰਹੇਗੀ, ਤੁਸੀਂ (ਏ ਐੱਨ ਸੀ ਵਾਲੇ) ਨਾਮ ਨਿਹਾਦ ਰਾਜ ਕਰੋਗੇ....। ਤੁਹਾਡੇ ਕੋਲ ਸਿਆਸੀ ਤਾਕਤ ਹੋਵੇਗੀ, ਤੁਹਾਡੇ ਕੋਲ ਰਾਜ ਕਰਨ ਦਾ ਨਕਾਬ ਹੋਵੇਗਾ ਪਰ ਅਸਲ ਰਾਜ ਕਿਸੇ ਹੋਰ ਥਾਂ ਤੋਂ ਕੰਮ ਕਰੇਗਾ।' "**(13) ਇਹ ਅਪਾਹਜ ਬਣਾ ਦੇਣ ਦਾ ਅਮਲ ਸੀ ਜੋ ਅਖੌਤੀ ਤਬਦੀਲੀ 'ਚੋਂ ਗੁਜ਼ਰ ਰਹੇ ਦੇਸ਼ਾਂ 'ਚ ਆਮ ਹੈ—ਨਵੀਂ ਸਰਕਾਰ ਨੂੰ ਘਰ ਦੀਆਂ ਕੁੰਜੀਆਂ ਤਾਂ ਦੇ ਦਿੱਤੀਆਂ ਜਾਂਦੀਆਂ ਹਨ ਪਰ ਤਿਜੋਰੀ ਨੇੜੇ ਨਹੀਂ ਜਾਣ ਦਿੱਤਾ ਜਾਂਦਾ।

ਮੈਂ ਤਾਂ ਇਹ ਸਮਝਣਾ ਚਾਹੁੰਦੀ ਸੀ ਕਿ ਆਜ਼ਾਦੀ ਦੇ ਸੂਰਬੀਰਤਾ ਭਰੇ ਸੰਘਰਸ਼ ਤੋਂ ਬਾਅਦ ਅਜਿਹਾ ਕੁਝ ਹੋਣ ਦੀ ਇਜਾਜ਼ਤ ਕਿਵੇਂ ਦੇ ਦਿੱਤੀ ਗਈ। ਸਿਰਫ਼ ਇਹ ਹੀ ਨਹੀਂ ਕਿ ਮੁਕਤੀ ਲਹਿਰ ਦੇ ਆਗੂਆਂ ਨੇ ਆਰਥਕ ਮੁਹਾਜ਼ ਨੂੰ ਕਿਵੇਂ ਤਿਲਾਂਜਲੀ ਦਿੱਤੀ, ਸਗੋਂ ਇਹ ਵੀ ਕਿ ਏ ਐੱਨ ਸੀ ਦੇ ਅਧਾਰ, ਜਿਸ ਜਨਤਾ ਨੇ ਪਹਿਲਾਂ ਐਨੀ ਕੁਰਬਾਨੀ ਕੀਤੀ ਸੀ ਉਸ ਨੇ ਆਪਣੇ ਆਗੂਆਂ ਨੂੰ ਇਹ ਕੁਝ ਕਿਵੇਂ ਕਰ ਲੈਣ ਦਿੱਤਾ। ਬੁਨਿਆਦੀ ਜਨਤਾ ਦੀ ਲਹਿਰ ਨੇ ਇਹ ਮੰਗ ਕਿਉਂ ਨਹੀਂ ਕੀਤੀ ਕਿ ਏ ਐੱਨ ਸੀ ਆਜ਼ਾਦੀ ਚਾਰਟਰ ਦੇ ਵਾਅਦੇ ਪੂਰੇ ਕਰੇ ਅਤੇ ਜਦੋਂ ਰਿਆਇਤਾਂ ਦਿੱਤੀਆਂ ਜਾ ਰਹੀਆਂ ਸਨ ਤਾਂ ਇਨ੍ਹਾਂ ਵਿਰੁੱਧ ਬਗ਼ਾਵਤ ਕਿਉਂ ਨਹੀਂ ਕੀਤੀ?

ਮੈਂ ਇਹ ਸਵਾਲ ਏ ਐੱਨ ਸੀ ਦੇ ਤੀਜੀ ਪੀੜ੍ਹੀ ਦੇ ਕਾਰਕੁਨ ਵਿਲੀਅਮ ਗੁਮੇਦ ਨੂੰ ਕੀਤਾ ਜਿਸ ਨੇ ਤਬਦੀਲੀ ਦੇ ਇਸ ਤਰਥੱਲੀ ਵਾਲੇ ਸਮੇਂ 'ਚ ਵਿਦਿਆਰਥੀ ਲਹਿਰ ਦੇ ਆਗੂ ਵਜੋਂ ਸੜਕਾਂ 'ਤੇ ਨਿੱਤਰ ਕੇ ਸੰਘਰਸ਼ ਕੀਤਾ ਸੀ। ਉਸ ਨੇ ਡੀ ਕਲਾਰਕ-ਮੰਡੇਲਾ ਸਿਖ਼ਰ ਸੰਮੇਲਨਾਂ ਦਾ ਜ਼ਿਕਰ ਕਰਦਿਆਂ ਉਸ ਸਮੇਂ ਬਾਰੇ ਦੱਸਿਆ, "ਹਰ ਕੋਈ ਸਿਆਸੀ ਵਾਰਤਾਵਾਂ 'ਤੇ ਨਜ਼ਰ ਰੱਖ ਰਿਹਾ ਸੀ। ਜੇ ਕਿਤੇ ਲੋਕਾਂ ਨੂੰ ਇਹ ਮਹਿਸੂਸ ਹੋ ਜਾਂਦਾ ਕਿ ਗੱਲ ਸਹੀ ਪਾਸੇ ਨਹੀਂ ਜਾ ਰਹੀ ਤਾਂ ਜਨਤਕ ਰੋਸ ਮੁਜ਼ਾਹਰੇ ਸ਼ੁਰੂ ਹੋ ਜਾਣੇ ਸਨ। ਅਸਲ ਵਿਚ ਜਦੋਂ ਆਰਥਕ ਗੱਲਬਾਤ ਕਰਨ ਵਾਲੇ ਵਾਪਸੀ ਰਿਪੋਰਟ ਕਰਦੇ ਤਾਂ ਲੋਕ ਇਹੀ ਸੋਚਦੇ ਕਿ ਇਹ ਤਕਨੀਕੀ ਮਾਮਲਾ ਹੈ; ਕੋਈ ਵੀ ਇਸ 'ਚ ਰੁਚੀ ਨਹੀਂ ਲੈਂਦਾ ਸੀ।" ਉਸ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਸੋਝੀ ਨੂੰ ਮਬੇਕੀ ਨੇ ਬਹੁਤ ਉਤਸ਼ਾਹਤ ਕੀਤਾ ਸੀ। ਉਹ ਗੱਲਬਾਤ ਨੂੰ ਇਸ ਤਰ੍ਹਾਂ ਪੇਸ਼ ਕਰਦਾ ਰਿਹਾ ਕਿ ਇਹ "ਪ੍ਰਸ਼ਾਸਨਿਕ" ਹੈ ਅਤੇ ਇਸ ਦਾ ਜਨਤਾ ਨਾਲ ਕੋਈ ਸਰੋਕਾਰ ਨਹੀਂ ਹੈ (ਇਹ ਚਿੱਲੀ ਵਾਲਿਆਂ ਦੀ "ਤਕਨੀਕੀ ਬਣਾਈ ਜਮਹੂਰੀਅਤ" ਨਾਲ ਬਹੁਤ ਜ਼ਿਆਦਾ ਮਿਲਦਾ ਜੁਲਦਾ ਸੀ)। ਉਸ ਨੇ ਮੈਨੂੰ ਦੱਸਿਆ, ਇਸ ਦਾ ਸਿੱਟਾ ਇਹ ਹੋਇਆ "ਅਸੀਂ ਇਹ ਮੌਕਾ ਖੁੰਝਾ ਲਿਆ! ਸਾਨੂੰ ਅਸਲ ਕਹਾਣੀ ਸਮਝ ਹੀ ਨਹੀਂ ਆਈ।"

ਗੋਮੇਦ ਅੱਜਕੱਲ੍ਹ ਦੱਖਣੀ ਅਫ਼ਰੀਕਾ ਦੇ ਸਭ ਤੋਂ ਸਤਿਕਾਰੇ ਜਾਂਦੇ ਖੋਜੀ ਪੱਤਰਕਾਰਾਂ 'ਚੋਂ ਇਕ ਹੈ। ਉਹ ਦੱਸਦਾ ਹੈ ਕਿ ਉਸ ਨੂੰ ਬਸ ਇੰਨਾ ਹੀ ਸਮਝ ਆਇਆ ਸੀ ਕਿ ਉਨ੍ਹਾਂ "ਤਕਨੀਕੀ" ਮੀਟਿੰਗਾਂ 'ਚ ਉਸ ਦੇ ਵਤਨ ਦਾ ਖ਼ਰਾ ਭਵਿੱਖ ਤੈਅ ਕੀਤਾ ਜਾ ਰਿਹਾ ਹੈ—ਹਾਲਾਂਕਿ ਉਸ ਸਮੇਂ ਬਹੁਤ ਥੋੜ੍ਹਿਆਂ ਨੂੰ ਇਹ ਸਮਝ ਆਇਆ ਸੀ। ਮੈਂ ਜਿਨ੍ਹਾਂ ਕਈ ਲੋਕਾਂ ਨਾਲ ਗੱਲ ਕੀਤੀ ਉਨ੍ਹਾਂ ਵਾਂਗ ਹੀ ਗੋਮੇਦ ਨੇ ਮੈਨੂੰ ਚੇਤੇ ਕਰਾਇਆ ਕਿ ਤਬਦੀਲੀ ਦੇ ਇਸ ਪੂਰੇ ਸਮੇਂ ਦੌਰਾਨ ਦੱਖਣੀ ਅਫ਼ਰੀਕਾ ਐਨ ਖ਼ਾਨਾਜੰਗੀ ਦੇ ਕੰਢੇ 'ਤੇ ਸੀ—ਨੈਸ਼ਨਲ ਪਾਰਟੀ ਦੇ ਹਥਿਆਰਬੰਦ ਗਰੋਹ ਸ਼ਹਿਰਾਂ ਦੀ ਵਸੋਂ ਨੂੰ ਦਹਿਸ਼ਤਜ਼ਦਾ ਕਰ ਰਹੇ ਸਨ, ਪੁਲਿਸ ਹਾਲੇ ਵੀ ਕਤਲੇਆਮ ਕਰੀ ਜਾ ਰਹੀ ਸੀ, ਹਾਲੇ ਵੀ ਆਗੂਆਂ ਨੂੰ ਕਤਲ ਕੀਤਾ ਜਾ ਰਿਹਾ ਸੀ ਅਤੇ ਦੇਸ਼ ਨੂੰ ਖ਼ੂਨ-ਖਰਾਬੇ ਵੱਲ ਧੱਕੇ ਜਾਣ ਦੀ ਚਰਚਾ ਚੱਲ ਰਹੀ ਸੀ। ਗੁਮੇਦ ਨੇ ਚੇਤੇ ਕੀਤਾ, "ਮੇਰਾ ਧਿਆਨ ਸਿਆਸਤ—ਜਨਤਕ ਕਾਰਵਾਈ—ਉੱਪਰ ਕੇਂਦਰਤ ਸੀ, "ਇਹ ਲੋਕ (ਪੁਲਿਸ) ਇੱਥੋਂ ਚਲੇ ਜਾਣ!" ਮੈਂ ਇਹ ਚੀਕਦਾ ਹੋਇਆ ਬਿਸ਼ੂ (ਮੁਜ਼ਾਹਰਾਕਾਰੀਆਂ ਅਤੇ ਪੁਲਿਸ ਦਰਮਿਆਨ ਜ਼ੋਰ ਅਜ਼ਮਾਈ ਦੀ ਥਾਂ) ਵੱਲ ਜਾ ਰਿਹਾ ਸੀ, ਪਰ ਇਹ ਸੰਘਰਸ਼ ਅਸਲ ਨਹੀਂ ਸੀ—ਅਸਲ ਸੰਘਰਸ਼ ਤਾਂ ਅਰਥਸ਼ਾਸਤਰ ਬਾਰੇ ਸੰਘਰਸ਼ ਸੀ। ਮੈਨੂੰ ਆਪਣੇ ਬਾਰੇ ਸੋਚ ਕੇ ਮਾਯੂਸੀ ਹੁੰਦੀ ਹੈ ਕਿ ਮੈਂ ਐਨਾ ਸਿੱਧੜ ਕਿਉਂ ਸੀ। ਮੈਂ ਸੋਚਦਾ ਸੀ ਕਿ ਮੈਂ ਸਿਆਸੀ ਤੌਰ 'ਤੇ ਐਨਾ ਪ੍ਰਪੱਕ ਹਾਂ ਕਿ ਮਾਮਲਿਆਂ ਨੂੰ ਸਮਝ ਸਕਦਾ ਹਾਂ। ਮੈਂ ਇਸ ਨੂੰ ਕਿਉਂ ਨਾ ਸਮਝ ਸਕਿਆ? "

ਓਦੋਂ ਤੋਂ, ਗੁਮੇਦ ਅਜਾਈਂ ਲੰਘੇ ਵਕਤ ਦੀ ਕਸਰ ਪੂਰੀ ਕਰਨ 'ਚ ਜੁਟਿਆ ਹੋਇਆ ਹੈ। ਜਦੋਂ ਸਾਡੀ ਮੁਲਾਕਾਤ ਹੋਈ ਓਦੋਂ ਉਸ ਦੀ ਨਵੀਂ ਕਿਤਾਬ ਥਾਬੋ ਮਬੇਕੀ ਅਤੇ ਏ ਐੱਨ ਸੀ ਦੀ ਆਤਮਾ ਨੂੰ ਬਚਾਉਣ ਦੀ ਲੜਾਈ ਨਾਲ ਕੌਮੀ ਪੱਧਰ 'ਤੇ ਤਰਥੱਲ ਮਚਿਆ ਹੋਇਆ ਸੀ। ਇਹ ਉਨ੍ਹਾਂ ਸਿਖ਼ਰ ਸੰਮੇਲਨਾਂ 'ਚ ਏ ਐੱਨ ਸੀ ਵਲੋਂ ਦੇਸ਼ ਦੀ ਆਰਥਕ ਪ੍ਰਭੂਸੱਤਾ ਦੀ ਕੀਮਤ 'ਤੇ ਸਮਝੌਤਾ ਕਰ ਲੈਣ ਦਾ ਭਰਵਾਂ ਪਰਦਾਫਾਸ਼ ਹੈ ਜਦੋਂ ਉਹ ਹੋਰ ਪਾਸੇ ਐਨਾ ਰੁੱਝਿਆ ਹੋਇਆ ਸੀ ਕਿ ਇਸ ਪਾਸੇ ਧਿਆਨ ਨਹੀਂ ਦੇ ਸਕਿਆ। ਗੁਮੇਦ ਨੇ ਮੈਨੂੰ ਦੱਸਿਆ, "ਮੈਂ ਇਹ ਕਿਤਾਬ ਰੋਹ 'ਚ ਆ ਕੇ ਲਿਖੀ ਸੀ, ਆਪਣੇ ਅਤੇ ਪਾਰਟੀ ਉੱਪਰ ਗੁੱਸੇ 'ਚੋਂ।"

ਇਹ ਸਮਝਣਾ ਮੁਸ਼ਕਲ ਹੈ ਕਿ ਇਸ ਦਾ ਨਤੀਜਾ ਵੱਖਰਾ ਕਿਵੇਂ ਹੁੰਦਾ। ਜੇ ਪਦਾਏਚੀ ਦੀ ਗੱਲ ਸਹੀ ਹੈ ਅਤੇ ਏ ਐੱਨ ਸੀ ਵਲੋਂ ਗੱਲਬਾਤ ਕਰਨ ਵਾਲੇ ਹੀ ਉਸ ਘੋਰ ਨੁਕਸਾਨ ਨੂੰ ਨਹੀਂ ਸਮਝ ਸਕੇ ਜੋ ਉਨ੍ਹਾਂ ਵਲੋਂ ਕੀਤੀ ਜਾ ਰਹੀ ਸੌਦੇਬਾਜ਼ੀ ਕਾਰਨ ਹੋਣਾ ਸੀ ਤਾਂ ਲਹਿਰ ਦੇ ਸਧਾਰਨ ਯੋਧੇ ਇਹ ਕਿਵੇਂ ਸਮਝ ਲੈਂਦੇ।

ਜਦੋਂ ਉਨ੍ਹਾਂ ਅਹਿਮ ਸਮਿਆਂ 'ਚ ਸਮਝੌਤੇ ਕੀਤੇ ਜਾ ਰਹੇ ਸਨ, ਉਸ ਵਕਤ ਦੱਖਣੀ ਅਫ਼ਰੀਕੀ ਲੋਕ ਦੁਬਿਧਾ ਦੇ ਸੰਕਟ 'ਚ ਫਸੇ ਹੋਏ ਸਨ। ਇਕ ਪਾਸੇ ਉਹ ਖੁਸ਼ ਸਨ ਕਿ ਮੰਡੇਲਾ ਆਜ਼ਾਦ ਵਿਚਰ ਰਿਹਾ ਹੈ ਅਤੇ ਦੂਜੇ ਪਾਸੇ ਉਹ ਗੁੱਸੇ 'ਚ ਕਚੀਚੀਆਂ ਵੱਟ ਰਹੇ ਸਨ ਕਿ ਛੋਟੀ ਉਮਰ ਦੇ ਖਾੜਕੂ ਕਰਿਸ ਹਨੀ ਨੂੰ ਨਸਲਵਾਦੀ ਕਾਤਲ ਨੇ ਗੋਲੀ ਮਾਰ ਕੇ ਮਾਰ ਦਿੱਤਾ ਹੈ ਜਿਸ ਬਾਰੇ ਬਹੁਤਿਆਂ ਨੂੰ ਆਸ ਸੀ ਕਿ ਉਹ ਮੰਡੇਲਾ ਦੀ ਥਾਂ ਲਵੇਗਾ। ਮੁੱਠੀ ਭਰ ਅਰਥਸ਼ਾਸਤਰੀਆਂ ਨੂੰ ਛੱਡ ਕੇ, ਹੋਰ ਕੋਈ ਕੇਂਦਰੀ ਬੈਂਕ ਨੂੰ ਕੰਟਰੋਲ ਮੁਕਤ ਕਰਨ ਦੀ ਗੱਲ ਨਹੀਂ ਕਰਦਾ ਸੀ। ਇਹ ਮੁੱਦਾ ਆਮ ਹਾਲਾਤ 'ਚ ਵੀ ਨੀਂਦ ਦੀ ਜ਼ਬਰਦਸਤ ਦਵਾਈ ਦਾ ਕੰਮ ਕਰਦਾ ਹੈ। ਗੁਮੇਦ ਦੱਸਦਾ ਹੈ ਕਿ ਬਹੁਤੇ ਲੋਕ ਇਹੀ ਮੰਨੀ ਬੈਠੇ ਸਨ ਕਿ ਸੱਤਾ 'ਚ ਆਉਣ ਲਈ ਭਾਵੇਂ ਕੋਈ ਸਮਝੌਤਾ ਕਰਨਾ ਪੈ ਜਾਵੇ, ਜਦੋਂ ਇਕ ਵਾਰ ਏ ਐੱਨ ਸੀ ਨੇ ਵਾਗਡੋਰ ਸਾਂਭ ਲਈ ਸਮਝੌਤੇ ਰੱਦ ਕਰ ਦਿੱਤੇ ਜਾਣਗੇ। ਉਸ ਨੇ ਉਸ ਸਮੇਂ ਦੀ ਸੋਚ ਦੱਸੀ, "ਸਾਡੀ ਸਰਕਾਰ ਬਣ ਰਹੀ ਹੈ—ਇਸ ਨੂੰ ਬਾਅਦ 'ਚ ਤੈਅ ਕਰ ਸਕਦੇ ਹਾਂ।"

ਉਸ ਵਕਤ ਏ ਐੱਨ ਸੀ ਦੇ ਕਾਰਕੁਨਾਂ ਦੇ ਸਮਝ ਨਹੀਂ ਆਇਆ ਕਿ ਅਸਲ ਵਿਚ ਤਾਂ ਉਨ੍ਹਾਂ ਵਾਰਤਾਵਾਂ ਵਿਚ ਜਮਹੂਰੀਅਤ ਦੇ ਸੁਭਾਅ ਨੂੰ ਇਸ ਤਰ੍ਹਾਂ ਬਦਲਿਆ ਜਾ ਰਿਹਾ ਸੀ ਤਾਂ ਜੋ ਜਦੋਂ ਇਕ ਵਾਰ ਦੇਸ਼ ਬੰਦਸ਼ਾਂ ਦੇ ਜਾਲ ਦੇ ਟੇਟੇ ਚੜ੍ਹ ਗਿਆ ਤਾਂ ਬਾਅਦ ਵਾਲੀ ਗੱਲ ਹੀ ਨਾ ਰਹੇ।

ਏ ਐੱਨ ਸੀ ਨੇ ਰਾਜ ਦੇ ਪਹਿਲੇ ਦੋ ਸਾਲਾਂ ਦੌਰਾਨ ਹਾਸਲ ਸੀਮਤ ਵਸੀਲਿਆਂ ਨੂੰ ਵਰਤੋਂ 'ਚ ਲਿਆ ਕੇ ਦੌਲਤ ਦੀ ਮੁੜ ਵੰਡ ਦਾ ਵਾਅਦਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਜਨਤਕ ਕੰਮਾਂ 'ਚ ਬਹੁਤ ਸਾਰਾ ਜਨਤਕ ਪੂੰਜੀ-ਨਿਵੇਸ਼ ਕੀਤਾ ਗਿਆ—ਗਰੀਬਾਂ ਨੂੰ ਇਕ ਲੱਖ ਤੋਂ ਵੱਧ ਘਰ ਬਣਾ ਕੇ ਦਿੱਤੇ ਗਏ। ਦਹਿ-ਲੱਖਾਂ ਲੋਕਾਂ ਨੂੰ ਪਾਣੀ, ਬਿਜਲੀ ਅਤੇ ਫ਼ੋਨ ਲਾਈਨਾਂ ਮੁਹੱਈਆ ਕਰਾਈਆਂ ਗਈਆਂ।(14) ਪਰ ਅੰਤ ਓਹੀ ਕਹਾਣੀ ਸ਼ੁਰੂ ਹੋ ਗਈ, ਛੇਤੀ ਹੀ ਕਰਜ਼ੇ ਦੇ ਬੋਝ ਅਤੇ

ਕੌਮਾਂਤਰੀ ਦਬਾਅ ਹੇਠ ਇਨ੍ਹਾਂ ਸੇਵਾਵਾਂ ਦਾ ਨਿੱਜੀਕਰਨ ਕਰਕੇ ਸਰਕਾਰ ਨੇ ਕੀਮਤਾਂ ਵਸੂਲਣੀਆਂ ਸ਼ੁਰੂ ਕਰ ਦਿੱਤੀਆਂ। ਏ ਐੱਨ ਸੀ ਦੇ ਇਕ ਦਹਾਕਾ ਰਾਜ ਕਰਨ ਤੋਂ ਬਾਅਦ, ਜਿਨ੍ਹਾਂ ਲੋਕਾਂ ਨੇ ਪਾਣੀ ਅਤੇ ਬਿਜਲੀ ਦੇ ਨਵੇਂ ਕੁਨੈਕਸ਼ਨ ਲਏ ਸਨ ਉਨ੍ਹਾਂ ਵਿਚੋਂ ਦਹਿ-ਲੱਖਾਂ ਲੋਕ ਕਟਵਾਉਣ ਲਈ ਮਜਬੂਰ ਹੋ ਗਏ ਕਿਉਂਕਿ ਉਹ ਬਿਲ ਭਰਨ ਤੋਂ ਅਸਮਰੱਥ ਸਨ।*** 2003 'ਚ ਘੱਟੋ-ਘੱਟ 40 ਫੀਸਦੀ ਨਵੇਂ ਫ਼ੋਨ ਕੱਟ ਦਿੱਤੇ ਗਏ ਸਨ। (15) ਜਿਨ੍ਹਾਂ ''ਬੈਂਕਾਂ, ਖਾਣਾਂ ਅਤੇ ਅਜਾਰੇਦਾਰੀ ਮਾਲਕੀ ਵਾਲੀਆਂ ਸਨਅਤਾਂ'' ਦੇ ਕੌਮੀਕਰਨ ਦੀ ਸਹੁੰ ਮੰਡੇਲਾ ਨੇ ਖਾਧੀ ਸੀ, ਉਹ ਗੋਰਿਆਂ ਦੀ ਮਾਲਕੀ ਵਾਲੇ ਉਨ੍ਹਾਂ ਚਾਰ ਮੈਗਾ ਸਨਅਤੀ ਸਮੂਹਾਂ ਦੀ ਜਕੜ 'ਚ ਹੀ ਰਹੀਆਂ ਜੋ ਜੌਹਨਸਬਰਗ ਸਟਾਕ ਐਕਸਚੇਂਜ਼ ਦੇ 80 ਫੀਸਦੀ ਹਿੱਸੇ 'ਤੇ ਕਾਬਜ਼ ਹਨ।(16) 2005 'ਚ, ਇਸ ਐਕਸਚੇਂਜ਼ ਦੀ ਸੂਚੀ 'ਚ ਦਰਜ ਕੰਪਨੀਆਂ ਦਾ 4 ਫੀਸਦੀ ਹੀ ਕਾਲੇ ਲੋਕਾਂ ਦੀ ਮਾਲਕੀ ਜਾਂ ਕਬਜ਼ੇ ਹੇਠ ਸੀ।(17) 2006 'ਚ, ਦੱਖਣੀ ਅਫ਼ਰੀਕਾ ਦੀ 70 ਫੀਸਦੀ ਜ਼ਮੀਨ ਉੱਪਰ ਗੋਰਿਆਂ ਦੀ ਅਜਾਰੇਦਾਰੀ ਸੀ ਜੋ ਵਸੋਂ ਦਾ ਸਿਰਫ਼ 10 ਫੀਸਦੀ ਹਨ।(18) ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਏ ਐੱਨ ਸੀ ਸਰਕਾਰ ਨੇ ਐੱਚ ਆਈ ਵੀ ਤੋਂ ਪੀੜਤ 50 ਲੱਖ ਲੋਕਾਂ ਲਈ ਜੀਵਨ ਬਚਾਓ ਦਵਾਈਆਂ ਹਾਸਲ ਕਰਨ ਦੀ ਬਜਾਏ ਏਡਜ਼ ਦੇ ਘੋਰ ਸੰਕਟ ਤੋਂ ਇਨਕਾਰੀ ਹੋਣ ਵੱਲ ਧਿਆਨ ਦਿੱਤਾ, ਹਾਲਾਂਕਿ 2007 ਦੇ ਸ਼ੁਰੂ 'ਚ ਇਸ ਦਿਸ਼ਾ 'ਚ ਕੁਝ ਹਾਂਪੱਖੀ ਤਰੱਕੀ ਹੋਣ ਦਾ ਸੰਕੇਤ ਜ਼ਰੂਰ ਮਿਲਿਆ।(19) ਸ਼ਾਇਦ ਇਹ ਅੰਕੜਾ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਹੈ : ਜਿਸ ਸਾਲ 1990 'ਚ ਮੰਡੇਲਾ ਜੇਲ੍ਹ ਤੋਂ ਬਾਹਰ ਆਇਆ, ਓਦੋਂ ਤੋਂ ਲੈ ਕੇ ਦੱਖਣੀ ਅਫ਼ਰੀਕੀ ਲੋਕਾਂ ਦੀ ਔਸਤ ਜ਼ਿੰਦਗੀ ਤੀਹ ਸਾਲ ਘਟ ਗਈ ਹੈ। (20)

ਇਨ੍ਹਾਂ ਸਾਰੇ ਤੱਥਾਂ ਅਤੇ ਅੰਕੜਿਆਂ ਦੀ ਤਹਿ ਹੇਠ ਏ ਐੱਨ ਸੀ ਦੀ ਲੀਡਰਸ਼ਿਪ ਵੱਲੋਂ ਚੁਣਿਆ ਉਹ ਮੰਦਭਾਗਾ ਰਾਹ ਮੌਜੂਦ ਹੈ ਜਿਸ ਬਾਰੇ ਇਸ ਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਆਰਥਕ ਵਾਰਤਾਵਾਂ 'ਚ ਇਸ ਨੂੰ ਠਿੱਬੀ ਲੱਗ ਚੁੱਕੀ ਹੈ। ਇਸ ਪੜਾਅ 'ਤੇ ਪਾਰਟੀ ਜਾਂ ਤਾਂ ਦੂਜੀ ਮੁਕਤੀ ਲਹਿਰ ਚਲਾਉਂਦੀ ਅਤੇ ਉਸ ਦਮਘੋਟੂ ਜਾਲ ਨੂੰ ਤੋੜਨ ਦਾ ਰਾਹ ਅਪਣਾਉਂਦੀ ਜੋ ਤਬਦੀਲੀ ਦੇ ਅਰਸੇ 'ਚ ਬੁਣਿਆ ਗਿਆ ਸੀ। ਜਾਂ ਇਹ ਸੀਮਤ ਤਾਕਤ ਵਾਲੀ ਸੱਤਾ ਨੂੰ ਕਬੂਲ ਕਰਦੀ ਅਤੇ ਨਵੇਂ ਆਰਥਕ ਪ੍ਰਬੰਧ ਨੂੰ ਅਪਣਾਉਂਦੀ। ਏ ਐੱਨ ਸੀ ਦੀ ਲੀਡਰਸ਼ਿਪ ਨੇ ਮਗਰਲਾ ਰਾਹ ਚੁਣਿਆ। ਦੇਸ਼ 'ਚ ਮੌਜੂਦ ਦੌਲਤ ਦੀ ਮੁੜ ਵੰਡ— ਆਜ਼ਾਦੀ ਚਾਰਟਰ ਦੀ ਗੁਲੀ ਜਿਸ ਦੇ ਅਧਾਰ 'ਤੇ ਲੀਡਰਸ਼ਿਪ ਚੁਣੀ ਗਈ ਸੀ—ਨੂੰ ਆਪਣੀ ਨੀਤੀ ਦਾ ਧੁਰਾ ਬਣਾਉਣ ਦੀ ਬਜਾਏ ਏ ਐੱਨ ਸੀ ਨੇ ਸਰਕਾਰ ਬਣਾ ਕੇ ਇਹ ਭਾਰੂ ਦਲੀਲ ਮੰਨ ਲਈ ਕਿ ਨਵੇਂ ਬਦੇਸ਼ੀ ਪੂੰਜੀ-ਨਿਵੇਸ਼ਕਾਰਾਂ ਨੂੰ ਪੂੰਜੀ ਲਾਉਣ ਲਈ ਪ੍ਰੇਰਤ ਕਰਨਾ ਹੀ ਇਕੋ ਇਕ ਆਸ ਬਚੀ ਹੈ ਜੋ ਨਵੀਂ ਦੌਲਤ ਪੈਦਾ ਕਰਨਗੇ। ਇਸ ਦੇ ਲਾਭ ਗਰੀਬਾਂ ਤੱਕ ਹੌਲੀ ਹੌਲੀ (ਟਰਿਕਲ ਡਾਊਨ) ਪਹੁੰਚ ਜਾਣਗੇ। ਪਰ ਹੌਲੀ ਹੌਲੀ ਲਾਭ ਹੋਣ ਦੇ ਮਾਡਲ ਨੂੰ ਅਮਲੀ ਰੂਪ ਦੇਣ ਲਈ, ਏ ਐੱਨ ਸੀ ਸਰਕਾਰ ਨੂੰ ਆਪਣੇ ਵਤੀਰੇ 'ਚ ਤਿੱਖਾ ਬਦਲਾਅ ਲਿਆਉਣਾ ਪਿਆ ਸੀ ਅਤੇ ਇਹ ਪੂੰਜੀ ਨਿਵੇਸ਼ਕਾਰਾਂ ਨੂੰ ਅਪੀਲਾਂ ਕਰਨ ਦੇ ਰਾਹ ਤੁਰ ਪਈ ਸੀ।

ਜਿਵੇਂ ਮੰਡੇਲਾ ਨੂੰ ਜੇਲ੍ਹ ਤੋਂ ਬਾਹਰ ਆ ਕੇ ਮਹਿਸੂਸ ਹੋਇਆ, ਇਹ ਸੁਖਾਲਾ ਕੰਮ ਨਹੀਂ ਸੀ। ਜਿਉਂ ਹੀ ਉਹ ਰਿਹਾਅ ਹੋਇਆ, ਦੱਖਣੀ ਅਫ਼ਰੀਕਾ ਦੇ ਸਿੱਕੇ ਰੈਂਡ ਦਾ ਮੁੱਲ ਇਕਦਮ 10 ਫੀਸਦੀ ਘਟ ਗਿਆ। (21) ਕੁਝ ਹਫ਼ਤੇ ਬਾਅਦ ਹੀ, ਹੀਰਾ ਉਦਯੋਗ ਦੀ ਕਾਰਪੋਰੇਸ਼ਨ ਆਪਣਾ ਸਦਰ ਮੁਕਾਮ ਦੱਖਣੀ ਅਫ਼ਰੀਕਾ ਤੋਂ ਸਵਿਟਜ਼ਰਲੈਂਡ ਲੈ ਗਈ। (22) ਜਦੋਂ ਤਿੰਨ ਦਹਾਕੇ ਪਹਿਲਾਂ ਮੰਡੇਲਾ ਨੂੰ ਕੈਦ ਕੀਤਾ ਗਿਆ ਸੀ ਓਦੋਂ ਉਸ ਨੇ ਮੰਡੀਆਂ ਵਲੋਂ ਤੁਰੰਤ ਇਸ ਤਰ੍ਹਾਂ ਦੀ ਸਜ਼ਾ ਦਿੱਤੇ ਜਾਣ ਦੀ ਕਲਪਨਾ ਹੀ ਨਹੀਂ ਕੀਤੀ ਹੋਵੇਗੀ। ਸੱਠਵਿਆਂ 'ਚ, ਬਹੁ-ਕੌਮੀ ਕੰਪਨੀਆਂ ਮੌਜ ਨਾਲ ਹੀ ਇਕ ਦੇਸ਼ ਤੋਂ ਦੂਜੇ ਦੇਸ਼ ਨਹੀਂ ਜਾ ਸਕਦੀਆਂ ਸਨ। ਓਦੋਂ ਦੁਨੀਆਂ ਦੀ ਮੁਦਰਾ ਪ੍ਰਣਾਲੀ ਸੋਨੇ ਦੇ ਮਾਪ ਨਾਲ ਪੱਕੇ ਤੌਰ 'ਤੇ ਬੱਝੀ ਹੋਈ ਸੀ। ਹੁਣ ਦੱਖਣੀ ਅਫ਼ਰੀਕਾ ਦੀ ਮੁਦਰਾ ਉੱਪਰੋਂ ਕੰਟਰੋਲ ਹਟਾ ਦਿੱਤਾ ਗਿਆ ਸੀ, ਵਪਾਰਕ ਰੋਕਾਂ ਖ਼ਤਮ ਕਰ ਦਿੱਤੀਆਂ ਗਈਆਂ ਸਨ ਅਤੇ ਬਹੁਤਾ ਵਪਾਰ ਥੋੜ੍ਹਚਿਰੀ ਸੱਟੇਬਾਜ਼ੀ ਬਣ ਕੇ ਰਹਿ ਗਿਆ ਸੀ। ਅਸਥਿਰ ਸੁਭਾਅ ਵਾਲੀ ਮੰਡੀ ਨੂੰ ਮੰਡੇਲਾ ਦੀ ਰਿਹਾਈ ਫੁੱਟੀ ਅੱਖ ਨਹੀਂ ਭਾਉਂਦੀ ਸੀ। ਮਾਮਲਾ ਇੰਨਾ ਕੁ ਹੀ ਨਹੀਂ ਸੀ। ਮੰਡੇਲਾ ਜਾਂ ਏ ਐੱਨ ਸੀ ਦੇ ਹੋਰ ਕਿਸੇ ਆਗੂ ਦੇ ਬੋਲੇ ਕੁਝ ਲਫ਼ਜ਼ਾਂ ਨੂੰ ਗ਼ਲਤ ਸਮਝ ਲੈਣ ਨਾਲ ਹੀ ਧਰਤ ਹਿਲਾਊ ਭਾਜੜ ਪੈ ਸਕਦੀ ਸੀ ਜਿਸ ਨੂੰ ਨਿਊ ਯਾਰਕ ਟਾਈਮਜ਼ ਦੇ ਕਾਲਮ ਨਵੀਸ ਥਾਮਸ ਫਰਾਇਡਮੈਨ ਨੇ ''ਇਲੈਕਟ੍ਰਾਨਿਕ ਵੱਗ'' ਕਿਹਾ ਸੀ। (23) ਮੰਡੇਲਾ ਦੀ ਰਿਹਾਈ ਦਾ ਸਵਾਗਤ ਜਿਸ ਤਰ੍ਹਾਂ ਦੀ ਭਾਜੜ ਨਾਲ ਹੋਇਆ ਇਹ ਏ ਐੱਨ ਸੀ ਲੀਡਰਸ਼ਿਪ ਦੇ ਬਿਆਨਾਂ ਅਤੇ ਵਿਤੀ ਮੰਡੀਆਂ ਦੇ ਜਵਾਬੀ ਪ੍ਰਤੀਕਰਮ ਦੇ ਅਮਲ ਦੀ ਸ਼ੁਰੂਆਤ ਹੀ ਸੀ—ਸਦਮਾ ਸਿਧਾਂਤ ਦੇ ਇਨ੍ਹਾਂ ਬੋਲਾਂ ਨੇ ਹੀ ਪਾਰਟੀ ਨੂੰ ਇਸ ਖੇਡ੍ਹ ਦੇ ਨਵੇਂ ਨਿਯਮ ਸਿਖਾਏ। ਹਰੇਕ ਵਾਰ ਜਦੋਂ ਪਾਰਟੀ ਦਾ ਕੋਈ ਮੁੱਖ ਅਹੁਦੇਦਾਰ ਕੋਈ ਬਿਆਨ ਦਿੰਦਾ ਜਿਸ ਤੋਂ ਇਹ ਸੰਕੇਤ ਮਿਲਦਾ ਕਿ 'ਚੰਦਰਾ' ਆਜ਼ਾਦੀ ਚਾਰਟਰ ਹਾਲੇ ਵੀ ਨੀਤੀ ਬਣ ਸਕਦਾ ਹੈ, ਮੰਡੀ ਤੁਰੰਤ ਝਟਕਾ ਮਾਰਦੀ ਅਤੇ ਰੈਂਡ ਦੀ ਕੀਮਤ ਧੜੰਮ ਡਿਗ ਜਾਂਦੀ। ਕਾਇਦੇ-ਕਾਨੂੰਨ ਬੜੇ ਸਿੱਧ-ਸਾਦੇ ਅਤੇ ਕਠੋਰ ਸਨ। ਇਲੈਕਟ੍ਰਾਨਿਕ ਸਮੀਕਰਨ ਵਰਗੇ ਇਕ ਅੱਖਰੀ ਬੋਲ ਵਰਗੇ : ਨਿਆਂ—ਮਹਿੰਗਾ ਹੈ, ਵਿਕਾਊ ਹੈ; ਹਾਲਤ—ਚੰਗੀ ਹੈ, ਖ਼ਰੀਦ ਲਉ। ਜਦੋਂ ਰਿਹਾਈ ਤੋਂ ਥੋੜ੍ਹਾ ਬਾਅਦ 'ਚ, ਮੰਡੇਲਾ ਇਕ ਮੋਹਰੀ ਕਾਰੋਬਾਰੀ ਵੱਲੋਂ ਦਿੱਤੀ ਦੁਪਹਿਰ ਦੇ ਖਾਣੇ ਦੀ ਦਾਅਵਤ ਸਮੇਂ ਕੌਮੀਕਰਨ ਦੇ ਪੱਖ 'ਚ ਬੋਲਿਆ ਤਾਂ ''ਸੋਨਾ ਸੂਚਕ-ਅੰਕ 5 ਫੀਸਦੀ ਡਿਗ ਗਿਆ ਸੀ।''(24)

ਇੱਥੋਂ ਤੱਕ ਕਿ ਜਿਨ੍ਹਾਂ ਮੁਹਿੰਮਾਂ ਦਾ ਵਿਤੀ ਜਗਤ ਨਾਲ ਕੋਈ ਲਾਗਾਦੇਗਾ ਵੀ ਨਹੀਂ ਸੀ ਪਰ ਜਿਨ੍ਹਾਂ ਤੋਂ ਗੁੱਝੇ ਤਿੱਖੇ ਖ਼ਿਆਲਾਂ ਦਾ ਭੋਰਾ ਜਿੰਨਾ ਪ੍ਰਭਾਵ ਵੀ ਪੈ ਜਾਂਦਾ ਉਨ੍ਹਾਂ ਕਾਰਨ ਵੀ ਮੰਡੀ 'ਚ ਭੂਚਾਲ ਆ ਜਾਂਦਾ ਸੀ। ਜਦੋਂ ਏ ਐੱਨ ਸੀ ਦੇ ਇਕ ਮੰਤਰੀ ਟਰੈਵੋਰ ਮੈਨੂਅਲ ਨੇ ਦੱਖਣੀ ਅਫ਼ਰੀਕਾ ਦੀ ਫੁੱਟਬਾਲ ਟੀਮ ਨੂੰ ''ਗੋਰੀ ਘੱਟ-ਗਿਣਤੀ ਦੀ ਚਾਲ'' ਕਹਿ ਦਿੱਤਾ ਕਿਉਂਕਿ ਇਸ ਦੀ ਸਾਰੀ ਟੀਮ ਗੋਰਿਆਂ ਨੂੰ ਲੈ ਕੇ ਬਣਾਈ ਹੋਈ ਸੀ ਤਾਂ ਰੈਂਡ ਇਕ ਵਾਰ ਫੇਰ ਲੁੜਕ ਗਿਆ। (25)

ਨਵੀਂ ਸਰਕਾਰ 'ਤੇ ਲੱਗੀਆਂ ਬੰਦਸ਼ਾਂ ਵਿਚੋਂ ਮੰਡੀ ਦੀ ਬੰਦਸ਼ ਸਭ ਤੋਂ ਡਾਹਢੀ ਸੀ। ਇਕ ਤਰ੍ਹਾਂ ਨਾਲ ਇਹ ਬੰਧਨ ਮੁਕਤ ਸਰਮਾਏਦਾਰੀ ਦਾ ਖ਼ਾਸ ਸੁਭਾਅ ਹੈ : ਇਹ ਆਪਣੇ ਆਪ 'ਚ ਅਮਲ 'ਚ ਆਉਂਦੀ ਹੈ। ਜਦੋਂ ਇਕ ਵਾਰ ਦੇਸ਼ ਦੇ ਦਰਵਾਜ਼ੇ ਚੰਚਲ ਸੁਭਾਅ ਦੀ ਆਲਮੀ ਮੰਡੀ ਲਈ ਖੋਲ੍ਹ ਦਿੱਤੇ ਜਾਂਦੇ ਹਨ ਤਾਂ ਨਿਊ ਯਾਰਕ ਅਤੇ ਲੰਦਨ 'ਚ ਬੈਠੇ ਵਪਾਰੀ ਸ਼ਿਕਾਗੋ ਸਕੂਲ ਦੇ ਕੱਟੜ ਆਰਥਕ ਸਿਧਾਂਤ ਤੋਂ ਮਾੜਾ-ਮੋਟਾ ਵੀ ਇਧਰ-ਉਧਰ ਹੋਣ 'ਤੇ ਤੁਰੰਤ ਸਜ਼ਾ ਦਿੰਦੇ ਹਨ। ਉਹ ਉਲੰਘਣਾ ਕਰਨ ਵਾਲੇ ਦੇਸ਼ ਦੀ ਮੁਦਰਾ ਦਾ ਸੱਟਾ ਲਾ ਕੇ ਉਸ ਨੂੰ ਡੂੰਘੇ ਸੰਕਟ 'ਚ ਸੁੱਟ ਦਿੰਦੇ ਹਨ। ਹੋਰ ਕਰਜ਼ੇ ਉਸ ਦੀ ਅਣਸਰਦੀ ਲੋੜ ਬਣ ਜਾਂਦੀ ਹੈ ਅਤੇ ਉੱਪਰੋਂ ਹੋਰ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਹਨ। 1997 'ਚ ਮੰਡੇਲਾ ਨੇ ਇਸ ਜਾਲ 'ਚ ਫਸੇ ਹੋਣ ਦੀ ਸਚਾਈ ਦਾ ਇਕਬਾਲ ਕਰਦਿਆਂ ਏ ਐੱਨ ਸੀ ਦੇ ਕੌਮੀ ਸੰਮੇਲਨ ਨੂੰ ਦੱਸਿਆ : ''ਸਰਮਾਏ ਦੀ ਅਸਥਿਰਤਾ ਅਤੇ ਸਰਮਾਏ ਅਤੇ ਮੰਡੀਆਂ ਦੇ ਵਿਸ਼ਵੀਕਰਨ ਨਾਲ ਸਾਡੇ ਵਰਗੇ ਦੇਸ਼ ਹੁਣ ਇਨ੍ਹਾਂ ਮੰਡੀਆਂ ਦੇ ਸੰਭਵ ਪ੍ਰਤੀਕਰਮ ਨੂੰ ਧਿਆਨ 'ਚ ਰੱਖੇ ਬਗ਼ੈਰ ਕੌਮੀ ਆਰਥਕ ਨੀਤੀ ਤੈਅ ਨਹੀਂ ਕਰ ਸਕਦੇ।''(26)

ਏ ਐੱਨ ਸੀ ਅੰਦਰ ਇਕ ਬੰਦੇ ਥਾਬੋ ਮਬੇਕੀ ਨੂੰ ਹੀ ਸਮਝ ਸੀ ਕਿ ਮੰਡੀ ਦੇ ਸਦਮਿਆਂ ਦੀ ਰੋਕਥਾਮ ਕਿਵੇਂ ਕੀਤੀ ਜਾਵੇ। ਮੰਡੇਲਾ ਦੇ ਰਾਸ਼ਟਰਪਤੀ ਹੋਣ ਸਮੇਂ ਉਹ ਉਸ ਦੀ ਸੱਜੀ ਬਾਂਹ ਸੀ ਅਤੇ ਛੇਤੀ ਹੀ ਉਹ ਮੰਡੇਲਾ ਦੀ ਥਾਂ ਲੈ ਲਵੇਗਾ। ਮਬੇਕੀ ਨੇ ਜਲਾਵਤਨੀ ਦੇ ਕਈ ਸਾਲ ਇੰਗਲੈਂਡ 'ਚ ਗੁਜ਼ਾਰੇ ਸਨ ਅਤੇ ਇਸ ਸਮੇਂ ਸੁਸੈਕਸ ਯੂਨੀਵਰਸਿਟੀ 'ਚ ਪੜ੍ਹਾਈ ਕੀਤੀ ਸੀ। ਫੇਰ ਉਹ ਲੰਦਨ ਚਲਾ ਗਿਆ ਸੀ। ਅੱਸੀਵਿਆਂ 'ਚ ਜਦੋਂ ਉਸ ਦੇ ਦੇਸ਼ ਦੇ ਸ਼ਹਿਰ ਅੱਥਰੂ ਗੈਸ ਦੀ ਮਾਰ ਹੇਠ ਸਨ, ਓਦੋਂ ਉਹ ਥੈਚਰਵਾਦ ਦੀ ਸੁਗੰਧਤ ਫਿਜ਼ਾ ਦਾ ਆਨੰਦ ਲੈ ਰਿਹਾ ਸੀ। ਏ ਐੱਨ ਸੀ ਦੇ ਆਗੂਆਂ ਵਿਚੋਂ ਮਬੇਕੀ ਵਪਾਰਕ ਨੁਮਾਇੰਦਿਆਂ ਨਾਲ ਸਹਿਜੇ ਹੀ ਰਚ-ਮਿਚ ਗਿਆ ਸੀ ਅਤੇ ਮੰਡੇਲਾ ਦੀ ਰਿਹਾਈ ਤੋਂ ਪਹਿਲਾਂ ਹੀ ਉਹ ਕਾਰਪੋਰੇਟ ਨੁਮਾਇੰਦਿਆਂ ਨਾਲ ਕਈ ਗੁਪਤ ਗੁਫ਼ਤਗੂ ਕਰ ਚੁੱਕਿਆ ਸੀ ਜੋ

ਕਾਲੇ ਲੋਕਾਂ ਦੀ ਬਹੁ-ਗਿਣਤੀ ਵਾਲੇ ਰਾਜ ਦੀ ਸੰਭਾਵਨਾ ਤੋਂ ਭੈਭੀਤ ਸਨ। 1985 'ਚ ਜਾਂਬੀਆਂ ਦੇ ਇਕ ਖੇਡ੍ਹ ਭਵਨ ਵਿਚ ਮਬੇਕੀ ਅਤੇ ਦੱਖਣੀ ਅਫ਼ਰੀਕਾ ਦੇ ਸਰਮਾਏਦਾਰ ਕਾਰੋਬਾਰੀਆਂ ਦੀ ਇਕ ਟੋਲੀ ਪੂਰੀ ਰਾਤ ਸਕਾਚ ਦੇ ਜਾਮ ਟਕਰਾਉਂਦੇ ਰਹੇ। ਇਸ 'ਤੇ ਇਕ ਵਪਾਰਕ ਰਸਾਲੇ ਦੇ ਸੰਪਾਦਕ ਹਾਪਮੁਰੇ ਨੇ ਮਬੇਕੀ ਬਾਰੇ ਟਿੱਪਣੀ ਕੀਤੀ ਸੀ : "ਏ ਐਨ ਸੀ ਦਾ ਮੁਖੀ ਸਿਰੇ ਦੇ ਨਾਜ਼ਕ ਹਾਲਾਤ 'ਚ ਵੀ ਵਿਸ਼ਵਾਸ ਭਰਨ ਦੀ ਕਮਾਲ ਦੀ ਯੋਗਤਾ ਰੱਖਦਾ ਹੈ।"(27)

ਮਬੇਕੀ ਇਸ ਗੱਲ ਦਾ ਕਾਇਲ ਸੀ ਕਿ ਮੰਡੀ ਨੂੰ ਸ਼ਾਂਤ ਬਣਾਈ ਰੱਖਣ ਦੀ ਕੁੰਜੀ ਇਹ ਸੀ ਕਿ ਏ ਐੱਨ ਸੀ ਇਸ ਤਰ੍ਹਾਂ ਦਾ ਸਾਂਝਾ ਵਿਸ਼ਵਾਸ ਵੱਧ ਵੱਡੇ ਪੈਮਾਨੇ 'ਤੇ ਬਣਾਵੇ। ਗੁਮੇਦ ਅਨੁਸਾਰ ਪਾਰਟੀ ਅੰਦਰ ਮਬੇਕੀ ਨੇ ਖੁੱਲ੍ਹੀ ਮੰਡੀ ਦੇ ਉਸਤਾਦ ਦੀ ਭੂਮਿਕਾ ਸਾਂਭ ਲਈ ਸੀ। ਮਬੇਕੀ ਹੁਣ ਦੱਸੇਗਾ ਕਿ ਮੰਡੀ ਦੇ ਸਾਹਨ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਹੈ; ਇਸ ਨੂੰ ਹੁਣ ਕਾਬੂ ਨਹੀਂ ਕੀਤਾ ਜਾ ਸਕਦਾ; ਇਹ ਜੋ ਚਾਹੁੰਦਾ ਹੈ ਉਸ ਨਾਲ ਇਸ ਦਾ ਢਿੱਡ ਭਰੋ ਭਾਵ ਵਿਕਾਸ, ਹੋਰ ਵਿਕਾਸ।

ਇਸ ਤਰ੍ਹਾਂ, ਖਾਣਾਂ ਦਾ ਕੌਮੀਕਰਨ ਕਰਨ ਦਾ ਐਲਾਨ ਕਰਨ ਦੀ ਬਜਾਏ, ਮੰਡੇਲਾ ਅਤੇ ਮਬੇਕੀ ਨੇ ਹੈਰੀ ਓਪੇਨਹੈਮਰ ਨਾਲ ਬਾਕਾਇਦਾ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ। ਹੈਰੀ ਖਾਣਾਂ ਦੀਆਂ ਦਿਓਕੱਦ ਕੰਪਨੀਆਂ ਐਂਗਲੋ-ਅਮਰੀਕਣ ਅਤੇ ਡੀ ਬੀਅਰਜ਼ ਦਾ ਸਾਬਕਾ ਪ੍ਰਧਾਨ ਸੀ ਜੋ ਨਸਲਵਾਦੀ ਨਿਜ਼ਾਮ ਦੇ ਆਰਥਕ ਪ੍ਰਤੀਕ ਹਨ। ਇੱਥੋਂ ਤੱਕ ਕਿ 1994 ਦੀਆਂ ਚੋਣਾਂ ਤੋਂ ਛੇਤੀ ਪਿੱਛੋਂ, ਉਨ੍ਹਾਂ ਨੇ ਏ ਐੱਨ ਸੀ ਦਾ ਆਰਥਕ ਪ੍ਰੋਗਰਾਮ ਮਨਜ਼ੂਰੀ ਲਈ ਓਪੇਨਹੈਮਰ ਦੇ ਹਵਾਲੇ ਕਰ ਦਿੱਤਾ। ਹੈਰੀ ਅਤੇ ਚੋਟੀ ਦੇ ਹੋਰ ਸਨਅਤਕਾਰਾਂ ਦੇ ਸਰੋਕਾਰਾਂ ਨੂੰ ਮੁੱਖ ਰੱਖ ਕੇ ਪ੍ਰੋਗਰਾਮ 'ਚ ਕਈ ਅਹਿਮ ਸੋਧਾਂ ਕੀਤੀਆਂ ਗਈਆਂ।28 ਮੰਡੀ ਦੇ ਹੋਰ ਸਦਮਿਆਂ ਤੋਂ ਬਚਣ ਦੀ ਉਮੀਦ ਨਾਲ, ਮੰਡੇਲਾ ਨੇ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਵਜੋਂ ਆਪਣੀ ਪਹਿਲੀ ਗੱਲਬਾਤ 'ਚ ਆਪਣੇ ਉਨ੍ਹਾਂ ਪਹਿਲੇ ਬਿਆਨਾਂ ਤੋਂ ਸੁਚੇਤ ਰੂਪ 'ਚ ਦੂਰੀ ਬਣਾ ਲਈ ਜਿਨ੍ਹਾਂ ਵਿਚ ਉਸ ਨੇ ਕੌਮੀਕਰਨ ਦੀ ਹਮਾਇਤ ਕੀਤੀ ਸੀ। ਉਹ ਕਹਿੰਦਾ ਹੈ, "ਸਾਡੀਆਂ ਆਰਥਕ ਨੀਤੀਆਂ 'ਚ ....ਕੌਮੀਕਰਨ ਵਰਗੀਆਂ ਚੀਜ਼ਾਂ ਦਾ ਇਕ ਵਾਰ ਵੀ ਜ਼ਿਕਰ ਨਹੀਂ ਹੈ, ਅਤੇ ਇਹ ਐਵੇਂ ਨਹੀਂ ਹੋ ਗਿਆ। ਇਸ ਵਿਚ ਇਕ ਵੀ ਐਸਾ ਨਾਅਰਾ ਨਹੀਂ ਹੈ ਜਿਸ ਕਾਰਨ ਮਾਰਕਸਵਾਦੀ ਵਿਚਾਰਧਾਰਾ ਨਾਲ ਸਾਡਾ ਸਬੰਧ ਜੁੜਦਾ ਹੋਵੇ।"(29) **** ਵਿਤੀ ਪ੍ਰੈੱਸ ਨੇ ਇਸ ਗੱਲਬਾਤ ਨੂੰ ਬਾਕਾਇਦਾ ਉਤਸ਼ਾਹਤ ਕੀਤਾ। ਵਾਲ ਸਟਰੀਟ ਜਰਨਲ ਨੇ ਟਿੱਪਣੀ ਕੀਤੀ : "ਭਾਵੇਂ ਏ ਐੱਨ ਸੀ ਹਾਲੇ ਵੀ ਮਜ਼ਬੂਤ ਖੱਬੇਪੱਖੀ ਜਥੇਬੰਦੀ ਹੈ ਪਰ ਪਿਛਲੇ ਦਿਨੀਂ ਜਨਾਬ ਮੰਡੇਲਾ ਦੀ ਸੁਰ ਸਮਾਜਵਾਦੀ ਇਨਕਲਾਬੀ ਨਾਲੋਂ ਮਾਰਗਰੇਟ ਥੈਚਰ ਨਾਲ ਵੱਧ ਮਿਲਦੀ ਹੈ। ਕਦੇ ਉਸ ਨੂੰ ਸਮਾਜਵਾਦੀ ਇਨਕਲਾਬੀ ਹੀ ਸਮਝਿਆ ਜਾਂਦਾ ਸੀ।" (30)

ਇਨਕਲਾਬੀ ਬੀਤੇ ਦੀ ਯਾਦ ਹਾਲੇ ਵੀ ਏ ਐੱਨ ਸੀ ਦਾ ਖਹਿੜਾ ਨਹੀਂ ਛੱਡ ਰਹੀ ਸੀ। ਨਵੀਂ ਸਰਕਾਰ ਇਹ ਪ੍ਰਭਾਵ ਦੇਣ ਦੀ ਪੂਰੀ ਵਾਹ ਲਾ ਰਹੀ ਸੀ ਕਿ ਕੋਈ ਖ਼ਤਰੇ ਵਾਲੀ ਗੱਲ ਨਹੀਂ ਹੈ, ਇਸ ਦੇ ਬਾਵਜੂਦ ਮੰਡੀ ਦੇ ਦੁਖਦਾਈ ਸਦਮੇ ਜਾਰੀ ਰਹੇ : 1996 ਦੇ ਇਕ ਮਹੀਨੇ 'ਚ ਹੀ ਰੈਂਡ ਦੀ ਕੀਮਤ 20 ਫੀਸਦੀ ਡਿਗ ਗਈ। ਦੇਸ਼ ਦੇ ਵਿਤੀ ਪ੍ਰਬੰਧ ਨੂੰ ਲਗਾਤਾਰ ਦੌਰੇ ਪੈਂਦੇ ਰਹੇ ਕਿਉਂਕਿ ਦੱਖਣੀ ਅਫਰੀਕਾ ਦੇ ਸਹਿਮੇ ਹੋਏ ਅਮੀਰਾਂ ਨੇ ਦੇਸ਼ ਵਿਚੋਂ ਸਰਮਾਇਆ ਕੱਢ ਲਿਆ ਸੀ। (31)

ਮਬੇਕੀ ਨੇ ਮੰਡੇਲਾ ਨੂੰ ਮਨਾ ਲਿਆ ਕਿ ਬੀਤੇ ਨਾਲੋਂ ਪੱਕਾ ਤੋੜ-ਵਿਛੋੜਾ ਕਰਨਾ ਜ਼ਰੂਰੀ ਹੈ। ਉਸ ਅਨੁਸਾਰ ਏ ਐੱਨ ਸੀ ਨੂੰ ਪੂਰੀ ਤਰ੍ਹਾਂ ਨਵੀਂ ਆਰਥਕ ਵਿਉਂਤਬੰਦੀ ਦਰਕਾਰ ਸੀ—ਕੁਝ ਐਸੀ ਦਲੇਰ, ਸਦਮਾ ਦੇਣ ਵਾਲੀ ਯੋਜਨਾ ਭਾਵ ਵਿਸ਼ਾਲ, ਨਾਟਕੀ ਹੱਲਿਆਂ ਜ਼ਰੀਏ ਐਸੀ ਸੈਨਤ ਜਿਨ੍ਹਾਂ ਨੂੰ ਮੰਡੀ ਸਮਝਦੀ ਹੋਵੇ ਭਾਵ ਏ ਐੱਨ ਸੀ ਵਾਸ਼ਿੰਗਟਨ ਦੀ ਆਮ-ਸਹਿਮਤੀ ਵਾਲੀ ਸੋਚ ਨੂੰ ਅਪਨਾਉਣ ਲਈ ਤਿਆਰ ਹੈ।

ਜਿਵੇਂ ਬੋਲੀਵੀਆ ਵਿਚ ਸਦਮਾ ਇਲਾਜ਼ ਦਾ ਪ੍ਰੋਗਰਾਮ ਪੂਰੀ ਤਰ੍ਹਾਂ ਗੁਪਤ ਫ਼ੌਜੀ ਕਾਰਵਾਈ ਵਾਂਗ ਤਿਆਰ ਕਰਕੇ ਲਾਗੂ ਕੀਤਾ ਗਿਆ ਸੀ, ਇਸੇ ਤਰ੍ਹਾਂ ਦੱਖਣੀ ਅਫ਼ਰੀਕਾ 'ਚ ਸਿਰਫ਼ ਮਬੇਕੀ ਦੇ ਸਭ ਤੋਂ ਭਰੋਸੇਯੋਗ ਜੋਟੀਦਾਰਾਂ ਨੂੰ ਜਾਣਕਾਰੀ ਸੀ ਕਿ ਨਵਾਂ ਆਰਥਕ ਪ੍ਰੋਗਰਾਮ ਘੜਿਆ ਜਾ ਰਿਹਾ ਹੈ ਜੋ ਉਨ੍ਹਾਂ ਵਾਅਦਿਆਂ ਤੋਂ ਬਹੁਤ ਅਲਹਿਦਾ ਕਿਸਮ ਦਾ ਹੈ ਜੋ ਵਾਅਦੇ 1994 ਦੀਆਂ ਚੋਣਾਂ ਸਮੇਂ ਕੀਤੇ ਗਏ ਸਨ। ਗੁਮੇਦ ਲਿਖਦਾ ਹੈ "ਸਮੁੱਚੀ ਟੀਮ ਨੂੰ ਰਾਜ਼ ਗੁਪਤ ਰੱਖਣ ਦੀ ਸਹੁੰ ਚੁਕਾਈ ਗਈ ਅਤੇ ਸਮੁੱਚੇ ਅਮਲ ਨੂੰ ਐਨਾ ਗੁਪਤ ਬਣਾ ਦਿੱਤਾ ਗਿਆ ਕਿ ਜਥੇਬੰਦੀ ਦੇ ਖੱਬੇਪੱਖੀਆਂ ਨੂੰ ਮਬੇਕੀ ਦੀ ਯੋਜਨਾ ਦੀ ਭਿਣਕ ਤੱਕ ਨਾ ਲੱਗੇ।"(32) ਨਵੇਂ ਪ੍ਰੋਗਰਾਮ ਦਾ ਖਰੜਾ ਤਿਆਰ ਕਰਨ 'ਚ ਸ਼ਾਮਲ ਅਰਥਸ਼ਾਸਤਰੀ ਸਟੀਫਨ ਗੈਲਬ ਨੇ ਮੰਨਿਆ ਕਿ "ਇਹ 'ਸੁਧਾਰ' ਬਹੁਤ ਜ਼ਿਆਦਾ "ਉੱਪਰੋਂ" ਕੀਤਾ ਗਿਆ ਸੀ, ਨੀਤੀ ਘਾੜਿਆਂ ਨੂੰ ਜਨਤਾ ਦੇ ਦਬਾਅ ਤੋਂ ਦੂਰ ਅਤੇ ਖ਼ੁਦ-ਮੁਖਤਿਆਰ ਬਣਾਈ ਰੱਖਣ ਲਈ ਸਿਰੇ ਦੀਆਂ ਦਲੀਲਾਂ ਦਿੱਤੀਆਂ ਗਈਆਂ ਸਨ।"(33) (ਭੇਤ ਗੁਪਤ ਰੱਖਣ ਅਤੇ ਜਨਤਾ ਤੋਂ ਦੂਰ ਰੱਖਣ ਉੱਤੇ ਇਹ ਜ਼ੋਰ ਖ਼ਾਸ ਕਰਕੇ ਅਜੀਬ ਸੀ ਕਿਉਂਕਿ ਨਸਲਵਾਦੀ ਜ਼ਾਲਮ ਨਿਜ਼ਾਮ ਸਮੇਂ ਏ ਐੱਨ ਸੀ ਨੇ ਆਜ਼ਾਦੀ ਚਾਰਟਰ ਤਿਆਰ ਕਰਨ ਲਈ ਕਮਾਲ ਦਾ ਖੁੱਲ੍ਹਾ ਅਤੇ ਜਨਤਾ ਦੀ ਸ਼ਮੂਲੀਅਤ ਵਾਲਾ ਅਮਲ ਚਲਾਇਆ ਗਿਆ ਸੀ। ਹੁਣ, ਨਵੇਂ ਜਮਹੂਰੀ ਪ੍ਰਬੰਧ ਤਹਿਤ ਪਾਰਟੀ ਆਪਣੇ ਹੀ ਪਾਰਟੀ-ਤੰਤਰ ਤੋਂ ਆਪਣੀਆਂ ਆਰਥਕ ਯੋਜਨਾਵਾਂ ਛੁਪਾ ਰਹੀ ਸੀ।)

ਜੂਨ 1996 'ਚ ਮਬੇਕੀ ਨੇ ਨਤੀਜੇ ਨਸ਼ਰ ਕਰ ਦਿੱਤੇ। ਇਹ ਦੱਖਣੀ ਅਫ਼ਰੀਕਾ ਲਈ ਨਵ-ਉਦਾਰਵਾਦੀ ਸਦਮਾ ਇਲਾਜ਼ ਦਾ ਪ੍ਰੋਗਰਾਮ ਸੀ ਜੋ ਵਧੇਰੇ ਨਿੱਜੀਕਰਨ, ਸਰਕਾਰੀ ਖਰਚਿਆਂ 'ਚ ਕਟੌਤੀ, "ਲਚਕੀਲੀ" ਕਿਰਤ, ਬੇਰੋਕ-ਟੋਕ ਵਪਾਰ ਅਤੇ ਸਰਮਾਏ ਦੇ ਵਹਾਅ ਨੂੰ ਹੋਰ ਵੀ ਮੋਕਲਾ ਕਰਨ ਦਾ ਸੱਦਾ ਦੇ ਰਿਹਾ ਸੀ। ਗੈਲਬ ਅਨੁਸਾਰ ਇਸ ਦਾ ਵਧੇਰੇ ਅਹਿਮ ਮੰਤਵ "ਸੰਭਾਵੀ ਪੂੰਜੀ ਨਿਵੇਸ਼ਕਾਰਾਂ ਨੂੰ ਇਹ ਸੰਕੇਤ ਦੇਣਾ ਸੀ ਕਿ ਸਰਕਾਰ (ਖ਼ਾਸ ਕਰਕੇ ਏ ਐੱਨ ਸੀ) ਆਰਥਕ ਸਿਧਾਂਤ ਪ੍ਰਤੀ ਪੂਰੀ ਵਚਨਬਧ ਹੈ।"(34) ਨਿਊ ਯਾਰਕ ਅਤੇ ਲੰਦਨ 'ਚ ਬੈਠੇ ਕਾਰੋਬਾਰੀਆਂ ਨੂੰ ਇਹ ਸੁਨੇਹਾ ਗੜਕਵੀਂ ਅਤੇ ਸਪਸ਼ਟ ਆਵਾਜ਼ 'ਚ ਪਹੁੰਚਾਉਣ ਵਾਲੀ, ਇਸ ਯੋਜਨਾ ਦਾ ਆਗਾਜ਼ ਜਨਤਕ ਤੌਰ 'ਤੇ ਕਰਦੇ ਵਕਤ ਮਬੇਕੀ ਨੇ ਵਿਅੰਗ ਕੀਤਾ, "ਬਸ ਮੈਨੂੰ ਥੈਚਰਵਾਦੀ ਕਹਿ ਲਓ।"(35)

ਸਦਮਾ ਇਲਾਜ਼ ਹਮੇਸ਼ਾ ਮੰਡੀ ਦੀ ਕਾਰਗੁਜ਼ਾਰੀ ਦਾ ਸਵਾਲ ਹੁੰਦਾ ਹੈ—ਇਹ ਇਸ ਦੇ ਮੂਲ ਸਿਧਾਂਤ ਦਾ ਹਿੱਸਾ ਹੈ। ਸਟਾਕ ਮੰਡੀ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤੇ, ਉਚੇਚੇ ਇੰਤਜ਼ਾਮਾਂ ਵਾਲੇ ਮੌਕਿਆਂ ਨਾਲ ਖ਼ਾਸ ਮੋਹ ਹੈ ਜਿਨ੍ਹਾਂ ਨਾਲ ਇਸ ਦੀਆਂ ਕੀਮਤਾਂ 'ਚ ਉਛਾਲਾ ਆਵੇ। ਆਮ ਤੌਰ 'ਤੇ ਇਹ ਮੌਕੇ ਜਨਤਕ ਤੌਰ 'ਤੇ ਸ਼ੇਅਰਾਂ ਦੀ ਸ਼ੁਰੂਆਤੀ ਪੇਸ਼ਕਸ਼, ਕੰਪਨੀਆਂ ਦੇ ਕਿਸੇ ਵੱਡੇ ਰਲੇਵੇਂ ਦੇ ਐਲਾਨ ਜਾਂ ਕਿਸੇ ਪ੍ਰਸਿੱਧ ਸੀ ਈ ਓ ਨੂੰ ਆਪਣੀ ਕੰਪਨੀ ਦਾ ਪ੍ਰਬੰਧ ਚਲਾਉਣ ਲਈ ਮਨਾ ਲੈਣ ਨਾਲ ਮਿਲਦੇ ਹਨ। ਜਦੋਂ ਅਰਥਸ਼ਾਸਤਰੀ ਸਦਮਾ ਇਲਾਜ਼ ਦਾ ਭਰਵਾਂ ਪੈਕੇਜ਼ ਐਲਾਨ ਕਰਨ ਲਈ ਦੇਸ਼ਾਂ ਨੂੰ ਪ੍ਰੇਰਦੇ ਹਨ ਤਾਂ ਇਸ ਸਲਾਹ ਦਾ ਅਧਾਰ ਇਕ ਹੱਦ ਤੱਕ ਮੰਡੀ ਦੇ ਇਸ ਤਰ੍ਹਾਂ ਦੇ ਉੱਚੇ ਪੱਧਰ ਦੇ ਨਾਟਕੀ ਵਰਤਾਰੇ ਦੀ ਨਕਲ ਕਰਨਾ ਹੁੰਦਾ ਹੈ ਅਤੇ ਇਸ ਨਾਲ ਹਫੜਾ-ਦਫੜੀ ਮਚ ਜਾਂਦੀ ਹੈ—ਪਰ ਅਸਲ ਵਿਚ ਉਹ ਵਿਅਕਤੀ ਸਟਾਕ ਦੀ ਬਜਾਏ ਦੇਸ਼ ਨੂੰ ਵੇਚ ਰਹੇ ਹੁੰਦੇ ਹਨ। ਆਸਵੰਦ ਪ੍ਰਤੀਕਰਮ ਇਸ ਤਰ੍ਹਾਂ ਹੁੰਦਾ ਹੈ "ਅਰਜਨਟਾਈਨਾ ਦੇ ਸ਼ੇਅਰ ਖ਼ਰੀਦੋ!" "ਬੋਲੀਵੀਆ ਦੇ ਬੌਂਡ ਖ਼ਰੀਦੋ!" ਦੂਜੇ ਪਾਸੇ, ਥੋੜ੍ਹੀ ਮੱਧਮ, ਵੱਧ ਸੁਚੇਤ ਪਹੁੰਚ ਘੱਟ ਬੇਰਹਿਮ ਜ਼ਰੂਰ ਹੋਵੇਗੀ, ਪਰ ਇਹ ਮੰਡੀ ਨੂੰ ਇਨ੍ਹਾਂ ਵਧਾਏ-ਚੜ੍ਹਾਏ ਹੋਏ ਆਰਥਕ ਉਛਾਲਿਆਂ ਤੋਂ ਵਾਂਝਾ ਕਰ ਦਿੰਦੀ ਹੈ, ਇਨ੍ਹਾਂ ਦੌਰਾਨ ਹੀ ਅਸਲ ਧਨ ਕਮਾਇਆ ਜਾਂਦਾ ਹੈ। ਸਦਮਾ ਇਲਾਜ਼ ਅਹਿਮ ਜੂਆ ਹੁੰਦਾ ਹੈ, ਅਤੇ ਦੱਖਣੀ ਅਫ਼ਰੀਕਾ ਵਿਚ ਇਸ ਦਾ ਕੋਈ ਫ਼ਾਇਦਾ ਨਹੀਂ ਹੋਇਆ। ਮਬੇਕੀ ਦਾ ਵਿਸ਼ਾਲ ਸੰਕੇਤ ਵੀ ਲੰਮੇ ਦਾਅ ਤੋਂ ਪੂੰਜੀ-ਨਿਵੇਸ਼ ਨੂੰ ਖਿੱਚਣ 'ਚ ਕਾਮਯਾਬ ਨਹੀਂ ਹੋਇਆ, ਇਹ ਸਿਰਫ਼ ਸੱਟੇਬਾਜ਼ ਚਾਲਾਂ ਬਣ ਕੇ ਰਹਿ ਗਿਆ। ਇਸ ਨਾਲ ਮੁਦਰਾ ਦੀ ਕਦਰ ਘਟਾਈ ਹੋਰ ਵਧੇਰੇ ਹੋ ਗਈ।

## ਜਨਤਕ ਅਧਾਰ ਨੂੰ ਸਦਮਾ

ਜਦੋਂ ਅਸੀਂ ਡਰਬਨ ਰਹਿੰਦੇ ਲੇਖਕ ਅਸ਼ਵਿਨ ਦੇਸਾਈ ਨੂੰ ਉਸ ਦੀਆਂ ਤਬਦੀਲੀ ਦੇ ਦੌਰ ਦੀਆਂ ਯਾਦਾਂ ਬਾਰੇ ਚਰਚਾ ਕਰਨ ਲਈ ਮਿਲੇ ਤਾਂ ਉਸ ਨੇ ਟਿੱਪਣੀ ਕੀਤੀ, ''ਨਵਾਂ ਸਿਧਾਂਤ ਅਪਨਾਉਣ ਵਾਲੇ ਵਿਅਕਤੀ ਇਨ੍ਹਾਂ ਮਾਮਲਿਆਂ ਬਾਰੇ ਵੱਧ ਉਤਸ਼ਾਹੀ ਹੁੰਦੇ ਹਨ। ਉਹ ਸਗੋਂ ਵੱਧ ਖੁਸ਼ਾਮਦ ਦੀ ਕੋਸ਼ਿਸ਼ 'ਚ ਰਹਿੰਦੇ ਹਨ।'' ਦੇਸਾਈ ਮੁਕਤੀ ਸੰਘਰਸ਼ ਦੌਰਾਨ ਜੇਲ੍ਹ 'ਚ ਰਿਹਾ ਸੀ, ਅਤੇ ਉਹ ਜੇਲ੍ਹਾਂ ਦੇ ਮਨੋ-ਵਿਗਿਆਨ ਅਤੇ ਏ ਐੱਨ ਸੀ ਸਰਕਾਰ ਦੇ ਰਵੱਈਏ ਦਰਮਿਆਨ ਸਮਾਨਤਾਵਾਂ ਮਹਿਸੂਸ ਕਰਦਾ ਹੈ। ਉਹ ਕਹਿੰਦਾ ਹੈ ਜੇਲ੍ਹ ਵਿਚ ''ਜੇ ਤੁਸੀਂ ਵਾਰਡਨ ਨੂੰ ਵੱਧ ਖੁਸ਼ ਕਰ ਦਿੰਦੇ ਹੋ ਤਾਂ ਤੁਹਾਨੂੰ ਬਿਹਤਰ ਰੁਤਬਾ ਹਾਸਲ ਹੋ ਜਾਂਦਾ ਹੈ। ਪ੍ਰਤੱਖ ਤੌਰ 'ਤੇ ਦੱਖਣੀ ਅਫ਼ਰੀਕੀ ਸਮਾਜ ਵਲੋਂ ਕੀਤੇ ਕੁਝ ਕੰਮਾਂ ਦੀ ਸੁਰ ਵੀ ਇਸੇ ਤਰਕ ਵਾਲੀ ਹੋ ਗਈ ਸੀ। ਉਹ ਜਿਵੇਂ ਕਿਵੇਂ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਉਹ ਜ਼ਿਆਦਾ ਸਾਊ ਕੈਦੀ ਹਨ। ਹੋਰ ਦੇਸ਼ਾਂ ਨਾਲੋਂ ਕਿਤੇ ਵੱਧ ਜ਼ਾਬਤੇ ਵਾਲੇ ਕੈਦੀ।''

ਪਰ ਏ ਐੱਨ ਸੀ ਦੇ ਜਨਤਕ ਅਧਾਰ ਨੇ ਵੱਧ ਬੇਮੁਹਾਰਤਾ ਦਿਖਾਈ—ਜਿਸ ਨਾਲ ਵੱਧ ਜ਼ਾਬਤਾ ਬਣਾਈ ਰੱਖਣ ਦੀ ਜ਼ਰੂਰਤ ਬਣ ਗਈ। ਦੱਖਣੀ ਅਫ਼ਰੀਕਾ ਦੇ ਤੱਥਾਂ ਅਤੇ ਝਗੜਿਆਂ ਦੇ ਨਿਪਟਾਰੇ ਬਾਰੇ ਕਮਿਸ਼ਨ ਦੀ ਜਿਊਰੀ ਮੈਂਬਰ ਯਾਸਮਿਨ ਸੂਕਾ ਅਨੁਸਾਰ ਅਨੁਸ਼ਾਸਨ ਦੀ ਮਾਨਸਿਕਤਾ ਨਿਆਂ ਦੀ ਪੜਤਾਲ ਸਮੇਤ ਤਬਦੀਲੀ ਦੇ ਹਰੇਕ ਪਹਿਲੂ ਤੱਕ ਪਸਰ ਗਈ ਸੀ। ਤਸੀਹਿਆਂ, ਕਤਲਾਂ ਅਤੇ ਲਾਪਤਾ ਕੀਤੇ ਜਾਣ ਦੇ ਮਾਮਲਿਆਂ ਦੀਆਂ ਗਵਾਹੀਆਂ ਸਾਲਾਂ ਬੱਧੀ ਸੁਣਨ ਤੋਂ ਬਾਅਦ ਤੱਥ ਖੋਜ ਕਮਿਸ਼ਨ ਇਸ ਸਵਾਲ ਵੱਲ ਆਇਆ ਸੀ ਕਿ ਕਿਸ ਤਰ੍ਹਾਂ ਦੇ ਕਦਮ ਅਨਿਆਂ ਦੇ ਜ਼ਖ਼ਮ ਭਰਨ ਲਈ ਸਹਾਈ ਹੋ ਸਕਦੇ ਹਨ। ਸੱਚ ਨੂੰ ਪ੍ਰਵਾਨ ਕਰਨ ਅਤੇ ਮਾਫ਼ ਕਰ ਦੇਣ ਦੀ ਆਪਣੀ ਅਹਿਮੀਅਤ ਸੀ ਪਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁਆਵਜ਼ਾ ਵੀ ਓਨਾ ਹੀ ਅਹਿਮ ਸੀ। ਨਵੀਂ ਸਰਕਾਰ ਨੂੰ ਮੁਆਵਜ਼ਾ ਦੇਣ ਲਈ ਕਹਿਣ ਦੀ ਬਿਲਕੁਲ ਕੋਈ ਤੁਕ ਨਹੀਂ ਸੀ ਕਿਉਂਕਿ ਇਹ ਜੁਰਮ ਇਸ ਦੇ ਕੀਤੇ ਹੋਏ ਨਹੀਂ ਸਨ। ਅਤੇ ਨਸਲਵਾਦ ਦੀਆਂ ਕਰਤੂਤਾਂ ਦਾ ਹਰਜ਼ਾਨਾ ਭਰਨ ਲਈ ਖਰਚ ਕਰਨ ਦਾ ਅਰਥ ਸੀ ਇਹ ਧਨ ਨਵੀਂ ਨਵੀਂ ਆਜ਼ਾਦ ਹੋਈ ਕੌਮ ਦੀ ਗਰੀਬ ਜਨਤਾ ਲਈ ਘਰ ਅਤੇ ਸਕੂਲ ਬਣਾਉਣ ਲਈ ਨਾ ਖਰਚਣਾ।

ਕਮਿਸ਼ਨ ਦੇ ਕੁਝ ਮੈਂਬਰ ਮਹਿਸੂਸ ਕਰਦੇ ਸਨ ਕਿ ਨਸਲਵਾਦ ਦਾ ਫ਼ਾਇਦਾ ਉਠਾਉਣ ਵਾਲੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਹਰਜ਼ਾਨਾ ਭਰਨ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ। ਅੰਤ ਕਮਿਸ਼ਨ ਦੇ ਮੈਂਬਰਾਂ ਨੇ ਪੀੜਤਾਂ ਲਈ ਧਨ ਜੁਟਾਉਣ ਵਾਸਤੇ ਇਕ ਫੀਸਦੀ ਉੱਕਾ-ਪੁੱਕਾ ਟੈਕਸ ਲਾਉਣ ਦੀ ਵਾਜਬ ਸਿਫਾਰਸ਼ ਕੀਤੀ। ਕਮਿਸ਼ਨ ਨੇ ਇਸ ਨੂੰ 'ਇਕਮੁੱਠਤਾ ਕਰ' ਦਾ ਨਾਂ ਦਿੱਤਾ। ਸੂਕਾ ਨੂੰ ਏ ਐੱਨ ਸੀ ਤੋਂ ਇਸ ਨਰਮ ਸਿਫਾਰਸ਼ ਨੂੰ ਹਮਾਇਤ ਮਿਲਣ ਦੀ ਉਮੀਦ ਸੀ। ਇਸ ਦੀ ਬਜਾਏ ਸਰਕਾਰ, ਜਿਸ ਦਾ ਮੁਖੀ ਹੁਣ ਮਬੇਕੀ ਸੀ, ਨੇ ਕਾਰਪੋਰੇਸ਼ਨਾਂ ਤੋਂ ਕੋਈ ਹਰਜ਼ਾਨਾ ਜਾਂ ਇਕਮੁੱਠਤਾ ਕਰ ਵਸੂਲਣ ਨੂੰ ਇਸ ਡਰੋਂ ਰੱਦ ਕਰ ਦਿੱਤਾ ਕਿ ਮੰਡੀ ਇਸ ਨੂੰ ਕਾਰੋਬਾਰ ਵਿਰੋਧੀ ਸੰਕੇਤ ਸਮਝੇਗੀ। ਸੂਕਾ ਨੇ ਮੈਨੂੰ ਦੱਸਿਆ, ''ਰਾਸ਼ਟਰਪਤੀ ਨੇ ਤੈਅ ਕਰ ਦਿੱਤਾ ਕਿ ਕਾਰਪੋਰੇਟ ਕਾਰੋਬਾਰ ਜਵਾਬਦੇਹ ਨਹੀਂ ਹੋਣਗੇ। ਇਸ ਨੂੰ ਐਨਾ ਸਾਧਾਰਨ ਸਮਝ ਲਿਆ ਗਿਆ ਸੀ।'' ਆਖ਼ਿਰ ਉਹੀ ਹੋਇਆ ਜਿਸ ਦਾ ਕਮਿਸ਼ਨ ਨੂੰ ਡਰ ਸੀ, ਸਰਕਾਰ ਨੇ ਆਪਣੇ ਬਜਟ ਵਿਚੋਂ ਪੈਸਾ ਕੱਢ ਕੇ ਉਸ ਦਾ ਥੋੜ੍ਹਾ ਜਿਹਾ ਹਿੱਸਾ ਹੱਥ ਫੜਾ ਦਿੱਤਾ ਜਿੰਨੇ ਦੀ ਮੰਗ ਕੀਤੀ ਗਈ ਸੀ।

ਅਕਸਰ ਹੀ ਦੱਖਣੀ ਅਫ਼ਰੀਕਾ ਦੇ ਤੱਥਾਂ ਅਤੇ ਝਗੜਿਆਂ ਦੇ ਨਿਪਟਾਰੇ ਬਾਰੇ ਕਮਿਸ਼ਨ ਨੂੰ ''ਅਮਨ ਕਾਇਮ ਕਰਨ ਵਾਲੇ'' ਕਾਮਯਾਬ ਮਾਡਲ ਵਜੋਂ ਵਡਿਆਇਆ ਜਾਂਦਾ ਹੈ। ਇਸ ਮਿਸਾਲ ਨੂੰ ਸ੍ਰੀ ਲੰਕਾ ਤੋਂ ਲੈ ਕੇ ਅਫਗਾਨਿਸਤਾਨ ਤੱਕ ਲੜਾਈ ਤੋਂ ਪੀੜਤ ਹੋਰ ਖੇਤਰਾਂ 'ਚ ਅਪਨਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪਰ ਇਸ ਅਮਲ 'ਚ ਸਿੱਧੇ ਤੌਰ 'ਤੇ ਸ਼ਾਮਲ ਬਹੁਤ ਸਾਰੇ ਵਿਅਕਤੀ ਭਾਰੀ ਦੋਚਿੱਤੀ 'ਚ ਹਨ। ਜਦੋਂ ਕਮਿਸ਼ਨ ਦੇ ਪ੍ਰਧਾਨ ਪ੍ਰਮੁੱਖ ਪਾਦਰੀ ਡੇਸਮੰਡ ਟੂਟੂ ਨੇ ਮਾਰਚ 2003 'ਚ ਅੰਤਮ ਰਿਪੋਰਟ ਜਾਰੀ ਕੀਤੀ ਤਾਂ ਉਸ ਨੇ ਆਜ਼ਾਦੀ ਦੇ ਅਧੂਰੇ ਕਾਜ਼ ਦਾ ਮਾਮਲਾ ਪੱਤਰਕਾਰਾਂ ਸਾਹਮਣੇ ਰੱਖਿਆ : ''ਕੀ ਤੁਸੀਂ ਦੱਸ ਸਕਦੇ ਹੋ ਕਿ ਆਜ਼ਾਦੀ ਦੇ ਦਸ ਸਾਲਾਂ ਬਾਅਦ ਹੁਣ ਵੀ ਇਕ ਕਾਲਾ ਮਨੁੱਖ ਕਿਵੇਂ ਉੱਠਦਾ ਹੈ? ਫੇਰ ਉਹ ਸ਼ਹਿਰ 'ਚ ਕੰਮ 'ਤੇ ਜਾਂਦਾ ਹੈ, ਜੋ ਅਜੇ ਤੱਕ ਮਹਿਲਨੁਮਾ ਘਰਾਂ ਦਾ ਕੰਮ ਹੈ। ਦਿਨ ਛਿਪਣ 'ਤੇ ਉਹ ਗੰਦੇ ਘੁਰਨੇ 'ਚ ਮੁੜ ਆਉਂਦਾ ਹੈ? ਮੈਂ ਨਹੀਂ ਜਾਣਦਾ ਉਹ ਲੋਕ ਇਹ ਕਿਉਂ ਨਹੀਂ ਕਹਿ ਦਿੰਦੇ, 'ਢੱਠੇ ਖੂਹ 'ਚ ਪਵੇ ਅਮਨ। ਨਾਲੇ ਟੂਟੂ ਤੇ ਇਸ ਦਾ ਤੱਥ ਖੋਜ ਕਮਿਸ਼ਨ।' ''(36)

ਸੂਕਾ, ਜੋ ਅੱਜ ਕੱਲ੍ਹ ਮਨੁੱਖੀ ਹੱਕਾਂ ਬਾਰੇ ਦੱਖਣੀ ਅਫ਼ਰੀਕੀ ਫਾਊਂਡੇਸ਼ਨ ਦੀ ਮੁਖੀ ਹੈ, ਦੱਸਦੀ ਹੈ ਕਿ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਹਾਲਾਂਕਿ ਉਨ੍ਹਾਂ ਮਾਮਲਿਆਂ ਦੀ ਸੁਣਵਾਈ ਤਾਂ ਕੀਤੀ ਗਈ ਜਿਨ੍ਹਾਂ ਨੂੰ ਉਹ ''ਨਸਲਵਾਦ ਦੇ ਜ਼ਾਹਰਾ ਇਜ਼ਹਾਰ'' ਕਹਿੰਦੀ ਹੈ ''ਜਿਵੇਂ ਤਸੀਹੇ, ਨਿਹਾਇਤ ਬਦਸਲੂਕੀ ਅਤੇ ਲਾਪਤਾ ਕਰ ਦੇਣ ਦੇ ਮਾਮਲੇ''; ਪਰ ਇਨ੍ਹਾਂ ਬੁਰਾਈਆਂ ਦੀ ਸੇਵਾ ਕਰਨ ਵਾਲੇ ਆਰਥਕ ਪ੍ਰਬੰਧ ਨੂੰ ''ਬਿਲਕੁਲ ਨਹੀਂ ਛੋਹਿਆ ਗਿਆ।'' ਇਹ ''ਮਨੁੱਖੀ ਹੱਕਾਂ'' ਦੀ ਬੇਸਮਝੀ ਬਾਰੇ ਉਸੇ ਤਰ੍ਹਾਂ ਦੀ ਫ਼ਿਕਰਮੰਦੀ ਦਾ ਇਜ਼ਹਾਰ ਸੀ ਜਿਸ ਤਰ੍ਹਾਂ ਦਾ ਤਿੰਨ ਦਹਾਕੇ ਪਹਿਲਾਂ ਔਰਲੈਂਡੋ ਲੇਤੇਲੀਅਰ ਨੇ ਕੀਤਾ ਸੀ। ਸੂਕਾ ਦਾ ਕਹਿਣਾ ਸੀ ਕਿ ਜੇ ਉਸ ਨੂੰ ਇਹੀ ਕੰਮ ਦੁਬਾਰਾ ਕਰਨ ਦਾ ਮੌਕਾ ਮਿਲੇ, ''ਮੈਂ ਇਸ ਨੂੰ ਬਿਲਕੁਲ ਵੱਖਰੇ ਰੂਪ 'ਚ ਕਰਾਂਗੀ। ਮੈਂ ਨਸਲੀ ਘ੍ਰਿਣਾ ਦੇ ਤੰਤਰ ਵੱਲ ਧਿਆਨ ਦੇਵਾਂਗੀ—ਮੈਂ ਜ਼ਮੀਨ ਦੇ ਸਵਾਲ ਵੱਲ ਧਿਆਨ ਦੇਵਾਂਗੀ; ਮੈਂ ਬਹੁ-ਕੌਮੀ ਕੰਪਨੀਆਂ ਦੀ ਭੂਮਿਕਾ ਬਾਰੇ ਲਾਜ਼ਮੀ ਤਵੱਜੋਂ ਦੇਵਾਂਗੀ, ਮੈਂ ਖਾਣ ਸਨਅਤ ਦੀ ਭੂਮਿਕਾ ਦੀ ਬਹੁਤ ਹੀ ਗੌਰ ਨਾਲ ਘੋਖ ਕਰਾਂਗੀ ਕਿਉਂਕਿ ਮੈਂ ਸਮਝਦੀ ਹਾਂ ਕਿ ਦੱਖਣੀ ਅਫ਼ਰੀਕਾ ਦੀ ਅਸਲ ਮਰਜ ਇਹੀ ਹੈ ...... ਮੈਂ ਨਸਲੀ ਵਿਤਕਰੇ ਦੀਆਂ ਨੀਤੀਆਂ ਦੇ ਬੱਝਵੇਂ ਪ੍ਰਭਾਵਾਂ ਵੱਲ ਧਿਆਨ ਦੇਵਾਂਗੀ ਅਤੇ ਤਸੀਹਿਆਂ ਬਾਰੇ ਮੈਂ ਸਿਰਫ਼ ਇਕ ਹੀ ਸੁਣਵਾਈ ਕਰਾਂਗੀ ਕਿਉਂਕਿ ਜਦੋਂ ਤੁਸੀਂ ਸਿਰਫ਼ ਤਸੀਹਿਆਂ ਉੱਤੇ ਧਿਆਨ ਕੇਂਦਰਤ ਕਰਦੇ ਹੋ ਅਤੇ ਇਹ ਨਹੀਂ ਦੇਖਦੇ ਇਹ ਕਾਹਦੀ ਖ਼ਾਤਰ ਦਿੱਤੇ ਜਾਂਦੇ ਹਨ, ਓਦੋਂ ਤੁਸੀਂ ਅਸਲ ਇਤਿਹਾਸ 'ਚ ਖੋਟ ਰਲਾਉਣਾ ਸ਼ੁਰੂ ਕਰ ਦਿੰਦੇ ਹੋ।''

## ਉਲਟਾ ਹਰਜ਼ਾਨਾ

ਸੂਕਾ ਨੇ ਧਿਆਨ 'ਚ ਲਿਆਂਦਾ ਕਿ ਕਾਰਪੋਰੇਸ਼ਨਾਂ ਤੋਂ ਹਰਜ਼ਾਨੇ ਵਸੂਲਣ ਦੀ ਕਮਿਸ਼ਨ ਦੀ ਸਿਫਾਰਸ਼ ਨੂੰ ਏ ਐੱਨ ਸੀ ਵਲੋਂ ਰੱਦ ਕਰ ਦੇਣ ਦਾ ਤੱਥ ਵਿਸ਼ੇਸ਼ ਤੌਰ 'ਤੇ ਨਾਵਾਜਬ ਇਸ ਕਾਰਨ ਹੈ ਕਿਉਂਕਿ ਨਸਲਵਾਦੀ ਨਿਜ਼ਾਮ ਦਾ ਕਰਜ਼ਾ ਇਹ ਸਰਕਾਰ ਲਾਹ ਰਹੀ ਹੈ। ਸੱਤਾ 'ਚ ਆਉਣ ਤੋਂ ਬਾਅਦ ਦੇ ਪਹਿਲੇ ਸਾਲਾਂ 'ਚ ਨਵੀਂ ਸਰਕਾਰ ਨੇ ਸੇਵਾਵਾਂ ਦੇਣ 'ਤੇ 30 ਅਰਬ ਰੈਂਡ (ਲਗਭਗ 4.5 ਅਰਬ ਡਾਲਰ) ਸਾਲਾਨਾ ਖਰਚ ਕੀਤੇ। ਇਸ ਦੇ ਮੁਕਾਬਲੇ ਜੋ 8.5 ਕਰੋੜ ਡਾਲਰ ਦੀ ਕੁਲ ਅਦਾਇਗੀ ਨਸਲਵਾਦੀ ਦੌਰ ਦੇ ਕਤਲਾਂ ਅਤੇ ਤਸੀਹਿਆਂ ਦੇ ਉਨੀ ਹਜ਼ਾਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੀਤੀ ਗਈ ਉਹ ਬਹੁਤ ਨਿਗੂਣੀ ਹੈ। ਨੈਲਸਨ ਮੰਡੇਲਾ ਨੇ ਕਰਜ਼ੇ ਦੇ ਬੋਝ ਨੂੰ ਆਜ਼ਾਦੀ ਚਾਰਟਰ ਦੇ ਵਾਅਦੇ ਪੂਰੇ ਕਰਨ 'ਚ ਇਕੋ ਇਕ ਸਭ ਤੋਂ ਵੱਡੀ ਰੁਕਾਵਟ ਗਰਦਾਨਦੇ ਹੋਏ ਕਿਹਾ : ''ਇਸ ਦਾ ਭਾਵ ਹੈ ਸਾਡੀ ਬਣਾਈ ਯੋਜਨਾ ਮੁਤਾਬਿਕ ਸਾਡੇ ਕੋਲ 30 ਅਰਬ ਰੈਂਡ ਨਹੀਂ ਰਹੇ ਜਿਨ੍ਹਾਂ ਨਾਲ ਅਸੀਂ ਘਰ ਬਣਾ ਕੇ ਦਿੰਦੇ, ਇਹ ਯਕੀਨੀ ਬਣਾਉਂਦੇ ਕਿ ਸਾਡੇ ਬੱਚੇ ਵਧੀਆ ਸਕੂਲਾਂ 'ਚ ਪੜ੍ਹਨ, ਬੇਰੁਜ਼ਗਾਰੀ ਨੂੰ ਸਹੀ ਢੰਗ ਨਾਲ ਮੁਖਾਤਿਬ ਹੋਇਆ ਜਾਵੇ ਅਤੇ ਹਰ ਕੋਈ ਨੌਕਰੀ 'ਤੇ ਲੱਗਿਆ ਹੋਵੇ, ਹਰ ਕੋਈ ਐਨਾ ਕੁ ਕਮਾਉਂਦਾ ਹੋਵੇ ਕਿ ਆਪਣੇ ਮਹਿਬੂਬ ਨੂੰ ਰਿਹਾਇਸ਼ ਤੇ ਰੋਟੀ ਦੇ ਸਕੇ।....ਵਿਰਸੇ 'ਚ ਮਿਲੇ ਕਰਜ਼ੇ ਨੇ ਸਾਨੂੰ ਜੂੜ ਪਾਇਆ ਹੋਇਆ ਹੈ।'' (37)

ਹਾਲਾਂਕਿ ਮੰਡੇਲਾ ਨਸਲਵਾਦੀ ਨਿਜ਼ਾਮ ਦੇ ਕਰਜ਼ੇ ਚੁਕਾਉਣ ਨੂੰ ਕਲੰਕੀ ਬੋਝ ਮੰਨਦਾ ਹੈ ਫੇਰ ਵੀ ਪਾਰਟੀ ਕਰਜ਼ੇ ਨਾ ਮੋੜਨ ਦੇ ਸੁਝਾਵਾਂ ਦੇ ਪੂਰੀ ਤਰ੍ਹਾਂ ਖਿਲਾਫ਼ ਹੈ। ਇਸ ਨੂੰ ਡਰ ਹੈ ਕਿ ਇਨ੍ਹਾਂ ''ਘਿਣਾਉਣੇ'' ਕਰਜ਼ਿਆਂ ਬਾਰੇ ਕਾਨੂੰਨੀ ਪੱਖ ਮਜ਼ਬੂਤ ਹੋਣ ਦੇ ਬਾਵਜੂਦ ਕਰਜ਼ੇ ਨਾ ਮੋੜਨ ਨਾਲ ਪੂੰਜੀ ਨਿਵੇਸ਼ਕਾਰ ਦੱਖਣੀ ਅਫ਼ਰੀਕਾ ਨੂੰ ਖ਼ਤਰਨਾਕ ਗਰਮ ਖ਼ਿਆਲੀ ਸਮਝਣਗੇ। ਇਸ ਤਰ੍ਹਾਂ ਮੰਡੀ ਦੇ ਇਕ ਸਦਮੇ ਦੀ ਮੁਸੀਬਤ ਗਲ ਪੈ ਜਾਵੇਗੀ। ਲੰਮੇ ਸਮੇਂ ਤੋਂ ਏ ਐੱਨ ਸੀ ਦੇ ਮੈਂਬਰ ਅਤੇ ਰੌਬਿਨ ਟਾਪੂ ਦੀ ਜੇਲ੍ਹ 'ਚ ਰਹੇ ਡੈਨਿਸ ਬਰੂਟਸ ਦਾ ਇਸ ਡਰ ਨਾਲ ਸਿੱਧਾ ਵਾਹ ਪਿਆ। ਨਵੀਂ ਸਰਕਾਰ ਦੇ ਵਿਤੀ ਬੋਝ ਨੂੰ ਮਹਿਸੂਸ ਕਰਕੇ 1998 'ਚ ਉਸ ਅਤੇ ਦੱਖਣੀ ਅਫ਼ਰੀਕੀ ਕਾਰਕੁਨਾਂ ਦੀ ਇਕ ਟੋਲੀ ਨੇ ਤੈਅ ਕੀਤਾ ਕਿ ''ਕਰਜ਼ਾ ਜੁਬਲੀ'' ਲਹਿਰ ਚਲਾ ਕੇ ਉਹ ਚੱਲ ਰਹੇ ਸੰਘਰਸ਼ ਦੀ ਬਿਹਤਰੀਨ ਸਹਾਇਤਾ ਕਰ ਸਕਦੇ ਹਨ। ਬਰੂਟਸ ਜੋ ਹੁਣ ਸੱਤਰਾਂ ਦਾ ਹੋ ਗਿਆ ਹੈ ਨੇ ਮੈਨੂੰ ਦੱਸਿਆ, ''ਮੈਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਮੈਂ ਕਿੰਨਾ ਭੋਲਾ ਹਾਂ। ਮੈਨੂੰ ਆਸ ਸੀ ਕਿ ਸਰਕਾਰ ਸਾਨੂੰ ਸ਼ਾਬਾਸ਼ ਦੇਵੇਗੀ ਕਿ ਕਾਰਕੁਨਾਂ ਨੇ ਕਰਜ਼ੇ ਦਾ ਮੁੱਦਾ ਉਠਾਇਆ ਹੈ, ਕਿ ਸਰਕਾਰ ਵੀ ਕਰਜ਼ੇ ਦਾ ਮੁੱਦਾ ਉਠਾਉਣ ਲਈ ਮਜਬੂਰ ਹੋ ਜਾਵੇਗੀ।'' ਪਰ ਅਸੀਂ ਹੈਰਾਨ ਰਹਿ ਗਏ ''ਜਦੋਂ ਸਰਕਾਰ ਨੇ ਸਾਨੂੰ ਡਾਂਟ ਦਿੱਤਾ ਕਿ 'ਨਾ ਨਾ, ਸਾਨੂੰ ਤੁਹਾਡੀ ਹਮਾਇਤ ਨਹੀਂ ਚਾਹੀਦੀ।' ''

ਏ ਐੱਨ ਸੀ ਦੇ ਕਰਜ਼ਾ ਮੋੜਨ ਦੇ ਫ਼ੈਸਲੇ ਦੀ ਜਿਹੜੀ ਗੱਲ ਤੋਂ ਬਰੂਟਸ ਵਰਗੇ ਕਾਰਕੁਨਾਂ ਨੂੰ ਬਹੁਤ ਜ਼ਿਆਦਾ ਗੁੱਸਾ ਆਇਆ ਉਹ ਹੈ ਠੋਸ ਕੁਰਬਾਨੀ ਜੋ ਹਰੇਕ ਵਾਰ ਅਦਾਇਗੀ ਕਰਨ ਸਮੇਂ ਦਿੱਤੀ ਜਾਂਦੀ ਹੈ। ਮਿਸਾਲ ਵਜੋਂ, 1997 ਤੋਂ ਲੈ ਕੇ 2004 ਤੱਕ ਦੱਖਣੀ ਅਫ਼ਰੀਕੀ ਸਰਕਾਰ ਨੇ ਅਠਾਰਾਂ ਸਰਕਾਰੀ ਕੰਪਨੀਆਂ ਵੇਚ ਕੇ 4 ਅਰਬ ਡਾਲਰ ਦੀ ਰਕਮ ਜੁਟਾਈ, ਪਰ ਅੱਧਾ ਧਨ ਕਰਜ਼ਾ ਮੋੜਨ ਦੀ ਭੇਂਟ ਚੜ੍ਹ ਗਿਆ।38 ਦੂਜੇ ਲਫ਼ਜ਼ਾਂ 'ਚ, ਏ ਐੱਨ ਸੀ ਸਿਰਫ਼ '''ਖਾਣਾਂ, ਬੈਂਕਾਂ ਅਤੇ ਅਜਾਰੇਦਾਰ ਸਨਅਤਾਂ ਦੇ ਕੌਮੀਕਰਨ'' ਬਾਰੇ ਮੰਡੇਲਾ ਦੇ ਮੂਲ ਪ੍ਰਣ ਤੋਂ ਹੀ ਭਗੌੜੀ ਨਹੀਂ ਹੋਈ ਸਗੋਂ ਕਰਜ਼ੇ ਦੇ ਕਾਰਨ ਇਸ ਨੇ ਉਲਟਾ ਚੱਕਰ ਚਲਾ ਦਿੱਤਾ—ਜਾਬਰਾਂ ਦੇ ਕਰਜ਼ੇ ਮੋੜਨ ਲਈ ਇਹ ਕੌਮੀ ਜਾਇਦਾਦਾਂ ਵੇਚਣ ਦੇ ਰਾਹ ਪੈ ਗਈ।

ਇਸ ਤੋਂ ਅਗਲਾ ਸਵਾਲ ਇਹ ਹੈ ਕਿ ਪੈਸਾ ਅਸਲ ਵਿਚ ਲੱਗ ਕਿੱਥੇ ਰਿਹਾ ਹੈ। ਤਬਦੀਲੀ ਦੌਰ ਦੀਆਂ ਵਾਰਤਾਵਾਂ ਦੌਰਾਨ ਐੱਫ ਡਬਲਯੂ ਡੀ ਕਲਾਰਕ ਦੀ ਟੀਮ ਨੇ ਮੰਗ ਕੀਤੀ ਕਿ ਸੱਤਾ ਸਾਂਭਣ ਤੋਂ ਬਾਅਦ ਸਾਰੇ ਸਿਵਲ ਅਧਿਕਾਰੀਆਂ ਦੀਆਂ ਨੌਕਰੀਆਂ ਦੀ ਗਾਰੰਟੀ ਦਿੱਤੀ ਜਾਵੇ। ਉਨ੍ਹਾਂ ਨੇ ਦਲੀਲ ਦਿੱਤੀ ਕਿ ਜਿਹੜੇ ਨੌਕਰੀ ਛੱਡਣਾ ਚਾਹੁੰਦੇ ਹੋਣ, ਉਨ੍ਹਾਂ ਨੂੰ ਜ਼ਿੰਦਗੀ ਭਰ ਚੋਖੀਆਂ ਪੈਨਸ਼ਨਾਂ ਦਿੱਤੀਆਂ ਜਾਣ। ਸਮਾਜਿਕ ਸੁਰੱਖਿਆ ਢਾਂਚੇ ਦੀ ਅਣਹੋਂਦ ਵਾਲੇ ਦੇਸ਼ 'ਚ ਐਸੀ ਮੰਗ ਵਿਸ਼ੇਸ਼ ਸਹੂਲਤ ਸੀ, ਫੇਰ ਵੀ ਇਹ ਐਸੇ ਕਈ 'ਤਕਨੀਕੀ' ਮੁੱਦਿਆਂ 'ਚੋਂ ਇਕ ਸੀ ਜਿਨ੍ਹਾਂ ਉੱਤੇ ਏ ਐੱਨ ਸੀ ਨੇ ਛੋਟ ਦਿੱਤੀ।39 ਛੋਟ ਦੇਣ ਦਾ ਅਰਥ ਸੀ ਕਿ ਨਵੀਂ ਏ ਐੱਨ ਸੀ ਸਰਕਾਰ ਦੋ ਸਰਕਾਰਾਂ ਦਾ ਖਰਚਾ ਝੱਲ ਰਹੀ ਸੀ—ਇਕ ਆਪਣਾ ਅਤੇ ਦੂਜਾ ਸੱਤਾ 'ਚੋਂ ਬਾਹਰ ਹੋ ਗਈ ਗੋਰੀ ਸਰਕਾਰ ਦਾ। ਸਰਕਾਰ ਦੀਆਂ ਸਾਲਾਨਾ ਕਰਜ਼ ਅਦਾਇਗੀਆਂ ਦਾ ਚਾਲੀ ਫ਼ੀਸਦੀ ਦੇਸ਼ ਦੇ ਇਸ ਵਿਆਪਕ ਪੈਨਸ਼ਨ ਫੰਡ ਦੇ ਢਿੱਡ ਪੈ ਜਾਂਦਾ ਹੈ। ਇਸ ਦਾ ਫ਼ਾਇਦਾ ਲੈਣ ਵਾਲਿਆਂ ਦੀ ਭਾਰੀ ਬਹੁਗਿਣਤੀ ਸਾਬਕਾ ਨਸਲਵਾਦੀ ਅਮਲੇ ਦੀ ਹੈ। *****(40)

ਮੁੱਕਦੀ ਗੱਲ, ਦੱਖਣੀ ਅਫ਼ਰੀਕਾ ਨੂੰ ਉਲਟੇ ਲੈਣੇ ਦੇ ਦੇਣੇ ਪੈ ਗਏ। ਗੋਰੇ ਕਾਰੋਬਾਰੀਆਂ ਨੇ ਨਸਲਵਾਦੀ ਦੌਰ 'ਚ ਕਾਲੇ ਕਿਰਤੀਆਂ ਦੀ ਮਿਹਨਤ ਨਿਚੋੜ ਕੇ ਬੇਥਾਹ ਮੁਨਾਫ਼ੇ ਬਟੋਰ ਲਏ ਅਤੇ ਉਨ੍ਹਾਂ ਨੂੰ ਧੇਲਾ ਵੀ ਹਰਜ਼ਾਨਾ ਨਹੀਂ ਦੇਣਾ ਪਿਆ। ਜਦਕਿ ਨਸਲਵਾਦ ਤੋਂ ਪੀੜਤਾਂ ਨੂੰ ਇਨ੍ਹਾਂ ਸਾਬਕਾ ਜਰਵਾਣਿਆਂ ਨੂੰ ਵੱਡੀਆਂ ਵੱਡੀਆਂ ਅਦਾਇਗੀਆਂ ਕਰਨੀਆਂ ਪੈ ਰਹੀਆਂ ਹਨ। ਅਤੇ ਇਸ ਫਰਾਖ਼ਦਿਲੀ ਲਈ ਉਹ ਪੈਸਾ ਜੁਟਾਉਂਦੇ ਕਿਵੇਂ ਹਨ? ਨਿੱਜੀਕਰਨ ਰਾਹੀਂ ਰਾਜ ਦੀਆਂ ਜਾਇਦਾਦਾਂ ਦੀ ਬਲੀ ਦੇ ਕੇ—ਇਹ ਉਸੇ ਲੁੱਟਮਾਰ ਦਾ ਆਧੁਨਿਕ ਰੂਪ ਹੈ ਜਿਸ ਤੋਂ ਏ ਐੱਨ ਸੀ ਬਚਣਾ ਚਾਹੁੰਦੀ ਸੀ ਤਾਂ ਜੋ ਮੋਜ਼ਮਬੀਕ ਵਾਲਾ ਹਾਲ ਨਾ ਹੋਵੇ। ਮੋਜ਼ਮਬੀਕ 'ਚ ਸਿਵਲ ਅਧਿਕਾਰੀਆਂ ਨੇ ਮਸ਼ੀਨਰੀ ਤਬਾਹ ਕਰ ਦਿੱਤੀ, ਆਪਣੀਆਂ ਜੇਬਾਂ ਭਰ ਲਈਆਂ ਅਤੇ ਚਲਦੇ ਬਣੇ ਸਨ। ਇਸ ਦੇ ਉਲਟ ਦੱਖਣੀ ਅਫ਼ਰੀਕਾ 'ਚ ਰਾਜ ਪ੍ਰਬੰਧ ਨੂੰ ਤਹਿਸ਼-ਨਹਿਸ਼ ਕਰਨ ਅਤੇ ਇਸ ਦੇ ਮਾਲ ਖਜ਼ਾਨੇ ਲੁੱਟਣ ਦਾ ਸਿਲਸਿਲਾ ਅੱਜ ਤੱਕ ਚੱਲ ਰਿਹਾ ਹੈ।

ਜਦੋਂ ਮੈਂ ਦੱਖਣੀ ਅਫ਼ਰੀਕਾ ਪਹੁੰਚੀ ਤਾਂ ਆਜ਼ਾਦੀ ਚਾਰਟਰ ਦੀ ਪੰਜਾਹਵੀਂ ਵਰ੍ਹੇਗੰਢ ਦਾ ਸਮਾਂ ਨੇੜੇ ਆ ਰਿਹਾ ਸੀ। ਏ ਐੱਨ ਸੀ ਇਹ ਸਮਾਗਮ ਭਾਰੀ ਧੂਮ-ਧੜੱਕੇ ਨਾਲ ਕਰਨ ਦੀ ਤਿਆਰੀ 'ਚ ਸੀ। ਉਨ੍ਹਾਂ ਦੀ ਯੋਜਨਾ ਇਸ ਦਿਨ ਸੰਸਦ ਦਾ ਸੈਸ਼ਨ ਰਵਾਇਤੀ ਸਥਾਨ ਕੇਪ ਟਾਊਨ ਤੋਂ ਕਲਿਪ ਟਾਊਨ ਦੇ ਉਸ ਬਹੁਤ ਹੀ ਸਾਧਾਰਨ ਮਾਹੌਲ 'ਚ ਤਬਦੀਲ ਕਰਨ ਦਾ ਸੀ ਜਿੱਥੇ ਪਹਿਲੀ ਵਾਰ ਚਾਰਟਰ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਸ ਮੌਕੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਥਾਬੋ ਮਬੇਕੀ ਨੇ ਕਲਿਪ ਟਾਊਨ ਦਾ ਮੁੱਖ ਚੌਕ ਏ ਐੱਨ ਸੀ ਦੇ ਸਭ ਤੋਂ ਸਤਿਕਾਰੇ ਜਾਂਦੇ ਆਗੂ ਵਾਲਟਰ ਸਿਸਲੂ ਨੂੰ ਸਮਰਪਿਤ ਕਰਨਾ ਸੀ। ਮਬੇਕੀ ਨੇ ਨਵੇਂ ਆਜ਼ਾਦੀ ਚਾਰਟਰ ਸਮਾਰਕ ਦਾ ਉਦਘਾਟਨ ਵੀ ਕਰਨਾ ਸੀ। ਪੱਥਰਾਂ ਦੇ ਇਸ ਮੀਨਾਰ ਉੱਪਰ ਚਾਰਟਰ ਦੀ ਇਬਾਰਤ ਉੱਕਰੀ ਗਈ ਸੀ, ਅਤੇ ਉੱਪਰ ''ਆਜ਼ਾਦੀ ਦੀ ਲਾਟ'' ਜਗਮਗਾ ਰਹੀ ਸੀ। ਇਸ ਸਮਾਰਕ ਦੇ ਨੇੜੇ ਹੀ, ਇਕ ਹੋਰ ਸਮਾਰਕ ਬਣਾਇਆ ਜਾ ਰਿਹਾ ਸੀ ਜਿਸ ਨੂੰ ਆਜ਼ਾਦੀ ਮੀਨਾਰ ਦਾ ਨਾਂ ਦਿੱਤਾ ਗਿਆ ਸੀ। ਕਾਲੇ ਅਤੇ ਚਿੱਟੇ ਥੰਮਾਂ ਵਾਲਾ ਇਹ ਮੰਡਪ ਚਾਰਟਰ ਦੇ ਇਨ੍ਹਾਂ ਪ੍ਰਸਿੱਧ ਬੋਲਾਂ ਦਾ ਪ੍ਰਤੀਕ ਸੀ : ''ਦੱਖਣੀ ਅਫ਼ਰੀਕਾ ਇੱਥੇ ਵਸਦੇ ਕਾਲੇ ਅਤੇ ਗੋਰੇ ਸਾਰੇ ਲੋਕਾਂ ਦਾ ਹੈ।'' (41)

ਸਮਾਗਮ ਦਾ ਕੁਲ ਸੁਨੇਹਾ ਐਨ ਸਪਸ਼ਟ ਸੀ : ਪੰਜਾਹ ਸਾਲ ਪਹਿਲਾਂ, ਪਾਰਟੀ ਨੇ ਦੱਖਣੀ ਅਫ਼ਰੀਕਾ 'ਚ ਆਜ਼ਾਦੀ ਲਿਆਉਣ ਦਾ ਵਾਅਦਾ ਕੀਤਾ ਸੀ ਅਤੇ ਇਸ ਨੇ ਇਹ ਪੂਰਾ ਕਰ ਦਿਖਾਇਆ ਸੀ—ਇਹ ਏ ਐੱਨ ਸੀ ਦਾ ਆਪਣਾ ''ਮਿਸ਼ਨ ਪੂਰਾ ਹੋਣ ਦੀ'' ਘੜੀ ਸੀ।

ਇਸ ਦੇ ਬਾਵਜੂਦ ਸਮਾਗਮ ਦੀਆਂ ਕਈ ਚੀਜ਼ਾਂ ਅਜੀਬ ਸਨ। ਕਲਿਪ ਟਾਊਨ ਬੁਰੇ ਹਾਲ ਝੁੱਗੀਆਂ-ਝੌਂਪੜੀਆਂ ਵਾਲੀ ਗੁਰਬਤ ਮਾਰੀ ਬਸਤੀ ਹੈ, ਗਲੀਆਂ 'ਚ ਨਾਲੀਆਂ ਕੱਚੀਆਂ ਹਨ ਅਤੇ ਬੇਰੁਜ਼ਗਾਰੀ ਦੀ ਦਰ 72 ਫ਼ੀਸਦੀ ਹੈ, ਜੋ ਨਸਲਵਾਦੀ ਨਿਜ਼ਾਮ ਨਾਲੋਂ ਕਿਤੇ ਵਧੇਰੇ ਹੈ। ਇਹ ਮੰਜ਼ਰ ਅਜਿਹੀ ਸ਼ਾਨੋਸ਼ੌਕਤ ਵਾਲੇ ਜਸ਼ਨਾਂ ਲਈ ਢੁਕਵੇਂ ਪਿਛੋਕੜ ਨਾਲੋਂ ਆਜ਼ਾਦੀ ਚਾਰਟਰ ਦੀ ਵਾਅਦਾ ਖਿਲਾਫ਼ੀ ਦਾ ਪ੍ਰਤੀਕ ਵਧੇਰੇ ਹੈ। (42) ਜਿਵੇਂ ਸਾਹਮਣੇ ਆਇਆ ਇਸ ਵਰ੍ਹੇਗੰਢ ਸਮਾਗਮ ਦਾ ਮੰਚਨ ਅਤੇ ਕਲਾ ਨਿਰਦੇਸ਼ਨ ਏ ਐੱਨ ਸੀ ਨੇ ਨਹੀਂ ਸਗੋਂ ਬਲਿਊ ਆਈ ਕਿਊ ਨਾਂ ਦੀ ਨਿਰਾਲੀ ਸੰਸਥਾ ਨੇ ਕੀਤਾ ਸੀ। ਭਾਵੇਂ ਸਰਕਾਰੀ ਤੌਰ 'ਤੇ ਇਹ ਸੰਸਥਾ ਸੂਬਾਈ ਸਰਕਾਰ ਦੀ ਇਕ ਸ਼ਾਖਾ ਸੀ ਪਰ ਇਸ ਦੇ ਬਹੁਤ ਹੀ ਚਮਕ-ਦਮਕ ਵਾਲੇ ਅਤੇ ਗੂੜ੍ਹੇ ਨੀਲੇ ਕਿਤਾਬਚੇ ਅਨੁਸਾਰ ਬਲਿਊ ਆਈ ਕਿਊ ਬਹੁਤ ਹੀ ਧਿਆਨ ਨਾਲ ਸਿਰਜੇ ਮਾਹੌਲ 'ਚ ਕੰਮ ਕਰਦੀ ਹੈ ਜਿਸ ਕਰਕੇ ਇਸ ਦਾ ਪ੍ਰਭਾਵ ਸਰਕਾਰੀ ਮਹਿਕਮੇ ਨਾਲੋਂ ਨਿੱਜੀ ਖੇਤਰ ਦੀ ਕੰਪਨੀ ਦਾ ਵੱਧ ਪੈਂਦਾ ਹੈ। ਇਸ ਦਾ ਟੀਚਾ ਦੱਖਣੀ ਅਫ਼ਰੀਕਾ ਵਿਚ ਨਵੇਂ ਬਦੇਸ਼ੀ ਪੂੰਜੀ-ਨਿਵੇਸ਼ ਲਈ ਢੰਡੋਰਾ ਪਿੱਟਣਾ ਹੈ—ਜੋ ਏ ਐੱਨ ਸੀ ਦੇ ''ਆਰਥਕ ਵਾਧੇ ਜ਼ਰੀਏ ਮੁੜ-ਵੰਡ'' ਦੇ ਪ੍ਰੋਗਰਾਮ ਦਾ ਹਿੱਸਾ ਹੈ।

ਬਲਿਊ ਆਈ ਕਿਊ ਨੇ ਪੂੰਜੀ-ਨਿਵੇਸ਼ ਦੇ ਵਿਕਾਸ ਦੇ ਇਕ ਮੁੱਖ ਖੇਤਰ ਵਜੋਂ ਸੈਰ-ਸਪਾਟੇ ਦੀ ਸ਼ਨਾਖ਼ਤ ਕੀਤੀ ਸੀ। ਵਪਾਰਕ ਸੰਭਾਵਨਾਵਾਂ ਬਾਰੇ ਇਸ ਦੀ ਖੋਜ ਦਰਸਾਉਂਦੀ ਸੀ ਕਿ ਦੱਖਣੀ ਅਫ਼ਰੀਕਾ ਆਉਣ ਵਾਲੇ ਸੈਲਾਨੀਆਂ ਦੀ ਬਹੁਤੀ ਖਿੱਚ ਏ ਐੱਨ ਸੀ ਦਾ ਆਲਮੀ ਵੱਕਾਰ ਹੈ ਜੋ ਇਸ ਨੂੰ ਨਸਲੀ ਦਾਬੇ ਖਿਲਾਫ਼ ਜੇਤੂ ਜੱਦੋਜਹਿਦ ਦੀ ਬਦੌਲਤ ਹਾਸਲ ਹੋਇਆ ਸੀ। ਇਸ ਜ਼ਬਰਦਸਤ ਖਿੱਚ ਦੀ ਉਮੀਦ ਦੇ ਮੱਦੇਨਜ਼ਰ ਬਲਿਊ ਆਈ ਕਿਊ ਦਾ ਦ੍ਰਿੜ ਵਿਚਾਰ ਸੀ ਕਿ ਦੱਖਣੀ ਅਫ਼ਰੀਕਾ ਦੀ ਵਿਰੋਧੀ ਤਾਕਤ ਉੱਪਰ ਜਿੱਤ ਦੀ ਵਿਥਿਆ ਦਾ ਵਧੇਰੇ ਢੁੱਕਵਾਂ ਪ੍ਰਤੀਕ ਆਜ਼ਾਦੀ ਚਾਰਟਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਇਸ ਨੂੰ ਮੁੱਖ ਰੱਖ ਕੇ ਇਸ ਨੇ ਕਲਿਪ ਟਾਊਨ ਨੂੰ ਆਜ਼ਾਦੀ ਚਾਰਟਰ ਦੇ ਵਿਸ਼ੇ ਬਾਰੇ ਪਾਰਕ ਬਣਾਉਣ ਦਾ ਪ੍ਰਾਜੈਕਟ ਵਿੱਢ ਲਿਆ ਜੋ ''ਸਥਾਨਕ ਅਤੇ ਕੌਮਾਂਤਰੀ ਸੈਲਾਨੀਆਂ ਲਈ ਆਲਮੀ ਮਿਆਰ ਵਾਲਾ ਸੈਰਸਪਾਟਾ ਸਥਾਨ ਅਤੇ ਵਿਰਾਸਤ ਕੇਂਦਰ'' ਹੋਵੇਗਾ—ਜਿੱਥੇ ਅਜਾਇਬਘਰ ਦੇ ਨਾਲ, ਆਜ਼ਾਦੀ ਦੇ ਵਿਸ਼ੇ ਨਾਲ ਸਬੰਧਤ ਸ਼ਾਪਿੰਗ ਮਾਲ ਅਤੇ ਸ਼ੀਸ਼ੇ ਅਤੇ ਸਟੀਲ ਦੇ ਬਣੇ ਠੁੱਕਦਾਰ ਫਰੀਡਮ ਹੋਟਲ ਦੀ ਮੁਕੰਮਲ ਸਹੂਲਤ ਮੁਹੱਈਆ ਕਰਾਈ ਜਾਵੇਗੀ। ਜਿੱਥੇ ਹੁਣ ਝੁੱਗੀਆਂ-

ਝੌਂਪੜੀਆਂ ਹਨ ਇਸ ਨੂੰ ਜੋਹਨਸਬਰਗ ਦਾ ''ਮਨਭਾਉਂਦਾ ਅਤੇ ਖੁਸ਼ਹਾਲ'' ਉੱਪ-ਸ਼ਹਿਰੀ ਖੇਤਰ ਬਣਾ ਦਿੱਤਾ ਜਾਵੇਗਾ। ਇਹ ਵੱਖਰੀ ਗੱਲ ਹੈ ਕਿ ਇਸ ਦੇ ਮੌਜੂਦਾ ਬਾਸ਼ਿੰਦਿਆਂ ਦਾ ਘੱਟ ਇਤਿਹਾਸਕ ਮਹੱਤਵ ਵਾਲੀਆਂ ਬਸਤੀਆਂ ਦੀਆਂ ਝੁੱਗੀਆਂ 'ਚ ਮੁੜ ਵਸੇਬਾ ਕਰ ਦਿੱਤਾ ਜਾਵੇਗਾ। (43)

ਕਲਿਪ ਟਾਊਨ ਨੂੰ ਨਵੀਂ ਨੁਹਾਰ ਬਖਸ਼ਣ ਦੀਆਂ ਯੋਜਨਾਵਾਂ ਲੈ ਕੇ ਬਲਿਊ ਆਈ ਕਿਊ ਖੁੱਲ੍ਹੀ ਮੰਡੀ ਦੀ ਨੇਮਾਵਲੀ ਦੀ ਪਾਲਣਾ ਕਰ ਰਹੀ ਹੈ— ਸਰਮਾਏਦਾਰ ਕਾਰੋਬਾਰੀਆਂ ਨੂੰ ਇਸ ਆਸ ਨਾਲ ਪੂੰਜੀ-ਨਿਵੇਸ਼ ਕਰਨ ਦੇ ਲਾਭ ਦੇਣਾ ਕਿ ਇਸ ਨਾਲ ਸੜਕ ਕੰਢੇ ਰੁਜ਼ਗਾਰ ਪੈਦਾ ਹੋਵੇਗਾ। ਇਸ ਖ਼ਾਸ ਪ੍ਰਾਜੈਕਟ ਨੂੰ ਇਹ ਤੱਥ ਗ਼ੈਰ ਪ੍ਰਸੰਗਕ ਬਣਾ ਦਿੰਦਾ ਹੈ ਕਿ ਕਲਿਪ ਟਾਊਨ ਅੰਦਰ ਜਿਸ ਬੁਨਿਆਦ ਉੱਪਰ ਇਹ ਸਾਰਾ ਬੂੰਦ-ਬੂੰਦ ਲਾਭ ਦਾ ਢਮਢਮਾ ਖੜ੍ਹਾ ਕੀਤਾ ਗਿਆ ਹੈ ਉਹ ਹੈ ਪੰਜਾਹ ਸਾਲ ਪੁਰਾਣਾ ਕਾਗਜ਼ ਦਾ ਟੁਕੜਾ ਜਿਸ ਨੇ ਗਰੀਬੀ ਦੂਰ ਕਰਨ ਦੇ ਸਪਸ਼ਟ ਤੌਰ 'ਤੇ ਸਿੱਧੇ-ਸਪਾਟ ਰਾਹ ਦੀ ਗੱਲ ਕੀਤੀ ਸੀ। ਆਜ਼ਾਦੀ ਚਾਰਟਰ ਤਿਆਰ ਕਰਨ ਵਾਲਿਆਂ ਦੀ ਮੰਗ ਜ਼ਮੀਨ ਦੀ ਮੁੜ ਵੰਡ ਦੀ ਸੀ ਤਾਂ ਜੋ ਇਹ ਦਹਿ ਲੱਖਾਂ ਲੋਕਾਂ ਦੇ ਗੁਜ਼ਾਰੇ ਦਾ ਸਾਧਨ ਬਣੇ; ਖਾਣਾਂ ਨੂੰ ਸਰਕਾਰ ਦੇ ਕਬਜ਼ੇ 'ਚ ਲੈਣਾ ਤਾਂ ਜੋ ਇਨ੍ਹਾਂ ਦੀ ਖੱਟੀ ਨੂੰ ਘਰ ਉਸਾਰਨ ਅਤੇ ਸਹਾਇਕ ਢਾਂਚਾ ਉਸਾਰਨ ਅਤੇ ਇਸ ਅਮਲ ਜ਼ਰੀਏ ਰੁਜ਼ਗਾਰ ਪੈਦਾ ਕਰਨ ਲਈ ਵਰਤਿਆ ਜਾ ਸਕੇ। ਦੂਜੇ ਲਫ਼ਜ਼ਾਂ 'ਚ, ਵਿਚੋਲੇ ਨੂੰ ਬਾਹਰ ਕੱਢਿਆ ਜਾ ਸਕੇ। ਕਈਆਂ ਦੇ ਕੰਨਾਂ ਨੂੰ ਇਹ ਖ਼ਿਆਲ ਕਾਲਪਨਿਕ ਲੋਕ ਲੁਭਾਉਣਾ ਜ਼ਰੂਰ ਲੱਗ ਸਕਦਾ ਹੈ, ਪਰ ਸ਼ਿਕਾਗੋ ਸਕੂਲ ਦੇ ਕੱਟੜ ਆਰਥਕ ਸਿਧਾਂਤ ਦੇ ਐਨੇ ਤਜ਼ਰਬੇ ਅਸਫ਼ਲ ਹੋ ਜਾਣ ਤੋਂ ਬਾਅਦ ਅਸਲ ਸੁਪਨੇਸਾਜ਼ ਤਾਂ ਉਹ ਹਨ ਜਿਨ੍ਹਾਂ ਨੂੰ ਹਾਲੇ ਵੀ ਇਹ ਭਰੋਸਾ ਹੈ ਕਿ ਆਜ਼ਾਦੀ ਚਾਰਟਰ ਦੇ ਵਿਸ਼ੇ ਬਾਰੇ ਪਾਰਕ ਦੀ ਸਕੀਮ, ਜੋ ਸਿਰੇ ਦੇ ਲੋੜਵੰਦ ਲੋਕਾਂ ਨੂੰ ਸਾਧਨਾਂ ਤੋਂ ਹੋਰ ਵਾਂਝੇ ਕਰਕੇ ਇਨ੍ਹਾਂ ਨੂੰ ਕਾਰਪੋਰੇਸ਼ਨਾਂ ਦੇ ਹਵਾਲੇ ਕਰਦੀ ਹੈ, ਦੱਖਣੀ ਅਫ਼ਰੀਕਾ ਦੇ ਉਨ੍ਹਾਂ ਦੋ ਕਰੋੜ ਵੀਹ ਲੱਖ ਲੋਕਾਂ ਦੀ ਸਿਹਤ ਅਤੇ ਆਰਥਿਕਤਾ ਦੇ ਬਹੁਤ ਹੀ ਅਹਿਮ ਮਸਲਿਆਂ ਨੂੰ ਹੱਲ ਕਰ ਦੇਵੇਗੀ ਜੋ ਹਾਲੇ ਵੀ ਗਰੀਬੀ ਦਾ ਸ਼ਿਕਾਰ ਹਨ। (44)

ਜਦੋਂ ਇਕ ਦਹਾਕਾ ਪਹਿਲਾਂ ਦੱਖਣੀ ਅਫ਼ਰੀਕਾ ਨੇ ਥੈਚਰਵਾਦ ਵੱਲ ਫ਼ੈਸਲਾਕੁਨ ਮੋੜਾ ਕੱਟਿਆ ਸੀ, ਓਦੋਂ ਤੋਂ ਲੈ ਕੇ ਗਰੀਬ ਤੱਕ ਹੌਲੀ ਹੌਲੀ ਲਾਭ ਪੁੱਜਣ ਦੇ ਨਿਆਂ ਦੇ ਇਸ ਤਜ਼ਰਬੇ ਦੇ ਸਿੱਟੇ ਧੋਖਾਧੜੀ ਤੋਂ ਬਿਨਾ ਕੁਝ ਨਹੀਂ ਹਨ :

* ਏ ਐੱਨ ਸੀ ਦੇ ਸੱਤਾਧਾਰੀ ਹੋਣ ਦੇ ਸਾਲ 1994 ਤੋਂ ਲੈ ਕੇ ਇਕ ਡਾਲਰ ਤੋਂ ਘੱਟ ਨਾਲ ਗੁਜ਼ਾਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ, 20 ਲੱਖ ਤੋਂ 2006 'ਚ 40 ਲੱਖ। (45)

* 1991 ਅਤੇ 2002 ਦੇ ਦਰਮਿਆਨ ਦੱਖਣੀ ਅਫ਼ਰੀਕਾ ਦੇ ਕਾਲੇ ਲੋਕਾਂ ਦੀ ਬੇਰੁਜ਼ਗਾਰੀ ਦੀ ਦਰ ਦੁੱਗਣੀ ਤੋਂ ਵੱਧ ਹੋ ਗਈ, 23 ਫ਼ੀਸਦੀ ਤੋਂ 48 ਫ਼ੀਸਦੀ। (46)

* ਦੱਖਣੀ ਅਫ਼ਰੀਕਾ ਦੇ ਸਾਢੇ ਤਿੰਨ ਕਰੋੜ ਕਾਲੇ ਸ਼ਹਿਰੀਆਂ ਵਿਚੋਂ ਸਿਰਫ਼ ਪੰਜ ਹਜ਼ਾਰ ਹੀ 60,000 ਡਾਲਰ ਸਾਲਾਨਾ ਤੋਂ ਉੱਪਰ ਕਮਾਈ ਕਰਦੇ ਹਨ। ਇਸ ਗਰੁੱਪ ਵਾਲੇ ਗੋਰੇ ਲੋਕਾਂ ਦੀ ਗਿਣਤੀ ਵੀਹ ਗੁਣਾ ਤੋਂ ਵੀ ਵੱਧ ਹੈ, ਅਤੇ ਅਨੇਕਾਂ ਲੋਕਾਂ ਦੀ ਆਮਦਨ ਇਸ ਰਕਮ ਤੋਂ ਕਿਤੇ ਵੱਧ ਹੈ। (47)

* ਏ ਐੱਨ ਸੀ ਸਰਕਾਰ ਨੇ ਇਕ ਕਰੋੜ 80 ਲੱਖ ਘਰ ਬਣਾਏ ਹਨ, ਪਰ ਇਸੇ ਸਮੇਂ ਦੌਰਾਨ 20 ਲੱਖ ਲੋਕ ਘਰਾਂ ਤੋਂ ਵਾਂਝੇ ਹੋ ਗਏ ਹਨ। (48)

* ਜਮਹੂਰੀਅਤ ਦੇ ਪਹਿਲੇ ਦਹਾਕੇ 'ਚ 10 ਲੱਖ ਦੇ ਕਰੀਬ ਲੋਕ ਖੇਤਾਂ ਤੋਂ ਬੇਦਖ਼ਲ ਕਰ ਦਿੱਤੇ ਗਏ। (49)

* ਐਨੇ ਵੱਡੇ ਪੱਧਰ 'ਤੇ ਬੇਦਖ਼ਲੀਆਂ ਦਾ ਭਾਵ ਹੈ ਕਿ ਝੁੱਗੀਆਂ 'ਚ ਰਹਿਣ ਵਾਲਿਆਂ ਦੀ ਗਿਣਤੀ 50 ਫ਼ੀਸਦੀ ਵਧ ਗਈ ਹੈ। 2006 'ਚ, ਚਾਰ ਦੱਖਣੀ ਅਫ਼ਰੀਕੀਆਂ ਵਿਚੋਂ ਇਕ ਤੋਂ ਜ਼ਿਆਦਾ ਗਿਣਤੀ ਉਨ੍ਹਾਂ ਝੁੱਗੀਆਂ 'ਚ ਰਹਿੰਦੀ ਸੀ ਜੋ ਕਿਸੇ ਗਿਣਤੀ 'ਚ ਹੀ ਨਹੀਂ ਆਉਂਦੀਆਂ। ਜਿੱਥੇ ਪਾਣੀ ਅਤੇ ਬਿਜਲੀ ਦੀ ਕੋਈ ਸਹੂਲਤ ਨਹੀਂ ਸੀ। (50)

ਆਜ਼ਾਦੀ ਦੇ ਵਾਅਦਿਆਂ ਨਾਲ ਬੇਵਫ਼ਾਈ ਕਰਨ ਦਾ ਬਿਹਤਰੀਨ ਪੈਮਾਨਾ ਉਹ ਢੰਗ ਹੈ ਜਿਸ ਰਾਹੀਂ ਦੱਖਣੀ ਅਫ਼ਰੀਕੀ ਸਮਾਜ ਦੇ ਵੱਖੋ-ਵੱਖਰੇ ਹਿੱਸੇ ਹੁਣ ਆਜ਼ਾਦੀ ਚਾਰਟਰ ਨੂੰ ਲੈਂਦੇ ਹਨ। ਬਹੁਤਾ ਸਮਾਂ ਨਹੀਂ ਹੋਇਆ ਜਦੋਂ ਇਹ ਦਸਤਾਵੇਜ਼ ਦੇਸ਼ ਦੇ ਗੋਰੇ ਕੁਲੀਨ ਵਰਗ ਲਈ ਸਿਰੇ ਦਾ ਖ਼ਤਰਾ ਸੀ; ਅੱਜ ਇਹ ਵਪਾਰਕ ਭਵਨਾਂ ਅਤੇ ਮਹਿਫ਼ੂਜ਼ ਰਿਹਾਇਸ਼ੀ ਥਾਵਾਂ 'ਤੇ ਰਹਿੰਦੇ ਵਰਗਾਂ ਨੂੰ ਨੇਕ-ਨੀਅਤ ਬਿਆਨ ਵਜੋਂ ਕਬੂਲ ਹੈ। ਕਾਰਪੋਰੇਟਾਂ ਦੀ ਅਲੰਕਾਰਮਈ ਰਹਿਤ-ਮਰਯਾਦਾ ਦੀ ਹੈਸੀਅਤ ਰੱਖਦਾ ਦਸਤਾਵੇਜ਼ ਇਕੋ ਸਮੇਂ ਖ਼ੁਸ਼ਾਮਦੀ ਅਤੇ ਖ਼ਤਰਾ ਰਹਿਤ ਹੈ। ਪਰ ਕਲਿਪ ਟਾਊਨ ਦੀ ਜਿਸ ਬਸਤੀ ਦੇ ਖੁੱਲ੍ਹੇ ਮੈਦਾਨ ਵਿਚ ਇਕ ਸਮੇਂ ਇਹ ਹਲਚਲ ਮਚਾਊ ਦਸਤਾਵੇਜ਼ ਪਾਸ ਕੀਤਾ ਗਿਆ ਸੀ, ਉਨ੍ਹਾਂ ਲੋਕਾਂ ਲਈ ਇਸ ਦੇ ਵਾਅਦੇ ਐਨੇ ਦੁਖਦਾਈ ਹਨ ਕਿ ਕਿਆਸ ਕਰਨਾ ਹੀ ਮੁਸ਼ਕਲ ਹੈ। ਬਹੁਤ ਸਾਰੇ ਦੱਖਣੀ ਅਫ਼ਰੀਕਨਾਂ ਨੇ ਸਰਕਾਰੀ ਸਰਪ੍ਰਸਤੀ ਵਾਲੇ ਇਸ ਵਰ੍ਹੇਗੰਢ ਸਮਾਗਮ ਦਾ ਮੁਕੰਮਲ ਬਾਈਕਾਟ ਕੀਤਾ। ਡਰਬਨ ਦੇ ਝੁੱਗੀ ਵਾਸੀਆਂ ਦੀ ਉੱਠ ਰਹੀ ਲਹਿਰ ਦੇ ਆਗੂ ਸਬੂ ਜ਼ਿਕੋਦੇ ਨੇ ਮੈਨੂੰ ਦੱਸਿਆ, ''ਆਜ਼ਾਦੀ ਚਾਰਟਰ ਬਹੁਤ ਵਧੀਆ ਹੈ। ਅਸਲ ਵਿਚ ਮੈਂ ਸਮਝਦਾ ਹਾਂ ਸਾਡੇ ਨਾਲ ਗ਼ੱਦਾਰੀ ਕੀਤੀ ਗਈ ਹੈ।''

ਮੁੱਕਦੀ ਗੱਲ, ਆਜ਼ਾਦੀ ਦੇ ਚਾਰਟਰ 'ਚ ਦਰਜ ਦੌਲਤ ਦੀ ਮੁੜ ਵੰਡ ਦੇ ਵਾਅਦਿਆਂ ਨੂੰ ਤਿਲਾਂਜਲੀ ਦੇਣ ਦੀ ਸਭ ਤੋਂ ਲੁਭਾਉਣੀ ਦਲੀਲ ਸਭ ਤੋਂ ਵੱਧ ਕਾਲਪਨਿਕ ਸੀ : ਹਰ ਕੋਈ ਇੰਞ ਹੀ ਕਰ ਰਿਹਾ ਹੈ। ਵਿਸ਼ਨੂ ਪਦਾਏਚੀ ਨੇ ਨਿਚੋੜ ਕੱਢਿਆ ਸੀ ਕਿ ਏ ਐੱਨ ਸੀ ਲੀਡਰਸ਼ਿਪ ਸ਼ੁਰੂ ਤੋਂ ਹੀ ''ਪੱਛਮੀ ਸਰਕਾਰਾਂ, ਆਈ ਐੱਮ ਐੱਫ ਅਤੇ ਸੰਸਾਰ ਬੈਂਕ ਦੀ ਮੰਨ ਰਹੀ ਸੀ। ਇਹ ਕਹਿੰਦੇ ਸਨ, 'ਜ਼ਮਾਨਾ ਬਦਲ ਗਿਆ ਹੈ; ਹੁਣ ਖੱਬੀ ਸੁਆਹ-ਖੇਹ ਦੀ ਕੋਈ ਤੁਕ ਨਹੀਂ ਹੈ; ਦੁਨੀਆਂ ਵਿਚ ਇਹੀ ਇਕੋ ਇਕ ਯੋਜਨਾ ਚੱਲ ਰਹੀ ਹੈ।' '' ਜਿਵੇਂ ਗੁਮੇਦ ਲਿਖਦਾ ਹੈ, ''ਇਸ ਤਰ੍ਹਾਂ ਦੇ ਹਮਲੇ ਲਈ ਏ ਐੱਨ ਸੀ ਉੱਕਾ ਹੀ ਤਿਆਰ ਨਹੀਂ ਸੀ। ਅਹਿਮ ਅਰਥਸ਼ਾਸਤਰੀ ਆਗੂਆਂ ਦਾ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਵਰਗੀਆਂ ਕੌਮਾਂਤਰੀ ਸੰਸਥਾਵਾਂ ਦੇ ਸਦਰ ਮੁਕਾਮਾਂ 'ਚ ਅਕਸਰ ਹੀ ਆਉਣ ਜਾਣ ਸੀ। ਅਤੇ 1992-93 ਦੇ ਸਮੇਂ ਦੌਰਾਨ ਏ ਐੱਨ ਸੀ ਦੇ ਕਾਫ਼ੀ ਅਮਲੇ ਨੇ ਬਦੇਸ਼ੀ ਬਿਜ਼ਨੈੱਸ ਸਕੂਲਾਂ, ਪੂੰਜੀ-ਨਿਵੇਸ਼ ਬੈਂਕਾਂ ਅਤੇ ਆਰਥਕ ਨੀਤੀ ਮਾਹਰਾਂ ਅਤੇ ਸੰਸਾਰ ਬੈਂਕ ਵਲੋਂ ਸਿਖਲਾਈ ਲਈ ਆਯੋਜਤ ਕੀਤੇ ਸੰਖੇਪ ਪ੍ਰੋਗਰਾਮਾਂ 'ਚ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿਚੋਂ ਕੁਝ ਦੀ ਅਰਥਸ਼ਾਸਤਰ ਦੇ ਨਜ਼ਰੀਏ ਤੋਂ ਕੋਈ ਯੋਗਤਾ ਹੀ ਨਹੀਂ ਬਣਦੀ ਸੀ। ਉੱਥੇ ਉਨ੍ਹਾਂ ਦੇ ਦਿਮਾਗਾਂ 'ਚ 'ਨਵ-ਉਦਾਰਵਾਦੀ ਵਿਚਾਰ' ਭਰੇ ਗਏ। ਇਹ ਦਿਮਾਗ ਚਕਰਾ ਦੇਣ ਵਾਲਾ ਅਨੁਭਵ ਸੀ। ਇਸ ਤੋਂ ਪਹਿਲਾਂ ਕੌਮਾਂਤਰੀ ਭਾਈਚਾਰੇ ਨੇ ਕਦੇ ਵੀ ਕਿਸੇ ਬਣਨ ਜਾ ਰਹੀ ਸਰਕਾਰ ਨੂੰ ਇੰਞ ਨਹੀਂ ਵਰਗਲਾਇਆ।''(51)

ਜਦੋਂ 1992 'ਚ ਡੈਵੋਸ ਵਿਖੇ ਸੰਸਾਰ ਆਰਥਕ ਮੰਚ ਸੰਮੇਲਨ ਸਮੇਂ ਮੰਡੇਲਾ ਦੀ ਮੁਲਾਕਾਤ ਯੂਰਪੀ ਆਗੂਆਂ ਨਾਲ ਹੋਈ ਤਾਂ ਉੱਥੇ ਵੀ ਇਸ ਤਰ੍ਹਾਂ ਦੀ ਜ਼ੋਰਦਾਰ ਕੁਲੀਨ ਨਸੀਹਤ ਦਿੱਤੀ ਗਈ। ਜਦੋਂ ਉਸ ਨੇ ਦਲੀਲ ਦਿੱਤੀ ਕਿ ਦੱਖਣੀ ਅਫ਼ਰੀਕਾ 'ਚ ਉਸ ਤੋਂ ਵੱਧ ਤਿੱਖਾ ਅਮਲ ਕਰਨ ਦਾ ਕੋਈ ਇਰਾਦਾ ਨਹੀਂ ਜੋ ਪੱਛਮੀ ਯੂਰਪ ਨੇ ਦੂਜੀ ਸੰਸਾਰ ਜੰਗ ਤੋਂ ਬਾਅਦ ਮਾਰਸ਼ਲ ਯੋਜਨਾ ਤਹਿਤ ਕੀਤਾ ਸੀ ਤਾਂ ਡੱਚ ਵਿੱਤ ਮੰਤਰੀ ਨੇ ਇਸ ਤਸ਼ਬੀਹ ਨੂੰ ਤੁਰੰਤ ਰੱਦ ਕਰ ਦਿੱਤਾ,

''ਇਹ ਸਾਡੀ ਓਦੋਂ ਦੀ ਸਮਝ ਸੀ। ਸੰਸਾਰ ਦੇ ਅਰਥਚਾਰੇ ਅੰਤਰ-ਨਿਰਭਰ ਹਨ। ਵਿਸ਼ਵੀਕਰਨ ਦਾ ਅਮਲ ਮਜ਼ਬੂਤ ਹੋ ਰਿਹਾ ਹੈ। ਕੋਈ ਵੀ ਆਰਥਿਕਤਾ ਹੁਣ ਦੂਜੇ ਦੇਸ਼ਾਂ ਤੋਂ ਟੁੱਟ ਕੇ ਵਿਕਾਸ ਨਹੀਂ ਕਰ ਸਕਦੀ।''(52)

ਜਦੋਂ ਮੰਡੇਲਾ ਵਰਗੇ ਆਗੂ ਵਿਸ਼ਵੀਕਰਨ ਦੀ ਪਟੜੀ ਜਾ ਚੜ੍ਹੇ, ਉਨ੍ਹਾਂ ਦੇ ਦਿਮਾਗਾਂ 'ਚ ਇਹ ਕੁੱਟ-ਕੁੱਟ ਕੇ ਭਰ ਦਿੱਤਾ ਗਿਆ ਕਿ ਸਭ ਤੋਂ ਵੱਧ ਖੱਬੇਪੱਖੀ ਸਰਕਾਰਾਂ ਵੀ ਵਾਸ਼ਿੰਗਟਨ ਵਾਲੀ ਆਮ ਸਹਿਮਤੀ ਨੂੰ ਅਪਣਾ ਰਹੀਆਂ ਹਨ : ਵੀਅਤਨਾਮ ਅਤੇ ਚੀਨ ਦੇ ਕਮਿਊਨਿਸਟ ਇਹੀ ਕਰ ਰਹੇ ਹਨ, ਅਤੇ ਪੋਲੈਂਡ ਦੇ ਟਰੇਡ ਯੂਨੀਅਨਵਾਦੀ ਅਤੇ ਆਖ਼ਿਰ ਪਿਨੋਚੇਟ ਦੀ ਜਕੜ 'ਚੋਂ ਮੁਕਤ ਹੋਏ ਸੋਸ਼ਲ ਡੈਮੋਕਰੇਟ ਵੀ ਇਵੇਂ ਹੀ ਕਰ ਰਹੇ ਹਨ। ਇੱਥੋਂ ਤੱਕ ਕਿ ਰੂਸੀਆਂ ਨੂੰ ਵੀ ਨਵ-ਉਦਾਰਵਾਦੀ ਚਾਨਣ ਹੋ ਗਿਆ ਹੈ—ਜਿਸ ਵਕਤ ਏ ਐੱਨ ਸੀ ਸਿਰੇ ਦੀਆਂ ਮੁਸ਼ਕਲ ਵਾਰਤਾਵਾਂ 'ਚ ਰੁੱਝੀ ਹੋਈ ਸੀ, ਮਾਸਕੋ ਵਲੋਂ ਕਾਰਪੋਰੇਟਵਾਦੀ ਜਨੂੰਨ ਤਹਿਤ ਆਪਣੀਆਂ ਸਰਕਾਰੀ ਜਾਇਦਾਦਾਂ ਉਨ੍ਹਾਂ ਨੂੰ ਧੜਾਧੜ ਵੇਚੀਆਂ ਜਾ ਰਹੀਆਂ ਸਨ ਜੋ ਪਾਰਟੀ ਅਧਿਕਾਰੀਆਂ ਤੋਂ ਕਾਰੋਬਾਰੀ ਬਣ ਗਏ ਸਨ। ਜੇ ਮਾਸਕੋ ਨੇ ਹਾਰ ਮੰਨ ਲਈ ਸੀ ਤਾਂ ਦੱਖਣੀ ਅਫ਼ਰੀਕਾ ਦੇ ਫਟੇਹਾਲ ਆਜ਼ਾਦੀ ਘੁਲਾਟੀਏ ਅਜਿਹੀ ਜ਼ਬਰਦਸਤ ਵਿਸ਼ਵੀ ਕਾਂਗ ਦਾ ਕਿੰਨਾ ਕੁ ਸਮਾਂ ਵਿਰੋਧ ਕਰ ਲੈਣਗੇ?

ਘੱਟੋ-ਘੱਟ ਇਹ ਸੀ ਉਨ੍ਹਾਂ ਵਕੀਲਾਂ, ਅਰਥਸ਼ਾਸਤਰੀਆਂ ਅਤੇ ਸਮਾਜਿਕ ਕਾਰਕੁਨਾਂ ਵਲੋਂ ਦਿੱਤਾ ਜਾ ਰਿਹਾ ਹੋਕਾ ਜੋ ਤੇਜ਼ੀ ਨਾਲ ਫੈਲ ਰਹੀ ''ਤਬਦੀਲੀ'' ਦੀ ਸਨਅਤ ਉਸਾਰਨ 'ਚ ਜੁਟੇ ਹੋਏ ਸਨ। ਇਹ ਮਾਹਰਾਂ ਦੀ ਐਸੀ ਟੋਲੀ ਹੈ ਜੋ ਜੰਗ ਨਾਲ ਤਬਾਹ ਹੋਏ ਪੇਂਡੂ ਖੇਤਰ ਤੋਂ ਲੈ ਕੇ ਸੰਕਟ ਦੇ ਝੰਬੇ ਸ਼ਹਿਰਾਂ ਤੱਕ ਹਰਲ-ਹਰਲ ਕਰਦੀ ਫਿਰਦੀ ਹੈ ਅਤੇ ਨਵੇਂ ਪ੍ਰਭਾਵਸ਼ਾਲੀ ਬਣੇ ਸਿਆਸਤਦਾਨਾਂ ਨੂੰ ਬਿਓਨੋਜ਼ ਏਅਰਜ਼ ਦੇ ਤਾਜ਼ਾ ਬਿਹਤਰੀਨ ਅਮਲ, ਵਾਰਸਾ ਦੀ ਬਹੁਤ ਜ਼ਿਆਦਾ ਪ੍ਰੇਰਨਾਦਾਇਕ ਕਾਮਯਾਬੀ ਅਤੇ ਏਸ਼ੀਅਨ ਸ਼ੇਰਾਂ ਦੀ ਸਿਰੇ ਦੀ ਭਿਆਨਕ ਦਹਾੜ ਦੀਆਂ ਕਹਾਣੀਆਂ ਸੁਣਾ ਰਹੀ ਹੈ। ਇਹ ''ਤਬਦੀਲੀ ਵਿਗਿਆਨੀ'' (ਜਿਵੇਂ ਨਿਊ ਯਾਰਕ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰੀ ਸਟੀਫਨ ਕੋਹੇਨ ਨੇ ਇਨ੍ਹਾਂ ਨੂੰ ਨਾਂ ਦਿੱਤਾ ਹੈ) ਉਨ੍ਹਾਂ ਸਿਆਸਤਦਾਨਾਂ ਨਾਲੋਂ ਲਾਹੇਵੰਦੀ ਹਾਲਤ 'ਚ ਹਨ ਕਿਉਂਕਿ ਇਹ ਬਹੁਤ ਜ਼ਿਆਦਾ ਗਤੀਸ਼ੀਲ ਜਮਾਤ ਹੈ ਜਦਕਿ ਮੁਕਤੀ ਲਹਿਰਾਂ ਦੇ ਆਗੂ ਜਮਾਂਦਰੂ ਤੌਰ 'ਤੇ ਸਿਮਟੀ ਸੋਚ ਵਾਲੇ ਹੁੰਦੇ ਹਨ। (53) ਤਿੱਖੀ ਕੌਮੀ ਤਬਦੀਲੀ ਲਿਆਉਣ ਲਈ ਜੱਦੋਜਹਿਦਾਂ ਦੇ ਆਗੂਆਂ ਦਾ ਧਿਆਨ ਆਪਣੀ ਫ਼ਿਤਰਤ ਪੱਖੋਂ, ਆਪਣੀਆਂ ਕਹਾਣੀਆਂ ਅਤੇ ਸੱਤਾ ਸੰਘਰਸ਼ਾਂ ਉੱਪਰ ਐਨਾ ਜ਼ਿਆਦਾ ਕੇਂਦਰਤ ਅਤੇ ਸਿਮਟਿਆ ਹੋਇਆ ਹੁੰਦਾ ਹੈ ਕਿ ਅਕਸਰ ਹੀ ਉਹ ਆਪਣੇ ਦਾਇਰੇ ਤੋਂ ਬਾਹਰਲੀ ਦੁਨੀਆਂ ਨੂੰ ਗਹੁ ਨਾਲ ਵਾਚਣ ਦੀ ਹਾਲਤ 'ਚ ਨਹੀਂ ਹੁੰਦੀ। ਇਹੀ ਤਾਂ ਬਦਕਿਸਮਤੀ ਹੈ, ਕਿਉਂਕਿ ਜੇ ਏ ਐੱਨ ਸੀ ਲੀਡਰਸ਼ਿਪ ਇਸ ਤਬਦੀਲੀ ਵਿਗਿਆਨ ਦੇ ਖੋਲ ਅੰਦਰ ਧਸਕੇ ਖ਼ੁਦ ਇਹ ਜਾਣ ਲੈਂਦੀ ਕਿ ਮਾਸਕੋ, ਵਾਰਸਾ, ਬਿਊਨੋਜ਼ ਏਅਰਜ਼ ਅਤੇ ਸਿਓਲ ਵਿਚ ਅਸਲ ਵਿਚ ਕੀ ਵਾਪਰ ਰਿਹਾ ਹੈ ਤਾਂ ਇਸ ਨੂੰ ਬਹੁਤ ਹੀ ਅਲੱਗ ਤਰ੍ਹਾਂ ਦੀ ਤਸਵੀਰ ਨਜ਼ਰੀ ਪੈਣੀ ਸੀ।

———

''ਸਦਮਾ ਸਿਧਾਂਤ: ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ'' ਏਨੀ ਮਹੱਤਵਪੂਰਨ ਕਿਤਾਬ ਹੈ ਕਿ ਇਹ ਅੰਗਰੇਜ਼ੀ ਵਿੱਚ ਛਪਣ ਤੋਂ ਬਾਅਦ 20 ਵੱਧ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀ ਹੈ। ਪੰਜਾਬੀ ਵਿੱਚ ਇਸ ਦੀ ਮੁਕੰਮਲ ਕਾਪੀ ਡਾਊਨਲੋਡ ਕਰਨ ਲਈ ਵਤਨ ਦੇ ਸਾਈਟ http://www.watanpunjabi.ca/vishesh/books.php 'ਤੇ ਜਾਉ।

''ਸਦਮਾ ਸਿਧਾਂਤ: ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ'' ਦੇ ਅਧਾਰ ਉੱਤੇ ਸੰਨ 2009 ਇਕ ਡਾਕੂਮੈਂਟਰੀ ਫਿਲਮ ਬਣਾਈ ਗਈ ਸੀ। ਇਹ ਫਿਲਮ ਆਨਲਾਈਨ ਦੇਖੀ ਜਾ ਸਕਦੀ ਹੈ। ਇਹ ਫਿਲਮ ਦੇਖਣ ਲਈ ਹੇਠ ਲਿਖੇ ਪਤੇ 'ਤੇ ਜਾਉ:

http://www.youtube.com/watch?v=7iW1SHPgUAQ

## ਫੁੱਟ ਨੋਟ:

1. "South Africa; Tutu Says Poverty, Aids Could Destabilise Nation," Allafrica.com, November 2001.
2. Martin J. Murray, *The Revolution Deferred* (London: Verso, 1994), 12.
3. "ANC Leader Affirms Support for State Control of Industry," *Times* (London), January 26, 1990.
4. Ismail Vadi, *The Congress of the People and Freedom Charter Campaign*, foreword by Walter Sisulu (New Delhi: Sterling Publishers, 1995), www.sahistory.org.za.
5. Nelson Mandela, *A Long Walk to Freedom: The Autobiography of Nelson Mandela* (New York: Little, Brown and Company, 1994), 150.
6. "The Freedom Charter," adopted at the Congress of the People, Kliptown, on June 26, 1955, www.anc.org.za.
7. William Mervin Gumede, *Thabo Mbeki and the Battle for the Soul of the ANC* (Cape Town: Zebra Press, 2005), 219-20.
8. Mandela, *A Long Walk to Freedom*, 490-91.
9. Simple majority rule was actually delayed until 1999. Until then, executive power was shared among all the political parties that won more 5 percent of the popular vote. Unpublished interview with Nelson Mandela by the filmmaker Ben Cashdan, 2001; Hein Marais, *South Africa: Limits to Change: The Political Economy of Transition* (Cape Town: University of Cape Town Press, 2001), 91-92.

* ਮਿਲਟਨ ਫਰੀਡਮੈਨ ਅਕਸਰ ਹੀ ਮਜ਼ਾਕ ਕਰਦਾ ਹੁੰਦਾ ਸੀ ਕਿ ਜੇ ਉਸ ਦੀ ਜੁਗਤ ਮੰਨ ਲਈ ਗਈ ਤਾਂ ਕੇਂਦਰੀ ਬੈਂਕਾਂ ਐਨੇ ਖ਼ਾਲਸ ''ਅਰਥਵਿਗਿਆਨ''

ਦੇ ਅਧਾਰ 'ਤੇ ਕੰਮ ਕਰਨ ਲੱਗ ਜਾਣਗੀਆਂ ਕਿ ਇਨ੍ਹਾਂ ਨੂੰ ਵੱਡੇ ਵੱਡੇ ਕੰਪਿਊਟਰ ਚਲਾਇਆ ਕਰਨਗੇ—ਮਨੁੱਖਾਂ ਦੀ ਲੋੜ ਹੀ ਨਹੀਂ ਰਹਿਣੀ।

10. FOOTNOTE: Milton Friedman, "Milton Friedman–Banquet Speech," given at the Nobel Banquet, December 10, 1976, www.nobelprize.org.

11. Bill Keller, "Can Both Wealth and Justice Flourish in a New South Africa?" *New York Times*, May 9, 1994.

12. Mark Horton, "Role of Fiscal Policy in Stabilization and Poverty Alleviation," in *Post-Apartheid South Africa: The First Ten Years*, ed. Michael Nowak and Luca Antonio Ricci (Washington DC: International Monetary Fund, 2005), 84.

** ਚਿੱਲੀ ਵਿਚ ਸ਼ਿਕਾਗੋ ਸਕੂਲ ਵਾਲੇ ਮੁੰਡਿਆਂ ਨੇ ਹੀ ਇਸ ਜਮਹੂਰੀਅਤ ਰਹਿਤ ਸਰਮਾਏਦਾਰੀ ਜਾਂ ਉਸ ਪ੍ਰਬੰਧ ਦੀ ਉਸਾਰੀ ਦਾ ਮੁੱਢ ਬੰਨ੍ਹਿਆ ਸੀ ਜਿਸ ਨੂੰ ਉਹ ''ਨਵ ਜਮਹੂਰੀਅਤ'' ਕਹਿੰਦੇ ਸਨ। ਚਿੱਲੀ ਵਿਚ, ਸਤਾਰਾਂ ਸਾਲ ਤਾਨਾਸ਼ਾਹ ਜੁੰਡਲੀ ਦਾ ਰਾਜ ਰਿਹਾ। ਇਸ ਤੋਂ ਬਾਅਦ ਚੁਣੀ ਹੋਈ ਸਰਕਾਰ ਨੂੰ ਸੱਤਾ ਸੌਂਪਣ ਤੋਂ ਪਹਿਲਾਂ ਸ਼ਿਕਾਗੋ ਵਾਲੇ ਮੁੰਡਿਆਂ ਨੇ ਸੰਵਿਧਾਨ ਅਤੇ ਨਿਆਂ ਪ੍ਰਣਾਲੀ ਨਾਲ ਐਨੀ ਧੋਖਾਧੜੀ ਕੀਤੀ ਹੋਈ ਸੀ ਕਿ ਉਨ੍ਹਾਂ ਦੇ ਤਿੱਖੇ ਕਾਨੂੰਨਾਂ ਨੂੰ ਪੁੱਠਾ ਗੇੜਾ ਦੇਣਾ ਅਸੰਭਵ ਸੀ। ਉਨ੍ਹਾਂ ਨੇ ਇਸ ਅਮਲ ਦੇ ਕਈ ਨਾਂ ਰੱਖੇ ਹੋਏ ਸਨ : ''ਤਕਨੀਕੀਕ੍ਰਿਤ ਜਮਹੂਰੀਅਤ'' ਦੀ ਉਸਾਰੀ, ''ਸੁਰੱਖਿਅਤ ਜਮਹੂਰੀਅਤ,'' ਜਾਂ ਜਿਵੇਂ ਪਿਨੋਚੇਟ ਦੇ ਨੌਜਵਾਨ ਮੰਤਰੀ ਜੋਸ ਪਿਨੇਰਾ ਨੇ ਪੇਸ਼ ਕੀਤਾ ਸੀ, ''ਸਿਆਸਤ ਤੋਂ ਅਲਹਿਦਗੀ ਯਕੀਨੀ ਬਣਾਉਣਾ।'' ਪਿਨੋਚੇ ਦੇ ਆਰਥਕ ਮਾਮਲਿਆਂ ਦੇ ਅਧੀਨ ਸਕੱਤਰ ਐਲਵਰੋ ਬਾਰਦੋਨ ਨੇ ਸ਼ਿਕਾਗੋ ਸਕੂਲ ਦੀ ਟਕਸਾਲੀ ਦਲੀਲਬਾਜ਼ੀ ਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ : ''ਜੇ ਅਸੀਂ ਆਰਥਿਕਤਾ ਨੂੰ ਵਿਗਿਆਨ ਮੰਨ ਲੈਂਦੇ ਹਾਂ, ਇਸ ਦਾ ਇਕਦਮ ਇਹ ਅਰਥ ਹੁੰਦਾ ਹੈ ਕਿ ਸਰਕਾਰ ਜਾਂ ਸਿਆਸੀ ਢਾਂਚੇ ਕੋਲ ਥੋੜ੍ਹੀ ਤਾਕਤ ਰਹੇਗੀ, ਕਿਉਂਕਿ ਫੇਰ ਅਜਿਹੇ ਫ਼ੈਸਲੇ ਲੈਣ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਨਹੀਂ ਰਹਿੰਦੀ।''

13. FOOTNOTE: Juan Gabriel Valdes, *Pinochet's Economists: The Chicago School in Chile* (Cambridge: Cambridge University Press, 1995), 31, 33, quoting Pinochet's minister of economy Pablo Baraona's definition of the "new democracy"; Robert Harvey, " Chile's Counter-Revolution: The Fight Goes On," *The Economist*, February 2, 1980 (Harvey was quoting Sergio Fernandez, the minister of the interior); Jose Pinera, "Wealth Through Ownership: Creating Property Rights in Chilean Mining," *Cato Journal* 24, no. 3 (Fall 2004): 298.

14. James Brew, "South Africa–Habitat: A Good Home Is Still Hard to Own," *Inter Press Service*, March 11, 1997.

*** ਦੱਖਣੀ ਅਫ਼ਰੀਕਾ 'ਚ ਇਹ ਬਹੁਤ ਹੀ ਰੱਟੇ ਦਾ ਸਵਾਲ ਹੈ ਕਿ ਜਿੰਨੇ ਲੋਕਾਂ ਨੂੰ ਇਨ੍ਹਾਂ ਸੇਵਾਵਾਂ ਦੇ ਨਵੇਂ ਕੁਨੈਕਸ਼ਨ ਮਿਲੇ ਸਨ ਕੀ ਉਸ ਤੋਂ ਵੱਧ ਗਿਣਤੀ ਨੂੰ ਕਟਾਉਣੇ ਪਏ ਹਨ? ਘੱਟੋ-ਘੱਟ ਇਕ ਭਰੋਸੇਯੋਗ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਕੁਨੈਕਸ਼ਨ ਲੈਣ ਵਾਲਿਆਂ ਨਾਲੋਂ ਕਟਾਉਣ ਵਾਲਿਆਂ ਦੀ ਤਾਦਾਦ ਵੱਧ ਹੈ : ਸਰਕਾਰ ਕਹਿੰਦੀ ਹੈ ਕਿ ਇਸ ਨੇ 90 ਲੱਖ ਲੋਕਾਂ ਨੂੰ ਪਾਣੀ ਦੇ ਕੁਨੈਕਸ਼ਨ ਦਿੱਤੇ, ਅਧਿਐਨ ਨੇ ਹਿਸਾਬ ਲਾਇਆ ਹੈ ਕਿ ਕੁਨੈਕਸ਼ਨ ਕਟਾਉਣ ਵਾਲਿਆਂ ਦੀ ਗਿਣਤੀ ਇਕ ਕਰੋੜ ਹੈ।

15. David McDonald, "Water: Attack the Problem Not the Data," *Sunday Independent* (London), June 19, 2003.

16. Bill Keller, "Cracks in South Africa's White Monopolies," *New York Times*, June 17, 1993.

17. Gumede cites Businessmap statistics asserting that "around 98 percent of executive directors of JSE-listed companies are white, and they preside over 97 percent of the exchange's total value." Simon Robinson, "The New Rand Lords," *Time*, April 25, 2005; Gumede, *Thabo Mbeki and the Battle for the Soul of the ANC*, 220.

18. Gumede, *Thano Mbeki and the Battle for the Soul of the ANC*, 112.

19. Moyiga Nduru, "S. Africa: Politician Washed Anti-AIDS Efforts Down the Drain," *Inter Press Service*, April 11, 2006.

20. "Study: AIDS Slashes SA's Life Expectancy," *Mail & Guardian* (Johannesburg), December 11, 2006.

21. The rand recovered slightly by the end of the day, closing 7 percent lower. Jim Jones, "Foreign Investors Take Fright at Hardline Stance," *Financial times* (London), February 13, 1990.

22. Steven Mufson, "South Africa 1990," *Foreign Affairs* [Special Edition: America and the World], 1990/1991.

23. Thomas L. Friedman, *The Lexus and the Olive Branch* [New York: Random House, 2000), 113.

24. Gumede, *Thabo Mbeki and the Battle for the Soul of the ANC*, 69.

25. Ibid., 85; "South Africa: Issues of Rugby and Race," *The Economist*, August 24, 1996.

26. Nelson Mandela, "Report by the President of the ANC to the 50th National Conference of the African National Congress," December 16, 1997.

27. Gumede, *Thabo Mbeki and the Battle for the Soul of the ANC*, 33-39, 69.

28. Ibid., 79.

29. Marais, South Africa, 122. FOOTNOTE: ANC, *Ready to Govern: ANC Policy Guidelines for a Democratic South Africa Adopted at the National Conference*, May 28-31, 1992, www.anc.org.za.

**** ਅਸਲ ਵਿਚ, ਆਪਣੇ ਜਿਸ ਅਧਿਕਾਰਤ ਮੰਚ ਤੋਂ ਏ ਐੱਨ ਸੀ ਚੁਣੀ ਗਈ ਸੀ, ਉਸ ਵਿਚ ''ਯੁੱਧਨੀਤਕ ਤੌਰ 'ਤੇ ਅਹਿਮ ਖੇਤਰਾਂ ਅੰਦਰ ਕੌਮੀਕਰਨ

ਕਰਕੇ ਜਨਤਕ ਖੇਤਰ ਨੂੰ ਵਧਾਉਣ'' ਦਾ ਸੱਦਾ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਆਜ਼ਾਦੀ ਚਾਰਟਰ ਮੌਜੂਦ ਸੀ ਜੋ ਪਾਰਟੀ ਦਾ ਐਲਾਨਨਾਮਾ ਬਣ ਗਿਆ ਸੀ।

30. Ken Wells, "U.S. Investment in South Africa Quickens," *Wall Street Journal*, October 6, 1994.
31. Gumede, *Thabo Mbeki and the Battle for the Soul of the ANC*, 88.
32. Ibid., 87.
33. Marais, *South Africa*, 162.
34. Ibid. 170.
35. Gumede, *Thabo Mbeki and the Battle for the Soul of the ANC*, 89.
36. Ginger Thompson, "South African Commission Ends Its Works," *New York Times*, March 22, 2003.
37. ANC, "The State and Social Transformation," discussion document, November 1996, www.anc.org.za; Ginger Thompson, "South Africa to Pay $3,900 to EachFamily of Apartheid Victims," *New York Times*, April 16, 2003; Mandela unpublished interview with Cashdan, 2001.
38. Gumede, *Thabo Mbeki and the Battle for the Soul of the ANC*, 108.
39. Ibid., 119.

***** ਅਸਲ ਵਿਚ, ਨਸਲਵਾਦ ਦੇ ਦੌਰ ਦੇ ਕਰਜ਼ੇ ਦੀ ਬਦੌਲਤ ਦੇਸ਼ ਦਾ ਕੁਲ ਕਰਜ਼ਾ ਵੀ ਨਾਲੋ-ਨਾਲ ਵਧ ਰਿਹਾ ਹੈ ਅਤੇ ਹਰ ਸਾਲ ਜਨਤਕ ਖਜ਼ਾਨੇ ਵਿਚੋਂ ਅਰਬਾਂ ਰੈਂਡ ਦੇਣੇ ਪੈ ਰਹੇ ਹਨ। 1989 'ਚ ਹਿਸਾਬ-ਕਿਤਾਬ 'ਚ ਇਕ ਤਕਨੀਕੀ ਤਬਦੀਲੀ ਕਰ ਦਿੱਤੀ ਗਈ। ਪਹਿਲਾਂ ਸਰਕਾਰੀ ਪੈਨਸ਼ਨ ਫੰਡ ਸਬੰਧੀ ''ਜਾਂਦੇ ਸਾਰ ਅਦਾਇਗੀ'' ਦੀ ਵਿਵਸਥਾ ਸੀ, ਅਰਥਾਤ ਉਸ ਸਾਲ ਪਾਏ ਹਿੱਸੇ 'ਚੋਂ ਲਾਭ ਦਿੱਤੇ ਜਾਂਦੇ ਸਨ। ਇਸ ਦੀ ਥਾਂ ''ਪੂਰੀ ਤਰ੍ਹਾਂ ਫੰਡ ਅਧਾਰਤ'' ਵਿਵਸਥਾ ਸ਼ੁਰੂ ਕਰ ਦਿੱਤੀ ਗਈ। ਇਸ ਅਨੁਸਾਰ ਉਸ ਸਮੇਂ ਦੀਆਂ ਕੁਲ ਦੇਣਦਾਰੀਆਂ ਦੇ 70 ਤੋਂ 80 ਫੀਸਦੀ ਦੇ ਬਰਾਬਰ ਪੈਸਾ ਫੰਡ ਵਿਵਸਥਾ ਦੇ ਹੱਥ 'ਚ ਹੋਣਾ ਜ਼ਰੂਰੀ ਹੈ—ਇਸ ਤਰ੍ਹਾਂ ਦੀ ਹਾਲਤ ਪਹਿਲਾਂ ਕਦੇ ਨਹੀਂ ਰਹੀ। ਸਿੱਟੇ ਵਜੋਂ ਜਿਹੜਾ ਫੰਡ 1989 'ਚ 30 ਅਰਬ ਰੈਂਡ ਸੀ ਉਹ 2004 'ਚ 300 ਅਰਬ ਰੈਂਡ ਤੱਕ ਵਧ ਗਿਆ। ਇਹ ਸੱਚੀਉਂ ਕਰਜ਼ੇ ਦੇ ਸਦਮੇ ਦੀ ਹਾਲਤ ਸੀ। ਦੱਖਣੀ ਅਫ਼ਰੀਕਣਾਂ ਲਈ ਇਸ ਦਾ ਅਰਥ ਇਹ ਹੈ ਕਿ ਤਕੜੀ ਮਾਤਰਾ 'ਚ ਜਨਤਕ ਪੂੰਜੀ ਪੈਨਸ਼ਨ ਫੰਡ ਲਈ ਵੱਖਰੀ ਕੱਢ ਲਈ ਜਾਂਦੀ ਹੈ ਅਤੇ ਸਰਕਾਰ ਘਰ ਬਣਾਉਣ, ਸਿਹਤ ਸੰਭਾਲ ਜਾਂ ਬੁਨਿਆਦੀ ਸੇਵਾਵਾਂ ਲਈ ਖਰਚ ਕਰਨ ਤੋਂ ਵਾਂਝੀ ਹੋ ਜਾਂਦੀ ਹੈ। ਅਸਲ ਵਿਚ ਪੈਨਸ਼ਨਾਂ ਬਾਰੇ ਸਮਝੌਤੇ ਦੀ ਗੱਲਬਾਤ 'ਚ ਏ ਐੱਨ ਸੀ ਵਲੋਂ ਨੁਮਾਇੰਦਾ ਦੱਖਣੀ ਅਫ਼ਰੀਕੀ ਕਮਿਊਨਿਸਟ ਪਾਰਟੀ ਦਾ ਬਹੁਤ ਹੀ ਮਕਬੂਲ ਆਗੂ ਜੋਏ ਸਲੋਵੋ ਸੀ, ਇਸ ਤੱਥ ਕਾਰਨ ਦੇਸ਼ ਦੇ ਲੋਕ ਹਾਲੇ ਵੀ ਬਹੁਤ ਜ਼ਿਆਦਾ ਰੋਹ 'ਚ ਹਨ।

40. South African Communist Party, "The Debt Debate: Commission Heaped on Confusion" November-December 1998, www.sacp.org.za; Jeff Rudin, "Apardheid Debt: Questions and Answers," Alternative Information and Development Centre, March 16, 1999, www.aidc.org.za. FOOTNOTE: Congress of South Africa Trade Unions, "Submission on the Public Investment Corporation Draft Bill," June 25, 2004, www.cosatu.org.za; Rudin, "Apartheid Debt"; South African Communist Party, "The Debt Debate."
41. "The Freedom Charter."
42. Nomvula Mokonyane, "Budget Speech for 2005-06 Financial Year by MEC for Housing in Gauteng," Speech made in the Guateng Legislature on June 13, 2005, www.info.gov.za.
43. Lucille Davie and Mary Alexander, "Kliptown and the Freedom Charter," June 27, 2005, www.southafrica.info; Blue IQ, *The Plan for a Smart Province–Guanteng*.
44. Gumede, *Thabo Mbeki and the Battle for the Soul of the ANC*, 215.
45. Scott Baldauf, "Class Struggle: South Africa's New, and Few, Black Rich," *Christian Science Monitor*, October 31, 2006; "Human Development Report 2006," United Nations Development Programme, www.undp.org.
46. "South Africa: The Statistics," *Le Monde Diplomatique*, September 2006; Michael Wines and Sharon LaFraniere, "Decade Democracy Fills Gaps in South Africa," *New York Times*, April 26, 2004.
47. Simon Robinson, "The New Rand Lords."
48. Michael Wines, "Shantytown Dwellers in South Africa Protest the Sluggish Pace of Change," *New York Times*, December 25, 2005.
49. Mark Wegerif, Bev Russell and Irma Grundling, Summary of Key Findings from the National Evictions Survey (Polokwane, South Africa: Nkuzi Development Association, 2005), 7, www.nkuzi.org.za.
50. Wines, "Shantytown Dwellers in South Africa Protest....."
51. Gumede, Thabo Mbeki and the Battle for the Soul of the ANC, 72. Internal quotation: Asghar Adelzadeh, "From the RDP to GEAR: The Gradual Embracing of Neo-liberalism in Economic Policy," *Transformation* 31, 1996.
52. Ibid., 70.
53. Stephen F. Cohen, *Failed Crusade: America and the Tragedy of Post-Communist Russia* (New York: W.W. Norton & Company, 2001), 30.

●

ਸਵੈਜੀਵਨੀ

# ਮੇਰੀ ਫਿਲਮੀ ਆਤਮਕਥਾ

**(ਕੁਝ ਅੰਸ਼)**



## ਬਲਰਾਜ ਸਾਹਨੀ

... ਅਚਨਚੇਤ ਇਕ ਦਿਨ ਸ਼ੂਟਿੰਗ ਦਾ ਬੁਲਾਵਾ ਆ ਗਿਆ - ਜ਼ਿੰਦਗੀ ਵਿਚ ਮੇਰੀ ਪਹਿਲੀ ਸ਼ੂਟਿੰਗ। ਸ਼ਾਮੀ ਸੱਤ ਵਜੇ ਕਾਰਦਾਰ ਸਟੂਡੀਓ ਪਹੁੰਚਣਾ ਸੀ। ਇਪਟਾ ਦੀ ਇਕ ਮੀਟਿੰਗ ਅਧ-ਵਿਚਾਲੇ ਛਡ ਕੇ ਮੈਂ ਐਨ ਵਕਤ ਸਿਰ ਚਰਨੀ ਰੋਡ ਸਟੇਸ਼ਨ ਤੋਂ ਗੱਡੀ ਫੜ ਲਈ। ਸ਼ੂਟਿੰਗ ਸ਼ਬਦ ਸੁਣ ਕੇ ਸਾਥੀਆਂ ਉਪਰ ਬਿਜਲੀ ਦਾ ਕਰੰਟ ਛੋਹ ਜਾਣ ਵਾਲਾ ਪ੍ਰਤੀਕਰਮ ਹੋਇਆ ਸੀ, ਜਿਵੇਂ ਪਲ ਦੋ ਪਲ ਵਿਚ ਮੈਂ ਉਹਨਾਂ ਦੇ ਪ੍ਰੇਮ ਦਾ ਨਹੀਂ ਸਗੋਂ ਈਰਖਾ ਦਾ ਪਾਤਰ ਬਣ ਗਿਆ ਹੋਵਾਂ।

ਅਤੇ ਉਸ ਦਿਨ ਤੋਂ ਲੈ ਕੇ ਅਜ ਤਕ ਮੈਂ ਇਹੋ ਤ੍ਰਹਿਕਵਾਂ ਪ੍ਰਤੀਕਰਮ ਆਪਣੇ ਆਲੇ-ਦੁਆਲੇ, ਘਰ ਵਿਚ, ਤੇ ਘਰੋਂ ਬਾਹਰ ਵੀ ਹਮੇਸ਼ਾਂ ਵੇਖਿਆ ਹੈ। ਸ਼ੂਟਿੰਗ ਹਰ ਕਿਸੇ ਦੀ ਨਜ਼ਰ ਵਿਚ ਵਿਸਮਾਦੀ, ਤਲਿਸਮੀ ਚੀਜ਼ ਹੈ। ਉਹ ਇਕ ਮਨੁੱਖ ਨੂੰ ਦੂਜੇ ਮਨੁੱਖਾਂ ਤੋਂ ਵਿਰਲਾ ਤੇ ਉਚੇਰਾ ਬਣਾ ਦੇਂਦੀ ਹੈ। ਸ਼ੂਟਿੰਗ ਕਰਦੇ ਕਲਾਕਾਰ ਦਾ ਸਿੰਘਾਸਨ ਕਾਇਮ, ਤੇ ਨਾ ਕਰਦੇ ਦਾ ਹਿੱਲਿਆ ਹੋਇਆ ਰਹਿੰਦਾ ਹੈ। ਐਵੇਂ ਹੀ ਕੋਈ ਪੁੱਛ ਬੈਠੇ, "ਅਜ ਤੁਹਾਡੀ ਸ਼ੂਟਿੰਗ ਨਹੀਂ!" ਤਾਂ ਵਡੇ ਤੋਂ ਵਡਾ ਸਟਾਰ ਵੀ ਥਿੜਕ ਜਾਂਦਾ ਹੈ। ਕਾਰਨ ਇਹ ਕਿ ਇਸ ਸਵਾਲ ਨਾਲ, ਕਿਤੇ ਦੂਰ ਸਾਰੇ, ਇਕ ਖਤਰੇ ਦੀ ਘੰਟੀ ਬੱਝੀ ਹੋਈ ਹੈ, ਜਿਸ ਦੀ 'ਵਾਜ ਫਿਲਮ-ਸਟਾਰ ਦੇ ਕੰਨਾਂ ਨੂੰ ਚੰਗੀ ਨਹੀਂ ਲਗਦੀ।

ਮੈਨੂੰ ਸੱਤ ਵਜੇ ਦਾ ਟਾਈਮ ਦਿੱਤਾ ਗਿਆ ਸੀ, ਪਰ ਸਟੂਡੀਓ ਜਾ ਕੇ ਪਤਾ ਲੱਗਾ ਕਿ ਸ਼ਿਫਟ ਨੌਂ ਵਜੇ ਸ਼ੁਰੂ ਹੋਵੇਗੀ। ਇਤਨਾ ਪਹਿਲੇ ਕਿਉਂ ਬੁਲਾ ਲਿਆ ਮੈਨੂੰ? ਅੱਠ ਵਜੇ ਤਕ ਤਾਂ ਫਨੀ-ਦਾ ਦੇ ਸਹਾਇਕਾਂ ਨੇ ਵੀ ਦਰਸ਼ਨ ਨਾਂ ਦਿਤੇ/ ਪਰ ਮੈਂ ਇਸ ਗੱਲ ਉਤੇ ਬਹੁਤਾ ਗੌਰ ਨਾ ਕੀਤਾ - ਪਹਿਲੀ ਸ਼ੂਟਿੰਗ ਦਾ ਚਾਅ ਜੋ ਸੀ। ਅਸਲ ਵਿਚ, ਅਜਿਹੇ ਅਪਮਾਨ ਛੋਟੇ ਕਲਾਕਾਰਾਂ ਦਾ ਦਿਮਾਗ ਠੀਕ ਥਾਂ ਰਖਣ ਲਈ ਕੀਤੇ ਜਾਂਦੇ ਹਨ। ਵੱਡੇ ਕਲਾਕਾਰ, ਅਰਥਾਤ ਸਟਾਰ, ਆਪਣੀ ਮਰਜ਼ੀ ਦੇ ਮਾਲਕ, ਸ਼ਿਫਟ ਸ਼ੁਰੂ ਹੋਣ ਤੋਂ ਦੋ-ਦੋ, ਚਾਰ-ਚਾਰ ਘੰਟੇ ਦੇਰ ਨਾਲ ਆਉਂਦੇ ਹਨ, ਪਰ ਉਹਨਾਂ ਦੀ ਹਰ ਕੱਜ-ਅਦਾਈ ਦਾ ਮੁਸਕਰਾਹਟਾਂ ਨਾਲ ਸੁਆਗਤ ਕਰਨਾ, ਪ੍ਰੋਡੀਊਸਰ, ਡਾਇਰੈਕਟਰ, ਤੇ ਯੂਨਿਟ ਦੇ ਹਰ ਇਕ ਕਰਮਚਾਰੀ ਦਾ ਫਰਜ਼ ਹੋ ਜਾਂਦਾ ਹੈ। ਤੇ ਇੰਜ ਕੀਤਿਆਂ ਸਵੈ-ਮਾਣ ਵਿਚ ਪਈਆਂ ਤਰੇੜਾਂ ਥੁੱਕ ਲਾ ਕੇ ਜੋੜਨ ਲਈ ਛੋਟੇ ਕਲਾਕਾਰਾਂ ਨੂੰ ਬਿਲਾ-ਵਜ੍ਹਾ ਫਟਕਾਰਿਆ ਤੇ ਜ਼ਲੀਲ ਕੀਤਾ ਜਾਂਦਾ ਹੈ। ਉਹਨਾਂ ਦੀ ਲਾਚਰੀ ਉਹਨਾਂ ਨੂੰ ਅੱਗੋਂ ਕੁਸਕਣ ਜੋ ਨਹੀਂ ਦੇਂਦੀ, ਕਿਉਂਕਿ ਕਿਸੇ ਵਕਤ ਵੀ ਉਹਨਾਂ ਨੂੰ ਕੰਨੋਂ ਫੜ ਕੇ ਹਟਾਇਆ ਜਾ ਸਕਦਾ ਹੈ। ਹਾਂ, ਪਰ ਜੇ ਕਿਸੇ ਛੋਟੇ ਕਲਾਕਾਰ ਨੂੰ ਰੱਬ-ਸਬੱਬੀ ਕਿਸਮਤ ਉਤਾਂਹ ਚੁੱਕ ਲਏ, ਤਾਂ ਫੇਰ ਗਿਣ ਗਿਣ ਕੇ ਬਦਲੇ ਲੈਣ ਦਾ ਉਸ ਦਾ ਸਮਾਂ ਆ ਜਾਂਦਾ ਹੈ, ਹਾਲਾਂ ਕਿ ਛੋਟੇ ਕਲਾਕਾਰਾਂ ਦੀ ਮਦਦ ਕਰਨ ਦਾ, ਜਿਨ੍ਹਾਂ ਵਿਚੋਂ ਉਹ ਉਗਮਿਆਂ ਸੀ, ਉਹਨੂੰ ਵੀ ਕੋਈ ਖਿਆਲ ਨਹੀਂ ਰਹਿੰਦਾ।

ਸੈੱਟ ਸਟੂਡੀਓ ਦੇ ਹਾਤੇ ਵਿਚ ਲਾਇਆ ਗਿਆ ਸੀ - ਕਿਸੇ ਅਮੀਰ ਆਦਮੀ ਦੇ ਵਿਹੜੇ ਤੇ ਬਗੀਚੇ ਦਾ ਸੈੱਟ। ਸਾਢੇ ਨੌਂ ਕੁ ਵਜੇ ਫਨੀ-ਦਾ ਤਸ਼ਰੀਫ ਲਿਆਏ, ਤੇ ਕੈਮਰਾਮੈਨ ਘੋਸ਼ ਨੇ ਹੌਲੀ-ਹੌਲੀ ਲਾਈਟਿੰਗ ਅਰੰਭ ਕੀਤੀ। ਗਿਆਰਾਂ ਕੁ ਵਜੇ ਸਟੂਡੀਓ ਦੇ ਫਾਟਕ ਵਿਚ ਫਿਲਮ ਦੇ ਕੁਝ ਇਕ ਮੁਖ-ਪਾਤਰਾਂ ਦੀਆਂ ਮੋਟਰਾਂ ਦਾਖਲ ਹੋਈਆਂ - ਚਾਰਲੀ (ਸਣੇ ਆਪਣੇ ਐਲਸੇਸ਼ੀਅਨ ਕੁੱਤੇ ਦੇ), ਆਗਾ, ਡੇਵਿਡ, ਕੁਸਮ, ਦੇਸ਼ ਪਾਂਡੇ, ਸੁਨਾਲਿਨੀ ਦੇਵੀ। ਇਹ ਲੋਕ ਤਾਜ-ਮਹੱਲ ਦੀ ਕਿਸੇ ਡਿਨਰ ਪਾਰਟੀ ਤੋਂ ਆ ਰਹੇ ਸਨ। ਮਰਦਾਂ ਨੇ ਆਕੜੀਆਂ ਹੋਈਆਂ, ਤਿੱਤਲੀ-ਕਾਲਰ ਕਮੀਜ਼ਾਂ ਦੇ ਕਾਲੇ ਡਿਨਰ-ਸੂਟ ਪਾਏ ਹੋਏ ਸਨ, ਜਿਨ੍ਹਾਂ ਦੀ ਜੰਗ ਦੇ ਜ਼ਮਾਨੇ ਇੰਗਲਿਸਸਤਾਨ ਵਿਚ ਮੈਂ ਮਨਾਹੀ ਜਿਹੀ ਵੇਖੀ ਸੀ। ਉਹਨਾਂ ਦੇ ਆਉਂਦਿਆਂ ਸਾਰ ਮੇਜ਼ ਉਤੇ ਚਿੱਟਾ ਕਪੜਾ ਵਛਾ ਦਿੱਤਾ ਗਿਆ,

ਝਮ-ਝਮ ਕਰਦੇ ਚੀਨੀ ਦੇ ਸੈੱਟ ਵਿਚ ਸੈਂਡਵਿਚਾਂ ਤੇ ਕਾਫੀ ਆ ਗਈ। ਮੈਂ ਕਦੇ ਬੀ. ਬੀ. ਸੀ. ਵਿਚ ਵੀ ਇਤਨੇ ਨਵਾਬੀ ਠਾਠ ਨਾਲ ਕੰਮ ਹੁੰਦਾ ਨਹੀਂ ਸੀ ਵੇਖਿਆ। ਅਜੀਬ-ਅਜੀਬ ਲੱਗਾ। ਕੀ ਇਹ ਉਹੀ ਮੁਲਕ ਸੀ, ਜਿਥੇ ਸਾਲ ਭਰ ਪਹਿਲਾਂ ਲੱਖਾਂ ਆਦਮੀ ਭੁੱਖ ਨਾਲ ਮਰ ਗਏ ਸਨ, ਤੇ ਜਿਥੇ ਸੰਨ 52 ਦੇ ਦਮਨ-ਚੱਕਰ ਵਿਚ ਫੜੇ ਹੋਏ ਲੱਖਾਂ ਦੇਸ਼-ਭਗਤ ਅਜੇ ਵੀ ਜੇਲ੍ਹ ਵਿਚ ਸੜ ਰਹੇ ਸਨ? ਹਿੰਦੁਸਤਾਨ ਵਪਾਰੀਆਂ ਦਾ ਦੇਸ਼ ਹੈ, ਪਰ ਅਜੇ ਮੈਂ ਉਹਨਾਂ ਵਪਾਰੀਆਂ ਦਾ ਆਦੀ ਨਹੀਂ ਸਾਂ ਹੋਇਆ। ਨਵਾਂ ਨਵਾਂ ਜੋ ਆਪਣੇ ਮੁਲਕ ਪਰਤਿਆ ਸਾਂ।

ਕਾਫੀ ਪੀ ਕੇ ਸਟਾਰ ਰੁਖਸਤ ਹੋ ਗਏ। ਉਹਨਾਂ ਦਾ ਕੰਮ ਕਰਨ ਦਾ "ਮੂਡ" ਨਹੀਂ ਸੀ ਬਣ ਰਿਹਾ, ਸੈੱਟ ਦਾ ਪਹਿਲਾ ਦਿਨ ਸੀ। ਖੋਰੇ ਸਜਾਵਟ ਤੇ ਲਾਈਟਿੰਗ ਵਿਚ ਹੋਰ ਕਿਤਨਾ ਚਿਰ ਲਗ ਜਾਏ। ਫਨੀ-ਦਾ ਨੇ ਉਹਨਾਂ ਨੂੰ ਕੰਮ ਅਗਲੇ ਦਿਨ ਤੇ ਪਾ ਕੇ, ਖਿੜੇ ਮੱਥੇ ਰੁਖਸਤ ਕਰ ਦਿਤਾ। ਬਾਕੀ ਰਹਿ ਗਿਆ ਮੈਂ, ਤੇ ਫਿਲਮ ਦਾ ਹੀਰੋ, ਨਵੀਨ ਯਾਗਨਿਕ, ਜੋ ਸਟਾਰਪਣੇ ਦੀ ਮੁਹਾਠ ਤੱਕ ਚਿਰਾਂ ਦਾ ਪੁੱਜਿਆ ਹੋਇਆ ਸੀ, ਪਰ ਅਜੇ ਟੱਪਿਆ ਨਹੀਂ ਸੀ। ਜਦੋਂ ਅਸੀਂ ਕਾਫੀ ਪੀ ਰਹੇ ਸਾਂ, ਤਾਂ ਉਹ ਅੰਦਰ ਮੇਕ-ਅਪ ਕਰ ਰਿਹਾ ਸੀ, ਤੇ ਹੁਣ ਚੁੱਪ ਚਾਪ ਇਕ ਕੁਰਸੀ ਤੇ ਆ ਕੇ ਬਹਿ ਗਿਆ। ਉਹਨੇ ਨੀਲੇ ਰੰਗ ਦਾ ਕੁਰਤਾ-ਪਜਾਮਾ ਪਾਇਆ ਹੋਇਆ ਸੀ, ਜੋ ਉਸ ਦੇ ਮੇਕ-ਅਪ ਨਾਲ ਮਿਲ ਕੇ ਬੜਾ ਹਨੂੰਮਾਨੀ ਜਿਹਾ ਪ੍ਰਭਾਵ ਪੈਦਾ ਕਰ ਰਿਹਾ ਸੀ। ਜਦੋਂ ਗੱਲ-ਬਾਤ ਸ਼ੁਰੂ ਹੋਈ ਤਾਂ ਨਵੀਨ ਨੇ ਦਸਿਆ ਕਿ ਪਰਦੇ ਉਤੇ ਇਹਨਾਂ ਕਪੜਿਆਂ ਦਾ ਰੰਗ ਚਿੱਟਾ ਹੀ ਆਵੇਗਾ। ਇਕ ਦਮ ਚਿੱਟੇ ਕਪੜੇ ਰੰਗੀਨ ਫਿਲਮ ਵਿਚ ਤਾਂ ਪਾਏ ਜਾ ਸਕਦੇ ਹਨ, ਪਰ ਕਾਲੀ-ਚਿੱਟੀ ਫਿਲਮ ਵਿਚ ਨਹੀਂ। ਉਹਨਾਂ ਦਾ ਲਿਸ਼ਕਾਰਾ ਕੈਮਰਾਮੈਨ ਦੇ ਕੰਮ ਵਿਚ ਉਲਝਣਾਂ ਪੈਦਾ ਕਰਦਾ ਹੈ।

"ਪਰ ਅਜਿਹੇ ਬੌਂਗੇ ਕਪੜੇ ਪਾ ਕੇ, ਤੇ ਮੂੰਹ ਉਤੇ ਇਤਨਾ ਗਾੜ੍ਹਾ ਮੇਕ-ਅੱਪ ਥੱਪ ਕੇ ਕੀ ਕਲਾਕਾਰ ਦੀ ਮਾਨਸਿਕ ਸੁਹਜ-ਸੁਭਾਵਕਤਾ ਨਸ਼ਟ ਨਹੀਂ ਹੋ ਜਾਂਦੀ?" ਮੈਂ ਪੁਛਿਆ।

"ਆਦਤ ਹੋ ਜਾਂਦੀ ਹੈ।" ਨਵੀਨ ਸੰਖੇਪ ਜਿਹਾ ਜਵਾਬ ਦੇ ਕੇ ਚੁੱਪ ਹੋ ਗਿਆ। ਮੈਨੂੰ ਬੜੀ ਹੈਰਾਨੀ ਹੋਈ। ਅਭਿਨੈ-ਕਲਾ ਬਾਰੇ ਜਿਤਨਾ ਕੁਝ ਪੜ੍ਹਿਆ-ਗੁੜ੍ਹਿਆ ਸੀ, ਉਸ ਦੇ ਅਧਾਰ ਉਤੇ ਸੁਭਾਵਿਕਤਾ ਤੇ ਕੁਦਰਤੀਪਣ ਸਭ ਤੋਂ ਜ਼ਰੂਰੀ ਚੀਜ਼ ਸੀ। ਮੇਰੇ ਮਹੱਤਵਪੂਰਨ ਸਵਾਲ ਦਾ ਹੀਰੋ ਨੇ ਸ਼ਾਇਦ ਮਤਲਬ ਨਹੀਂ ਸਮਝਿਆ, ਮੈਂ ਸੋਚਿਆ।

ਨਵੀਨ ਦਾ ਚੌੜਾ ਸਪਾਟ ਜਿਹਾ ਚਿਹਰਾ ਪਹਿਲੀ ਨਜ਼ਰੇ ਮੈਨੂੰ ਹੁਸੀਨ ਨਹੀਂ ਸੀ ਲੱਗਿਆ। ਮੈਨੂੰ ਹੋਛੀ ਜਿਹੀ ਤਸੱਲੀ ਹੋਈ ਸੀ ਕਿ ਸਕਰੀਨ ਉਤੇ ਮੈਂ ਉਸ ਤੋਂ ਵਧ ਹੁਸੀਨ ਦਿਸਾਂਗਾ। ਪਰ ਹੱਸਣ ਵੇਲੇ, ਮੈਂ ਵੇਖਿਆ, ਉਸ ਦੀਆਂ ਗੱਲ੍ਹਾਂ ਵਿਚ ਕਲਾਰਕ ਬੇਗਲ ਵਰਗੇ ਡੂੰਘ ਪੈਂਦੇ ਸਨ। ਉਸ ਦੀ ਠਹਿਰੀ ਹੋਈ ਤੇ ਸੰਜੀਦਾ ਤਬੀਅਤ ਨੇ ਵੀ ਮੇਰੇ ਉਪਰ ਬੜਾ ਚੰਗਾ ਪ੍ਰਭਾਵ ਪਾਇਆ।

ਨਵੀਨ ਯਾਗਨਿਕ ਦੇ ਭਾਗਾਂ ਵਿਚ ਲੰਮਾ ਜੀਣਾ ਨਹੀਂ ਸੀ ਲਿਖਿਆ। ਉਸ ਫਿਲਮ ਦੇ ਮੁਕੰਮਲ ਹੋਣ ਤੋਂ ਕੁਝ ਸਾਲ ਪਿਛੋਂ ਉਹ ਮਿਆਦੀ ਬੁਖਾਰ ਦਾ ਸ਼ਿਕਾਰ ਹੋ ਕੇ ਗੁਜ਼ਰ ਗਿਆ ਸੀ। ਬੜੀ ਨਾਗਹਾਨੀ ਮੌਤ ਸੀ ਉਹ। ਫਿਲਮਾਂ ਅੰਦਰ ਗੁਜ਼ਾਰੇ ਸਮੇਂ ਵਿਚ ਨਵੀਨ ਨੇ ਬੜੇ ਚੰਗੇ-ਚੰਗੇ ਕੰਮ ਕੀਤੇ ਸਨ – ਐਕਸਟਰਾਵਾਂ ਤੇ ਸਟੂਡੀਓ-ਮਜ਼ਦੂਰਾਂ ਦੀਆਂ ਯੂਨੀਅਨਾਂ ਬਣਾਈਆਂ, ਨਿਆਂ ਲਈ ਜਦੋਜਹਿਦ ਕੀਤੀ। ਉਸ ਦੇ ਇਕ ਹੋਰ ਸਰਗਰਮ ਸਾਥੀ ਨੂੰ, ਜਿਸ ਦਾ ਨਾਂ ਕ੍ਰਿਸ਼ਨ ਕੁਮਾਰ ਸੀ, ਏਸੇ ਸੇਵਾ ਬਦਲੇ ਗੁੰਡਿਆਂ ਨੇ ਕਤਲ ਕਰ ਦਿੱਤਾ ਸੀ। ਮੈਂ ਉਹਨਾਂ ਨੇਕ ਤੇ ਨਿੱਡਰ ਦੋਹਾਂ ਬੰਦਿਆਂ ਨੂੰ ਸਲਾਮ ਕਰਦਾ ਹਾਂ।

ਨਵੀਨ ਕੋਲੋਂ ਉੱਠ ਕੇ ਹੁਣ ਮੈਂ ਵੀ ਮੇਕ-ਅੱਪ ਕਰਨ ਚਲਾ ਗਿਆ। ਮੇਕ-ਅੱਪ-ਮੈਨ ਦਾ ਨਾਂ ਸਵਾਮੀ ਸੀ। ਅਜੇ ਵੀ ਕਦੇ-ਕਦੇ ਸਟੂਡੀਓ ਵਿਚ ਉਸ ਦੇ ਦਰਸ਼ਨ ਹੋ ਜਾਂਦੇ ਹਨ। ਪਿਛਲੇ ਵੀਹਾਂ ਸਾਲਾਂ ਵਿਚ ਉਸ ਦੀ ਆਰਥਕ ਦਸ਼ਾ ਜ਼ਰਾ ਵੀ ਨਹੀਂ ਬਦਲੀ। ਉਹ ਇਕ ਥਾਂ ਕਾਇਮ ਹੀ ਰਹੀ ਹੋਵੇ – ਸ਼ਾਇਦ ਇਹ ਵੀ ਨਹੀਂ ਆਖਿਆ ਜਾ ਸਕਦਾ। ਏਸ ਆਦਮਖੋਰ ਫਿਲਮੀ ਧੰਦੇ ਅੰਦਰ ਸੌ ਚੋਂ ਨੜਿੰਨਵੇਂ ਕਿਰਤੀਆਂ ਦੀ ਇਹੋ ਕਹਾਣੀ ਹੈ।

ਮੈਨੂੰ ਆਪਣਾ ਮੇਕ-ਅੱਪ ਕੀਤਾ ਮੁਖੜਾ ਐਤਕੀਂ ਉਤਨਾ ਨਹੀਂ ਜਚਿਆ ਜਿਤਨਾ ਪੂਨੇ ਵਿਚ ਜਚਿਆ ਸੀ ਲੰਬੂਤਰਾ ਜਿਹਾ ਤੇ ਝੰਵਿਆਂ-ਝੰਵਿਆਂ ਜਾਪ ਰਿਹਾ ਸੀ। ਕੀ ਮੇਕ-ਅਪ ਠੀਕ ਨਹੀਂ ਸੀ ਹੋਇਆ? ਜਾਂ ਸ਼ੀਸ਼ੇ ਉਪਰ ਲਾਈਟਾਂ ਬਹੁਤ ਉੱਚੀਆਂ ਲੱਗੀਆਂ ਹੋਣ ਕਾਰਨ ਲਿੱਸਾ ਦਿਸ ਰਿਹਾ ਸੀ?

ਕੁਝ ਦਿਨ ਪਹਿਲਾਂ ਲੈਮਿੰਗਟਨ ਰੋਡ ਉਤੇ ਮਿਸਟਰ ਭਵਨਾਨੀ ਮਿਲੇ ਸਨ। ਇਕ ਵਾਰੀ ਆਪਣੇ ਘਰ ਉਹ ਮੈਨੂੰ ਤੇ ਚੇਤਨ ਨੂੰ ਡਿਨਰ ਉਤੇ ਵੀ ਬੁਲਾ ਚੁੱਕੇ ਸਨ। ਉਦੋਂ ਆਸ ਹੋਈ ਕਿ ਪੁਰਾਣੀ ਜਾਣ-ਪਛਾਣ ਦਾ ਖਿਆਲ ਕਰਕੇ ਉਹ ਜ਼ਰੂਰ ਮੇਰੀ ਕੁਝ ਮਦਦ ਕਰਨਗੇ। ਖਾਣਾ ਉਹਨਾਂ ਬੜਾ ਵਧੀਆ ਖੁਆਇਆ, ਪਰ ਮੇਰੇ ਦਿਲ ਦੀ ਗੱਲ ਦਾ ਉਹਨਾਂ ਜ਼ਿਕਰ ਤੱਕ ਨਹੀਂ ਸੀ ਕੀਤਾ। ਤੇ ਲੈਮਿੰਗਟਨ ਰੋਡ ਵਾਲੀ ਮੁਲਾਕਾਤ ਵਿਚ ਤਾਂ ਹੋਰ ਵੀ ਨਿਰਾਸ ਕਰ ਗਏ ਸਨ। ਉਹਨਾਂ ਕਿਹਾ, "ਮੇਰੇ ਕਹਿਣ ਦਾ ਬੁਰਾ ਨਾ ਮੰਨਣਾ, ਮਿਸਟਰ ਸਾਹਣੀ, ਪਰ ਹੁਣ ਤੁਹਾਡੇ ਚਿਹਰੇ ਉਪਰ ਉਹ ਭਰਵਾਂ ਸੁਹੱਪਣ ਨਹੀਂ, ਜੋ ਮੈਂ ਕਸ਼ਮੀਰ ਵੇਖਿਆ ਸੀ ਤੁਸੀਂ ਕੁਝ-ਕੁਝ ਗੈਰੀ ਕੂਪਰ ਵਾਂਗ ਦਿਸਣ ਲੱਗ ਗਏ ਹੋ।"

ਗੈਰੀ ਕੂਪਰ! ਸੰਸਾਰ ਦਾ ਸਭ ਤੋਂ ਲੋਕ ਪ੍ਰੀਅ ਫਿਲਮੀ ਹੀਰੋ! ਤੇ ਉਸ ਨਾਲ ਮੇਰੀ ਸਮਾਨਤਾ ਭਵਨਾਨੀ ਸਾਹਿਬ ਨੂੰ ਗੁਣ ਨਹੀਂ, ਦੋਸ਼ ਜਾਪ ਰਹੀ ਸੀ।

ਮੇਰਾ ਬੜਾ ਦਿਲ ਦੁਖਿਆ ਸੀ। ਕਦੇ ਕਦੇ ਮੈਂ ਭਵਨਾਨੀ ਸਾਹਿਬ ਨੂੰ ਆਪਣੇ ਘਰ ਠਹਿਰਾਇਆ ਸੀ। ਨੱਠ-ਨੱਠ ਕੇ ਉਹਨਾਂ ਦੇ ਕੰਮ ਕੀਤੇ ਸਨ। ਪਰ ਉਸ ਵੇਲੇ ਮੇਰੀ ਬਾਂਹ ਫੜਨ ਦੇ ਬਜਾਏ ਉਹ ਉਲਟਾ ਮੇਰਾ ਹੌਸਲਾ ਪਸਤ ਕਰ ਰਹੇ ਸਨ। ਕਿਸੇ ਸੱਚ ਹੀ ਆਖਿਆ ਹੈ:-

ਕਿ ਤਾਰੀਕੀ ਮੇਂ ਸਾਯਾ ਭੀ ਜੁਦਾ ਇਨਸਾਨ ਹੋਤਾ ਹੈ।

ਉਦੋਂ ਮੇਰਾ ਸਿਫਾਰਸ਼ੀ ਖਤਾਂ ਦਾ ਤਜਰਬਾ ਵੀ ਬੜਾ ਕੌੜਾ ਰਿਹਾ ਸੀ ਸ੍ਰੀ ਜੇ. ਐਨ. ਸਾਹਣੀ, ਮੇਰੇ ਮਸੇਰੇ ਵੀਰ, 'ਹਿੰਦੁਸਤਾਨ ਟਾਈਮਜ਼' ਤੇ 'ਨੈਸ਼ਨਲ ਕਾਲ' ਵਰਗੇ ਉੱਘੇ ਅਖਬਾਰਾਂ ਦੇ ਐਡੀਟਰ ਰਹਿ ਚੁੱਕੇ ਸਨ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਫਿਲਮਾਂ ਵਿਚ ਪ੍ਰਵੇਸ਼ ਕਰ ਰਿਹਾ ਹਾਂ, ਤਾਂ ਉਹਨਾਂ ਮੇਰੇ ਬਾਰੇ ਬੜੇ ਦਾਈਏ ਨਾਲ ਇਕ ਖਤ ਆਪਣੇ ਮਿੱਤਰ ਰਾਏ ਬਹਾਦਰ ਚੂਨੀ ਲਾਲ ਨੂੰ ਲਿਖਿਆ, ਜੋ ਫਿਲਮਿਸਤਾਨ ਸਟੂਡੀਓ ਦੇ ਮਾਲਕ ਸਨ, ਤੇ ਦੂਜਾ ਬੰਬੇ ਟਾਕੀਜ਼ ਸਟੂਡੀਓ ਦੇ ਪਬਲਿਸਟੀ ਅਫਸਰ ਸ੍ਰੀ ਇੰਦਰ ਰਾਜ ਅਨੰਦ ਨੂੰ (ਜਿਨ੍ਹਾਂ ਨੇ ਹੁਣ ਚਿੱਤਰ-ਕਥਾ ਲੇਖਕ ਦੀ ਹੈਸੀਅਤ ਵਿਚ ਸਿਖਰਾਂ ਦੀ ਸ਼ੁਹਰਤ ਹਾਸਲ ਕਰ ਲਈ ਹੈ)। ਇਹ ਦੋਵੇਂ ਸਟੂਡੀਓ ਉਸ ਵੇਲੇ ਫਿਲਮ ਇੰਡਸਟਰੀ ਦਾ ਕੇਂਦਰ ਮੰਨੇ ਜਾਂਦੇ ਸਨ, ਪਰ ਦੋਵੀਂ ਥਾਈਂ ਮੇਰੇ ਨਾਲ ਬੜਾ ਖਰ੍ਹਵਾ ਸਲੂਕ ਹੋਇਆ।

ਏਸੇ ਤਰ੍ਹਾਂ ਅੱਬਾਸ ਤੇ ਸਾਠੇ ਨੇ ਜ਼ਿੱਦ ਕਰਕੇ ਮੈਨੂੰ ਸ਼ਾਂਤਾ ਰਾਮ ਕੋਲ ਭਿਜਵਾਇਆ। ਉਹਨਾਂ ਨੂੰ ਮੈਂ ਦੱਸ ਚੁੱਕਾ ਸਾਂ ਕਿ ਉਹ ਪੂਨੇ ਪ੍ਰਭਾਤ ਸਟੂਡੀਓ ਵਿਚ ਕਿਤਨੀ ਚੰਗੀ ਤਰ੍ਹਾਂ ਮੇਰੇ ਨਾਲ ਪੇਸ਼ ਆਏ ਸਨ। ਉਹਨੀਂ ਦਿਨੀਂ ਅੱਬਾਸ ਤੇ ਸਾਠੇ "ਡਾਕਟਰ ਕੋਟਨੀਸ ਕੀ ਅਮਰ ਕਹਾਨੀ" ਦਾ ਸੀਨੇਰੀਓ ਤੇ ਵਾਰਤਾਲਾਪ ਲਿਖ ਰਹੇ ਸਨ। ਸ਼ਾਂਤਾ ਰਾਮ ਜੀ ਨਾਲ ਉਹਨਾਂ ਦਾ ਰੋਜ਼ ਦਾ ਉੱਠਣਾ-ਬੈਠਣਾ ਸੀ।

ਪਰ ਇਸ ਦੂਜੀ ਮੁਲਾਕਾਤ ਤੇ ਪਹਿਲੀ ਮੁਲਾਕਾਤ ਵਿਚ ਜ਼ਮੀਨ-ਅਸਮਾਨ ਦਾ ਫਰਕ ਸੀ। ਇਕ ਤਾਂ ਸ਼ਾਂਤਾ ਰਾਮ ਆਪ ਬਹੁਤ ਬਦਲ ਚੁੱਕੇ ਸਨ। ਨਾ ਕਮਰੇ ਵਿਚ ਉਹ ਸਾਦਗੀ ਸੀ, ਨਾ ਉਹਨਾਂ ਦਾ ਪਹਿਰਾਵਾ ਹਿੰਦੁਸਤਾਨੀ। ਬੜਾ ਸਾਹਬਾਂ ਵਾਲਾ ਠਾਠ ਸੀ। ਸਰੀਰ ਵੀ ਉਹਨਾਂ ਦਾ ਪਹਿਲਾਂ ਨਾਲੋਂ ਸੁਅਸਥ ਤੇ ਸੁਡੌਲ ਹੋ

ਗਿਆ ਸੀ। ਚਿੱਟੀ ਕਮੀਜ਼ ਤੇ ਪਤਲੂਨ ਵਿਚ ਉਹ ਇਤਨੇ ਤਕੜੇ ਤੇ ਕਦਾਵਰ ਦਿੱਸ ਰਹੇ ਸਨ ਕਿ ਮੇਰੇ ਲਈ ਉਹਨਾਂ ਨੂੰ ਪਛਾਣਨਾਂ ਮੁਸ਼ਕਲ ਹੋ ਰਿਹਾ ਸੀ। ਉਂਗਲ ਵਿਚ ਹੀਰੇ ਦੀ ਅੰਗੂਠੀ ਸੁਸ਼ੋਭਤ ਸੀ, ਜਿਸ ਨੂੰ ਗੱਲ ਕਰਦਿਆਂ ਉਹ ਦੂਜੇ ਹੱਥ ਨਾਲ ਮਲਦੇ ਰਹਿੰਦੇ ਸਨ।

ਅਤੇ ਮੈਂ ਵੀ ਤਾਂ ਕਿਤਨਾ ਬਦਲ ਚੁੱਕਾ ਸਾਂ! ਸ਼ਾਂਤੀ ਨਿਕੇਤਨ ਜਾਂ ਸੇਵਾ ਗਰਾਮ ਤੋਂ ਆਇਆ ਆਸ਼ਰਮ-ਵਾਸੀ ਨਿਰਸੰਦੇਹ ਇੱਜ਼ਤ ਵਾਲੇ ਸਲੂਕ ਦਾ ਹੱਕਦਾਰ ਸੀ, ਪਰ ਲੰਡਨੋਂ ਅੰਗਰੇਜ਼ਾਂ ਦਾ ਪ੍ਰਾਪੇਗੰਡਾ ਕਰਕੇ ਪਰਤੇ ਹੋਏ 'ਐਨਾਊਂਸਰ' ਨੂੰ ਉਹ ਕਿਵੇਂ ਓਹੀ ਸਤਿਕਾਰ ਦੇ ਸਕਦੇ ਸਨ? ਪੰਜ-ਦਸ ਮਿੰਟ ਦੀ ਮਿਲਣੀ ਦੋਵਾਂ ਨੂੰ ਇਕ ਦੂਜੇ ਤੋਂ ਵਿਰਕਤ ਕਰਨ ਲਈ ਕਾਫੀ ਸੀ, ਤੇ ਅਜ ਤੀਕਰ ਫੇਰ ਅਸੀਂ ਕਦੀ ਵੀ ਇਕ ਦੂਜੇ ਨੂੰ ਨਹੀਂ ਮਿਲੇ, ਬਸ ਦੂਰੋਂ ਦੂਰੋਂ ਸਲਾਮ-ਦੁਆ ਕੀਤੀ ਹੈ।

ਜਦੋਂ ਮੈਂ ਨਵੇਂ ਮੁੰਡਿਆਂ ਨੂੰ ਫਿਲਮਾਂ ਵਿਚ ਕੰਮ ਲੱਭਣ ਲਈ ਸਿਫਾਰਸ਼ੀ ਖਤ ਲੈ ਲੈ ਕੇ ਪ੍ਰੋਡੀਊਸਰਾਂ, ਡਾਇਰੈਕਟਰਾਂ ਤੇ ਫਿਲਮ ਸਟਾਰਾਂ ਦੇ ਆਸ ਪਾਸ ਚੱਕਰ ਮਾਰਦੇ ਵੇਖਦਾ ਹਾਂ ਤਾਂ ਦਿਲ ਚਾਹੁੰਦਾ ਹੈ ਕਿ ਕਿਸੇ ਤਰ੍ਹਾਂ ਉਹਨਾਂ ਨੂੰ ਸਮਝਾ ਸਕਾਂ ਕਿ ਇਹਨਾਂ ਸਿਫਾਰਸ਼ੀ ਖਤਾਂ ਦੀ ਕੀਮਤ ਉਸ ਕਾਗਜ਼ ਜਿਤਨੀ ਵੀ ਨਹੀਂ ਹੈ, ਜਿਸ ਉਪਰ ਉਹ ਲਿਖੇ ਹੋਏ ਹੁੰਦੇ ਹਨ। ਨੌਕਰੀ ਹੋਰ ਚੀਜ਼ ਹੈ, ਕਲਾਕਾਰ ਬਣਨਾ ਹੋਰ ਚੀਜ਼। ਨੌਕਰੀ ਹਾਸਲ ਕਰਨ ਲਈ ਸਿਫਾਰਸ਼ੀ ਖਤ ਭਾਵੇਂ ਕੰਮ ਆ ਸਕਣ, ਪਰ ਕੋਈ ਵਿਰਲਾ ਹੀ ਡਾਇਰੈਕਟਰ ਐਸਾ ਹੋਵੇਗਾ ਜੋ ਦੂਜਿਆਂ ਦੇ ਆਖੇ ਕਿਸੇ ਅਨਾੜੀ ਨੂੰ ਕੈਮਰੇ ਅਗੇ ਲਿਆਉਣ ਦਾ ਖਤਰਾ ਸਹੇੜ ਲਏ। ਫਿਲਮੀ ਚੱਕਰ ਹੋਰ ਤਰ੍ਹਾਂ ਚੱਲਦਾ ਹੈ, ਤੇ ਇਹਨੂੰ ਸਮਝਣਾ ਬੜਾ ਜ਼ਰੂਰੀ ਹੈ। ਜ਼ਿਆਦਾ ਕਰਕੇ ਕਾਮਯਾਬੀ ਇਨਸਾਨ ਦੇ ਆਪਣੇ ਤਰੱਦਦ ਤੇ ਆਪਣੇ ਨਸੀਬ ਉਪਰ ਨਿਰਭਰ ਹੁੰਦੀ ਹੈ।

ਆਮ ਤੌਰ ਤੇ ਸਿਫਾਰਸ਼ੀ ਖਤ ਦੇਣ ਵਾਲੇ ਲੈਣ ਵਾਲਿਆਂ ਨਾਲੋਂ ਕਿਤੇ ਵਧ ਨਾਸਮਝੀ ਦਾ ਸਬੂਤ ਦੇਂਦੇ ਹਨ। ਉਹਨਾਂ ਨੂੰ ਦੂਰ ਬੈਠਿਆਂ ਆਪਣੀ ਪਛਾਣ ਵਾਲੀ ਫਿਲਮੀ ਹਸਤੀ ਰੱਬ ਜਿਤਨੀ ਸਰਬ-ਵਿਆਪਕ ਤੇ ਸਰਬ-ਸ਼ਕਤੀਮਾਨ ਮਲੂਮ ਹੋਣ ਲੱਗ ਜਾਂਦੀ ਹੈ; ਪਰ ਅਸਲੀਅਤ ਕਈ ਵਾਰੀ ਉਸ ਅੰਦਾਜ਼ੇ ਨਾਲ ਮੇਲ ਨਹੀਂ ਖਾਦੀ। ਜਿਸ ਤੋਂ ਮਦਦ ਦੀ ਆਸ ਕੀਤੀ ਜਾਂਦੀ ਹੈ ਉਹ ਕਈ ਵਾਰ ਮਦਦ ਦੇਣ ਦੀ ਹਾਲਤ ਵਿਚ ਹੀ ਨਹੀਂ ਹੁੰਦਾ।

ਮਸਲਿਨ, ਅੱਜ ਮੈਂ ਕਹਿ ਸਕਦਾ ਹਾਂ ਕਿ ਭਵਨਾਨੀ ਸਾਹਬ ਉਪਰ ਨਾਰਾਜ਼ ਹੋਣਾ ਮੇਰੀ ਸਰਾਸਰ ਨਲਾਇਕੀ ਸੀ। ਚੁੱਪ ਫਿਲਮਾਂ ਦੇ ਜ਼ਮਾਨੇ ਦੇ ਉਹ ਬੜੇ ਕਾਮਯਾਬ ਪ੍ਰੋਡੀਊਸਰ ਰਹੇ ਸਨ, ਪਰ ਬੋਲਦੀਆਂ ਫਿਲਮਾਂ ਵਿਚ ਉਹ ਯੱਕੇ-ਬਾਦ-ਦੀਗਰੇ ਨਾਕਾਮਯਾਬ ਹੋਏ। ਜਦੋਂ ਮੈਂ ਉਹਨਾਂ ਨੂੰ ਮਿਲਿਆ, ਉਹ ਪਰੇਸ਼ਾਨੀ ਦੇ ਦੌਰ ਵਿਚੋਂ ਲੰਘ ਰਹੇ ਸਨ, ਤੇ ਮੈਨੂੰ ਆਪਣੀ ਸਿਹਤ ਦਾ ਧਿਆਨ ਕਰਨ ਦਾ ਇਸ਼ਾਰਾ ਕਰਕੇ ਉਹਨਾਂ ਆਪਣੀ ਸੱਜਣਤਾਈ ਦਾ ਸਬੂਤ ਦਿੱਤਾ ਸੀ। ਗੈਰੀ ਕੂਪਰ ਹਾਲੀਵੁਡ ਵਿਚ ਭਾਵੇਂ ਹੁਸੀਨ ਮੰਨਿਆਂ ਜਾਂਦਾ ਹੋਵੇ, ਪਰ ਹਿੰਦੀ ਫਿਲਮਾਂ ਵਿਚ ਤਾਂ ਗੋਲ-ਮਟੋਲ ਚਿਹਰਿਆਂ ਨੂੰ ਹੀ ਪਸੰਦ ਕੀਤਾ ਜਾਂਦਾ ਸੀ। ਪਰ ਵਿਚਾਰੇ ਨਵੇਂ ਆਦਮੀ ਦੀ ਇਕ ਬਦਕਿਸਮਤੀ ਇਹ ਵੀ ਹੁੰਦੀ ਹੈ ਕਿ ਉਹਨੂੰ ਫਿਲਮਾਂ ਦੇ ਅੰਦਰੂਨੀ ਮਾਹੌਲ ਦਾ ਕੁਝ ਪਤਾ ਨਹੀਂ ਹੁੰਦਾ। ਠੋਕਰਾਂ ਖਾ-ਖਾ ਕੇ ਉਹਨੂੰ ਹਰ ਕਿਸੇ ਉਤੇ ਸ਼ੱਕ ਹੋਣ ਲਗ ਜਾਂਦਾ ਹੈ। ਉਹ ਸੋਚਦਾ ਹੈ ਕਿ ਹਰ ਕੋਈ ਉਸ ਦਾ ਰਾਹ ਰੋਕ ਰਿਹਾ ਹੈ, ਉਸ ਨਾਲ ਦੁਸ਼ਮਣੀ ਕਰ ਰਿਹਾ ਹੈ।

ਇਕ ਵਾਰ ਦਾਦਰ ਮੇਨ-ਰੋਡ ਉਤੇ ਜਗਦੀਸ਼ ਸੇਠੀ ਭਾਪੇ ਨੇ ਵੀ, ਜਿਸ ਦੀ ਗੁੱਡੀ ਬਤੌਰ ਕਰੈਕਟਰ ਐਕਟਰ ਉਦੋਂ ਅਸਮਾਨ ਉਤੇ ਸੀ, ਮੈਨੂੰ ਸਿਹਤ ਬਾਰੇ ਖਬਰਦਾਰ ਹੋਣ ਲਈ ਕਿਹਾ ਸੀ ਉਹਨਾਂ ਦੇ ਸ਼ਬਦ ਮੈਨੂੰ ਅਜ ਤੀਕਰ ਯਾਦ ਹਨ: "ਸਕਰੀਨ ਉਤੇ ਪਤਲਾ ਆਦਮੀ ਹੋਰ ਵੀ ਪਤਲਾ ਲੱਗਣ ਲਗ ਜਾਂਦਾ ਹੈ। ਤੂੰ ਆਪਣਾ ਵਜ਼ਨ ਵਧਾ।"

ਇਹ ਪੱਲੇ ਬੰਨ੍ਹਣ ਜੋਗੀ ਗੱਲ ਸੀ, ਪਰ ਉਸ ਵੇਲੇ ਮੇਰੇ ਕੰਨਾਂ ਨੂੰ ਕੌੜੀ ਲੱਗੀ ਸੀ। "ਮਦਦ ਤਾਂ ਕੁਝ ਕਰਦੇ ਨਹੀਂ, ਐਵੇਂ ਨਸੀਹਤਾਂ ਝਾੜਦੇ ਨੇ," ਮੈਂ ਮਨ ਵਿਚ ਕਿਹਾ ਸੀ।

ਚੰਗੀ ਨਸੀਹਤ ਤੋਂ ਵਧ ਕੀਮਤੀ ਚੀਜ਼ ਨਵੇਂ ਆਏ ਕਲਾਕਾਰ ਨੂੰ ਹੋਰ ਕੋਈ ਨਹੀਂ ਮਿਲ ਸਕਦੀ। ਪਰ ਅਫਸੋਸ, ਜਿਸ ਨੂੰ ਮਿਲਦੀ ਹੈ, ਉਹ ਉਸ ਦਾ ਮੁੱਲ ਨਹੀਂ ਪਾਉਂਦਾ, ਤੇ ਜਿਹੜਾ ਮੁੱਲ ਪਾਉਂਦਾ ਹੈ, ਉਹਨੂੰ ਉਹ ਮਿਲਦੀ ਨਹੀਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੀ ਸਿਹਤ ਕਾਫੀ ਡਿੱਗ ਚੁੱਕੀ ਸੀ। ਇਕ ਤਾਂ ਬੰਬਈ ਦੀ ਆਬੋ-ਹਵਾ ਮੈਨੂੰ ਮਾਫਕ ਨਹੀਂ ਸੀ ਆ ਰਹੀ। ਇਕ ਦਿਨ ਟੈਕਸੀ ਵਿਚ ਬੈਠਿਆਂ ਤੇ ਮੁੜ੍ਹਕੇ ਵਿਚ ਗੋਤੇ ਮਾਰਦਿਆਂ ਮੈਂ ਅੱਬਾਸ ਤੋਂ ਪੁਛਿਆ, "ਯਾਰ ਤੈਨੂੰ ਬੰਬਈ ਰਹਿੰਦਿਆਂ ਕਿਤਨੇ ਕੁ ਸਾਲ ਹੋ ਗਏ ਨੇ?"

"ਸੱਤ", ਉਹਨੇ ਜਵਾਬ ਦਿਤਾ।

"ਸੱਤ ਸਾਲ!" ਮੈਂ ਹੈਰਾਨ ਹੋ ਕੇ ਕਿਹਾ, "ਮੈਂ ਤਾਂ ਸੋਚ ਵੀ ਨਹੀਂ ਸਕਦਾ ਕਿ ਇਸ ਮਰਦੂਦ ਸ਼ਹਿਰ ਵਿਚ ਕਿਵੇਂ ਕੋਈ ਸੱਤ ਸਾਲ ਕੱਟ ਸਕਦਾ ਹੈ।"

"ਤੈਥੋਂ ਸੱਤ ਸਾਲ ਬਾਅਦ ਪੁਛਾਂਗਾ," ਅੱਬਾਸ ਨੇ ਅਖਬਾਰ ਤੋਂ ਅੱਖਾਂ ਚੁੱਕੇ ਬਿਨਾਂ ਕਿਹਾ ਸੀ।

ਉਸ ਦੀ ਭਵਿਖ-ਬਾਣੀ ਕਿਤਨੀ ਠੀਕ ਨਿਕਲੀ! ਅਜ ਬੰਬਈ ਵਿਚ ਰਹਿੰਦਿਆਂ ਮੈਨੂੰ 7 ਨਹੀਂ, 23 ਸਾਲ ਹੋ ਚੁੱਕੇ ਹਨ।

ਸਿਹਤ ਡਿੱਗਣ ਦਾ ਅਸਲ ਕਾਰਨ ਆਰਥਕ ਪਰੇਸ਼ਾਨੀ ਤੇ ਬੇਥੱਵੀ ਜ਼ਿੰਦਗੀ ਵੀ ਸੀ। ਪੈਸੇ ਦਾ ਮੂੰਹ ਵੇਖਣ ਲਈ ਉਸ ਜ਼ਮਾਨੇ ਵਿਚ ਮੈਨੂੰ ਕੀ-ਕੀ ਤਰਲਾ ਨਹੀਂ ਸੀ ਲੈਣਾ ਪਿਆ। ਟਰੇਡਰਜ਼ ਬੈਂਕ ਦੀ ਇਕ ਬਰਾਂਚ ਦਾ ਮੈਨੇਜਰ ਮੇਰਾ ਕਾਲਿਜ ਦਾ ਸਹਿਪਾਠੀ ਨਿਕਲ ਆਇਆ। ਗਾਹੇ-ਬ-ਗਾਹੇ ਉਹ ਮੈਨੂੰ ਬੈਂਕ ਵਲੋਂ ਥੋੜਾ ਬਹੁਤ ਕਰਜ਼ਾ ਦੇਂਦਾ ਰਹਿੰਦਾ। ਦੋ ਕੁ ਹਜ਼ਾਰ ਦਾ ਮੇਰੇ ਹਿਸਾਬ ਵਿਚ "ਓਵਰਡਰਾਫਟ" ਹੋ ਗਿਆ। ਉਸ ਦੇ ਰਵਾਨਾਂ ਹੋਣ ਤੋਂ ਪਹਿਲਾਂ-ਪਹਿਲਾਂ ਰੁਪਿਆ ਭਰਨਾ ਮੇਰਾ ਇਖਲਾਕੀ ਫਰਜ਼ ਸੀ।

ਇਸ ਫਰਜ਼ ਨੂੰ ਪੂਰਾ ਕਰਨ ਲਈ ਕੀਤੇ ਹੀਲਿਆਂ ਨੂੰ ਨਹੁੰਆਂ ਨਾਲ ਖੂਹ ਪੁੱਟਣ ਦਾ ਹੀ ਦਰਜਾ ਦਿੱਤਾ ਜਾ ਸਕਦਾ ਹੈ। ਰੇਡੀਓ ਦੇ ਪ੍ਰੋਗਰਾਮ, ਕਿਤਾਬਾਂ ਦੇ ਤਰਜਮੇ – ਮੇਰੀ ਦੌੜ ਅਜਿਹੇ ਕੰਮਾਂ ਤੀਕ ਹੀ ਸੀ, ਤੇ ਇਹਨਾਂ ਤੋਂ ਖਾਸ ਕੀ ਹਾਸਲ ਹੁੰਦਾ ਹੈ? ਇਕ ਦਿਨ ਕਿਸੇ ਦੱਸਿਆ ਕਿ 'ਫਿਲਮਜ਼ ਡੀਵੀਜ਼ਨ' (ਸਰਕਾਰੀ ਸੂਚਨਾ – ਫਿਲਮ ਵਿਭਾਗ) ਵਿਚ ਛੋਟੀ ਫਿਲਮ ਦੀ ਵਾਰਤਾ ਲਿਖਣ ਲਈ, ਤੇ ਬੋਲਣ ਲਈ ਵੀ, ਪੂਰਾ ਡੇਢ ਸੌ ਰੁਪਿਆ ਮਿਲ ਜਾਂਦਾ ਹੈ। ਮੈਂ ਨੱਠਦਾ ਹੋਇਆ ਉਸੇ ਵੇਲੇ ਡਾਇਰੈਕਟਰ ਨੂੰ ਮਿਲਣ ਚਲਾ ਗਿਆ। ਕਾਰਡ ਅੰਦਰ ਭੇਜਿਆ। ਡਾਇਰੈਕਟਰ ਨੇ ਝਟ ਅੰਦਰ ਬੁਲਾ ਲਿਆ। ਉਹਨੂੰ ਵੇਖਦਿਆਂ ਸਾਰ ਮੇਰੇ ਸੋਤਰ ਸੁੱਕ ਗਏ। ਮੇਰੇ ਸਾਹਮਣੇ ਇਕ ਐਸਾ ਨੌਜੁਆਨ ਖੜਾ ਸੀ ਜੋ ਆਪ ਦੋ ਸਾਲ ਪਹਿਲਾਂ ਲੰਡਨ ਵਿਚ ਮੇਰੇ ਅੱਗੇ ਇੰਟਰਵੀਊ ਲਈ ਪੇਸ਼ ਹੋਇਆ ਸੀ। ਆਕਸਫੋਰਡ ਦੀ ਉੱਚੀ ਵਿਦਿਆ ਸਮਾਪਤ ਕਰਕੇ ਉਹਨੇ ਬੀ. ਬੀ. ਸੀ. ਦੇ ਹਿੰਦੁਸਤਾਨੀ ਸੈਕਸ਼ਨ ਵਿਚ ਮੁਲਾਜ਼ਮਤ ਲਈ ਦਰਖਾਸਤ ਕੀਤੀ ਸੀ। ਸਾਡੇ ਡਾਇਰੈਕਟਰ ਜ਼ੁਲਫਕਾਰ ਅਲੀ ਬੁਖਾਰੀ ਓਦੋਂ ਹਿੰਦੁਸਤਾਨ ਆਏ ਹੋਏ ਸਨ, ਏਸ ਲਈ ਉਹਨੂੰ ਮੇਰੇ ਕੋਲ ਭੇਜਿਆ ਗਿਆ ਸੀ। ਪਰ ਮੈਨੂੰ ਉਸ ਦਾ ਉਰਦੂ ਤਲੱਫਜ਼ ਪਸੰਦ ਨਹੀਂ ਸੀ ਆਇਆ, ਤੇ ਏਸ ਅਧਾਰ ਉੱਤੇ ਉਸ ਦੀ ਦਰਖਾਸਤ ਨਾਮਨਜ਼ੂਰ ਹੋ ਗਈ ਸੀ। ਤੇ ਹੁਣ ਮੈਂ ਉਸ ਦੇ ਸਾਹਮਣੇ ਇਕ ਘਟੀਆ ਜਿਹੇ ਕੰਮ ਲਈ ਸਵਾਲੀ ਬਣ ਕੇ ਖੜਾ ਸਾਂ। ਮੇਰੀਆਂ ਸਾਰੀਆਂ ਉਮੀਦਾਂ ਤੇ ਪਾਣੀ ਫਿਰ ਗਿਆ। ਪਰ ਉਹ ਵਧੀਆ ਕਿਸਮ ਦਾ ਆਦਮੀ ਸਾਬਤ ਹੋਇਆ। ਉਹਨੇ

ਫੌਰਨ ਮੇਰੀ ਦਰਖਾਸਤ ਮਨਜ਼ੂਰ ਕਰ ਦਿੱਤੀ, ਤੇ ਕੋਈ ਐਸਾ ਬੋਲ ਮੂੰਹ ਉਤੇ ਨਹੀਂ ਲਿਆਂਦਾ ਜਿਸ ਨਾਲ ਮੈਨੂੰ ਪਰੇਸ਼ਾਨੀ ਹੋਵੇ। ਪਰ ਏਸ ਕੰਮ ਵਿਚੋਂ ਵੀ ਮਸਾਂ ਮੈਂ ਪੰਜ-ਛੇ ਸੌ ਹੀ ਕਮਾ ਸਕਿਆ, ਕਿਉਂਕਿ ਰਿਕਾਰਡਿਸਟਾਂ ਨੂੰ ਮੇਰਾ ਬੋਲਣ ਦਾ ਅੰਦਾਜ਼ ਪਸੰਦ ਨਹੀਂ ਸੀ...

ਆਪਣਾ ਮੇਕ-ਅੱਪ ਕੀਤਾ ਮੂੰਹ ਵੇਖਦਿਆਂ ਮੈਨੂੰ ਉਹ ਸਾਰੀਆਂ ਔਕੜਾਂ ਤੇ ਚਿੰਤਾਵਾਂ ਚੇਤੇ ਆਉਣ ਲਗ ਪਈਆਂ। ਪਰ ਮੈਂ ਆਪਣੇ ਆਪ ਨੂੰ ਮਾਯੂਸ ਨਾ ਹੋਣ ਦਾ ਨਿਸਚਾ ਕਰ ਲਿਆ। ਸ਼ੂਟਿੰਗ ਦਾ ਪਹਿਲਾ ਦਿਨ ਸੀ। ਇਕ ਤਰ੍ਹਾਂ ਮੇਰੀ ਕਿਸਮਤ ਦਾ ਅਜ ਇਮਤਿਹਾਨ ਸੀ। ਫਨੀ-ਦਾ ਉੱਪਰ ਚੰਗਾ ਪ੍ਰਭਾਵ ਪਾਉਣ ਉੱਤੇ ਮੈਂ ਤੁੱਲਿਆ ਹੋਇਆ ਸਾਂ। ਪਰ ਫੇਰ ਵੀ, ਮੇਰੇ ਨਾ ਚਾਹੁੰਦਿਆਂ ਹੋਇਆਂ ਵੀ, ਉਹ ਮੇਕ-ਅੱਪ ਮੇਰੇ ਚਿਹਰੇ ਉਤੇ ਬੋਝ ਜਿਹਾ ਬਣਦਾ ਜਾ ਰਿਹਾ ਸੀ। ਇੰਜ ਲਗਦਾ ਸੀ ਜਿਵੇਂ ਮੂੰਹ ਉਤੇ ਥੱਪਣ ਵੇਲੇ ਬਹੁਤ ਸਾਰਾ ਪਾਊਡਰ ਮੇਰੀਆਂ ਅੱਖਾਂ ਵਿਚ ਵੀ ਚਲਾ ਗਿਆ ਹੋਵੇ। ਰਹਿ-ਰਹਿ ਕੇ ਸੋਚ ਸਤਾਉਂਦੀ, ਇਹ ਫਿਲਮਾਂ ਵਾਲੇ ਐਕਟਰ ਨੂੰ ਚਿੱਟੇ ਦੀ ਥਾਂ ਨੀਲੇ ਕੱਪੜੇ ਪੁਆ ਕੇ, ਉਹਦੇ ਮੂੰਹ ਉਤੇ ਏਨਾ ਗੇਰਵਾ ਪਲਸਤਰ ਥੱਪ ਕੇ, ਕਿਵੇਂ ਸੁਭਾਵਕ ਅਦਾਕਾਰੀ ਦੀ ਆਸ ਕਰ ਸਕਦੇ ਹਨ? ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਸੁਭਾਵਕ ਅਦਾਕਾਰੀ ਦੀ ਮੰਜ਼ਲ ਤੇ ਪਹੁੰਚਣ ਲਈ ਕਲਾਕਾਰ ਨੂੰ ਬੇਸ਼ੁਮਾਰ ਅਸੁਭਾਵਕ ਬੰਦਸ਼ਾਂ ਤੇ ਔਕੜਾਂ ਨੂੰ ਨਾ ਕੇਵਲ ਸਵੀਕਾਰਨਾ ਸਗੋਂ ਅਪਨਾਉਣਾ ਵੀ ਪੈਂਦਾ ਹੈ। ਇਸ ਲਈ ਸੁਲਝੇ ਹੋਏ ਅਧਿਐਨ ਤੇ ਸੁਚੱਜੇ ਰਿਆਜ਼ ਦੀ ਲੋੜ ਹੈ। ਮੈਂ ਸੁਭਾਵਕਤਾ ਦਾ ਅਰਥ ਬੰਦਸ਼ਾਂ ਵਲੋਂ ਲਾਪਰਵਾਹ ਹੋ ਕੇ ਉਵੇਂ ਹੀ ਕਰਨਾ ਮਿੱਥਦਾ ਸਾਂ ਜਿਵੇਂ ਜੀਵਨ ਵਿਚ ਵਾਪਰਦਾ ਹੈ। ਨਵੇਂ ਕਲਾਕਾਰਾਂ ਕੋਲੋਂ ਇਹ ਭੁੱਲ ਆਮ ਹੋ ਜਾਂਦੀ ਹੈ, ਤੇ ਮਹਿੰਗੀਆਂ ਕੀਮਤਾਂ ਵਸੂਲ ਕਰਦੀ ਹੈ।

ਮੈਂ ਸੈੱਟ ਉਤੇ ਗਿਆ। ਖੁਸ਼-ਕਿਸਮਤੀ ਨਾਲ ਕੈਮਰਾ ਲਾਂਗ ਸ਼ਾਟ (ਦੂਰ-ਵਰਤੀ ਦ੍ਰਿਸ਼) ਉਤੇ ਰੱਖਿਆ ਹੋਇਆ ਸੀ। ਮੈਂ ਉਹਨੂੰ ਮਨੋਂ ਵਿਸਾਰ ਸਕਦਾ ਸਾਂ। ਸੈੱਟ ਉਤੇ ਆਜ਼ਾਦੀ ਨਾਲ ਏਧਰ ਓਧਰ ਤੁਰ ਫਿਰ ਸਕਦਾ ਸਾਂ, ਬਿਨਾਂ ਰੋਕ-ਟੋਕ ਦੇ ਹੱਥ-ਪੈਰ ਹਿਲਾ ਸਕਦਾ ਸਾਂ।

ਸੀਨ ਇਸ ਪ੍ਰਕਾਰ ਸੀ: ਹੀਰੋ ਬਰਾਂਡੇ ਵਿਚ ਇਕ ਟੇਬਲ-ਲੈਂਪ ਦੇ ਸਹਾਰੇ ਕਿਤਾਬ ਪੜ੍ਹ ਰਿਹਾ ਹੈ। ਮੈਂ, ਉਸ ਦਾ ਫੈਸ਼ਨ-ਪ੍ਰਸਤ ਦੋਸਤ, ਮਸਤਾਨੀ ਅਦਾ ਨਾਲ ਦਰਵਾਜ਼ੇ ਵਿਚੋਂ ਦਾਖਲ ਹੁੰਦਾ ਹਾਂ, ਸਿਰ ਤੋਂ ਹੈਟ ਲਾਹ ਕੇ ਕਿੱਲੀ ਉਪਰ ਸੁੱਟਦਾ ਹਾਂ, ਅਤੇ ਇਕ ਅਰਾਮ-ਕੁਰਸੀ ਉਤੇ ਬਹਿ ਕੇ ਸਿਗਰਟ ਦੇ ਕਸ਼ ਖਿੱਚਦਾ ਹੀਰੋ ਦੇ ਸਨਾਤਨੀ ਵਿਚਾਰਾਂ ਤੇ ਆਦਰਸ਼ਾਂ ਉਪਰ ਵਿਅੰਗ ਕਰਨ ਲਗ ਜਾਂਦਾ ਹਾਂ। ਵਾਰਤਾਲਾਪ ਦਾ ਕੇਵਲ ਇਕ ਵਾਕ ਬੋਲਣ ਪਿਛੋਂ ਸ਼ਾਟ ਕੱਟ ਹੋ ਜਾਣਾ ਸੀ।

ਆਖਦੇ ਹਨ, ਨਵੇਂ ਜੁਆਰੀ ਦਾ ਪਹਿਲਾ ਦਾਅ ਹਮੇਸ਼ਾਂ ਸਿੱਧਾ ਪੈਂਦਾ ਹੈ। ਇਸ ਸ਼ਾਟ ਵਿਚ ਮੈਂ ਇੰਨੀ ਸੁੰਦਰਤਾ ਦਾ ਸਬੂਤ ਦਿੱਤਾ ਕਿ ਹਰ ਪਾਸਿਓਂ ਵਾਹ-ਵਾਹ ਹੋਣ ਲਗ ਪਈ। ਅਰਾਮ-ਕੁਰਸੀ ਉਤੇ ਬੈਠਦਿਆਂ ਹੀ ਮੈਂ ਮੂੰਹ ਵਿਚੋਂ ਸਿਗਰਟ-ਧੂਏਂ ਦੇ ਗੋਲ-ਗੋਲ ਛੱਲੇ ਕੱਢਣ ਲਗ ਪਿਆ ਸਾਂ, ਜੋ ਬੜੀ ਕਰਤੱਬ ਵਾਲੀ ਗੱਲ ਸੀ। ਇਸ ਤੋਂ ਬਾਅਦ ਇਕ-ਦੋ ਹੋਰ ਸ਼ਾਟ ਹੋਏ, ਜਿਨ੍ਹਾਂ ਵਿਚ ਕੈਮਰਾ ਥੋੜ੍ਹਾ ਨਜ਼ਦੀਕ ਆ ਗਿਆ। ਉਹਨਾਂ ਵਿਚ ਵੀ ਮੈਂ ਚੜ੍ਹਦੀਆਂ ਕਲਾਂ ਵਿਚ ਰਿਹਾ, ਜਿਵੇਂ ਦਿਖਾ ਰਿਹਾ ਹੋਵਾਂ ਕਿ ਇਹ ਸਭ ਮੇਰੇ ਵਰਗੇ ਬੀ. ਬੀ. ਸੀ. ਤੋਂ ਆਏ ਕਲਾਕਾਰ ਲਈ ਖੱਬੇ ਹੱਥ ਦੀ ਖੇਡ ਸੀ। ਚੈਨ ਦੇ ਚਿੜੇ ਉਡਾਉਂਦਾ ਮੈਂ ਪਹੁ ਫੁਟਣ ਵੇਲੇ ਘਰ ਪਹੁੰਚਿਆ।

ਤਿੰਨ ਦਿਨ ਪਿਛੋਂ ਏਸੇ ਸੈੱਟ ਉਤੇ ਦਿਨ ਦੀਆਂ ਸ਼ਿਫਟਾਂ ਸ਼ੁਰੂ ਹੋਈਆਂ ਤੇ ਮੈਨੂੰ ਫੇਰ ਯਾਦ ਕੀਤਾ ਗਿਆ। ਸਟੂਡੀਓ ਵਿਚ ਬੜੀ ਚਹਿਲ-ਪਹਿਲ ਵੇਖੀ। ਇਕ ਵਡੇ ਸਾਰੇ ਮਰਦਾਂ ਦਾ ਵਾਰੋ ਵਾਰੀ ਮੇਕ-ਅੱਪ ਕੀਤਾ ਜਾ ਰਿਹਾ ਸੀ, ਤੇ ਬਰਾਂਡਿਓਂ ਪਾਰ ਇਕ ਉਤਨੇ ਹੀ ਵੱਡੇ ਕਮਰੇ ਵਿਚ ਤੀਵੀਂਆਂ ਦਾ, ਜੋ ਇੰਜ ਟਹਿਕ ਰਹੀਆਂ ਸਨ ਜਿਵੇਂ ਕਿਸੇ ਸ਼ਾਦੀ-ਵਿਆਹ ਦਾ ਮੇਲ ਜੁੜਿਆ ਹੋਵੇ। ਮੈਨੂੰ ਵੀ ਮਰਦਾਂ ਵਾਲੇ ਕਮਰੇ ਵਿਚ ਦਾਖਲ ਕਰ ਦਿੱਤਾ ਗਿਆ। ਮੈਨੂੰ ਨਹੀਂ ਸੀ ਪਤਾ ਕਿ ਇਹ ਲੋਕ ਕੌਣ ਸਨ। ਜੇ ਕੋਈ ਦੱਸ ਦੇਂਦਾ ਕਿ ਇਹ "ਐਕਸਟਰਾ" ਹਨ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ ਕਿਉਂਕਿ ਮੈਨੂੰ ਨਹੀਂ ਸੀ ਪਤਾ ਕਿ ਉਹ ਕੀ ਹੁੰਦੇ ਹਨ। ਉਹਨਾਂ ਨੂੰ ਮੇਕ-ਅੱਪ ਕਰਦਿਆਂ ਵੇਖ ਕੇ ਮੈਂ ਇਹੋ ਸੋਚਿਆ ਕਿ ਉਹ ਵੀ ਮੇਰੇ ਜਾਂ ਨਵੀਨ ਯਾਗਨਿਕ ਵਾਂਗ ਕਲਾਕਾਰ ਹਨ। ਜਿਵੇਂ ਸਟੇਜ ਦੀ ਦੁਨੀਆਂ ਵਿਚ ਸਭ ਬਰਾਬਰ ਹੁੰਦੇ ਹਨ, ਭਾਵੇਂ ਕੋਈ ਵੱਡਾ ਕਿਰਦਾਰ ਕਰ ਰਿਹਾ ਹੋਵੇ ਭਾਵੇਂ ਛੋਟਾ, ਇਵੇਂ ਹੀ ਫਿਲਮਾਂ ਵਿਚ ਵੀ ਹੁੰਦਾ ਹੋਵੇਗਾ! ਸੁਣਿਆਂ ਸੀ ਚਾਹ-ਪਾਰਟੀ ਦਾ ਸੀਨ ਸੀ। ਮੇਰੇ ਵਾਂਗ ਇਹ ਲੋਕ ਵੀ ਆਪਣੇ ਘਰੋਂ ਚੰਗੇ-ਚੰਗੇ ਸੂਟ, ਸ਼ੇਰਵਾਨੀਆਂ ਆਦਿ ਪਾ ਕੇ ਆਏ ਸਨ। ਚੰਗੇ-ਚੰਗੇ, ਸੁਹਣੇ-ਸੁਹਣੇ ਲਗ ਰਹੇ ਸਨ। ਬੜੇ ਖਲੂਸ ਵਾਲੇ ਲੋਕ ਸਨ। ਉਹਨਾਂ ਨਾਲ ਵਿਹਲੀਆਂ ਗੱਪਾਂ ਮਾਰਨ ਲਈ ਬੇਹਿਸਾਬ ਵਕਤ ਮਿਲ ਰਿਹਾ ਸੀ। ਥੋੜੇ ਸਮੇਂ ਵਿਚ ਹੀ ਮੇਰੀ ਸਭਨਾਂ ਨਾਲ ਦੋਸਤੀ ਹੋ ਗਈ। ਵਲੈਤੋਂ ਆਇਆ ਹੋਣ ਕਰਕੇ ਮੈਂ ਵੀ ਉਹਨਾਂ ਦਾ ਪ੍ਰਸੰਸਾ ਦਾ ਪਾਤਰ ਬਣ ਗਿਆ ਸਾਂ। ਇਤਨਾ ਪਿਆਰਾ ਤੇ ਸੁਖਾਵਾਂ ਮਾਹੌਲ ਮੈਂ ਕਦੇ ਪੀਪਲਜ਼ ਥੇਟਰ ਵਿਚ ਵੀ ਨਹੀਂ ਸੀ ਵੇਖਿਆ। ਹਰ ਕੋਈ ਮੇਰੇ ਨਾਲ ਬੜਾ ਹੀ ਨਿਮਰ ਤੇ ਨਿੱਘਾ ਪੇਸ਼ ਆ ਰਿਹਾ ਸੀ ਜਿਵੇਂ ਹਰ ਮੁਮਕਿਨ ਢੰਗ ਨਾਲ ਮੇਰੇ ਓਪਰੇਪਣ ਦੇ ਅਹਿਸਾਸ ਨੂੰ ਦੂਰ ਕਰਨਾ ਚਾਹੁੰਦਾ ਹੋਵੇ। ਉਹਨਾਂ ਦੀਆਂ ਗੱਲਾਂ ਤੋਂ ਪਤਾ ਚਲਿਆ ਕਿ ਉਹ ਆਪ ਵੀ ਕੋਈ ਮਾਮੂਲੀ ਆਦਮੀ ਨਹੀਂ ਹਨ। ਇਕ ਨੇ ਦੱਸਿਆ ਕਿ ਸ਼ਹਿਰ ਵਿਚ ਉਸ ਦੀਆਂ ਚਾਰ ਫਰਨੀਚਰ ਦੀਆਂ ਦੁਕਾਨਾਂ ਹਨ। ਸ਼ੂਟਿੰਗ ਲਈ ਤਾਂ ਉਹ ਮਹਿਜ਼ ਸ਼ੌਕ ਪੂਰਾ ਕਰਨ ਲਈ ਕਦੇ-ਕਦੇ ਆ ਜਾਂਦਾ ਹੈ। ਸਗੋਂ ਹੁਣ ਉਹ ਆਪ ਇਕ ਫਿਲਮ ਬਣਾਉਣ ਦਾ ਵਿਚਾਰ ਕਰ ਰਿਹਾ ਹੈ। ਉਸ ਵਿਚ ਵਿਲਨ (ਖਲ-ਨਾਇਕ) ਦਾ ਰੋਲ ਉਹ ਜ਼ਰੂਰ ਮੈਨੂੰ ਦੇਵੇਗਾ, ਕਿਉਂਕਿ ਮੇਰਾ ਚਿਹਰਾ-ਮੁਹਰਾ ਬਿਲਕੁਲ ਇੰਗਲਿਸ਼ ਵਿਲਨਾ ਵਰਗਾ ਲਗਦਾ ਸੀ।

ਹੈਰਾਨੀ ਦੀ ਗੱਲ ਇਹ ਸੀ ਕਿ ਕੇਵਲ ਓਹੀ ਨਹੀਂ ਸਗੋਂ ਉਹਨਾਂ ਵਿਚੋਂ ਹਰ ਆਦਮੀ ਫਿਲਮ ਬਣਾਉਣ ਦਾ ਪ੍ਰੋਗਰਾਮ ਪੱਕਾ ਕਰਕੇ ਬੈਠਾ ਹੋਇਆ ਸੀ। ਹਰ ਕਿਸੇ ਕੋਲ ਕਹਾਣੀ ਮੌਜੂਦ ਸੀ, ਜੋ ਉਹਨੇ ਆਪ ਲਿਖੀ ਸੀ। ਉਹ ਵੱਡੇ-ਵੱਡੇ ਹੀਰੋਆਂ ਦੇ ਨਾਂ ਲੈਂਦਾ, ਜਿਨ੍ਹਾਂ ਨਾਲ ਉਸ ਦੀ ਦੋਸਤੀ ਸੀ, ਤੇ ਜਿਹੜੇ ਉਸ ਦੀ ਫਿਲਮ ਵਿਚ ਕੰਮ ਕਰਨ ਲਈ ਹਾਂ ਕਰ ਚੁੱਕੇ ਸਨ।

ਇਕ ਉੱਚਾ ਲੰਮਾ ਪਠਾਣ ਗੱਭਰੂ, ਜਿਸ ਦਾ ਅਸਲਮ ਨਾਂ ਸੀ, ਬੜਾ ਹਲੀਮ ਬੋਲਦਾ ਸੀ। ਉਹਨੇ ਫਨੀ-ਦਾ ਦੀ ਬਦਖੋਈ ਕਰਨੀ ਸ਼ੁਰੂ ਕੀਤੀ। ਕਹਿਣ ਲੱਗਾ, ਪਹਿਲੀ ਫਿਲਮ ਵਿਚ ਉਹਨਾਂ ਉਸ ਨੂੰ ਇਕ ਨਿੱਕਾ ਰੋਲ ਦਿੱਤਾ ਸੀ, ਇਸ ਵਾਅਦੇ ਉਤੇ ਕਿ ਅਗਲੀ ਫਿਲਮ ਵਿਚ ਮੁੱਖ-ਪਾਤਰ ਤੇ ਉਸ ਤੋਂ ਅਗਲੀ ਵਿਚ ਹੀਰੋ ਦਾ ਰੋਲ ਦੇਣਗੇ। ਉਸ ਹਿਸਾਬ ਉਹਨੇ ਮੌਜੂਦਾ ਫਿਲਮ ਦਾ ਹੀਰੋ ਹੋਣਾ ਸੀ। ਅਖੀਰ ਦਮ ਤੱਕ ਉਹਨੂੰ ਲਾਰਿਆਂ ਵਿਚ ਰੱਖਿਆ ਗਿਆ ਸੀ, ਤੇ ਹੁਣ "ਭਾਈ ਲੋਕਾਂ" ਵਿਚ ਖੜਾ ਕਰ ਦਿਤਾ ਗਿਆ ਸੀ। "ਭਾਈ-ਲੋਕ" ਸ਼ਬਦ ਮੈਨੂੰ ਬੜਾ ਵਚਿੱਤਰ ਲੱਗਾ ਤੇ ਹਾਸਾ ਆਉਣ ਲੱਗਾ। ਪਰ ਮੈਂ ਦੇਖਿਆ ਕਿ ਅਸਲਮ ਦੀਆਂ ਅੱਖਾਂ ਵਿਚੋਂ ਹੰਝੂ ਫੁਟ ਨਿਕਲੇ ਸਨ, ਤੇ ਉਹਨੇ ਜੇਬ ਵਿਚੋਂ ਰੁਮਾਲ ਕਢ ਲਿਆ ਸੀ। ਮੈਂ ਗੰਭੀਰ ਹੋ ਗਿਆ। ਮੇਰੇ ਨਾਲ ਵੀ ਤਾਂ ਫਨੀ-ਦਾ ਨੇ ਹੂਬਹੂ ਇਹੋ ਵਾਅਦਾ ਕੀਤਾ ਹੋਇਆ ਸੀ?

ਯਕੀਨ ਕਰਨਾ ਔਖਾ ਸੀ ਕਿ ਫਨੀ-ਦਾ ਇਹੋ ਜਿਹੀ ਬੇ-ਇਨਸਾਫੀ ਕਰ ਸਕਦੇ ਹਨ, ਮੈਨੂੰ ਉਹਨਾਂ ਦੀ ਸ਼ਖਸੀਅਤ ਉੱਪਰ ਡੂੰਘੀ ਸ਼ਰਧਾ ਸੀ। ਪਰ ਲੁੱਤਫ ਦੀ ਗੱਲ ਇਹ ਕਿ ਅੱਗੇ ਜਾ ਕੇ ਮੇਰੇ ਨਾਲ ਵੀ ਓਹੀ ਕੁਝ ਹੋਇਆ, ਜੋ ਅਸਲਮ ਨਾਲ ਵਾਪਰਿਆ ਸੀ। ਮੈਂ ਵੀ ਆਪਣੀ ਵਾਰੀ ਬੜਾ ਤੜਫਿਆ ਸਾਂ ਤੇ ਫਨੀ-ਦਾ ਨੂੰ ਥਾਂ-ਥਾਂ ਬਹਿ ਕੇ ਕੋਸਿਆ ਸੀ। ਪਰ ਅੱਜ ਮੈਂ ਫਨੀ-ਦਾ ਨੂੰ ਦੋਸ਼ ਨਹੀਂ ਦੇਂਦਾ। ਵੀਹ ਸਾਲ ਇਸ ਤਮਾਸ਼ੇ ਦੀ ਦੁਨੀਆਂ (ਸ਼ੋ-ਬਿਜ਼ਨਸ) ਵਿਚ ਗੁਜ਼ਾਰ ਕੇ ਮੈਂ

ਇਸ ਨਤੀਜੇ ਉੱਪਰ ਪੁਜਿਆ ਹਾਂ ਕਿ ਇਸ ਦਾ ਆਪਣਾ ਵੱਖਰਾ ਇਖਲਾਕ, ਤੇ ਵੱਖਰੇ ਕਾਇਦੇ-ਕਾਨੂੰਨ ਹਨ, ਜਿਨ੍ਹਾਂ ਦੀ ਅਸਲੀਅਤ ਏਸ 'ਆਤਮ ਕਥਾ' ਪੜ੍ਹਨ ਨਾਲ ਪਾਠਕ ਨੂੰ ਹੌਲੀ ਹੌਲੀ ਸਮਝ ਵਿਚ ਆਏਗੀ।

ਪਹਿਲੇ ਦਿਨ ਪਾਰਟੀ-ਸੀਨ ਵਿਚ ਮੇਰਾ ਕੋਈ ਸ਼ਾਟ ਨਾ ਹੋਇਆ, ਤੇ ਸਾਰਾ ਦਿਨ ਧੁੱਪੇ, ਕੁਰਸੀਆਂ ਉੱਤੇ ਕਦੇ ਇਥੇ ਕਦੇ ਓਥੇ ਬਹਿ-ਬਹਿ, ਤੇ ਨਿਕੰਮਾ ਬੋਲ-ਬੋਲ ਕੇ ਮੈਂ ਤੰਗ ਆ ਗਿਆ। ਪਰ ਦੂਜੇ ਦਿਨ ਅਚਾਨਕ ਫਨੀ-ਦਾ ਕੈਮਰਾ-ਮੈਨ ਘੋਸ਼ ਤੇ ਅਮਲੇ ਦੇ ਦੂਜੇ ਕਰਮਚਾਰੀ – ਜੋ ਮੇਰੀ ਹੋਂਦ ਨੂੰ ਇਕ ਦਮ ਭੁਲਾ ਚੁੱਕੇ ਜਾਪਦੇ ਸਨ – ਫੇਰ ਕਰੀਬ ਆ ਗਏ। ਕੈਮਰਾ ਮੇਰੀ ਟੇਬਲ ਤੋਂ ਮਸਾਂ ਤਿੰਨ ਫੁਟ ਦੀ ਵਿੱਥ ਉਤੇ ਰੱਖ ਦਿੱਤਾ ਗਿਆ। ਜਿਤਨੀ ਦੇਰ ਮੇਰੇ ਮੂੰਹ ਉਤੇ ਲਾਈਟਾਂ ਤੇ ਰੀਫਲੈਕਟਰ ਸੁਟਣ ਦਾ ਪ੍ਰਬੰਧ ਹੁੰਦਾ ਰਿਹਾ, ਮੈਨੂੰ ਕਿਸੇ ਨਾ ਗੋਲਿਆ, ਕਿਸੇ ਨਾ ਦੱਸਿਆ ਕਿ ਕੀ ਸ਼ਾਟ ਹੈ, ਕਿਹੜੇ ਸੀਨ ਵਿਚ ਆਂਦਾ ਹੈ, ਜਾਂ ਕਹਾਣੀ ਨਾਲ ਉਸ ਦਾ ਕੀ ਸਬੰਧ ਹੈ। ਇਤਨੀ ਨੇੜਿਓਂ ਝਾਕਦੇ ਕੈਮਰੇ ਨੇ ਮੇਰੇ ਅੰਗਾਂ ਦੀ ਸਾਰੀ ਆਜ਼ਾਦੀ ਖੋਹ ਲਈ। ਮੈਂ ਬੜੀ ਕੋਸ਼ਿਸ਼ ਕਰਦਾ ਲਾਪਰਵਾਹ ਹੋਣ ਦੀ, ਕੈਮਰੇ ਨੂੰ ਅਣਡਿੱਠ ਕਰਨ ਦੀ, ਪਰ ਪਲ ਪਲ ਉਸ ਦੀ ਜਕੜ ਮੇਰੇ ਉਪਰ ਮਜ਼ਬੂਤ ਹੋ ਰਹੀ ਸੀ, ਜਿਵੇਂ ਕੋਈ ਅਜਗਰ ਮੇਰੇ ਦੁਆਲੇ ਵਲਦਾ ਜਾ ਰਿਹਾ ਹੋਵੇ। ਮੈਨੂੰ ਆਪਣੀਆਂ ਸਾਰੀਆਂ ਹਰਕਤਾਂ ਨਕਲੀ ਜਾਪਣ ਲਗ ਪਈਆਂ। ਮੇਰੇ ਸੁਭਾਵਕਤਾ ਦੇ ਵਿਖਾਲੇ ਨੂੰ ਲੋਕ ਅਜੀਬ-ਅਜੀਬ ਨਜ਼ਰਾਂ ਨਾਲ ਵੇਖ ਰਹੇ ਸਨ। ਕੋਈ ਉਸ ਤੋਂ ਪ੍ਰਭਾਵਤ ਨਹੀਂ ਹੋ ਰਿਹਾ। ਇੰਜ ਲਗਦਾ ਸੀ ਜਿਵੇਂ ਸਭ ਮੇਰੀ ਅੰਦਰੂਨੀ ਘਬਰਾਹਟ ਨੂੰ ਤਾੜ ਗਏ ਹੋਣ।

ਫੇਰ ਮੇਰੇ ਅੱਗੇ ਟੇਬਲ ਉਤੇ ਇਕ ਰੋਸਟ ਕੀਤਾ ਪੂਰਾ ਮੁਰਗਾ ਧਰ ਦਿੱਤਾ ਗਿਆ। ਫਨੀ-ਦਾ ਨੇ ਸਮਝਾਇਆ ਕਿ ਕਲੈਪ ਵੱਜਣ ਤੋਂ ਬਾਅਦ ਕੈਮਰੇ ਕੋਲ ਖੜਾ ਅਸਿਸਟੈਂਟ ਉੱਚੀ ਜਿਹੀ ਕਹੇਗਾ "ਲੈਨਿਨ", ਤੇ ਮੈਂ ਉਸ ਵਲ ਹੱਸ ਕੇ ਵੇਖਦਾ ਹੋਇਆ ਮੁਰਗੇ ਨੂੰ ਦੋਵਾਂ ਹੱਥਾਂ ਨਾਲ ਚੁੱਕ ਲਵਾਂਗਾ ਤੇ ਫੇਰ ਮੁਰਗੇ ਵਲ ਦੇਖ ਕੇ ਕਹਾਂਗਾ, "ਜਾਨਵਰ।"

ਲੈਨਿਨ ਜਿਹੇ ਮਹਾਨ ਵਿਅਕਤੀ ਦੇ ਨਾਂ ਨਾਲ ਜਾਨਵਰ ਸ਼ਬਦ ਜੋੜਨਾ ਮੈਨੂੰ ਬੜਾ ਭੱਦਾ ਜਾਪਿਆ। ਪਰ ਇਸ ਬਾਰੇ ਸਵਾਲ-ਜਵਾਬ ਕਿਵੇਂ ਕਰਦਾ, ਜਦ ਕਿ ਸ਼ਾਟ ਲੈਣ ਦੀ ਘੜੀ ਸਿਰ ਉੱਤੇ ਆ ਚੁੱਕੀ ਸੀ। "ਲੈਨਿਨ" ਸ਼ਬਦ ਸ਼ਾਇਦ ਹੀਰੋ ਵਲੋਂ ਬੋਲਿਆ ਜਾ ਰਿਹਾ ਸੀ, ਜਿਸ ਨੂੰ ਕਮਿਊਨਿਸਟ ਵਿਚਾਰਾਂ ਦਾ ਦਿਖਾਇਆ ਗਿਆ ਹੋਵੇਗਾ। ਕਮਿਊਨਿਸਟ ਓਦੋਂ ਲੜਾਈ ਨੂੰ "ਅਵਾਮੀ ਜੰਗ" ਆਖਦੇ ਸਨ ਤੇ ਰੂਸ-ਅਮਰੀਕਨ-ਅੰਗਰੇਜ਼ ਧੜੇ ਦੀ ਜਿੱਤ ਦੇ ਹਾਮੀ ਸਨ। ਇਸ ਦੇ ਵਿਪਰੀਤ ਸੁਭਾਸ਼ ਬੋਸ ਦੇ ਅਨੁਗਾਮੀਂ ਜਰਮਨੀ-ਜਾਪਾਨ ਦਾ ਸਮਰਥਨ ਕਰਦੇ ਤੇ ਕਮਿਊਨਿਸਟਾਂ ਨੂੰ ਗਦਾਰ ਆਖਦੇ ਸਨ। ਕਾਂਗਰਸ ਦੀ ਨੀਤੀ ਦੁਵੱਲੀ ਸੀ। ਉਹ ਲੜਾਈ ਨੂੰ "ਅਵਾਮੀ ਜੰਗ" ਵੀ ਆਖਦੀ ਸੀ, ਪਰ ਕਮਿਊਨਿਸਟਾਂ ਨੂੰ ਗਦਾਰ ਵੀ। ਕੀ ਪਤਾ, ਫਨੀ-ਦਾ ਦਾ ਸੁਭਾਸ਼ਵਾਦੀ ਹੋਣ, ਤੇ ਇਪਟਾ ਦੇ ਇਕ ਮੈਂਬਰ ਕੋਲੋਂ, ਜਿਸ ਨੂੰ ਆਮ ਤੌਰ ਤੇ ਕਮਿਊਨਿਸਟ ਗਿਣਿਆਂ ਜਾਂਦਾ ਸੀ, ਲੈਨਿਨ ਪ੍ਰਤੀ ਅਪਮਾਨ ਸੂਚਕ ਸ਼ਬਦ ਬੁਲਵਾ ਕੇ ਖੁਸ਼ੀ ਪ੍ਰਾਪਤ ਕਰਨਾ ਚਾਹੁੰਦੇ ਹੋਣ, ਜਾਂ ਫਿਲਮ ਦੇ ਸ਼ੁਰੂ ਵਿਚ ਹੀਰੋ ਦੇ ਕਮਿਊਨਿਸਟ ਵਿਚਾਰਾਂ ਦਾ ਮਜ਼ਾਕ ਉਡਾ ਕੇ ਅੰਤ ਉਹਨਾਂ ਨੂੰ ਠੀਕ ਸਿੱਧ ਕਰਨ ਦਾ ਵਿਚਾਰ ਹੋਵੇ, ਕਿਉਂਕਿ ਹੀਰੋ ਆਖਰ ਹੀਰੋ ਹੀ ਹੁੰਦਾ ਹੈ।

ਜ਼ਿਆਦਾ ਸੋਚਣ ਦਾ ਵੇਲਾ ਨਹੀਂ ਸੀ। ਇਕ ਰਾਹ ਸੀ, ਸ਼ਾਟ ਕਰਨ ਤੋਂ ਸਾਫ ਇਨਕਾਰ ਕਰ ਦੇਣਾ। ਦੂਜਾ ਰਾਹ ਸੀ, ਇਹਨਾਂ ਗੱਲਾਂ ਵਲੋਂ ਧਿਆਨ ਹਟਾ ਕੇ ਕੰਮ ਵਿਚ ਜੁੱਟ ਜਾਣਾ। ਦੂਜਾ ਰਾਹ ਫੜਨਾ ਆਸਾਨ ਸੀ। ਮੈਂ ਓਹੀ ਫੜਿਆ। ਪਰ ਇਸ ਦਾ ਮੈਨੂੰ ਅਜ ਤੀਕਰ ਅਫਸੋਸ ਹੈ। ਮੈਨੂੰ ਕਿਸੇ ਸੂਰਤ ਵੀ ਐਸਾ ਸ਼ਬਦ ਮੂੰਹੋਂ ਬੋਲਣ ਲਈ ਰਾਜ਼ੀ ਨਹੀਂ ਸੀ ਹੋਣਾ ਚਾਹੀਦਾ ਜਿਸ ਤੋਂ ਇਕ ਮਹਾਂ ਪੁਰਸ਼ ਦੇ ਅਪਮਾਨ ਦੀ ਸੰਭਾਵਨਾ ਹੋਵੇ। ਇਹ ਮੇਰੀ ਇਖਲਾਕੀ ਕਮਜ਼ੋਰੀ ਸੀ।

ਏਸ ਘਟਨਾ ਤੋਂ ਕੁਝ-ਕੁਝ ਉਸ ਜ਼ਮਾਨੇ ਦੇ ਤੇ ਅੱਜ ਦੇ ਫਿਲਮੀ ਮਾਹੌਲ ਉਪਰ ਵੀ ਰੌਸ਼ਨੀ ਪੈਂਦੀ ਹੈ। ਉਸ ਜ਼ਮਾਨੇ ਦੀਆਂ ਫਿਲਮਾਂ ਵਿਚ ਰਾਜਨੀਤਕ ਤੇ ਸਮਾਜਕ ਵਿਚਾਰਧਾਰਾਵਾਂ ਦਾ ਕਾਫੀ ਸਮਾਵੇਸ਼ ਹੁੰਦਾ ਸੀ। ਅਜ ਇਸ ਗੱਲ ਦਾ ਯਕੀਨ ਕਰਨਾ ਔਖਾ ਹੈ, ਕਿਉਂਕਿ ਹੁਣ ਫਿਲਮਸਾਜ਼ ਕੇਵਲ ਭੰਗ ਘੋਟਦੇ ਹਨ।

ਫਨੀ-ਦਾ ਆਪਣੀ ਓਸੇ ਮਿੱਠੀ ਪਿਆਰ-ਤੱਕਣੀ ਨਾਲ ਮੈਨੂੰ ਨਿਹਾਰ ਰਹੇ ਸਨ। ਪਹਿਲੀ ਰਿਹਰਸਲ ਕੀਤੀ। ਪਹਿਲਾਂ ਮੈਂ "ਲੈਨਿਨ" ਕਹਿਣ ਵਾਲੇ ਵੱਲ ਵੇਖ ਕੇ ਹੱਸਣਾ ਸੀ, ਪਰ ਐਨ ਵੇਲੇ ਸਿਰ ਮੇਰੀਆਂ ਵਰਾਛਾਂ ਸੁੱਕੇ ਚਮੜੇ ਵਾਂਗ ਆਕੜ ਗਈਆਂ, ਤੇ ਖੁਲ੍ਹਣ ਤੋਂ ਸਾਫ ਇਨਕਾਰ ਕਰ ਦਿੱਤਾ। ਫੇਰ ਮੈਂ ਮੁਰਗੇ ਵਲ ਵੇਖ ਕੇ "ਜਾਨਵਰ" ਕਿਹਾ ਤਾਂ ਸਹੀ, ਪਰ ਸਾਊਂਡ ਰੀਕਾਰਡਸਟ ਨੂੰ ਕੁਝ ਸੁਣਾਈ ਨਾ ਦਿਤਾ। ਉਹਨੇ ਉੱਚਾ ਬੋਲਣ ਲਈ ਕਿਹਾ। ਮੈਂ ਇਸ ਅਜੀਬ ਪ੍ਰਸਥਿਤੀ ਉਤੇ ਸਖਤ ਹੈਰਾਨ ਹੋ ਰਿਹਾ ਸਾਂ। ਮੈਂ ਅੰਦਰੋਂ ਹੱਸ ਵੀ ਰਿਹਾ ਸਾਂ ਤੇ ਉੱਚਾ ਵੀ ਬੋਲ ਰਿਹਾ ਸਾਂ। ਪਰ ਦੋਵੇਂ ਕਿਰਿਆਵਾਂ ਬਾਹਰ ਨਿਕਲਣ ਤੋਂ ਇਨਕਾਰ ਕਰ ਰਹੀਆਂ ਸਨ, ਜਿਵੇਂ ਮੇਰਾ ਉਹਨਾਂ ਉਪਰ ਕੋਈ ਕਾਬੂ ਹੀ ਨਾ ਰਿਹਾ ਹੋਵੇ।

ਦੂਜੀ ਰਿਹਰਸਲ ਹੋਈ। ਏਸ ਵਾਰੀ ਮੈਂ ਹੋਰ ਜ਼ੋਰ ਲਾਇਆ। ਇੰਜ ਜਾਪਿਆ, ਜਿਵੇਂ ਐਤਕੀਂ ਮੈਂ ਲੋੜ ਤੋਂ ਵਧ ਜਬਾੜੇ ਖੋਲ੍ਹ ਦਿੱਤੇ ਸਨ ਤੇ ਬੋਲਿਆ ਵੀ ਲੋੜ ਤੋਂ ਵਧ ਉੱਚਾ ਸੀ। ਫੇਰ ਵੀ, ਰਿਹਰਸਲ ਦੇ ਅੰਤ ਵਿਚ ਫਨੀ-ਦਾ ਨੇ 'ਜ਼ਰਾ ਮੁਸਕਰਾ ਕੇ' ਤੇ ਰਿਕਾਰਡਿਸਟ ਨੇ 'ਜ਼ਰਾ ਉੱਚਾ' ਬੋਲਣ ਦੀ ਤਾਕੀਦ ਕੀਤੀ।

ਮੈਂ ਝੁੰਜਲਾ ਕੇ ਫਨੀ-ਦਾ ਨੂੰ ਕਿਹਾ 'ਅਬ ਟੇਕ ਕੀਜੀਏ। ਬਿਲਕੁਲ ਠੀਕ ਆਏਗਾ।"

'ਹਾਂ-ਹਾਂ ਟੇਕ' ਫਨੀ-ਦਾ ਝੱਟ ਸਹਿਮਤ ਹੋ ਗਏ। "ਸਵਾਮੀ, ਮੇਕ-ਅਪ ਠੀਕ ਕਰੋ ਸਾਹਬ ਕਾ।"

ਸਵਾਮੀ ਨੇ ਫੇਰ ਪੌਡਰ ਦਾ ਪੈਡ ਮੇਰੇ ਮੂੰਹ ਤੇ ਫੇਰਨਾ ਸ਼ੁਰੂ ਕੀਤਾ। ਮੈਨੂੰ ਇੰਜ ਲਗਾ, ਜਿਵੇਂ ਪੌਡਰ ਦੀ ਲੱਪ ਭਰ ਕੇ ਉਹ ਮੇਰੀਆਂ ਅੱਖਾਂ ਵਿਚ ਪਾ ਰਿਹਾ ਹੋਵੇ। ਦਿਲ ਕੀਤਾ ਉਹਦੇ ਹੱਥੋਂ ਪੈਡ ਖੋਹ ਕੇ ਦੂਰ ਸੁੱਟ ਪਾਵਾਂ। ਮੈਂ ਆਪਣੇ ਆਪ ਨੂੰ ਸਖਤ ਅਜ਼ਾਬ ਵਿਚ ਫਸਿਆ ਮਹਿਸੂਸ ਕਰ ਰਿਹਾ ਸਾਂ। ਦਿਲ ਕਰਦਾ ਸੀ ਕਿ ਕਿਤੇ ਨੱਠ ਜਾਵਾਂ।

ਸ਼ਾਟ ਹੋਇਆ। ਮੈਂ ਲਫਜ਼ ਬ ਲਫਜ਼ ਹੁਕਮ ਦੀ ਪਾਲਣਾ ਕਰ ਦਿੱਤੀ। ਕਾਇਦੇ ਮੁਤਾਬਿਕ ਸਭ ਠੀਕ ਕਰ ਵਿਖਾਇਆ, ਕਠਪੁਤਲੀ ਵਾਂਗ। ਪਰ ਉਸ ਦੇ ਵਿਚ ਮੇਰਾ ਆਪਣਾ ਕੁਝ ਵੀ ਨਹੀਂ ਸੀ। ਮੇਰੀ ਉਸ ਦਿਨ ਵਾਲੀ ਮਸਤਾਨੀ ਅਦਾ ਪਤਾ ਨਹੀਂ ਕਿੱਥੇ ਜਾ ਗੁਆਚੀ ਸੀ। ਮੇਰਾ ਖਿਆਲ ਸੀ ਕਿ ਫਨੀ-ਦਾ ਮੇਰੀ ਅਲੋਚਨਾ ਕਰਨਗੇ, ਮੈਨੂੰ ਡਾਂਟਣਗੇ, ਪਰ ਉਹਨਾਂ ਸਦਾ ਵਾਂਗ ਬੜੇ ਇਤਮੀਨਾਨ ਨਾਲ ਨਸਵਾਰ ਦੀ ਚੂੰਢੀ ਨੱਕ ਵਿਚ ਚਾੜ੍ਹਦਿਆਂ ਕਿਹਾ, "ਵੈਰੀ ਗੁੱਡ ਸ਼ਾਟ! ਓ. ਕੇ.!" ਸਾਊਂਡ ਵਲੋਂ ਵੀ 'ਓ. ਕੇ.' ਦੀ ਸੂਚਨਾ ਵਿਚ ਦੋ ਸੀਟੀਆਂ ਵੱਜ ਗਈਆਂ। ਹੁਣ ਲੋਕਾਂ ਨੇ ਵਾਰੋ ਵਾਰੀ ਮੈਨੂੰ ਮੁਬਾਰਕ-ਬਾਦ ਦਿੱਤੀ, ਮੇਰੇ ਨਾਲ ਹੱਥ ਮਿਲਾਏ, ਕਿਉਂਕਿ ਫਿਲਮਾਂ ਵਿਚ ਇਹ ਮੇਰਾ ਸਭ ਤੋਂ ਪਹਿਲਾ ਕਲੋਜ਼-ਅੱਪ ਸੀ। ਫਨੀ-ਦਾ ਨੇ ਮੇਰੇ ਹਿਸਾਬ ਵਿਚ ਰਸਗੁੱਲੇ ਮੰਗਵਾ ਕੇ ਸਭ ਨੂੰ ਵੰਡੇ। ਸਭ ਤਾਰੀਫ ਕਰਦੇ ਰਹੇ। ਮੈਂ ਸਖਤ ਹੈਰਾਨ ਹੋ ਰਿਹਾ ਸਾਂ। ਮੈਨੂੰ ਪਤਾ ਸੀ ਕਿ ਉਹ ਝੂਠੀ ਤਾਰੀਫ ਕਰ ਰਹੇ ਹਨ। ਪਰ ਕਿਉਂ? – ਕਿਉਂ? ਮੈਨੂੰ ਸਖਤ ਉਲਝਣ ਹੋ ਰਹੀ ਸੀ।

ਇਹ ਵੀ 'ਤਮਾਸ਼ੇ ਦੀ ਦੁਨੀਆਂ' ਦਾ ਇਕ ਰਾਜ਼ ਹੈ, ਜੋ ਪਾਠਕ ਨੂੰ ਹੌਲੀ-ਹੌਲੀ ਸਮਝ ਵਿਚ ਆਏਗਾ।

ਬੇਸ਼ੱਕ ਉਹ ਝੂਠੀ ਤਾਰੀਫ ਕਰ ਰਹੇ ਸਨ। ਸਟੂਡੀਓ ਦੀ ਦੁਨੀਆਂ ਵਿਚ ਕੋਈ ਕਿਸੇ ਅਗੇ ਸੱਚ ਨਹੀਂ ਬੋਲਦਾ। ਸਭ ਮੂੰਹ ਉਤੇ ਇਕ-ਦੂਜੇ ਦੀ ਸਿਰਫ ਤਾਰੀਫ ਤੇ ਪਿੱਠ ਪਿਛੇ ਸਿਰਫ ਨਿੰਦਿਆ ਕਰਦੇ ਹਨ। ਬਾਹਰ ਵਾਲਿਆਂ ਨੂੰ ਇਹ ਗੱਲ ਸਖਤ ਬੁਰੀ ਲਗਦੀ ਹੈ, ਪਰ ਅੰਦਰ ਵਾਲਿਆਂ ਨੂੰ ਇਸ ਦਾ ਬਹੁਤ

ਆਸਰਾ ਹੈ। ਫਿਲਮ ਲਾਈਨ ਵਿਚ ਕਿਸੇ ਨੂੰ ਮਾਨਸਿਕ ਸੁਰੱਖਿਆ ਨਸੀਬ ਨਹੀਂ। ਸਭ ਛਲਾਵਿਆਂ ਦੇ ਸਹਾਰੇ ਜੀਊਂਦੇ ਹਨ। ਸਭ ਆਪਣੇ-ਆਪਣੇ ਸੁਪਨ-ਬੁਲਬੁਲੇ ਵਿਚ ਰਹਿੰਦੇ ਹਨ। ਇਸ ਕਾਰਨ ਇਕ ਦੂਜੇ ਦਾ ਬੁਲਬੁਲਾ ਤੋੜਨਾ ਕੋਈ ਪਸੰਦ ਨਹੀਂ ਕਰਦਾ। ਇਕ ਤਰ੍ਹਾਂ ਨਾਲ ਆਪਸੀ ਹਮਦਰਦੀ ਦਾ ਪ੍ਰਗਟਾਵਾ ਹੈ ਇਹ। ਫਰਜ਼ ਕਰੋ, ਉਸ ਕਲੋਜ਼-ਅੱਪ ਤੋਂ ਬਾਅਦ ਕਿਸੇ ਇਕ ਆਦਮੀ ਨੇ ਵੀ ਖਰੀ ਗੱਲ ਮੇਰੇ ਮੂੰਹ ਉਤੇ ਕਹਿ ਦਿੱਤੀ ਹੁੰਦੀ। ਸ਼ਾਇਦ ਮੇਰਾ ਹੌਂਸਲਾ ਸਦਾ ਲਈ ਟੁੱਟ ਜਾਂਦਾ। ਅਗਲੇ ਦਿਨ ਮੈਥੋਂ ਕੰਮ ਹੀ ਨਾ ਹੋ ਸਕਦਾ।

ਉਸ ਦਿਨ ਮੈਂ ਸਿਰ ਵਿਚ ਪੀੜ, ਕਮਰ ਵਿਚ ਦਰਦ ਤੇ ਲੱਤਾਂ ਵਿਚ ਚੀਸਾਂ ਲੈ ਕੇ ਮੁੜਿਆ। ਕੈਮਰੇ ਨੇ ਮੈਨੂੰ ਬੜੀ ਸਖਤੀ ਨਾਲ ਆਪਣੀ ਹੋਂਦ ਦਾ ਅਨੁਭਵ ਕਰਾ ਦਿੱਤਾ ਸੀ। ਮੈਂ ਜਾਣ ਗਿਆ ਸਾਂ ਕਿ ਉਸ ਤੋਂ ਬੇਖਬਰ ਨਹੀਂ ਹੋਇਆ ਜਾ ਸਕਦਾ।

ਉਸ ਕਲੋਜ਼-ਅਪ, ਤੇ ਉਸ ਤੋਂ ਬਾਅਦ ਵੰਡੇ ਗਏ ਰਸਗੁੱਲਿਆਂ ਨੇ 'ਭਾਈ ਲੋਕਾਂ' (ਐਕਸਟਰਾਵਾਂ) ਨੂੰ ਅਹਿਸਾਸ ਕਰਾ ਦਿੱਤਾ ਕਿ ਮੈਂ ਉਹਨਾਂ ਵਿਚੋਂ ਨਹੀਂ ਸਾਂ। ਮੇਰਾ ਰਨਿੰਗ ਰੋਲ (ਲੰਮਾ ਪਾਰਟ) ਸੀ। ਇਕ ਦਮ ਉਹਨਾਂ ਨੇ ਮੇਰੇ ਨਾਲ ਬੋਲਣਾ-ਚਾਲਣਾ ਬੰਦ ਕਰ ਦਿਤਾ। ਉਹ ਮੇਰੇ ਲਈ ਅਜਨਬੀ ਹੋ ਗਏ। ਆਪਣੀ ਦੁਨੀਆਂ ਵਿਚੋਂ ਉਹਨਾਂ ਮੈਨੂੰ ਕੱਢ ਦਿਤਾ।

ਉਹ ਦਿਨ ਤੇ ਅਜ ਦਾ ਦਿਨ, ਮੈਨੂੰ ਫੇਰ ਕਦੇ ਐਕਸਟਰਾਵਾਂ ਦੀ ਦੁਨੀਆਂ ਵਿਚ ਝਾਤ ਮਾਰਨ ਦੀ ਖੁਲ੍ਹ ਨਹੀਂ ਮਿਲੀ। ਮੈਂ ਸੋਚਿਆ ਸੀ ਕਿ ਫਿਲਮ ਦੀ ਦੁਨੀਆਂ ਵਿਚ ਉਚ-ਨੀਚ ਦੀਆਂ ਕੋਈ ਕੰਧਾਂ ਨਹੀਂ ਹਨ। ਕਿਤਨੀ ਜ਼ਬਰਦਸਤ ਭੁੱਲ ਸੀ ਮੇਰੀ! ਫਿਲਮ ਇੰਡਸਟਰੀ ਵਿਚ ਤਾਂ ਚੱਪੇ-ਚੱਪੇ ਉਤੇ ਇਹ ਕੰਧਾਂ ਖੜੀਆਂ ਹਨ। ਸਮਾਜ ਦੇ ਹੋਰ ਵਿਭਾਗਾਂ ਵਿਚ ਸ਼ਾਇਦ ਇਹ ਕੰਧਾਂ ਇੱਟ-ਪੱਥਰ ਦੀਆਂ ਬਣੀਆਂ ਹੋਣ, ਪਰ ਹਿੰਦੀ ਫਿਲਮਾਂ ਦੀ ਦੁਨੀਆਂ ਵਿਚ ਇਹ ਜਿਵੇਂ ਫੌਲਾਦ ਦੀਆਂ ਬਣੀਆਂ ਹੋਈਆਂ ਹਨ।

ਅਗਲਾ ਸ਼ਾਟ ਹੀਰੋਇਨ ਸਵਰਨ ਲਤਾ ਨਾਲ ਸੀ। ਉਸ ਨੇ ਮੇਰੇ ਨਾਲ ਰਿਹਰਸਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਸ਼ਾਟ ਵਿਚ ਵੀ ਉਹ ਬੋਲਦੀ ਮੇਰੇ ਨਾਲ ਸੀ, ਪਰ ਵੇਖਦੀ ਕੈਮਰੇ ਵਲ ਸੀ। ਜਿਤਨੀ ਦੇਰ ਉਹ ਸੈੱਟ ਉਤੇ ਰਹੀ, ਮੈਨੂੰ ਇੰਜ ਮਹਿਸੂਸ ਕਰਾਇਆ ਗਿਆ ਜਿਵੇਂ ਮੈਂ ਕਿਸੇ ਗੰਦੀ ਤੇ ਭਿਅੰਕਰ ਬੀਮਾਰੀ ਦਾ ਮਰੀਜ਼ ਸਾਂ, ਜਿਸ ਨਾਲ ਕੋਈ ਨਹੀਂ ਭਿੱਟਣਾ ਚਾਹੁੰਦਾ।

ਕਿਤਨੀ ਮਿੱਠੀ ਤੇ ਸੁਖਾਵੀਂ ਸੀ ਉਹ ਐਕਟਸਰਾਵਾਂ ਦੀ ਦੁਨੀਆਂ, ਜਿਸ ਵਿਚੋਂ ਮੈਂ ਕੱਢਿਆ ਗਿਆ ਸਾਂ, ਜਿਸ ਵਿਚ ਕਿ ਹਰ ਇਕ ਕੰਗਾਲ ਪ੍ਰੋਡੀਊਸਰ ਬਣਨ ਦੇ ਸੁਪਨੇ ਵੇਖਦਾ ਸੀ, ਕਹਾਣੀਆਂ ਲਿਖਦਾ ਸੀ, ਆਪਣੀਆਂ ਸਦੀਵੀ ਨਿਰਾਸ਼ਤਾਵਾਂ ਨੂੰ ਰੰਗ-ਬਰੰਗੀ ਗੇਂਦ ਬਣਾ ਕੇ ਉਛਾਲ ਸਕਦਾ ਸੀ! ਕਿਤਨਾ ਮਨੁੱਖੀ ਨਿੱਘ ਸੀ ਉਸ ਦੁਨੀਆਂ ਵਿਚ! ਕਿਤਨਾ ਅਭੁੱਲ ਸੀ ਉਹ ਅਨੁਭਵ! ਮੈਂ ਉਸ ਨੂੰ ਹਮੇਸ਼ਾਂ ਬੜੇ ਪਿਆਰ ਨਾਲ ਯਾਦ ਕਰਦਾ ਹਾਂ।

***

ਦੇਵਧਰ ਹਾਲ, ਜਿੱਥੇ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਦੀਆਂ ਰਿਹਰਸਲਾਂ ਹੁੰਦੀਆਂ ਸਨ, ਪ੍ਰਗਤੀਸ਼ੀਲ-ਲੇਖਕ-ਸੰਘ ਦੀਆਂ ਗੋਸ਼ਟੀਆਂ ਦਾ ਕੇਂਦਰ ਵੀ ਸੀ। ਪ੍ਰਗਤੀਸ਼ਲਿ-ਲੇਖਕ-ਸੰਘ ਨੇ ਪ੍ਰਗਤੀਸ਼ੀਲ ਵਿਚਾਰਾਂ ਦੀ ਕਿਤਨੀ ਕੁ ਸੇਵਾ ਅਤੇ ਕਿਤਨੀ ਕੁ ਕੁਸੇਵਾ ਕੀਤੀ ਹੈ, ਇਸ ਦਾ ਹਿਸਾਬ ਮੈਂ ਅਜੇ ਤੱਕ ਨਹੀਂ ਲਾ ਸਕਿਆ, ਪਰ ਉਹਨਾਂ ਦੀਆਂ ਮਿਲਣੀਆਂ ਵਿਚ ਕੁਝ ਸੂਝਵਾਨ ਤੇ ਦਿਲ ਦੇ ਚੰਗੇ ਬੰਦਿਆਂ ਨਾਲ ਮੇਰੀ ਜਾਣ-ਪਛਾਣ ਹੋਈ, ਜਿਨ੍ਹਾਂ ਵਿਚੋਂ ਇਕ ਸੀ ਅਯੂਬ ਖਾਨ, ਫਿਲਮ-ਸਟਾਰ ਦਲੀਪ ਕੁਮਾਰ ਦਾ ਵੱਡਾ ਵੀਰ, ਜੋ ਹੁਣ ਇਸ ਸੰਸਾਰ ਵਿਚ ਨਹੀਂ।

ਅਯੂਬ ਪੱਛਮੀ ਪਹਿਰਾਵੇ ਦੀ ਥਾਂ ਦੁੱਧ-ਚਿੱਟੀ ਸਲਵਾਰ-ਕਮੀਜ਼ ਪਾਣ ਦਾ ਸ਼ੌਕੀਨ ਸੀ। ਵੇਖਣ ਵਿਚ ਨਸੀਫ, ਬੀਬਾ, ਮਲੂਕੜਾ ਜਿਹਾ। ਸਿਹਤ ਨਿੱਕਿਆਂ ਹੁੰਦਿਆਂ ਤੋਂ ਕਮਜ਼ੋਰ ਰਹੀ ਸੀ। ਉਮਰ ਦੇ ਸਤਾਈਵੇਂ ਸਾਲ ਵਿਚ ਹੀ ਮਾੜਾ ਜਿਹਾ ਉੜ ਕੇ ਤੁਰਦਾ ਸੀ। ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਂਦਾ ਸੀ, ਜਿਨ੍ਹਾਂ ਵਿਚੋਂ ਹਰ ਚੀਜ਼ ਨੂੰ ਬੜੇ ਧਿਆਨ ਨਾਲ ਤੇ ਅਸਚਰਜ ਨਾਲ ਵੇਖਦਾ, ਜਿਵੇਂ ਭਰੋਸਾ ਨਾ ਹੋਵੇ ਕਿ ਵੇਖਣ ਦੀ, ਕਿਤਨੀ ਕ ਮੁਹਲਤ ਮਿਲੀ ਹੈ। ਮੋਟੇ-ਮੋਟੇ ਬੁੱਲ੍ਹਾਂ ਵਿਚੋਂ ਉਸ ਦਾ ਹਾਸਾ ਇੰਜ ਫੁਟਦਾ ਸੀ, ਜਿਵੇਂ ਕਿਸੇ ਇਕ ਗੱਲ ਉਤੇ ਨਹੀਂ, ਪੂਰੀ ਕਾਇਨਾਤ ਉਤੇ ਹੱਸ ਰਿਹਾ ਹੋਵੇ। ਉਸ ਦੇ ਸ਼ਾਹ-ਕਾਲੇ ਵਾਲ ਘਣੇ ਤੇ ਘੁੰਗਰਿਆਲੇ ਸਨ। ਉਹਨਾਂ ਨੂੰ ਉਹ ਬੜਾ ਸੁਆਰ ਕੇ ਰੱਖਦਾ ਸੀ। ਰਿੰਦੀ ਤੇ ਖਬਤੁਲਵਾਸ ਲੇਖਕੀ ਮਾਹੌਲ ਵਿਚ ਉਸ ਦੀ ਸਵੱਛਤਾ ਤੇ ਕਾਇਦੇਦਾਰੀ ਖਾਹ-ਮਖਾਹ ਧਿਆਨ ਖਿੱਚ ਲੈਂਦੀ ਸੀ। ਸ਼ੈਦ ਇਹੋ ਸਾਡੀ ਦੋਸਤੀ ਦਾ ਬੁਨਿਆਦੀ ਕਾਰਨ ਬਣੀ।

ਅਯੂਬ ਦਾ ਘਰ ਵੀ ਪਾਲੀ ਹਿਲ ਉੱਤੇ ਸੀ – ਚੇਤਨ ਦੇ ਘਰ ਦੇ ਬਿਲਕੁਲ ਨਜ਼ਦੀਕ। ਉਸ ਦੇ ਵਾਲਿਦ ਕਰਾਫੋਰਡ ਮਾਰਕਿਟ ਵਿਚ ਫਲਾਂ ਦਾ ਕਾਰੋਬਾਰ ਕਰਦੇ ਸਨ। ਚਿਰਾਂ ਤੋਂ ਪਿਸ਼ੌਰ ਤੋਂ ਆ ਕੇ ਬੰਬਈ ਵਿਚ ਵੱਸੇ ਹੋਏ, ਅਣਖ ਵਾਲੇ, ਗਰੀਬ ਨਵਾਜ਼, ਤੇ ਮਿਲਣਸਾਰ ਬਜ਼ੁਰਗ ਸਨ। ਉਹਨਾਂ ਦਾ ਪਰਵਾਰ ਪੂਰੀ ਤਰ੍ਹਾਂ ਆਪਣੀ ਪੰਜਾਬੀ ਰਹਿਤ ਦਾ ਪਾਬੰਦ ਸੀ। ਉਹ ਅਯੂਬ ਨੂੰ ਬਹੁਤ ਪਿਆਰ ਕਰਦੇ ਸਨ। ਭਾਵੇਂ ਉਹ ਆਪਣੇ ਭਰਾਵਾਂ ਵਿਚੋਂ ਦੂਜੇ ਨੰਬਰ ਉਤੇ ਸੀ, ਫੇਰ ਵੀ ਉਹਨੂੰ ਆਪਣਾ ਸਲਾਹਕਾਰ ਤੇ ਮਦਦਗਾਰ ਮੰਨਦੇ ਸਨ। ਪ੍ਰਦੇਸ ਵਿਚ, ਜਿਥੋਂ ਦੇ ਦਾਣੇ-ਪਾਣੀ ਨਾਲ ਅਜੇ ਰਬਤ ਨਹੀਂ ਸੀ ਹੋਇਆ, ਅਯੂਬ ਦਾ ਘਰ ਮੇਰੇ ਲਈ ਇਕ ਨਿੱਘੀ ਠਾਹਰ ਬਣ ਗਿਆ।

ਯੂਸਫ (ਦਲੀਪ ਕੁਮਾਰ) ਨੇ ਅਜੇ ਫਿਲਮਾਂ ਵਿਚ ਨਵਾਂ-ਨਵਾਂ ਪੈਰ ਧਰਿਆ ਸੀ ਤੇ ਬਾਂਬੇ ਟਾਕੀਜ਼ ਦੀ ਫਿਲਮ, 'ਜਵਾਰ ਭਾਟਾ' ਵਿਚ ਹੀਰੋ ਦਾ ਰੋਲ ਕਰ ਰਿਹਾ ਸੀ। ਅਯੂਬ ਦਲੀਪ ਤੋਂ ਚਾਰ ਕੁ ਸਾਲ ਵੱਡਾ ਸੀ। ਉਹਨਾਂ ਤੋਂ ਛੋਟਾ ਸੀ ਨਾਸਿਰ ਖਾਨ। ਉਸ ਦੀ ਦੇਵ ਆਨੰਦ ਨਾਲ ਬੜੀ ਯਾਰੀ ਸੀ।

ਇਕ ਦਿਨ, ਸ਼ੈਦ ਅੱਬਾਸ ਦੇ ਕਹਿਣ ਉਤੇ, ਫਿਲਮਿਸਤਾਨ ਵਾਲਿਆਂ ਨੇ "ਜ਼ੁਬੇਦਾ' ਡਰਾਮੇ ਦੇ ਕਲਾਕਾਰਾਂ ਨੂੰ 'ਲੰਚ' ਉਤੇ ਬੁਲਾ ਲਿਆ। ਉਥੇ ਨਿਤਿਨ ਬੋਸ 'ਮਜ਼ਦੂਰ' ਨਾਂ ਦੀ ਇਕ ਫਿਲਮ ਸ਼ੁਰੂ ਕਰਨ ਵਾਲੇ ਸਨ। ਜਿਨ੍ਹਾਂ ਨੇ ਇਹ ਫਿਲਮ ਵੇਖੀ ਹੈ, ਸ਼ੈਦ ਮੇਰੇ ਨਾਲ ਸਹਿਮਤ ਹੋਣਗੇ ਕਿ ਅਜ ਤੀਕਰ ਹਿੰਦੁਸਤਾਨ ਵਿਚ ਜਿਤਨੀਆਂ ਵੀ ਯਥਾਰਥਵਾਦੀ ਫਿਲਮਾਂ ਬਣੀਆਂ ਹਨ, 'ਮਜ਼ਦੂਰ' ਉਹਨਾਂ ਵਿਚ ਪਹਿਲੇ ਨੰਬਰ ਉਤੇ ਆਂਦੀ ਹੈ। ਅਜ ਤੀਕਰ ਹੋਰ ਕਿਸੇ ਫਿਲਮ ਵਿਚ ਮੈਂ ਜਮਾਤੀ ਘੋਲ ਨੂੰ ਇਤਨਾ ਬੇਨਕਾਬ ਹੋਇਆ ਨਹੀਂ ਵੇਖਿਆ। ਸਰਮਾਏਦਾਰ ਕਿਵੇਂ ਹਰ ਮੁਮਕਿਨ ਢੰਗ ਨਾਲ ਮਜ਼ਦੂਰਾਂ ਵਿਚ ਫੁੱਟ ਪਾਉਂਦੇ ਹਨ, ਦਰਮਿਆਨੇ ਤਬਕੇ ਦੇ ਢਿਲ-ਮਿਲ ਯਕੀਨਾਂ ਨੂੰ ਮਿੱਟੀ ਵਿਚੋਂ ਚੁਕ ਕੇ ਸ਼ੀਸ਼ ਮਹਿਲਾਂ ਵਿਚ ਲਿਆਉਂਦੇ ਹਨ, ਤਾਂ ਜੋ ਉਹ ਆਪਣੀ ਜ਼ਮੀਰ ਵੇਚ ਕੇ ਮਜ਼ਦੂਰਾਂ ਦੀ ਰੱਤ ਨਿਚੋੜਨ ਵਿਚ ਮਾਲਕਾਂ ਦੀ ਮਦਦ ਕਰਨ, ਕਿਵੇਂ ਧਰਮ-ਮਜ਼੍ਹਬ ਤੇ ਹੋਰ ਕਈ ਤਰ੍ਹਾਂ ਦੇ ਢੁੱਚਰ ਘਰ ਕੇ ਉਹ ਮਜ਼ਦੂਰਾਂ ਨੂੰ ਵਰਗਲਾਂਦੇ ਹਨ, ਕਿਵੇਂ ਮਜ਼ਦੂਰਾਂ ਦੇ ਸੱਚੇ ਹਿਤੂ ਲੀਡਰਾਂ ਨੂੰ ਮਾਰ-ਮੁਕਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ – ਇਹ ਸਾਰੀਆਂ ਗੱਲਾਂ ਇਤਨੀ ਸਪਸ਼ਟਤਾ ਨਾਲ ਫਿਲਮ ਵਿਚ ਦਰਸਾਈਆਂ ਗਈਆਂ ਸਨ ਕਿ ਸੁਣਿਆ ਹੈ ਕਿ ਬਣਾਉਣ ਵਾਲੇ ਆਪ ਇਸ ਫਿਲਮ ਤੋਂ ਬੇਜ਼ਾਰ ਹੋ ਗਏ ਸਨ। ਕਈ ਸ਼ਹਿਰਾਂ ਦੇ ਸਿਨਮਿਆਂ ਵਿਚੋਂ, ਭਰਪੂਰ ਲੋਕ ਪ੍ਰੀਅਤਾ ਦੇ ਬਾਵਜੂਦ ਇਹ ਫਿਲਮ ਹਟਾ ਲਈ ਗਈ। ਕਾਨਪੁਰ ਵਿਚ, ਮੈਨੂੰ ਇਕ ਦੋਸਤ ਨੇ ਦੱਸਿਆ, ਅੰਗਰੇਜ਼ ਡਿਪਟੀ ਕਮਿਸ਼ਨਰ ਨੇ, ਆਪਣੇ ਕਰੋੜਪਤੀ ਭਾਰਤੀ ਦਰਬਾਰੀਆਂ

ਦੇ ਇਸਰਾਰ ਉੱਤੇ, ਇਹਨੂੰ ਦੂਜੇ ਦਿਨ ਹੀ ਸਿਨੇਮੇ ਤੋਂ ਉਤਰਵਾ ਦਿੱਤਾ ਸੀ, ਅਤੇ ਸਿਨੇਮੇ ਦੇ ਮਾਲਕ ਨੂੰ ਏਸ ਧੱਕੇਸ਼ਾਹੀ ਵਜੋਂ ਬਹੁਤ ਸਾਰਾ ਆਰਥਕ ਨੁਕਸਾਨ ਜਰਨਾ ਪਿਆ ਸੀ।

ਉਸੇ ਜ਼ਮਾਨੇ ਵਿਚ ਬੰਗਾਲ ਵਿਚ ਬਿਮਲ ਰਾਏ "ਹਮਰਾਹੀ" ਬਣਾ ਰਿਹਾ ਸੀ, ਜਿਸ ਵਿਚ ਸਰਮਾਏਦਾਰੀ ਨਜ਼ਾਮ ਦੇ ਖਿਲਾਫ ਵਿਅੰਗ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਪਰ ਅੰਤ ਤੀਕਰ ਬਿਮਲ ਰਾਏ ਯਥਾਰਥਵਾਦ ਨਹੀਂ ਸੀ ਨਿਭਾ ਸਕਿਆ। "ਹਮਰਾਹੀ" ਦੇ ਹੀਰੋ-ਹੀਰੋਇਨ ਵੀ, ਜਿਵੇਂ ਕਿ ਨਿਊ ਥੀਏਟਰਜ਼ ਦੀਆਂ ਫਿਲਮਾਂ ਵਿਚ ਆਮ ਹੁੰਦਾ ਸੀ, ਅਖੀਰਲੇ ਦ੍ਰਿਸ਼ ਵਿਚ ਦੂਰ ਦੁਮੇਲਾਂ ਵਲ ਤੁਰਦੇ ਦਿਖਾਈ ਦੇਂਦੇ ਹਨ, ਜਿਵੇਂ ਸੰਸਾਰ ਦੀਆਂ ਸਮਸਿਆਵਾਂ ਦਾ ਹੱਲ ਪ੍ਰਾਲਬਧ ਉੱਪਰ ਛੱਡ ਦਿੱਤਾ ਗਿਆ ਹੋਵੇ। ਪਰ 'ਮਜ਼ਦੂਰ' ਵਿਚ ਅਜਿਹੇ ਛਾਇਆਵਾਦ ਦਾ ਸਹਾਰਾ ਨਹੀਂ ਸੀ ਲਿਆ ਗਿਆ। ਨਾ ਤਾਂ ਸਰਮਾਏਦਾਰ ਦੀ ਧੀ ਨਾਲ ਹੀਰੋ ਦਾ ਵਿਆਹ ਕਰਾ ਕੇ ਸ਼ੇਰ ਤੇ ਬੱਕਰੀ ਨੂੰ ਇਕੋ ਘਾਟ ਪਾਣੀ ਪਿਆਇਆ ਗਿਆ, ਤੇ ਨਾ ਹੀ ਮਜ਼ਲੂਮਾਂ ਨੂੰ ਆਪਣੀ ਮੰਦਹਾਲੀ ਦਾ ਜ਼ਿੰਮੇਵਾਰ ਆਪ ਠਹਿਰਾਇਆ ਗਿਆ। ਸਗੋਂ ਸਾਫ ਬਿਆਨ ਕੀਤਾ ਕਿ ਮਜ਼ਦੂਰਾਂ ਦੀ ਮੁਕਤੀ ਦਾ ਰਸਤਾ ਕੇਵਲ ਉਹਨਾਂ ਦਾ ਏਕਾ ਹੈ, ਜਿਸ ਦੀ ਮਦਦ ਨਾਲ ਉਹ ਸਰਮਾਏਦਾਰੀ ਨਜ਼ਾਮ ਨੂੰ ਢਾਹ ਕੇ ਸਮਾਜਵਾਦ ਦੀ ਰਾਹ ਉਤੇ ਪਾ ਸਕਦੇ ਹਨ।

ਸ਼ੈਦ ਨਿਤਿਨ ਬੋਸ ਚਾਹੁੰਦੇ ਸਨ ਕਿ ਇਸ ਅਗਾਂਹ-ਵਧੂ ਵਿਚਾਰਾਂ ਵਾਲੀ ਫਿਲਮ ਵਿਚ ਕੰਮ ਵੀ ਅਗਾਂਹਵਧੂ ਵਿਚਾਰਾਂ ਵਾਲੇ ਕਲਾਕਾਰ ਹੀ ਕਰਨ। ਸ਼ਾਇਦ ਏਸੇ ਆਸ਼ੇ ਨਾਲ ਉਹਨਾਂ ਇਸ 'ਲੰਚ' ਦਾ ਪ੍ਰਬੰਧ ਕੀਤਾ ਸੀ।

ਜਦੋਂ ਗੋਰੇਗਾਉਂ ਦੀ ਗੱਡੀ ਫੜਨ ਲਈ ਅਸੀਂ ਬਾਂਦਰਾ ਸਟੇਸ਼ਨ ਉਤੇ ਪੁੱਜੇ, ਤਾਂ ਕਿਤੋਂ ਤੁਰਦਾ-ਫਿਰਦਾ ਨਾਸਿਰ ਖਾਨ ਦੇਵ ਨੂੰ ਆ ਮਿਲਿਆ। ਸਾਡੀ ਟੋਲੀ ਵਿਚ ਸਾਰੇ ਹੀ ਦੇਵ ਤੋਂ ਵੱਡੇ ਤੇ ਚੇਤਨ ਦੇ ਦੋਸਤ ਸਨ, ਜਿਨ੍ਹਾਂ ਤੋਂ ਉਹ ਸੰਗਦਾ ਰਹਿੰਦਾ ਸੀ। ਉਹਨੇ ਨਾਸਿਰ ਨੂੰ ਜ਼ੋਰੀਂ ਆਪਣੇ ਨਾਲ ਲੈ ਲਿਆ।

ਉਸ ਲੰਚ ਦਾ ਨਤੀਜਾ ਬੜਾ ਅਜੀਬ ਨਿਕਲਿਆ। ਸਾਡੇ ਵਿਚੋਂ ਤਾਂ ਨਿਤਿਨ ਬੋਸ ਨੂੰ ਕੋਈ ਨਾ ਜਚਿਆ, ਪਰ ਨਾਸਿਰ ਖਾਨ ਨੂੰ, ਜੋ ਐਵੇਂ ਹੀ ਸਾਡੇ ਨਾਲ ਤੁਰ ਪਿਆ ਸੀ, ਅਗਲੇ ਦਿਨ ਉਹਨਾਂ ਸਟੂਡੀਓ ਬੁਲਾ ਕੇ ਹੀਰੋ ਮਿੱਥ ਲਿਆ। ਜਿਨ੍ਹਾਂ ਨੇ ਉਹ ਫਿਲਮ ਵੇਖੀ ਹੈ, ਉਹ ਜਾਣਦੇ ਹਨ ਕਿ ਨਾਸਿਰ ਖਾਨ ਨੇ ਯਬਲੋਲ ਮਿਲ-ਮੈਨੇਜਰ ਦਾ ਪਾਰਟ, ਬੜੇ ਸਲੀਕੇ ਨਾਲ ਅਦਾ ਕੀਤਾ ਹੈ, ਹਾਲਾਂ ਕਿ ਅਭਿਨੇ-ਕਲਾ ਦਾ ਉਹਨੂੰ ਓਦੋਂ ਕੋਈ ਗਿਆਨ ਨਹੀਂ ਸੀ। ਇਸ ਤੋਂ ਨਾ ਸਿਰਫ ਨਿਤਿਨ ਬੋਸ ਦੇ ਉੱਤਮ ਨਿਰਦੇਸ਼ਕ ਹੋਣ ਦਾ ਸਬੂਤ ਮਿਲਦਾ ਹੈ, ਸਗੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਸਹੀ ਪਾਤਰ ਦੀ ਚੋਣ ਕਿਸੇ ਵੀ ਨਾਟਕ ਜਾਂ ਫਿਲਮ ਦੇ ਪ੍ਰਫੁਲਤ ਹੋਣ ਦੀ ਪਹਿਲੀ ਸ਼ਰਤ ਹੈ।

ਖੈਰ, ਉਸ ਵੇਲੇ ਤਾਂ ਸਾਡਾ ਪ੍ਰਤੀਕਰਮ ਈਰਖਾ ਤੇ ਨਿਰਾਸ਼ਾ ਤੋਂ ਛੁੱਟ ਕੁਝ ਨਹੀਂ ਸੀ। ਖਾਸ ਕਰਕੇ ਦੇਵ ਨੂੰ ਤਾਂ ਉਸ ਵੇਲੇ ਤੋਂ ਉਠਦਿਆਂ-ਬੈਠਦਿਆਂ, ਖਾਂਦਿਆਂ-ਪੀਂਦਿਆਂ ਬਸ ਫਿਲਮਾਂ ਦੇ ਹੀ ਖਾਬ ਆਉਣ ਲਗ ਪਏ। ਉਹ ਆਪਣੇ ਦੋਸਤ ਤੋਂ ਪਿਛਾਂਹ ਨਹੀਂ ਸੀ ਰਹਿਣਾ ਚਾਹੁੰਦਾ।

ਨਾਸਿਰ ਦੇ ਏਸ ਤਰ੍ਹਾਂ ਅਚਿੰਤੇ ਹੀਰੋ ਬਣ ਜਾਣ ਨੂੰ ਭਾਗ ਜਾਗਣ ਦੀ ਗੱਲ ਕਿਹਾ ਜਾ ਸਕਦਾ ਹੈ, ਕਿਉਂਕਿ ਸਾਡੇ ਦੇਸ਼ ਵਿਚ ਲੋਕਾਂ ਦਾ ਭਾਗਾਂ ਵਿਚ ਬੜਾ ਡੂੰਘਾ ਵਿਸ਼ਵਾਸ ਹੈ। ਪਰ ਇਸ ਸਿਲਸਿਲੇ ਵਿਚ ਇਕ ਗੱਲ ਮੈਂ ਜ਼ਰੂਰ ਕਹਾਂਗਾ। ਮੈਂ ਇਹਨਾਂ ਵੀਹਾਂ ਸਾਲਾਂ ਦੇ ਫਿਲਮੀ ਜੀਵਨ ਵਿਚ ਭਾਗ ਸਿਰਫ ਦਰਮਿਆਨੇ ਤਬਕੇ ਦੇ ਲੋਕਾਂ ਦੇ ਖੁਲ੍ਹਦੇ ਵੇਖੇ ਹਨ, ਮਜ਼ਦੂਰ ਜਮਾਤ ਦੇ ਭਾਗ ਖੁਲ੍ਹਦੇ ਕਦੇ ਨਹੀਂ ਵੇਖੇ। ਉਹ ਤਾਂ, ਇੰਜ ਜਾਪਦਾ ਹੈ, ਜਿਵੇਂ ਮਿਹਨਤਾਂ ਕਰਨ ਤੇ ਭੁੱਖੇ ਮਰਨ ਲਈ ਹੀ ਇਸ ਫਿਲਮ ਲਾਈਨ ਵਿਚ ਆਏ ਹਨ। ਹਾਂ, ਦਰਮਿਆਨੇ ਤਬਕੇ ਦਾ ਆਦਮੀ ਜ਼ਰੂਰ ਆਸ ਕਰ ਸਕਦਾ ਹੈ ਕਿ ਕਦੇ ਨਾ ਕਦੇ ਕੋਈ ਸਰਪਰਸਤ ਉਸ ਉਤੇ ਮਿਹਰਬਾਨ ਹੋ ਜਾਏਗਾ ਤੇ ਉਹਦੇ ਭਾਗ ਖੁਲ੍ਹ ਜਾਣਗੇ।

ਕੁਝ ਚਿਰ ਮਗਰੋਂ ਸਾਡੇ ਨਾਲ ਵੀ ਏਸੇ ਤਰ੍ਹਾਂ ਖੁਸ਼-ਗਵਾਰ ਹਾਦਸੇ ਵਾਪਰੇ। ਪ੍ਰਿਥਵੀ ਰਾਜ ਕਪੂਰ ਜੀ ਨੇ ਆਪਣਾ ਪ੍ਰਿਥਵੀ-ਥੀਏਟਰ ਖੋਲ੍ਹਿਆ, ਤੇ ਅਜ਼ਰਾ ਮੁਮਤਾਜ਼ ਤੇ ਦਮਯੰਤੀ ਦੋਵਾਂ ਨੂੰ ਕੰਮ ਦਿੱਤਾ। ਦੱਮੋ ਨੂੰ ਹੁਣ ਪੰਜ ਸੌ ਰੁਪਏ ਮਾਹਵਾਰ ਮਿਲਣ ਲਗ ਪਏ, ਜੋ ਉਸ ਜ਼ਮਾਨੇ ਵਿਚ ਚੰਗੀ ਆਮਦਨੀ ਗਿਣੀ ਜਾ ਸਕਦੀ ਸੀ। ਅਸਾਂ ਝਟ ਜੂਹੂ ਥਿਆਸੋਫੀਕਲ ਕਾਲੋਨੀ ਵਿਚ ਇਕ ਨਿੱਕਾ ਜਿਹਾ ਬੰਗਲਾ ਕਿਰਾਏ ਉਤੇ ਲੈ ਲਿਆ, ਭਾਵੇਂ ਉਸ ਦਾ ਕਿਰਾਇਆ ਸਾਡੀ ਵਿਤੋਂ ਕੁਝ ਬਾਹਰਾ ਸੀ।

ਅੱਜ ਦੇ ਅਤੇ ਉਸ ਜ਼ਮਾਨੇ ਦੇ ਜੂਹੂ ਦੇ ਸਮੁੰਦਰੀ ਇਲਾਕੇ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਓਦੋਂ ਓਤੇ ਆਬਾਦੀ ਨਵੀਂ-ਨਵੀਂ ਵਧਣੀ ਸ਼ੁਰੂ ਹੋਈ ਸੀ ਕੁਝ ਇਕ ਅਮੀਰਾਂ ਦੇ ਤਫਰੀਹੀ ਬੰਗਲਿਆਂ ਨੂੰ ਛਡ ਕੇ ਜ਼ਿਆਦਾ ਵਸੋਂ ਨਾਰੀਅਲ ਦੇ ਫੁਹੜਾਂ ਨਾਲ ਬਣੇ "ਸ਼ੈਕਾਂ" ਵਿਚ ਸੀ। ਬੀ. ਈ. ਐਸ. ਟੀ. ਦੀ ਬਸ-ਸਰਵਿਸ ਵੀ ਅਜੇ ਓਥੇ ਨਹੀਂ ਸੀ ਅੱਪੜੀ। ਬੀ. ਬੀ. ਸੀ. ਨਾਂ ਦੀ ਇਕ ਫਟੀਚਰ ਜਹੀ ਬਸ-ਸਰਵਿਸ ਚਲਦੀ ਸੀ। ਨੀਲੇ ਰੰਗ ਦੀਆਂ ਨਿੱਕੀਆਂ ਜਿਹੀਆਂ ਬੱਸਾਂ ਹੁੰਦੀਆਂ ਸਨ, ਜੋ ਕੋਇਲੇ ਦੀ ਗੈਸ ਨਾਲ ਚਲਦੀਆਂ ਸਨ। ਬਰਸਾਤ ਦੇ ਦਿਨਾਂ ਵਿਚ ਉਹਨਾਂ ਦਾ ਅੱਧੇ ਰਸਤੇ ਫੇਲ੍ਹ ਹੋ ਜਾਣਾ ਆਮ ਜਹੀ ਗੱਲ ਸੀ।

ਸਾਡੀਆਂ ਇਪਟਾ ਦੀਆਂ ਸਰਗਰਮੀਆਂ ਦਿਨੋਂ ਦਿਨ ਵਧ ਰਹੀਆਂ ਸਨ। ਹਰ ਰੋਜ਼ ਸ਼ਾਮ ਨੂੰ ਦੇਵਧਰ ਹਾਲ ਵਿਚ ਰਿਹਰਸਲਾਂ ਹੁੰਦੀਆਂ। ਅਸੀਂ ਮਾਰੋ ਮਾਰ ਕਰਦੇ ਕਦੇ ਚਰਨੀ ਰੋਡ ਤੇ ਕਦੇ ਗਰਾਂਟ ਰੋਡ ਤੋਂ ਸਵਾ ਨੌਂ ਵਜੇ ਵਾਲੀ ਲੋਕਲ ਗੱਡੀ ਫੜਦੇ, ਜੋ ਦਸ ਵਜੇ ਸਾਂਤਾ ਕਰੂਜ਼ ਪਹੁੰਚਦੀ ਸੀ। ਗੱਡੀ ਇਕ ਮਿੰਟ ਵੀ ਲੇਟ ਹੋ ਜਾਏ ਤਾਂ ਅਖੀਰਲੀ ਬੱਸ ਖੁੰਝ ਜਾਂਦੀ ਸੀ। ਬਸਾਂ ਵਾਲਿਆਂ ਨੂੰ ਬੇਲਿਹਾਜ਼ ਹੋਣ ਵਿਚ ਜਿਵੇਂ ਮਜ਼ਾ ਆਉਂਦਾ। ਐਨ ਪੈਰ ਉਤੇ ਆ ਕੇ ਉਹ ਮੁਸਾਫਰਾਂ ਨੂੰ ਠੁੱਠ ਵਿਖਾ ਕੇ ਬੱਸ ਕੱਢ ਲੈ ਜਾਂਦੇ। ਹਫਤੇ ਵਿਚ ਘੱਟੋ ਘੱਟ ਦੋ ਵਾਰੀ ਤਾਂ ਜ਼ਰੂਰ ਸਾਨੂੰ ਸਾਂਤਾਂ ਕਰੂਜ਼ ਤੋਂ ਜੂਹੂ ਤਕ ਪੈਦਲ ਤੁਰਨਾ ਪੈਂਦਾ। ਘਟੋ ਘਟ ਦੋ ਮੀਲ ਦਾ ਪੈਂਡਾ ਸੀ ਉਹ, ਤੇ ਭੁੱਖ ਨਾਲ ਉਸ ਵੇਲੇ ਆਂਦਰਾਂ ਫਟ ਰਹੀਆਂ ਹੁੰਦੀਆਂ। ਮਾੜਾ-ਮੋਟਾ ਝੁਲਸਾ ਦੇਣ ਲਈ ਅਸੀਂ ਭੁੰਨੇ ਹੋਏ ਛੋਲਿਆਂ ਜਾਂ ਮੁੰਗਫਲੀ ਦੀਆਂ ਆਨੇ-ਦੋ-ਆਨੇ ਵਾਲੀਆਂ ਪੁੜੀਆਂ ਖਰੀਦ ਲੈਂਦੇ। ਸਟੇਸ਼ਨਾਂ ਉਤੇ ਛਾਬੜੀਆਂ ਵਾਲੇ ਇਹ ਚੀਜ਼ਾਂ ਆਮ ਵੇਚਦੇ ਹਨ। ਇਕ ਤਾਂ ਉਹ ਸਸਤੀਆਂ ਹੁੰਦੀਆਂ ਹਨ, ਦੂਜੇ ਅਕੇਵਾਂ ਕੱਟਣ ਲਈ ਉਹਨਾਂ ਨੂੰ ਚੱਬਦੇ ਰਹਿਣਾ ਸਹਾਇਕ ਹੁੰਦਾ ਹੈ। ਇਕ ਵਾਰੀ ਕ੍ਰਿਸ਼ਨ ਚੰਦਰ ਨੂੰ ਛੋਲੇ ਚੱਬਣ ਦੀ ਅਜਿਹੀ ਚੰਦਰੀ ਆਦਤ ਪਈ ਕਿ ਉਹਦੀਆਂ ਗੱਲ੍ਹਾਂ ਅੰਦਰ ਛਾਲੇ ਪਏ ਰਹਿੰਦੇ ਸਨ।

ਚੇਤਨ, ਉਮਾ, ਤੇ ਹੋਰ ਵੀ ਸਾਡੇ ਬਹੁਤ ਸਾਰੇ ਮਿੱਤਰ ਇਤਨੀ ਦੂਰ ਜਾ ਕੇ ਰਹਿਣ ਨੂੰ ਮੂਰਖਤਾ ਆਖਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਥੇ ਬਾਂਦਰੇ ਤੋਂ ਚਰਚਗੇਟ ਪੁਜਣ ਵਿਚ ਅੱਧਾ ਘੰਟਾ ਲੱਗਦਾ ਸੀ, ਓਤੇ ਜੂਹੂ ਤੋਂ ਲਗਭਗ ਇਕ ਘੰਟਾ ਲੱਗ ਜਾਂਦਾ ਸੀ। ਜੇ ਹਿਸਾਬ ਲਾਇਆ ਜਾਏ ਕਿ ਸਿਰਫ ਘਰ ਤੋਂ ਸ਼ਹਿਰ ਆਉਣ-ਜਾਣ ਵਿਚ ਮੈਂ ਆਪਣੀ ਜ਼ਿੰਦਗੀ ਦਾ ਕਿਤਨਾ ਹਿੱਸਾ ਬੰਬਈ ਸ਼ਹਿਰ ਵਿਚ ਬਰਬਾਦ ਕਰ ਚੁੱਕਾ ਹਾਂ, ਤਾਂ ਸ਼ਾਇਦ ਦਿਲ ਠੰਠਬਰ ਜਾਏ। ਪਰ ਜੂਹੂ ਵਿਚ ਸਮੁੰਦਰ ਦਾ ਬੜਾ ਸੁਆਦ ਸੀ। ਸਾਡਾ ਪਹਿਲੇ ਦਿਨ ਤੋਂ ਹੀ ਸਮੁੰਦਰ ਨਾਲ ਇਤਨਾ ਮੋਹ ਪੈ ਗਿਆ ਕਿ ਜੂਹੂ ਛੱਡ ਕੇ ਬੰਬਈ ਵਿਚ ਹੋਰ ਕਿਸੇ ਥਾਂ ਇਕ ਰਾਤ ਕੱਟਣੀ ਵੀ ਸਾਨੂੰ ਮਨਜ਼ੂਰ ਨਹੀਂ ਸੀ। ਸਵੇਰ ਸਾਰ ਸਾਡੇ ਦੋਵੇਂ ਬੱਚੇ ਹੱਥ ਵਿਚ ਨਿੱਕੀਆਂ-ਨਿੱਕੀਆਂ ਬਾਲਟੀਆਂ ਫੜ ਕੇ ਮਛੇਰਿਆਂ ਤੋਂ ਆਪਣਾ ਟੈਕਸ ਵਸੂਲ ਕਰਨ ਲਈ ਨੱਠ ਪੈਂਦੇ ਸਨ। ਕੇਕੜਿਆਂ ਨੂੰ ਖੁੱਡਾਂ 'ਚੋਂ ਕੱਢ ਕੇ ਉਂਗਲਾਂ ਵਿਚ ਬੋਚੀ ਫਿਰਨ ਦਾ ਉਹਨਾਂ ਨੂੰ ਖਾਸ ਸ਼ੌਕ ਸੀ। ਸ਼ਬਨਮ ਤਾਂ ਜੀਊਂਦੀਆਂ ਮੱਛੀਆਂ ਨੂੰ ਦੰਦਾਂ ਵਿਚ ਟੁੱਕ ਕੇ ਦਰੜ ਜਾਂਦੀ। ਸਾਨੂੰ ਵੀ ਤਾਰੀਆਂ ਮਾਰਨ ਦਾ ਸੁਆਦ ਆਉਂਦਾ। ਮੈਂ ਸਮਝਦਾ ਹਾਂ ਕਿ ਜਿਤਨੇ ਵਰ੍ਹੇ ਅਸਾਂ ਜੂਹੂ ਦੇ ਦੂਰ ਹੋਣ ਕਰਕੇ ਆਉਣ-ਜਾਣ ਵਿਚ ਜ਼ਾਇਆ ਕੀਤੇ ਹਨ, ਉਤਨੇ ਹੀ ਉਹ ਸਿਹਤ ਲਈ ਉੱਤਮ ਇਲਾਕੇ ਵਿਚ ਰਹਿ ਕੇ ਵਧਾ ਵੀ ਲਏ ਹਨ। ਮਨੁੱਖ ਦੀ

ਆਤਮਾ ਸੀਮਿਤ ਹੋਣ ਕਰਕੇ ਅਸੀਮਤਾ ਦੀ ਜਾਚਕ ਹੈ, ਤੇ ਸਾਗਰ ਵਿਚੋਂ ਇਹ ਅਸੀਮਤਾ ਪ੍ਰਾਪਤ ਹੋ ਜਾਂਦੀ ਹੈ। ਸਾਡਾ ਘਰ ਸਮੁੰਦਰ ਦੇ ਐਨ ਕੰਢੇ ਉਤੇ ਸੀ। ਤੜਕ ਸਾਰ ਛੱਲਾਂ ਦੀ ਗਰਜਣਾ ਜਿਵੇਂ ਸਾਨੂੰ ਵਾਜਾਂ ਮਾਰਨ ਲਗ ਪੈਂਦੀ, ਤੇ ਅਸੀਂ ਨੰਗੇ ਪੈਰੀਂ ਉਠ ਦੌੜਦੇ।

ਗਾਂਧੀ ਜੀ ਨੂੰ ਵੀ ਜੂਹੂ ਨਾਲ ਬੜਾ ਪਿਆਰ ਸੀ। ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ ਉਹ ਕੁਝ ਅਰਸਾ ਜੂਹੂ ਆ ਕੇ ਠਹਿਰੇ ਸਨ। ਸੁਬਹ-ਸ਼ਾਮ ਨਿੱਕੀਆਂ-ਨਿੱਕੀਆਂ ਲਹਿਰਾਂ ਵਿਚ ਉਹਨਾਂ ਲਈ ਕੁਰਸੀ ਡਾਹ ਦਿੱਤੀ ਜਾਂਦੀ, ਜਿਨ੍ਹਾਂ ਵਿਚ ਪੈਰ ਲਟਕਾ ਕੇ ਉਹ ਕਿਤਨਾ-ਕਿਤਨਾ ਚਿਰ ਆਪਣੇ ਵਿਚਾਰਾਂ ਵਿਚ ਮਗਨ ਬੈਠੇ ਰਹਿੰਦੇ। ਰੇਤੇ ਉਪਰ ਟਹਿਲਦੇ ਪਿਆਰੇ ਲਾਲ, ਡਾਕਟਰ ਸੁਸ਼ੀਲਾ ਨਾਇਰ, ਮੀਰਾ ਬੇਨ, ਤੇ ਹੋਰ ਕਿਤਨੇ ਹੀ ਜਣੇ ਸਾਨੂੰ ਦਿੱਸਦੇ। ਅਸੀਂ ਦੂਰੋਂ ਉਹਨਾਂ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦੇ ਤੇ ਉਹਨਾਂ ਦਿਨਾਂ ਨੂੰ ਯਾਦ ਕਰਦੇ, ਜਦੋਂ ਸਾਨੂੰ ਵੀ ਉਹਨਾਂ ਵਾਂਗ ਆਸ਼ਰਮਵਾਸੀ ਹੋਣ ਦਾ ਸੁਭਾਗ ਪ੍ਰਾਪਤ ਸੀ। ਸਾਡਾ ਉੱਡ ਕੇ ਉਹਨਾਂ ਨੂੰ ਮਿਲਣ ਜਾਣ ਤੇ ਦਿਲ ਕਰਦਾ, ਪਰ ਗੈਰਤ ਇਜਾਜ਼ਤ ਨਾ ਦੇਂਦੀ। ਪਤਾ ਨਹੀਂ, ਉਹ ਅਗੋਂ ਸਾਨੂੰ ਅਪਨਾਉਣ ਕਿ ਨਾ। ਇਕ ਦਿਨ ਮੈਥੋਂ ਰਿਹਾ ਨਾ ਗਿਆ ਤੇ ਮੈਂ ਮਿਲਣ ਦੀ ਖਾਹਿਸ਼ ਜ਼ਾਹਿਰ ਕਰਦਿਆਂ ਬਾਪੂ ਵਲ ਇਕ ਖਤ ਪਾ ਹੀ ਦਿਤਾ। ਮੈਨੂੰ ਪਤਾ ਸੀ ਕਿ ਉਹਨਾਂ ਤੀਕ ਪਹੁੰਚਣ ਤੋਂ ਪਹਿਲਾਂ ਖਤ ਹੋਰਨਾਂ ਨਜ਼ਰਾਂ ਹੇਠੋਂ ਵੀ ਲੰਘੇਗਾ। ਮੈਨੂੰ ਜਵਾਬ ਆਉਣ ਦੀ ਬਹੁਤ ਘਟ ਆਸ ਸੀ। ਇਕ ਦਿਨ ਕੁਦਰਤੀ ਮੀਰਾਬੇਨ ਸਾਡੀ ਕਾਲੋਨੀ ਦੇ ਬਿਲਕੁਲ ਕਰੀਬ ਆ ਖੜੀ ਹੋਈ। ਸਾਡੀਆਂ ਨਜ਼ਰਾਂ ਮਿਲੀਆਂ, ਤਾਂ ਉਹਨੇ ਸਾਨੂੰ ਪਛਾਣ ਲਿਆ। ਪਹਿਲਾਂ ਤਾਂ ਉਹ ਬੜਾ ਨਿੱਘਾ ਬੋਲੀ, ਪਰ ਫੇਰ ਝਟ ਉਸ ਦਾ ਰਵੱਈਆ ਬਦਲ ਗਿਆ। ਤਦ ਮੈਨੂੰ ਆਪਣੇ ਖਤ ਦਾ ਜ਼ਿਕਰ ਕਰਨ ਦੀ ਵੀ ਹਿੰਮਤ ਨਾ ਹੋਈ।

ਮੈਨੂੰ ਵਿਸ਼ਵਾਸ ਹੈ ਕਿ ਗਾਂਧੀ ਜੀ ਮੇਰਾ ਤੇ ਦੱਮੋ ਦਾ ਸੇਵਾਗਰਾਮ ਛੱਡ ਕੇ ਵਲੈਤ ਬੀ. ਬੀ. ਸੀ. ਦਾ ਕੰਮ ਕਰਨ ਜਾਣਾ ਮਾਫ ਕਰ ਸਕਦੇ ਸਨ। ਇਹ ਵੀ ਤਾਂ ਸੱਚ ਸੀ ਕਿ ਅਸੀਂ ਭਾਵੇਂ ਉਤੋਂ-ਉਤੋਂ ਹੀ ਸਹੀ, ਉਹਨਾਂ ਦੀ ਰਜ਼ਾ ਨਾਲ ਹੀ ਲੰਡਨ ਰਵਾਨਾ ਹੋਏ ਸਾਂ। ਪਰ ਉਹਨਾਂ ਤੋਂ ਹੇਠਲੇ ਸਾਥੀਆਂ ਦਾ ਸਾਨੂੰ ਮਾਫ ਕਰਨਾ ਅਸੰਭਵ ਸੀ, ਜਦ ਕਿ ਸਾਡੇ ਜਾਣ ਪਿਛੋਂ ਉਹ ਕਿਤਨੀਆਂ ਮੁਸੀਬਤਾਂ ਵਿਚੋਂ ਲੰਘੇ ਸਨ। ਅਸੀਂ ਜ਼ਰਾ ਵੀ ਸੁਕੈਤ ਕਰਨ ਜੋਗੇ ਨਹੀਂ ਸਾਂ।

ਪਰ ਅਸੀਂ ਇਤਨਾ ਆਤਮ-ਗਿਲਾਨੀ ਦਾ ਸ਼ਿਕਾਰ ਵੀ ਨਹੀਂ ਸਾਂ। ਗਾਂਧੀ ਜੀ ਉਪਰ ਸਾਡੀ ਸ਼ਰਧਾ ਇਤਨੀ ਡੂੰਘੀ ਸੀ ਕਿ ਸ਼ਬਦਾਂ ਵਿਚ ਵਰਨਣ ਨਹੀਂ ਸੀ ਕੀਤੀ ਜਾ ਸਕਦੀ। ਖਾਸ ਕਰਕੇ ਦੱਮੋ ਨੂੰ ਤਾਂ ਬਾਪੂ, ਕਸਤੂਰਬਾ, ਆਸ਼ਾ ਦੀਦੀ ਤੇ ਆਰੀਯਮਦਾ ਤੋਂ ਬੇਹਿਸਾਬ ਪਿਆਰ ਮਿਲਿਆ ਸੀ। ਪਰ ਗਾਂਧੀਵਾਦ ਤੋਂ ਸਾਡਾ ਵਿਸ਼ਵਾਸ ਬਹੁਤ ਸਾਰਾ ਉੱਠ ਗਿਆ ਸੀ। ਇਹ ਠੀਕ ਹੈ ਕਿ ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਲਈ ਨਹੀਂ ਸਾਂ ਲੜੇ, ਜੇਲ੍ਹਾਂ ਵਿਚ ਨਹੀਂ ਸਾਂ ਗਏ। ਪਰ ਅਨਗਿਣਤ ਰਾਤਾਂ ਅਸਾਂ ਬੰਬਾਂ ਦੀ ਵਰਖਾ ਹੇਠ ਗੁਜ਼ਾਰੀਆਂ ਸਨ। ਮੌਤ ਨਾਲ ਲੁਕਣਮੀਟੀ ਅਸੀਂ ਵੀ ਖੇਡੇ ਸਾਂ। ਚਾਰ ਸਾਲ ਅਸਾਂ ਉਸ ਯੂਰਪ ਵਿਚ ਗੁਜ਼ਾਰੇ ਸਨ, ਜਿਥੇ ਜੰਗ ਕਰੋੜਾਂ ਜਾਨਾਂ ਨਿਗਲ ਗਈ ਸੀ, ਜਿਥੇ ਨਾਜ਼ੀ ਦਰਿੰਦਿਆਂ ਨੇ ਨਿਰਦੋਸ਼ ਯਹੂਦੀਆਂ ਦੀ ਚਮੜੀ ਨਾਲ ਲੈਂਪਾਂ ਦੇ ਸ਼ੇਡ ਬਣਵਾ ਕੇ ਰਾਖਸ਼ਸ਼ਪਣੇ ਦਾ ਨਵਾਂ ਰਿਕਾਰਡ ਕਾਇਮ ਕੀਤਾ ਸੀ। ਅਤੇ ਸਾਨੂੰ ਯਕੀਨ ਹੋ ਚੁੱਕਾ ਸੀ ਕਿ ਵਰਤਮਾਨ ਯੁਗ ਦਾ ਕਰਾਂਤੀਕਾਰੀ ਫਲਸਫਾ ਮਾਰਕਸਵਾਦ ਹੈ, ਗਾਂਧੀਵਾਦ ਨਹੀਂ, ਤੇ ਨਾ ਹੀ ਕੋਈ ਹੋਰ ਵਾਦ। ਅੱਜ ਤਕ ਮੇਰਾ ਇਹ ਵਿਸ਼ਵਾਸ ਮਜ਼ਬੂਤ ਹੀ ਹੋਇਆ ਹੈ, ਘਟਿਆ ਨਹੀਂ।

ਕਲਾ ਤੇ ਸਾਹਿਤ ਵਿਚ ਯਥਾਰਥਵਾਦ ਦੀ ਵਿਦਿਆ ਮੈਨੂੰ ਕਾਲਿਜ ਵਿਚ ਅੰਗਰੇਜ਼ੀ ਸਾਹਿਤ ਦੇ ਅਧਿਅਨ ਤੋਂ ਮਿਲੀ ਸੀ। ਮੈਂ ਉਸ ਦੇ ਇਤਿਹਾਸ ਨੂੰ ਘੋਖਦਿਆਂ ਇਹ ਵੱਡਮੁੱਲਾ ਸਬਕ ਹਾਸਲ ਕੀਤਾ ਸੀ ਕਿ ਯੂਰਪ ਵਿਚ ਯਥਾਰਥਵਾਦ ਤੋਂ ਪਹਿਲਾਂ ਦੇ ਯੁਗ ਦੀ ਕਲਾ ਵਿਚ ਲੰਬਾਈ ਚੌੜਾਈ ਤਾਂ ਹੁੰਦੀ ਸੀ, ਡੂੰਘਾਈ ਨਹੀਂ ਸੀ ਹੁੰਦੀ, ਜੋ ਕਲਾ ਦੀ ਤੀਜੀ ਮਾਤਰਾ ਹੈ। ਰੈਨੇਸਾਂਸ ਨੇ ਕਲਾ ਵਿਚ ਤੀਜੀ ਮਾਤਰਾ ਲਿਆਂਦੀ ਸੀ।

ਯਥਾਰਥਵਾਦ ਦੀ ਖੂਬੀ ਕਲਾ ਵਿਚ ਇਹ ਤੀਜੀ ਮਾਤਰਾ ਲਿਆਉਣਾ ਹੈ।

ਮੈਂ ਆਪਣੇ ਸਟੇਜ ਤੇ ਫਿਲਮ ਦੇ ਅਭਿਨੇ ਵਿਚ ਇਹੋ ਤੀਜੀ ਮਾਤਰਾ ਲਿਆਉਣ ਦਾ ਸ਼ੌਕੀਨ ਰਿਹਾ ਹਾਂ। ਇਹੋ ਕਲਾਕਾਰ ਲਈ ਸਭ ਤੋਂ ਔਖੀ ਪੌੜੀ ਹੈ, ਤੇ ਇਸੇ ਵਿਚ ਸਿਰਜਣਾ ਦਾ ਅਸਲ ਆਨੰਦ ਭਰਿਆ ਪਿਆ ਹੈ। ਕਲਾਕਾਰ ਆਪਣੇ ਖੇਡੇ ਹੋਏ ਕਿਰਦਾਰ ਨੂੰ ਸਜੀਵਤਾ ਨਾਲ ਦਰਸ਼ਕਾਂ ਅਗੇ ਪੇਸ਼ ਕਰਨਾ ਚਾਹੁੰਦਾ ਹੈ। ਇਕੋ ਥਾਂ ਖਲੋਤੀ ਸਜੀਵਤਾ ਨਹੀਂ, ਬਲਕਿ ਉਹ ਸਜੀਵਤਾ ਜਿਸ ਵਿਚ ਗਤੀ ਹੋਵੇ। ਉਹ ਗਤੀ ਜਿਹੜੀ ਉਸ ਕਿਰਦਾਰ ਨੂੰ ਪੈਰੋ ਪੈਰ ਡੂੰਘਾ ਤੇ ਨਵੀਨ ਕਰਦੀ ਜਾਵੇ।

ਅਜਿਹਾ ਯਥਾਰਥਵਾਦ ਪੈਦਾ ਕਰਨ ਲਈ ਕੇਵਲ ਯੂਰਪ ਵਿਚ ਪੰਦਰ੍ਹਵੀਂ ਸਦੀ ਤੋਂ ਵਿਕਸਤ ਹੁੰਦੀ ਆ ਰਹੀ ਤਕਨੀਕ ਨੂੰ ਹੀ ਸਿੱਖਣ ਤੇ ਸਮਝਣ ਦੀ ਲੋੜ ਨਹੀਂ, ਹਾਲਾਂ ਕਿ ਇਹ ਵੀ ਬੜਾ ਹੀ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਇਹ ਜਾਨਣ ਤੇ ਸਮਝਣ ਦੀ ਵੀ ਲੋੜ ਹੈ ਕਿ ਪਿਛਲੀਆਂ ਸਦੀਆਂ ਵਿਚ ਮਨੁੱਖੀ ਸਮਾਜ ਕਿਹੜੇ ਪਾਸੇ ਜਾ ਰਿਹਾ ਸੀ, ਤੇ ਹੁਣ ਕਿਹੜੇ ਪਾਸੇ ਜਾ ਰਿਹਾ ਹੈ, ਮਨੁੱਖਤਾ ਸਾਹਮਣੇ ਸਭ ਤੋਂ ਅਹਿਮ ਸਵਾਲ ਕੀ ਹਨ, ਤੇ ਉਹਨਾਂ ਦਾ ਹੱਲ ਕਿਥੇ ਲੱਭਿਆ ਜਾ ਸਕਦਾ ਹੈ, ਸਮਾਜ ਵਿਚ ਕਿਹੜੀਆਂ ਪ੍ਰਵਿਰਤੀਆਂ ਮਰ ਰਹੀਆਂ ਹਨ, ਕਿਹੜੀਆਂ ਜਨਮ ਲੈ ਰਹੀਆਂ ਹਨ। ਵਿਅਕਤੀ ਨੂੰ ਸਮਝਣ ਲਈ ਸਮੂਹ ਦਾ ਸਮਝਣਾ ਲਾਜ਼ਮੀ ਹੈ।

ਮੈਂ ਜਿਤਨਾ ਜ਼ਿਆਦਾ ਮਾਰਕਸਵਾਦ ਦਾ ਅਧਿਅਨ ਕਰਦਾ, ਮੇਰੀਆਂ ਦਿਮਾਗੀ ਧੁੰਦਾਂ ਮਿਟਦੀਆਂ, ਚਾਨਣਾ ਹੁੰਦਾ। ਇਕ ਦਿਨ ਮਾਰਕਸ ਦੇ ਮਹਾਨ ਗਰੰਥ, "ਸਰਮਾਇਆ" ਦਾ ਪਹਿਲਾ ਕਾਂਡ ਖੋਲ੍ਹਦਿਆਂ ਹੀ ਮੈਂ ਪੜ੍ਹਿਆ – "ਜਿਨਸ ਸਾਡੀ ਸਵੈਤਾ ਤੋਂ ਬਾਹਰ ਦੀ ਚੀਜ਼ ਹੁੰਦੀ ਹੈ। ਉਹ ਆਪਣੇ ਗੁਣਾਂ ਨਾਲ ਕਿਸੇ ਨਾ ਕਿਸੇ ਪ੍ਰਕਾਰ ਦੀਆਂ ਇਨਸਾਨੀ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਉਹ ਜ਼ਰੂਰਤਾਂ ਸਰੀਰਕ ਹਨ ਕਿ ਮਾਨਸਿਕ।"

ਇਸ ਵਾਕ ਦਾ ਮੇਰੇ ਉਪਰ ਬੜਾ ਡੂੰਘਾ ਅਸਰ ਪਿਆ, ਜਿਵੇਂ ਮੈਨੂੰ ਕਿਸੇ ਅਹਿਮ ਸਮੱਸਿਆ ਦਾ ਹੱਲ ਮਿਲ ਗਿਆ ਹੋਵੇ। ਅਭਿਨੇ-ਕਲਾ ਵੀ ਹੋਰ ਸੰਸਾਰਕ ਕੰਮਾਂ ਵਾਂਗ ਇਕ ਕੰਮ ਹੈ। ਮਿਸਤਰੀ ਮੇਜ਼-ਕੁਰਸੀ ਬਣਾ ਕੇ, ਇੰਜੀਨੀਅਰ ਮਸ਼ੀਨ ਬਣਾ ਕੇ ਮਨੁੱਖ ਦੀ ਕੋਈ ਨਾ ਕੋਈ ਸਰੀਰਕ ਜ਼ਰੂਰਤ ਪੂਰੀ ਕਰਦਾ ਹੈ। ਲੇਖਕ ਨਾਟਕ ਦੀ ਰਚਨਾ ਕਰਕੇ, ਅਭਿਨੇਤਾ ਕਿਸੇ ਪਾਤਰ ਨੂੰ ਖੇਡ ਕੇ ਮਨੁੱਖ ਦੀ ਮਾਨਸਿਕ ਲੋੜ ਪੂਰੀ ਕਰਦਾ ਹੈ। ਦੋਵੇਂ ਤਰ੍ਹਾਂ ਦੇ ਕੰਮ ਇਕੋ ਜਿਤਨੇ ਪਵਿੱਤਰ ਤੇ ਇਕੋ ਜਿਤਨੇ ਹੀ ਸ਼ਲਾਘਾ-ਯੋਗ ਹਨ।

ਸਾਡੇ ਦੇਸ਼ ਵਿਚ ਆਮ ਕਰਕੇ ਇਹ ਧਾਰਨਾ ਬੜੀ ਪੱਕੀ ਬਣੀ ਹੋਈ ਹੈ ਕਿ ਕਲਾ ਇਕ ਰੱਬੀ ਦਾਤ ਹੈ। ਕਲਾਕਾਰ ਬਣਦਾ ਨਹੀਂ, ਜੰਮਦਾ ਹੈ। ਅਭਿਨੇਤਾ ਦੀ ਪ੍ਰੇਰਨਾ ਦਰਗਾਹੋਂ ਆਉਂਦੀ ਹੈ, ਉਸ ਦੇ ਵੱਸ ਦੀ ਚੀਜ਼ ਨਹੀਂ। ਜਿਵੇਂ ਕਿ ਇਕ ਪ੍ਰਾਚੀਨ ਯੂਨਾਨੀ ਫਿਲਾਸਫਰ ਨੇ ਕਿਹਾ ਸੀ, "ਲਿਖਣ ਵੇਲੇ ਕਵੀ ਉਪਰ ਇਕ ਦੈਵਿਕ ਜਨੂੰਨ ਜਿਹਾ ਸਵਾਰ ਹੋ ਜਾਂਦਾ ਹੈ।"

ਮੈਂ ਇਸ ਧਾਰਨਾ ਨੂੰ ਸਦਾ ਲਈ ਤਿਲਾਂਜਲੀ ਦੇ ਦਿੱਤੀ। ਮੈਂ ਸਮਝਦਾ ਹਾਂ ਕਿ ਮੈਂ ਠੀਕ ਹੀ ਕੀਤਾ। ਕਲਾ ਵਿਚ ਅਧਿਆਤਮਵਾਦ ਨੂੰ ਘੁਸੇੜਨ ਵਿਚ ਨੁਕਸਾਨ ਹੀ ਨੁਕਸਾਨ ਹੈ, ਲਾਭ ਕੋਈ ਨਹੀਂ।

ਹਰ ਸਾਲ ਅਸੀਂ ਕਿਤਨੀਆਂ ਹੀ ਅਮਰੀਕਨ ਫਿਲਮਾਂ ਵੇਖਦੇ ਹਾਂ। ਇਹਨਾਂ ਵਿਚ ਕੇਵਲ ਮੁਖ-ਪਾਤਰ ਹੀ ਨਹੀਂ, ਸਗੋਂ ਹਰ ਨਿੱਕੇ ਕਿਰਦਾਰ ਨੂੰ ਇਤਨੀ ਸੁੰਦਰਤਾ ਨਾਲ ਨਿਭਾਇਆ ਜਾਂਦਾ ਹੈ ਕਿ ਅਸੀਂ ਕੋਈ ਨੁਕਸ ਨਹੀਂ ਫੜ ਸਕਦੇ। ਪਰ ਸਾਡੀਆਂ ਹਿੰਦੀ ਫਿਲਮਾਂ ਵਿਚ ਦੋ-ਚਾਰ ਮੁੱਖ-ਪਾਤਰਾਂ ਨੂੰ ਛੱਡ ਕੇ ਕਿਸੇ

ਦਾ ਕੰਮ ਚੱਜ ਦਾ ਵੇਖਣ ਵਿਚ ਨਹੀਂ ਆਉਂਦਾ। ਸਗੋਂ ਕਈ ਵਾਰੀ ਚੰਗੇ ਨਾਮਵਰ ਅਦਾਕਾਰ ਵੀ ਪੈਸੇ ਦੇ ਲਾਲਚ ਵਿਚ ਵੀਹ-ਵੀਹ ਫਿਲਮਾਂ ਦਾ ਇਕੱਠਾ ਬੋਝ ਸਿਰ ਉੱਤੇ ਪਾ ਕੇ ਆਪਣਾ ਮਿਆਰ ਡੇਗ ਲੈਂਦੇ ਹਨ।

ਜੇ ਐਕਟਿੰਗ ਰੱਬੀ ਦਾਤ ਹੈ, ਤਾਂ ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਪਛਮੀ ਦੇਸ਼ਾਂ ਵਿਚ, ਜਿਥੇ ਧਰਮ-ਮਜ਼ਬ ਦੀ ਕੋਈ ਖਾਸ ਪੁਛ-ਪ੍ਰਤੀਤ ਨਹੀਂ, ਇਹ ਦਾਤ ਹਰ ਕਿਸੇ ਨੂੰ ਇਤਨੀ ਆਸਾਨੀ ਨਾਲ ਮਿਲ ਜਾਂਦੀ ਹੈ, ਤੇ ਸਾਡੇ ਦੇਸ਼ ਵਿਚ ਵਿਰਲਿਆਂ ਨੂੰ, ਜਿਥੇ ਦਿਨੇਂ ਰਾਤੀਂ ਧਾਰਮਿਕਤਾ ਦੇ ਟੱਲ ਖੜਕਦੇ ਹਨ? ਨਹੀਂ, ਅਭਿਨੇ-ਕਲਾ ਕੇਵਲ ਆਰਟ ਨਹੀਂ, ਸਾਇੰਸ ਵੀ ਹੈ। ਵਿਗਿਆਨਕ ਢੰਗ ਨਾਲ ਅਧਿਅਨ ਤੇ ਅਭਿਆਸ ਕਰਕੇ ਕੋਈ ਵੀ ਸ਼ਖਸ ਇਕ ਚੰਗਾ ਅਦਾਕਾਰ ਬਣ ਸਕਦਾ ਹੈ।

ਪਰ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਬੰਦੇ ਨੂੰ ਜਮਾਂਦਰੂ ਕੁਝ ਮਿਲਦਾ ਹੀ ਨਹੀਂ। ਹਰ ਕਿਸੇ ਦੇ ਸੰਸਕਾਰ ਇਕੋ ਜਿਹੇ ਨਹੀਂ ਹੁੰਦੇ। ਕੋਈ ਚੰਗਾ ਸਾਇੰਸਦਾਨ ਬਣਨ ਦੀ ਪ੍ਰਤਿਭਾ ਲੈ ਕੇ ਜੰਮਦਾ ਹੈ, ਕੋਈ ਹਿਸਾਬਦਾਨ, ਕੋਈ ਖਿਡਾਰੀ, ਕੋਈ ਚਿੱਤਰਕਾਰ, ਕੋਈ ਸੰਗੀਤਕਾਰ, ਤੇ ਕੋਈ ਅਭਿਨੇਤਾ। ਸੰਪੂਰਨਤਾ ਨਾਲ ਓਸੇ ਸ਼ਖਸ ਦਾ ਵਿਕਾਸ ਹੋ ਸਕਦਾ ਹੈ, ਜਿਸ ਦੀ ਅੰਦਰੂਨੀ ਪ੍ਰਤਿਭਾ ਨੂੰ ਛੋਟੀ ਉਮਰ ਤੋਂ ਫਲਣ-ਫੁੱਲਣ ਦਾ ਮਾਹੌਲ ਮਿਲੇ। ਪਰ ਇਹ ਸਹੂਲਤ ਸਾਡੇ ਦੇਸ਼ ਵਿਚ ਕਿਤਨਿਆਂ ਨੂੰ ਮਿਲਦੀ ਹੈ? ਗਰੀਬੀ, ਅਗਿਆਨ, ਬੀਮਾਰੀ ਰਾਹੀਂ ਬਹੁਤਿਆਂ ਦੀਆਂ ਰੀਝਾਂ ਬਚਪਨ ਵਿਚ ਹੀ ਕੁਚਲੀਆਂ ਜਾਂਦੀਆਂ ਹਨ।

ਅਭਿਨੇਤਾ, ਲੇਖਕ, ਜਾਂ ਕਵੀ ਬਣਨ ਲਈ ਕਲਪਨਾ ਦਾ ਤੀਖਣ ਹੋਣਾ ਲਾਜ਼ਮੀ ਹੈ। ਕਈ ਬੱਚਿਆਂ ਦੀ ਕਲਪਨਾ ਅਸਲੋਂ ਬੜੀ ਤੀਬਰ ਹੁੰਦੀ ਹੈ, ਤੇ ਸੁੱਘੜ ਮਾਪੇ ਅਤੇ ਅਧਿਆਪਕ ਉਹਨੂੰ ਝੱਟ ਪਛਾਣ ਜਾਂਦੇ ਹਨ। ਅਜਿਹੇ ਬੱਚਿਆਂ ਵਿਚ ਅਗਾਂਹ ਜਾ ਕੇ ਆਰਟ ਦੇ ਮੈਦਾਨ ਵਿਚ ਸਿਖਰਾਂ ਛੂਹਣ ਦੀ ਕਾਬਲੀਅਤ ਹੁੰਦੀ ਹੈ। ਚੰਗਾ ਅਦਾਕਾਰ ਤਾਂ ਹਰ ਕੋਈ ਬਣ ਸਕਦਾ ਹੈ, ਪਰ ਸਿਖਰੀ ਕਲਾਕਾਰ ਗਿਣੇ-ਚੁਣੇ ਵਿਅਕਤੀ ਹੀ ਬਣ ਸਕਦੇ ਹਨ।

ਪਰ ਕੌਣ ਪੇਸ਼ਗੀ ਕਹਿ ਸਕਦਾ ਹੈ ਕਿ ਕਿਸ ਨੇ ਸਿਖਰੀ ਕਲਾਕਾਰ ਬਣਨਾ ਹੈ ਤੇ ਕਿਸ ਨੇ ਸਾਧਾਰਨ? ਚੰਗਾ ਇਹੀ ਹੈ ਕਿ ਇਨਸਾਨ ਆਪਣੇ ਆਪ ਨੂੰ ਅਸਾਧਾਰਨ ਸਮਝਣ ਦੀ ਥਾਂ ਸਾਧਾਰਨ ਹੀ ਸਮਝੇ ਤੇ ਦਰਗਾਹੀ ਪ੍ਰਤਿਭ ਤੇ ਪ੍ਰੇਰਨਾ ਉਪਰ ਭਰੋਸਾ ਕਰਨ ਦੀ ਥਾਂ ਆਪਣੀ ਲਗਨ ਤੇ ਮਿਹਨਤ ਉਪਰ ਭਰੋਸਾ ਕਰੇ।

ਮੈਂ ਜਦੋਂ ਆਪਣੇ ਬਚਪਨ ਵਲ ਨਜ਼ਰ ਦੁੜਾਉਂਦਾ ਹਾਂ, ਤਾਂ ਯਾਦ ਆਉਂਦਾ ਹੈ ਕਿ ਮੇਰੀ ਕਲਪਨਾ ਬੜੀ ਤੀਬਰ ਸੀ। ਆਮ ਤੌਰ ਉਤੇ ਬੱਚਿਆਂ ਦੀਆਂ ਖੇਡਾਂ ਵੱਡਿਆਂ ਦੇ ਕੰਮਾਂ ਦੀ ਨਕਲ ਹੁੰਦੀਆਂ ਹਨ। ਪਰ ਮੈਂ ਇਸ ਨਕਲ ਨੂੰ ਇਤਨਾ ਅਸਲੀ ਬਣਾ ਲੈਂਦਾ ਸਾਂ ਕਿ ਵਡੇ ਵੀ ਬੜੇ ਸ਼ੌਂਕ ਨਾਲ ਮੇਰੀਆਂ ਖੇਡਾਂ ਵਿਚ ਸ਼ਾਮਲ ਹੋਣ ਲੱਗ ਜਾਂਦੇ ਸਨ।

ਪੜ੍ਹਾਈ ਵਿਚ ਮੇਰੀ ਜ਼ਿਆਦਾ ਰੁਚੀ ਜ਼ਬਾਨਾਂ ਵਲ ਸੀ। ਸੰਸਕ੍ਰਿਤ ਮੈਨੂੰ ਚੰਗੀ ਲਗਦੀ ਸੀ। ਅੱਠਾਂ-ਦਸਾਂ ਵਰ੍ਹਿਆਂ ਦੀ ਉਮਰ ਵਿਚ ਮੈਂ ਬਾਲਮੀਕੀ ਰਾਮਾਇਣ ਪੜ੍ਹ ਗਿਆ ਸਾਂ। ਉਸੇ ਵਜ਼ਨ ਦੇ ਮੈਂ ਇਕ ਵਾਰੀ ਸ਼ਲੋਕ ਵੀ ਲਿਖ ਕੇ ਆਰੀਆ ਸਮਾਜ ਦੇ ਵਾਰਸ਼ਿਕ ਉਤਸਵ ਵਿਚ ਪੜ੍ਹੇ ਸਨ। ਸਭ ਤੋਂ ਜ਼ਿਆਦਾ ਮਜ਼ਾ ਮੈਨੂੰ ਸਕੂਲ ਵਿਚ ਉਸ ਵੇਲੇ ਆਉਂਦਾ, ਜਦੋਂ ਮਾਸਟਰ ਜੀ, ਨਿੱਕੇ-ਨਿੱਕੇ ਸੰਕੇਤੀ ਵਾਕ ਲਿਖਾ ਕੇ ਉਹਨਾਂ ਦੇ ਆਧਾਰ ਉਤੇ ਮੈਨੂੰ ਕੋਈ ਕਹਾਣੀ ਲਿਖਣ ਲਈ ਆਖਦੇ। ਸਾਹਿਤ ਦੀਆਂ ਪਾਠ-ਪੁਸਤਕਾਂ ਮੈਨੂੰ ਸ਼ੁਰੂ ਤੋਂ ਅਖੀਰ ਤਕ ਆਪ-ਮੁਹਾਰੇ ਯਾਦ ਹੋ ਜਾਂਦੀਆਂ ਸਨ।

ਮੇਰੀ ਸਾਹਿਤਕ ਰੁਚੀ ਨੂੰ ਮਾਪਿਆਂ ਤੇ ਉਸਤਾਦਾਂ ਵਲੋਂ ਵੀ ਚੰਗੀ ਪ੍ਰੇਰਨਾ ਮਿਲਦੀ ਰਹੀ। ਇਸੇ ਕਰਕੇ ਮੈਂ ਅੰਗਰੇਜ਼ੀ ਸਾਹਿਤ ਦਾ ਐਮ. ਏ. ਕੀਤਾ, ਤੇ ਕਾਲਿਜ ਵਿਚੋਂ ਨਿਕਲਣ ਸਾਰ ਹੀ ਕਹਾਣੀਆਂ ਤੇ ਕਵਿਤਾਵਾਂ ਲਿਖਣੀਆਂ ਅਰੰਭ ਦਿਤੀਆਂ। ਮੈਨੂੰ ਸਦਾ ਤੋਂ ਸ਼ੌਂਕ ਸਾਹਿਤਕਾਰ ਬਣਨ ਦਾ ਹੀ ਰਿਹਾ ਹੈ। ਜਿਵੇਂ ਕਿ ਮੈਂ ਪਹਿਲਾਂ ਕਹਿ ਆਇਆ ਹਾਂ, ਫਿਲਮ-ਐਕਟਰ ਤਾਂ ਮੈਂ ਸੰਜੋਗਵਸ਼ ਹੀ ਬਣ ਗਿਆ।

ਅਜ ਕੋਈ ਮੇਰੀਆਂ ਸ਼ੁਰੂ-ਸ਼ੁਰੂ ਦੀਆਂ ਫਿਲਮਾਂ ਵੇਖੇ। ਉਹਨਾਂ ਵਿਚ ਮੇਰਾ ਕੰਮ ਇਤਨਾ ਘਟੀਆ ਦਰਜੇ ਦਾ ਹੈ ਕਿ ਕੋਈ ਯਕੀਨ ਨਹੀਂ ਕਰ ਸਕੇਗਾ ਕਿ ਇਹ ਆਦਮੀ ਕਦੇ ਚੰਗਾ ਅਦਾਕਾਰ ਬਣ ਸਕਦਾ ਹੈ। ਮੇਰੇ ਕਈ ਮਿੱਤਰ, ਜਿਹੜੇ ਮੇਰੇ ਨਾਲ ਫਿਲਮਾਂ ਵਿਚ ਦਾਖਲ ਹੋਏ, ਇਤਨਾ ਵਧੀਆਂ ਅਭਿਨੇ ਕਰਦੇ ਸਨ ਕਿ ਉਹਨਾਂ ਦੇ ਛੜੱਪਾ ਮਾਰ ਕੇ ਸ਼ੁਹਰਤ ਦੇ ਸਤਵੇਂ ਅਸਮਾਨ ਜਾ ਚੜ੍ਹਨ ਦਾ ਕਿਸੇ ਨੂੰ ਵੀ ਸੰਦੇਹ ਨਹੀਂ ਸੀ। ਪਰ ਦੁਰਭਾਗਵੱਸ਼ ਉਹ ਆਪਣੇ ਵਿਲੱਖਣ ਵਿਅਕਤੀ ਹੋਣ ਦੇ ਵਹਿਮ ਦਾ ਸ਼ਿਕਾਰ ਹੋ ਗਏ। ਅਭਿਨੇ-ਕਲਾ ਦਾ ਵਿਗਿਆਨਕ ਢੰਗ ਨਾਲ ਅਧਿਅਨ ਕਰਨ ਦੀ ਥਾਂ ਉਹ ਦਰਗਾਹੋਂ ਪ੍ਰੇਰਨਾ ਦੀ ਉਡੀਕ ਕਰਦੇ। ਜਿਹੜਾ ਕਿਰਦਾਰ ਉਹਨਾਂ ਖੇਡਣਾ ਹੁੰਦਾ, ਉਹਨਾਂ ਦੇ ਵਿਚਾਰ ਵਿਚ ਉਹ ਕਿਸੇ ਅਲੋਕਿਕ ਢੰਗ ਨਾਲ ਆਪਣੇ ਆਪ ਉਹਨਾਂ ਅੰਦਰ ਪ੍ਰਵੇਸ਼ ਕਰ ਜਾਂਦਾ ਸੀ। ਕਦੇ ਉਹ ਸ਼ਾਟ ਤੋਂ ਪਹਿਲਾਂ ਸਮਾਧੀ ਲਾ ਕੇ ਉਸ ਦੀ ਆਮਦ ਨੂੰ ਉਡੀਕਦੇ, ਤੇ ਕਦੇ ਸ਼ਰਾਬ ਜਾਂ ਕਿਸੇ ਹੋਰ ਮਾਦਕ ਦ੍ਰਵ ਦੀ ਸ਼ਰਣ ਲੈਂਦੇ। ਸੋ, ਉਹ ਤਰੱਕੀ ਨਹੀਂ ਕਰ ਸਕੇ, ਪਰ ਮੈਂ ਆਪਣੀ ਸਾਧਾਰਨ ਪ੍ਰਤਿਭਾ ਦੇ ਬਾਵਜੂਦ ਉਹਨਾਂ ਤੋਂ ਜ਼ਿਆਦਾ ਸਫਲ ਰਿਹਾ।

ਜਿਨ੍ਹਾਂ ਲੋਕਾਂ ਨੂੰ ਮਾਰਕਸਵਾਦ ਦਾ ਗਿਆਨ ਨਹੀਂ, ਉਹ ਇਹਨੂੰ ਕੇਵਲ ਇਕ ਰਾਜਨੀਤਕ ਸਿਧਾਂਤ ਸਮਝ ਛਡਦੇ ਹਨ, ਜੋ ਇਕ ਬਹੁਤ ਵਡੀ ਭੁੱਲ ਹੈ। ਮਾਰਕਸਵਾਦ ਵਾਸਤਵ ਵਿਚ ਇਕ ਦਰਸ਼ਨ ਹੈ, ਫਲਸਫਾ ਹੈ, ਜੋ ਪ੍ਰਾਕਿਰਤਕ ਤੇ ਸੰਸਾਰਕ ਜੀਵਨ ਦੇ ਹਰ ਪਹਿਲੂ ਨੂੰ ਵਿਗਿਆਨਕ-ਢੰਗ ਨਾਲ ਰੁਸ਼ਨਾਉਂਦਾ ਹੈ। ਹਰ ਕਲਾਕਾਰ ਨੂੰ ਇਹ ਜਾਣਨ ਦੀ ਖਾਹਿਸ਼ ਹੁੰਦੀ ਹੈ ਕਿ ਉਸ ਦੀ ਕਲਾ ਦਾ ਸਮਾਜ ਵਿਚ ਕੀ ਮਹੱਤਵ ਹੈ। ਕੀ ਉਸ ਮਹੱਤਵ ਅਨੁਸਾਰ ਉਸ ਨੂੰ ਉਹ ਸਥਾਨ ਪ੍ਰਾਪਤ ਹੈ, ਜੋ ਉਸ ਨੂੰ ਮਿਲਣਾ ਚਾਹੀਦਾ ਹੈ? ਇਸ ਦਿਸ਼ਾ ਵਿਚ ਮਾਰਕਸਵਾਦ ਭੁਲੇਖਿਆਂ ਨੂੰ ਦੂਰ ਕਰਕੇ ਅਸਲੀਅਤ ਉਪਰ ਪ੍ਰਕਾਸ਼ ਪਾਉਂਦਾ ਹੈ। ਵਰਤਮਾਨ ਯੁਗ ਵਿਚ ਮਾਰਕਸਵਾਦ ਦਾ ਅਧਿਅਨ, ਮੇਰੀ ਰਾਏ ਵਿਚ, ਇਕ ਕਲਾਕਾਰ ਲਈ ਵੀ ਉਤਨਾ ਹੀ ਉਪਯੋਗੀ ਹੈ, ਜਿਤਨਾ ਇਕ ਸਮਾਜ-ਸ਼ਾਸਤਰੀ ਲਈ।

ਮਾਰਕਸਵਾਦ ਨੇ ਭਾਸ਼ਾ ਦੇ ਸਵਾਲ ਨੂੰ ਵੀ ਵਿਗਿਆਨਕ ਢੰਗ ਨਾਲ ਵੇਖਣ ਦੀ ਮੈਨੂੰ ਸਮਰਥਾ ਬਖਸ਼ੀ। ਟੈਗੋਰ ਤੇ ਗਾਂਧੀ ਜੀ ਵਰਗੇ ਮਹਾਂਪੁਰਸ਼ਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਪਹਿਲਾਂ ਹੀ ਇਸ ਨਜ਼ਰੀਏ ਵਲ ਆ ਰਿਹਾ ਸਾਂ ਕਿ ਹਰ ਕਲਾਕਾਰ ਜਾਂ ਸਾਹਿਤਕਾਰ ਲਈ ਉਸ ਦੀ ਆਪਣੀ ਮਾਂ-ਬੋਲੀ ਤੇ ਆਪਣਾ ਮਾਤਰੀ ਸਭਿਆਚਾਰ ਹੀ ਸਭ ਤੋਂ ਉੱਤਮ ਮਾਧਿਅਮ ਹੁੰਦੇ ਹਨ। ਮਾਰਕਸਵਾਦ ਦੇ ਅਧਿਅਨ ਨੇ ਮੇਰਾ ਇਹ ਵਿਸ਼ਵਾਸ ਹੋਰ ਵੀ ਮਜ਼ਬੂਤ ਬਣਾਇਆ।

"ਜ਼ੁਬੈਦਾ" ਦੀ ਕਾਮਯਾਬੀ ਪਿਛੋਂ ਇਪਟਾ ਦੇ ਸਾਥੀ ਮੇਰੀ ਹਰ ਗੱਲ ਮੰਨਣ ਲਈ ਤਿਆਰ ਸਨ। ਮੈਂ ਇਸ ਗੱਲ ਉਪਰ ਜ਼ੋਰ ਪਾਇਆ ਕਿ ਅਲੱਗ-ਅਲੱਗ ਭਾਸ਼ਾਵਾਂ ਦੀਆਂ ਅਲੱਗ-ਅਲੱਗ ਟੋਲੀਆਂ ਬਣਾਈਆਂ ਜਾਣ। ਸਿਧਾਂਤਕ ਤੌਰ ਉਤੇ ਇਹ ਅਸੂਲ ਇਪਟਾ ਵਿਚ ਪਹਿਲਾਂ ਤੋਂ ਹੀ ਪਰਵਾਨਿਤ ਸੀ, ਪਰ ਹੁਣ ਇਸ ਉਪਰ ਅਮਲ ਵੀ ਜ਼ਿਆਦਾ ਮਿਹਨਤ ਨਾਲ ਕੀਤਾ ਜਾਣ ਲੱਗ ਪਿਆ। ਵੇਖਦਿਆਂ-ਵੇਖਦਿਆਂ ਗੁਜਰਾਤੀ, ਮਰਾਠੀ, ਅੰਗਰੇਜ਼ੀ ਭਾਸ਼ਾਵਾਂ ਦੇ ਵੀ ਉੱਤਮ ਸ਼ਰੇਣੀ ਦੇ ਗਰੁੱਪ ਤਿਆਰ ਹੋ ਗਏ। ਹੋਰ ਤਾਂ ਹੋਰ, ਤੈਲਗੂ ਭਾਸ਼ਾ ਦਾ ਵੀ ਇਕ ਨਾਟਕ-ਮੰਡਲ ਬਣ ਗਿਆ। ਨਾਟਕ-ਮੰਡਲਾਂ ਤੋਂ ਇਲਾਵਾ ਇਪਟਾ ਦਾ ਇਕ ਕੁੱਲ-ਹਿੰਦ ਨਰਿਤ-ਮੰਡਲ ਸੀ, ਜੋ ਆਪਣੀ ਸ਼ਾਨ ਰਖਦਾ ਸੀ। ਉਦੇ ਸ਼ੰਕਰ ਦਾ ਕੇਂਦਰ ਟੁੱਟਣ ਪਿਛੋਂ ਉਸ ਦੇ ਲਗਭਗ ਸਾਰੇ ਹੀ ਪ੍ਰਮੁਖ ਕਲਾਕਾਰ ਇਸ "ਸੈਂਟਰਲ ਸਕਵਾਡ" ਵਿਚ ਸ਼ਾਮਲ ਹੋ ਚੁੱਕੇ ਸਨ। ਉਸ ਵਿਚ ਕਿਤਨੀਆਂ ਮਹਾਨ ਹਸਤੀਆਂ ਸ਼ਾਮਲ ਸਨ, ਇਹਨਾਂ ਨਾਵਾਂ ਤੋਂ ਹੀ ਪਰਗਟ ਹੋ ਜਾਂਦਾ ਹੈ – ਰਵੀ ਸ਼ੰਕਰ,

ਸਚੀਨ ਸ਼ੰਕਰ, ਸ਼ਾਂਤੀ ਬਰਧਨ, ਅਵਨੀ ਦਾਸ ਗੁਪਤਾ, ਪ੍ਰੇਮ ਧਵਨ, ਦੀਨਾ ਗਾਂਧੀ, ਗੁੱਲ ਬਰਧਨ, ਬਿਨਾਏ ਰਾਏ, ਉਸਤਾਦ ਅਲੀ ਅਕਬਰ ਖਾਨ, ਅਤੇ ਕਿਤਨੇ ਹੀ ਹੋਰ।

ਏਸੇ ਤਰ੍ਹਾਂ, ਨਾਟਕ ਦੇ ਵਿਭਾਗਾਂ ਨੂੰ ਵੀ ਮਾਮਾ ਵਾਰੇਰਕਰ (ਮਰਾਠੀ), ਚੰਦਰਵਦਨ ਮਹਿਤਾ (ਗੁਜਰਾਤੀ), ਗੁਣਵੰਤ ਰਾਓ ਆਚਾਰੀਆ (ਗੁਜਰਾਤੀ), ਪ੍ਰਿਥਵੀ ਰਾਜ ਕਪੂਰ, ਦੁਰਗਾ ਖੋਟੇ ਆਦਿਕ ਚੋਟੀ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਸਹਿਯੋਗ ਪ੍ਰਾਪਤ ਸੀ। ਇਹ ਲੋਕ ਕੇਵਲ ਦੂਰ ਬੈਠ ਕੇ ਸਰਪਰਸਤੀ ਨਹੀਂ ਸਨ ਕਰਦੇ, ਸਗੋਂ ਇਪਟਾ ਦੇ ਬਾਕਾਇਦਾ ਮੈਂਬਰ ਸਨ, ਇਪਟਾ ਲਈ ਡਰਾਮੇ ਲਿਖਦੇ ਸਨ, ਉਹਨਾਂ ਵਿਚ ਪਾਰਟ ਕਰਦੇ ਸਨ। ਦੁਰਗਾ ਖੋਟੇ ਨੇ ਸਭ ਤੋਂ ਪਹਿਲਾਂ ਸਟੇਜ ਉੱਪਰ ਕੰਮ ਇਪਟਾ ਦੇ ਨਾਟਕ ਵਿਚ ਹੀ ਕੀਤਾ ਸੀ।

ਇਪਟਾ ਦੀ ਤਹਿਰੀਕ ਕੇਵਲ ਬੰਬਈ ਵਿਚ ਹੀ ਨਹੀਂ, ਸਾਰੇ ਹਿੰਦੁਸਤਾਨ ਵਿਚ ਤੇਜ਼ੀ ਨਾਲ ਫੈਲ ਰਹੀ ਸੀ, ਤੇ ਹਰ ਪ੍ਰਾਂਤ ਵਿਚ ਸਰਬ-ਉੱਚ ਲੇਖਕ ਤੇ ਕਲਾਕਾਰ ਉਸ ਦੇ ਘੇਰੇ ਵਿਚ ਖੁਸ਼ੀ ਨਾਲ ਆ ਰਹੇ ਸਨ। ਪ੍ਰਾਂਤ-ਪ੍ਰਾਂਤ ਦੇ ਕਲਾਕਾਰ ਉਸ ਦੇ ਘੇਰੇ ਵਿਚ ਖੁਸ਼ੀ ਨਾਲ ਆ ਰਹੇ ਸਨ। ਪ੍ਰਾਂਤ-ਪ੍ਰਾਂਤ ਦੇ ਕਲਾਕਾਰ ਇਕ-ਦੂਜੇ ਨਾਲ ਅਨੋਖੇ ਪ੍ਰੇਮ-ਸੂਤਰ ਵਿਚ ਪਰੁਤੇ ਜਾ ਰਹੇ ਸਨ। ਨਵੀਂ ਪੀੜ੍ਹੀ ਲਈ ਯਕੀਨ ਕਰਨਾ ਔਖਾ ਹੈ ਕਿ ਕਦੇ ਇੰਜ ਵੀ ਹੁੰਦਾ ਸੀ।

ਸਵਾਲ ਉਠਦਾ ਹੈ, ਇਪਟਾ ਦੀ ਇਤਨੀ ਸ਼ੀਘਰ ਤੇ ਜ਼ਬਰਦਸਤ ਲੋਕ-ਪ੍ਰੀਅਤਾ ਦਾ ਕਾਰਨ ਕੀ ਸੀ? ਇਤਨਾ ਵੱਡਾ ਅੰਦੋਲਨ ਆਪ-ਮੁਹਾਰੇ ਨਹੀਂ ਖੜਾ ਹੋ ਸਕਦਾ।

ਇਸ ਦਾ ਕਾਰਨ, ਮੈਂ ਸਮਝਦਾ ਹਾਂ, ਉਸ ਵੇਲੇ ਕਮਿਊਨਿਸਟ ਪਾਰਟੀ ਦੀਆਂ ਸਹੀ ਨੀਤੀਆਂ ਸਨ। ਉਹਨਾਂ ਨੀਤੀਆਂ ਦਾ ਲੋਕਾਂ ਦੇ ਦਿਲ ਉਤੇ ਝੱਟ ਅਸਰ ਪੈਂਦਾ ਸੀ। ਮੈਨੂੰ ਯਾਦ ਹੈ, ਜਿੱਥੇ ਵੀ ਖਲੋ ਕੇ ਅਸੀਂ ਪ੍ਰੇਮ ਧਵਨ ਦਾ ਕੋਈ ਗੀਤ ਗਾਉਂਦੇ, ਲੋਕੀਂ ਖਾਹ-ਮਖਾਹ ਖੜੇ ਹੋ ਕੇ ਸੁਣਨ ਲਗ ਪੈਂਦੇ ਸਨ, ਤੇ ਉਹਨਾਂ ਦੇ ਚਿਹਰਿਆਂ ਉਤੇ ਗੰਭੀਰ ਸੋਚ ਦਾ ਭਾਵ ਉੱਘੜ ਆਉਂਦਾ ਸੀ। ਇਹਨਾਂ ਨੀਤੀਆਂ ਵਿਚ ਸੱਚੀ ਰਾਸ਼ਟਰੀਅਤਾ ਸੀ, ਤੇ ਸੱਚੀ ਅੰਤਰ-ਰਾਸ਼ਟਰੀਅਤਾ ਵੀ। ਉਹ ਮਸਲਿਆਂ ਨੂੰ ਬੜੀ ਸਪਸ਼ਟਤਾ ਨਾਲ ਆਮ ਆਦਮੀ ਅੱਗੇ ਰਖਦੀਆਂ ਸਨ, ਉਹਨੂੰ ਬਰਤਾਨਵੀ ਸਾਮਰਾਜ ਦੇ ਖਿਲਾਫ ਸੰਗਠਿਤ ਹੋ ਕੇ ਲੜਨ ਲਈ ਪ੍ਰੇਰਦੀਆਂ ਸਨ। ਉਹ ਰਾਸ਼ਟਰੀ ਅੰਦੋਲਨ ਨਾਲ ਸੰਗਠਨ ਵੀ ਸਨ, ਪਰ ਉਸ ਦੀਆਂ ਨੁਕਤਾਚੀਨ ਵੀ। ਕਮਿਊਨਿਸਟ ਪਾਰਟੀ ਦੇ ਕਾਮੇ ਇਪਟਾ ਵਿਚ ਇਤਨੇ ਆਪਾ ਵਾਰੂ ਢੰਗ ਨਾਲ ਕੰਮ ਕਰਦੇ ਸਨ ਕਿ ਹਰ ਕੋਈ ਉਹਨਾਂ ਨੂੰ ਇੱਜ਼ਤ ਦੀ ਨਜ਼ਰ ਨਾਲ ਵੇਖਣ ਲਗ ਜਾਂਦਾ ਸੀ। ਮਿਹਨਤਾਂ ਤਾਂ ਉਹ ਆਪ ਕਰਦੇ ਸਨ, ਪਰ ਸ਼ੋਭਾ ਲੈਣ ਲਈ ਦੂਜਿਆਂ ਨੂੰ ਅੱਗੇ ਕਰ ਦੇਂਦੇ ਸਨ। ਕਮਿਊਨਿਸਟ ਕਾਮਿਆਂ ਦੇ ਡਸਿਪਲਿਨ ਦੀ ਤਾਰੀਫ ਤਾਂ ਉਹਨਾਂ ਦੇ ਦੁਸ਼ਮਨ ਵੀ ਕਰਦੇ ਨਹੀਂ ਸਨ ਥੱਕਦੇ।

ਏਸ ਤੋਂ ਇਲਾਵਾ, ਦੇਸ਼ ਵਿਚ ਉਸ ਵੇਲੇ ਮਾਰਕਸਵਾਦੀ ਵਿਚਾਰਾਂ ਦਾ ਇਕ ਹੜ੍ਹ ਜਿਹਾ ਆਇਆ ਹੋਇਆ ਸੀ। ਧੰਨਵਾਨਾਂ ਦੀ ਸੁਸਾਇਟੀ ਵਿਚ ਵੀ ਮਾਰਕਸਵਾਦ ਦਾ ਇਕ ਤਰ੍ਹਾਂ ਨਾਲ ਫੈਸ਼ਨ ਜਿਹਾ ਬਣ ਗਿਆ ਸੀ। ਸ਼ੈਦ ਇਸ ਲਈ ਵੀ ਕਿ ਕਮਿਊਨਿਸਟ ਬਰਤਾਨਵੀ ਸਾਮਰਾਜ ਵਿਰੋਧੀ ਹੁੰਦਿਆਂ ਵੀ ਜੰਗ ਨੂੰ ਜਨਤਕ ਜੰਗ ਆਖਦੇ ਸਨ, ਤੇ ਉਸ ਵੇਲੇ ਧੰਨਵਾਨਾਂ ਲਈ ਇਹ ਨਾਹਰਾ ਲਾਹੇਵੰਦਾ ਸੀ।

ਜਸਵੰਤ ਠੱਕਰ ਨਾਲ ਮੇਰੀ ਦੋਸਤੀ ਡੂੰਘੀ ਸੀ। ਹੌਲੀ-ਹੌਲੀ ਮੈਂ ਪਾਰਟੀ ਤੇ ਦੂਜੇ ਵਰਕਰਾਂ ਦਾ ਵੀ ਵਾਕਫ ਬਣ ਗਿਆ। ਸੈਂਡਹਰਸਟ ਰੋਡ ਉਤੇ "ਰਾਜ ਭਵਨ" ਨਾਂ ਦੀ ਬਿਲਡਿੰਗ ਵਿਚ ਕੇਂਦਰੀ ਦਫਤਰ ਸੀ। ਬੜੀ ਗਹਿਮਾ-ਗਹਿਮੀ ਰਹਿੰਦੀ ਸੀ ਓਥੇ। ਬੜਾ ਪਿਆਰਾ ਤੇ ਪਵਿੱਤਰ ਮਾਹੌਲ ਸੀ ਓਥੋਂ ਦਾ। ਪਾਰਟੀ ਦੇ ਲੰਗਰ ਵਿਚ ਰੋਟੀ ਖਾਣ ਦਾ ਓਹੀ ਸੁਆਦ ਸੀ, ਜੋ ਸਿੱਖਾਂ ਲਈ ਗੁਰੂ ਕੇ ਲੰਗਰ ਦਾ ਹੈ। ਰਾਜ ਭਵਨ ਵਿਚ ਹੀ ਮੇਰੀ ਜਾਣ ਪਛਾਣ ਪੀ. ਸੀ. ਜੋਸ਼ੀ ਨਾਲ ਹੋਈ, ਤੇ ਉਸ ਨਾਲ ਸਾਡਾ ਡੂੰਘਾ ਪਿਆਰ ਪੈ ਗਿਆ, ਜੋ ਹੁਣ ਤਕ ਚੱਲਿਆ ਆਉਂਦਾ ਹੈ। ਇਕ ਸੱਚੇ ਇਨਕਲਾਬੀ ਵਾਂਗ 'ਪੀ. ਸੀ.' ਜੀਵਨ ਨੂੰ ਹਰ ਪਹਿਲੂ ਤੋਂ ਪਿਆਰ ਕਰਦਾ ਹੈ। ਉਹ ਪਲ-ਪਲ ਜੀਊਂਦਾ ਹੈ, ਤੇ ਪਲ-ਪਲ ਆਪਣੇ ਗਿਆਨ ਤੇ ਕਰਮ ਦਾ ਦਾਇਰਾ ਵਸੀਹ ਕਰਨ ਵਿਚ ਵਿਸ਼ਵਾਸ ਕਰਦਾ ਹੈ। ਉਸ ਦੀ ਨਿਗਾਹ ਵਿਚ ਕਲਾ ਕੇਵਲ ਰਾਜਨੀਤਕ ਆਗੂਆਂ ਦੀ ਸ਼ਾਨ ਨੂੰ ਚਾਰ ਚੰਨ ਲਾਉਣ ਵਾਲੀ ਚੀਜ਼ ਨਹੀਂ ਹੈ। ਉਹ ਆਪ ਉਸ ਦਾ ਸ਼ੈਦਾਈ ਤੇ ਜਿਗਿਆਸੂ ਹੈ। ਇਕ ਵਾਰੀ ਨਹੀਂ ਅਨੇਕਾਂ ਵਾਰੀ ਉਸ ਦੀਆਂ ਦਿੱਤੀਆਂ ਤਜਵੀਜ਼ਾਂ ਸਾਨੂੰ ਇਪਟਾ ਦੇ ਕੰਮ ਵਿਚ ਭਰਪੂਰ ਸਹਾਇਕ ਹੋਈਆਂ। ਹਰ ਕੋਈ ਸਲਾਹ ਲੈਣ 'ਪੀ. ਸੀ.' ਵਲ ਦੌੜਦਾ ਜਾਂਦਾ। ਛੋਟੇ ਤੋਂ ਛੋਟੇ ਕਾਰਕੁੰਨ ਨਾਲ ਵੀ ਪੀ. ਸੀ. ਪਿਆਰ ਭਰਿਆ ਸਲੂਕ ਕਰਦਾ, ਉਸ ਦੇ ਜੀਵਨ ਵਿਚ ਉਮੰਗ ਜਿਹੀ ਲੈ ਆਉਂਦਾ। ਇਕ ਅਜੀਬ ਮਿਕਨਾਤੀਸੀ ਕਸ਼ਸ਼ ਸੀ ਪੀ. ਸੀ. ਦੀ ਸ਼ਖਸੀਅਤ ਵਿਚ। ਜਿਸ ਨੂੰ ਉਹ ਇਕ ਵਾਰੀ ਮਿਲ ਪਏ, ਸਾਰੀ ਉਮਰ ਭੁੱਲਦਾ ਨਹੀਂ ਸੀ। ਤੇ ਅਸਚਰਜ ਦੀ ਗੱਲ ਇਹ ਕਿ ਪੀ. ਸੀ. ਦੇ ਮਿੱਤਰ ਇਕ-ਦੋ ਪ੍ਰਾਂਤਾਂ ਵਿਚ ਨਹੀਂ, ਸਾਰੇ ਹਿੰਦੁਸਤਾਨ ਵਿਚ ਫੈਲੇ ਹੋਏ ਸਨ। ਤਾਮਿਲ ਤੇ ਮਾਲਾਬਾਰੀ ਵੀ ਉਹਨੂੰ ਉਤਨਾ ਹੀ ਆਪਣਾ ਸਮਝਦੇ ਸਨ, ਜਿੰਨਾ ਉਹਦੇ ਆਪਣੇ ਯੂ. ਪੀ. ਦੇ ਲੋਕ।

ਪੀ. ਸੀ. ਤੇ ਉਹਦੀ ਪਤਨੀ, ਕਲਪਨਾ ਨਾਲ, ਜਿਸ ਨੇ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਬੰਗਾਲ ਦੇ ਅੰਗਰੇਜ਼ ਗਵਰਨਰ ਉਪਰ ਗੋਲੀ ਚਲਾਈ ਸੀ ਤੇ ਪਿਛੋਂ ਉਮਰ-ਕੈਦ ਭੁਗਤੀ ਸੀ, ਸਾਡੇ ਪਰਵਾਰ ਦੀ ਮਿੱਤਰਤਾ ਉਹਨਾਂ ਦਿਨਾਂ ਤੋਂ ਅਟੁੱਟ ਚੱਲੀ ਆ ਰਹੀ ਹੈ। ਪੀ. ਸੀ. ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋ ਕੇ ਹੀ ਦੱਮੋ ਤੇ ਮੈਂ ਦੋਵੇਂ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਬਣ ਗਏ।

ਪਰ ਇਹ ਸੋਚ ਲੈਣਾ ਗਲਤ ਹੋਵੇਗਾ ਕਿ ਕੇਵਲ ਯਥਾਰਥਵਾਦੀ ਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾ ਲੈਣ ਨਾਲ ਹੀ ਕਲਾਕਾਰ ਆਪਣੀ ਮੰਜ਼ਲ ਉਤੇ ਪਹੁੰਚ ਜਾਂਦਾ ਹੈ। ਪਹਿਲਾਂ ਕਲਾਕਾਰ ਲਈ ਆਪਣੇ ਦ੍ਰਿਸ਼ਟੀਕੋਣਾਂ ਅਨੁਸਾਰ ਘਾਲਣਾ ਕਰਨੀ ਲੋੜੀਂਦੀ ਹੈ। ਪੁਰਾਣੇ ਸੰਸਕਾਰ ਅੰਦਰੋਂ ਕਢਣੇ ਤੇ ਨਵੇਂ ਪਾਉਣੇ ਪੈਂਦੇ ਹਨ। ਇਹ ਕੋਈ ਆਸਾਨ ਕੰਮ ਨਹੀਂ। ਸਨਅਤੀ ਦੇਸ਼ਾਂ ਦੇ ਲੋਕਾਂ ਲਈ, ਭਾਵੇਂ ਉਹ ਸਰਮਾਏਦਾਰੀ ਦੇਸ਼ ਹੀ ਕਿਉਂ ਨਾ ਹੋਣ, ਯਥਾਰਥਵਾਦੀ ਦ੍ਰਿਸ਼ਟੀਕੋਣ ਅਪਣਾਨਾ ਆਸਾਨ ਹੈ, ਕਿਉਂਕਿ ਸਾਇੰਸ ਅਤੇ ਮਸ਼ੀਨ ਉਹਨਾਂ ਦੇ ਜੀਵਨ ਦੇ ਹਰ ਅੰਗ ਵਿਚ ਪ੍ਰਵੇਸ਼ ਕਰ ਚੁੱਕੀ ਹੁੰਦੀ ਹੈ। ਪਰ ਮੇਰੀ ਪੀੜ੍ਹੀ ਦੇ ਭਾਰਤੀ ਕਲਾਕਾਰਾਂ ਦੇ ਸੰਸਕਾਰ ਧੁਰੋਂ ਸਨਾਤਨੀ ਤੇ ਜਗੀਰਦਾਰੀ ਯੁਗ ਦੇ ਹਨ। ਉਹਨਾਂ ਉਪਰ ਮਾਰਕਸਵਾਦੀ ਵਿਚਾਰਧਾਰਾ ਦਾ ਮੁਲੰਮਾ ਉਤਨਾ ਹੀ ਕੁਢੱਬਾ ਹੋ ਜਾਂਦਾ ਹੈ, ਜਿਤਨਾ ਇਕ ਕਰੂਪ ਔਰਤ ਦਾ ਪੌਡਰ-ਸੁਰਖੀ ਦੀ ਬਹੁਲਤਾ ਵਰਤ ਕੇ ਆਪਣੇ ਆਪ ਨੂੰ ਸੁਹਣਾ ਬਣਾਨ ਦੀ ਕੋਸ਼ਿਸ਼ ਕਰਨਾ। ਉਸ ਦੀ ਕਰੂਪਤਾ ਹੋਰ ਵੀ ਜ਼ਿਆਦਾ ਉੱਘੜ ਕੇ ਸਾਹਮਣੇ ਆ ਜਾਂਦੀ ਹੈ।

ਸਨਅਤੀ ਪੱਖ ਤੋਂ ਤਰੱਕੀ ਕਰ ਚੁੱਕੇ ਦੇਸ਼ਾਂ ਵਿਚ, ਭਾਵੇਂ ਉਹ ਸਰਮਾਏਦਾਰੀ ਹੋਣ ਤੇ ਭਾਵੇਂ ਸਮਾਜਵਾਦੀ, ਮਿਲ ਕੇ ਤੇ ਤਨਜ਼ੀਮ ਨਾਲ ਕੰਮ ਕਰਨ ਦੀ ਰੁਚੀ ਸਪਸ਼ਟ ਹੁੰਦੀ ਹੈ। ਨਾਲੇ, ਉਹ ਕੱਟੜਵਾਦੀ ਨਹੀਂ ਹੁੰਦੇ। ਅਗਲੇ ਦੀ ਗੱਲ ਨੂੰ ਸੰਜੀਦਗੀ ਨਾਲ ਸੁਣਨ ਤੇ ਆਪਣੇ ਜੀਵਨ-ਅਨੁਭਵ ਦੀ ਕਸਵੱਟੀ ਉਤੇ ਪਰਖਣ ਦੀ ਸਮਰਥਾਂ ਰਖਦੇ ਹਨ। ਉਹ "ਵਾਦ" ਵਿਚ ਸ਼ਖਸੀਅਤ ਨੂੰ ਨਹੀਂ ਵਾੜਦੇ। ਉਹ ਆਖੀ ਜਾ ਰਹੀ ਗੱਲ ਵਲ ਧਿਆਨ ਦੇਂਦੇ ਹਨ, ਆਖਣ ਵਾਲੇ ਦੇ ਵਿਅਕਤਿਤਵ ਵਲ ਨਹੀਂ।

ਪਰ ਸਾਡੇ ਸੰਸਕਾਰ ਕੁਝ ਹੋਰ ਹਨ, ਅਸੀਂ ਮਾਰਕਸਵਾਦ ਨੂੰ ਅਪਣਾ ਕੇ ਉਸ ਉੱਪਰ ਵੀ ਉਤਨੇ ਹੀ ਕੱਟੜ ਹੋ ਜਾਂਦੇ ਹਾਂ, ਜਿਤਨੇ ਪਹਿਲਾਂ ਕਿਸੇ ਅਧਿਆਤਮਵਾਦੀ ਮਤ-ਮਤਾਂਤਰ ਜਾਂ ਧਰਮ-ਮਜ਼ਹਬ ਬਾਰੇ ਸਾਂ। ਅਸਹਿਨਸ਼ੀਲਤਾ ਸਾਡੇ ਵਿਚ ਉਤਨੀ ਹੀ ਬਣੀ ਰਹਿੰਦੀ ਹੈ। ਜ਼ਰਾ ਵੀ ਕਿਸੇ ਨਾਲ ਸਾਡਾ ਮਤਭੇਦ ਹੋਵੇ, ਉਹ ਆਦਮੀ "ਬੂਰਯਵਾ, ਪਿਛਾਂਹ-ਖਿੱਚੂ, ਚਿਕਨ-ਹਾਰਟਿਡ" ਅਤੇ ਖੋਰੇ ਹੋਰ ਕੀ-ਕੀ ਬਣ ਜਾਂਦਾ ਹੈ। ਲੀਡਰਾਂ ਨੂੰ ਅਸੀਂ ਓਵੇਂ ਹੀ ਪੂਜਣ ਲਗ

ਜਾਂਦੇ ਹਾਂ, ਜਿਵੇਂ ਪਹਿਲਾਂ ਪੈਗੰਬਰਾਂ ਨੂੰ ਪੂਜਦੇ ਸਾਂ। ਸੱਚ ਨਾਲੋਂ ਸਾਨੂੰ ਆਪਣਾ ਧੜਾ ਜ਼ਿਆਦਾ ਪਿਆਰਾ ਹੋ ਜਾਂਦਾ ਹੈ। ਜੋ ਆਪਣੇ ਧੜੇ ਦਾ ਹੈ, ਉਹ ਦੋਸਤ, ਜੋ ਨਹੀਂ, ਉਹ ਦੁਸ਼ਮਣ। ਮਾਰਕਸਵਾਦ ਸਾਨੂੰ ਹਉਮੈਵਾਦ ਤੋਂ ਮੁਕਤ ਹੋਣ ਲਈ ਪਰੇਰਦਾ ਹੈ, ਪਰ ਅਸਲ ਵਿਚ ਅਸੀਂ ਦਿਨੋ ਦਿਨ ਹੰਕਾਰੀ ਬਣਦੇ ਜਾਂਦੇ ਹਾਂ।

ਇਹੋ ਹਾਲ ਮੇਰਾ ਹੁੰਦਾ ਜਾ ਰਿਹਾ ਸੀ। ਪਾਰਟੀ ਦਾ ਮੈਂਬਰ ਬਣਦਿਆਂ ਸਾਰ ਮੇਰੇ ਗੁਣ ਔਗੁਣਾਂ ਵਿਚ ਤਬਦੀਲ ਹੋਣੇ ਸ਼ੁਰੂ ਹੋ ਗਏ। ਆਰਟ ਨੂੰ ਮੈਂ ਉੱਕਾ ਹੀ ਰਾਜਨੀਤੀ ਦੇ ਪੱਖ ਤੋਂ ਪਰਖਣਾ ਸ਼ੁਰੂ ਕਰ ਦਿੱਤਾ। ਇਪਟਾ ਨੂੰ ਇੰਜ ਵੇਖਣਾ ਸ਼ੁਰੂ ਕਰ ਦਿੱਤਾ, ਜਿਵੇਂ ਪਾਰਟੀ ਦੇ ਹਿੱਤਾਂ ਨੂੰ ਸਾਧਣਾ ਹੀ ਉਸ ਦਾ ਇਕ-ਮਾਤਰ ਆਦਰਸ਼ ਹੋਵੇ। ਮੈਂ ਇਕ ਨਿੱਕਾ ਜਿਹਾ ਡਿਕਟੇਟਰ ਬਣਨ ਲੱਗ ਪਿਆ। ਪਾਰਟੀ ਦੇ ਸਾਥੀਆਂ ਦੀ ਮਦਦ ਨਾਲ ਮੈਂ ਆਪਣੀ ਕੋਈ ਵੀ ਈਨ ਮੰਨਵਾ ਸਕਦਾ ਸਾਂ। ਗੈਰ-ਪਾਰਟੀ ਸਾਥੀ ਮੈਨੂੰ ਆਪਣੀ ਸਲਾਹ ਦੇਂਦੇ, ਪਰ ਉਹਨੂੰ ਮੰਨਣਾ ਜਾਂ ਨਾ ਮੰਨਣਾ ਮੇਰੀ ਮਰਜ਼ੀ ਉੱਤੇ ਨਿਰਭਰ ਸੀ। ਇਪਟਾ ਦੇ ਦੇਸ਼-ਭਗਤ ਤੇ ਸਮਾਜਵਾਦੀ ਆਦਰਸ਼ਾਂ ਨਾਲ ਇਪਟਾ ਦੇ ਹਰ ਮੈਂਬਰ ਨੂੰ ਇਤਫਾਕ ਸੀ, ਪਰ ਇਸ ਦੇ ਬਾਵਜੂਦ ਉਹ ਨਾਟਕ-ਕਲਾ ਨੂੰ ਨਿਰਾ-ਪੁਰਾ ਪ੍ਰਾਪੇਗੰਡਾ ਬਣਾਉਣਾ ਨਹੀਂ ਸਨ ਚਾਹੁੰਦੇ। ਉਹ ਨਾਟਕ ਦੇ ਕਲਾਤਮਿਕ ਤੇ ਰੌਚਕ ਪਹਿਲੂ ਨੂੰ ਵੀ ਸੁਆਰਨਾ ਚਾਹੁੰਦੇ ਸਨ। ਪਰ ਜਿਹੜਾ ਵੀ ਤਕਨੀਕ ਦੀ ਗੱਲ ਉਠਾਉਂਦਾ, ਮੈਂ ਹੱਥ ਧੋ ਕੇ ਉਹਦੇ ਮਗਰ ਪੈ ਜਾਂਦਾ।

ਫੇਰ ਵੀ, ਉਹ ਦਿਨ ਬੜੇ ਹੁਲਾਰੇ ਵਾਲੇ ਸਨ। ਸਾਨੂੰ ਹਰ ਸਮੇਂ ਮਜ਼ਦੂਰ-ਬਸਤੀਆਂ, ਚਾਲਾਂ, ਤੇ ਗਲੀ-ਮਹੱਲਿਆਂ ਵਿਚ ਨਾਟਕ ਖੇਡਣ ਦਾ ਚਾਅ ਚੜ੍ਹਿਆ ਰਹਿੰਦਾ। ਇਸ ਤਰ੍ਹਾਂ ਸਾਨੂੰ ਬੰਬਈ ਦੇ ਨਾਗਰਿਕ ਜੀਵਨ ਨੂੰ ਬਹੁਤ ਨੇੜਿਓਂ ਵੇਖਣ ਦੇ ਚੰਗੇ ਮੌਕੇ ਮਿਲੇ, ਜਿਨ੍ਹਾਂ ਦਾ ਅਗੇ ਜਾ ਕੇ ਫਿਲਮਾਂ ਦੇ ਕੰਮ ਵਿਚ ਮੈਨੂੰ ਬਹੁਤ ਲਾਭ ਪਹੁੰਚਿਆ।

ਇਕ ਦਿਨ ਫਨੀ-ਦਾ ਨੇ "ਜਸਟਿਸ" ਫਿਲਮ ਦਾ ਇਕ ਪ੍ਰਾਈਵੇਟ ਸ਼ੋ ਕੀਤਾ। ਮੈਂ ਆਪਣਾ ਉਹ ਮੁਰਗੇ ਵਾਲਾ ਕਲੋਜ਼-ਅਪ ਵੇਖਿਆ। ਵੇਖ ਕੇ ਇੰਜ ਲਗਾ, ਜਿਵੇਂ ਛੱਤ ਤੋਂ ਪੰਜ ਮਣ ਦੀ ਸਿਲ ਮੇਰੇ ਉੱਪਰ ਆ ਡਿੱਗੀ ਹੋਵੇ। ਬਿਲਕੁਲ ਜਿਵੇਂ ਇਕ ਮੁਰਦੇ ਦਾ ਚਿਹਰਾ ਹੁੰਦਾ ਹੈ। ਮੇਕ-ਅੱਪ ਕਾਰਨ ਉਹ ਹੋਰ ਵੀ ਭੱਦਾ ਲੱਗਾ। ਮੈਨੂੰ ਕ੍ਰੀਝ ਆਈ। ਕੀ ਮੇਰੀ ਸ਼ਕਲ ਇਤਨੀ ਹੀ ਭਿਆਨਕ ਹੈ? ਪਰ ਮੈਂ ਬਹੁਤੀ ਚਿੰਤਾ ਨਾ ਕੀਤੀ। ਫਨੀ-ਦਾ ਨੇ ਆਪਣੇ ਇਕਰਾਰ ਅਨੁਸਾਰ ਮੈਨੂੰ ਆਪਣੀ ਅਗਲੀ ਫਿਲਮ, "ਦੂਰ ਚਲੋ" ਵਿਚ ਇਹ ਪ੍ਰਮੁਖ ਕਿਰਦਾਰ ਦੇ ਦਿੱਤਾ ਸੀ। ਇਤਨਾ ਹੀ ਨਹੀਂ, ਦੱਮੋ ਨੂੰ ਵੀ ਲੈ ਲਿਆ ਸੀ। ਫਿਲਮ ਵਿਚ ਵੀ ਉਹ ਮੇਰੀ ਪਤਨੀ ਦਾ ਰੋਲ ਕਰ ਰਹੀ ਸੀ। ਕਮਲ ਕਪੂਰ ਉਸ ਫਿਲਮ ਦਾ ਹੀਰੋ ਸੀ, ਤੇ ਨਸੀਮ (ਜੂਨੀਅਰ) ਹੀਰੋਇਨ। ਸਾਥੀ ਕਲਾਕਾਰ ਸਨ – ਆਗਾ, ਸਾਹੂ, (ਕਿਸ਼ੋਰ ਸਾਹੂ ਦਾ ਛੋਟਾ ਵੀਰ), ਘੋਸ਼ (ਇਕ ਵਚਿੱਤਰ ਪ੍ਰਕਿਰਤੀ ਦਾ ਨੌਜਵਾਨ, ਜਿਸ ਦੀ ਮੌਤ ਵੀ ਬੜੇ ਵਚਿੱਤਰ ਢੰਗ ਨਾਲ ਹੋਈ), ਕੇ. ਸੀ. ਡੇ. ਨੂੰ ਨੇੜਿਓਂ ਵੇਖਣ ਤੇ ਮਿਲਣ ਦੀ ਸਾਨੂੰ ਅਪਾਰ ਖੁਸ਼ੀ ਸੀ। ਉਹ ਵੀ ਦੱਮੋ ਨੂੰ ਧੀਆਂ ਵਾਂਗ ਪਿਆਰ ਕਰਨ ਲਗ ਪਏ ਸਨ।

ਇਸ ਫਿਲਮ ਦੀ ਸ਼ੂਟਿੰਗ ਜ਼ਿਆਦਾ ਕਰਕੇ ਆਊਟ-ਡੋਰ ਸੀ। ਘੋੜ-ਬੰਦਰ ਰੋਡ ਉੱਤੇ ਅਸੀਂ ਕਿਤਨੇ ਹੀ ਦਿਨ ਸਾਈਕਲ ਚਲਾਉਂਦੇ ਫਿਰੇ। ਸ਼ਾਟ ਤੋਂ ਪਹਿਲਾਂ, ਮੈਂ ਵੇਖਿਆ, ਆਗਾ ਸਾਡੇ ਨਾਲ ਸਾਧਾਰਨ ਢੰਗ ਨਾਲ ਗੱਲਾਂ ਕਰ ਰਿਹਾ ਹੁੰਦਾ, ਪਰ ਕੈਮਰਾ ਚਾਲੂ ਹੁੰਦਿਆਂ ਹੀ ਉਹਨੂੰ ਜਿਵੇਂ ਕੁਝ ਹੋ ਜਾਂਦਾ। ਜਿਵੇਂ ਉਸ ਉਪਰ ਕੋਈ ਭੂਤ ਸਵਾਰ ਹੋ ਜਾਂਦਾ। ਬੜੀਆਂ ਤੇਜ਼-ਤੇਜ਼ ਤੇ ਅਜੀਬ-ਅਜੀਬ ਹਰਕਤਾਂ ਕਰਨ ਲੱਗ ਜਾਂਦਾ। ਉਹ ਮੈਨੂੰ ਇੰਜ ਲਗਦਾ, ਜਿਵੇਂ ਉਹ ਜ਼ਬਰਦਸਤੀ ਮੈਨੂੰ ਆਪਣੇ ਨਾਲ ਧੂਹੀ ਜਾ ਰਿਹਾ ਹੈ, ਜਿਵੇਂ ਉਹਨੇ ਮੇਰੇ ਉਪਰ ਕੋਈ ਜਾਦੂ ਕਰ ਦਿੱਤਾ ਹੈ। ਜਦੋਂ ਵੀ ਉਹਦੇ ਨਾਲ ਮੇਰਾ ਸ਼ਾਟ ਹੁੰਦਾ, ਮੈਨੂੰ ਆਪਣਾ ਅੰਗ-ਅੰਗ ਸਿੱਥਲ ਹੁੰਦਾ ਤੇ ਸੁੰਗੜਦਾ ਪਰਤੀਤ ਹੁੰਦਾ। ਪਰ ਆਗਾ ਦੀਆਂ ਹਰਕਤਾਂ ਨੂੰ ਮੈਂ ਮੂਰਖਤਾ ਭਰੀ ਦਿਖਾਵੇਬਾਜ਼ੀ ਕਹਿ ਕੇ ਮਨੋਂ ਵਿਸਾਰ ਛੱਡਦਾ। ਓਵਰ-ਐਕਟਿੰਗ ਕਰਦਾ ਹੈ, ਮੈਂ ਸੋਚਦਾ। ਹਿੰਦੁਸਤਾਨੀ ਫਿਲਮਾਂ ਦੀ ਇਹੋ ਤਾਂ ਖਰਾਬੀ ਹੈ। ਸਾਰੇ ਓਵਰ-ਐਕਟਿੰਗ ਕਰਦੇ ਹਨ। ਪਰ ਜਦ ਸ਼ਾਟ ਤੋਂ ਬਾਅਦ ਸਾਰੇ ਉਸ ਦੀਆਂ ਹਰਕਤਾਂ ਉਪਰ ਲੋਟ ਪੋਟ ਹੁੰਦੇ, ਤਾਂ ਮੈਨੂੰ ਅੰਦਰੇ-ਅੰਦਰ ਖਿੱਝ ਆਉਂਦੀ। ਤਾਰੀਫ ਤਾਂ ਉਹਨਾਂ ਨੂੰ ਦਰਅਸਲ ਮੇਰੀ ਕਰਨੀ ਚਾਹੀਦੀ ਸੀ, ਜਦ ਕਿ ਮੈਂ ਇਤਨੀ ਕੁਦਰਤੀ ਤੇ ਸੰਜਮੀ ਐਕਟਿੰਗ ਕਰ ਰਿਹਾ ਸਾਂ। ਅਨਾੜੀ ਐਕਟਰ ਦੇ ਇਹੋ ਤਾਂ ਲੱਛਣ ਹੁੰਦੇ ਹਨ। ਉਹ ਸਭ ਕੁਝ ਗਲਤ ਕਰਦਿਆਂ ਵੀ ਸੋਚਦਾ ਹੈ ਕਿ ਮੈਂ ਸਭ ਕੁਝ ਠੀਕ ਕਰ ਰਿਹਾ ਹਾਂ। ਸ਼ਾਟ ਤੋਂ ਪਹਿਲਾਂ ਦੇ ਤੇ ਸ਼ਾਟ ਵੇਲੇ ਦੇ ਆਗਾ ਵਿਚ ਫਰਕ ਇਹ ਸੀ ਕਿ ਉਹ ਆਪਣੇ ਕਿਰਦਾਰ ਵਿਚ ਦਾਖਲ ਹੋ ਜਾਂਦਾ ਸੀ। ਸ਼ਾਟ ਖਤਮ ਹੁੰਦਿਆਂ ਹੀ ਉਹ ਆਪਣੀ ਆਤਮਾ ਤੋਂ ਕਿਰਦਾਰ ਨੂੰ ਉਤਾਰ ਕੇ ਫੇਰ ਆਗਾ ਬਣ ਜਾਂਦਾ ਸੀ। ਤੇ ਮੈਨੂੰ ਇਹਨਾਂ ਗੱਲਾਂ ਦਾ ਅਜੇ ਕੇਵਲ ਗਿਆਨ ਹੀ ਸੀ, ਅਭਿਆਸਿਕ ਅਨੁਭਵ ਨਹੀਂ। ਤੇ ਮੈਂ ਜੋ ਕੁਝ ਕੈਮਰੇ ਅਗੇ ਕਰ ਰਿਹਾ ਸਾਂ, ਉਸ ਨੂੰ ਐਕਟਿੰਗ ਦਾ ਨਾਂ ਦੇਣਾ ਵੀ ਉਸ ਸ਼ਬਦ ਨਾਲ ਘੋਰ ਅਨਿਆਂ ਸੀ।

ਮੈਂ ਵੇਖਿਆ ਹੈ ਕਿ ਔਰਤਾਂ ਵਿਚ ਐਕਟਿੰਗ ਦੀ ਪ੍ਰਤਿਭਾ ਮਰਦਾਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ। ਬਾਹੂ-ਬਲ ਦੀ ਘਾਟ ਔਰਤ ਨੂੰ ਚਲਿੱਤਰ ਨਾਲ ਕੰਮ ਸਾਰਨ ਉਤੇ ਮਜਬੂਰ ਕਰਦੀ ਹੈ। ਏਸ ਲਈ ਨਿੱਕਿਆਂ ਹੁੰਦਿਆਂ ਤੋਂ ਨਾਰੀ-ਸੁਭਾਅ ਵਿਚ ਚੰਚਲਤਾ ਅਤੇ ਚਪਲਤਾ ਉਭਰ ਆਉਂਦੀ ਹੈ। ਸੰਗਾਊਪੁਣਾ ਮਰਦ ਵਿਚ ਜ਼ਿਆਦਾ ਹੁੰਦਾ ਹੈ। ਮੈਂ ਦੱਮੋ ਨੂੰ ਕੈਮਰੇ ਅੱਗੇ ਲਾਪਰਵਾਹੀ ਨਾਲ ਹੱਸਦਿਆਂ, ਗਾਉਂਦਿਆਂ, ਨੱਚਦਿਆਂ, ਟੱਪਦਿਆਂ ਵੇਖ ਕੇ ਕਾਫੀ ਹੈਰਾਨ ਹੁੰਦਾ ਸਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦਾ ਸੁਭਾਅ ਐਕਟਿੰਗ-ਕਲਾ ਦੇ ਬਹੁਤ ਜ਼ਿਆਦਾ ਅਨੁਕੂਲ ਸੀ।

ਤੇ ਫੇਰ, ਇਕ ਦਿਨ ਪ੍ਰਿਥਵੀ-ਥੀਏਟਰ ਦੇ ਨਾਟਕ, "ਦੀਵਾਰ" ਦਾ ਪਰਦਾ ਉੱਠਿਆ। ਪਹਿਲੇ ਸ਼ੋ ਵਿਚ ਦੱਮੋ ਪ੍ਰਿਥਵੀ ਜੀ ਤੋਂ ਰਤਾ ਕੁ ਝੱਕ ਕੇ ਕੰਮ ਕਰ ਰਹੀ ਸੀ। ਮੇਕ-ਅਪ ਵੀ ਬਹੁਤਾ ਚੰਗਾ ਨਹੀਂ ਸੀ ਹੋਇਆ। ਲਾਲੀ ਜ਼ਿਆਦਾ ਮੱਲ ਦਿੱਤੀ ਗਈ ਸੀ। ਸ਼ੋ ਦੇ ਖਾਤਮੇ ਉਤੇ ਮੈਂ ਦੱਮੋ ਨੂੰ ਮੇਕ-ਅਪ ਰੂਮ ਵਿਚ ਜਾ ਕੇ ਖੂਬ ਹੌਂਸਲਾ ਦਿੱਤਾ ਤੇ ਨਿੱਡਰ ਹੋ ਕੇ ਕੰਮ ਕਰਨ ਲਈ ਪਰੇਰਿਆ। ਮੇਕ-ਅੱਪ ਵੀ ਠੀਕ ਕਰਾਇਆ। ਅੱਧੇ ਕੁ ਘੰਟੇ ਪਿਛੋਂ ਪਰਦਾ ਦੂਜੇ ਸ਼ੋ ਉੱਤੇ ਉੱਠਿਆ। ਦੱਮੋ ਜਿਵੇਂ ਬਦਲ ਕੇ ਕੁਝ ਹੋਰ ਹੋ ਗਈ ਸੀ। ਇਹ ਕਹਿਣ ਵਿਚ ਅਤਿਕਥਨੀ ਨਹੀਂ ਕਿ ਉਹਦੇ ਨਾਲ ਬੰਬਈ ਸ਼ਹਿਰ ਵਿਚ ਤਹਿਲਕਾ ਮੱਚ ਗਿਆ। "ਦੀਵਾਰ" ਨਾਟਕ ਤੇ ਦੱਮੋ ਦੇ ਕੰਮ ਦੀਆਂ ਧੁੰਮਾਂ ਪੈ ਗਈਆਂ। ਅਜ ਤਕ ਇਤਨੀ ਕਾਮਯਾਬੀ ਕਿਸੇ ਨਾਟਕ ਨੂੰ ਮਿਲਦੀ ਨਹੀਂ ਸੀ ਵੇਖੀ ਗਈ। ਟਿਕਟਾਂ ਲਈ ਇਤਨੀਆਂ ਲੰਮੀਆਂ ਲਾਈਨਾਂ ਕਿਸੇ ਸਿਨੇਮੇ ਅੱਗੇ ਵੀ ਨਹੀਂ ਸਨ ਵੇਖੀਆਂ ਗਈਆਂ।

ਦੱਮੋ "ਸਟਾਰ" ਬਣ ਚੁੱਕੀ ਸੀ। ਅਗਲੇ ਦਿਨ ਤੋਂ ਹੀ ਫਿਲਮ-ਪ੍ਰੋਡੀਊਸਰਾਂ ਨੇ ਸਾਡੇ ਘਰ ਨੂੰ ਘੇਰਾ ਪਾ ਲਿਆ, ਜੋ ਸਾਡੇ ਲਈ ਇਕ ਅਨੋਖੀ ਤੇ ਅਣਕਿਆਸੀ ਹਾਲਤ ਸੀ। ●

( ਪੂਰੀ ਕਿਤਾਬ ਪੜ੍ਹਨ ਲਈ ਵਤਨ ਦੇ ਸਾਈਟ (http://www.watanpunjabi.ca/vishesh/books.php) ਤੇ ਜਾਉ।)

ਲੇਖ

# ਤੁਲਨਾਤਮਕ ਧਰਮ



ਲਾਲਾ ਹਰਦਿਆਲ
ਸੰਖੇਪ ਅਨੁਵਾਦ: ਅਮਨਪਾਲ ਸਾਰਾ

ਸੰਭਵ ਹੈ ਕਿ ਤੁਹਾਨੂੰ ਮਹਾਨ ਧਰਮਾਂ-ਬੁੱਧ ਮੱਤ, ਹਿੰਦੂ ਮੱਤ, ਜੈਨ ਮੱਤ, ਪ੍ਰਤੱਖਵਾਦ, ਈਸਾਈ ਮੱਤ, ਇਸਲਾਮ, ਪਾਰਸੀ ਮੱਤ ਜਾਂ ਯਹੂਦੀ ਮੱਤ -ਵਿੱਚੋਂ ਕੋਈ ਇਕ ਧਰਮ ਵਿਰਾਸਤ ਵਿੱਚ ਮਿਲਿਆ ਹੋਵੇ। ਜਦੋਂ ਤੁਸੀਂ ਅਜੋਕੀ ਤਰਕਸ਼ੀਲ ਵਿਦਿਆ ਸਵੀਕਾਰ ਕਰ ਲੈਂਦੇ ਹੋ ਤਾਂ ਜਿਸ ਤਰ੍ਹਾਂ ਕਣਕ ਵੱਢਣ ਤੋਂ ਬਾਅਦ ਗਹਾਈ ਕਰਕੇ ਉਸ ਦੀ ਤੂੜੀ ਉਡਾ ਦੇਈਦੀ ਹੈ ਪਰ ਉਸ ਦੇ ਦਾਣੇ ਸੰਭਾਲ ਲਈਦੇ ਹਨ ਉਸ ਹੀ ਤਰ੍ਹਾਂ ਤੁਹਾਨੂੰ ਚਾਹੀਦਾ ਹੈ ਕਿ ਪੁਰਾਣੀਆਂ ਧਾਰਨਾਵਾਂ ਵਿੱਚੋਂ ਫਜ਼ੂਲ ਚੀਜ਼ਾਂ ਛਾਂਟਕੇ ਕੱਢ ਦਿਓ ਅਤੇ ਚੰਗੀਆਂ ਚੀਜ਼ਾਂ ਦਾ ਯੋਗਦਾਨ ਨਵੀਂ ਸਮੂਹਿਕ ਸੋਚ ਵਿਚ ਪਾਉ। ਇਸ ਨਵੀਂ ਸੋਚ ਦੇ ਭਾਈਚਾਰੇ ਵਿੱਚ ਤੁਹਾਨੂੰ ਵਿਰਾਸਤ ਵਿੱਚ ਮਿਲੀ ਵਿਚਾਰਧਾਰਾ ਨਾਲ ਹੀ ਲੈ ਕੇ ਆਉਣਾ ਚਾਹੀਦਾ ਹੈ।

ਸਾਰੇ ਧਰਮ ਕੁਝ ਖਾਸ ਕਿਸਮ ਦੇ ਸਮਾਜਕ ਰਿਵਾਜ਼ ਅਤੇ ਸਿਆਸੀ ਵਿਚਾਰ ਤੁਹਾਡੇ ਮਨ ਵਿੱਚ ਭਰਦੇ ਹਨ। ਵਿਆਹ ਸ਼ਾਦੀਆਂ ਦੇ ਕੁਝ ਕਾਨੂੰਨਾਂ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਅਤੇ ਕਈ ਕਿਸਮ ਦੇ ਭੋਜਨ ਖਾਣ ਤੋਂ ਵਰਜਦੇ ਹਨ। ਉਹ ਕਈ ਕਿਸਮ ਦੇ ਧਾਰਮਿਕ ਰੀਤੀ ਰਿਵਾਜਾਂ ਅਤੇ ਜਸ਼ਨਾਂ ਦੇ ਮਨਾਉਣ ਦੀ ਜ਼ੋਰ ਸ਼ੋਰ ਨਾਲ ਪ੍ਰੇਰਣਾ ਕਰਦੇ ਹਨ। ਪੁਰਾਣੇ ਧਰਮਾਂ ਦੇ ਨਾਲ ਜੁੜੀਆਂ ਹੋਈਆਂ ਇਨ੍ਹਾਂ ਚੀਜ਼ਾਂ ਨੂੰ ਲਾਜ਼ਮੀ ਤੌਰ 'ਤੇ ਅਜੋਕੇ ਵਿਗਿਆਨ ਅਤੇ ਤਰਕਸ਼ੀਲਤਾ ਦੇ ਪੱਖ ਤੋਂ ਘੋਖਿਆ ਜਾਣਾ ਚਾਹੀਦਾ ਹੈ। ਪੁਰਾਣੇ ਗੁਰੂਆਂ ਪੀਰਾਂ ਦੀਆਂ ਸਾਰੀਆਂ ਗੱਲਾਂ ਅੱਜ ਦੇ ਯੁੱਗ ਵਿੱਚ ਨਹੀਂ ਅਪਣਾਈਆਂ ਜਾ ਸਕਦੀਆਂ। ਅੱਜ ਦੇ ਸਮੇਂ ਵਿੱਚ ਕਿਸੇ ਨੂੰ ਤਲਾਕ ਲੈਣ ਤੋਂ ਰੋਕਣਾ ਜਾਂ ਸੂਰ ਜਾਂ ਮੱਛੀ ਦਾ ਮਾਸ ਖਾਣ ਤੋਂ ਰੋਕਣਾ ਜਾਂ ਬਹੁਤੇ ਵਿਆਹ ਕਰਨ ਦੀ ਇਜਾਜ਼ਤ ਦੇਣੀ ਆਦਿ ਗੱਲਾਂ ਅਸੀਂ ਸਿਰਫ ਇਸ ਹੀ ਲਈ ਨਹੀਂ ਕਰ ਸਕਦੇ ਕਿ ਬਹੁਤ ਸਮਾਂ ਪਹਿਲਾਂ ਇਨ੍ਹਾਂ ਗੱਲਾਂ ਬਾਰੇ ਕਿਸੇ ਧਾਰਮਿਕ ਮਹੱਤਤਾ ਰੱਖਣ ਵਾਲੇ ਗੁਰੂ ਪੀਰ ਨੇ ਆਪਣੇ ਵਿਚਾਰ ਪ੍ਰਗਟਾਏ ਸਨ। ਅਜਿਹੇ ਸਮਾਜਕ ਰਿਵਾਜ਼ ਸਮੇਂ ਦੇ ਨਾਲ ਨਾਲ ਬਦਲਦੇ ਰਹਿਣੇ ਚਾਹੀਦੇ ਹਨ। ਇਸ ਲਈ ਇਨ੍ਹਾਂ ਸਵਾਲਾਂ ਬਾਰੇ ਆਪਣੇ ਤਰੀਕੇ ਨਾਲ ਸੋਚੋ। ਇਨ੍ਹਾਂ ਦੇ ਹੱਲਾਂ ਲਈ ਜੀਸਸ, ਮੰਨੂ, ਜ਼ੋਰੋਐਸਟਰਾ, ਹਜ਼ਰਤ ਮੁਹੰਮਦ ਜਾਂ ਗੌਤਮ ਬੁੱਧ ਦੀ ਸਿੱਖਿਆ ਹੀ ਨਾ ਲਈ ਜਾਵੇ। ਭਾਵੇਂ ਅਸੀਂ ਇਨ੍ਹਾਂ ਗੁਰੂਆਂ ਤੋਂ ਚੰਗੀਆਂ ਕਦਰਾਂ ਕੀਮਤਾਂ ਸਿੱਖ ਸਕਦੇ ਹਾਂ ਪਰ ਇਹ ਗੁਰੂ ਪੀਰ ਸਮਾਜਕ ਰਸਮਾਂ ਰਿਵਾਜ਼ ਸਾਡੇ ਉੱਪਰ ਨਹੀਂ ਠੋਸ ਸਕਦੇ। ਜੇਕਰ ਕੋਈ ਧਾਰਮਿਕ ਅਦਾਰਾ ਲੋਕਰਾਜ ਲਈ ਆਪਣੀ ਸਹਿਮਤੀ ਪ੍ਰਗਟਾਉਂਦਾ ਹੈ ਤਾਂ ਸਾਨੂੰ ਉਸ ਦੀ ਸਿਆਸੀ ਸੇਧ ਮੰਨ ਲੈਣੀ ਚਾਹੀਦੀ ਹੈ ਪਰ ਜੇਕਰ ਧਾਰਮਿਕ ਅਦਾਰਾ ਤਾਨਾਸ਼ਾਹੀ, ਨਾਦਰਸ਼ਾਹੀ ਜਾਂ ਝੋਲੀਚੁੱਕਾਂ ਦੀ ਸਰਕਾਰ ਦੀ ਹਿਮਾਇਤ ਕਰਦਾ ਹੈ ਤਾਂ ਤੁਹਾਨੂੰ ਉਸ ਅਦਾਰੇ ਦੀਆਂ ਸਿੱਖਿਆਵਾਂ ਨੂੰ ਰੱਦ ਕਰਨਾ ਪਏਗਾ। ਉਹਨਾਂ ਸਾਰੀਆਂ ਧਾਰਮਿਕ ਗਾਥਾਵਾਂ ਨੂੰ ਜ਼ਰੂਰ ਹੀ ਵਿਸਾਰ ਦੇਣਾ ਚਾਹੀਦਾ ਹੈ ਜੋ ਸਿਆਸਤ ਅਤੇ ਆਰਥਿਕਤਾ ਵਿੱਚ ਆਜ਼ਾਦੀ, ਬਰਾਬਰੀ, ਭਰਾਤਰੀਭਾਵ ਅਤੇ ਲੋਕ ਰਾਜ ਦੀ ਵਿਰੋਧਤਾ ਕਰਦੀਆਂ ਹੋਣ। ਮਰ ਚੁੱਕੇ ਅਧਿਆਤਮਿਕ ਆਗੂਆਂ ਵਿੱਚੋਂ ਹੁਣ ਕੋਈ ਵੀ ਸਾਨੂੰ ਸੀਜ਼ਰ ਜਾਂ ਖਲੀਫਾ ਦੇ ਪ੍ਰਤੀ ਸ਼ਰਧਾਵਾਨ ਹੋਣ ਲਈ ਨਹੀਂ ਉਕਸਾ ਸਕਦਾ।

ਸਭ ਧਾਰਮਿਕ ਰੀਤੀਆਂ ਅਤੇ ਰਿਵਾਜ਼ਾਂ ਨੂੰ ਨਿੰਦਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਜੋ ਕੰਮ ਇੱਛਾ ਅਨੁਸਾਰ ਨਹੀਂ ਬਲਕਿ ਆਦਰ ਅਨੁਸਾਰ ਜਾਂ ਬਾਹਰੀ ਪ੍ਰਸਥਿਤੀਆਂ ਦੇ ਪ੍ਰਭਾਵ ਅਧੀਨ ਕੀਤੇ ਜਾਂਦੇ ਹੋਣ ਉਹ ਕਦੇ ਵੀ ਆਤਮਾ ਨੂੰ ਸ਼ੁੱਧ ਅਤੇ ਸ਼ਖਸੀਅਤ ਦਾ ਵਿਕਾਸ ਨਹੀਂ ਕਰ ਸਕਦੇ। ਨੇਕ ਇਨਸਾਨ ਬਣਨਾ ਬਹੁਤ ਮੁਸ਼ਕਿਲ ਹੈ ਇਸ ਲਈ ਪ੍ਰੋਹਿਤ ਪਾਦਰੀ, ਪੁਜਾਰੀ, ਪੂਜਕ, ਮੁੱਲਾਂ, ਗਰੰਥੀ, ਇਮਾਮ, ਅਚਾਰੀਆ ਆਦਿ ਬਾਹਰੀ ਤੌਰ 'ਤੇ ਧਰਮ ਪ੍ਰਤੀ ਬੜੇ ਸ਼ਰਧਾਵਾਨ ਬਣਾਉਣਾ ਸਿਖਾਉਂਦੇ ਹਨ। ਬਾਹਰੀ ਤੌਰ 'ਤੇ ਪ੍ਰਗਟਾਈ ਜਾਣ ਵਾਲੀ ਅਜਿਹੀ ਸ਼ਰਧਾ ਤੁਹਾਡੇ ਬੌਧਿਕ ਵਿਕਾਸ ਦੇ ਰਾਹ ਵਿੱਚ ਇਕ ਗੰਭੀਰ ਸਮੱਸਿਆ ਹੈ। ਬਹੁਤ ਵਾਰੀ ਅਜਿਹਾ ਹੁੰਦਾ ਹੈ ਕਿ ਲੋਕ ਸਮਝਦੇ ਹਨ ਕਿ ਕੁਝ ਰੀਤੀ ਰਿਵਾਜ਼ (ਧਾਰਮਿਕ) ਮੰਨਣ ਨਾਲ ਉਹ ਇਸ ਦੁਨੀਆ ਵਿੱਚ ਪਦਾਰਥਕ ਖੁਸ਼ਹਾਲੀ ਪ੍ਰਾਪਤ ਕਰ ਲੈਣਗੇ ਜਾਂ ਨਰਕ ਵਿੱਚ ਮਿਲਣ ਵਾਲੀ ਸਜ਼ਾ ਤੋਂ ਮੁਕਤ ਹੋ ਜਾਣਗੇ। ਪ੍ਰੋਹਿਤ (ਕਿਸੇ ਵੀ ਧਰਮ ਦੇ ਪੂਜਕ) ਨੂੰ ਆਮ ਤੌਰ 'ਤੇ ਇਸ ਧਾਰਮਿਕ ਗੈਰਜ਼ਰੂਰੀ ਤੇ ਮੂਰਖਤਾਨਾ ਰੀਤ ਨਿਭਾਉਣ ਦੇ ਪੈਸੇ ਮਿਲਦੇ ਹਨ। ਭਾਵੇਂ ਕਿਸੇ ਦਾ ਨੁਕਸਾਨ ਹੋਵੇ ਪਰ ਉਸ ਦੀਆਂ ਹਮੇਸ਼ਾਂ ਪੌਂਬਾਰਾਂ ਹੁੰਦੀਆਂ ਹਨ। ਤੁਹਾਨੂੰ ਇਸ ਧੋਖਾਦੇਹੀ ਦਾ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਤੀਰਥ ਯਾਤਰਾ ਕਰਨ, ਅੰਮ੍ਰਿਤ ਛਕਾਉਣ (ਪਾਹੁਲ ਦੇਣ), ਸੁੰਨਤ ਕਰਨ, ਸੂਰਜ ਦੀ ਪੂਜਾ ਕਰਨ, ਧਾਗੇ ਤਵੀਤ ਪਾਉਣ, ਖੂਨ ਦੀ ਬਲੀ ਚੜ੍ਹਾਉਣ, ਦੀਵਿਆਂ ਦੀ ਆਰਤੀ ਕਰਨ, ਮੰਨਤਾਂ ਮਨਾਉਣ, ਮੱਕੇ ਵੱਲ ਸਿਰ ਰੱਖ ਕੇ ਲੰਮੇ ਪੈਣ, ਗੰਗਾ ਇਸ਼ਨਾਨ ਕਰਨ, ਪੱਥਰਾਂ ਦੀ ਪੂਜਾ ਕਰਨ, ਬੁੱਧ ਦੇ ਦੰਦਾਂ ਦੀ ਪੂਜਾ ਕਰਨ, ਬੁੱਤ-ਪੂਜਾ ਕਰਨ, ਜਾਨਵਰਾਂ ਦੀ ਪੂਜਾ ਕਰਨ, ਮੂਰਤਾਂ ਦੀ ਪੂਜਾ ਕਰਨ ਜਾਂ ਗਿਰਜੇ ਵਿੱਚ ਦਿੱਤੀ ਜਾਣ ਵਾਲੀ ਸ਼ਰਾਬ ਨੂੰ ਈਸਾ ਦਾ ਲਹੂ ਸਮਝ ਕੇ ਪੀਣ ਆਦਿ ਗੱਲਾਂ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਇਹੋ ਜਿਹੀਆਂ ਮੂਰਖਤਾਵਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਸਵਰਗਾਂ ਵਿੱਚ ਮੁਕਤੀ ਹੋਣਾ ਜਾਂ ਨਰਕਾਂ ਦੀ ਅੱਗ ਵਿੱਚ ਸੜਨਾ ਆਦਿ ਸਿੱਖਿਆਵਾਂ ਤਕਰੀਬਨ ਹਰ ਧਰਮ ਦਾ ਜ਼ਰੂਰੀ ਹਿੱਸਾ ਹਨ। ਈਸਾਈ ਮੱਤ ਅਤੇ ਇਸਲਾਮ ਦੇ ਮੁਤਾਬਕ ਸਵਰਗਾਂ ਦਾ ਸੁੱਖ ਜਾਂ ਨਰਕਾਂ ਦਾ ਦੁੱਖ ਹਮੇਸ਼ਾਂ ਹਮੇਸ਼ਾਂ ਲਈ ਮਿਲਦੇ ਹਨ ਅਤੇ ਹਿੰਦੂ ਅਤੇ ਬੁੱਧ ਧਰਮ ਦੇ ਮੁਤਾਬਕ ਇਹ ਕੁਝ ਸਮੇਂ ਲਈ ਹੀ ਮਿਲਦੇ ਹਨ। ਅਗਲੇ ਜਨਮ ਵਿੱਚ ਦੁੱਖਾਂ ਜਾਂ ਸੁੱਖਾਂ ਦੀ ਲਾਲਸਾ ਦੇਣ ਦਾ ਮਨੋਰਥ ਸਾਧਾਰਨ ਇਨਸਾਨ ਨੂੰ ਬੁਰੇ ਕੰਮਾਂ ਤੋਂ ਹਟਾ ਕੇ ਨੇਕੀ ਦੇ ਰਸਤੇ

ਉੱਪਰ ਲਿਆਉਣ ਦਾ ਹੁੰਦਾ ਹੈ। ਇਹੋ ਜਿਹੇ ਸਭ ਅੰਧ ਵਿਸ਼ਵਾਸਾਂ ਦਾ ਆਧਾਰ ਇਹ ਧਾਰਨਾ ਹੁੰਦੀ ਹੈ ਕਿ ਇਨਸਾਨ ਦੀ ਸ਼ਖਸੀਅਤ ਦਾ ਇਕ ਹਿੱਸਾ ਜਿਸ ਨੂੰ ਰੂਹ (ਸੋਲ) ਕਹਿੰਦੇ ਹਨ ਇਨਸਾਨ ਦੀ ਮੌਤ ਤੋਂ ਬਾਅਦ ਵੀ ਜਿਉਂਦੀ ਰਹਿੰਦੀ ਹੈ। ਇਹ ਦੁਬਾਰਾ ਸਰੀਰ ਵਿੱਚ ਸਮਾ ਸਕਦੀ ਹੈ ਜਾਂ ਕੇਵਲ ਆਪਣੇ ਆਪ ਵਿੱਚ ਹੀ ਹੋਂਦ ਵਿੱਚ ਰਹਿ ਸਕਦੀ ਹੈ। ਇਸ ਨੂੰ ਪਦਾਰਥਕ ਅਤੇ ਪੂਰਨ ਤੌਰ 'ਤੇ ਅਧਿਆਤਮਕ ਹੋਣ ਦਾ ਦਰਜਾ ਦਿੱਤਾ ਗਿਆ ਹੈ। ਸਾਰੀਆਂ ਗੱਲਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਤੁਹਾਡੀ ਸ਼ਖਸੀਅਤ ਦਾ ਇਕ ਹਿੱਸਾ ਜੋ ਭਾਵਨਾਵਾਂ ਮਹਿਸੂਸ ਕਰਨ ਦੇ ਯੋਗ ਹੈ, ਮੌਤ ਤੋਂ ਬਾਅਦ ਵੀ ਜਿਉਂਦਾ ਰਹਿੰਦਾ ਹੈ ਜਿਸ ਕਰਕੇ ਤੁਸੀਂ ਮੌਤ ਤੋਂ ਬਾਅਦ ਵੀ ਦੁੱਖ ਜਾਂ ਖੁਸ਼ੀ ਮਹਿਸੂਸ ਕਰ ਸਕਦੇ ਹੋ। ਇਸ ਗੈਰ ਵਿਗਿਆਨਕ ਸਿਧਾਂਤ ਨੇ ਸਭ ਦੇਸ਼ਾਂ ਵਿੱਚ ਵਹਿਮਾਂ, ਭਰਮਾਂ ਦਾ ਕਿਤਨਾ ਵੱਡਾ ਫੈਲਾਅ ਕੀਤਾ ਹੈ। ਇਸ ਸਿਧਾਂਤ ਨੂੰ ਥੰਮੀ ਦਾ ਸਹਾਰਾ ਦੇਣ ਲਈ ਤੇ ਪੱਕਾ ਕਰਨ ਲਈ ਕਿਤਨੇ ਹੀ ਅਸੂਲਾਂ ਨੂੰ ਛਿੱਕੇ ਟੰਗਿਆ ਗਿਆ ਹੈ ਤੇ ਤੋੜਿਆ ਮਰੋੜਿਆ ਗਿਆ ਹੈ। ਡਰ ਅਤੇ ਦਹਿਸ਼ਤ ਨੇ ਅਣਗਿਣਤ ਔਰਤਾਂ ਤੇ ਮਰਦਾਂ ਦੀ ਸ਼ਾਂਤੀ , ਸਵੈਮਾਣ, ਅਤੇ ਇਨਸਾਨੀਅਤ ਦੇ ਸੱਚੇ ਅਸੂਲ ਖੋਹ ਲਏ ਹਨ। ਮਿਸਰ ਦੇ ਪੁਰਾਣੇ ਲੋਕਾਂ ਤੋਂ ਲੈ ਕੇ ਧਾਰਮਿਕ ਪੁਨਰ ਜਾਗਰਣ ਵਾਦੀਆਂ ਦੇ ਅਡੰਬਰਾਂ ਤੱਕ ਇਨਸਾਨ ਇਸ ਸਵਾਲ ਦਾ ਜੁਆਬ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਕਿ ਮੌਤ ਤੋਂ ਬਾਅਦ ਮੈਨੂੰ ਕੀ ਹੋਵੇਗਾ। ਚਲਾਕ ਧੋਖੇਬਾਜ਼ਾਂ, ਜੋ ਹਮੇਸ਼ਾਂ ਵਿਦਵਾਨ ਹੋਣ ਦਾ ਦਾਅਵਾ ਕਰਦੇ ਹਨ, ਬੇਈਮਾਨਾਂ ਤੇ ਬਦਮਾਸ਼ਾਂ ਨੇ ਹਮੇਸ਼ਾਂ ਇਨਸਾਨ ਦਾ ਉਸ ਦੇ ਇਸ ਸਵਾਲ ਬਾਰੇ ਅਗਿਆਨਤਾ ਕਾਰਨ ਸ਼ੋਸ਼ਣ ਕੀਤਾ ਹੈ। ਪਾਦਰੀਆਂ (ਪੁਜਾਰੀਆਂ, ਪ੍ਰੋਹਿਤਾਂ ਆਦਿ) ਨੇ ਹਮੇਸ਼ਾਂ ਆਪਣੇ ਗੁਮਰਾਹ ਹੋਏ ਸ਼ਰਧਾਲੂਆਂ ਦਾ ਧਨ ਉਨ੍ਹਾਂ ਨੂੰ ਇਹ ਯਕੀਨ ਦੁਆ ਕੇ ਲੁੱਟਿਆ ਹੈ ਕਿ ਭਵਿੱਖ ਵਿੱਚ ਇਸ ਦੇ ਬਦਲੇ ਉਨ੍ਹਾਂ ਨੂੰ ਖੁਸ਼ੀ ਪ੍ਰਾਪਤ ਹੋਵੇਗੀ। ਸ਼ਾਇਦ ਇਨ੍ਹਾਂ ਪਾਦਰੀਆਂ ਆਦਿ ਨੇ ਪਹਿਲਾਂ ਆਪਣੇ ਆਪ ਨੂੰ ਗੁਮਰਾਹ ਕਰ ਲਿਆ ਹੋਵੇ ਪਰ ਆਪਣੇ ਸ਼ਰਧਾਲੂਆਂ ਦੀ ਗੁਮਰਾਹੀ ਤੋਂ ਨਿਸ਼ਚੈ ਹੀ ਉਨ੍ਹਾਂ ਨੇ ਫਾਇਦਾ ਉਠਾਇਆ ਹੈ। ਨਰਕ ਦੀ ਸਜ਼ਾ ਦੇ ਡਰ ਨੇ ਆਦਮਜ਼ਾਤ ਦੀਆਂ ਅੱਖਾਂ ਵਿੱਚੋਂ ਇਤਨੇ ਅੱਥਰੂ ਵਹਾਏ ਹਨ ਜਿਤਨਿਆਂ ਨਾਲ ਸਾਰੇ ਡੂੰਘੇ ਸਮੁੰਦਰ ਭਰ ਸਕਦੇ ਹਨ। ਮੁਕਤੀ ਦੀ ਆਸ ਵਿੱਚ ਦਿੱਤੇ ਦਾਨ ਨੇ ਪਾਦਰੀਆਂ (ਪ੍ਰੋਹਿਤਾਂ, ਪੂਜਕਾਂ ਆਦਿ) ਦੀਆਂ ਤਿਜੋਰੀਆਂ ਵਿੱਚ ਇਤਨਾ ਧਨ ਦੌਲਤ (ਸੋਨਾ, ਚਾਂਦੀ) ਭਰਿਆ ਹੈ ਜਿਤਨਾ ਕਿ ਸਪੇਨੀ ਲੋਕਾਂ ਨੇ ਅਮਰੀਕਾ ਤੋਂ ਜਾਂ ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਤੋਂ ਨਹੀਂ ਲੁੱਟਿਆ ਹੋਣਾ। ਇਨਸਾਨੀਅਤ ਦੇ ਅਸੂਲ ਇਕ ਸ਼ਰਮਨਾਕ ਵਿਉਪਾਰਕ ਵਹੀ-ਖਾਤਾ ਬਣ ਕੇ ਰਹਿ ਗਏ ਹਨ। ਸ਼ਰਧਾਲੂਆਂ ਵਾਸਤੇ ਨੇਕੀ ਇਸ ਤਰ੍ਹਾਂ ਬਣ ਕੇ ਰਹਿ ਗਈ ਹੈ ਜਿਵੇਂ ਨਰਕ ਦੀ ਅੱਗ ਤੋਂ ਬਚਣ ਲਈ ਕਰਵਾਏ ਗਏ ਬੀਮੇ ਦੀ ਦਿੱਤੀ ਜਾਣ ਵਾਲੀ ਕਿਸ਼ਤ ਹੋਵੇ ਅਤੇ ਚਰਚ (ਧਾਰਮਿਕ ਅਦਾਰਾ) ਉਹ ਬੀਮਾ ਪਾਲਸੀ ਵੇਚਣ ਵਾਲੀ ਕੰਪਨੀ ਹੋਵੇ। ਰੂਸ ਵਿੱਚ ਇਕ ਧੋਖੇਬਾਜ਼ ਨੇ ਭੋਲੇ ਭਾਲੇ ਗਰੀਬ ਕਿਸਾਨਾਂ ਨੂੰ ਪੰਜ ਜਾਂ ਦਸ ਰੂਬਲ ਦੇ ਬਦਲੇ ਵਿੱਚ ਸਵਰਗ ਵਿੱਚ ਸੀਟਾਂ ਵੇਚੀਆਂ ਸਨ। ਅਰਦਾਸਾਂ, ਮੁਰਦਿਆਂ ਲਈ ਤੋਹਫੇ ਆਦਿ ਦੁਨੀਆ ਦੇ ਹਰ ਇਕ ਮੁਲਕ ਵਿੱਚ ਪ੍ਰੋਹਿਤਾਂ ਲਈ ਆਮਦਨੀ ਦਾ ਪੱਕਾ ਵਸੀਲਾ ਹਨ। ਸੋ ਇਹ ਹਨ ਰੂਹ ਦੀ ਧਾਰਨਾ ਅਤੇ ਇਸ ਦੀ ਅਗਲੀ ਦੁਨੀਆ ਵਿੱਚ ਹੋਣ ਵਾਲੀ ਹੋਂਦ ਦੀ ਧਾਰਨਾ ਦੇ ਭੈੜੇ ਅਤੇ ਖਤਰਨਾਕ ਨਤੀਜੇ। ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਹਰੇਕ ਇਨਸਾਨ ਨੂੰ ਰੂਹ ਦੀ ਧਾਰਨਾ ਤੋਂ ਨਿਕਲਣ ਵਾਲੇ ਇਨ੍ਹਾਂ ਖਤਰਨਾਕ ਸਿੱਟਿਆਂ ਵੱਲ ਦੇਖ ਕੇ ਹੀ ਇਸ ਧਾਰਨਾ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਰੋਕਣਾ ਚਾਹੀਦਾ ਹੈ।

ਹੁਣ ਤੁਹਾਨੂੰ ਹਰ ਕਿਸਮ ਦੇ ਬਦਲਾ ਲਊ ਜਾਂ ਅਗਲੇ ਜਨਮ ਵਿੱਚ ਸਜ਼ਾ ਦੇਣ ਵਾਲੀਆਂ ਰੂੜੀਵਾਦੀ ਨੀਤੀਆਂ ਰੱਦ ਕਰ ਕੇ ਆਪਣੇ ਆਪ ਨੂੰ ਤੇ ਦੂਸਰਿਆਂ ਨੂੰ ਵਹਿਮਾਂ ਭਰਮਾਂ ਤੋਂ ਮੁਕਤੀ ਦਿਵਾਉਣੀ ਚਾਹੀਦੀ ਹੈ। ਇਨਸਾਨ ਆਪਣੀ ਸ਼ਖਸੀਅਤ ਨੂੰ ਚੰਗਾ ਬਣਾਉਣ ਲਈ ਪੈਦਾ ਹੋਇਆ ਹੈ ਨਾ ਕਿ ਆਪਣੇ ਕੰਮਾਂ ਦੇ ਬਦਲੇ ਦੁੱਖਾਂ ਦੀ ਸਜ਼ਾ ਪਾਉਣ ਜਾਂ ਇਨਾਮਾਂ ਦੀਆਂ ਖੁਸ਼ੀਆਂ ਪਾਉਣ ਲਈ। ਅਗਲੇ ਜਨਮ ਵਿੱਚ ਸਜ਼ਾ ਮਿਲਣ ਦਾ ਜਾਂ ਬਦਲਾ ਦੇਣ ਦਾ ਵਿਚਾਰ ਜਿੱਥੇ ਕਿਤੇ ਵੀ ਮਿਲੇ ਉਸ ਦਾ ਖਾਤਮਾ ਕਰਨਾ ਚਾਹੀਦਾ ਹੈ। ਸ਼ਖਸੀਅਤ ਦੀ ਮੰਜ਼ਲ ਵਿਕਾਸ ਕਰਨਾ ਹੈ ਨਾ ਕਿ ਭੋਗ ਵਿਲਾਸੀ ਹੋਣਾ ਜਾਂ ਰੜਕਾਂ ਕੱਢਣਾ ਜਾਂ ਬੁਰਾਈ ਦਾ ਬਦਲਾ ਲੈਣਾ ਹੈ। ਇਹ ਸਾਰਾ ਬ੍ਰਹਿਮੰਡ ਕਿਸੇ ਜ਼ਾਲਿਮ ਪੁਲਿਸ ਵਾਲੇ ਜਾਂ ਲਾਲਚੀ ਭਾੜੇ ਦੇ ਟੱਟੂਆਂ ਦੇ ਸਿਧਾਂਤ 'ਤੇ ਨਹੀਂ ਚਲਦਾ ਸਗੋਂ ਕ੍ਰਮਵਿਕਾਸ (ਐਵੂਲੇਸ਼ਨ) ਦੇ ਨਿਯਮਬੱਧ ਤਰੀਕੇ ਨਾਲ ਚਲਦਾ ਹੈ। ਕੋਈ ਵੀ ਇਨਸਾਨ ਮਰਨ ਤੋਂ ਬਾਅਦ ਕਿਸੇ ਵੀ ਤਰੀਕੇ ਨਾਲ ਕਿਸੇ ਕਿਸਮ ਦੇ ਇਨਾਮ ਜਾਂ ਸਜ਼ਾ ਦਾ ਭਾਗੀ ਨਹੀਂ ਬਣੇਗਾ। ਨੈਤਿਕਤਾ, ਸਦਾਚਾਰ ਅਤੇ ਉੱਚਤਾ ਇਸ ਹੀ ਜ਼ਿੰਦਗੀ ਦੇ ਅਸਲ ਪੁਰਸਕਾਰ ਹਨ ਕਿਉਂਕਿ ਇਨ੍ਹਾਂ ਦੇ ਵਿਕਾਸ ਨਾਲ ਸ਼ਖਸੀਅਤ ਦਾ ਵੀ ਵਿਕਾਸ ਨਾਲ ਨਾਲ ਹੁੰਦਾ ਹੈ। ਅਨੈਤਿਕਤਾ, ਬੁਰਾਈ ਅਤੇ ਨੀਚਤਾ ਆਪਣੇ ਆਪ ਵਿੱਚ ਹੀ ਸਜ਼ਾਵਾਂ ਹਨ ਕਿਉਂਕਿ ਇਹ ਵਿਕਾਸ ਨੂੰ ਰੋਕ ਦਿੰਦੀਆਂ ਹਨ। ਇਸ ਦੁਨੀਆ ਵਿੱਚ ਕਿਤੇ ਵੀ ਕੋਈ ਵਹੀ ਖਾਤਾ ਨਹੀਂ ਖੁਲ੍ਹਿਆ ਹੋਇਆ ਜਿਸ ਵਿੱਚ ਤੁਹਾਡੇ ਪਾਪਾਂ ਜਾਂ ਪੁੰਨਾਂ ਦਾ ਵੇਰਵਾ ਦਰਜ ਹੋਵੇ। ਇਹ ਬ੍ਰਹਿਮੰਡ ਤੁਹਾਡੇ ਚੰਗੇ ਜਾਂ ਮਾੜੇ ਕੰਮਾਂ ਨੂੰ ਯਾਦ ਨਹੀਂ ਰੱਖਦਾ ਸਗੋਂ ਇਹ ਹਰੇਕ ਛਿਣ ਨੂੰ ਆਪਣੇ ਆਪ ਵਿੱਚ ਸੰਪੂਰਨ ਮੰਨਦਾ ਹੈ ਅਤੇ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਵਧਦਾ ਜਾਂਦਾ ਹੈ। ਸੋ ਇਸ ਕਰ ਕੇ ਮੌਤ ਤੋਂ ਬਾਅਦ ਮਿਲਣ ਵਾਲੀ ਨਰਕ ਦੀ ਸਜ਼ਾ ਦੇ ਡਰ ਜਾਂ ਸਵਰਗ ਦੇ ਸੁੱਖਾਂ ਦੀ ਲਾਲਸਾ ਨੂੰ ਦਿਮਾਗ ਵਿੱਚੋਂ ਕੱਢ ਸੁੱਟੋ।

ਸਭ ਵਹਿਮਾਂ ਭਰਮਾਂ ਤੋਂ ਛੁਟਕਾਰਾ ਪਾਉਣ ਤੋਂ ਬਾਅਦ ਹੀ ਤੁਸੀਂ ਇਸ ਤੁਲਨਾਤਮਕ ਧਰਮ ਦੀ ਪੜ੍ਹਾਈ ਤੋਂ ਫਾਇਦਾ ਉਠਾ ਸਕਦੇ ਹੋ। ਮਹਾਨ ਗੁਰੂਆਂ ਅਤੇ ਆਗੂਆਂ ਦੀਆਂ ਜ਼ਿੰਦਗੀਆਂ ਨੂੰ ਤੇ ਉਨ੍ਹਾਂ ਦੇ ਵਚਨਾਂ ਨੂੰ ਚੰਗੀ ਤਰ੍ਹਾਂ ਮਨ ਵਿੱਚ ਵਿਚਾਰੋ। ਉਨ੍ਹਾਂ ਨੇ ਧਨ ਅਤੇ ਜਾਇਦਾਦ ਨੂੰ ਤੁਛ ਸਮਝਿਆ, ਤੁਸੀਂ ਵੀ ਇਹ ਕਰ ਸਕਦੇ ਹੋ। ਉਨ੍ਹਾਂ ਨੇ ਬਿਲਕੁਲ ਸਾਧਾਰਨ ਖਾਣ ਪੀਣ ਅਤੇ ਪਹਿਨਣ ਦੀਆਂ ਵਸਤਾਂ 'ਤੇ ਗੁਜ਼ਾਰਾ ਕੀਤਾ, ਤੁਸੀਂ ਵੀ ਇਹ ਕਰ ਸਕਦੇ ਹੋ। ਉਨ੍ਹਾਂ ਨੇ ਗਰੀਬਾਂ ਅਤੇ ਨਿਮਾਣਿਆਂ ਨੂੰ ਪਿਆਰ ਕੀਤਾ, ਤੁਸੀਂ ਵੀ ਇਹ ਕਰ ਸਕਦੇ ਹੋ। ਉਹ ਜਿਨਸੀ ਹਵਸ ਦੀ ਲਾਲਸਾ ਜਾਂ ਹੋਰ ਕਿਸੇ ਕਿਸਮ ਦੀ ਤਾਂਘ ਤੋਂ ਆਜ਼ਾਦ ਸਨ, ਤੁਸੀਂ ਵੀ ਇਹ ਕਰ ਸਕਦੇ ਹੋ। ਉਹ ਹਮੇਸ਼ਾਂ ਨਰਮ ਦਿਲ, ਹਲੀਮੀ ਵਾਲੇ ਤੇ ਧੀਰਜਵਾਨ ਸਨ, ਤੁਸੀਂ ਵੀ ਇਹ ਕਰ ਸਕਦੇ ਹੋ। ਉਨ੍ਹਾਂ ਨੇ ਆਪਣੇ ਦੋਸਤਾਂ ਤੇ ਸੰਗੀਆਂ ਸਾਥੀਆਂ ਨੂੰ ਸੰਪੂਰਨਤਾ ਵੱਲ ਪਹੁੰਚਣ ਦਾ ਹੌਂਸਲਾ ਦਿੱਤਾ, ਤੁਸੀਂ ਵੀ ਇਹ ਕਰ ਸਕਦੇ ਹੋ।

ਤੁਹਾਨੂੰ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਚੋਣਵੇਂ ਅਸੂਲਾਂ ਅਤੇ ਧਾਰਨਾਵਾਂ ਦੇ ਫੁੱਲਾਂ ਦਾ ਗੁਲਦਸਤਾ ਬਣਾਉਣਾ ਚਾਹੀਦਾ ਹੈ। ਇਹ ਫੁੱਲ ਤੁਹਾਡੇ ਮਨ ਨੂੰ ਨੇਕੀ ਦੀ ਸੁੰਦਰਤਾ ਅਤੇ ਸੁਗੰਧੀ ਨਾਲ ਤਰੋਤਾਜ਼ਾ ਕਰ ਦੇਣਗੇ।

ਪੁਰਾਣੇ ਮੱਤਾਂ ਵਿੱਚ ਵਹਿਮ ਭਰਮ ਆਮ ਤੌਰ ਤੇ ਕਿਸੇ ਨਾ ਕਿਸੇ ਸ਼ਾਸਤਰ ਦਾ ਹਿੱਸਾ ਹੁੰਦੇ ਹਨ। ਇਨ੍ਹਾਂ ਦਾ ਸੰਪਰਦਾਇ (ਸਿਧਾਂਤ) ਇਕ -ਈਸ਼ਵਰਵਾਦੀ ਜਾਂ ਬਹੁ-ਈਸ਼ਵਰਵਾਦੀ ਹੁੰਦਾ ਹੈ। ਸ਼ਿਵ, ਵਿਸ਼ਨੂੰ, ਬੁੱਧ, ਦੇਵਤਿਆਂ, ਦੈਂਤਾਂ ਜਾਂ ਰੱਬ ਦੀ ਪੂਜਾ ਇਨ੍ਹਾਂ ਵਿੱਚ ਵਹਿਮਾਂ ਤੇ ਭਰਮਾਂ ਨੂੰ ਭਰਦੀ ਹੈ। ਤੁਹਾਨੂੰ ਐਸੇ ਧਰਮ ਸ਼ਾਸਤਰ ਦੇ ਆਖਰੀ ਲੇਸਮਾਤਰ ਤੋਂ ਵੀ ਕਿਨਾਰਾ ਕਰ ਲੈਣਾ ਚਾਹੀਦਾ ਹੈ।

ਬਹੁ-ਈਸ਼ਵਰਵਾਦ ਅਜੇ ਵੀ ਭਾਰਤ, ਚੀਨ ਤੇ ਹੋਰ ਦੇਸ਼ਾਂ ਵਿੱਚ ਪ੍ਰਚੱਲਤ ਹੈ ਪਰ ਲੋਕਾਂ ਦੀ ਵਧ ਰਹੀ ਸੂਝ ਬੂਝ ਦਾ ਸਦਕਾ ਹੌਲੀ ਹੌਲੀ ਇਸ ਦਾ ਵਿਨਾਸ਼ ਹੋ ਰਿਹਾ ਹੈ। ਲੋਕਾਂ ਲਈ ਅਣਗਿਣਤ ਦੇਵੀਆਂ ਦੇਵਤਿਆਂ, ਜਿਨ੍ਹਾਂ ਵਿੱਚੋਂ ਕਿਸੇ ਦੇ ਚਾਰ ਮੂੰਹ, ਤਿੰਨ ਅੱਖਾਂ, ਸਿਰ ਹਾਥੀ ਦਾ ਲੱਗਾ ਹੋਇਆ ਵਰਗੀਆਂ ਗੱਲਾਂ ਤੇ ਸ਼ੱਕ ਕਰਨਾ ਸੌਖਾ ਹੈ। ਬਹੁ-ਈਸ਼ਵਰਵਾਦ, ਦੇਵਤਿਆਂ ਦੀਆਂ ਸ਼ਕਲਾਂ ਸੂਰਤਾਂ ਇਨਸਾਨਾਂ ਵਰਗੀਆਂ ਬਣਾ ਕੇ ਪੇਸ਼ ਕਰਦਾ ਹੈ ਅਤੇ ਇਸ ਕਰਕੇ ਉਨ੍ਹਾਂ ਉੱਪਰ ਯਕੀਨ ਕਰਨਾ ਔਖਾ ਬਣਾ ਦਿੰਦਾ ਹੈ (ਸ਼ੱਕ ਕਰਨਾ ਸੌਖਾ ਬਣਾ ਦਿੰਦਾ ਹੈ)। ਪਰ ਧਾਰਮਿਕ ਅਦਵੈਤਵਾਦ (ਇਕ-ਈਸ਼ਵਰਵਾਦ) ਜ਼ਿਆਦਾ ਖਤਰਨਾਕ ਤੇ ਲੁਕਵਾਂ ਦੁਸ਼ਮਨ ਹੈ ਕਿਉਂਕਿ ਇਹ ਸੂਖਮ ਦ੍ਰਿਸ਼ਟੀ ਅਤੇ ਤਰਕਸ਼ੀਲ ਹੋਣ ਦਾ ਢੋਂਗ ਕਰਦਾ ਹੈ। ਇਹ ਰੱਬ ਨੂੰ ਸਰੀਰ, ਭਾਵਨਾ, ਅਭਿਲਾਸ਼ਾ, ਬੀਵੀ-ਬੱਚਿਆਂ ਤੋਂ ਵਾਂਝਾ ਕਰ ਦਿੰਦਾ ਹੈ ਅਤੇ ਇਸ ਨੂੰ ਅਦਿੱਖ, ਸਪਰਸ਼ਹੀਣ, ਸਦੀਵੀ (ਅਨੰਤ), ਸਰਵਵਿਆਪਕ, ਬੁੱਧੀਮਾਨ, ਦਇਆਵਾਨ ਤੇ ਸਰਬਸ਼ਕਤੀਮਾਨ ਪਰ ਹਸਤੀ ਬਣਾ ਕੇ ਪੇਸ਼ ਕਰਦਾ ਹੈ ਜਿਸ ਦੀ ਵਜਹ ਨਾਲ ਇਹ ਸਾਰਾ ਬ੍ਰਹਿਮੰਡ ਬਣਿਆ ਤੇ ਵਿਚਰ ਰਿਹਾ ਹੈ। ਇਹ ਸਿੱਖਿਆ ਬੇਢੰਗੇ

ਬਹੁ-ਈਸ਼ਵਰਵਾਦ ਨਾਲੋਂ ਜ਼ਿਆਦਾ ਮੋਮੋਠੱਗਣੀ ਹੈ। ਇਹ ਸਿੱਖਿਆ ਯਹੂਦੀ, ਮੁਸਲਿਮ, ਅਤੇ ਈਸਾਈ ਧਰਮ ਸ਼ਾਸਤਰ ਦਾ ਆਧਾਰ ਹੈ। ਚੰਗੀ ਕਿਸਮਤ ਨੂੰ ਬਹੁਤ ਸਾਰੇ ਯੂਨਾਨੀ, ਹਿੰਦੂ ਅਤੇ ਚੀਨੀ ਦਾਰਸ਼ਨਿਕ ਇਸ ਜਾਲ ਵਿੱਚ ਨਹੀਂ ਫਸੇ। ਚਾਰ ਮੁੱਖ ਧਾਰਮਿਕ ਧਾਰਾਵਾਂ ਵਿੱਚ ਸਿਰਫ ਇਕ ਹੀ ਭਰਮ ਨਾਲ ਅਸ਼ੁੱਧ ਹੋਈ ਹੈ।

ਤੁਹਾਨੂੰ ਇਸ ਰੂੜੀਵਾਦ ਨੂੰ ਹੇਠ ਲਿਖੇ ਕਾਰਨਾ ਕਰਕੇ ਰੱਦ ਕਰਨਾ ਅਤੇ ਤਿਆਗ ਦੇਣਾ ਚਾਹੀਦਾ ਹੈ:

1.

ਅਰਸਤੂ ਅਤੇ ਸੰਤ ਟਾਮਸ ਅਕਇਨਾ ਦੁਨੀਆ ਦੇ ਜਿਸ ਤਰ੍ਹਾਂ ਦੇ ਇਕ ਚਾਲਕ ਦੀ ਕਲਪਨਾ ਕਰਦੇ ਹਨ ਉਸ ਤਰ੍ਹਾਂ ਦਾ ਕੋਈ ਵੀ ਕੁਦਰਤ ਨੂੰ ਆਰੰਭਣ ਅਤੇ ਚਲਾਉਣ ਵਾਲਾ ਨਹੀਂ ਹੋ ਸਕਦਾ। ਟਾਮਸ ਅਕੁਇਨਾ ਕਹਿੰਦਾ ਹੈ, "ਰੱਬ ਦੀ ਹੋਂਦ ਮਨਾਉਣ ਦਾ ਸਭ ਤੋਂ ਪਹਿਲਾ ਅਤੇ ਪ੍ਰਤੱਖ ਤਰੀਕਾ ਵੇਗ ਦੀ ਦਲੀਲ ਰਾਹੀਂ ਹੋ ਸਕਦਾ ਹੈ। ਹਰ ਚੀਜ਼ ਦੀ ਗਤੀ ਦੀ ਵਜਹ ਕੋਈ ਹੋਰ ਚੀਜ਼ ਹੁੰਦੀ ਹੈ। ਸੋ ਸਾਨੂੰ ਕਿਸੇ ਐਸੀ ਚੀਜ਼ ਦੀ ਖੋਜ ਕਰਨੀ ਪਏਗੀ ਜੋ ਕਿਸੇ ਹੋਰ ਚੀਜ਼ ਦੀ ਵਜਹ ਨਾਲ ਨਹੀਂ ਬਲਕਿ ਆਪਣੇ ਆਪ ਹੀ ਗਤੀਸ਼ੀਲ ਹੋਵੇ। ਹਰ ਕਿਸੇ ਦੀ ਸਮਝ ਮੁਤਾਬਕ ਐਸੀ ਚੀਜ਼ ਰੱਬ ਹੀ ਹੈ ਜੋ ਕਿਸੇ ਹੋਰ ਚੀਜ਼ ਨਾਲ ਨਹੀਂ ਬਲਕਿ ਆਪਣੇ ਆਪ ਹੀ ਗਤੀਸ਼ੀਲ ਹੈ।"

ਅਰਸਤੂ ਨੇ ਆਪਣੇ ਅਧਿਆਤਮਵਾਦ ਵਿੱਚ ਲਿਖਿਆ ਹੈ, "ਮੁਢਲੀ ਗਤੀ ਤਬਦੀਲੀ ਨਾਲ ਸਬੰਧ ਰੱਖਦੀ ਹੈ ਜਾਂ ਤਬਦੀਲੀ ਤੋਂ ਪੈਦਾ ਹੁੰਦੀ ਹੈ ਪਰ ਸਭ ਤੋਂ ਪਹਿਲਾਂ ਹਿਲਾਉਣ ਵਾਲਾ ਉਸ ਨੂੰ ਗਤੀ ਪ੍ਰਦਾਨ ਕਰਦਾ ਹੈ। ਸੋ ਇਸ ਕਰਕੇ ਇਸ ਸਭ ਤੋਂ ਪਹਿਲਾਂ ਹਿਲਾਉਣ ਵਾਲੇ ਵਿਅਕਤੀ ਦਾ ਅਸਤਿਤਵ (ਵਜੂਦ) ਹੋਣਾ ਜ਼ਰੂਰੀ ਹੈ।"

ਪਰ ਇਹ ਦਲੀਲ ਬਿਲਕੁਲ ਗਲਤ ਹੈ। ਅਸੀਂ ਗਤੀ ਦੇ ਜਾਂ ਇਸ ਬ੍ਰਹਿਮੰਡ ਦੇ ਸ਼ੁਰੂ ਹੋਣ ਦੀ ਕਲਪਨਾ ਨਹੀਂ ਕਰ ਸਕਦੇ। ਪਦਾਰਥ ਵਿੱਚ ਗਤੀ ਦਾ ਹੋਣਾ ਇਕ ਭੌਤਿਕ ਚਮਤਕਾਰ ਹੈ ਜਿਸ ਪਿੱਛੇ ਬਕਾਇਦਾ ਪੂਰਵ ਘਟਿਤ ਭੌਤਿਕ ਕ੍ਰਿਆਵਾਂ ਹੋਣਗੀਆਂ। ਇਹ ਅਸੰਭਵ ਹੈ ਕਿ ਇਨ੍ਹਾਂ ਭੌਤਿਕ ਕ੍ਰਿਆਵਾਂ ਦੀ ਕੜੀ ਬਾਹਰ ਛਾਲ ਮਾਰ ਕੇ 'ਰੱਬ' ਦੀ ਝੋਲੀ ਵਿੱਚ ਜਾ ਡਿੱਗੇ ਜੋ ਇਕ ਵਿਅਕਤੀ ਹੈ।

2.

ਇਹ ਬ੍ਰਹਿਮੰਡ ਰੱਬ ਨੇ ਨਹੀਂ ਪੈਦਾ ਕੀਤਾ। ਕੁਝ ਸੋਚਵਾਨ ਇਹ ਕਹਿੰਦੇ ਹਨ ਕਿ ਰੱਬ ਨੇ ਇਹ ਬ੍ਰਹਿਮੰਡ ਬਿਲਕੁਲ ਆਭਾਵ (ਆਊਟ ਆਫ ਨਥਿੰਗ) ਤੋਂ ਪੈਦਾ ਕੀਤਾ ਹੈ। ਇਹ ਸਿੱਖਿਆ ਅੰਜੀਲ (ਬਾਈਬਲ) ਦੇ ਮੁਢਲੇ ਅਧਿਆਏ ਅਤੇ ਕੁਰਾਨ ਵਿੱਚ ਦਰਜ ਹੈ। ਹੋਰ ਦਾਰਸ਼ਨਿਕਾਂ ਜਿਵੇਂ ਲੈਬਨਿਜ਼ ਦੀ ਕਲਪਨਾ ਮੁਤਾਬਕ 'ਰੱਬ' ਬਿਲਕੁਲ ਸ਼ੂਨਯ (ਨਥਿੰਗ) ਤੋਂ ਪੈਦਾ ਨਹੀਂ ਹੋਇਆ। ਇਸ ਗੱਲ ਦੇ ਨਾਲ ਪੂਰਨ ਤੌਰ ਤੇ ਆਸਤਿਕਾਂ ਦੇ ਜਨਮ ਹੋਣ ਅਤੇ ਸਰਬ ਈਸ਼ਵਰਵਾਦੀ (ਦੇਵ ਪੁਜਾਰੀਆਂ) ਦੀ ਉਤਪਤੀ ਦੇ ਵਿਚ-ਵਿਚਾਲੇ ਜਿਹੇ ਦੀ ਵਿਧੀ ਨਾਲ ਇਕ ਭਟਕੀ ਜਿਹੀ ਸੋਚ ਦਾ ਜਨਮ ਹੋਇਆ।

ਪਲਾਟੋ, ਡੈਸਕਾਰਟਸ ਅਤੇ ਸੁਆਮੀ ਦਯਾਨੰਦ ਦੀ ਸਿੱਖਿਆ ਮੁਤਾਬਕ ਰੱਬ ਨੇ ਇਹ ਸੰਸਾਰ ਪਹਿਲਾਂ ਹੀ ਮੌਜੂਦ ਪਦਾਰਥ ਤੋਂ ਬਣਾਇਆ ਹੈ। ਜੇਕਰ 'ਰੱਬ' ਨੇ ਇਹ ਪਦਾਰਥ ਅਤੇ ਬ੍ਰਹਿਮੰਡ ਬਿਲਕੁਲ ਸ਼ੂਨਯ ਤੋਂ ਬਣਾਇਆ ਹੈ ਜਾਂ ਅਨੰਤਤਾ ਤੋਂ (ਸਦੀਵੀ) ਮੌਜੂਦ ਪਦਾਰਥ ਨੂੰ ਹੀ ਮੁੜ ਵਿਵਸਥਿਤ (ਕ੍ਰਮਬੱਧ) ਕੀਤਾ ਤੇ ਸੁਰਜੀਤ ਕੀਤਾ ਹੈ ਤਾਂ ਇਨ੍ਹਾਂ ਦੋਹਾਂ ਹਾਲਤਾਂ ਵਿੱਚ ਇਹ ਅੰਦਾਜ਼ਾ ਲਗਾਉਣਾ ਅਸੰਭਵ ਹੈ ਕਿ ਐਸਾ ਕਰਨ ਪਿੱਛੇ ਉਸ ਦਾ ਕੀ ਮਨੋਰਥ ਸੀ। ਕਿਸੇ ਵਸਤੂ ਦੀ ਸਰਗਰਮੀ ਉਸ ਦੀ ਇੱਛਾ ਦਾ ਅਤੇ ਉਸ ਦੀ ਅਣ-ਪਹੁੰਚੀ ਮੰਜ਼ਲ ਵੱਲ ਨੂੰ ਪੈਰਵੀ ਦਾ ਸੰਕੇਤ ਹੁੰਦੀ ਹੈ। ਪ੍ਰੰਤੂ 'ਰੱਬ' ਤਾਂ ਹਰ ਅਨੰਤਤਾ ਤੋਂ ਸੰਪੂਰਨ ਹੋਣ ਚਾਹੀਦਾ ਹੈ। ਕੋਈ ਵੀ ਐਸੀ ਚੀਜ਼ ਨਹੀਂ ਹੋਣੀ ਚਾਹੀਦੀ ਜੋ ਉਸ ਦੇ ਕੋਲ ਨਾ ਹੋਵੇ ਜਾਂ ਉਸ ਨੂੰ ਚਾਹੀਦੀ ਹੋਵੇ। ਫਿਰ ਉਸ ਨੇ ਕੋਈ ਵੀ ਚੀਜ਼ ਪੈਦਾ ਕਰਨ ਦਾ ਕਸ਼ਟ ਕਿਉਂ ਉਠਾਇਆ? ਜੇਕਰ ਐਸਾ ਕਰਨ ਨਾਲ 'ਰੱਬ' ਦੀ ਖ਼ੁਸ਼ੀ ਵਿੱਚ ਵਾਧਾ ਹੋਇਆ ਹੈ ਤਾਂ ਉਹ ਇਹ ਸਭ ਕੁੱਝ ਪੈਦਾ ਕਰਨ ਤੋਂ ਪਹਿਲਾਂ ਸੰਪੂਰਨ ਨਹੀਂ ਸੀ। ਕਿਸੇ ਵੀ ਚੀਜ਼ ਦੀ ਸੰਪੂਰਨਤਾ ਵਿੱਚ ਵਾਧਾ ਨਹੀਂ ਕੀਤਾ ਜਾ ਸਕਦਾ। ਜੇ ਕਰ ਇਸ ਬ੍ਰਹਿਮੰਡ ਦੀ ਪੈਦਾਇਸ਼ ਉਸ ਦੀ ਨਿਸੁਆਰਥਵਾਦੀ ਸਰਗਰਮੀ ਵਾਸਤੇ ਜ਼ਰੂਰੀ ਸੀ ਤਾਂ ਵੀ ਉਹ ਇਸ ਬ੍ਰਹਿਮੰਡ ਦੀ ਪੈਦਾਇਸ਼ ਤੋਂ ਪਹਿਲਾਂ ਸੰਪੂਰਨ ਨਹੀਂ ਸੀ ਕਿਉਂਕਿ ਬ੍ਰਹਿਮੰਡ ਦੀ ਪੈਦਾਇਸ਼ ਹੋਣ ਦੇ ਨਾਲ ਉਸ ਦੇ ਵਿਅਕਤੀਤਵ ਵਿੱਚ ਇਕ ਹੋਰ ਅੰਸ਼ ਦਾ ਵਾਧਾ ਹੋਇਆ ਹੈ।

ਸੋ ਇਸ ਬ੍ਰਹਿਮੰਡ ਦੀ ਪੈਦਾਇਸ਼ ਬਗੈਰ ਕਿਸੇ ਮਨੋਰਥ ਦੇ ਕੀਤੀ ਗਈ ਲੱਗਦੀ ਹੈ। ਪਰ ਕੋਈ ਮੂਰਖ ਵੀ ਕੋਈ ਕੰਮ ਕਿਸੇ ਮਨੋਰਥ-ਪੂਰਤੀ ਤੋਂ ਬਗੈਰ ਨਹੀਂ ਕਰਦਾ। ਜਾਂ ਤਾਂ ਰੱਬ ਬ੍ਰਹਿਮੰਡ ਦੇ ਪੈਦਾ ਹੋਣ ਤੋਂ ਪਹਿਲਾਂ ਸੰਪੂਰਨ ਨਹੀਂ ਸੀ ਤੇ ਜਾਂ ਉਸ ਨੇ ਕੁਝ ਪੈਦਾ ਹੀ ਨਹੀਂ ਕੀਤਾ। ਫਿਰ ਜੇਕਰ 'ਰੱਬ' ਨੇ ਸੰਸਾਰ ਨੂੰ ਪੈਦਾ ਕੀਤਾ ਹੈ ਤਾਂ 'ਰੱਬ' ਨੂੰ ਕਿਸ ਨੇ ਪੈਦਾ ਕੀਤਾ? ਰੱਬ ਕਿੱਥੋਂ ਆਇਆ? ਉਸ ਦੇ ਆਰੰਭ ਹੋਣ ਦਾ ਮੂਲਮੰਤਰ ਕੀ ਹੈ?

3.

ਸਾਨੂੰ ਕਿਸੇ ਐਸੇ ਸੰਪੂਰਨ ਪ੍ਰਾਣੀ ਦਾ ਗਿਆਨ ਨਹੀਂ ਹੈ ਜੋ ਕਿ ਨਾ ਤਾਂ ਔਰਤ ਹੋਵੇ ਤੇ ਨਾ ਹੀ ਮਰਦ। ਰੱਬ ਦੀ ਹੋਂਦ ਬਾਰੇ ਜੋ ਤੱਤ-ਵਿਗਿਆਨਿਕ (ਤੱਤ-ਸ਼ਾਸਤਰੀ) ਦਲੀਲ ਦਿੱਤੀ ਜਾਂਦੀ ਹੈ ਉਹ ਸਿਰਫ ਇਕ ਸ਼ਬਦਾਂ ਦਾ ਤਾਣਾ-ਬਾਣਾ (ਜਾਲ) ਮਾਤਰ ਹੀ ਹੈ। ਸੇਂਟ ਐਨਸੈਲਮ ਕਹਿੰਦਾ ਹੈ, "ਸਾਡਾ ਵਿਸ਼ਵਾਸ ਇਹ ਹੈ ਕਿ ਰੱਬ ਉਹ ਚੀਜ਼ ਹੈ ਜਿਸ ਤੋਂ ਵਡੇਰੀ ਚੀਜ਼ ਦੀ ਧਾਰਨਾ ਨਹੀਂ ਕੀਤੀ ਜਾ ਸਕਦੀ। ਪਰ ਉਹ ਆਦਮੀ ਜੋ ਇਹ ਗੱਲ ਸੁਣਦਾ ਹੈ ਇਸ ਨੂੰ ਸਮਝ ਸਕਦਾ ਹੈ। ਯਕੀਨਨ ਉਹ ਚੀਜ਼ ਜਿਸ ਤੋਂ ਵੱਡੀ ਚੀਜ਼ ਦੀ ਧਾਰਨਾ ਨਹੀਂ ਕੀਤੀ ਜਾ ਸਕਦੀ ਕੇਵਲ ਖਿਆਲਾਂ ਵਿੱਚ ਹੀ ਨਹੀਂ ਹੋ ਸਕਦੀ, ਕਿਉਂਕਿ ਜੇਕਰ ਇਹ ਖਿਆਲਾਂ ਵਿੱਚ ਹੀ ਹੁੰਦਾ ਤਾਂ ਇਸ ਦੇ ਅਸਲੀਅਤ ਹੋਣ ਦੀ ਵੀ ਧਾਰਨਾ ਕਰਨੀ ਪੈਣੀ ਸੀ ਜੋ ਕਿ ਇਕ ਵਡੇਰੀ ਗੱਲ ਹੋਣੀ ਸੀ। ਸੋ ਬਗੈਰ ਕਿਸੇ ਸ਼ੱਕ ਤੋਂ ਕੋਈ ਐਸੀ ਚੀਜ਼ ਹੋਂਦ ਵਿੱਚ ਹੈ ਜਿਸ ਦੀ ਧਾਰਨਾ ਖਿਆਲਾਂ ਅਤੇ ਅਸਲੀਅਤ ਦੋਹਾਂ ਵਿੱਚ ਕੀਤੀ ਜਾ ਸਕਦੀ ਹੈ।" ਡੈਸਕਾਰਟਸ ਨੇ ਵੀ ਇਹੀ ਦਲੀਲ ਬਣਾ ਕੇ ਲਿਖਿਆ ਹੈ, "ਜਿਵੇਂ ਪਰਬਤ ਦੇ ਨਾਲੋਂ ਘਾਟੀ ਦਾ ਹੋਣਾ ਅਲੱਗ ਨਹੀਂ ਕੀਤਾ ਜਾ ਸਕਦਾ ਜਾਂ ਜਿਵੇਂ ਇਕ ਸਰਲ ਰੇਖਾਂਤਰ (ਸਿੱਧੀਆਂ ਲਕੀਰਾਂ ਵਾਲੀ) ਤਿਕੋਣ ਦੇ ਤਿੰਨਾਂ ਕੋਨਾਂ ਦਾ ਜੋੜ ਸਮਕੋਨ (180 ਡਿਗਰੀ) ਦੇ ਬਰਾਬਰ ਹੋਣ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਇਸੇ ਤਰ੍ਹਾਂ ਰੱਬ ਦੀ ਹੋਂਦ ਉਸ ਦੀ ਵਾਸਤਵਿਕਤਾ (ਅਸਤਿਤਵਤਾ) ਤੋਂ ਜੁਦਾ ਨਹੀਂ ਕੀਤੀ ਜਾ ਸਕਦੀ। ਰੱਬ ਦੀ ਹੋਂਦ ਦਾ ਲਾਜ਼ਮੀ ਹੋਣਾ ਰੱਬ ਦੀ ਧਾਰਨਾ ਜਾਂ ਉਸ ਦੀ ਪ੍ਰਵਿਰਤੀ ਦਾ ਅੰਗ ਹੈ। ਮੇਰੀ ਸੋਚ ਵਿੱਚ ਰੱਬ ਦੇ ਸਭ ਤੋਂ ਸੰਪੂਰਨ ਹੋਣ ਦਾ ਵਿਚਾਰ ਉਤਨਾ ਹੀ ਯਕੀਨੀ ਹੈ ਜਿਤਨੀ ਕਿਸੇ ਹਿੰਦਸੇ ਜਾਂ ਅੰਕ ਦੇ ਸੰਪੂਰਨ ਹੋਣ ਦਾ।"

ਇਸ ਕਿਸਮ ਦੀਆਂ ਦਲੀਲਾਂ ਤਾਂ ਦੇਵ, ਦੈਂਤ, ਹਊਆ, ਨਰਸਿੰਘ, ਅੱਗ ਵਰ੍ਹਾਉਣ ਵਾਲੇ ਅਜਗਰਾਂ ਆਦਿ ਦੀ ਹੋਂਦ ਸਿੱਧ ਕਰਨ ਵਾਸਤੇ ਦਿੱਤੀਆਂ ਜਾ ਸਕਦੀਆਂ ਹਨ ਕਿਉਂਕਿ ਕੁਝ ਕੁ ਲੋਕਾਂ ਨੂੰ ਇਨ੍ਹਾਂ ਚੀਜ਼ਾਂ ਦੇ ਹੋਣ ਦਾ ਬੜਾ ਪ੍ਰਤੱਖ ਖਿਆਲ ਹੈ ਜਾਂ ਖਿਆਲ ਸੀ। ਜੇਕਰ ਮੈਂ ਕਿਸੇ ਚੀਜ਼ ਦੀ ਹੋਂਦ ਦੀ ਕਲਪਨਾ

ਕਰ ਲਵਾਂ ਤਾਂ ਉਸ ਦਾ ਇਹ ਮਤਲਬ ਤਾਂ ਨਹੀਂ ਕਿ ਉਹ ਚੀਜ਼ ਅਸਲੀਅਤ ਵਿੱਚ ਵੀ ਮੌਜੂਦ ਹੈ। ਇਨਸਾਨ ਦਾ ਦਿਮਾਗ ਸਾਰੇ ਬ੍ਰਹਿਮੰਡ ਦੀ ਇਕ ਲਘੂ ਕ੍ਰਿਤ ( ਛੋਟਾ ਰੂਪ ਜਾਂ ਨਕਸ਼ਾ) ਨਹੀਂ ਹੈ।

4.

ਇਨਸਾਨ ਦੀ ਸਿੱਧੀ ਅੰਤਰ ਪ੍ਰੇਰਣਾ ਇਸ ਗੱਲ ਦਾ ਕੋਈ ਸਬੂਤ ਨਹੀਂ ਹੋ ਸਕਦੀ ਕਿ ਰੱਬ ਮੌਜੂਦ ਹੈ। ਕਈ ਰਹੱਸਵਾਦੀਆਂ ਅਤੇ ਦਾਰਸ਼ਨਿਕਾਂ ਨੇ ਨਿਸਚੈਪੂਰਬਕ ਕਿਹਾ ਕਿ 'ਰੱਬ ਦੀ ਹੋਂਦ - ਉਹ ਜਿਸ ਤਰ੍ਹਾਂ ਆਪਣੇ ਦਿਲ ਅਤੇ ਆਤਮਾ ਦੇ ਅੰਦਰ ਮਹਿਸੂਸ ਕਰਦੇ ਹਨ ਜਾਂ ਸਮਝਦੇ ਹਨ - ਕਿਸੇ ਦਲੀਲਾਤਮਕ ਤਰੀਕੇ ਨਾਲ ਪੇਸ਼ ਕਰਨ ਦੀ ਜ਼ਰੂਰਤ ਨਹੀਂ। ਇਸ ਸਿਧਾਂਤ ਵਿੱਚ ਕਿਸੇ ਨਾ ਕਿਸੇ ਸੂਰਤ ਵਿੱਚ ਮੌਨਧਾਰੀ (ਕ੍ਰਿਸਚੀਅਨ ਗਰੁੱਪ), ਸੂਫੀ ਲੋਕ, ਜਾਂ ਏ ਐਡਮਿੰਟਨ ਜਾਂ ਹੋਰ ਅਜੋਕੇ ਦਾਰਸ਼ਨਿਕ ਵੀ ਵਿਸ਼ਵਾਸ ਰੱਖਦੇ ਹਨ। ਆਰ. ਏ. ਨਿਕਲਸਨ ਨੇ ਬਾਬਾ ਕੂਹੀ ਦਾ ਹਵਾਲਾ ਦਿੱਤਾ ਹੈ:

"ਨਾ ਰੂਹ, ਨਾ ਸਰੀਰ, ਨਾ ਘਟਨਾ, ਨਾ ਕੋਈ
ਪਦਾਰਥ, ਨਾ ਕੋਈ ਗੁਣ ਨਾ ਕੋਈ ਸਬੱਬ
ਦੇਖਿਆ, ਮੈਂ ਤਾਂ ਸਿਰਫ ਰੱਬ ਦੇਖਿਆ।"

ਇਸ ਤਰ੍ਹਾਂ ਦੇ ਆਸਤਿਕ ਲੋਕ ਇਹ ਦਾਅਵਾ ਕਰਦੇ ਹਨ ਕਿ ਉਹ ਆਪਣੇ ਆਪ ਨਹੀਂ ਪਰ ਆਪਣੇ ਅੰਦਰ ਅਤੇ ਆਲੇ ਦੁਆਲੇ ਅਧਿਆਤਮਕ ਸ਼ਕਤੀ ਅਨੁਭਵ ਕਰਦੇ ਹਨ। ਜੋਸਫ਼ ਮਕਾਬੇ ਡਾਕਟਰ ਟੀ. ਜੀ. ਡਨਿੰਗ ਦਾ ਹਵਾਲਾ ਦਿੰਦਾ ਹੋਇਆ ਕਹਿੰਦਾ ਹੈ ਕਿ ਇਹ ਗੱਲ ਬੜੀ ਜ਼ਬਰਦਸਤ ਸਮੱਗਰੀ ਹੈ ਕਿ ਹਿੰਦੂਆਂ ਦਾ ਸੰਤ ਰਾਮਾ ਕ੍ਰਿਸ਼ਨ ਵਿਵੇਕਾਨੰਦ ਨੂੰ ਕਹਿੰਦਾ ਹੈ, "ਮੈਂ ਜਿਸ ਤਰ੍ਹਾਂ ਤੈਨੂੰ ਜਾਂ ਕੰਧ ਨੂੰ ਦੇਖ ਸਕਦਾ ਹਾਂ ਉਸੇ ਤਰ੍ਹਾਂ ਮੈਂ ਰੱਬ ਨੂੰ ਦੇਖ ਸਕਦਾ ਹਾਂ।" ਇਸ ਕਿਸਮ ਦੀ ਦਲੀਲ ਦਾ ਮਤਲਬ ਹੈ ਕਿ ਆਸਤਕ ਲੋਕ ਟੱਕਰ ਲੈਣ ਤੋਂ ਭੱਜਦੇ ਹਨ। ਜੋ ਆਦਮੀ ਦਲੀਲ ਨਾਲ ਗੱਲ ਨਹੀਂ ਕਰਦਾ ਤੁਸੀਂ ਉਸ ਨਾਲ ਬਹਿਸ ਨਹੀਂ ਕਰ ਸਕਦੇ। ਦਰਸ਼ਨ-ਸ਼ਾਸਤਰ ਵਾਦਵਿਵਾਦ ਅਤੇ ਦਲੀਲ ਉੱਤੇ ਆਧਾਰਿਤ ਹੈ। ਇਹ ਉਨ੍ਹਾਂ ਤੱਥਾਂ ਅਤੇ ਤਜਰਬਿਆਂ ਨੂੰ ਵਿਚਾਰਨ ਦੀ ਯਾਚਨਾ ਕਰਦਾ ਹੈ ਜਿਨ੍ਹਾਂ ਨੂੰ ਹਰ ਕੋਈ ਪਰਖ ਸਕੇ ਅਤੇ ਉਨ੍ਹਾਂ ਦੀ ਪੁਸ਼ਟੀ ਕਰ ਸਕੇ। ਪਰ ਜੇਕਰ ਕੋਈ ਮੈਨੂੰ ਸਿਰਫ ਆਪਣੀ ਅੰਦਰਲੀ ਚੇਤਨਤਾ ਦਾ ਹਵਾਲਾ ਦੇਵੇ ਤਾਂ ਮੇਰਾ ਜਵਾਬ ਹੈ ਕਿ ਮੈਂ ਕਿਸੇ ਦੀਆਂ ਮਨਪਸੰਦ ਭਾਵਨਾਵਾਂ ਜਾਂ ਅੰਤਰ ਪ੍ਰੇਰਣਾ ਦੇ ਜ਼ਨਾਨਖਾਨੇ ਵਿੱਚ ਨਹੀਂ ਘੁਸੜ ਸਕਦਾ। ਜਿਵੇਂ ਮੈਂ ਉਸ ਦੀ ਤਸੱਲੀ ਨਹੀਂ ਕਰਵਾ ਸਕਦਾ ਉਸ ਤਰ੍ਹਾਂ ਉਹ ਮੈਨੂੰ ਬਦਲ ਨਹੀਂ ਸਕਦਾ। ਜੋ ਕੁਝ ਮੈਂ ਕਹਿੰਦਾ ਹਾਂ ਉਸ ਨੂੰ ਉਹ ਸੁਣਨਾ ਨਹੀਂ ਚਾਹੁੰਦਾ ਅਤੇ ਮੈਂ ਉਸ ਦੇ ਅੰਦਰੂਨੀ ਅਨੁਭਵ ਨੂੰ ਅਨੁਭਵ ਨਹੀਂ ਕਰ ਸਕਦਾ। ਸੋ ਸਾਨੂੰ ਦੋਨਾਂ ਨੂੰ ਇਸ ਗੱਲ ਨੂੰ ਵਿਚਾਲੇ ਹੀ ਛੱਡ ਦੇਣਾ ਚਾਹੀਦਾ ਹੈ। ਕਿਸੇ ਵਿਅਕਤੀ ਦਾ ਆਤਮ-ਮੁਖੀ (ਸਬਜੈਕਟਿਵ) ਤਜਰਬਾ ਰੱਬ ਦੀ ਹੋਂਦ ਦਾ ਸਬੂਤ ਨਹੀਂ ਹੋ ਸਕਦਾ ਕਿਉਂਕਿ ਰੱਬ ਤਾਂ ਬਾਹਰੀ ਤੌਰ 'ਤੇ ਮੌਜੂਦ ਹੋਣ ਵਾਲਾ ਮੰਨਿਆ ਗਿਆ ਹੈ।

ਲੂਥਰ ਨੇ ਨਾ ਸਿਰਫ ਸ਼ੈਤਾਨ ਨੂੰ ਮਹਿਸੂਸ ਕੀਤਾ ਬਲਕਿ ਉਸ ਨੂੰ ਦੇਖਿਆ ਵੀ ਅਤੇ ਉਸ ਦੇ ਉੱਪਰ ਸਿਆਹੀ ਦੀ ਦਵਾਤ ਦੇ ਮਾਰੀ। ਕੋਈ ਹਿੰਦੂ ਸ਼ਰਧਾਲੂ ਇਹ ਦਾਅਵਾ ਕਰਦਾ ਹੈ ਕਿ ਉਹ ਆਪਣੇ ਪਿਆਰੇ ਦੇਵਤੇ ਸ਼ਿਵਾ ਅਤੇ ਵਿਸ਼ਨੂੰ ਨੂੰ ਉਸ ਹੀ ਤਰ੍ਹਾਂ ਅਨੁਭਵ ਕਰਦਾ ਹੈ ਜਿਵੇਂ ਇਹ ਸਹਿਜਬੋਧੀ ਆਪਣੇ ਇਕ ਰੱਬ ਨੂੰ ਮੰਨਦੇ ਹਨ। ਇਸ ਤਰ੍ਹਾਂ ਹਰ ਕੋਈ ਆਪਣੇ ਸੌੜੇ ਮਨ ਵਿੱਚ ਕੈਦ ਹੋ ਕੇ ਰਹਿ ਜਾਵੇਗਾ ਜਿਸ ਤਰ੍ਹਾਂ ਹਰ ਅਫੀਮੀ ਆਪਣੀ ਆਪਣੀ ਨਜ਼ਰ ਦੇ ਖੁਸ਼ਗਵਾਰ ਧੋਖੇ ਦਾ ਆਨੰਦਾ ਮਾਣਦਾ ਹੈ। ਸੋ ਇਹ ਲਾਜ਼ਮੀ ਹੈ ਕਿ ਅਸੀਂ ਸਾਂਝੀ ਸਰਬ ਵਿਆਪਕ ਮਨੁੱਖੀ ਦਲੀਲ ਨੂੰ ਬੇਨਤੀ ਕਰੀਏ ਜੋ ਕਿ ਵਿਗਿਆਨ ਅਤੇ ਸ਼ਾਸਤਰ ਦਾ ਅੰਤਮ ਨਿਆਇ-ਕਰਤਾ ਹੈ। ਇਕ ਦੋਸ਼ੀ ਠਹਿਰਾਇਆ ਗਿਆ ਅਪਰਾਧੀ ਇਹ ਕਹਿ ਸਕਦਾ ਹੈ, "ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਬੇਗੁਨਾਹ ਹਾਂ।" ਪੁਲਿਸਵਾਲਾ ਉਸ ਦਾ ਮੂੰਹ ਤੋੜ ਜਵਾਬ ਦੇ ਸਕਦਾ ਹੈ, "ਮੈਂ ਮਹਿਸੂਸ ਕਰਦਾ ਹਾਂ ਕਿ ਤੂੰ ਗੁਨਾਹਗਾਰ ਏਂ।" ਸੋ ਜੇਕਰ ਦਲੀਲ ਨੂੰ ਨਿਆਂਕਰਤਾ ਨਾ ਮੰਨੇ ਤਾਂ ਹੋਰ ਕੌਣ ਫੈਸਲਾ ਕਰੇਗਾ? ਇਸ ਤੋਂ ਚੰਗਾ ਇਹ ਹੈ ਕਿ ਇਹ ਗੱਲ ਮੰਨ ਲਈਏ ਜਿਵੇਂ ਕਪਿਲਾ ਨੇ ਕਿਹਾ, "ਰੱਬ ਦੇ ਹੋਣ ਦਾ ਅਜੇ ਤੱਕ ਸਬੂਤ ਨਹੀਂ ਮਿਲਿਆ।"

5.

ਕਈ ਆਸਤਿਕ ਲੋਕ 'ਸ੍ਰਿਸ਼ਟੀ ਤੋਂ ਪ੍ਰਮਾਤਮਾ ਦੀ ਹੋਂਦ' ਤੋਂ ਸਿੱਧੀਆਂ ਤੇ ਜਾਣੀਆਂ ਪਛਾਣੀਆਂ ਪਰ ਭਰਮਜਨਕ ਦਲੀਲਾਂ ਦਿੰਦੇ ਹਨ। ਹਿੰਦੂ ਦਾਰਸ਼ਨਿਕ ਉਦਾਯਨ ਕਹਿੰਦਾ ਹੈ, "ਇਹ ਸੰਸਾਰ ਕਈ ਛੋਟੇ ਛੋਟੇ ਹਿੱਸਿਆਂ ਦਾ ਗੁਣਨਫਲ (ਮਿਸ਼੍ਰਤ ਜੋੜ) ਹੈ। ਇਸ ਕਰਕੇ ਇਸ ਨੂੰ ਬਣਾਉਣ ਵਾਲਾ ਕੋਈ ਅਤਿ ਸਮਝਦਾਰ ਬੰਦਾ ਵੀ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਕੋਲ ਕੰਮ ਕਰਨ ਦੀ ਇੱਛਾ, ਕੰਮ ਕਰਨ ਦਾ ਸੰਕਲਪ ਅਤੇ ਕੰਮ ਕਰਨ ਦੇ ਠੀਕ ਤਰੀਕਿਆਂ ਦੇ ਹੁਨਰ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਛੋਟੇ ਛੋਟੇ ਹਿੱਸਿਆਂ ਨੂੰ ਜੋੜਨ ਦਾ ਕੰਮ ਪੂਰਾ ਹੋ ਸਕੇ।" ਹਜ਼ਰਤ ਮੁਹੰਮਦ ਨੇ ਕੁਰਾਨ ਵਿੱਚ ਲਿਖਿਆ ਹੈ, "ਰੱਬ ਦਾ ਜੱਸ ਗਾਉ, ਉਸ ਨੇ ਇਸ ਸ੍ਰਿਸ਼ਟੀ ਦੇ ਮਰ ਜਾਣ ਉਪਰੰਤ ਦੁਬਾਰਾ ਇਸ ਵਿੱਚ ਜਾਨ ਪਾਈ ਹੈ। ਉਸ ਨੇ ਤੁਹਾਡੇ ਲਈ ਤੁਹਾਡੇ ਹੀ ਵਿੱਚੋਂ ਪਤਨੀਆਂ ਬਣਾਈਆਂ ਹਨ ਜਿਨ੍ਹਾਂ ਨੂੰ ਉਹ ਆਪਣੀਆਂ ਪਤਨੀਆਂ ਵੀ ਬਣਾ ਸਕਦਾ ਹੈ।" ਐਡੀਸਨ ਕੋਲਿਨਜ਼ ਯਹੂਦੀ ਤਾਲਮੂਦ ਦਾ ਹਵਾਲਾ ਦਿੰਦਾ ਹੈ, "ਰੱਬ ਨੇ ਸੁੰਦਰਤਾ ਅਤੇ ਤਰਤੀਬ ਨਾਲ ਭਰਪੂਰ ਸੰਸਾਰ ਬਣਾਇਆ ਹੈ। ਇਹ ਬ੍ਰਹਿਮੰਡ ਪੂਰਨ ਤੌਰ 'ਤੇ ਉੱਤਮ ਤਰੀਕੇ ਨਾਲ ਤਰਤੀਬ ਕੀਤੇ ਹੋਏ ਨਿਯਮਾਂ ਨਾਲ ਭਰਪੂਰ ਹੈ ਜੋ ਹਮੇਸ਼ਾਂ ਲਈ ਠੀਕ ਕੰਮ ਕਰਦੇ ਹਨ। ਇਸ ਬ੍ਰਹਿਮੰਡ ਵਿੱਚ ਵੀ ਕੁਝ ਵੀ ਫਾਲਤੂ, ਬੁਰਾ ਜਾਂ ਨਿਰਾਰਥਕ ਨਹੀਂ ਹੈ।" ਐਪਿਕਟੀਟਸ ਕਹਿੰਦਾ ਹੈ, " ਰੱਬ ਨੇ ਇਸ ਬ੍ਰਹਿਮੰਡ ਦੀਆਂ ਸਾਰੀਆਂ ਚੀਜ਼ਾਂ ਆਪ ਬਣਾਈਆਂ ਹਨ ਜੋ ਕਿ ਸੰਪੂਰਨ ਅਤੇ ਨਿਰਵਿਘਨ ਹਨ ਅਤੇ ਇਸ ਦੇ ਸਭ ਹਿੱਸੇ ਸਮੁੱਚੀ ਲੋਕਤਾ ਦੇ ਵਰਤਣ ਵਾਸਤੇ ਹਨ।" ਸਿਸਰੋ ਡੈਵਨੇਤ (ਅੰਗਰੇਜ਼ੀ ਸੂਝ) ਦੇ ਸਹਿਜ ਮਾਰਗੀ ਫਲਸਫੇ ਦੀ ਵਿਆਖਿਆ ਕਰਦਾ ਹੈ, "ਕੁਦਰਤ ਕਿਤਨੀ ਮਹਾਨ ਹੈ ਜਿਸ ਨੇ ਸਾਨੂੰ ਭਿੰਨ ਭਿੰਨ ਕਿਸਮ ਦੇ ਸੁਆਦੀ ਖਾਣਿਆਂ ਦੀ ਭਰਮਾਰ ਬਖਸ਼ੀ ਹੈ। ਜਿਸ ਨੂੰ ਦਰਿਆਵਾਂ ਦੀ ਮਹਾਨ ਉਪਯੋਗਤਾ, ਸਮੁੰਦਰ ਦਾ ਉਤਰਾਅ-ਚੜ੍ਹਾਅ, ਸਮੁੰਦਰਾਂ ਦੇ ਤੱਟਾਂ ਤੋਂ ਦੂਰ ਪਾਰ ਲੂਣ ਦੀਆਂ ਖਤਾਨਾਂ ਅਤੇ ਧਰਤੀ, ਜੋ ਕਿ ਸਿਹਤਬਖਸ਼ ਦਵਾਈਆਂ ਨਾਲ ਭਰਪੂਰ ਹੈ, ਬਖਸ਼ੀ ਹੈ। ਮਨੁੱਖੀ ਸਰੀਰ ਦੀ ਬਣਤਰ ਦਾ ਪੂਰੀ ਤਰ੍ਹਾਂ ਨਿਰੀਖਣ ਕਰੋ ਅਤੇ ਮਨੁੱਖੀ ਤਬੀਅਤ ਦੀ ਸ਼ੈਲੀ ਅਤੇ ਸੰਪੂਰਨਤਾ ਦੇਖੋ; ਦੰਦ ਭੋਜਨ ਨੂੰ ਖਿੱਚਣ ਅਤੇ ਤੋੜਨ ਲਈ ਬਿਲਕੁਲ ਹੀ ਠੀਕ ਜਗਹ ਲਗਾਏ ਗਏ ਹਨ, ਮਿਹਦਾ ਕਿਸ ਹੈਰਾਨੀਜਨਕ ਤਰੀਕੇ ਨਾਲ ਨਿਰਮਾਣਿਆ ਗਿਆ ਹੈ। ਜਿਸ ਤਰ੍ਹਾਂ ਇਕ ਸ਼ਿਲਪਕਾਰ, ਇਮਾਰਤ ਵਿੱਚ ਰਹਿ ਗਈਆਂ ਤਰੁੱਟੀਆਂ ਆਪਣੇ ਆਕਾ ਦੀ ਨਜ਼ਰ ਤੋਂ ਆਉਣ ਤੋਂ ਬਚਾ ਲੈਂਦਾ ਹੈ ਇਸੇ ਤਰ੍ਹਾਂ ਕੁਦਰਤ ਨੇ ਅਜਿਹੀਆਂ ਤਰੁੱਟੀਆਂ ਜਾਂ ਕਮੀਆਂ ਨੂੰ - ਜੋ ਕਿ ਮਨੁੱਖੀ ਸਰੀਰ ਵਿੱਚ ਰਹਿ ਗਈਆਂ ਹਨ - ਮਨੁੱਖ ਦੀਆਂ ਭਾਵਨਾਵਾਂ ਤੋਂ ਦੂਰ ਰੱਖਿਆ ਹੈ। ਸੂਰਜ ਚੰਨ ਅਤੇ ਤਾਰਿਆਂ ਨੂੰ ਅਜਿਹੀਆਂ ਵਸਤੂਆਂ ਸਮਝਿਆ ਜਾ ਸਕਦਾ ਹੈ ਜੋ ਕਿ ਮਨੁੱਖ ਦੇ ਦੇਖਣ ਅਤੇ ਘੋਖਣ ਲਈ ਬਣਾਈਆਂ ਗਈਆਂ ਹੋਣ। ਉਨ੍ਹਾਂ ਤੋਂ ਬਿਨਾਂ ਭੇਤ ਕਿਸ ਕੰਮ ਦਾ? ਬਲਦਾਂ ਦੀ ਗੱਲ ਕਰ ਲਉ। ਸਾਨੂੰ ਪਤਾ ਹੈ ਕਿ ਉਨ੍ਹਾਂ ਦੀਆਂ ਪਿੱਠਾਂ ਭਾਰ ਢੋਣ ਲਈ ਨਹੀਂ ਬਣੀਆਂ ਪਰ ਉਨ੍ਹਾਂ ਦੀਆਂ ਧੌਣਾਂ ਕੁਦਰਤੀ ਤੌਰ 'ਤੇ ਪੰਜਾਲੀ ਵਿੱਚ ਫਿੱਟ ਹੋਣ ਵਾਸਤੇ ਬਣੀਆਂ ਹਨ। ਸੂਰ ਇਨਸਾਨ ਦੀ ਖੁਰਾਕ ਦੇ ਤੌਰ 'ਤੇ ਕੰਮ

ਆਉਣ ਤੋਂ ਇਲਾਵਾ ਕਿਸ ਕੰਮ ਦਾ ਹੈ। ਇਹ ਇਨਸਾਨ ਲਈ ਸਹੀ ਭੋਜਨ ਹੈ। ਕੁਦਰਤ ਨੇ ਇਸ ਤੋਂ ਵਧੀਆ ਲਾਹੇਵੰਦ ਜਾਨਵਰ ਹੋਰ ਕੋਈ ਬਣਾਇਆ ਹੀ ਨਹੀਂ ਹੈ। ਇਸ ਸੰਸਾਰ ਵਿੱਚ ਜੋ ਵੀ ਚੀਜ਼ ਸਾਡੀ ਨਜ਼ਰ ਵਿੱਚ ਆਉਂਦੀ ਹੈ ਉਹ ਵਿਉਂਤ ਨਾਲ ਸਾਡੇ ਹੀ ਵਾਸਤੇ ਬਣਾਈ ਗਈ ਹੈ।" ਲੈਬਨਿਜ਼ ਇਸ ਵਿਚਾਰ ਉੱਤੇ ਜ਼ੋਰ ਪਾਉਂਦਾ ਹੈ ਕਿ ਬ੍ਰਹਿਮੰਡ ਇਕ ਪ੍ਰਣਾਲੀ ਹੈ। ਉਹ ਆਖਦਾ ਹੈ, "ਇਤਫਾਕੀਆ ਤੱਥਾਂ ਵਿੱਚ ਭਾਵ ਪਦਾਰਥਾਂ - ਜੋ ਕਿ ਉਪਜੇ ਹੋਏ ਬ੍ਰਹਿਮੰਡ ਵਿੱਚ ਖਿਲਰੇ ਪਸਰੇ ਪਏ ਹਨ ਅਤੇ ਜਿਨ੍ਹਾਂ ਵਿੱਚੋਂ ਕਿਸੇ ਇਕ ਦਾ ਵੀ ਵਿਸ਼ਲੇਸ਼ਣ ਕਰਨਾ ਉਨਾ ਅਸੰਖ ਛੋਟੇ ਛੋਟੇ ਹਿੱਸਿਆਂ ਦੇ ਹੋਣ ਕਰਕੇ ਇਕ ਨਾ ਮੁੱਕਣ ਵਾਲਾ ਕੰਮ ਹੋ ਸਕਦਾ ਹੈ - ਦੇ ਤਾਣੇ ਬਾਣੇ ਦੇ ਪਿੱਛੇ ਕੋਈ ਖਾਸ ਵਜਹ ਹੈ। ਕਿਉਂਕਿ ਇਹ ਸਾਰੇ ਤਾਣੇ ਬਾਣੇ ਇਕ ਦੂਸਰੇ ਨਾਲ ਬੱਝੇ ਹੋਏ ਹਨ ਤੇ ਇਹ ਚੀਜ਼ ਹੀ ਉਸ ਦੀ ਵਜਹ ਹੈ ਤੇ ਇਸ ਕਰਕੇ ਖਾਸ ਚੀਜ਼ ਭਾਵ ਰੱਬ ਇਕ ਹੈ ਤੇ ਕਾਫੀ ਹੈ।

ਪੈਲੇ, ਪੌਲ ਜੈਨੱਟ ਅਤੇ ਹੋਰ ਦਾਰਸ਼ਨਿਕਾਂ ਨੇ ਵੀ, 'ਸ੍ਰਿਸ਼ਟੀ ਤੋਂ ਪ੍ਰਮਾਤਮਾ ਦੀ ਹੋਂਦ ਦੀ ਸਿੱਧੀ' ਦੇ ਸਿਧਾਂਤ ਦੀ ਹਿਮਾਇਤ ਕੀਤੀ ਹੈ ਜਿਸ ਦਾ ਅਧਾਰ ਇਨ੍ਹਾਂ ਗੱਲਾਂ ਉੱਪਰ ਹੈ:

1. ਜੀਵਤ ਵਸਤੂਆਂ ਦੀ ਦਿਸਣ ਵਾਲੀ ਰੂਪ ਰੇਖਾ
2. ਕੁਦਰਤ ਦੇ ਅਡੋਲ ਨਿਯਮ
3. ਜਾਨਵਰਾਂ ਦੀ ਮੂਲ ਪ੍ਰਵਿਰਤੀ (ਕੁਦਰਤੀ ਸੂਝ) ਦੀ ਕਿਰਿਆ ਪ੍ਰਣਾਲੀ

ਆਸਤਕ ਲੋਕ ਇਹ ਦਾਅਵਾ ਕਰਦੇ ਹਨ ਕਿ ਜੀਵਤ ਵਸਤੂਆਂ ਦੀ ਰੂਪ ਰੇਖਾ ਹੋਣ ਦਾ ਮਤਲਬ ਹੈ ਕਿ ਇਸ ਦਾ ਰੂਪਾਂਕਣਕਾਰ (ਕਾਰੀਗਰ) ਵੀ ਹੋਣਾ ਚਾਹੀਦਾ ਹੈ, ਨਿਯਮਾਂ ਦਾ ਮਤਲਬ ਹੈ ਕਿ ਨਿਯਮ ਬਣਾਉਣ ਵਾਲਾ ਕੋਈ ਹੋਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਇਕ ਸੰਪੂਰਨ ਰੇਖਿਕੀ (ਜਿਉਮੈਟਰੀਕਲ) ਢਾਂਚੇ ਦਾ ਮਖਿਆਲ ਬਣਾਉਂਦੀਆਂ ਹਨ, ਉਹ ਕੰਮ ਰੱਬ ਦੀ ਮਾਰਗ ਦਿਖਾਈ (ਅਗਵਾਈ) ਤੋਂ ਬਗੈਰ ਨਹੀਂ ਹੋ ਸਕਦਾ।

ਇਹ ਦਲੀਲਾਂ ਬੜੀਆਂ ਕਮਜ਼ੋਰ ਅਤੇ ਗੈਰ-ਤਸੱਲੀਬਖਸ਼ ਹਨ। ਆਉ ਸਭਨਾਂ ਵਿਗਿਆਨਾਂ ਨੂੰ ਪੁੱਛ ਕੇ ਦੇਖੀਏ। ਹਰ ਵਿਗਿਆਨ ਇਹ ਗੱਲ ਡੰਕੇ ਦੀ ਚੋਟ ਨਾਲ ਕਹਿੰਦਾ ਹੈ ਕਿ ਕੁਦਰਤ ਕਿਸੇ ਬੁੱਧੀਮਾਨ ਅਤੇ ਦਇਆਵਾਨ ਰੱਬ ਨੇ ਨਹੀਂ ਸਾਜੀ ਹੈ। ਭੂ-ਵਿਗਿਆਨ ਇਹ ਦੱਸਦਾ ਹੈ ਕਿ ਇਹ ਧਰਤੀ ਆਪਣੀ ਗਰਮ ਅਤੇ ਦ੍ਰਵ ਅਵਸਥਾ ਤੋਂ ਲੱਖਾਂ ਸਾਲ ਦੇ ਅਰਸੇ ਬਾਅਦ ਜੀਵਨ ਦੇ ਅਨੁਕੂਲ ਬਣੀ ਹੈ। ਚੰਦਰਮਾ ਜਾਂ ਬੁੱਧ ਗ੍ਰਹਿ ਉੱਪਰ ਜੀਵਨ ਕਿਉਂ ਨਹੀਂ ਹੈ? ਇਸ ਛੋਟੀ ਜਿਹੀ ਧਰਤੀ ਉੱਪਰ ਵੀ ਵੱਡੇ ਵੱਡੇ ਮਾਰੂਥਲ ਹਨ, ਜਿੱਥੇ ਕਿ ਇਕ ਚੂਹਾ ਵੀ ਜ਼ਿੰਦਾ ਨਹੀਂ ਰਹਿ ਸਕਦਾ। ਇਨਸਾਨ ਚਾਹੁੰਦਾ ਹੈ ਕਿ ਇਹ ਵੱਡੇ ਵੱਡੇ ਨਮਕੀਨ ਪਾਣੀ ਵਾਲੇ ਸਮੁੰਦਰ ਆਪਣੇ ਖੇਤਰਫਲ ਵਿੱਚ ਕੁਝ ਕੁ ਛੋਟੇ ਹੁੰਦੇ। ਜੇਕਰ ਧਰਤੀ ਇਕ ਘਰ ਹੈ ਜੋ 'ਰੱਬ' ਨੇ ਸਾਨੂੰ ਤੋਹਫੇ ਵਿੱਚ ਦਿੱਤਾ ਹੈ ਤਾਂ ਇਸ ਧਰਤੀ ਦੇ ਬਣਾਉਣ ਵਾਲੇ ਸ਼ਿਲਪਕਾਰ ਦੀ ਸੂਝ ਦੀ ਬਹੁਤੀ ਸਰਾਹਣਾ ਨਹੀਂ ਕੀਤੀ ਜਾ ਸਕਦੀ। ਘਟੀਆ ਤੋਂ ਘਟੀਆ ਤੇ ਟੁੱਟੀਆਂ ਫੁੱਟੀਆਂ ਚੀਜ਼ਾਂ ਨਾਲ ਘਰ ਬਣਾਉਣ ਵਾਲਾ ਵੀ ਅਜਿਹਾ ਘਰ ਨਹੀਂ ਬਣਾਉਂਦਾ ਜੋ ਕਿ ਸਮੇਂ ਸਮੇਂ ਤੇ ਹਿਲਦਾ ਹੋਵੇ ਤੇ ਲੜਖੜਾ ਕੇ ਡਿੱਗਦਾ ਹੋਵੇ ਜਿਸ ਤਰ੍ਹਾਂ ਸਮੇਂ ਸਮੇਂ ਜਾਪਾਨ ਅਤੇ ਸਾਨਫਰਾਂਸਿਸਕੋ ਦੀ ਧਰਤੀ ਡਗਮਗਾਉਂਦੀ ਰਹਿੰਦੀ ਹੈ। ਭੂਚਾਲ-ਵਿਗਿਆਨ ਇਕ ਗੈਰ ਸੋਚਵਾਨ ਆਸਤਕ ਨੂੰ ਸ਼ਰਮਸਾਰ ਕਰ ਦਿੰਦਾ ਹੈ (ਤੇ ਸ਼ਰਮ ਉਸ ਨੂੰ ਆਉਣੀ ਵੀ ਚਾਹੀਦੀ ਹੈ)। ਭੂਚਾਲ ਇਕ ਰੱਬੀ ਕਿਰਿਆ ਹੈ, ਕੋਈ ਵੀ ਮਨੁੱਖੀ ਸੰਸਥਾ ਇਹ ਝਟਕੇ ਅਤੇ ਥਰਥਰਾਹਟ ਪੈਦਾ ਨਹੀਂ ਕਰਦੀ। ਕਿਤਨੇ ਲੱਖਾਂ ਔਰਤਾਂ, ਮਰਦ ਅਤੇ ਬੱਚੇ ਭੂਚਾਲ ਅਤੇ ਇਨ੍ਹਾਂ ਨਾਲ ਸੰਬੰਧਤ ਆਫਤਾਂ ਨਾਲ ਮਾਰੇ ਜਾ ਚੁੱਕੇ ਹਨ। ਜਾਪਾਨ ਵਿੱਚ 6923 ਹਿਜਰੀ ਸੰਮਤ ਵਿੱਚ ਆਏ ਭੂਚਾਲ ਵਿੱਚ 99331 ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਅਤੇ 5,76000 ਇਮਾਰਤਾਂ ਤਬਾਹ ਹੋ ਗਈਆਂ। ਜਿਸ ਤਰ੍ਹਾਂ ਪੁਰਾਣੇ ਖੰਡਰਾਂ ਤੋਂ ਪਤਾ ਚਲਦਾ ਹੈ ਉਸ ਦੇ ਮੁਤਾਬਕ ਗੋਬੀ ਦਾ ਮਾਰੂਥਲ ਕਿਸੇ ਵੇਲੇ ਇਕ ਉਪਜਾਊ ਭੂਮੀ ਸੀ। ਮੌਸਮ-ਵਿਗਿਆਨ ਵੀ ਇਹ ਸਿੱਧ ਕਰਦਾ ਹੈ ਕਿ ਮੀਂਹ ਅਤੇ ਮੌਸਮ ਕਿਸੇ ਸਮਝਦਾਰ ਅਤੇ ਦਿਆਲੂ ਸ਼ਕਤੀ ਦੇ ਅਖਤਿਆਰ ਵਿੱਚ ਨਹੀਂ ਹਨ। ਮੀਂਹ ਦੀਆਂ ਕਣੀਆਂ ਦੁਬਾਰਾ ਸਮੁੰਦਰ ਵਿੱਚ ਸੁੱਟਣ ਵਿੱਚ ਕੀ ਸਮਝਦਾਰੀ ਹੈ? ਉੱਥੋਂ ਹੀ ਤਾਂ ਇਹ ਆਈਆਂ ਹਨ। ਜਿਸ ਕਿਸਮ ਦੀ ਬਾਕਾਇਦਗੀ ਨਾਲ ਇਨਸਾਨ ਦੇ ਬਣਾਏ ਸਿੰਜਾਈ ਦੇ ਸਾਧਨਾਂ ਵਿੱਚ ਪਾਣੀ ਆਉਂਦਾ ਹੈ ਉਸ ਤਰ੍ਹਾਂ ਦੀ ਬਾਕਾਇਦਗੀ ਨਾਲ ਮੀਂਹ ਨਹੀਂ ਪੈਂਦਾ। ਕਦੀ ਤਾਂ ਲੋਕ ਹੜ੍ਹਾਂ ਅਤੇ ਸੈਲਾਬਾਂ ਨਾਲ ਬਰਬਾਦ ਹੁੰਦੇ ਹਨ ਤੇ ਕਦੀ ਸੋਕਾ ਫਸਲਾਂ ਅਤੇ ਪਸ਼ੂਆਂ ਦਾ ਖਾਤਮਾ ਕਰ ਦਿੰਦਾ ਹੈ। ਇਕ ਪਾਦਰੀ (ਪ੍ਰੋਹਿਤ) ਨੇ ਮੀਂਹ ਲਈ ਪ੍ਰਾਰਥਨਾ ਕੀਤੀ। ਜਲਦੀ ਹੀ ਜ਼ੋਰਦਾਰ ਮੀਂਹ ਪੈਣ ਲੱਗ ਪਿਆ ਅਤੇ ਪੈਂਦਾ ਹੀ ਰਿਹਾ। ਮੁਲਕ ਵਿੱਚ ਹੜ੍ਹਾਂ ਦੀ ਭਰਮਾਰ ਹੋ ਗਈ। ਫਿਰ ਉਸ ਨੇ ਆਪਣੀ ਪ੍ਰਾਰਥਨਾ ਵਿੱਚ ਕਿਹਾ, "ਓ ਮਾਲਕ! ਅਸੀਂ ਮੀਂਹ ਵਾਸਤੇ ਪ੍ਰਾਰਥਨਾ ਜ਼ਰੂਰ ਕੀਤੀ ਸੀ ਤੇ ਸਾਨੂੰ ਪਤਾ ਹੈ ਕਿ ਤੂੰ ਸੁਣ ਲਈ ਹੈ, ਪਰ ਇਹ ਸੱਚਮੁੱਚ ਹੀ ਇਕ ਮਖੌਲ ਕੀਤਾ ਲੱਗਦਾ ਹੈ।"

ਅਸਮਾਨੀ ਬਿਜਲੀ ਬੇਕਸੂਰ ਆਦਮੀਆਂ, ਔਰਤਾਂ ਅਤੇ ਬੱਚਿਆਂ ਉੱਪਰ ਡਿੱਗ ਪੈਂਦੀ ਹੈ ਤੇ ਉਨ੍ਹਾਂ ਨੂੰ ਜਲਾ ਦਿੰਦੀ ਹੈ। ਇਹ ਕਈ ਘਰ ਵੀ ਜਲਾ ਦਿੰਦੀ ਹੈ। ਗੜਿਆਂ ਨਾਲ ਕਿਤਨੇ ਹੀ ਬਾਗਾਂ ਦੇ ਮਾਲੀਆਂ ਦੀਆਂ ਸੱਧਰਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਤੂਫਾਨ ਦੇ ਨਾਲ ਕਿਤਨੇ ਹੀ ਗਰੀਬਾਂ ਦੇ ਘਰ ਢਹਿ ਢੇਰੀ ਹੋ ਜਾਂਦੇ ਹਨ। ਜਮੀਕਾ ਵਿੱਚ 6933 ਹਿਜਰੀ ਸੰਮਤ ਵਿੱਚ ਝੱਖੜ ਦੀ ਵਜਹ ਨਾਲ 20 ਲੱਖ ਕੇਲੇ ਦੇ ਦਰੱਖਤ ਤਬਾਹ ਹੋ ਗਏ। ਇਹ ਕਿਤਨੀ ਜ਼ਾਲਮ ਖੇਡ ਹੈ। ਰੱਬ ਦਾ ਸਵਾਸ (ਸਾਹ) ਕਿਤਨਾ ਕਰੂਰ ਅਤੇ ਦੁਰਾਚਾਰੀ ਹੈ। ਸਮੁੰਦਰੀ ਤੂਫਾਨ, ਮਾਰੂਥਲਾਂ ਦੀਆਂ ਤੱਤੀਆਂ ਤੇ ਰੇਤ ਭਰੀਆਂ ਹਨ੍ਹੇਰੀਆਂ, ਅਫਰੀਕਾ ਤੋਂ ਇਟਲੀ ਵੱਲ ਨੂੰ ਆਉਣ ਵਾਲੀਆਂ ਤੱਤੀਆਂ ਅਤੇ ਸਿੱਲ੍ਹੀਆਂ ਹਨ੍ਹੇਰੀਆਂ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਗਰਦ ਭਰੀਆਂ ਹਨ੍ਹੇਰੀਆਂ ਅਤੇ ਇਹੋ ਜਿਹੀਆਂ ਹੋਰ ਕਿਰਿਆਵਾਂ ਇਸ ਧਰਤੀ ਉੱਪਰ ਸਾਡੇ ਛੋਟੇ ਜਿਹੇ ਜੀਵਨ ਨੂੰ ਕੋਈ ਬਹੁਤਾ ਖੁਸ਼ਗਵਾਰ ਨਹੀਂ ਬਣਾਉਂਦੀਆਂ। ਚਿਰਾਪੂੰਜੀ ਵਰਗੇ ਸਥਾਨ ਹਨ ਜਿੱਥੇ ਬਹੁਤ ਹੀ ਵਰਖਾ ਹੁੰਦੀ ਹੈ ਅਤੇ ਅਰਬ ਮੁਲਕਾਂ ਵਰਗੀਆਂ ਕਈ ਥਾਂਵਾਂ ਹਨ ਜੋ ਕਿ ਬਹੁਤ ਹੀ ਖੁਸ਼ਕ ਹਨ। ਅਤਿ ਦੀ ਗਰਮੀ ਅਤੇ ਅਤਿ ਦੀ ਸਰਦੀ ਦੀਆਂ ਹਾਲਤਾਂ ਸਾਨੂੰ ਕਿਤਨਾ ਕਸ਼ਟ ਦਿੰਦੀਆਂ ਹਨ। ਹੋਨੋਲੂਲੂ ਅਤੇ ਮੈਡਾਇਰਾ ਵਰਗਾ ਇਕਸਾਰ ਤੇ ਸ਼ਾਂਤ ਮੌਸਮ ਬਹੁਤ ਹੀ ਘੱਟ ਦੇਸ਼ਾਂ ਵਿੱਚ ਪਾਇਆ ਜਾਂਦਾ ਹੈ। ਕਿਹੜਾ ਈਸ਼ਵਰੀ ਮਹਿਕਮਾ ਇਸ ਚੀਜ਼ ਦਾ ਜ਼ਿੰਮੇਵਾਰ ਹੈ?

ਜੀਵ-ਵਿਗਿਆਨ ਵੀ ਸੂਝਵਾਨੀ ਅਤੇ ਦਇਆਵਾਨੀ ਦਾ ਕੋਈ ਲੇਸ ਮਾਤਰ ਵੀ ਪ੍ਰਗਟਾਵਾ ਨਹੀਂ ਕਰਦਾ। ਬਨਸਪਤੀ ਵਿੱਚ ਪੌਦਿਆਂ ਦੇ ਵਿਚਕਾਰ ਰੌਸ਼ਨੀ ਅਤੇ ਖੁਰਾਕ ਲਈ ਲਗਾਤਾਰ ਸੰਘਰਸ਼ ਚਲਦਾ ਰਹਿੰਦਾ ਹੈ। ਭੁੱਖੇ ਪੌਦੇ ਜੋ ਕਿ ਘਟੀਆ ਕਿਸਮ ਦੀ ਮਿੱਟੀ ਉੱਪਰ ਉੱਗਦੇ ਹਨ, ਜ਼ਾਲਮ ਕੀਟਹਾਰੀ (ਕੀੜੇ ਖਾਣ ਵਾਲੇ) ਬਣ ਜਾਂਦੇ ਹਨ ਅਤੇ ਆਪਣੇ ਸ਼ਿਕਾਰ ਬੜੀ ਮਕਾਰੀ ਨਾਲ ਮਾਰਦੇ ਹਨ। ਲੱਖਾਂ ਹੀ ਕਰੂੰਬਲਾਂ ਨੂੰ ਕਦੀ ਫੁੱਲ ਬਣਕੇ ਖਿੜ੍ਹਨ ਦਾ ਮੌਕਾ ਨਹੀਂ ਮਿਲਦਾ, ਕੋਹਰੇ ਦੀ ਪਰਤ ਉਨ੍ਹਾਂ ਨੂੰ ਮਰੁੰਡ ਦਿੰਦੀ ਹੈ ਜਾਂ ਤੇਜ਼ ਹਵਾ ਹੀ ਉਨ੍ਹਾਂ ਨੂੰ ਟਾਹਣੀ ਨਾਲੋਂ ਵਿਖੇਰ ਕੇ ਸੁੱਟ ਦਿੰਦੀ ਹੈ ਜਿਸ ਦੇ ਕਾਰਨ ਉਹ ਕਰੂੰਬਲਾਂ ਮਰ ਜਾਂਦੀਆਂ ਹਨ। ਕਿਤਨੀ ਬੇਲਗਾਮ ਬਰਬਾਦੀ ਹੈ। ਬਨਸਪਤੀ ਦਾ ਕਿਤਨਾ ਦੁਖਾਂਤ ਨਾਟਕ ਹੈ ਇਹ! ਕਰੋੜਾਂ ਅਰਬਾਂ ਬੀਜ ਪੈਦਾ ਹੁੰਦੇ ਹਨ ਪਰ ਉਨ੍ਹਾਂ ਵਿੱਚੋਂ ਸਿਰਫ ਕੁੱਝ ਇਕ ਹੀ ਪੁੰਗਰਦੇ ਹਨ ਅਤੇ ਦਰੱਖਤ ਬਣਦੇ ਹਨ। ਬਾਕੀ ਦੇ ਸੱਭ ਕਿਧਰੇ ਗੁਆਚ ਜਾਂਦੇ ਹਨ। ਜ਼ੋਰਦਾਰ ਹਨ੍ਹੇਰੀ ਅਤੇ ਸੋਕੇ ਨਾਲ ਕਿਤਨੇ ਹੀ

ਪੌਦੇ ਅਤੇ ਦਰੱਖਤ ਨਸ਼ਟ ਹੋ ਜਾਂਦੇ ਹਨ। ਪਰਜੀਵੀ (ਪੈਰਾਸਾਈਟ) ਪੌਦੇ ਜਿਵੇਂ ਕਿ ਅਕਾਸ਼ਵੇਲ ਅਤੇ ਰੈਫਲੈਸ਼ੀਆ ਦਾ ਪੌਦਾ ਦੂਸਰੇ ਪੌਦਿਆਂ ਦਾ ਭੋਜਨ ਲੁੱਟਦੇ ਹਨ। ਇਸ਼ਕ ਪੇਚੇ ਦੀ ਵੇਲ ਬਲੂਤ ਦੇ ਦਰੱਖਤ ਨੂੰ ਜੱਫਾ ਮਾਰ ਕੇ ਉਸ ਦਾ ਗੱਲ ਘੁੱਟ ਦਿੰਦੀ ਹੈ। ਜੰਗਲ ਦੇ ਵੱਡੇ ਵੱਡੇ ਦਰੱਖਤ ਛੋਟੇ ਛੋਟੇ ਪੌਦਿਆਂ ਦੇ ਹਿੱਸੇ ਦੀ ਰੋਸ਼ਨੀ ਵੀ ਰੋਕ ਲੈਂਦੇ ਹਨ। ਉਸ਼ਣ ਕੀਟਬੰਧ (ਗਰਮ ਖੰਡ) ਦੇ ਜੰਗਲਾਂ ਵਿੱਚ ਜਾਨਵਰਾਂ ਅਤੇ ਪੌਦਿਆਂ ਦਾ ਇਕ ਦੂਸਰੇ ਨੂੰ ਹੜੱਪ ਕਰਨ ਦਾ ਲਗਾਤਾਰ ਮੁਕਾਬਲਾ ਚੱਲਦਾ ਰਹਿੰਦਾ ਹੈ। ਇਸ ਤਰ੍ਹਾਂ ਪੌਦਾ ਵਿਗਿਆਨ (ਬਨਸਪਤੀ ਵਿਗਿਆਨ) ਰੱਬ ਨੂੰ ਅਸਵੀਕਾਰ ਕਰਦਾ ਹੈ ਅਤੇ ਜੀਵ ਵਿਗਿਆਨ ਜੋ ਕਿਸੇ ਵੇਲੇ ਉਦੇਸ਼ ਵਾਦੀਆਂ ਦੇ ਕਬਜ਼ੇ ਵਿੱਚ ਹੁੰਦਾ ਸੀ (ਭਾਵ ਉਹ ਲੋਕ ਜੋ ਇਹ ਕਹਿੰਦੇ ਹਨ ਕਿ ਹਰੇਕ ਚੀਜ਼ ਅਤੇ ਹਰੇਕ ਘਟਨਾ ਕਿਸੇ ਖਾਸ ਮਕਸਦ ਨੂੰ ਪੂਰਾ ਕਰਨ ਲਈ ਘੜੀ ਗਈ ਹੈ) ਹੁਣ ਨਾਸਤਿਕ ਲੋਕਾਂ ਦੇ ਅੱਗੇ ਹਥਿਆਰ ਸੁੱਟ ਚੁੱਕਿਆ ਹੈ।

ਜੀਵ ਜੰਤੂਆ ਦੇ ਵਿੱਚ ਆਪਣੇ ਆਪ ਨੂੰ ਵਾਤਾਵਰਨ ਦੇ ਮੁਤਾਬਕ ਢਾਲਣ ਦੇ ਸਾਧਨ, ਗਿਆਨ ਇੰਦਰੀਆਂ, ਆਪਣਾ ਬਚਾਅ ਕਰਨ ਵਾਸਤੇ ਰੰਗ ਬਦਲਣੇ ਅਤੇ ਹੋਰ ਵਿਗਿਆਨੀਆ ਦੇ ਮੁਤਾਬਿਕ ਜੀਵਾਂ ਜੰਤੂਆਂ ਦੇ ਕੁਦਰਤੀ ਕਾਰਨਵਾਦ (ਕਾਰਜ ਕਾਰਨ) ਦਾ ਨਤੀਜਾ ਹਨ। ਅਸੰਖਾਂ ਹੀ ਜੀਵ ਜਿਹੜੇ ਆਪਣੇ ਆਪ ਨੂੰ ਵਾਤਾਵਰਨ ਦੇ ਮੁਤਾਬਕ  ਨਹੀਂ ਢਾਲ ਸਕੇ ਉਹ ਨਸ਼ਟ ਹੋ ਗਏ। ਦੇਖੋ ਕਿਸ ਤਰ੍ਹਾਂ ਸੰਵੇਦਨਸ਼ੀਲ ਪ੍ਰਾਣੀਆਂ ਦਾ ਕਤਲੇਆਮ ਹੁੰਦਾ ਹੈ। ਮੌਤ ਦੀ ਇਹ ਕੈਸੀ ਬਦਕਿਸਮਤੀ ਹੈ! ਦੁਸ਼ਟ-ਅੰਗ ਛੇਦ (ਜਿਉਂਦੇ ਪ੍ਰਾਣੀ ਦੀ ਚੀਰ ਫਾੜ ਕਰਨੀ) ਤਾਂ ਇਸ ਕਤਲੇਆਮ ਦੇ ਮੁਕਾਬਲੇ ਵਿੱਚ ਤੁਛ ਹੈ। ਕ੍ਰੋੜਾਂ ਅਰਬਾਂ ਜੀਵ ਵਾਤਾਵਰਨ ਉਨ੍ਹਾਂ ਦੇ ਅਨੁਕੂਲ ਨਾ ਹੋਣ ਕਾਰਨ ਮਾਰੇ ਗਏ ਅਤੇ ਹੋਰ ਕ੍ਰੋੜਾਂ ਅਰਬਾਂ ਜਾਨਵਰ ਇਕ ਦੂਸਰੇ ਦੇ ਹੱਥੋਂ ਮਾਰੇ ਗਏ। ਮਾਸਖਾਣੇ ਅਤੇ ਜ਼ਹਿਰੀਲੇ ਜਾਨਵਰ ਜਿਵੇਂ ਡਾਇਨਾਸੋਰ, ਰੀਂਗਣ ਵਾਲੇ ਜੀਵ, ਬੱਬਰ ਸ਼ੇਰ, ਸ਼ੇਰ, ਬਘਿਆੜ, ਬਾਘ, ਵੱਡੇ ਵੱਡੇ ਫਨੀਅਰ, ਸ਼ਿਕਰੇ, ਇੱਲਾਂ, ਗਿਰਝਾਂ, ਵੇਲ੍ਹ ਮੱਛੀਆਂ ਅਤੇ ਸ਼ਾਰਕ ਆਦਿ 'ਸੰਪੂਰਨ ਬੁੱਧੀਮਤਾ ਅਤੇ ਪਿਆਰ' ਦਾ ਅਫਸੋਸਨਾਕ ਨਮੂਨਾ ਹੈ। ਕਿਤਨੇ ਹੀ ਪਿਆਰੇ ਪਿਆਰੇ ਬਾਰਾਂ ਸਿੰਗੇ ਪਿਛਲੇ ਹਜ਼ਾਰਾਂ ਸਾਲਾਂ ਵਿੱਚ ਜੰਗਲਾਂ ਵਿੱਚ ਦੂਜੇ ਜਾਨਵਰਾਂ ਦੁਆਰਾ ਨਿਗਲੇ ਗਏ ਹਨ। ਛੋਟੀਆਂ ਛੋਟੀਆਂ ਮੱਛੀਆਂ ਬੜੀ ਮਿਹਨਤ ਅਤੇ ਈਮਾਨਦਾਰੀ ਨਾਲ ਆਪਣੇ ਖਾਣ ਜੋਗੀ ਖੁਰਾਕ ਲੱਭਦੀਆਂ ਹਨ ਪਰ ਵੱਡੀਆਂ ਮੱਛੀਆਂ ਛੋਟੀਆਂ ਨੂੰ ਹੜੱਪ ਜਾਂਦੀਆਂ ਹਨ।

ਜੀਵ ਵਰਗ ਦੇ ਇਨ੍ਹਾਂ ਸ਼ਰੇਆਮ ਬਦਮਾਸ਼ਾਂ ਅਤੇ ਗੁੰਡਿਆਂ ਤੋਂ ਇਲਾਵਾ ਲੁਕਵੇਂ ਛਿਪਣੇ ਜ਼ਹਿਰ ਦੇਣ ਵਾਲੇ ਪਰਜੀਵ (ਪੈਰਾਸਾਈਟ), ਅਤਿ ਛੋਟੇ ਸੂਖਮ, ਪਾਕ ਅਤੇ ਬਿਮਾਰੀ ਫੈਲਾਉਣ ਵਾਲੇ ਕੀਟਾਣੂ ਹਨ ਜਿਵੇਂ ਕਿ ਨਮੂਨੀਆਂ, ਗੁਪਤ ਰੋਗ, ਛੂਤ ਦੇ ਰੋਗ, ਹੈਜ਼ਾ, ਪੀਲੀਆ ਆਦਿ ਦੇ ਜ਼ਰਮ ਜੋ ਕਿ ਆਕਾਰ ਵਿੱਚ ਇਤਨੇ ਛੋਟੇ ਹੁੰਦੇ ਹਨ ਪਰ ਉਨ੍ਹਾਂ ਦੀ ਦਿੱਤੀ ਬੀਮਾਰੀ ਕਿਤਨੀ ਵੱਡੀ ਹੁੰਦੀ ਹੈ। ਇਕ ਹੋਰ ਬੜੀ ਦਰਦਨਾਕ ਕਿਰਿਆ ਹੈ ਜਿਸ ਨਾਲ ਆਸਤਿਕ ਲੋਕਾਂ ਨੂੰ ਸ਼ਰਮ ਅਤੇ ਸਮਝ ਆਉਣੀ ਚਾਹੀਦੀ ਹੈ। ਜੀਵ ਵਿਗਿਆਨ ਵਿੱਚ ਛੋਟਾ ਜੀਵ ਵੀ ਵੱਡੇ ਜੀਵ ਨੂੰ ਮਾਰ ਸਕਦਾ ਹੈ ਅਤੇ ਮਾਰਦਾ ਹੈ। ਹੈਜ਼ੇ ਦੇ ਨੀਚ ਅਤੇ ਦੁਸ਼ਟ ਕੀੜੇ ਨੇ ਹੇਗਲ ਦੇ ਅੰਦਰ ਜ਼ਹਿਰ ਭਰ ਦਿੱਤਾ ਅਤੇ ਉਸ ਦੇ ਕਮਾਲ ਦੇ ਦਿਮਾਗ ਨੂੰ ਸੁਆਹ ਵਿੱਚ ਬਦਲ ਦਿੱਤਾ। ਕੀਟਸ ਵੀ ਇਸ ਤਰ੍ਹਾਂ ਬੈਕਟੀਰੀਆ ਦੇ ਛੂਤ ਦੇ ਰੋਗ ਦਾ ਸ਼ਿਕਾਰ ਬਣਿਆ। ਹਜ਼ਾਰਾਂ ਹੀ ਲੋਕ ਹਰ ਸਾਲ ਸੱਪਾਂ ਦੇ ਲੜਨ ਕਰਕੇ ਮਰ ਜਾਂਦੇ ਹਨ। ਕਈ ਲੋਕ ਸ਼ੇਰਾਂ ਅਤੇ ਚੀਤੀਆਂ ਦਾ ਸ਼ਿਕਾਰ ਬਣਦੇ ਹਨ। ਇਹ ਨਾ ਤਾਂ ਕਿਸੇ ਬੁੱਧੀਮਾਨੀ, ਨਾ ਪਿਆਰ ਤੇ ਨਾ ਹੀ ਸਾਧਾਰਨ ਸੂਝ ਦਾ ਪ੍ਰਮਾਣ ਹੈ। ਇਨਸਾਨਾਂ ਨੂੰ ਪੈਦਾ ਕਰਨ ਦਾ ਕੀ ਫਾਇਦਾ ਜੇਕਰ ਉਸ ਨੂੰ ਜ਼ਹਿਰੀ ਮੱਖੀ (ਦੱਖਣੀ ਅਫਰੀਕਾ ਦੀ ਜ਼ਹਿਰੀ ਮੱਖੀ ਜੋ ਨੀਂਦਰ ਦਾ ਰੋਗ ਫੈਲਾਉਂਦੀ ਹੈ) ਦਾ ਹੀ ਸ਼ਿਕਾਰ ਬਣਾਉਣਾ ਹੈ? ਮੈਂ ਤਾਂ ਇਸ ਨੂੰ ਬਿਲਕੁਲ ਕਮੀਨਗੀ, ਬਦਨੀਤੀ ਵਾਲੀ ਅਤੇ ਮੂਰਖਤਾ ਪੂਰਣ ਕਾਰਵਾਈ ਕਹਾਂਗਾ। ਜੀਵ ਵਿਗਿਆਨ ਨੇ ਇਕ ਨਿਰਦਈ ਅਹੰਕਾਰ ਭਰੇ (ਹਉਮੈ ਭਰੇ), ਖੂਨ ਖਰਾਬੇ ਨਾਲ ਭਰਪੂਰ ਲੁੱਟ ਖੋਹ ਹਿੰਸਾ ਅਤੇ ਮਾਰ-ਵੱਢ ਨਾਲ ਭਰੇ ਹੋਏ ਸੰਸਾਰ ਦਾ ਭੇਤ ਖੋਲ੍ਹਿਆ ਹੈ ਜਿਸ ਦੇ ਜ਼ੁਲਮਾਂ ਸਾਹਮਣੇ ਚੰਗੇਜ਼ ਖਾਨ ਵੀ ਭੌਂਚੱਕਾ ਰਹਿ ਜਾਵੇ। ਜੀਵਾਂ ਦੇ ਬੇਅੰਤ ਹੀ ਆਂਡੇ ਅਤੇ ਬੱਚੇ ਪੈਦਾ ਹੁੰਦੇ ਹਨ ਪਰ ਉਨ੍ਹਾਂ ਵਿੱਚੋਂ ਥੋੜ੍ਹੇ ਹੀ ਜੀਵਨ ਭੋਗਦੇ ਹਨ। ਕੁਝ ਕੁਦਰਤ ਦੇ ਰਾਹੀਂ ਤੇ ਕੁਝ ਉਸੇ ਕਿਸਮ ਦੇ ਦੂਸਰੇ ਜਾਨਵਰਾਂ ਦੇ ਬੱਚਿਆਂ ਦੁਆਰਾ ਤਬਾਹ ਹੋ ਜਾਂਦੇ ਹਨ। ਜੇਕਰ ਵਾਤਾਵਰਨ ਅਨੁਕੂਲ ਹੁੰਦਾ ਤਾਂ ਇਹਨਾਂ ਸਭ ਜੀਵ ਜੰਤੂਆਂ ਦੀ ਗਿਣਤੀ ਇਸ ਤਰ੍ਹਾਂ ਵਧਣੀ ਚਾਹੀਦੀ ਹੈ ਜਿਸ ਤਰ੍ਹਾਂ ਅਸਟ੍ਰੇਲੀਆ ਵਿੱਚ ਖਰਗੋਸ਼ਾਂ ਦੀ, ਪੈਟਾਗੋਨੀਆ ਵਿੱਚ ਘੋੜਿਆਂ ਦੀ ਵਧਦੀ ਹੈ। ਜੀਵ ਵਿਗਿਆਨ ਵਿੱਚ ਇਸ ਜ਼ਰੂਰੀ ਅਤੇ ਨਾ ਰੋਕੀ ਜਾ ਸਕਣ ਵਾਲੀ ਅਤੇ ਵੱਡੇ ਪੈਮਾਨੇ ਉਪਰ ਤਬਾਹੀ ਦਾ ਕਾਨੂੰਨ ਬਿਲਕੁਲ ਮੌਲਿਕ (ਮੂਲ) ਹੈ। ਜ਼ਿੰਦਗੀ ਦਾ ਇਹ ਖੂਨ ਦੇ ਦਾਗਾਂ ਭਰਿਆ ਰਸਤਾ ਜਿਸ ਉੱਪਰ ਦੀ ਲੰਘ ਕੇ ਇਹ ਆਈ ਹੈ, ਦੇ ਵਿੱਚ ਦੁੱਖ ਭੋਗਦੇ, ਭੁੱਖੇ ਮਰਦੇ ਅਤੇ ਤੜਪਦੇ ਪ੍ਰਾਣੀਆਂ ਦੀਆਂ ਦਰਦ ਭਰੀਆਂ ਕੁਰਲਾਹਟਾਂ ਸੁਣਾਈ ਦਿੰਦੀਆਂ ਹਨ। ਜੀਵਨ ਦੇ ਇਸ ਅਗਾਂਹ ਵੱਲ ਵਧਦੇ ਰਾਹ ਦੇ ਮੁਕਾਬਲੇ ਵਿੱਚ ਸੂਲੀਆਂ ਚੜ੍ਹੇ ਹੋਏ ਗੁਲਾਮਾਂ ਦੀਆਂ ਕਤਾਰਾਂ ਵਾਲਾ ਰਾਹ, ਇਕ ਖੁਸ਼ੀ ਵਾਲਾ ਰਾਹ ਪ੍ਰਤੀਤ ਹੁੰਦਾ ਹੈ।

ਸੋ ਪਹਿਲਾਂ ਜੀਵ ਵਿਗਿਆਨ ਇਨ੍ਹਾਂ ਤੱਥਾਂ ਦਾ ਪ੍ਰਗਟਾਵਾ ਕਰਦਾ ਹੈ ਅਤੇ ਬਾਅਦ ਵਿੱਚ ਇਨਸਾਨ ਪਰਦੇ ਉੱਪਰ ਆਉਂਦਾ ਹੈ। ਉਸ ਦੇ ਕੋਲ ਆਪਣੇ ਜੀਵਨ ਦੇ ਦੁੱਖਾਂ ਅਤੇ ਸੁੱਖਾਂ ਲਈ ਆਪਣੇ ਖਿਆਲੀ ਘੜੇ ਰੱਬ ਦਾ ਸ਼ੁਕਰੀਆ ਅਦਾ ਕਰਨ ਦੀ ਕੋਈ ਵੀ ਵਜਹ ਨਹੀਂ ਹੈ। ਉਸ ਦਾ ਜੀਵਨ ਕਾਲ ਬਹੁਤ ਛੋਟਾ ਹੈ ਅਤੇ ਉਸ ਦਾ ਵਸਾਹ ਵੀ ਕੋਈ ਨਹੀਂ ਹੈ। ਜ਼ਿੰਦਗੀ ਦਾ ਇਹ ਅਸਥਾਈਪਣ ਇਨਸਾਨ ਦੀ ਜ਼ਿੰਦਗੀ ਉੱਪਰ ਕੱਫਨ ਵਾਂਗ ਲਟਕਦਾ ਰਹਿੰਦਾ ਹੈ। ਇਕ ਚੀਨੀ ਕਵੀ ਨੇ ਕਿਹਾ ਹੈ, "ਜਿਸ ਤਰ੍ਹਾਂ ਖੁਸ਼ੀਆਂ ਭਰਿਆ ਸੁਫਨਾ ਅਤੇ ਸੰਤੁਸ਼ਟੀ ਝੱਟ ਅਲੋਪ ਹੋ ਜਾਂਦੀ ਹੈ ਉਸੇ ਤਰ੍ਹਾਂ ਜੀਵਨ ਵੀ ਝੱਟ ਅਲੋਪ ਹੋ ਜਾਂਦਾ ਹੈ।" ਪੋ ਚਿਉ ਵਿਰਲਾਪ ਕਰਦਾ ਹੈ, " ਮੈਂ ਉੱਚੀ ਚੀਖਿਆ, ਪੁਕਾਰਿਆ ਪਰ ਅਫਸੋਸ ਕਿ ਜ਼ਿੰਦਗੀ ਦੀ ਨੈਤਿਕਤਾ ਦਾ ਖਿੜਨਾ ਕਿਤਨਾ ਧੁੰਦਲਾ ਅਤੇ ਸੁਗੰਧੀ ਰਹਿਤ ਹੁੰਦਾ ਹੈ।"

ਕਿੰਨੇ ਬੱਚੇ ਮਰੇ ਹੋਏ ਹੀ ਜੰਮਦੇ ਹਨ ਜਾਂ ਜੰਮਦੇ ਸਾਰ ਹੀ ਮਰ ਜਾਂਦੇ ਹਨ। ਪਿਆਰੇ ਪਿਆਰੇ ਬੱਚੇ, ਜੇਕਰ ਉਨ੍ਹਾਂ ਨੇ ਸਿਰਫ ਕੁਝ ਦਿਨ, ਕੁਝ ਮਹੀਨੇ ਜਾਂ ਕੁਝ ਸਾਲਾਂ ਵਿੱਚ ਹੀ ਮਰ ਜਾਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਪੈਦਾ ਕਰਨ ਵਿੱਚ ਕੁਝ ਸਮਝਦਾਰੀ ਨਹੀਂ ਹੈ। ਬਿਮਾਰੀਆਂ ਨਾਲ ਅਣਗਿਣਤ ਲੋਕ ਮਾਰੇ ਜਾਂਦੇ ਹਨ। ਕਿਤਨੇ ਹੀ ਲੋਕਾਂ ਨੇ ਦਿਲ ਦੀ ਬਿਮਾਰੀ ਦੀ ਪੀੜ ਦੀ ਧੁੱਕਧੁਕੀ, ਕੜਵਲ ਪੈਣ, ਮਿਰਗੀ, ਪੇਟ ਵਿੱਚ ਪੱਥਰੀ, ਆਂਤ ਦੀ ਚੀਸ, ਭੂਤਗ੍ਰਸਤ ਝੱਲ ਪੈਣਾ, ਢਿੱਲੇ ਰਹਿਣ ਅਤੇ ਉਦਾਸੀ ਦੀ ਬਿਮਾਰੀ, ਪਾਗਲਪਨ, ਵਧਦਾ ਹੋਇਆ ਤਪਦਿਕ ਦਾ ਰੋਗ, ਸਰੀਰ ਦਾ ਸੋਕਾ, ਤਬਾਹੀ ਮਚਾਉਂਦੀ ਹੋਈ ਪਲੇਗ, ਜਲੋਧਰ (ਪੇਟ ਵਿੱਚ ਪਾਣੀ ਭਰ ਜਾਣਾ, ਸੋਜ਼) ਦੀ ਬੀਮਾਰੀ, ਦਮਾ ਅਤੇ ਜੋੜਾਂ  ਦੇ ਕੜਾਕੇ ਬੁਲਾਉਂਦੀ ਹੋਈ ਗਠੀਏ ਦੀ ਬਿਮਾਰੀ ਤੋਂ ਦਰਦ ਉਠਾਇਆ ਹੈ ਅਤੇ ਅੱਜ ਵੀ ਉਠਾ ਰਹੇ ਹਨ। ਜੇਕਰ ਇਨ੍ਹਾਂ ਸਾਰੇ ਰੋਗੀਆਂ ਦੀ ਕੁਰਲਾਹਟਾਂ ਨੂੰ ਇਕ ਜਗ੍ਹਾ ਇਕੱਠੇ ਕਰਕੇ ਸੁਣੀਏ ਤਾਂ ਉਹ ਦਰਦ ਦੀ ਚੀਖ਼ ਨਿਆਗਰਾ ਝਰਨੇ ਦੀ ਗੜਗੜਾਹਟ ਤੋਂ ਵੀ ਉੱਚੀ ਹੋਵੇਗੀ।

ਚੁੱਪਚਾਪ ਪ੍ਰੇਤ ਵਾਂਗ ਆ ਦਬੋਚਣ ਵਾਲੀ ਭੁੱਖਮਰੀ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਰੱਬ ਨੂੰ ਆਪਣੇ 'ਭੁੱਖੇ ਬੱਚਿਆਂ' (ਭੁੱਖ ਨਾਲ ਮਰ ਰਹੇ ਲੋਕਾਂ) ਦੀ ਕੋਈ ਪਰਵਾਹ ਹੀ ਨਹੀਂ ਰਹਿ ਗਈ ਲੱਗਦੀ। ਇਸ ਸੱਭ ਕੁਝ ਤੋਂ ਉੱਪਰ ਭ੍ਰਿਸ਼ਟਤਾ ਅਤੇ ਸਮਾਜ ਵਿਰੋਧੀ ਮੂਲ ਪ੍ਰਵਿਰਤੀਆਂ ਇਨਸਾਨ ਦੀ ਆਤਮਾ ਦੇ ਧੁਰ ਅੰਦਰ ਤੱਕ ਰਚੀਆਂ ਪਈਆਂ ਹਨ ਅਤੇ ਅਸੀਂ ਹੁਣ ਤੱਕ ਵੀ ਉਨ੍ਹਾਂ ਦਾ ਖਾਤਮਾ ਕਰਨ ਲਈ ਪੂਰਾ ਜ਼ੋਰ ਲਗਾ ਰਹੇ ਹਾਂ। ਜੇਕਰ ਰੱਬ ਨੇਕੀ ਨੂੰ ਪਿਆਰ ਕਰਦਾ ਹੈ ਤਾਂ ਉਸ ਨੇ ਇਨਸਾਨ ਨੂੰ ਪੂਰਾ ਨੇਕ ਕਿਉਂ ਨਹੀਂ ਬਣਾਇਆ? ਕਿਉਂ ਉਸ ਨੇ ਨਫਰਤ, ਈਰਖਾ, ਪੇਟੂ-ਪੁਣਾ, ਅਵੈਗਪੂਰਨ ਕਾਮ ਇੱਛਾ, ਆਲਸ, ਹੰਕਾਰ, ਗੁੱਸਾ, ਲਾਲਚ, ਜ਼ੁਲਮ ਅਤੇ ਨਾ ਝੱਲਿਆ ਜਾ ਸਕਣ ਵਾਲਾ ਕੁਕਰਮਾਂ ਦਾ ਬੋਝ ਇਨਸਾਨ ਉੱਪਰ ਪਾਇਆ ਹੈ। ਇਨਸਾਨ ਨੂੰ ਸਮਾਜਕ ਸ਼ਾਂਤੀ ਤੱਕ ਪਹੁੰਚਣ ਲਈ ਮਾਰ-ਵੱਢ ਅਤੇ ਕਤਲੋਗਾਰਤ ਦੇ ਰਾਹ ਉੱਪਰ ਕਿਉਂ ਟੱਕਰਾਂ ਮਾਰ ਮਾਰ ਕੇ ਚੱਲਣਾ ਪੈਂਦਾ

ਹੈ? ਉਸ ਨੂੰ ਅਕਸਰ ਰੋਟੀ ਰੋਣਹਾਕਾ ਹੋ ਕਿ ਹੀ ਕਿਉਂ ਨਸੀਬ ਹੁੰਦੀ ਹੈ? ਇਤਿਹਾਸ ਮੂਰਖਤਾ, ਗੁਲਾਮੀ, ਕਤਲ ਅਤੇ ਝਗੜੇ ਦਾ ਹੀ ਇਕ ਵਹੀ ਖਾਤਾ ਲੇਖਾ ਜੋਖਾ ਕਿਉਂ ਹੈ? ਇਸ ਸੱਚ ਮੁੱਚ ਦੇ ਖੌਫਨਾਕ ਦੁਖਾਂਤ ਨਾਟਕ ਦਾ ਲਿਖਣ ਵਾਲਾ ਕਦੀ ਵੀ ਬੁੱਧੀਮਾਨ ਅਤੇ ਦਿਆਲੂ ਨਹੀਂ ਹੋ ਸਕਦਾ। ਪਾਰਸੀ ਅਤੇ ਮੈਨੀਚੀਅਨਜ਼ ਇਸ ਬਾਰੇ ਥੋੜ੍ਹੇ ਜ਼ਿਆਦਾ ਤਰਕਪੂਰਨ ਸਨ ਕਿਉਂਕਿ ਉਨ੍ਹਾਂ ਨੇ ਬੁਰੇ ਕੰਮਾਂ ਦਾ ਜ਼ਿੰਮੇਵਾਰ ਸ਼ੈਤਾਨ ਨੂੰ ਠਹਿਰਾਇਆ ਅਤੇ ਚੰਗੇ ਕੰਮਾਂ ਦਾ ਜ਼ਿੰਮੇਵਾਰ ਈਸ਼ਵਰ ਨੂੰ। ਸ਼ੈਤਾਨ ਦਾ ਨਾਮ ਇਸਲਾਮੀ ਅਤੇ ਈਸਾਈ ਧਾਰਮਿਕ ਗ੍ਰੰਥਾਂ ਵਿੱਚ ਵੀ ਆਉਂਦਾ ਹੈ ਪਰ ਉਸ ਦੀ ਹੋਂਦ ਨੂੰ ਸਵੀਕ੍ਰਿਤੀ ਨਹੀਂ ਦਿੱਤੀ ਗਈ। ਆਸਤਿਕ ਲੋਕਾਂ ਕੋਲ ਇਕ ਤੀਖਣ ਬੁੱਧੀ ਵਾਲੇ ਸਕੂਲ ਦੇ ਵਿਦਿਆਰਥੀ ਦੇ ਮਨ ਵਿੱਚ ਉੱਠਣ ਵਾਲੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਹੈ –"ਰੱਬ ਸ਼ੈਤਾਨ ਨੂੰ ਖਤਮ ਕਿਉਂ ਨਹੀਂ ਕਰ ਦਿੰਦਾ?"

ਕੁਝ ਦਾਰਸ਼ਨਿਕ ਜਿਵੇਂ ਪਲੈਟੋ ਅਤੇ ਜੇ. ਐਸ. ਮਿੱਲ ਨੇ 'ਕੁਝ ਸੀਮਤ ਸ਼ਕਤੀਆਂ ਵਾਲੇ ਰੱਬ' ਦੀ ਕਲਪਨਾ ਕੀਤੀ ਹੈ। ਜੇ. ਐਸ. ਮਿੱਲ ਨੇ ਲਿਖਿਆ ਹੈ, "ਇਹ ਈਸ਼ਵਰ ਜੋ ਕਿ ਸ਼ਾਇਦ ਸਰਬ ਸ਼ਕਤੀਮਾਨ ਨਹੀਂ ਹੈ, ਨੇ ਇਕ ਯੰਤਰਾਂ ਦੀ ਮਸ਼ੀਨਰੀ ਤਿਆਰ ਕੀਤੀ ਹੋਵੇ ਜੋ ਕਿ ਸ਼ਾਇਦ ਉਸ ਦੀ ਇੱਛਾ ਮੁਤਾਬਕ ਨਾ ਬਣ ਸਕੀ ਹੋਵੇ।" ਇਹ ਵਿਚਾਰ ਸਾਨੂੰ ਮੁੜ ਕੇ ਪਾਰਸੀਆਂ ਦੇ ਦਵੈਤਵਾਦ (ਦੋਹਰੇਪਣ) ਦੇ ਸਿਧਾਂਤ ਵੱਲ ਲੈ ਜਾਂਦਾ ਹੈ। ਸ੍ਰਿਸ਼ਟੀ ਵਿੱਚ ਰੱਬ ਅਤੇ ਸ਼ੈਤਾਨ ਦੇ ਅਸੂਲਾਂ ਅਤੇ ਤਾਕਤਾਂ ਦੀ ਪਛਾਣ ਕਰਨੀ ਕੋਈ ਜ਼ਰੁਰੀ ਨਹੀਂ। ਸਾਨੂੰ ਨਾ ਤਾਂ 'ਰੱਬ' ਦੀ ਤੇ ਨਾ ਹੀ 'ਸ਼ੈਤਾਨ' ਦੀ ਜ਼ਰੂਰਤ ਹੈ। ਆਸਤਿਕ ਲੋਕਾਂ ਨੇ 'ਸ਼ੈਤਾਨੀ' ਮੁਸ਼ਕਿਲਾਂ ਦੇ ਜੋ ਵੀ ਹੱਲ ਲੱਭੇ ਹਨ ਉਹ ਸ਼ਰਾਰਤ ਭਰੇ ਅਤੇ ਗੈਰ-ਤਸੱਲੀਬਖਸ਼ ਹਨ। ਇਸ ਗੱਲ ਉੱਪਰ ਜ਼ੋਰ ਦਿੱਤਾ ਜਾਂਦਾ ਹੈ ਕਿ 'ਅੱਧ-ਪਚੱਦੀ ਸ਼ੈਤਾਨੀ ਸਾਰੀ ਸ੍ਰਿਸ਼ਟੀ ਦੀ ਭਲਾਈ ਵਾਸਤੇ ਜ਼ਰੂਰੀ ਹੈ। ਸਾਡੇ ਪਾਪ ਅਤੇ ਕਸ਼ਟ ਸਾਨੂੰ ਇਕ ਐਸੀ ਉਚਾਈ ਵੱਲ ਲੈ ਜਾਂਦੇ ਹਨ ਜਿਸ ਦਾ ਅੰਤ ਕੇਵਲ 'ਰੱਬ' ਨੂੰ ਹੀ ਮਲੂਮ ਹੈ। ਜਿਸ ਤਰ੍ਹਾਂ ਕਿਸੇ ਵਸਤੂ ਦਾ ਪ੍ਰਛਾਵਾਂ ਜ਼ਰੂਰ ਹੋਣਾ ਚਾਹੀਦਾ ਹੈ, ਉਸੇ ਤਰ੍ਹਾਂ ਨੇਕੀ ਭ੍ਰਿਸ਼ਟਾਚਾਰ ਤੋਂ ਬਿਨਾਂ ਹੋਣੀ ਸੰਭਵ ਨਹੀਂ ਹੈ। ਜੋ ਦੁੱਖ-ਦਰਦ ਅਸੀਂ ਝੱਲਦੇ ਹਾਂ ਉਹ ਸਾਡੇ ਪਿਛਲੇ ਕੀਤੇ ਪਾਪਾਂ ਦੀ ਸਜ਼ਾ ਹੈ ਅਤੇ ਭਵਿੱਖ ਵਾਸਤੇ ਚਿਤਾਵਨੀ ਹੈ। ਇਨ੍ਹਾਂ ਦੁੱਖਾਂ-ਦਰਦਾਂ ਦੀ ਚੋਟ ਸਾਡੀ ਸਹਿਣਸ਼ੀਲਤਾ ਤੇ ਭਗਤੀ ਭਾਵ ਦਾ ਇਮਤਿਹਾਨ ਲੈਣ ਵਾਸਤੇ ਲਗਾਈ ਜਾਂਦੀ ਹੈ ਅਤੇ ਇਸ ਦਾ ਫਲ ਬਾਅਦ ਵਿੱਚ ਮਿਲਦਾ ਹੈ ਜਿਵੇਂ ਕਿਸੇ ਨੌਕਰੀ ਜਾਂ ਹੋਰ ਕਿਸੇ ਕੰਮ ਦਾ ਮਿਲਦਾ ਹੈ। ਬੁਰਾਈ ਸਾਡੇ ਚਾਲ-ਚਲਣ ਦੀਆਂ ਕੁਝ ਚੰਗੀਆਂ ਗੱਲਾਂ ਜਿਵੇਂ ਹੌਂਸਲਾ, ਸਿਰੜ ਅਤੇ ਹਮਦਰਦੀ ਆਦਿ ਬਾਹਰ ਲਿਆਉਂਦੀ ਹੈ। ਦਾਂਤੇ ਨੇ ਕਿਹਾ ਹੈ, "ਨਰਕ, ਸੰਪੂਰਨ ਪਿਆਰ ਦੀ ਪੈਦਾਵਰ ਹੈ।" ਇਹੋ ਜਿਹੇ ਕਰੂਰਤਾ-ਪੂਰਨ ਪਿਆਰ, ਜੋ ਕਿ ਦੂਸਰਿਆਂ ਨੂੰ ਕਸ਼ਟ ਦੇ ਕੇ ਮਿਲਦੀ ਖੁਸ਼ੀ ਵਿੱਚੋਂ ਮਿਲਦਾ ਹੈ, ਦੇ ਬਾਰੇ ਤੁਹਾਡਾ ਕੀ ਵਿਚਾਰ ਹੈ? ਬੁਰਾਈ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਅਸਲੀਅਤ ਵਿੱਚ ਇਸ ਦੀ ਕੋਈ ਹੋਂਦ ਨਹੀਂ ਹੈ ਅਤੇ ਇਹ ਸਿਰਫ ਭੁਲਾਵਾ (ਛਲਾਵਾ) ਦੇਣ ਵਾਲੀ ਗੱਲ ਹੈ। ਰੌਬਰਟ ਬਰਿਜਜ਼ ਕਹਿੰਦਾ ਹੈ, "ਮੋਹਿਤ ਹੋਈ (ਰੀਝੀ ਹੋਈ) ਆਤਮਾ ਦੇ ਲਈ ਬੁਰਾਈ ਕੋਈ ਮਹੱਤਤਾ ਨਹੀਂ ਰੱਖਦੀ।" ਇਹੋ ਜਿਹੀ ਖੁਲ੍ਹੇਆਮ ਕੁ-ਤਰਕਤਾ (ਝੂਠੀ ਦਲੀਲ ਦੇਣ ਦੀ ਕਿਰਿਆ) ਦਾ ਕੋਈ ਅੰਤ ਨਹੀਂ। ਜੇਕਰ 'ਰੱਬ' ਆਪਣਾ ਮੰਤਵ ਇਹ ਸੱਭ ਦੁੱਖ ਤਕਲੀਫਾਂ ਦਿੱਤੇ ਬਗੈਰ ਪੂਰਾ ਕਰ ਸਕਦਾ ਹੈ ਪਰੰਤੂ ਉਸ ਨੇ ਇਹ ਜ਼ੁਲਮ ਵਾਲਾ ਤਰੀਕਾ ਅਪਨਾਉਣਾ ਪਸੰਦ ਕੀਤਾ ਹੈ ਤਾਂ ਉਹ ਬਹੁਤ ਵੱਡਾ ਅਨਿਆਇ ਕਰਨ ਵਾਲਾ ਰਾਖਸ਼ ਹੈ। ਜੇ ਕਰ ਆਪਣਾ ਮੰਤਵ ਪੂਰਾ ਕਰਨ ਲਈ ਹੋਰ ਕੋਈ ਵਿਉਂਤ ਨਹੀਂ ਬਣਾ ਸਕਦਾ ਹੈ ਤਾਂ ਉਹ ਸਰਬਸ਼ਕਤੀਮਾਨ ਨਹੀਂ ਹੈ। ਸਾਨੂੰ ਬੁਰਾਈ ਦਾ ਸਪਸ਼ਟੀਕਰਨ ਦੇਣ ਦੀ ਜ਼ਰੂਰਤ ਕਿਉਂ ਹੋਣੀ ਚਾਹੀਦੀ ਹੈ? ਇਹ ਬੁਰਾਈ ਵਜੂਦ ਵਿੱਚ ਹੈ ਹੀ ਕਿਉਂ? ਜੇਕਰ ਕਾਫੀ ਲੰਮੇ ਅਰਸੇ ਤੋਂ ਬਾਅਦ ਇਸ ਦਾ ਖਾਤਮਾ ਹੋ ਹੀ ਜਾਣਾ ਹੈ ਤਾਂ ਉਸ ਲੰਬੇ ਸਮੇਂ ਦੇ ਦੌਰਾਨ ਜੋ ਦੁੱਖ, ਪੀੜਾ ਹੈ ਉਸ ਸਭ ਕਾਸੇ ਨੂੰ ਆਸਤਕ ਲੋਕ ਕਿਵੇਂ ਉਚਿਤ (ਜਾਇਜ਼) ਠਹਿਰਾਉਣਗੇ? ਲੈਬਨਿਜ਼ 'ਰੱਬ' ਦੀ ਬੜੀ ਘਟੀਆ ਪ੍ਰਸੰਸਾ ਕਰਦਾ ਹੈ ਜੋ ਇਹ ਕਹਿੰਦਾ ਹੈ ਕਿ ਇਹ ਸੰਸਾਰ ਉਨ੍ਹਾਂ ਸਾਰੇ ਸੰਸਾਰਾਂ ਨਾਲੋਂ ਚੰਗਾ ਹੈ ਜੋ ਰੱਬ ਲਈ ਪੈਦਾ ਕਰਨੇ ਮੁਸ਼ਕਿਲ ਸਨ। ਆਸਤਿਕਵਾਦ ਤੁਹਾਡੀ ਤਸੱਲੀ ਨਹੀਂ ਕਰਾਉਂਦਾ ਜਾਂ ਤੁਹਾਨੂੰ ਧਰਵਾਸ ਨਹੀਂ ਦਿੰਦਾ ਬਲਕਿ ਇਹ ਤਾਂ ਜ਼ਖਮ ਦੇਣ ਦੇ ਨਾਲ ਨਾਲ ਤੁਹਾਡੀ ਬੇਇਜ਼ਤੀ ਵੀ ਕਰਦਾ ਹੈ। ਇਹ ਬੁਰਾਈ ਨੂੰ ਇਕ ਭੇਸ ਬਦਲ ਕੇ ਆਈ ਹੋਈ ਰਹਿਮਤ ਦੱਸਦਾ ਹੈ ਅਤੇ ਅਜਿਹਾ ਕਰਨ ਨਾਲ ਬੁਰਾਈ ਦੇ ਇਸ ਦੁਨੀਆ ਤੋਂ ਖਾਤਮੇ ਦੇ ਰਾਹ ਵਿੱਚ ਰੋੜਾ ਅਟਕਾਉਂਦਾ ਹੈ। ਜੇਕਰ ਦੁਨੀਆ ਵਿੱਚ ਅਸਲੀਅਤ ਵਿੱਚ ਕੋਈ ਬੁਰਾਈ ਹੈ ਹੀ ਨਹੀਂ ਤਾਂ ਅਸੀਂ ਕਿਸ ਚੀਜ਼ ਦੇ ਖਿਲਾਫ ਲੜ ਰਹੇ ਹਾਂ?

ਜੇਕਰ ਕਿਸੇ ਬੀਮਾਰੀ ਦਾ ਫੈਲਣਾ 'ਸਵਰਗਾਂ' ਵੱਲੋਂ ਦਿੱਤੀ ਹੋਈ ਸਜ਼ਾ ਕਰਕੇ ਹੀ ਹੈ ਤਾਂ ਸਾਨੂੰ ਇਸ ਦੀ ਰੋਕਥਾਮ ਕਰਨ ਦੀ ਬਜਾਏ ਇਸ ਨੂੰ ਆਪਣਾ ਦੌਰ ਚਲਾ ਲੈਣ ਦੇਣਾ ਚਾਹੀਦਾ ਹੈ। ਜੇਕਰ 'ਰਬ' ਮਰੇ ਹੋਏ ਬੱਚਿਆਂ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ ਤਾਂ ਅਸੀਂ ਕਿਉਂ ਬੱਚਿਆਂ ਦੀ ਮੌਤ ਦੀ ਦਰ ਘਟਾਉਣ ਦੀ ਕੋਸ਼ਿਸ਼ ਕਰੀਏ? ਐਸਾ ਕਰਨਾ ਨਿਹਾਇਤ ਗਲਤ ਗੱਲ, ਗੁਸਤਾਖੀ ਅਤੇ ਅਪਵਿੱਤਰਤਾ ਹੋਵੇਗੀ। ਇਸ ਤਰ੍ਹਾਂ ਆਸਤਿਕਵਾਦ ਨੇ ਇਨਸਾਨ ਦੀ ਬੁਰਾਈ ਦੇ ਖਿਲਾਫ ਨਾ ਮੁੱਕਣ ਵਾਲੀ ਲੜਾਈ ਵਿੱਚ ਇਨਸਾਨ ਦੇ ਹੱਥ ਪੈਰ ਨਕਾਰਾ ਕਰ ਦਿੱਤੇ ਹਨ। ਮੱਧ ਕਾਲ ਵਿੱਚ ਸੰਤਾਂ, ਮਹਾਤਮਾਵਾਂ ਨੇ ਪਲੇਗ ਦੀ ਫੈਲੀ ਹਰ ਬੀਮਾਰੀ ਨੂੰ 'ਰੱਬੀ' ਕੰਮ ਦੱਸਿਆ ਅਤੇ ਲੋਕਾਂ ਨੂੰ ਪਛਤਾਵਾ ਕਰਨ ਲਈ ਅਤੇ ਭੁੱਲ ਬਖਸ਼ਾਉਣ ਲਈ ਅਰਦਾਸਾਂ ਕਰਨ ਦੀ ਪ੍ਰੇਰਨਾ ਦਿੱਤੀ ਪ੍ਰੰਤੂ ਉਨ੍ਹਾਂ ਨੂੰ ਸਰੀਰ ਦੀ ਬਾਹਰੀ ਸਫਾਈ ਅਤੇ ਹੋਰ ਬੀਮਾਰੀਆਂ ਰੋਕੂ ਦਵਾਈਆਂ ਦਾ ਕੋਈ ਗਿਆਨ ਨਹੀਂ ਸੀ। ਆਸਤਿਕਵਾਦ ਹਰ ਗੱਲ 'ਰੱਬ ਦੀ ਮਰਜ਼ੀ' ਦੱਸਦਾ ਹੈ ਅਤੇ ਇਸ ਤਰ੍ਹਾਂ ਇਨਸਾਨਾਂ ਨੂੰ ਬੁਰਾਈ ਦੇ ਜ਼ੋਰ ਨਾਲ ਹੀ ਜਿੱਤਿਆ ਜਾ ਸਕਦਾ ਹੈ। ਇਕ ਆਸਤਿਕਵਾਦੀ ਨੇ ਕਿਹਾ ਹੈ, 'ਜੇਕਰ ਰੱਬ ਦੀ ਹੋਂਦ ਨਹੀਂ ਹੈ ਤਾਂ ਵੀ ਰੱਬ ਦੀ ਕਲਪਨਾ ਕਰਨੀ ਬਹੁਤ ਜ਼ਰੂਰੀ ਹੈ।" ਪਰ ਮੇਰਾ ਖਿਆਲ ਇਹ ਹੈ ਕਿ ਜੇਕਰ ਰੱਬ ਦੀ ਹੋਂਦ ਹੈ ਵੀ ਤਾਂ ਮਨੁੱਖ ਜਾਤੀ ਦੇ ਹਿੱਤ ਲਈ ਇਹ ਬਹੁਤ ਚੰਗੀ ਗੱਲ ਹੋਵੇਗੀ ਕਿ ਉਸ ਦੀ ਹੋਂਦ ਤੋਂ ਇਨਕਾਰ ਕੀਤਾ ਜਾਵੇ ਅਤੇ ਉਸ ਨੂੰ ਨਜ਼ਰਅੰਦਾਜ਼ ਕੀਤਾ ਜਾਵੇ।

(6)

ਕੁਝ ਵਿਚਾਰਵਾਨ ਸੋਚਦੇ ਹਨ ਕਿ 'ਰੱਬ' ਜ਼ਰੂਰ ਹੋਂਦ ਵਿੱਚ ਹੈ ਕਿਉਂਕਿ ਅਗਲੇ ਜਨਮ ਵਿੱਚ ਜੋ ਚਾਹੇ ਲੌਕਿਕ ਜਾਂ ਅਲੌਕਿਕ ਹੋਵੇ, ਨੇਕੀ ਨੂੰ ਖੁਸ਼ੀ ਦੇ ਰੂਪ ਵਿੱਚ ਇਨਾਮ ਜ਼ਰੂਰ ਮਿਲਣਾ ਚਾਹੀਦਾ ਹੈ। ਕਾਂਤ ਅਤੇ ਉਦਾਯਨਾ ਨੇ ਇਹ ਵਿਚਾਰ ਪ੍ਰਗਟ ਕੀਤਾ ਹੈ। ਕਾਂਤ ਕਹਿੰਦਾ ਹੈ, "ਉਸੇ ਹੀ ਨੈਤਿਕ ਸਿਧਾਂਤ ਦੁਆਰਾ ਸਾਨੂੰ ਦੂਸਰੇ ਤੱਤ ਜਿਸ ਨੂੰ ਖੁਸ਼ੀ ਕਹਿੰਦੇ ਹਨ ਦੇ ਹੋਣ ਦੀ ਸੰਭਾਵਨਾ ਦੀ ਹੋਰ ਪਕਿਆਈ (ਤਾਕੀਦ) ਹੋ ਜਾਣੀ ਚਾਹੀਦੀ ਹੈ। ਇਹ ਖੁਸ਼ੀ ਪੱਖਪਾਤ ਤੋਂ ਬਗੈਰ ਕਾਰਨਾਂ ਕਰਕੇ ਅਤੇ ਨੈਤਿਕਤਾ ਦੇ ਨਾਲ ਉਸੇ ਹੀ ਅਨੁਪਾਤ ਵਿੱਚ ਹੋਣੀ ਚਾਹੀਦੀ ਹੈ। ਦੂਸਰੇ ਸ਼ਬਦਾਂ ਵਿੱਚ ਇਸ ਨੂੰ ਰੱਬ ਦੀ ਹੋਂਦ ਦੇ ਸਿਧਾਂਤ ਨੂੰ ਬਗੈਰ ਪ੍ਰਮਾਣ ਦੇ ਹੀ ਮੰਨ ਲੈਣਾ ਚਾਹੀਦਾ ਹੈ। ਭਾਵ ਸਾਨੂੰ ਇਖਲਾਕੀ ਤੌਰ 'ਤੇ ਹੀ ਰੱਬ ਦੇ ਹੋਣ ਦੀ ਕਲਪਨਾ ਨੂੰ ਮੰਨ ਲੈਣਾ ਚਾਹੀਦਾ ਹੈ।" ਉਦਾਯਨਾ ਆਸਤਿਕਵਾਦ ਦਾ ਸਬੰਧ 'ਪੁਨਰ ਜਨਮ ਅਤੇ ਉਸ ਵਿੱਚ ਮਿਲਣ ਵਾਲੀ ਬੁਰਾਈ ਦਾ ਬਦਲਾ' ਦੇ ਭਾਰਤੀ ਸਿਧਾਂਤ ਨਾਲ ਜੋੜਦਾ ਹੈ। ਡਾਕਟਰ ਰਾਧਾ ਕ੍ਰਿਸ਼ਨਨ ਇਸ ਤਰ੍ਹਾਂ ਵਿਆਖਿਆ ਕਰਦਾ ਹੈ, "ਇਨਸਾਨ ਦੇ ਕੰਮਾਂ ਦਾ ਮਿਲਣ ਵਾਲਾ ਫਲ' ਬਗੈਰ ਕਿਸੇ ਸਮਝਦਾਰ ਰੂਹਾਨੀਅਤ ਦੇ ਆਪਣਾ ਅਸਰ ਨਹੀਂ ਦਿਖਾ ਸਕਦਾ। ਰੱਬ ਨੂੰ ਇਨਸਾਨ ਦੇ ਕਰਮਾਂ (ਕੰਮਾਂ) ਦੇ ਮਿਲਣ ਵਾਲੇ ਫਲ ਦਾ ਨਿਗਰਾਨੀ ਕਰਤਾ ਮੰਨਿਆ ਗਿਆ ਹੈ।"

ਜਿਵੇਂ ਕਿ ਮੈਂ ਪਹਿਲਾਂ ਦੱਸ ਆਇਆ ਹਾਂ ਕਿ ਇਕ ਬੁੱਧੀਮਾਨ ਤਰਕਵਾਦੀ ਨੂੰ ਇਹ ਇਨਾਮਾਂ ਅਤੇ ਸਜ਼ਾਵਾਂ ਦਾ ਸਾਰਾ ਸਿਧਾਂਤ ਰੱਦ ਕਰ ਦੇਣਾ ਚਾਹੀਦਾ ਹੈ। ਸੋ ਆਪਾਂ ਹੁਣ ਦਿਖਾਵੇ ਦੇ ਤਰਕਵਾਦੀਆਂ ਤੋਂ ਛੁੱਟੀ ਲੈਂਦੇ ਹਾਂ।

(7)

ਰੱਬ ਨੂੰ ਚਾਹੀਦਾ ਹੈ ਕਿ ਸਾਨੂੰ ਨੈਤਿਕ ਚਰਿੱਤਰ ਦਾ ਨਮੂਨਾ ਦਿਖਾਵੇ। ਯਿਸੂ ਮਸੀਹ ਨੇ ਕਿਹਾ ਸੀ, "ਤੁਸੀਂ ਸੰਪੂਰਨ ਇਨਸਾਨ ਬਣੋ, ਸਵਰਗ ਵਿੱਚ ਤੁਹਾਡਾ ਪਿਤਾ (ਰੱਬ) ਵੀ ਸੰਪੂਰਨ ਹੈ।" ਜੇ. ਐਸ. ਮਿੱਲ ਨੇ ਵੀ ਸੋਚਿਆ ਸੀ, "ਕਿਸੇ ਵੀ ਕਿਸਮ ਦਾ ਰੱਬ, ਨੈਤਿਕ ਤੌਰ 'ਤੇ ਸੰਪੂਰਨ ਪ੍ਰਾਣੀ ਮੰਨਿਆ ਜਾ ਸਕਦਾ ਹੈ।" ਉਸ ਨੇ ਲਿਖਿਆ, "ਉੱਤਮਤਾ ਦੇ ਪਿਆਰ ਨੂੰ ਕਿਸੇ ਵਿਅਕਤੀ ਦੇ ਰੂਪ ਵਿੱਚ ਕਲਪਨਾ ਕਾਫੀ ਸੰਭਵ ਹੈ ਭਾਵੇਂ ਉਹ ਵਿਅਕਤੀ ਨਿਰੋਲ ਕਲਪਿਤ ਹੋਵੇ।" ਹੁਣ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਰੱਬ ਸਾਨੂੰ ਨੇਕੀ ਕਿਵੇਂ ਸਿਖਾ ਸਕਦਾ ਹੈ? ਕਿਉਂਕਿ ਰੱਬ ਬਿਲਕੁਲ ਇਕੱਲਾ ਰਹਿੰਦਾ ਹੈ। ਉਸ ਦੇ ਦੁਆਲੇ ਕੋਈ ਵਸਤੂ ਜਾਂ ਕੋਈ ਵੀ ਭੌਤਿਕ ਚੀਜ਼ ਨਹੀਂ ਹੈ, ਇਸ ਲਈ ਉਸ ਦਾ ਵਾਹ ਪੇਟੂਪੁਣੇ, ਆਲਸ, ਚੋਰੀ, ਬਦਕਾਰੀ, ਕਤਲ, ਈਰਖਾ ਤੇ ਹੰਕਾਰ ਵਰਗੇ ਪਾਪਾਂ ਨਾਲ ਨਹੀਂ ਪੈਂਦਾ ਜਾਂ ਉਸ ਨੂੰ ਆਪ ਇਹ ਚੀਜ਼ਾਂ ਕਰਨ ਦੀ ਲੋੜ ਨਹੀਂ ਪੈਂਦੀ। ਉਸ ਕੋਲ ਕਿਸੇ ਚੀਜ਼ ਦੀ ਕਮੀ ਨਹੀਂ ਹੈ। ਇਹੋ ਜਿਹੀਆਂ ਅਣ-ਦੁਨਿਆਵੀ ਹਾਲਤਾਂ ਵਿੱਚ ਰਹਿਣ ਵਾਲਾ ਸਾਡੇ ਵਾਸਤੇ ਮਿਸਾਲ ਕਿਸ ਤਰ੍ਹਾਂ ਬਣ ਸਕਦਾ ਹੈ? ਈਸਾ ਮਸੀਹ, ਰਾਬੀਆ, ਬੁੱਧ, ਲਊਇਸ ਮਾਈਕਲ ਤੇ ਹੋਰ ਨੇਕੀ ਦਾ ਰਾਹ ਦਿਖਾਉਣ ਵਾਲੇ ਤਾਂ ਆਪਣੀ ਉਦਾਹਰਣ ਦੇ ਕੇ ਸਾਡਾ ਹੌਂਸਲਾ ਵਧਾ ਸਕਦੇ ਸਨ ਕਿਉਂਕਿ ਇਹ ਵੀ ਸਾਡੇ ਵਰਗੇ ਇਨਸਾਨ ਸਨ। ਪ੍ਰੰਤੂ ਇਕ ਬਿਲਕੁਲ ਅਧਿਆਤਮਕ ਚੀਜ਼ ਸਾਡੇ ਨੈਤਿਕ ਆਦਰਸ਼ਾਂ ਨੂੰ ਸਾਕਾਰ ਰੂਪ ਨਹੀਂ ਦੇ ਸਕਦੀ। ਕਿਹਾ ਜਾਂਦਾ ਹੈ ਕਿ ਰੱਬ ਸਾਨੂੰ ਪਿਆਰ ਕਰਦਾ ਹੈ ਅਤੇ ਇਹ ਹੀ ਪਿਆਰ ਸਾਡੇ ਕੰਮ ਦਾ ਮੁੱਖ ਅਸੂਲ ਹੋਣਾ ਚਾਹੀਦਾ ਹੈ। ਪਿਆਰ ਦਾ ਮਤਲਬ ਸੇਵਾ, ਕੁਰਬਾਨੀ, ਵੰਡ ਕੇ ਖਾਣਾ ਹੰਢਾਉਣਾ, ਸਾਥ ਅਤੇ ਸ਼ਰਧਾ ਆਦਿ ਗੁਣਾਂ ਦਾ ਹੋਣਾ ਹੈ। ਜੇਕਰ ਤੁਸੀਂ ਆਪਣੇ ਪੜੋਸੀ ਨੂੰ ਪਿਆਰ ਕਰਦੇ ਹੋ ਤਾਂ ਤੁਸੀਂ ਉਸ ਦੀ ਖਾਤਰ ਆਪਣਾ ਕੰਮ, ਧਨ ਤੇ ਸਮਾਂ ਖਰਾਬ ਕਰਨ ਲਈ ਰਜ਼ਾਮੰਦ ਹੁੰਦੇ ਹੋ। ਇਹ ਹੀ ਪਿਆਰ ਦੀ ਪਰਖ ਹੈ। ਪਰ ਰੱਬ ਤਾਂ ਬੇਅੰਤ ਤਾਕਤਵਰ ਹੈ ਅਤੇ ਸਾਰੇ ਬ੍ਰਹਿਮੰਡ ਦਾ ਮਾਲਕ ਹੈ। ਉਸ ਦੇ ਵਾਸਤੇ ਸਾਨੂੰ ਜੀਵਨ, ਪਾਣੀ ਜਾਂ ਫੁੱਲ ਆਦਿ ਦੇਣਾ ਕੋਈ ਕੁਰਬਾਨੀ ਵਾਲੀ ਗੱਲ ਨਹੀਂ। ਮਾਨਵ ਜਾਤੀ ਨੂੰ ਇਹ ਸੁਗਾਤਾਂ ਭੇਟਾ ਕਰਨ ਲਈ ਉਸ ਨੂੰ ਕੋਈ ਆਪਾ ਵਾਰਨ ਦੀ ਜ਼ਰੂਰਤ ਨਹੀਂ ਪੈਂਦੀ। ਸੋ ਇਸ ਕਰਕੇ 'ਰੱਬ' ਸਾਨੂੰ ਕਿਵੇਂ ਦੱਸ ਸਕਦਾ ਹੈ ਕਿ ਮਨੁੱਖੀ ਪਿਆਰ ਕੀ ਹੁੰਦਾ ਹੈ ਜਾਂ ਕੀ ਹੋਣਾ ਚਾਹੀਦਾ ਹੈ? ਮਨੁੱਖ ਹੀ ਮਨੁੱਖ ਨੂੰ ਪਿਆਰ ਕਰ ਸਕਦਾ ਹੈ। ਇਹ ਹੀ ਸਾਡੀ ਸਿੱਖਿਆ ਹੈ।

(8)

ਪਰਾਲੌਕਿਕ (ਆਤਮ ਵਿਦਿਆ ਵਾਦੀਆਂ) ਸੋਚਵਾਨਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਤੁਹਾਡੀ ਤਸੱਲੀ ਕਰਵਾਉਣ ਦੀ ਬਜਾਏ ਜ਼ਿਆਦਾ ਉਤਸੁਕਤਾ ਪੈਦਾ ਕਰਦੀਆਂ ਹਨ। ਬਾਰਕਲੇ ਦਲੀਲ ਦਿੰਦਾ ਹੈ ਕਿ ਕਿਤੇ ਨਾ ਕਿਤੇ 'ਰੱਬ' ਜ਼ਰੂਰ ਹੋਣਾ ਚਾਹੀਦਾ ਹੈ ਕਿਉਂਕਿ ਸਭ ਵਸਤੂਆਂ ਇਕ ਉੱਚਤਮ ਅਤੇ ਅਨੰਤ ਮਨ ਵਿੱਚ ਕੇਵਲ ਖਿਆਲਾਂ ਦੀ ਤਰ੍ਹਾਂ ਹਨ। ਜਿਊਲਿੰਕਸ ਅਤੇ ਮੈਲਬਰੈਂਕ ਸੋਚਦੇ ਹਨ ਕਿ ਇਕੱਲਾ 'ਰੱਬ' ਹੀ ਪਦਾਰਥ ਅਤੇ ਮਨ ਦੀ ਪ੍ਰਸਪਰ ਕਿਰਿਆ ਸ਼ੁਰੂ ਅਤੇ ਕ੍ਰਮਬੱਧ ਤਰੀਕੇ ਨਾਲ ਚਲਾ ਸਕਦਾ ਹੈ। ਕਜ਼ਨ ਦਾ ਵਿਸ਼ਵਾਸ ਹੈ ਕਿ 'ਰੱਬ' ਦੀ ਹੋਂਦ ਖੂਬਸੂਰਤੀ ਦੇ ਅਸੂਲਾਂ ਦਾ ਰੂਪਮਾਨ ਹੋਣਾ ਹੈ ਅਤੇ ਉਹ ਆਸਤਿਕਵਾਦ ਦਾ ਆਧਾਰ ਸੁਹਜਵਾਦ (ਲਲਿਤ ਕਲਾ ਵਿਗਿਆਨ) ਨੂੰ ਮੰਨਦਾ ਹੈ।

ਖਿੱਚ ਧੂਹ ਕੇ ਘੜੇ ਇਨ੍ਹਾਂ ਸਿਧਾਂਤਾਂ ਨੂੰ ਤੁਹਾਨੂੰ ਇਕ ਹਲਕੇ ਜਿਹੇ ਮਜ਼ਾਕ ਨਾਲ ਰੱਦ ਕਰ ਦੇਣਾ ਚਾਹੀਦਾ ਹੈ।

(9)

ਆਸਤਿਕਵਾਦ ਸਾਰੇ ਨੈਤਿਕ ਨਿਯਮਾਂ ਦਾ ਆਧਾਰ ਨਹੀਂ ਹੈ ਅਤੇ ਜਿਸ ਤਰ੍ਹਾਂ ਸਾਰੇ ਆਸਤਿਕ ਲੋਕ ਕਲਪਨਾ ਕਰਦੇ ਹਨ ਉਸ ਤਰ੍ਹਾਂ ਇਸ ਨੂੰ ਸਰਵਲੌਕਿਕ ਤੌਰ 'ਤੇ ਕਬੂਲ ਨਹੀਂ ਕੀਤਾ ਗਿਆ ਹੈ। ਜੈਨੀ, ਹਿੰਦੂ, ਬੋਧੀ ਅਤੇ ਕੁਝ ਯੂਨਾਨੀ ਸੋਚਵਾਨ ਇਸ ਸਿਧਾਂਤ ਨੂੰ ਨਹੀਂ ਮੰਨਦੇ ਕਿ ਸਾਰਾ ਬ੍ਰਹਿਮੰਡ ਇਕ ਸਿਰਜਣਹਾਰ ਨੇ ਪੈਦਾ ਕੀਤਾ ਹੈ। ਬੋਧੀਆਂ ਅਤੇ ਜੈਨੀਆਂ ਨੇ ਸ੍ਰਿਸ਼ਟੀ ਬਣਾਉਣ ਵਾਲੇ ਦੀ ਹੋਂਦ ਦੀ ਕਲਪਨਾ ਕੀਤੇ ਬਗੈਰ ਹੀ ਨੈਤਿਕ ਨਿਯਮਾਂ ਦੀ ਇਕ ਉੱਤਮ ਪ੍ਰਣਾਲੀ ਤਿਆਰ ਕੀਤੀ ਹੈ। ਕਨਫਿਊਸ਼ਸ ਦੇ ਚੇਲੇ ਪਹਿਲਾਂ ਤਾਂ ਅਲੌਕਿਕਤਾ (ਦੈਵੀ ਸ਼ਕਤੀ) ਬਾਰੇ ਚੁੱਪ ਹੀ ਸਨ ਪਰ ਬਾਅਦ ਵਿੱਚ ਇਸ ਦੇ ਸਖਤ ਵਿਰੋਧੀ ਹੋ ਗਏ। ਅਰਸਤੂ ਆਪਣੇ ਮਸ਼ਹੂਰ ਗ੍ਰੰਥ ਵਿੱਚ ਨੈਤਿਕ ਨਿਯਮਾਂ ਦੀ ਵਿਆਖਿਆ ਬਗੈਰ ਕਿਸੇ ਦੈਵੀ ਹੁਕਮ ਦੀ ਗੱਲ ਕੀਤਿਆਂ ਕਰਦਾ ਹੈ। ਅਸਲ ਵਿੱਚ ਆਸਤਿਕਵਾਦ ਨੂੰ ਸਦਾਚਾਰੀ ਦੇ ਨਿਯਮਾਂ ਦਾ ਆਧਾਰ ਕੇਵਲ ਮੋਜ਼ਿਜ, ਈਸਾ, ਮੁਹੰਮਦ ਅਤੇ ਬੈਬਲੋਨੀ ਦੀ ਧਾਰਮਿਕ ਵਿਚਾਰਧਾਰਾ ਵਿੱਚ ਹੀ ਬਣਾਇਆ ਗਿਆ ਹੈ।

(10)

ਅੰਤ ਵਿੱਚ, ਕੋਈ ਵੀ ਵਿਅਕਤੀ ਇਕ ਸਰੀਰ, ਸੰਚਾਰ ਦੇ ਅੰਗ ਅਤੇ ਦਿਮਾਗ ਤੋਂ ਬਿਨਾਂ ਜੀਵਿਤ ਹਾਲਤ ਵਿੱਚ ਨਹੀਂ ਰਹਿ ਸਕਦਾ। ਇਹ ਸੋਚਣਾ ਕਿਤਨੀ ਬੇਹੂਦਾ ਗੱਲ ਹੋਵੇਗੀ ਕਿ ਕੋਈ ਵਿਅਕਤੀ ਦਿਮਾਗ ਅਤੇ ਤੰਤੂ ਪ੍ਰਣਾਲੀ ਤੋਂ ਬਗੈਰ ਵੀ ਸੋਚਣ ਦੇ ਕਾਬਿਲ ਹੋ ਸਕਦਾ ਹੈ। ਜੇਕਰ 'ਰੱਬ' ਸੋਚ ਸਕਦਾ ਹੈ, ਵਿਉਂਤ ਬਣਾ ਸਕਦਾ ਹੈ, ਪਿਆਰ ਕਰ ਸਕਦਾ ਹੈ, ਤਾਂ ਉਸ ਦਾ ਦਿਮਾਗ ਅਤੇ ਤੰਤੂ ਪ੍ਰਣਾਲੀ ਕਿੱਥੇ ਹਨ? ਅਸੀਂ ਕਿਸੇ ਵੀ ਐਸੇ ਜੀਵਿਤ ਇਨਸਾਨ ਦੀ ਕਲਪਨਾ ਨਹੀਂ ਕਰ ਸਕਦੇ ਜਿਸ ਦਾ ਦਿਮਾਗ ਅਤੇ ਤੰਤੂ ਪ੍ਰਣਾਲੀ ਸਾਡੇ ਵਰਗੀ ਨਾ ਹੋਵੇ। ਇਕ ਅਣਪੜ੍ਹ ਅਵਤਾਰਵਾਦੀ (ਈਸ਼ਵਰ ਵਿੱਚ ਮਨੁੱਖ ਵਰਗੇ ਗੁਣਾਂ ਨੂੰ ਮੰਨਣ ਦੇ ਸਿਧਾਂਤ ਦਾ ਪੈਰੋਕਾਰ) ਆਸਤਿਕ ਵਿਅਕਤੀ ਪੁਰਾਣੇ ਹੁਕਮ ਚਲਾਉਣ ਵਾਲੇ ਰਾਜੇ ਵਰਗੇ 'ਰੱਬ' ਦੀ ਕਲਪਨਾ ਕਰਦਾ ਹੈ, ਜਿਸ ਤਰ੍ਹਾਂ ਦੀ ਮਾਈਕਲ ਐਂਜਲੋ ਨੇ 'ਆਦਮ' ਦੀ ਪੈਦਾਇਸ਼ ਵਿੱਚ ਕੀਤੀ ਹੈ। ਬੇਸ਼ੱਕ ਉਹ ਗਲਤ ਹਨ ਪਰ ਉਨ੍ਹਾਂ ਦਾ ਸਿਧਾਂਤ ਇਸ ਅਸੰਭਵ ਅਤੇ ਬੇਮਤਲਬ ਸਿਧਾਂਤ ਤੋਂ ਸਾਫ ਤੇ ਸਮਝ ਆਉਣ ਵਾਲਾ ਹੈ ਜੋ 'ਰੱਬ' ਬਾਰੇ ਇਕ ਸੋਚਵਾਨ ਪ੍ਰਾਣੀ, ਬਗੈਰ ਦਿਮਾਗ, ਬਗੈਰ ਢਿੱਡ ਅਤੇ ਜੋ ਕਿ ਸਥਾਈ ਰੂਪ ਵਿੱਚ ਚਿੰਤਨ ਕਰ ਸਕਦਾ ਹੈ, ਜਿਸ ਦਾ ਅਧਿਆਤਮਕ ਢਾਂਚਾ ਬਹੁਤ ਵੱਡਾ ਹੈ ਤੇ ਜਿਸ ਦੀਆਂ ਹੱਡੀਆਂ ਸ਼ਾਇਦ ਸੂਨਯ ਜਾਂ ਈਥਰ ਦੀਆਂ ਬਣੀਆਂ ਹੋਈਆਂ ਹਨ, ਦੇ ਵਜੂਦ ਵਿੱਚ ਹੋਣ ਦੀ ਸਿੱਖਿਆ ਦਿੰਦਾ ਹੈ।

ਆਸਤਿਕਾਂ ਦੀਆਂ ਸਾਰੀਆਂ ਖੁੱਲ੍ਹੀਆਂ ਦਲੀਲਾਂ ਇਸ ਇਕ ਨਿਰਸੰਦੇਹ ਤੱਥ ਜਿਸ ਤੋਂ ਛੁਟਕਾਰਾ ਨਹੀਂ ਹੋ ਸਕਦਾ, ਦੇ ਸਾਹਮਣੇ ਢਹਿ ਢੇਰੀ ਹੋ ਜਾਂਦੀਆਂ ਹਨ। ਉਹ ਤੱਥ ਹੈ ਕਿ ਮੈਂ ਐਸੇ ਪ੍ਰਾਣੀ ਦੀ ਕਲਪਨਾ ਕਰਨੀ ਅਸੰਭਵ ਸਮਝਦਾ ਹਾਂ ਜੋ 'ਧਰਤੀ ਤੋਂ ਲੈ ਕੇ ਆਕਾਸ਼ ਤੱਕ ਗੈਸਾਂ ਅਤੇ ਤਾਰਾ ਮੰਡਲ ਨਾਲ ਬਣੇ ਚਮਕੀਲੇ ਦ੍ਰਿਸ਼ ਤੋਂ ਵੀ ਪਰ੍ਹੇ ਚੌਫਾਲ ਫੈਲਿਆ ਪਿਆ ਹੈ, ਜੋ ਕਿ ਕੋਈ ਵੀ ਗੱਲਬਾਤ ਕੰਨਾਂ ਤੋਂ ਬਗੈਰ ਸੁਣ ਸਕਦਾ ਹੈ, ਅੱਖਾਂ ਤੋਂ ਬਗੈਰ ਦੇਖ ਸਕਦਾ ਹੈ, ਰੋਟੀ ਪਾਣੀ ਤੋਂ ਬਗੈਰ ਕੰਮ ਕਰ ਸਕਦਾ ਹੈ, ਹੱਥਾਂ ਅਤੇ ਸੰਦਾਂ ਤੋਂ ਬਗੈਰ ਚੀਜ਼ਾਂ ਬਣਾ ਸਕਦਾ ਹੈ, ਸਿਰ ਅਤੇ ਆਪਣੇ ਅੰਦਰਲੇ ਦਿਮਾਗ ਤੋਂ ਬਗੈਰ ਹੀ ਸੋਚ ਅਤੇ ਮਹਿਸੂਸ ਕਰ ਸਕਦਾ ਹੈ।' ਸੋ ਮੈਂ ਐਸੇ ਜ਼ਿੰਦਾ ਵਿਅਕਤੀ ਦੀ ਕਲਪਨਾ ਵੀ ਨਹੀਂ ਕਰ ਸਕਦਾ ਤੇ ਮੇਰੇ ਲਈ ਇਹ ਸਾਰੀ ਗੱਲਬਾਤ ਇੱਥੇ ਹੀ ਖਤਮ ਹੋ ਜਾਂਦੀ ਹੈ। ਮੈਂ ਜਿਤਨੀ ਮਰਜ਼ੀ ਕੋਸ਼ਿਸ਼ ਕਰਾਂ ਪਰ ਉਸ ਨੂੰ ਦ੍ਰਿਸ਼ਟੀਗੋਚਰ ਨਹੀਂ ਕਰ ਸਕਦਾ। ਮੈਂ ਕੀ ਕਰਾਂ? ਮੇਰਾ ਸਵਾਲ ਹੈ 'ਉਹ ਕਿੱਥੇ ਹੈ?' 'ਉਹ ਕੰਮ ਕਿਵੇਂ ਕਰਦਾ ਹੈ?' 'ਉਹ ਕੁਝ ਮਨੁੱਖੀ ਕੰਮ ਕਿਵੇਂ ਕਰ ਸਕਦਾ ਹੈ ਤੇ ਉਹ ਮਨੁੱਖੀ ਸਰੀਰ ਤੋਂ ਬਿਨਾਂ ਮਨੁੱਖ ਦੀ ਮਾਨਸਿਕਤਾ ਕਿਵੇਂ ਮਹਿਸੂਸ ਕਰ ਸਕਦਾ ਹੈ?' ਜੋ ਕੁਝ ਮੇਰੀ ਸਮਝ ਤੋਂ ਬਾਹਰ ਹੈ ਮੈਂ ਉਸ ਦਾ ਯਕੀਨ ਨਹੀਂ ਕਰ ਸਕਦਾ। ਮੈਨੂੰ ਤਾਂ ਇਹ ਜਿੰਨਾਂ, ਭੂਤਾਂ, ਪ੍ਰੇਤਾਂ ਦੀ ਪਰੀ-ਕਹਾਣੀ ਲੱਗਦੀ ਹੈ। ਅਸਲ ਵਿੱਚ ਇਹ ਪੁਰਾਣਾ ਕਿੱਸਾ ਕਿ ਰੂਹਾਂ ਸਰੀਰ ਤੋਂ ਬਗੈਰ ਹੀ ਹਰ ਤਰ੍ਹਾਂ ਨਾਲ ਸਰੀਰ ਵਾਲਿਆਂ ਵਾਂਗ ਹੀ ਕੰਮ ਕਰਦੀਆਂ ਹਨ, ਆਸਤਿਕ ਲੋਕਾਂ ਨੇ ਹੀ ਦੁਨੀਆ ਭਰ ਵਿੱਚ

ਵਧਾ ਚੜ੍ਹਾ ਕੇ ਫੈਲਾਇਆ ਹੈ। ਉਨ੍ਹਾਂ ਦਾ ਰੱਬ ਇਕ ਭੂਤ ਹੈ ਜੋ ਕਿ ਅਤਿ ਬਰੀਕ ਹੋ ਰਹੇ ਸਾਰੇ ਬ੍ਰਹਿਮੰਡ ਉੱਪਰ ਨਾਲ ਨਾਲ ਫੈਲਿਆ ਪਿਆ ਹੈ। ਬੱਚਿਆਂ ਦਾ ਭੂਤਾਂ ਵਿੱਚ ਯਕੀਨ ਹੁੰਦਾ ਹੈ ਤੇ ਬਾਲਗ ਜੋ ਬੱਚਿਆਂ ਵਾਲਾ ਦਿਮਾਗ ਰੱਖਦੇ ਹਨ, 'ਰੱਬ' ਵਿੱਚ ਯਕੀਨ ਰੱਖਦੇ ਹਨ। 'ਰੱਬ' ਸਿਰਫ ਇਕ ਬੇਮਤਲਬ, ਸ਼ਰਾਰਤ ਭਰਿਆ ਸ਼ਬਦ ਹੈ ਅਤੇ ਇਸ ਤੋਂ ਵੱਧ ਕੁਝ ਵੀ ਨਹੀਂ।

ਆਸਤਿਕਵਾਦ ਦੇ ਹੱਕ ਵਿੱਚ ਜੋ ਗੈਰ-ਅਮਲੀ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਉਹ ਵਾਸਤਵ ਵਿੱਚ ਬਹੁਤ ਕਮਜ਼ੋਰ ਹਨ ਪਰ ਇਸ ਦੇ ਅਮਲੀ ਅਤੇ ਸਮਾਜਿਕ ਨਤੀਜੇ ਅਤਿਅੰਤ ਬੁਰੇ ਹਨ। ਵਹਿਮ-ਭਰਮ ਹਮੇਸ਼ਾਂ ਨੁਕਸਾਨਦੇਹ ਹੁੰਦੇ ਹਨ ਅਤੇ ਇਨਸਾਨੀਅਤ ਲਈ ਇਹ ਰੂੜੀਵਾਦੀ ਮੱਤ ਸੱਚਮੁੱਚ ਹੀ ਤਕਲੀਫਾਂ ਅਤੇ ਅਨਰਥਾਂ ਦਾ ਭਰਿਆ ਹੋਇਆ ਹੈ। ਆਸਤਿਕਵਾਦ ਹੇਠ ਲਿਖੇ ਕਾਰਨਾਂ ਕਰਕੇ ਤਰੱਕੀ ਦੇ ਰਾਹ ਵਿੱਚ ਰੋੜਾ ਬਣਦਾ ਹੈ ਅਤੇ ਦੁਨੀਆ ਵਿੱਚ ਦੁੱਖ ਫੈਲਾਉਂਦਾ ਹੈ:

(1)

ਆਸਤਿਕਵਾਦ ਵਿਗਿਆਨ ਦੀ ਤਰੱਕੀ ਨਾਪਸੰਦ ਕਰਦਾ ਹੈ ਅਤੇ ਉਸ ਦੀ ਵਿਰੋਧਤਾ ਕਰਦਾ ਹੈ। ਸਾਡਾ ਯਕੀਨ ਹੈ ਕਿ ਵਿਗਿਆਨ ਇਨਸਾਨੀਅਤ ਦਾ ਦੋਸਤ ਹੈ ਅਤੇ ਉਸ ਨੂੰ ਫਾਇਦਾ ਪਹੁੰਚਾਉਂਦਾ ਹੈ। ਪਰ ਇਕ ਸਦਾਚਾਰੀ ਆਸਤਿਕ, ਵਿਗਿਆਨ ਵੱਲ ਨੂੰ ਤਿਰਛੀ ਨਜ਼ਰ ਨਾਲ ਦੇਖਦਾ ਹੈ। ਉਸ ਦਾ ਝੁਕਾਅ ਕੁਦਰਤ ਨੂੰ ਗਹੁ ਨਾਲ ਦੇਖਣ ਅਤੇ ਨਵੇਂ ਤਜਰਬੇ ਕਰਨ ਵੱਲ ਨਹੀਂ ਹੁੰਦਾ। ਇਹ ਵਰਤਾਅ ਹੈਰਾਨੀਜਨਕ ਅਤੇ ਗੈਰ-ਯਥਾਰਥਵਾਦੀ ਪ੍ਰਤੀਤ ਹੋ ਸਕਦਾ ਹੈ ਕਿਉਂਕਿ ਆਸਤਿਕਵਾਦੀ ਇਸ ਗੱਲ ਉੱਪਰ ਜ਼ੋਰ ਪਾਉਂਦੇ ਹਨ ਕਿ ਕੁਦਰਤ 'ਰੱਬ' ਦਾ ਪ੍ਰਚਾਰ ਕਰਦੀ ਹੈ। ਪਰ ਅਸਲੀਅਤ ਇਹ ਹੈ ਕਿ ਕੁਦਰਤ ਬਾਰੇ ਛੋਟੇ ਤੋਂ ਛੋਟਾ ਵਿਸਥਾਰ ਪੂਰਬਕ ਅਧਿਐਨ ਹਮੇਸ਼ਾਂ ਇਕ ਦਇਆਵਾਨ ਈਸ਼ਵਰ ਅਤੇ ਸਿਰਜਣਹਾਰ ਵਿੱਚ ਯਕੀਨ ਰੱਖਣ ਦੇ ਫਲਸਫੇ ਦੀ ਨੀਂਹ ਖੋਖਲੀ ਕਰਦਾ ਹੈ। ਵਿਗਿਆਨ ਕੁਦਰਤ ਦੇ ਅਵਿਅਕਤੀਗਤ ਅਤੇ ਅਡੋਲ ਨਿਯਮਾਂ ਦੇ ਹੋਣ ਉੱਪਰ ਜ਼ੋਰ ਦਿੰਦਾ ਹੈ ਜਦੋਂ ਕਿ ਆਸਤਿਕਵਾਦ ਇਹ ਦਾਅਵਾ ਕਰਦਾ ਹੈ ਕਿ ਕਦੁਰਤ ਵਿੱਚ ਅਤੇ ਕੁਦਰਤ ਤੋਂ ਉੱਪਰ ਕਿਸੇ ਜੀਵਿਤ ਵਿਅਕਤੀ ਦੇ ਵਿਚਾਰ ਅਤੇ ਮਰਜ਼ੀ ਕੰਮ ਕਰਦੀ ਹੈ। ਬੇਸਮਝ ਇਨਸਾਨ ਉੱਪਰ ਵੱਲ ਦੇਖਦਾ ਹੈ ਅਤੇ ਸ਼ਰਧਾ ਭਰੇ ਡਰ ਅਤੇ ਨਿਮਰਤਾ ਨਾਲ ਸੂਰਜ, ਤਾਰੇ ਅਤੇ ਉਨ੍ਹਾਂ ਦੇ ਬਣਾਉਣ ਵਾਲੇ ਦੀ ਪੂਜਾ ਕਰਨੀ ਸ਼ੁਰੂ ਕਰ ਦਿੰਦਾ ਹੈ। ਪਰ ਇਕ ਖਗੋਲ ਵਿਗਿਆਨੀ (ਤਾਰਾ-ਵਿਗਿਆਨੀ) ਜੋ ਆਕਾਸ਼ੀ ਵਸਤੂਆਂ ਦੀ ਹਿੱਲਜੁੱਲ ਨੂੰ ਦਿਨ ਰਾਤ ਧਿਆਨ ਨਾਲ ਦੇਖਦਾ ਹੈ, ਉਨ੍ਹਾਂ ਨੂੰ ਰੱਬ ਜਾਂ ਦੇਵਤੇ ਦੀ ਤਰ੍ਹਾਂ ਮੰਨਣਾਂ ਜਾਂ ਕਿਸੇ ਅਦਭੁੱਤ ਪੈਦਾ ਕਰਨ ਵਾਲੇ ਨੂੰ ਮੰਨਣਾ ਬੰਦ ਕਰ ਦਿੰਦਾ ਹੈ। ਉਸ ਦੇ ਵਾਸਤੇ ਉਹ ਸਿਰਫ ਵਿਸ਼ਾਲ ਅੱਗ ਦੇ ਗੋਲੇ ਹਨ।

ਇਕ ਉਪਰੀ ਨਜ਼ਰ ਨਾਲ ਕੁਦਰਤ ਨੂੰ ਦੇਖਣ ਨਾਲ ਸ਼ਾਇਦ 'ਰੱਬ' ਦੀ ਹੋਂਦ ਦਾ ਵਹਿਮ ਹੋਵੇ ਪਰ ਲਗਾਤਾਰ ਅਤੇ ਧਿਆਨ ਨਾਲ ਅਧਿਐਨ ਕਰਨ ਨਾਲ ਹੌਲੀ ਹੌਲੀ ਹੀ ਸਹੀ ਪਰ ਜ਼ਰੂਰ ਹੀ ਮਨ ਤਰਕਵਾਦੀ ਬਣ ਜਾਂਦਾ ਹੈ। ਜਦੋਂ ਲੈਪਲੇਸੀ ਨੂੰ ਪੁੱਛਿਆ ਗਿਆ ਕਿ ਉਸ ਨੇ ਆਪਣੀ ਖਗੋਲ-ਵਿਗਿਆਨ ਸੰਬੰਧੀ ਕੀਤੀ ਕ੍ਰਿਤੀ ਵਿੱਚ ਕਿਧਰੇ ਵੀ 'ਰੱਬ' ਦੇ ਨਾਮ ਦਾ ਵਰਨਣ ਨਹੀਂ ਕੀਤੀ ਤਾਂ ਉਸ ਨੇ ਜਵਾਬ ਦਿੱਤਾ, 'ਮੈਨੂੰ ਉਸ ਕਲਪਿਤ ਨਿਰਆਧਾਰ ਅਨੁਮਾਨ ਦੀ ਕੋਈ ਜ਼ਰੂਰਤ ਨਹੀਂ ਪਈ।' ਆਸਤਿਕਵਾਦੀ ਇਮਾਨਦਾਰੀ ਨਾਲ ਇਹ ਯਕੀਨ ਰੱਖਦੇ ਹਨ ਕਿ ਸਮਾਜਿਕ ਨੈਤਿਕਤਾ ਅਤੇ ਅਧਿਆਤਮਕ ਪ੍ਰਣਾਲੀ ਲਈ ਰੱਬ ਵਿੱਚ ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦਾ ਖਿਆਲ ਹੈ ਕਿ ਨਾਸਤਿਕ ਇਨਸਾਨ ਇਕ ਨੇਕ ਇਨਸਾਨ ਨਹੀਂ ਹੋ ਸਕਦਾ। ਸੋ ਉਨ੍ਹਾਂ ਨੂੰ ਸਦਾਚਾਰ ਦੀ ਆਪਣੇ ਵਿਚਾਰਾਂ ਮੁਤਾਬਕ ਪੁਸ਼ਟੀ ਕਰਨੀ ਪਵੇਗੀ। ਜੇਕਰ ਵਿਗਿਆਨ ਨਾਸਤਿਕ ਲੋਕ ਪੈਦਾ ਕਰਦਾ ਹੈ ਅਤੇ ਨਾਸਤਿਕਵਾਦ ਨੈਤਿਕਤਾ ਨੂੰ ਨਸ਼ਟ ਕਰਦਾ ਹੈ ਤਾਂ ਆਸਤਿਕ ਲੋਕਾਂ ਦੇ ਵਿਚਾਰ ਮੁਤਾਬਕ ਵਿਗਿਆਨ ਇਕ ਖਤਰਾ ਹੈ ਅਤੇ ਇਸ ਦੀ ਕੋਈ ਜ਼ਰੂਰਤ ਨਹੀਂ ਹੈ। ਕੁਦਰਤੀ ਤੌਰ 'ਤੇ ਆਪਣੀ ਸਮਝ ਮੁਤਾਬਕ ਉਹ ਇਸ ਨੇਕੀ ਰਹਿਤ ਵਿਗਿਆਨ ਨਾਲੋਂ ਵਿਗਿਆਨ ਰਹਿਤ ਨੇਕੀ ਨੂੰ ਚੰਗਾ ਸਮਝਣਗੇ। ਇਸ ਵਿਰਲਾਪਯੋਗ ਗਲਤੀ ਦੀ ਵਜਹ ਨਾਲ ਮੱਧ ਕਾਲ ਵਿੱਚ ਯੂਰਪ ਅਤੇ ਮੁਸਲਿਮ ਦੇਸ਼ਾਂ ਵਿੱਚ ਵਿਗਿਆਨ ਦੇ ਅਧਿਐਨ ਨੂੰ ਰੋਕ ਦਿੱਤਾ ਗਿਆ। ਪਤਾ ਲੱਗਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਅਰਸਤੂ ਦੀਆਂ ਰਚਨਾਵਾਂ ਪੜ੍ਹੀਆਂ ਸਨ ਉਨ੍ਹਾਂ ਨੇ ਇਨ੍ਹਾਂ ਸਿਖਿਆਵਾਂ ਨੂੰ ਮੰਨ ਲਿਆ ਸੀ ਕਿ ਇਹ ਬ੍ਰਹਿਮੰਡ ਸਦੀਵੀ ਹੈ ਅਤੇ ਕਿਸੇ ਦਾ ਬਣਾਇਆ ਹੋਇਆ ਨਹੀਂ ਹੈ। ਕੈਥੋਲਿਕ ਚਰਚ ਅਤੇ ਮੁਸਲਿਮ ਰੂੜੀਵਾਦੀਆਂ ਦੋਨਾਂ ਧਰਮਸ਼ਾਸਤਰੀਆਂ ਜਿਨ੍ਹਾਂ ਦਾ ਅੰਜੀਲ 'ਤੇ ਕੁਰਾਨ ਦੀਆਂ ਰੂੜੀਮੱਤਾਂ ਤੇ ਵਿਸ਼ਵਾਸ ਸੀ ਕਿ ਸੰਸਾਰ 'ਰੱਬ' ਨੇ ਬਣਾਇਆ ਹੈ, ਵੱਲੋਂ ਅਰਸਤੂ ਦੀ ਨਿਖੇਧੀ ਕੀਤੀ ਗਈ ਸੀ। ਵਿਗਿਆਨ ਦੇ ਅਧਿਐਨ ਨੇ ਲੋਕਾਂ ਦਾ ਯਕੀਨ ਕ੍ਰਿਸ਼ਮਿਆਂ ਤੋਂ ਵੀ ਉਠਾ ਦਿੱਤਾ ਜਿਨ੍ਹਾਂ ਦੇ ਹੋਣ ਤੇ ਆਸਤਿਕ ਅਦਾਰੇ ਜ਼ੋਰ ਦਿੰਦੇ ਸਨ। ਪ੍ਰੋਫੈਸਰ ਮੌਰੀਸ ਵੂਲਫ ਕਹਿੰਦਾ ਹੈ, ''ਰੌਜ਼ਰ ਬੇਕਨ ਨੇ ਲਗਾਤਾਰ ਅਤੇ ਬੁਰੀ ਤਰ੍ਹਾਂ ਆਪਣੇ ਸਮਕਾਲੀ ਤਰਕਵਾਦੀਆਂ ਨੂੰ ਅਸਵੀਕਾਰ ਕੀਤਾ ਅਤੇ ਵਿਗਿਆਨਕ ਖੋਜਾਂ ਵੱਲ ਅਣਗਹਿਲੀ ਵਾਲਾ ਰਵੱਈਆ ਅਪਣਾਇਆ। ਰੋਮਨ ਕੈਥੋਲਿਕ ਪਾਦਰੀਆਂ ਨੇ ਆਪਣੇ ਆਪ ਨੂੰ ਵਿਗਿਆਨ ਦੀ ਤਰੱਕੀ ਤੋਂ ਅਲੱਗ ਰੱਖਿਆ।' ਡਾਕਟਰ ਟੀ ਜੇ ਬੋਇਰ ਲਿਖਦਾ ਹੈ, 'ਦੁਨੀਆ ਦੇ ਸਦੀਵੀਪਨ ਦਾ ਸਿਧਾਂਤ ਪੇਸ਼ ਕਰਨ ਤੇ ਅਰਸਤੂ ਨੂੰ ਖਤਰਨਾਕ ਠਹਿਰਾਇਆ ਗਿਆ ਅਤੇ ਇਸ ਵਜਹ ਕਰਕੇ 9ਵੀਂ ਅਤੇ 10ਵੀਂ ਸਦੀ ਦੇ ਮੁਸਲਿਮ ਧਰਮ-ਸ਼ਾਸਤਰੀਆਂ ਨੇ ਅਰਸਤੂ ਦੇ ਵਿਰੋਧ ਵਿੱਚ ਪ੍ਰਚਾਰ ਕੀਤਾ... ਇਕ ਪੱਕੇ ਦਾਰਸ਼ਨਿਕ ਦੀ ਲਾਇਬ੍ਰੇਰੀ ਨੂੰ ਬਗਦਾਦ ਵਿੱਚ ਅੱਗ ਲਗਾ ਦਿੱਤੀ ਗਈ। ਇਕ ਧਰਮ ਪ੍ਰਚਾਰਕ ਨੇ ਇਬਨ-ਅਲ-ਹਾਥਮ ਦੀ ਖਗੋਲ ਸੰਬੰਧੀ ਪੁਸਤਕ ਅਗਨੀ ਭੇਟ ਕਰ ਦਿੱਤੀ।'

ਸੋ ਇਹ ਗੱਲ ਸਾਫ ਹੈ ਕਿ ਆਸਤਿਕਵਾਦ ਅਤੇ ਵਿਗਿਆਨ ਦੇ ਵਿਚਕਾਰ ਇਕ ਲਗਾਤਾਰ, ਨਾ ਮੁੱਕਣ ਵਾਲਾ ਅਤੇ ਨਾ ਸੰਧੀ ਹੋ ਸਕਣ ਵਾਲਾ ਵਿਰੋਧ ਹੈ। ਇਨ੍ਹਾਂ ਦੀਆਂ ਸੁਰਾਂ ਦਾ ਮੇਲ ਨਹੀਂ ਹੋ ਸਕਦਾ। ਆਸਤਿਕਵਾਦੀ ਹਮੇਸ਼ਾਂ ਇਹ ਵਿਸ਼ਵਾਸ ਰੱਖਣਗੇ ਕਿ ਰੱਬ ਵਿੱਚ ਯਕੀਨ ਰੱਖਣ ਤੋਂ ਬਗੈਰ ਨੈਤਿਕਤਾ ਸੰਭਵ ਨਹੀਂ ਹੈ ਅਤੇ ਉਹ ਵਿਗਿਆਨ ਨੂੰ ਅੱਖੋਂ ਪਰੋਖੇ ਕਰਨਗੇ ਅਤੇ ਇਸ ਨੂੰ ਸਮਾਜ ਵਿਰੋਧੀ ਤਾਕਤ ਗਰਦਾਨ ਕੇ ਇਸ ਦਾ ਵਿਰੋਧ ਕਰਨਗੇ। ਸੋ ਵਿਗਿਆਨ ਨੂੰ ਆਸਤਿਕਵਾਦ ਦੇ ਵਿਰੁੱਧ ਜੰਗ ਦੀ ਘੋਸ਼ਣਾ ਕਰ ਦੇਣੀ ਚਾਹੀਦੀ ਹੈ ਅਤੇ ਅੰਤ ਤੱਕ ਇਹ ਲੜਾਈ ਲੜਦੇ ਰਹਿਣਾ ਚਾਹੀਦਾ ਹੈ। ਇਕ ਪਾਸੇ ਵਿਗਿਆਨ ਮਨੁੱਖਤਾ ਨੂੰ ਜਿੱਤਾਂ ਅਤੇ ਸਫਲਤਾਵਾਂ ਦਿੰਦਾ ਹੈ ਅਤੇ ਦੂਸਰੇ ਪਾਸੇ 'ਰੱਬ' ਅਨਘੜਤ ਅਸ਼ੀਰਵਾਦ, ਬਖਸ਼ਸ਼ਾਂ, ਪ੍ਰਫੁੱਲਤਾਵਾਂ ਅਤੇ ਸ਼ਾਂਤੀ ਦਿੰਦਾ ਹੈ। ਆਸਤਿਕਵਾਦ ਗਰੀਬੀ, ਮਹਾਂਮਾਰੀ ਅਤੇ ਅਰਦਾਸਾਂ ਨਾਲ ਖੁਸ਼ ਹੁੰਦਾ ਹੈ। ਇਸ ਵਿੱਚੋਂ ਆਪਣੀ ਚੋਣ ਕਰ ਲਉ।

2

ਆਸਤਿਕਵਾਦ ਇਹ ਮੰਨਦਾ ਹੈ ਕਿ ਕਿਸੇ ਖਾਸ ਧਰਮ ਦੇ ਨਿਯਮ ਅਤੇ ਆਦਰਸ਼ ਦੁਨੀਆ ਦੇ ਹਰ ਯੁੱਗ ਵਿੱਚ ਹਰ ਕੌਮ ਲਈ ਜਾਰੀ ਕੀਤੇ ਗਏ ਰੱਬੀ ਫਰਮਾਨ ਹਨ ਇਸ ਕਰਕੇ ਉਹ ਸਮਾਜ ਨੂੰ ਗਤੀਹੀਣਤਾ ਵਿੱਚ ਲੈ ਆਉਂਦਾ ਹੈ ਅਤੇ ਇਸ ਨੂੰ ਗਲਣ ਸੜ੍ਹਨ ਤੇ ਮਜ਼ਬੂਰ ਕਰ ਦਿੰਦਾ ਹੈ। ਇਸ ਤਰ੍ਹਾਂ ਸੱਤਾ-ਅਧਿਕਾਰ ਆਪਣੇ ਸਭ ਤੋਂ ਘਾਤਿਕ ਤੇ ਕਰੂਰ ਰੂਪ ਵਿੱਚ ਸਮਾਜ ਦੀ ਤਕਦੀਰ ਦਾ ਨਿਆਂਕਰਤਾ ਦੇ ਤੌਰ 'ਤੇ ਸਥਾਪਿਤ ਹੁੰਦਾ ਹੈ ਅਤੇ ਖੁੱਲ੍ਹੀ ਆਲੋਚਨਾ ਅਤੇ ਵਿਚਾਰ ਵਟਾਂਦਰਾ ਹਮੇਸ਼ਾਂ ਲਈ ਬੰਦ ਕਰ ਦਿੱਤੇ ਜਾਂਦੇ ਹਨ।

3

ਵਿਗਿਆਨ ਮਨੁੱਖਤਾ ਨੂੰ ਜੋ ਲਾਹੇਵੰਦ ਚੀਜ਼ਾਂ ਬਖਸ਼ਦਾ ਹੈ, ਆਸਤਿਕਵਾਦ ਮਨੁੱਖਤਾ ਨੂੰ ਉਨ੍ਹਾਂ ਲਾਹੇਵੰਦ ਚੀਜ਼ਾਂ ਤੋਂ ਵਾਂਝਿਆ ਕਰ ਦਿੰਦਾ ਹੈ ਅਤੇ ਇਤਿਹਾਸ ਦੇ ਸਿੱਧੇ ਪਾਸੇ ਘੁੰਮ ਰਹੇ ਪਹੀਏ ਨੂੰ ਰੋਕ ਦਿੰਦਾ ਹੈ। ਕਿਤਨਾ ਅਥਾਹ ਨੁਕਸਾਨ ਹੈ! ਰੱਬ ਅੱਗੇ ਅਰਦਾਸਾਂ ਕਰਨੀਆਂ ਅਤੇ ਵਿਗਿਆਨ ਨੂੰ ਤੁੱਛ ਸਮਝਣ ਦੀ ਨੀਤੀ ਕਿਤਨੀ ਆਤਮਘਾਤੀ ਨੀਤੀ ਰਹੀ ਹੈ। ਮਨੁੱਖਤਾ ਨੂੰ ਇਸ ਭਾਰੀ ਗਲਤੀ ਦਾ ਬਹੁਤ ਵੱਡਾ ਮੁੱਲ ਚੁਕਾਉਣਾ ਪਵੇਗਾ। ਪਰ ਇਸ ਤੋਂ ਵੀ ਬੁਰੀ ਹੋਰ ਗੱਲ ਹੈ ਕਿ ਆਸਤਿਕਵਾਦਾ ਸਾਨੂੰ ਨਾ ਸਿਰਫ ਗਿਆਨ, ਸੰਜਮਤਾ, ਮਾਨਸਿਕ ਸੁਆਸਥ ਅਤੇ ਨਵੀਆਂ ਖੋਜਾਂ ਤੋਂ ਹੀ ਵਾਂਝਿਆ ਰੱਖਦਾ ਹੈ ਬਲਕਿ ਇਹ ਇਨਸਾਨਾਂ ਵਿੱਚ ਨਫਰਤ, ਅਸਹਿਮਤੀ, ਵਿਰੋਧ ਅਤੇ ਪਾੜੇ ਨੂੰ ਪੱਠੇ ਪਾਉਂਦਾ ਹੈ। ਇਹ ਇਕ ਬਹੁਤ ਵੱਡੀ ਸਮਾਜ ਵਿਰੋਧੀ ਤਾਕਤ ਹੈ। ਆਸਤਿਕ ਲੋਕ ਕਹਿੰਦੇ ਹਨ, 'ਪਿਆਰ ਹੀ ਰੱਬ ਹੈ।' ਇਹ ਉਨ੍ਹਾਂ ਦਾ ਖਿਆਲ ਹੈ ਪਰ ਅਸਲ ਵਿੱਚ ਆਪਣੇ ਅੰਤਰਵਿਆਪੀ (ਸੁਭਾਵਿਕ) ਤਰਕ ਸਦਕਾ ਇਸ ਨੇ ਜ਼ੁਲਮ ਅਤੇ ਮਾਰ-ਵੱਢ ਹੀ ਪੈਦਾ ਕੀਤੀ ਹੈ ਅਤੇ ਕਰਦਾ ਰਹੇਗਾ।

ਆਸਤਿਕਵਾਦ ਅਦਾਰੇ ਬਹੁਤ ਹੀ ਅਸਹਿਣਸ਼ੀਲ ਅਤੇ ਜਨੂੰਨੀ ਹਨ। ਉਹ ਨਿਵੇਕਲੀ ਮੁਕਤੀ ਦਾ ਸਿਧਾਂਤ ਪੜ੍ਹਾਉਂਦੇ ਹਨ। ਇਨ੍ਹਾਂ ਦੇ ਧੋਖੇ ਦਾ ਸ਼ਿਕਾਰ ਹੋਏ ਲੋਕ ਇਹ ਵਿਸ਼ਵਾਸ ਰੱਖਦੇ ਹਨ ਕਿ ਬਾਕੀ ਦੇ ਸਭ ਧਰਮਾਂ ਦੇ ਸ਼ਰਧਾਲੂਆਂ ਨੂੰ ਸਰਾਪ ਦਿੱਤਾ ਜਾਵੇਗਾ। ਉਹ ਨੈਤਿਕਤਾ ਦੇ ਦੋ ਕਿਸਮਾਂ ਦੇ ਨਿਯਮਾਂ ਦਾ ਸਮਰਥਨ ਕਰਦੇ ਹਨ। ਇਕ ਕਿਸਮ ਦੇ ਨਿਯਮ ਉਹ ਆਪਣੇ ਲਈ ਅਪਣਾਉਂਦੇ ਹਨ ਅਤੇ ਦੂਸਰੀ ਕਿਸਮ ਦੇ ਨਿਯਮ ਉਹ ਧਰਮ ਦੇ ਬਾਗੀਆਂ ਨਾਲ ਵਰਤਣ ਵੇਲੇ ਅਪਣਾਉਂਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਕ ਆਸਤਿਕ ਬੰਦਾ ਬਗੈਰ ਕਿਸੇ ਗੁਨਾਹ ਦਾ ਅਹਿਸਾਸ ਕੀਤੇ, ਧਰਮ ਤੋਂ ਬਾਗੀ ਬੰਦੇ ਨੂੰ ਧੋਖਾ ਦੇ ਸਕਦਾ ਹੈ ਜਾਂ ਕਤਲ ਕਰ ਸਕਦਾ ਹੈ। ਸਾਰੀ -ਮਨੁੱਖ ਜਾਤੀ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ। ਇਕ ਜੋ ਰੱਬ ਵਿੱਚ ਵਿਸ਼ਵਾਸ ਰੱਖਦੇ ਹਨ, ਦੂਸਰੇ ਜੋ ਰੱਬ ਵਿੱਚ ਵਿਸ਼ਵਾਸ ਨਹੀਂ ਰੱਖਦੇ। ਜਿਹੜੇ ਰੱਬ ਵਿੱਚ ਵਿਸ਼ਵਾਸ ਰੱਖਦੇ ਹਨ ਉਹ ਮਰਨ ਤੋਂ ਬਾਅਦ ਸਵਰਗ ਵਿੱਚ ਇਕੱਠੇ ਹੋਣਗੇ ਤੇ ਜਿਹੜੇ ਰੱਬ ਵਿੱਚ ਵਿਸ਼ਵਾਸ ਨਹੀਂ ਰੱਖਦੇ ਉਹ ਮਰਨ ਤੋਂ ਬਾਅਦ ਨਰਕ ਦਾ ਸੰਤਾਪ ਭੋਗਣਗੇ। ਜੇਕਰ ਜਨਮ ਤੋਂ ਤੁਹਾਨੂੰ ਇਹ ਸਿੱਖਿਆ ਮਿਲੀ ਹੈ ਤਾਂ ਤੁਹਾਨੂੰ ਇਸ ਸਮਾਜ ਵਿਰੋਧੀ ਰੂੜੀਵਾਦ ਦਾ ਖੰਡਨ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਰੂੜੀਵਾਦ, ਜੋ ਤੁਹਾਡੇ ਆਲੇ ਦੁਆਲੇ ਦੇ ਲੋਕਾਂ ਵਿੱਚ ਨਫਰਤ ਅਤੇ ਤੰਗਦਿਲੀ ਫੈਲਾਉਂਦਾ ਹੈ। ਗੌਤਮ ਬੁੱਧ ਦੀ ਆਤਮ-ਕਥਾ ਪੜ੍ਹੋ ਕਿ ਉਸ ਨੇ ਦੂਸਰੇ ਧਰਮਾਂ ਦੇ ਆਗੂਆਂ ਅਤੇ ਸ਼ਰਧਾਲੂਆਂ ਨਾਲ ਕਿਸ ਤਰ੍ਹਾਂ ਵਰਤਾਅ ਕੀਤਾ। ਅਸ਼ੋਕ ਦੇ ਫਰਮਾਨ ਪੜ੍ਹੋ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਭਾਵਨਾ ਗ੍ਰਹਿਣ ਕਰੋ। ਬੁੱਧਇਜ਼ਮ ਅਤੇ ਹਿੰਦੁਸਤਾਨ ਦਾ ਸਾਹਿਤ ਅਤੇ ਇਤਿਹਾਸ, ਇਸਲਾਮ ਅਤੇ ਕ੍ਰਿਸਚੀਐਨਟੀ ਵਿੱਚ ਰਸੀ ਹੋਈ ਤੇ ਨਾ ਖਤਮ ਹੋਣ ਵਾਲੀ ਜ਼ਹਿਰ ਦਾ ਇਕ ਵਧੀਆ ਜ਼ਹਿਰਮਾਰ ਹੈ।

ਆਸਤਿਕਵਾਦ ਨੇ ਕਿਤਨੇ ਹੀ ਯੁੱਧਾਂ ਅਤੇ ਅਤਿਆਚਾਰਾਂ ਨੂੰ ਭੜਕਾਇਆ ਹੈ। ਵੱਖਰੇ ਵੱਖਰੇ ਧਾਰਮਿਕ ਅਦਾਰਿਆਂ ਨੇ ਇਨਸਾਨੀਅਤ ਨਾਮ ਦਾ ਅਣਸੀਤਾ ਕੱਪੜਾ (ਜਾਮਾ) ਕਿਤਨੇ ਹੀ ਲਗਾਰਾਂ ਵਿੱਚ ਪਾੜ੍ਹ ਦਿੱਤਾ ਹੈ ਅਤੇ ਵਹਿਮਾਂ ਭਰਮਾਂ ਨਾਲ ਮਨੁੱਖਜਾਤੀ ਵਿੱਚ ਵੰਡਾਂ ਪਾ ਦਿੱਤੀਆਂ ਹਨ। ਕਈ ਦੇਵੀ ਦੇਵਤਿਆਂ ਵਿੱਚ ਯਕੀਨ ਰੱਖਣ ਨਾਲ ਇਨਸਾਨ ਅਕਸਰ ਇਕ ਦੂਸਰੇ ਪ੍ਰਤੀ ਜ਼ਾਲਮ ਬਣ ਜਾਂਦੇ ਹਨ। ਇਕ ਦੇਵੀ ਜਾਂ ਦੇਵਤੇ ਦੇ ਉਪਾਸ਼ਕ ਕਿਸੇ ਦੂਸਰੀ ਦੇਵੀ ਜਾਂ ਦੇਵਤੇ ਦੇ ਉਪਾਸ਼ਕਾਂ ਵੱਲੋਂ ਸ਼ਰੀਕ ਜਾਂ ਦੁਸ਼ਮਣ ਮੰਨੇ ਜਾਂਦੇ ਹਨ। ਕਈ ਕਬੀਲਿਆਂ ਦੇ ਦੇਵਤੇ ਜਿਵੇਂ ਯਾਹਵਾ, ਬਾਲ, ਇੰਦਰ, ਥੋਰ ਆਦਿ ਯੁੱਧ ਦਾ ਝੰਡਾਂ ਮੰਨੇ ਜਾਂਦੇ ਸਨ। ਪਰ ਪੁਰਾਣਾ ਬਹੁ-ਈਸ਼ਰਵਾਦ ਜਦੋਂ ਆਪਣੇ ਅੰਤ ਉੱਪਰ ਵੀ ਸੀ ਤਦ ਵੀ ਉਸ ਨੇ ਇਤਨੇ ਮੱਤਭੇਦ ਤੇ ਅਤਿਆਚਾਰ ਉਤਪੰਨ ਨਹੀਂ ਕੀਤੇ ਜਿਤਨੇ ਅਜੋਕੇ ਅਤੇ ਮੱਧਕਾਲ ਦੇ ਇਕ-ਈਸ਼ਵਰਵਾਦ ਨੇ ਕੀਤੇ ਹਨ। ਇਕ ਈਸ਼ਵਰਵਾਦ ਅਟਿੱਲਾ ਦੀ ਤਰ੍ਹਾਂ ਮਨੁੱਖ ਲਈ ਸੱਚਮੁੱਚ ਹੀ ਇਕ ਚਾਬੁਕ ਹੈ। ਇਹ ਉਹ ਮਨਹੂਸ ਦਰੱਖਤ ਹੈ ਜਿਸ ਦੀ ਜਿੱਥੇ ਜਿੱਥੇ ਵੀ ਛਾਂ ਹੋਈ ਹੈ ਉੱਥੇ ਉੱਥੇ ਸ਼ਾਂਤੀ ਅਤੇ ਮਿੱਤਰਤਾ ਦਾ ਨਾਸ ਹੋਇਆ ਹੈ। ਜੇਕਰ ਸਾਰੇ ਪੁਰਾਣੇ ਦੇਵਤੇ ਇਕ ਜਗ੍ਹਾ ਇਕੱਠੇ ਕਰਕੇ ਇਕ ਸਰਬਸ਼ਕਤੀਮਾਨ ਤੇ ਸਰਬਸ੍ਰੇਸ਼ਟ ਦੇਵਤਾ ਬਣਾ ਦਿੱਤਾ ਜਾਵੇ ਤਾਂ ਸਭ ਪੁਰਾਣੇ ਸੰਪਰਦਾਇਆਂ ਵਿੱਚ ਅਸਹਿਣਸ਼ੀਲਤਾ ਅਤੇ ਜੰਗਲੀਪਣ ਹਜ਼ਾਰਾਂ ਲੱਖਾਂ ਗੁਣਾਂ ਵੱਧ ਜਾਵੇਗਾ। ਫਿਰ ਯਹੂਦੀਆਂ, ਮੁਸਲਮਾਨਾਂ ਅਤੇ ਈਸਾਈਆਂ ਦੇ ਬੇਤਰਤੀਬੇ, ਬੌਂਦਲੇ ਹੋਏ, ਅਨਪੜ੍ਹ ਅਵਤਾਰਾਂ ਅਤੇ ਧਰਮਸ਼ਾਸਤਰੀਆਂ ਦੇ ਮਨਾਂ ਵਿੱਚ 'ਇਕ ਅਤੇ ਸਿਰਫ ਇਕ ਹੀ ਰੱਬ' ਦਾ ਵਿਚਾਰ ਪ੍ਰਗਟ ਹੋਵੇਗਾ। ਇਹ 'ਰੱਬ' ਕੁਦਰਤ ਬਾਰੇ ਅਗਿਆਨਤਾ ਅਤੇ ਰਾਜਨੀਤਕ ਧੱਕੇਸ਼ਾਹੀ ਦੇ ਮੇਲ ਤੋਂ ਬਣਿਆ ਹੋਇਆ ਇਕ ਕਰੂਪ ਰਾਖਸ਼ ਹੈ। ਇਹ ਸੀਰੀਆ, ਬੈਬਲੋਨੀਆ ਅਤੇ ਈਰਾਨ ਦੇ ਸਨਕੀ ਤੇ ਜਾਬਰ ਹੁਕਮਰਾਨਾਂ ਦਾ ਵਿਸਤ੍ਰਿਤ (ਵਿਸ਼ਾਲ ਕੀਤਾ ਗਿਆ) ਰੂਪ ਹੈ। ਇਹ 'ਰੱਬ' ਸਭ ਕਾਨੂੰਨਾਂ ਅਤੇ ਨੈਤਿਕਤਾਵਾਂ ਤੋਂ ਉੱਤਮ ਹੋਣਾ ਚਾਹੀਦਾ ਹੈ: ਇਹ ਧੱਕੇਸ਼ਾਹ, ਨਿਰਦਈ, ਹੈਂਸਿਆਰਾ, ਸਿਰਜਣਹਾਰ ਅਤੇ ਮੇਸਣਹਾਰ ਹੈ। ਇਹ ਕਿਸੇ ਬੇਲਗਾਮ ਮਨੁੱਖੀ ਤਾਕਤ ਦਾ ਦੈਵੀਕਰਨ ਕੀਤੀ ਗਿਆ ਰੂਪ ਹੈ। ਉਹ ਵਾਸਤਵ ਵਿੱਚ ਦਇਆਵਾਨ ਅਤੇ ਰਹਿਮ ਦਿਲ ਹੋਣਾ ਚਾਹੀਦਾ ਹੈ ਪਰ ਉਸ ਦੀ ਦਇਆ ਅਤੇ ਰਹਿਮਦਿਲੀ ਭੁਚਾਲਾਂ, ਤੂਫਾਨਾਂ ਅਤੇ ਮਹਾਂਮਾਰੀਆਂ ਤੋਂ ਪ੍ਰਗਟ ਹੁੰਦੀ ਹੈ ਜੋ ਕਿ ਭੁੱਖੇ ਜੰਗਲੀ ਜਾਨਵਰਾਂ ਦੇ ਜ਼ੁਲਮਾਂ ਤੋਂ ਵੀ ਵੱਧ ਭਿਅੰਕਰ ਹੈ।

ਆਕਾਸ਼ ਵਿੱਚ ਇਕ ਧੱਕੇਸ਼ਾਹ ਤਾਕਤ ਮੌਜੂਦ ਹੋਣ ਦੇ ਖਿਆਲ ਨੇ ਇਕ ਈਸ਼ਵਰਵਾਦੀ ਅਦਾਰਿਆਂ ਅਤੇ ਫਿਰਕਿਆਂ ਵਿੱਚ ਡੂੰਘੀ ਅਤੇ ਨਾ ਘੱਟ ਸਕਣ ਵਾਲੀ ਅਸਹਿਣਸ਼ੀਲਤਾ ਪੈਦਾ ਕਰ ਦਿੱਤੀ ਹੈ। ਇਨ੍ਹਾਂ ਬਹਿਕੇ ਹੋਏ ਸ਼ਰਧਾਲੂਆਂ ਦਾ ਸਦਕਾ ਕਿਤਨੀ ਵਾਰੀ ਲਹੂ ਨਾਲ ਗੜੁੱਚ ਹੋ ਚੁੱਕੀ ਹੈ। ਇਨ੍ਹਾਂ ਬਹੁ-ਈਸ਼ਵਰਵਾਦੀਆਂ, ਜੋ ਸਬੱਬੀ ਤੌਰ 'ਤੇ ਇਕ ਨਵੇਂ ਸਰਬ ਸ੍ਰੇਸ਼ਟ ਰੱਬ ਦੀ ਬਜਾਏ ਅਣਗਿਣਤ ਪੁਰਾਣੇ ਦੇਵਤਿਆਂ ਵਿੱਚ ਵਿਸ਼ਵਾਸ ਰੱਖਦੇ ਹਨ, ਨੂੰ ਸਾਰੇ ਆਸਤਿਕਵਾਦੀ ਲੋਕ ਨਫਰਤ ਕਰਦੇ ਹਨ ਅਤੇ ਨੀਵਾਂ ਦਿਖਾਉਂਦੇ ਹਨ। ਇਸਲਾਮੀ ਲੋਕਾਂ, ਜੋ ਇਕ ਰੱਬ ਵਿੱਚ ਵਿਸ਼ਵਾਸ ਰੱਖਦੇ ਹਨ, ਨੇ ਈਰਾਨ, ਭਾਰਤ ਅਤੇ ਚੀਨ ਵਿੱਚ ਬਹੁ-ਈਸ਼ਵਰਵਾਦੀਆਂ ਅਤੇ ਕਾਫਰਾਂ ਨੂੰ ਅੱਲ੍ਹਾ ਦੇ ਨਾਮ 'ਤੇ ਬੜੇ ਗੌਰਵ ਨਾਲ ਲੁੱਟਿਆ ਅਤੇ ਕਤਲ ਕੀਤਾ ਹੈ। ਉਹਨਾਂ ਅਨੁਸਾਰ ਇਕ ਪੱਕੇ ਈਸ਼ਵਰਵਾਦੀ ਨੂੰ ਇਕ ਸਰਬ-ਈਸ਼ਵਰਵਾਦੀ ਜਾਂ ਇਕ ਨਾਸਤਕ ਜੋ ਕਿਸੇ ਵੀ ਰੱਬ ਵਿੱਚ ਵਿਸ਼ਵਾਸ ਨਹੀਂ ਰੱਖਦਾ, ਨੂੰ ਜ਼ਰੂਰ ਕੁੱਟਣਾ ਅਤੇ ਮਾਰਨਾ ਚਾਹੀਦਾ ਹੈ। ਕੁਰਾਨ ਵਿੱਚ ਲਿਖਿਆ ਹੈ, 'ਹੇ ਰੱਬ ਦੇ ਸੱਚੇ ਸ਼ਰਧਾਲੂਓ! ਤੁਹਾਡੇ ਆਲੇ ਦੁਆਲੇ ਜੋ ਵੀ ਕੋਈ ਆਪਣੇ ਧਰਮ ਤੋਂ ਬਾਗੀ ਨਜ਼ਰ ਆਉਂਦਾ ਹੈ, ਉਸ ਨਾਲ ਲੜੋ ਅਤੇ ਅਤਿ ਸਖਤੀ ਨਾਲ ਪੇਸ਼ ਆਉ। ਜੇਕਰ ਤੁਸੀਂ ਗਿਣਤੀ ਵਿੱਚ ਇਕ ਹਜ਼ਾਰ ਹੋ ਤਾਂ ਰੱਬ ਦੀ ਕ੍ਰਿਪਾ ਦਾ ਸਦਕਾ ਤੁਸੀਂ ਦੋ ਹਜ਼ਾਰ ਬਾਗੀਆਂ ਉੱਪਰ ਕਾਬੂ ਪਾ ਸਕਦੇ ਹੋ, ਕਿਉਂਕਿ 'ਰੱਬ' ਹਮੇਸ਼ਾਂ ਉਨ੍ਹਾਂ ਦੇ ਨਾਲ ਰਹਿੰਦਾ ਹੈ ਜੋ ਇਸ ਨੂੰ ਸਹੀ ਸਲਾਮਤ ਮੰਨਦੇ ਹਨ।'

ਜੋ ਲੋਕ ਇਨ੍ਹਾਂ ਇਕ ਈਸ਼ਵਰਵਾਦ ਦੇ ਵਹਿਮਾਂ ਭਰਮਾਂ ਨੂੰ ਮੰਨਣ ਵਾਲੇ ਕਮਲੇ ਲੋਕਾਂ ਦੇ ਅੜਿੱਠ, ਮਨਘੜਤ, ਜੜ੍ਹ-ਪੂਜਾ, ਜਾਦੂ ਟੂਣੇ ਆਦਿ ਦੇ ਸਾਹਮਣੇ ਸਿਰ ਨਹੀਂ ਝੁਕਾਉਂਦੇ ਇਹ ਉਨ੍ਹਾਂ ਦੇ ਖਿਲਾਫ ਨਫਰਤ ਅਤੇ ਜੰਗਲੀਪਣ ਨਾਲ ਅੱਗ ਬਗੂਲਾ ਹੋ ਜਾਂਦੇ ਹਨ। ਇਸ ਤੋਂ ਭੈੜੀ ਇਕ ਹੋਰ ਗੱਲ ਹੈ ਕਿ ਇਹ ਪਵਿੱਤਰ ਇਕ ਈਸ਼ਵਰਵਾਦੀਏ ਬਹੁ-ਈਸ਼ਵਰਵਾਦੀਆਂ, ਸਰਬ ਈਸ਼ਵਰਵਾਦੀਆਂ ਅਤੇ ਨਾਸਤਿਕਾਂ ਨਾਲ ਲੜ ਲੈਣ ਤੋਂ ਬਾਅਦ ਆਪਣੇ ਆਪਣੇ ਰੱਬ ਦੀ ਮਹਿਮਾਂ ਦੇ ਉਤਸ਼ਾਹ ਨਾਲ ਆਪਸ ਵਿੱਚ ਇਕ ਦੂਸਰੇ ਨਾਲ ਲੜਦੇ ਹਨ। ਮੁਸਲਿਮ ਲੋਕ ਸੋਚਦੇ ਹਨ ਕਿ ਈਸਾਈ ਲੋਕ ਠੀਕ ਤਰੀਕੇ ਨਾਲ ਰੱਬ ਦੀ ਪੂਜਾ ਨਹੀਂ ਕਰਦੇ ਅਤੇ ਈਸਾਈ ਲੋਕਾਂ ਦਾ ਯਕੀਨ ਹੈ ਕਿ ਮੁਸਲਮਾਨਾਂ ਦਾ ਰੱਬ ਪੂਜਣਯੋਗ ਨਹੀਂ ਹੈ। ਇਸ ਤਰ੍ਹਾਂ ਇਨ੍ਹਾਂ ਦੋਨਾ ਫਿਰਕਿਆਂ ਵਿਚਕਾਰ ਇਕ ਸਥਾਈ ਤੌਰ 'ਤੇ ਰਹਿਣ ਵਾਲਾ ਹਿੰਸਕ ਬਖੇੜਾ ਪਿਆ ਹੋਇਆ ਹੈ। 'ਇਕ ਸਾਡਾ ਰੱਬ ਹੀ ਰੱਬ ਹੈ ਕੋਈ ਹੋਰ ਨਹੀਂ' ਦਾ ਸਿਧਾਂਤ ਲਾਜ਼ਮੀ ਤੌਰ 'ਤੇ ਅਸਹਿਣਸ਼ੀਲਤਾ ਪੈਦਾ ਕਰਦਾ ਹੈ ਕਿਉਂਕਿ ਇਸ ਸਿਧਾਂਤ ਦਾ ਮਤਲਬ ਹੈ ਕਿ ਆਕਾਸ਼ਬਾਣੀ (ਇਲਹਾਮ) ਦਾ ਇਕੋ ਹੀ ਗ੍ਰੰਥ ਹੋਣਾ ਚਾਹੀਦਾ ਹੈ ਅਤੇ ਇਕੋ ਇਕ ਹੀ ਮਨਜ਼ੂਰਸ਼ੁਦਾ ਅਵਤਾਰ ਹੋਣਾ ਚਾਹੀਦਾ ਹੈ ਜੋ ਕਿ ਲਗਾਤਾਰ ਅਣਡਿੱਠੇ 'ਰੱਬ' ਨਾਲ ਤਾਲਮੇਲ ਬਣਾ ਕੇ ਰੱਖਦਾ ਹੈ। ਜੇਕਰ ਕੋਈ ਹੋਰ ਆਦਮੀ ਆਪਣੇ ਆਪ

ਨੂੰ ਰੱਬੀ ਅਵਤਾਰ ਅਖਵਾਉਂਦਾ ਹੈ ਤਾਂ ਉਹ ਜ਼ਰੂਰ ਪੱਕਾ ਪਖੰਡੀ ਹੈ ਕਿਉਂਕਿ ਰੱਬ ਇਕ ਵਕਤ ਉੱਪਰ ਸਿਰਫ ਇਕ ਹੀ ਦੂਤ ਭੇਜ ਸਕਦਾ ਹੈ ਕਿਉਂਕਿ ਇਹ ਸਾਰਾ ਸਿਲਸਿਲਾ ਹੀ ਸਿੱਧੀ ਰੱਬੀ ਬਾਣੀ (ਆਕਾਸ਼ਬਾਣੀ) ਉੱਪਰ ਆਧਾਰਿਤ ਹੈ ਨਾ ਕਿ ਮਨੁੱਖੀ ਜ਼ਮੀਰ ਜਾਂ ਮਨੁੱਖੀ ਦਲੀਲ ਉੱਪਰ। ਇਸ ਲਈ ਹਰ ਕਿਸੇ ਨੂੰ ਹਰ ਮੌਕੇ, ਹਰ ਗੱਲਬਾਤ ਵਿੱਚ ਇਸ ਅਲਹਿਦਾ ਰੱਬੀ ਬਾਣੀ ਨੂੰ ਹੀ ਮਨਜ਼ੂਰਸ਼ੁਦਾ ਸਿੱਖਿਆ ਮੰਨਣਾ ਚਾਹੀਦਾ ਹੈ ਅਤੇ ਹਰ ਮੌਕੇ 'ਤੇ ਹਰ ਗੱਲਬਾਤ ਵਿੱਚ ਰੱਬੀ ਅਵਤਾਰ ਦੀਆਂ ਅਗੰਮੀ ਗੱਲਾਂ ਵਿੱਚ ਅੰਨਾ ਵਿਸ਼ਵਾਸ ਰੱਖ ਕੇ ਚੱਲਣਾ ਚਾਹੀਦਾ ਹੈ। ਇਸ ਵੇਲੇ ਕਿਤਨੇ ਹੀ ਰੱਬੀ ਅਵਤਾਰ ਇਕ ਦੂਸਰੇ ਵਿਰੋਧੀ ਆਕਾਸ਼ਬਾਣੀਆਂ ਲੈ ਕੇ ਮੁਕਾਬਲੇ ਵਿੱਚ ਨਿਤਰੇ ਹੋਏ ਹਨ ਜਿਵੇਂ ਮੂਸਾ, ਯਿਸੂ, ਮਹੁੰਮਦ, ਬਾਗ ਉਲਾਹ ਅਤੇ ਇਨ੍ਹਾਂ ਤੋਂ ਕੁੱਝ ਕੁ ਘੱਟ ਰਸੂਖ ਵਾਲੇ ਜਿਵੇਂ ਮਾਰਵ ਬੇਕਰ ਐਡੀ, ਜੋਸਫ ਸਮਿੱਥ, ਫਰੇਟਾਗ ਅਤੇ ਹੋਰ ਇਨ੍ਹਾਂ ਤੋਂ ਘੱਟ ਰਸੂਖ ਵਾਲੇ ਆਦਿ। ਇਨ੍ਹਾਂ ਫਿਰਕਿਆਂ ਦੇ ਪਾਦਰੀਆਂ, ਪ੍ਰੋਹਿਤਾਂ, ਮੁਲਾਣਿਆਂ ਆਦਿ ਨੂੰ ਆਪਣੇ ਆਪਣੇ ਨਿਰਾਲੇ ਅਤੇ ਸਭ ਨਿਗਲ ਜਾਣ ਵਾਲੇ ਦੇਵਤਿਆਂ ਅਤੇ ਕਦੀ ਨਾ ਗਲਤ ਹੋ ਸਕਣ ਵਾਲੇ ਆਪਣੇ ਆਪਣੇ ਧਾਰਮਿਕ ਗ੍ਰੰਥਾਂ ਨੂੰ ਸਭ ਤੋਂ ਮਹਾਨ ਸਿੱਧ ਕਰਨ ਲਈ ਹਮੇਸ਼ਾਂ ਇਕ ਦੂਸਰੇ ਨਾਲ ਤਲਵਾਰ ਅਤੇ ਕਲਮ ਦੋਹਾਂ ਨਾਲ ਲੜਦੇ ਰਹਿਣਾ ਚਾਹੀਦਾ ਹੈ। ਇਨ੍ਹਾਂ ਧਰਮ ਯੁੱਧਾਂ ਦੀ ਲਹੂ ਭਰੀ ਦਾਸਤਾਨ ਜਿਸ ਵਿੱਚ ਕਿ ਸੇਂਟ ਲੂਇਸ ਵਰਗੇ ਪਵਿੱਤਰ ਬੰਦੇ ਵੀ ਹਤਿਆਰੇ ਅਤੇ ਲੜਾਕੇ ਬਣ ਕੇ ਪੇਸ਼ ਹੁੰਦੇ ਹਨ, ਸਾਡੇ ਸਾਰਿਆਂ ਲਈ ਤਾੜਨਾ ਹੈ ਕਿਉਂਕਿ ਇਹ ਚੀਜ਼ ਇਕ ਈਸ਼ਵਰਵਾਦ ਦੇ ਖੂਨ ਦੇ ਪਿਆਸੇ ਵਿਸ਼ਵਾਸਾਂ ਦੀ ਬਹਾਦਰੀ ਭਰੀ ਸ਼ੁਰੂਆਤ ਬਾਅਦ ਨਾ ਰੋਕੇ ਜਾ ਸਕਣ ਵਾਲੇ ਨਤੀਜਿਆਂ ਦਾ ਪ੍ਰਗਟਾਵਾ ਕਰਦੀ ਹੈ। ਭਾਰਤ ਅਤੇ ਯੂਨਾਨ ਦੇ ਦਾਰਸ਼ਨਿਕਾਂ ਨੇ ਅਲੱਗ ਅਲੱਗ ਸਿਧਾਂਤ ਪੜ੍ਹਾਏ ਪਰ ਉਹ ਦਾਰਸ਼ਨਿਕ ਦੋਸਤੀ ਤੇ ਸ਼ਾਂਤੀ ਪੂਰਵਕ ਵਾਤਾਵਰਣ ਵਿੱਚ ਇਕੱਠੇ ਹੋ ਕੇ ਇਕ ਸਾਂਝੇ ਆਸ਼ੇ ਦੀ ਪੂਰਤੀ ਲਈ ਕੰਮ ਕਰ ਸਕਦੇ ਸਨ। ਮੁਸਲਿਮ ਮੋਲਾਣੇ ਅਤੇ ਈਸਾਈ ਮਿਸ਼ਨਰੀ ਜੇਕਰ ਇਕ ਦੂਸਰੇ ਨੂੰ ਵੱਢ ਨਾ ਸਕਣ ਤਾਂ ਘੱਟੋ ਘੱਟ ਇਕ ਦੂਸਰੇ ਉੱਪਰ ਭੌਂਕਦੇ ਜ਼ਰੂਰ ਹਨ। ਆਸਤਿਕਵਾਦ ਦੇ ਤਰਕ ਦੀ ਇਕ ਵਹਿਸ਼ੀਆਨਾ ਜ਼ਰੂਰਤ ਸਦਕਾ ਈਸਾਈ ਫਿਰਕੇ ਨੂੰ ਮੁਸਲਮਾਨ ਫਿਰਕੇ ਉੱਪਰ ਲਾਜ਼ਮੀ ਹਮਲਾ ਕਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਇਕ ਰਾਜ ਵਿੱਚ ਦੋ ਰਾਜੇ ਨਹੀਂ ਰਹਿ ਸਕਦੇ ਇਸੇ ਤਰ੍ਹਾਂ ਦੋ ਮਹਾਨ ਅਵਤਾਰ ਇਕੱਠੇ ਇਸ ਦੁਨੀਆ ਵਿੱਚ ਨਹੀਂ ਰਹਿ ਸਕਦੇ। ਪਰ ਇਸ ਤਹਿ ਤੋਂ ਹੇਠਾਂ ਵੀ ਇਕ ਤਹਿ ਹੈ। ਇਕ ਹੀ ਅਵਤਾਰ ਦੇ ਚੇਲੇ ਵੀ ਆਪਸ ਵਿੱਚ ਲੜਨਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਉਹ ਉਸ ਅਵਤਾਰ ਦੀ ਬਾਣੀ ਦੇ ਇਕੋ ਜਿਹੇ ਜਾਂ ਇਕ ਦੂਸਰੇ ਨਾਲ ਮੇਲ ਖਾਦੇ ਅਰਥ ਨਹੀਂ ਕੱਢ ਸਕਦੇ। ਇਸ ਤਰ੍ਹਾਂ ਇਕੋ ਹੀ ਧਰਮ ਦੇ ਦੋ ਫਿਰਕਿਆਂ ਵਿੱਚ ਜੰਗ ਸ਼ੁਰੂ ਹੁੰਦੀ ਹੈ।

ਜਿਸ ਪ੍ਰਕਾਰ ਸਰਕਾਰ ਦੇ ਬਣਾਏ ਹੋਏ ਕਾਨੂੰਨਾਂ ਨੂੰ ਲਾਗੂ ਕਰਨ ਲਈ ਪੁਲਿਸ ਜਾਂ ਫੌਜ ਅਤੇ ਤਾਕਤ ਦੀ ਸਹਾਇਤਾ ਲਈ ਜਾਂਦੀ ਹੈ, ਉਸੇ ਤਰ੍ਹਾਂ ਆਸਤਿਕਵਾਦ ਦੁਨੀਆ ਵਿੱਚ ਇਕਸਾਰਤਾ ਲਿਆਉਣ ਲਈ ਤਾਕਤ ਦਾ ਸਹਾਰਾ ਲੈਂਦਾ ਹੈ। ਇਸਲਾਮ ਅਤੇ ਕ੍ਰਿਸਚੀਐਨਟੀ ਦੇ ਇਤਿਹਾਸ ਦੇ ਕੁਝ ਸਫੇ ਪਰਸਪਰ ਵਿਨਾਸ਼ਕਾਰੀ ਪਾੜੇ ਦੇ ਖੂਨ ਨਾਲ ਲਿਖੇ ਗਏ ਹਨ। ਕੱਟੜਪੰਥੀ ਕੈਥੋਲਿਕਾਂ ਨੇ ਈਸਾ ਤੋਂ ਪਹਿਲਾਂ ਦੇ ਧਰਮਾਂ ਨੂੰ ਮੰਨਣ ਵਾਲਿਆਂ ਉੱਪਰ ਘੋਰ ਅਤਿਆਚਾਰ ਕੀਤਾ। ਇਨ੍ਹਾਂ ਵਿਚ ਸਪੇਨ ਦੇ ਹੋਰ ਧਰਮਾਂ ਨੂੰ ਮੰਨਣ ਵਾਲੇ, ਮਿਸਰ ਦੀ ਬੰਦਰਗਾਹ ਐਲਗਜ਼ੈਂਡਰੀਆ ਦੇ ਇਕ ਗੈਰ ਫਿਰਕੇ ਦੇ ਲੋਕ, ਸਪੇਨ ਦੇ ਇਕ ਪੂਰੀਟਾਨ (ਪ੍ਰੋਟੈਸਟੈਂਟ) ਫਿਰਕੇ ਦੇ ਲੋਕ, ਪੋਲ ਦੇ ਚੇਲੇ, ਕਥਾਰੀ ਫਰਾਂਸਿਸ ਦੇ ਚੇਲੇ (ਮੌਂਕ), ਹੋਰ ਫਰਾਇਰ ਮੌਂਕ, ਚੈਕੋਸਲੋਵਾਕੀਆ ਦੇ ਹੱਸ ਦੇ ਚੇਲੇ ਜੋ ਕੈਥੋਲਿਕਾਂ ਦੇ ਵਿਰੁੱਧ ਸਨ, ਇੰਗਲੈਂਡ ਵਿੱਚ ਵਾਈਕਲਿਫ ਦੇ ਚੇਲੇ ਜੋ ਪੋਪ ਉੱਪਰ ਕਿੰਤੂ ਕਰਦੇ ਸਨ, ਬੇਗਾਰਡ ਦੇ ਚੇਲੇ, ਪੈਟਰੋਬ੍ਰਸ਼ੀਆ ਦੇ ਚੇਲੇ, ਜਰਮਨ ਹੈਨਰਾਈਕ ਦੇ ਚੇਲੇ, ਇੰਗਲੈਂਡ ਦੇ ਆਰਨੋਲਡ ਫਿਰਕੇ ਦੇ ਲੋਕ, ਮਾਰਟਿਨ ਲੂਥਰ ਦੇ ਜਰਮਨ ਦੇ ਪ੍ਰੋਟੈਸਟੈਂਟ ਫਿਰਕੇ ਦੇ ਲੋਕ, ਸਵਿਟਜ਼ਰਲੈਂਡ ਦੇ ਪੂਰਾਟਿਨ ਫਿਰਕੇ ਦੇ ਲੋਕ ਅਤੇ ਕਈ ਈਸਾਈ ਫਿਰਕਿਆਂ ਦੇ ਲੋਕ ਸ਼ਾਮਲ ਹਨ। 63ਵੀਂ ਸਦੀ ਏ ਐੱਚ ਵਿੱਚ ਕੈਥੋਲਿਕਾਂ ਦੇ ਬੇਜ਼ਾਇਰ ਨਾਮ ਦੇ ਕਸਬੇ ਦੇ ਸਾਰੇ ਵਸਨੀਕਾਂ ਨੂੰ ਕਤਲ ਕਰ ਦਿੱਤਾ ਅਤੇ ਲਾਵਲ ਨਾਮ ਦੇ ਸ਼ਹਿਰ ਵਿੱਚ 400 ਦੇ ਕਰੀਬ ਕੈਥੋਲਿਕ ਧਰਮ ਤੋਂ ਮੁਨਕਰ ਹੋਏ ਲੋਕਾਂ ਨੂੰ ਇਕ ਦਿਨ ਵਿੱਚ ਹੀ ਇਕੱਠੇ ਜਲਾ ਦਿੱਤਾ ਗਿਆ। ਲੋਰਾਂਟੋ ਜੋ ਕਿ ਤਹਿਕੀਕਾਤ ਦਾ ਇਤਿਹਾਸ ਰੱਖਦਾ ਹੈ, ਦਾ ਅੰਦਾਜ਼ਾ 6478 ਏ ਐੱਚ ਤੋਂ ਲੈ ਕੇ 6808 ਏ ਐੱਚ ਦੇ ਦੌਰਾਨ ਸਪੇਨ ਵਿੱਚ 363000 ਤੋਂ ਵੱਧ ਬੰਦਿਆਂ ਨੂੰ ਮੌਤ ਜਾਂ ਹੋਰ ਸਜ਼ਾਵਾਂ ਦਿੱਤੀਆਂ ਗਈਆਂ।

ਇਹ ਤਾਂ ਰਹੀ ਕੈਥੋਲਿਕਾਂ ਦੀ ਗੱਲ। ਪਰ ਪ੍ਰੋਟੈਸਟੈਂਟਾਂ ਨੇ ਵੀ ਇੰਗਲੈਂਡ ਦੇ ਪੁਰੀਟਨ ਫਿਰਕੇ ਦੇ ਲੋਕਾਂ ਦਾ ਕਤਲੇਆਮ ਕੀਤਾ ਤਾਂ ਕਿ ਕੁਏਕਰਜ਼ (ਜੋ ਕਿ ਬਿਲਕੁਲ ਅਹਿੰਸਾ ਵਿੱਚ ਯਕੀਨ ਰੱਖਦੇ ਹਨ) ਅਤੇ ਯੁਨੀਟੇਰੀਅਨਜ਼ (ਅਜੋਕਾ ਈਸਾਈ ਮੱਤ) ਨੂੰ ਦਬਾਇਆ ਜਾ ਸਕੇ। ਇਸ ਅਤਿਆਚਾਰ ਨੂੰ ਉਹ ਆਪਣੇ ਧਰਮ ਪ੍ਰਤੀ ਆਪਣੇ ਫਰਜ਼ ਦੀ ਪੂਰਤੀ ਸਮਝਦੇ ਸਨ। ਯੂਨਾਨ ਦੇ ਕੱਟੜਪੰਥੀਆਂ ਨੇ ਅਜੋਕੇ ਰਸ਼ੀਅਨ ਚਰਚ ਦੇ ਚੇਲਿਆਂ ਜਿਵੇਂ ਕਿ ਸੰਟਡਿਸਟਸ, ਡੂਕਹੋਬਰਜ਼, ਮੋਲਾਕਿਨੀ ਅਤੇ ਹੋਰ ਫਿਰਕੇ ਅਤੇ ਯੂਨਾਨ ਦੇ ਨੈਸਟੋਰੀਅਨ ਫਿਰਕੇ ਦੇ ਲੋਕਾਂ ਉੱਪਰ ਅਤਿਆਚਾਰ ਕੀਤੇ। ਇਕ ਮੁਸਲਮ ਪ੍ਰਚਾਰਕ ਜੋ ਕਿ ਮੋਲਾਣਿਆਂ ਨਾਲ ਮੱਤ ਭੇਦ ਰੱਖਦਾ ਸੀ ਨੂੰ ਕੁਝ ਸਾਲ ਪਹਿਲਾਂ ਅਫਗਾਨਿਸਤਾਨ ਵਿੱਚ, ਅੱਧੇ ਧੜ ਤੱਕ ਜ਼ਮੀਨ ਵਿੱਚ ਗੱਡ ਕੇ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਗਿਆ। ਲੂਸਰੀਸ਼ੀਅਸ ਨੇ ਅਜਿਹੇ ਅਤਿਆਚਾਰਾਂ ਨੂੰ ਰਹਿੰਦੀ ਦੁਨੀਆ ਤੱਕ ਰਹਿਣ ਵਾਲਾ ਕਲੰਕ ਆਖਿਆ। ਉਸ ਦਾ ਕਥਨ ਹੈ, 'ਧਰਮ ਕਿਤਨੀ ਬੁਰਾਈ ਦੀ ਹੱਦ ਤੱਕ ਉਤਰ ਸਕਦਾ ਹੈ।'

ਅਸਲ ਵਿੱਚ ਇਹ ਅਸਹਿਣਸ਼ੀਲਤਾ ਆਸਤਿਕਵਾਦ ਦੀ ਜ਼ਿੰਦਗੀ ਦੀ ਸਾਹ ਪ੍ਰਣਾਲੀ ਹੈ। ਇਹ ਪਵਿੱਤਰਤਾ ਦੇ ਸ਼ਰਧਾਲੂਆਂ ਦੇ ਮਨ ਵਿੱਚ ਦੋਸਤੀ ਅਤੇ ਪਰਿਵਾਰਕ ਪਿਆਰ ਵੱਲੋਂ ਮੋੜ ਦਿੰਦੀ ਹੈ। ਜੇਕਰ ਕੋਈ ਇਨਸਾਨ 'ਰੱਬ' ਜਾਂ ਕਿਸੇ ਖਾਸ 'ਰੱਬੀ ਬਾਣੀ' ਵਿੱਚ ਵਿਸ਼ਵਾਸ ਨਹੀਂ ਰੱਖਦਾ ਤਾਂ ਉਸ ਦੇ ਮਾਂ ਬਾਪ ਅਤੇ ਭੈਣ ਭਾਈ ਉਸ ਤੋਂ ਦੂਰ ਰਹਿੰਦੇ ਹਨ ਅਤੇ ਉਸ ਨਾਲ ਨਫਰਤ ਕਰਦੇ ਹਨ। ਸਪੇਨ ਦੇ ਫਿਲਿਪ ਦੂਸਰੇ ਨੇ ਕਿਹਾ ਸੀ, 'ਜੇਕਰ ਮੇਰਾ ਆਪਣਾ ਪੁੱਤਰ ਵੀ ਕਾਫਿਰ ਬਣ ਜਾਵੇ ਤਾਂ ਮੈਂ ਉਸ ਨੂੰ ਖੰਭੇ ਨਾਲ ਬੰਨ ਕੇ ਜਿਉਂਦਾ ਜਲਾ ਦੇਵਾਂ।' ਇਕ ਕੈਥੋਲਿਕ ਪਾਦਰੀ ਮੈਥਿਊ ਓਰੇ ਦਾ ਭਤੀਜਾ ਕਾਫਿਰ ਹੋਣ ਕਰਕੇ ਜਿਉਂਦਾ ਜਲਾ ਦਿੱਤਾ ਗਿਆ ਸੀ। ਉਸ ਨੇ ਆਪਣੇ ਭਤੀਜੇ ਨੂੰ ਦੋਸ਼ੀ ਥਾਪਿਆ ਸੀ। ਕਈ ਤਿੱਖੇ ਆਸਤਿਕਵਾਦੀ ਧਰਮ ਦੇ ਬਾਗੀਆਂ ਨੂੰ ਜਾਂ ਦੂਸਰੇ ਧਰਮ ਜਾਂ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਲਈ ਹਰ ਵਕਤ ਤਿਆਰ ਰਹਿੰਦੇ ਹਨ। ਈਰਾਨ ਦੇ ਕਈ ਪੁਰਾਣੇ ਸਰਬ ਦੇਵਤਾਵਾਦੀਆਂ (ਬਾਬੀਜ਼) ਨੇ ਆਪਣੀ ਹੀ ਲਹਿਰ ਦੇ ਵਿਰੋਧੀ ਦਲ ਦੇ ਬੰਦਿਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ।

ਆਸਤਿਕਵਾਦ ਕਤਲੋਗਾਰਤ ਕਰਨ ਲਈ ਭੜਕਾਉਂਦਾ ਹੈ ਅਤੇ ਕਤਲੋਗਾਰਤ ਨੂੰ ਵਡਿਆਉਂਦਾ ਵੀ ਹੈ। ਮਨੁੱਖੀ ਭਾਵਨਾਵਾਂ ਦਾ ਇਹ ਦੁਖਾਂਤ ਮਨੋਵਿਗਿਆਨੀਆਂ ਦੁਆਰਾ ਪ੍ਰਮਾਣਿਤ ਕੀਤੀ ਗਈ ਹਕੀਕਤ ਹੈ। ਆਸਤਿਕਵਾਦ ਇਨਸਾਨਾਂ ਨੂੰ 'ਰੱਬ' ਨਾਲ ਇਤਨਾ ਪਿਆਰ ਕਰਨਾ ਸਿਖਾ ਦਿੰਦਾ ਹੈ ਕਿ ਆਸਤਿਕਵਾਦੀ ਲੋਕ ਉਨ੍ਹਾਂ ਲੋਕਾਂ ਨੂੰ ਘਿਰਣਾ ਕਰਨ ਲੱਗਦੇ ਹਨ ਜੋ ਸੱਚੇ ਦਿਲ ਨਾਲ ਰੱਬ ਦੀ ਹੋਂਦ ਦੇ ਨਾ ਮੰਨਣਯੋਗ ਸਿਧਾਂਤ ਨੂੰ ਨਹੀਂ ਮੰਨ ਸਕਦੇ। ਜਿਤਨੀ ਦੇਰ ਇਹ ਨਹਿਸ਼ ਅਤੇ ਕੁਲੱਛਣੇ ਭਰਮ ਰਹਿਣਗੇ ਉਤਨੀ ਦੇਰ ਮਨੁੱਖ ਜਾਤੀ ਦੀ ਏਕਤਾ ਸੰਭਵ ਨਹੀਂ ਹੋ ਸਕਦੀ। ਆਸਤਿਕਵਾਦ ਦਲੀਲ ਅਤੇ ਸਦਾਚਾਰੀ ਦੋਹਾਂ ਨੂੰ ਨਾ ਮਨਜ਼ੂਰ ਕਰਦਾ ਹੈ। ਇਹ ਮੋਲਖ (ਫਲਾਸਤੀਨ ਦੇ ਪੁਰਾਣੇ ਕਬੀਲਿਆਂ ਦਾ ਇਕ ਦੇਵਤਾ ਜਿਸ ਦੇ ਅੱਗੇ ਬੱਚਿਆਂ ਦੀ ਬਲੀ ਚੜ੍ਹਾਉਂਦੇ ਸਨ) ਮੁਰਦਾਬਾਦ।

ਕਹਾਣੀ

# ਸ਼ਨੱਕ

## ਹਰਪ੍ਰੀਤ ਸੇਖਾ

'ਸਨੋਅ ਸਾਫ਼ ਕਰਨ ਜਾਵਾਂ ਜਾਂ ਨਾ?'

ਗੋਡੇ-ਗੋਡੇ ਪਈ ਬਰਫ਼ ਦੇਖ ਕੇ ਇੱਕ ਵਾਰ ਤਾਂ ਕਮਲ ਦਾ ਤਰਾਹ ਨਿਕਲ ਗਿਆ। 'ਕਿਵੇਂ ਸਾਫ਼ ਕਰੂੰ ਐਨੀ! ਹਾਲੇ ਥੋੜ੍ਹਾ ਚਿਰ ਪਹਿਲਾਂ ਤਾਂ ਡਰਾਈਵਵੇਅ ਸਾਫ਼ ਕੀਤੈ। ਓਨੀ ਫੇਰ ਪੈ ਗਈ ਆ।' ਉਹ ਕੁਝ ਪਲ ਉਸੇ ਤਰ੍ਹਾਂ ਹੀ ਖੜ੍ਹੀ ਬਾਹਰ ਵਲ ਦੇਖਦੀ ਰਹੀ। 'ਕਰਾਂ ਫਿਰ ਸਾਫ਼ ਜਾ ਕੇ?' ਉਸ ਨੇ ਸੋਚਿਆ।

'ਹਾਲੇ ਤਾਂ ਪੂਰੀ ਦਿਹਾੜੀ ਸਿਰ 'ਤੇ ਪਈ ਆ। ਸ਼ਾਮ ਨੂੰ ਕੰਮ 'ਤੇ ਵੀ ਸਾਰੀ ਸ਼ਿਫ਼ਟ ਪੈਰਾਂ 'ਤੇ ਹੀ ਕੱਢਣੀ ਆ,' ਉਸ ਦੇ ਦੂਜੇ ਚਿੱਤ ਨੇ ਕਿਹਾ।

'ਪਰ ਇਹ ਤਾਂ ਹਟਾਇਆਂ ਈ ਹਟੂ। ਐਂ ਦੇਖਦੇ ਰਹਿਣ ਨਾਲ ਨ੍ਹੀ ਸਰਨਾ।'

'ਗੁਰਨੂਰ ਦੇ ਜਾਗਣ ਦਾ ਵੀ ਟਾਈਮ ਹੋਣ ਵਾਲੈ। ਜੇ ਉੱਠ ਪਿਆ ਤਾਂ ਕਿੱਥੇ ਭੋਰਾ-ਭਰ ਨੂੰ ਠੰਡ 'ਚ ਲਿਜਾਊਂ?' ਖਿੜਕੀ ਵਿੱਚੋਂ ਬਾਹਰ ਦੇਖਦਿਆਂ ਕਮਲ ਦੁਚਿੱਤੀ 'ਚ ਪੈ ਗਈ।

ਜਦ ਦੀ ਕਮਲ ਦੀ ਅੱਖ ਖੁੱਲ੍ਹੀ ਸੀ, ਬਰਫ਼ ਦੇ ਫੰਬੇ ਡਿੱਗ ਰਹੇ ਸਨ। ਦੁਪਹਿਰ ਤੱਕ ਧਰਤੀ 'ਤੇ ਬਰਫ਼ ਦੇ ਅੰਬਰ ਲੱਗ ਗਏ ਸਨ। ਉਹ ਨਾਲ ਦੀ ਨਾਲ ਦੋ ਵਾਰ ਆਪਣੀ ਕਾਰ ਲੰਘਾਉਣ ਲਈ ਡਰਾਈਵਵੇਅ ਤੋਂ ਬਰਫ਼ ਹਟਾ ਚੁੱਕੀ ਸੀ। ਇਸ ਤਰ੍ਹਾਂ ਕਰਦੀ ਉਹ ਮੁੜ੍ਹਕੋ-ਮੁੜ੍ਹਕੀ ਹੋ ਗਈ ਸੀ। ਪਰ ਓਨੀ ਹੀ ਫਿਰ ਬਰਫ਼ ਪੈ ਗਈ ਸੀ। ਖਿੜਕੀ ਰਾਹੀਂ ਦੇਖਦੀ ਕਮਲ ਨੇ ਆਪਣੀਆਂ ਲੱਤਾਂ ਵਿੱਚ ਥਕੇਵਾਂ ਮਹਿਸੂਸ ਕੀਤਾ। ਉਹ ਉੱਥੇ ਹੀ ਸੋਫ਼ੇ 'ਤੇ ਬੈਠ ਗਈ। ਉਸ ਦਾ ਜੀਅ ਕੀਤਾ ਕਿ ਸਾਹਮਣੇ ਪਏ ਮੇਜ਼ 'ਤੇ ਲੱਤਾਂ ਨਿਸਾਲ ਕੇ ਆਰਾਮ ਨਾਲ ਬੈਠੇ। ਫਿਰ ਉਸ ਨੇ ਆਪਣੇ ਆਪ ਨੂੰ ਹੀ ਕਿਹਾ, "ਕਿਵੇਂ ਬਹਿ ਜਾਂ ਆਰਾਮ ਨਾਲ, ਹਾਲੇ ਤਾਂ ਵੀਹ ਕੰਮ ਪਏ ਆ ਕਰਨ ਵਾਲੇ।" ਉਹ ਸੋਚਣ ਲੱਗੀ ਕਿ ਸ਼ਾਮ ਦੇ ਖਾਣੇ ਲਈ ਕੀ ਬਣਾ ਕੇ ਰੱਖੇ। ਬੱਚਿਆਂ ਵਾਸਤੇ ਉਸ ਨੇ ਸੋਚ ਲਿਆ ਕਿ ਮੈਕਰੋਨੀ ਬਣਾ ਦੇਵੇਗੀ ਪਰ ਗੁਰਚਰਨ ਲਈ ਕੀ ਬਣਾਵੇ? ਗੁਰਚਰਨ ਦਾ ਖਿਆਲ ਆਉਂਦੇ ਹੀ ਉਸ ਦੇ ਅੰਦਰ ਡਰ ਉਪਜਿਆ। 'ਜੇ ਉਹ ਘਰ ਵਾਪਸ ਨਾ ਆਇਆ?'

'ਜੇ ਨਾ ਆਊ ਤਾਂ ਹੋਰ ਕਿੱਥੇ ਜਾਊ, ਆਪੇ ਆ ਜਾਊ, ਅੱਗੇ ਵਾਂਗ ਇੱਕ-ਦੋ ਦਿਨ ਮੂੰਹ ਫੁਲਾ ਕੇ ਠੀਕ ਹੋ ਜਾਊ,' ਇਹ ਸੋਚ ਕੇ ਉਸ ਨੇ ਆਪਣੇ-ਆਪ ਨੂੰ ਧਰਵਾਸਾ ਦੇਣ ਦੀ ਕੋਸ਼ਿਸ਼ ਕੀਤੀ। ਪਰ ਅਗਲੇ ਹੀ ਪਲ ਉਸ ਦੇ ਅੰਦਰ ਗੁਰਚਰਨ ਦਾ ਕੱਲ੍ਹ ਸ਼ਾਮ ਨੂੰ ਆਂਟੀ ਦੇ ਘਰ ਚਲੇ ਜਾਣਾ ਤੇ ਉੱਥੋਂ ਹੀ ਸਵੇਰੇ ਕੰਮ 'ਤੇ ਚਲਿਆ ਜਾਣਾ, ਖਤਰੇ ਦੀ ਘੰਟੀ ਬਣ ਕੇ ਖੜਕਿਆ। ਉਸ ਦੇ ਚਿੱਤ 'ਚ ਆਈ ਕਿ ਆਂਟੀ ਨੂੰ ਫ਼ੋਨ ਕਰਕੇ ਗੁਰਚਰਨ ਬਾਰੇ ਪਤਾ ਕਰੇ ਪਰ ਉਸ ਨੇ ਆਪਣੇ-ਆਪ ਨੂੰ ਇਹ ਸੋਚ ਕੇ ਰੋਕ ਲਿਆ ਕਿ ਸ਼ਾਇਦ ਗੁਰਚਰਨ ਨੇ ਇਸ ਬਾਰੇ ਆਂਟੀ ਨਾਲ ਗੱਲ ਨਾ ਹੀ ਕੀਤੀ ਹੋਵੇ। ਫਿਰ ਉਸ ਨੂੰ ਗੁਰਚਰਨ ਦੇ ਬੋਲ ਚੇਤੇ ਆਏ। ਉਸ ਨੇ ਕਿਹਾ ਸੀ, "ਕਿੰਨਾਂ ਕੁ ਜ਼ਲੀਲ ਕਰਾਏਂਗੀ ਮੈਨੂੰ!"

'ਹੁਣ ਸਾਡੇ ਕਰਕੇ ਜ਼ਲੀਲ ਹੋਣ ਲੱਗ ਪਿਐ, ਉਦੋਂ ਕਹਿੰਦਾ ਹੁੰਦਾ ਸੀ ਕਿ ਸਹਾਰੇ ਦੀ ਜ਼ਰੂਰਤ ਹੈ। ਕਿੰਨਾਂ ਛੇਤੀ ਬਦਲ ਜਾਂਦੈ ਬੰਦਾ!' ਡੂੰਘਾ ਸਾਹ ਲੈ ਕੇ ਉਹ ਉੱਠਦਿਆਂ ਬੋਲੀ, "ਬੈਠਿਆਂ ਕਿੱਥੇ ਸਰਨਾ ਭੈਣੇ, ਗੁਰਨੂਰ ਦੇ ਸੁੱਤੇ-ਸੁੱਤੇ ਜਿੰਨਾ ਕੰਮ ਨਬੇੜ ਹੁੰਦੈ ਨਬੇੜ ਲਵਾਂ।" ਰਸੋਈ ਵਿੱਚ ਜਾ ਕੇ ਉਸ ਨੇ ਮੈਕਰੋਨੀ ਨੂੰ ਉੱਬਲਣਾ ਧਰ ਦਿੱਤਾ ਅਤੇ ਫਰਿੱਜ ਵਿੱਚੋਂ ਹਰੀ ਤੇ ਪੀਲੀ ਸ਼ਿਮਲਾ ਮਿਰਚ, ਟਮਾਟਰ ਅਤੇ ਖੁੰਬਾਂ ਕੱਢ ਕੇ ਉਨ੍ਹਾਂ ਦੇ ਛੋਟੇ-ਛੋਟੇ ਟੁਕੜੇ ਕਰਨ ਲੱਗੀ। 'ਚੱਲ, ਗੁਰਚਰਨ ਵਾਸਤੇ ਖੁੰਬਾਂ ਦੀ ਸਬਜ਼ੀ ਹੀ ਬਣਾ ਦਿੰਨੀ ਆਂ,' ਉਸ ਨੂੰ ਔੜਿਆ। "ਮੈਕਰੋਨੀ ਖਾਂਦੇ ਨੂੰ ਪਤਾ ਨ੍ਹੀ ਕੀ ਤਕਲੀਫ਼ ਹੁੰਦੀ ਆ। ਅਖੇ ਰੋਟੀ ਤੋਂ ਬਿਨਾਂ ਨ੍ਹੀ ਕੁਝ ਚੰਗਾ ਲਗਦਾ। ਸਾਰੇ ਟੱਬਰ ਵਾਸਤੇ ਅੱਡੋ-ਅੱਡ ਬਣਾਵੋ!" ਉਸ ਨੇ ਆਪਣੇ-ਆਪ ਨੂੰ ਹੀ ਕਿਹਾ। ਉਸ ਦੇ ਦਿਮਾਗ ਵਿੱਚ ਆਪਣੀ ਸਹਿਕਾਮੀ, ਪਾਲੀ ਦੇ ਬੋਲ ਗੂੰਜੇ। ਉਹ ਆਖਦੀ, "ਐਵੇਂ ਨਾ ਫੇਰ ਵਿਆਹ ਦੇ ਚੱਕਰ 'ਚ ਫਸ ਜਾਈਂ, ਮਸਾਂ ਨਿਕਲੀ ਐਂ ਗੁਲਾਮੀ 'ਚੋਂ, ਯੂ ਨੋਅ ਵਾਟ੍ਹ ਆਈ ਮੀਨ।" ਫਿਰ ਉਸ ਨੂੰ ਪਾਲੀ ਦੀ 'ਪੂਛ' ਵਾਲੀ ਗੱਲ ਚੇਤੇ ਆ ਗਈ।

"ਹਾਲੇ ਤੱਕ ਨਾਲ ਲਾਈ ਫਿਰਦੀ ਐਂ ਓਹਦੀ ਪੂਛ।" ਉਸ ਵੇਲੇ ਕਮਲ ਦੇ ਤਲਾਕ ਹੋਏ ਨੂੰ ਹਾਲੇ ਕੁਝ ਮਹੀਨੇ ਹੀ ਹੋਏ ਸਨ। ਕੰਪਨੀ ਦੇ ਕਿਸੇ ਫਾਰਮ ਉੱਤੇ ਦਸਤਖ਼ਤ ਕਰਦਿਆਂ ਕਮਲ ਨੇ ਜਦ ਹਰਕਮਲ 'ਬਾਜ਼' ਲਿਖਿਆ ਤਾਂ ਪਾਲੀ ਨੇ ਇਹ ਕਿਹਾ ਸੀ।

ਕਮਲ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ। ਉਸ ਨੂੰ ਪਾਲੀ ਦੀ ਗੱਲ ਸਮਝ ਨਹੀਂ ਸੀ ਲੱਗੀ। ਪਾਲੀ ਬੋਲੀ, "ਆਵਦੇ ਐਕਸ ਦਾ ਲਾਸਟ ਨਾਂ----ਲਾਹ ਕੇ ਪਾਸੇ ਮਾਰ।"

ਕਮਲ ਨੇ ਪਹਿਲਾਂ ਕਦੇ ਇਸ ਬਾਰੇ ਸੋਚਿਆ ਹੀ ਨਹੀਂ ਸੀ। ਉਹ ਬੋਲੀ, "ਹੋਰ ਫਿਰ ਆਵਦੇ ਪੇਰੈਂਟਸ ਵਾਲਾ ਲਾਸਟ ਨਾਂ ਮੁੜ ਕੇ ਲਾ ਲਵਾਂ?"

"ਆਪ ਕਮਾਉਨੀ ਐਂ। ਆਪ ਆਪਣੇ ਬੱਚੇ ਪਾਲਦੀ ਐਂ। ਆਪਣਾ ਨਾਂ ਆਪ ਚੁਣ। ਹੈੱਲ ਵਿਦ ਪੇਰੈਂਟਸ।" ਕਮਲ ਨੂੰ ਲੱਗਾ ਜਿਵੇਂ 'ਹੈੱਲ ਵਿਦ ਪੇਰੈਂਟਸ'ਆਖਦਿਆਂ ਪਾਲੀ ਦੀ ਆਵਾਜ਼ ਥੋੜ੍ਹੀ ਉੱਚੀ ਹੋ ਗਈ ਸੀ। ਪਾਲੀ ਫਿਰ ਬੋਲੀ, "ਲੁੱਕ ਐਟ ਦਿਸ। ਮੈਂ ਆਪਣਾ ਲਾਸਟ ਨਾਂ ਆਪ ਚੁਣਿਐ।"

ਕਮਲ ਨੇ ਉਸ ਦੇ ਫਾਰਮ ਵੱਲ ਵੇਖਿਆ । ਜਸਪਾਲ 'ਪਾਲੀ' ਵੇਖ ਕੇ ਕਮਲ ਨੇ "ਗੁੱਡ ਫਾਰ ਯੂ," ਆਖ ਕੇ ਉਸ ਦਾ ਫਾਰਮ ਮੋੜ ਦਿੱਤਾ। ਪਰ ਇਹ 'ਪੂਛ' ਵਾਲੀ ਗੱਲ ਕਮਲ ਦੇ ਦਿਮਾਗ ਵਿੱਚ ਅੜ ਗਈ। ਹਰਕਮਲ ਦੇ ਪਿੱਛੇ 'ਬਾਜ਼' ਲਿਖਦਿਆਂ ਉਸ ਦੇ ਦਿਮਾਗ ਵਿੱਚ 'ਪੂਛ-ਪੂਛ' ਹੋਣ ਲਗਦੀ। ਉਹ ਸੋਚਦੀ ਕਿ ਉਹ ਵੀ 'ਬਾਜ਼' ਦੀ ਥਾਂ 'ਕਮਲ' ਲਾ ਲਵੇ। ਫਿਰ ਉਸ ਨੂੰ ਖਿਆਲ ਆਉਂਦਾ ਕਿ ਬੱਚਿਆਂ ਦੇ ਨਾਵਾਂ ਮਗਰ ਤਾਂ 'ਬਾਜ਼' ਹੈ। ਇਸ ਤਰ੍ਹਾਂ ਬੱਚਿਆਂ ਨਾਲ ਵਖਰੇਵਾਂ ਹੋ ਜਾਵੇਗਾ। ਬੱਚੇ ਵਿਚਾਰੇ ਵੱਡੇ ਹੋ ਕੇ ਕੀ ਸੋਚਣਗੇ ਕਿ ਪਿਓ ਤਾਂ ਓਹਨਾਂ ਦੇ ਕੋਲ ਹੈ ਹੀ ਨਹੀਂ ਸੀ ਤੇ ਮਾਂ ਨੇ ਵੀ ਉਨ੍ਹਾਂ ਨਾਲੋਂ ਵੱਖਰਾ ਨਾਂ ਰੱਖ ਲਿਆ। ਫਿਰ ਉਹ ਬੱਚਿਆਂ ਦਾ ਨਾਂ ਵੀ ਆਪਣੇ ਨਾਂ ਵਾਲਾ ਹੀ ਬਦਲਣ ਦਾ ਵਿਚਾਰ ਕਰਨ ਲੱਗਦੀ। ਇਸ ਤਰ੍ਹਾਂ ਕਰਨ ਲਈ ਉਸ ਨੇ ਵਕੀਲ ਨੂੰ ਪੁੱਛਿਆ ਵੀ ਸੀ। ਵਕੀਲ ਨੇ ਉਸ ਨੂੰ ਦੱਸਿਆ ਕਿ ਬੱਚਿਆਂ ਦਾ ਨਾਂ ਬਦਲਣ ਲਈ ਉਨ੍ਹਾਂ ਦੇ ਪਿਤਾ ਤੋਂ ਇਜਾਜ਼ਤ ਲੈਣੀ ਪਵੇਗੀ। ਜੇ ਉਸ ਨੇ ਆਗਿਆ ਨਾ ਦਿੱਤੀ ਤਾਂ ਕੋਈ ਆਧਾਰ ਬਣਾ ਕੇ ਕੇਸ ਕੀਤਾ ਜਾ ਸਕਦਾ ਹੈ। ਇਜਾਜ਼ਤ ਅਤੇ ਕੇਸ ਦਾ ਨਾਂ ਸੁਣ ਕੇ ਕਮਲ ਨੇ ਚੁੱਪ ਵੱਟ ਲਈ। 'ਐਂ ਤਾਂ ਸਾਰੀ ਕਮਾਈ ਵਕੀਲਾਂ ਦੇ ਚੱਕਰਾਂ ਵਿੱਚ ਹੀ ਮੁਕਾ ਲਊਂ,' ਉਸ ਨੇ ਸੋਚਿਆ। ਤੇ ਨਾਂ ਬਦਲਣ ਵਾਲਾ ਕੰਮ ਉਸ ਨੇ ਕਿਸੇ ਹੋਰ ਮੌਕੇ ਲਈ ਛੱਡ ਦਿੱਤਾ। ਪਰ ਇਹ ਪੂਛ ਉਸ ਨੂੰ ਅਕਸਰ ਹੀ ਤੰਗ ਕਰਦੀ। ਤੇ ਜਦ ਕਮਲ ਨੇ ਸੁਣਿਆ ਕਿ ਬੱਚਿਆਂ ਦਾ ਪਿਤਾ, ਜਿੰਦਰ ਇੰਡੀਆ ਜਾ ਕੇ ਨਵਾਂ ਵਿਆਹ ਕਰਵਾ ਆਇਆ ਹੈ ਤਾਂ ਕਮਲ ਦੇ ਚਿੱਤ 'ਚ ਆਇਆ, 'ਉਸ ਨੇ ਤਾਂ ਕਦੇ ਬੱਚਿਆਂ ਨੂੰ ਮਿਲਣ ਦੀ ਵੀ ਕੋਸ਼ਿਸ਼ ਨਹੀਂ ਕੀਤੀ ਅਤੇ ਤਲਾਕ ਮੌਕੇ ਵੀ ਬਿਨਾਂ ਕਿਸੇ ਹੀਲ-ਹੁੱਜਤ ਦੇ ਬੱਚਿਆਂ ਦੀ ਪੂਰੀ-ਸੂਰੀ ਦੇਖ-ਭਾਲ

ਮੇਰੇ ਕੋਲ ਰਹਿਣ ਦਿੱਤੀ ਸੀ। ਜਦ ਉਸ ਦੀ ਬੱਚਿਆਂ ਨਾਲ ਕੋਈ ਅਟੈਚਮੈਂਟ ਹੀ ਨਹੀਂ, ਫਿਰ ਉਹ ਉਨ੍ਹਾਂ ਦਾ ਲਾਸਟ ਨਾਂ ਬਦਲਣ ਦੀ ਕਿਓਂ ਨਾ ਆਗਿਆ ਦੇਵੇਗਾ,' ਇਹ ਸੋਚ ਕੇ ਕਮਲ ਨੇ ਵਕੀਲਾਂ ਦੇ ਖਰਚ ਤੋਂ ਬਚਣ ਲਈ ਕਿਸੇ ਸਾਂਝੇ ਬੰਦੇ ਰਾਹੀਂ ਨਾਂ ਬਦਲਣ ਵਾਲੀ ਗੱਲ ਜਿੰਦਰ ਤੱਕ ਪਹੁੰਚਾਈ ਸੀ। ਉਸ ਦਾ ਸਖਤ ਇਨਕਾਰ ਸੁਣ ਕੇ ਕਮਲ ਨੇ ਤੱਤੇ ਘਾਅ ਕੇਸ ਲੜਣ ਦਾ ਇਰਾਦਾ ਕਰ ਲਿਆ ਪਰ ਥੋੜ੍ਹੀ ਦੇਰ ਬਾਅਦ ਵਕੀਲਾਂ ਦੇ ਖਰਚ ਬਾਰੇ ਸੋਚ ਕੇ ਇਸ ਕੰਮ ਨੂੰ ਆਰਥਿਕ ਤੌਰ 'ਤੇ ਕਿਸੇ ਸੌਖੇ ਵੇਲੇ ਲਈ ਛੱਡ ਦਿੱਤਾ। ਕਮਲ ਸੋਚਣ ਲੱਗੀ , 'ਓਹਨੂੰ ਕਿੰਨੀ ਮੌਜ ਆ ਪਹਿਲੇ ਬੱਚਿਆਂ ਦਾ ਕੋਈ ਫ਼ਿਕਰ ਵੀ ਨਹੀਂ ਤੇ ਨਵੀਂ ਘਰਵਾਲੀ ਲੈ ਆਇਐ। ਪਰ ਬੱਚਿਆਂ ਦੇ ਮਗਰ ਹਾਲੇ ਵੀ ਉਹਦੇ ਨਾਂ ਦੀ ਹੀ ਪੂਛ ਹੈ। ਤੇ ਮੈਨੂੰ ਲੜਨਾ ਪੈਂਦਾ ਆਪਨਾ ਨਾਂ ਲੈਣ ਲਈ।' ਕਮਲ ਨੂੰ ਖਿਝ ਚੜ੍ਹਨ ਲੱਗੀ। ਫਿਰ ਉਸ ਨੂੰ ਆਪਣੇ ਆਪ ਉੱਪਰ ਹੀ ਗੁੱਸਾ ਆਉਣ ਲੱਗਾ ਕਿ ਕਿਓਂ ਉਸ ਨੇ ਬੱਚਿਆਂ ਦੀ ਸਾਰੀ ਜੁੰਮੇਵਾਰੀ ਆਪਣੇ ਸਿਰ ਹੀ ਲੈ ਲਈ ਸੀ। ਪਰ ਇਹ ਗੁੱਸਾ ਥੋੜ-ਚਿਰਾ ਹੀ ਸੀ ਤੇ ਕਮਲ ਨੂੰ ਉਸ ਘਰ ਵਿੱਚ ਰਹਿੰਦੇ ਕਲੇਸ਼ ਦਾ ਖਿਆਲ ਆ ਗਿਆ। ਤੇ ਫਿਰ ਕਮਲ ਨੂੰ ਜਿੰਦਰ ਨਾਲ ਗੁਜ਼ਾਰੇ ਆਖਰੀ ਦਿਨ ਦਾ ਚੇਤਾ ਆ ਗਿਆ। ਲੜਦੇ ਤਾਂ ਉਹ ਆਮ ਹੀ ਰਹਿੰਦੇ ਸਨ, ਪਰ ਉਸ ਦਿਨ ਜਿੰਦਰ ਨੇ ਹੱਥ ਚੁੱਕ ਲਿਆ ਸੀ ਤੇ ਉਸ ਦਾ ਚੁੱਕਿਆ ਹੱਥ ਕਮਲ ਦੇ ਚੇਤਿਆਂ ਵਿੱਚ ਨਾਸੂਰ ਬਣ ਗਿਆ ਸੀ।

ਉਸ ਦਿਨ ਜਿੰਦਰ ਨੇ ਕਿਹਾ ਸੀ, "ਅੱਜ ਫੇਰ ਨ੍ਹੀ ਲੈ ਕੇ ਗਈ ਮਨੀ ਐਕਸਚੇਂਜ ਦੇ?"

ਕਮਲ ਨੇ ਦੇਖਿਆ ਸੀ ਕਿ ਜਿੰਦਰ ਬਾਹਰੋਂ ਆ ਕੇ ਪਹਿਲਾਂ ਆਪਣੇ ਮਾਂ-ਪਿਓ ਦੇ ਕਮਰੇ ਵਿੱਚ ਗਿਆ ਸੀ ਤੇ ਫਿਰ ਉੱਥੋਂ ਨਿਕਲ ਕੇ ਉਸ ਨੇ ਇਸ ਤਰ੍ਹਾਂ ਕਿਹਾ ਸੀ।

"ਮੇਰੇ ਕੋਲ ਹੈ ਨ੍ਹੀ ਟਾਈਮ ਆਪਣੀ ਕਮਾਈ ਲੁਟਾਈ ਜਾਣ ਦਾ," ਕਮਲ ਨੇ ਜਵਾਬ ਦਿੱਤਾ।

"ਤੈਨੂੰ ਰਾਈਡ ਦੇਣ ਵਾਸਤੇ ਕਿਹਾ ਸੀ, ਕਮਾਈ ਉਨ੍ਹਾਂ ਨੇ ਆਪਣੀ ਭੇਜਣੀ ਆ।"

"ਜਿੰਨਾ ਕਮਾਉਂਦੇ ਆ ਇੰਡੀਆ ਵੀਰ ਜੀ ਨੂੰ ਭੇਜੀ ਜਾਂਦੇ ਆ ਤੇ ਓਥੇ ਓਹ ਨਸ਼ਿਆਂ 'ਚ ਉਡਾਈ ਜਾਂਦੇ ਆ ਐਥੇ ਸਾਨੂੰ ਕਦੇ ਇੱਕ ਸੈਂਟ ਨ੍ਹੀ ਦਿੱਤਾ। ਘਰ ਦਾ ਖਰਚ ਪਤਾ ਕਿਵੇਂ ਚਲਾਉਨੀ ਆਂ!"

"ਓਹਨਾਂ ਨੂੰ ਸੈਂਟ ਦੇਣ ਦੀ ਲੋੜ ਨ੍ਹੀ। ਓਹਨਾਂ ਦੇ ਪੁੱਤ ਦਾ ਘਰ ਆ।"

"ਪੁੱਤ ਤਾਂ ਜਿਵੇਂ ਕਮਾਈ ਕਰਕੇ ਬੈਂਕ ਭਰੀ ਜਾਂਦੈ। ਜਿੰਨੇ ਕਮਾਉਂਦੈ, ਓਨੇ ਦਾ ਨਸ਼ਾ ਕਰ ਲੈਂਦਾ।"

"ਜਦੋਂ ਵੇਖੋ ਸਾਲੀ ਸੂਈ ਕੁੱਤੀ ਵਾਂਗੂ ਖਾਣ ਨੂੰ ਆਉਂਦੀ ਆ।"

"ਮੇਰੇ ਨਾਲ ਏਦਾਂ ਬੋਲਣ ਦੀ ਲੋੜ ਨ੍ਹੀ। ਮੈਂ ਵੀ ਏਸ ਤਰ੍ਹਾਂ ਬੋਲ ਸਕਦੀ ਆਂ।"

"ਵੇਖ ਲਾ ਬੋਲ ਕੇ।"

"ਤੂੰ ਏਸ ਤਰ੍ਹਾਂ ਮੂਹਰੇ ਬੋਲਦੀ ਐਂ ਤਾਂ ਹੀ ਹੋਰ ਨਸ਼ੇ ਕਰਨ ਲੱਗਿਐ। ਜੇ ਚੱਜ-ਹਾਲ ਦੀ ਹੁੰਦੀ ਪਿਆਰ ਨਾਲ ਭਾਵੇਂ ਦਾਰੂ ਵੀ ਛਡਾ ਦਿੰਦੀ," ਕਮਲ ਨੇ ਦੇਖਿਆ ਕਿ ਉਸ ਦੀ ਸੱਸ ਆਪਣੇ ਕਮਰੇ ਵਿੱਚੋਂ ਬਾਹਰ ਆਉਂਦੀ ਆਖ ਰਹੀ ਸੀ।

"ਤੁਸੀਂ ਮੰਮੀ, ਮੈਨੂੰ ਬਲੇਮ ਕਰਨ ਲੱਗ ਜਾਨੇ ਆਂ। ਏਹਨੂੰ ਕਿਓਂ ਨ੍ਹੀ ਆਖਦੇ ਕਿ ਕੰਮ ਕਰਿਆ ਕਰੇ। ਨਾਲੇ ਜੇ ਇਹ ਮੇਰੇ ਕਰਕੇ ਨਸ਼ੇ ਕਰਨ ਲੱਗਿਆ ਐ ਤਾਂ ਵੀਰ ਜੀ ਨੂੰ ਤਾਂ ਨ੍ਹੀਂ ਲਾਇਆ ਮੈਂ ਨਸ਼ੇ ਕਰਨ।"

"ਸਿਆਣੇ ਧੀਆਂ-ਪੁੱਤ ਵੱਡਿਆਂ ਮੂਹਰੇ ਅੱਖ ਚੁੱਕ ਕੇ ਨ੍ਹੀ ਵੇਖਦੇ ਹੁੰਦੇ ਤੇ ਤੈਨੂੰ ਵੱਡੇ-ਛੋਟੇ ਕਿਸੇ ਦਾ ਲਿਹਾਜ ਈ ਨ੍ਹੀਂ," ਕਮਲ ਦੀ ਸੱਸ ਨੇ ਕਿਹਾ।

"ਜੇ ਇਵੇਂ ਸਮਝਦੇ ਐਂ ਤਾਂ ਓਹਦੇ ਕੋਲ ਚਲੇ ਜਾਓ, ਜਿਹੜੀ ਲਿਹਾਜ ਰੱਖਦੀ ਐ," ਕਮਲ ਬੋਲੀ।

"ਅਸੀਂ ਕਿਓਂ ਜਾਈਏ, ਸਾਡੇ ਪੁੱਤ ਦਾ ਘਰ ਐ। ਤੂੰ ਜਾਹ, ਜਿੱਥੇ ਜਾਣੀ ਐਂ।"

"ਪੁੱਤ ਕੀ ਲੱਗਦੈ, ਕਿਸ਼ਤਾਂ ਦਿੰਦੀ----।" ਕਮਲ ਨੇ ਹਾਲੇ ਗੱਲ ਵੀ ਪੂਰੀ ਨਹੀਂ ਸੀ ਕੀਤੀ ਕਿ ਜਿੰਦਰ ਹੱਥ ਚੁੱਕ ਕੇ ਬੋਲਿਆ, "ਤੈਨੂੰ ਮੈਂ ਕਰਦੈਂ ਸਿੱਧੀ ਅੱਜ।"

ਪਰ ਕਮਲ ਨੇ ਉਸ ਦਾ ਚੁੱਕਿਆ ਹੱਥ ਰਾਹ ਵਿੱਚ ਹੀ ਬੋਚ ਲਿਆ । ਤੇ ਉਹ ਘਰ ਖਿੱਲਰ ਗਿਆ।

ਸਬਜ਼ੀਆਂ ਕੱਟ ਰਹੀ ਕਮਲ ਨੇ ਸੋਚਿਆ, 'ਬੰਦੇ ਵਿਆਹ ਕਰਵਾ ਕੇ ਜਨਾਨੀਆਂ ਨੂੰ ਆਪਣੀ ਪਰੌਪਰਟੀ ਕਿਓਂ ਸਮਝਣ ਲੱਗ ਜਾਂਦੇ ਆ। ਜਿਉਂਦੇਂ ਭਾਵੇਂ ਜਨਾਨੀ ਦੀ ਕਮਾਈ ਸਿਰ ਹੋਣ। ਇਹ ਤਾਂ ਫਿਰ ਕਮਾਈ ਕਰਦੈ ਤੇ ਉਹ ਜਿਹੜਾ---।' ਜਿੰਦਰ ਦਾ ਖਿਆਲ ਆਉਂਦੇ ਹੀ ਕਮਲ ਦਾ ਹੱਥ ਤੇਜ਼ ਚੱਲਣ ਲੱਗਾ। ਚਾਕੂ ਉਸ ਦੀ ਉਂਗਲ ਉੱਤੇ ਫਿਰ ਗਿਆ। ਕਮਲ ਨੇ ਪੀੜ ਨਾਲ ਕਸੀਸ ਵੱਟੀ। ਉਂਗਲ ਵਿੱਚੋਂ ਖੂਨ ਵਗਣ ਲੱਗਾ। ਕਮਲ ਨੇ ਖੂਨ ਰੋਕਣ ਲਈ ਬੈਂਡਏਡ ਵਲ੍ਹੇਟ ਲਈ। ਬੈਂਡਏਡ ਵਲ੍ਹੇਟ ਕੇ ਮੁੜੀ ਕਮਲ ਨੇ ਇੱਕ ਨਜ਼ਰ ਫਿਰ ਖਿੜਕੀ ਰਾਹੀਂ ਬਾਹਰ ਵੱਲ ਮਾਰੀ ਅਤੇ ਉੱਥੋਂ ਰਸੋਈ ਵੱਲ ਮੁੜਦਿਆਂ ਉਸ ਦੀ ਨਿਗ੍ਹਾ ਕੰਧ ਉੱਪਰ ਟੰਗੀ ਉਨ੍ਹਾਂ ਦੀ ਪਰਿਵਾਰਕ ਤਸਵੀਰ ਨਾਲ ਟਕਰਾ ਗਈ। ਉਂਗਲ ਨੂੰ ਘੁੱਟੀ ਉਹ ਇਕ ਟੱਕ ਤਸਵੀਰ ਵੱਲ ਵੇਖਣ ਲੱਗੀ। ਗੁਰਚਰਨ ਦੇ ਮੋਢਿਆਂ ਉੱਪਰ ਚੜ੍ਹੇ ਬੈਠੇ ਅਰਜੁਨ, ਉਸ ਦੀ ਆਪਣੀ ਗੋਦੀ ਵਿੱਚ ਬਿਠਾਏ ਗੁਰਨੂਰ, ਸੱਜੇ ਖੜ੍ਹੀ ਸਿੰਮੀ ਦਾ ਮੁਸਕਰਾਉਂਦਾ ਮੁਖੜਾ ਅਤੇ ਫਿਰ ਗੁਰਚਰਨ ਦਾ ਖਿੜ੍ਹਿਆ ਚੇਹਰਾ ਨਿਹਾਰਦੀ ਕਮਲ ਨੇ ਸੋਚਿਆ ਕਿ ਉਸ ਨੂੰ ਗੁਰਚਰਨ ਦੀ ਇਹ ਨਾਂ ਬਦਲਣ ਵਾਲੀ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਚੁੱਪ ਕਰਕੇ ਬੱਚੇ ਪਾਲਣੇ ਚਾਹੀਦੇ ਹਨ।

ਚੁੱਪ ਕਰਕੇ ਬੱਚੇ ਪਾਲਣ ਵਾਲਾ ਇਹ ਖਿਆਲ ਕਮਲ ਨੂੰ ਉਦੋਂ ਵੀ ਆਇਆ ਸੀ, ਜਦ ਉਹ ਆਪਣੇ ਪੇਕਿਆਂ ਦੇ ਘਰ ਰਹਿੰਦੀ ਸੀ। ਉਹ ਮਕਾਨ, ਜਿਸ ਵਿੱਚ ਉਹ ਜਿੰਦਰ ਨਾਲ ਰਹਿੰਦੀ ਸੀ, ਵੇਚ ਦਿੱਤਾ ਸੀ। ਆਪਣਾ ਹਿੱਸਾ ਲੈ ਕੇ ਕਮਲ ਆਪਣੇ ਪੇਕੇ ਘਰ ਆ ਗਈ ਸੀ। ਉਸ ਦੀ ਮਾਂ ਨੇ ਬੱਚਿਆਂ ਵੱਲੋਂ ਉਸ ਨੂੰ ਬੇਫ਼ਿਕਰ ਕਰ ਦਿੱਤਾ ਸੀ। ਉਹ ਕੰਮ 'ਤੇ ਜਿੰਨਾ ਵੀ ਓਵਰਟਾਈਮ ਮਿਲਦਾ, ਲਾ ਆਉਂਦੀ। ਘਰ ਪਹੁੰਚੀ ਤੋਂ ਮਾਂ ਦੀਆਂ ਪੱਕੀਆਂ-ਪਕਾਈਆਂ ਵੀ ਮਿਲ ਜਾਂਦੀਆਂ। ਪਰ ਮਾਂ ਦੀ ਛਾਂ ਉਹ ਬਹੁਤਾ ਚਿਰ ਨਾ ਮਾਣ ਸਕੀ। ਇੱਕ ਦਿਨ ਨਹਾਉਣ ਲੱਗੀ ਉਸ ਦੀ ਮਾਂ ਗੁਸਲਖਾਨੇ ਵਿੱਚ ਹੀ ਡਿੱਗ ਪਈ। ਉਸ ਨੂੰ ਜ਼ਬਰਦਸਤ ਅਧਰੰਗ ਹੋਇਆ ਸੀ। ਪਹਿਲਾਂ ਹਸਪਤਾਲ ਤੇ ਫਿਰ ਉਹ ਕੇਅਰਹੋਮ ਵਿੱਚ ਪਹੁੰਚ ਗਈ ਸੀ। ਕਮਲ ਨੂੰ ਲੱਗਦਾ ਕਿ ਘਰ ਦਾ ਮੁੱਖ ਥੱਮਲ੍ਹਾ ਡਿੱਗ ਗਿਆ। ਉਹ ਮਾਂ,ਜਿਹੜੀ ਸਾਰੇ ਘਰ ਦੀ ਜੁੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕੀ ਫਿਰਦੀ ਸੀ, ਨੂੰ ਆਪ ਸਹਾਰੇ ਦੀ ਜ਼ਰੂਰਤ ਪੈ ਗਈ ਸੀ। ਬੱਚਿਆਂ ਦੀ ਸੰਭਾਲ ਦੀ ਸਮੱਸਿਆ ਆਣ ਪਈ ਸੀ। ਕਮਲ ਦੀ ਬੇਟੀ,ਸਿੰਮੀ ਤਾਂ ਸਕੂਲ ਚਲੀ ਜਾਂਦੀ ਸੀ ਪਰ ਅਰਜੁਨ ਤੇ ਕਮਲ ਦੇ ਭਰਾ ਦਾ ਬੇਟਾ ਤਾਂ ਹਾਲੇ ਸਕੂਲ ਜਾਣ ਦੀ ਉਮਰ ਤੋਂ ਛੋਟੇ ਸਨ। ਕਮਲ ਦੀ ਭਰਜਾਈ ਆਖਦੀ ਕਿ ਉਸ ਨੂੰ ਤਾਂ ਮਸਾਂ ਕੰਮ ਮਿਲਿਆ ***ਸੀ***। ਪਰ ਉਸ ਨੂੰ ਕੰਮ ਛੱਡਣਾ ਪੈ ਗਿਆ ਸੀ। ਕਮਲ ਨੂੰ ਲੱਗਦਾ ਕਿ ਕੰਮ ਛੱਡਣ ਤੋਂ ਬਾਅਦ ਉਹ ਖਿਝੀ-ਖਿਝੀ ਰਹਿਣ ਲੱਗੀ ਸੀ। ਕਮਲ ਦੇ ਘਰ ਵੜਦਿਆਂ ਉਹ ਅਕਸਰ ਹੀ ਆਖਦੀ, "ਦੀਦੀ ਇਹ ਅਰਜੁਨ ਬਹੁਤ ਤੰਗ

ਕਰਦੈ। ਸਾਰਾ ਦਿਨ ਟੱਪਦਾ ਰਹਿੰਦਾ। ਨਾਲੇ ਛੋਟੇ ਨੂੰ ਪੁੱਠੀਆਂ ਆਦਤਾਂ ਪਾਉਂਦੈ। ਮੈਂ ਤਾਂ ਸਾਰਾ ਦਿਨ ਏਹਨਾਂ ਦੇ ਮਗਰ ਮਗਰ ਫਿਰ ਕੇ ਥੱਕੀ ਪਈ ਆਂ।" ਕਮਲ ਨੂੰ ਲੱਗਦਾ ਕਿ ਉਹ ਥੱਕੀ ਨਾਲੋਂ ਅੱਕੀ ਜਿਆਦਾ ਪਈ ਸੀ। ਕਮਲ ਨੂੰ ਮਹਿਸੂਸ ਹੁੰਦਾ ਕਿ ਉਹ ਵਾਧੂ ਦੀ ਟੋਕਾ-ਟਾਕੀ ਕਰਨ ਲੱਗ ਪਈ ਸੀ। ਕਦੇ ਉਹ ਰੋਟੀਆਂ ਪਕਾ ਕੇ ਹਟੀ ਕਮਲ ਨੂੰ ਆਖਦੀ, "ਦੀਦੀ ਤੁਸੀਂ ਰੋਟੀਆਂ ਪਕਾਉਣ ਲੱਗੇ ਆਟਾ ਪਤਾ ਨੀ ਕਿਵੇਂ ਐਨਾ ਖਿਲਾਰ ਦਿੰਨੇ ਆਂ!" ਜਾਂ ਕਦੇ ਆਖਦੀ, "ਦੀਦੀ ਬਰਤਨ ਸਾਫ਼ ਕਰਨ ਲੱਗੇ ਤੁਸੀਂ ਪਾਣੀ ਸਿੰਕ ਤੋਂ ਬਾਹਰ ਕੱਢ ਦਿੰਨੇ ਆਂ।" ਜਾਂ ਆਖਦੀ , " ਦੀਦੀ, ਮੈਂ ਮਸਾਂ ਕੱਪ-ਪਲੇਟਾਂ ਐਡਜਸਟ ਕੀਤੇ ਸੀ। ਤੁਸੀਂ ਫੇਰ ਪਹਿਲਾਂ ਵਾਲੀ ਥਾਂ 'ਤੇ ਹੀ ਰੱਖ ਦਿੰਨੇ ਆਂ।" ਜਵਾਬ ਵਿੱਚ ਕਮਲ ਆਖਦੀ, "ਪਹਿਲਾਂ ਐਨੇ ਸਾਲਾਂ ਤੋਂ ਹੋਰ ਕਪਬੋਰਡ 'ਚ ਰੱਖਦੇ ਸੀ। ਆਦਤ ਪਈ ਹੋਈ ਐ ਉਥੇ ਰੱਖਣ ਦੀ। ਹੌਲੀ-ਹੌਲੀ ਨਵੀਂ ਕਪਬੋਰਡ ਦੀ ਆਦਤ ਪੈ ਜਾਊ।" ਕਮਲ ਦੇ ਅੰਦਰ ਕ੍ਰੋਧ ਉੱਠਦਾ। ਉਸ ਦਾ ਜੀਅ ਕਰਦਾ ਕਿ ਆਖੇ, 'ਬਹੁਤੀ ਮੇਰ ਨਾ ਜਤਾ ਮੇਰਾ ਵੀ ਓਨਾ ਹੀ ਘਰ ਐ, ਜਿੰਨਾ ਤੇਰੇ ਪਤੀ ਦਾ।' ਪਰ ਉਹ ਜ਼ਾਬਤਾ ਰੱਖਦੀ। ਸੋਚਦੀ ਕਿ ਜੇ ਉਹ ਬੋਲੀ ਤਾਂ ਘਰ ਵਿੱਚ ਕਲੇਸ਼ ਪੈ ਜਾਵੇਗਾ, ਜਿਸ ਨਾਲ ਉਸ ਦੇ ਪਾਪਾ ਨੂੰ ਹੋਰ ਦੁੱਖ ਪਹੁੰਚੇਗਾ। ਉਹ ਤਾਂ ਪਹਿਲਾਂ ਹੀ ਮਾਂ ਵਾਲੇ ਸਦਮੇ ਨਾਲ ਡੋਲੇ ਫਿਰਦੇ ਸੀ। ਕਮਲ ਭਰੀ-ਪੀਤੀ ਫਿਰਦੀ ਰਹਿੰਦੀ। ਕੰਮ ਤੋਂ ਵਾਪਸ ਆਈ ਤੋਂ ਬੱਚੇ ਉਸ ਨੂੰ ਡਡਿਆ ਕੇ ਚੁੰਬੜਦੇ। ਕਮਲ ਮਹਿਸੂਸ ਕਰਦੀ ਕਿ ਮਾਂ ਦੇ ਤੰਦਰੁਸਤ ਹੁੰਦਿਆਂ ਉਨ੍ਹਾਂ ਨੂੰ ਖਿਆਲ ਵੀ ਨਹੀਂ ਸੀ ਹੁੰਦਾ ਕਿ ਉਹ ਘਰ ਹੈ ਵੀ ਕਿ ਨਹੀਂ। ਤੇ ਕਮਲ ਬੱਚਿਆਂ ਨੂੰ ਨਾਲ ਲੈ ਕੇ ਮਾਂ ਦਾ ਪਤਾ ਲੈਣ ਕੇਅਰਹੋਮ ਵੱਲ ਭੱਜ ਤੁਰਦੀ। ਮਾਂ ਦਾ ਪਤਾ ਲੈਣ ਆਈਆਂ ਅਕਸਰ ਹੀ ਆਖ ਦਿੰਦੀਆਂ, "ਘੋੜੇ ਵਰਗੀ ਪਈ ਸੀ। ਹਾਲੇ ਓਹਨੂੰ ਕੀ ਹੋਣਾ ਸੀ ਜੇ ਕੁੜੀ ਦਾ ਦੁੱਖ ਨਾ ਲੱਗਦਾ।" ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਮਲ ਸੋਚਦੀ ਕਿ ਉਸ ਨੇ ਕਿਹੜਾ ਜਾਣ-ਬੁੱਝ ਕੇ ਦੁੱਖ ਦਿੱਤੈ। ਜੇ ਚੰਗਾ ਘਰ-ਬਾਰ ਮਿਲ ਜਾਂਦਾ ਤਾਂ ਕੀਹਦਾ ਚਿੱਤ ਕਰਦੈ ਘਰ ਪੱਟਣ ਨੂੰ! ਕਮਲ ਦਾ ਜੀਅ ਕਰਦਾ ਕਿ ਉਹ ਉਨ੍ਹਾਂ ਤੋਂ ਦੂਰ ਭੱਜ ਜਾਵੇ। ਜਦ ਉਹ ਆਪਣੀ ਮਾਂ ਨੂੰ ਬਿਸਤਰੇ ਨਾਲ ਚੁੰਬੜੀ ਆਪਣੇ-ਆਪ ਹਿੱਲਣ ਤੋਂ ਵੀ ਅਸਮਰਥ ਦੇਖਦੀ ਤਾਂ ਕਮਲ ਦੇ ਅੰਦਰ ਗੁਨਾਹ ਦਾ ਅਹਿਸਾਸ ਉੱਠਣ ਲੱਗਦਾ। ਉਸ ਨੂੰ ਲੱਗਦਾ ਕਿ ਜੇ ਉਸਦਾ ਤਲਾਕ ਨਾ ਹੋਇਆ ਹੁੰਦਾ ਤਾਂ ਮਾਂ ਦੀ ਸ਼ਾਇਦ ਇਹ ਹਾਲਤ ਨਾ ਹੁੰਦੀ। ਤੇ ਉਸ ਦੇ ਅੱਥਰੂ ਡੁੱਲ੍ਹਣ-ਡੁੱਲ੍ਹਣ ਕਰਦੇ ਰਹਿੰਦੇ। ਉਹ ਸੋਚਦੀ ਕਿ ਕਿਸ ਨਾਲ ਆਪਣਾ ਦੁੱਖ ਸਾਂਝਾ ਕਰੇ। ਸਾਰੀ ਦੁਨੀਆਂ ਉਸ ਨੂੰ ਬੇਗਾਨੀ ਬੇਗਾਨੀ ਲਗਦੀ। ਇਹਨਾਂ ਦਿਨਾਂ 'ਚ ਇੱਕ ਦਿਨ ਉਹ ਕੰਮ ਦੇ ਲੰਚ ਟਾਈਮ ਵੇਲੇ ਬਾਹਰ ਪੈਂਦੀ ਬਰਫ਼ ਵੱਲ ਇੱਕ ਟੱਕ ਵੇਖ ਰਹੀ ਸੀ।

"ਕੀ ਸੋਚੀ ਜਾਨੀ ਐਂ?" ਕਮਲ ਦੇ ਕੰਨੀ ਪਾਲੀ ਦੀ ਆਵਾਜ਼ ਪਈ।

"ਐਂ ਲੱਗਦੈ ਜਿਵੇਂ ਦੁਨੀਆਂ ਭਰ ਦੀ ਸਨੋਅ ਨੇ ਆਪਣੇ ਕੈਲਗਿਰੀ ਹੀ ਪੈਣੈ ਹੁੰਦੈ! ਹੋਰ ਬਥੇਰੇ ਥਾਂ ਪਏ ਆ। ਉੱਥੇ ਨ੍ਹੀ ਪੈਂਦੀ।"

ਕਮਲ ਨੇ ਪਾਲੀ ਦੇ ਹੱਸਣ ਦੀ ਆਵਾਜ਼ ਸੁਣੀ ਤੇ ਫਿਰ ਉਸ ਦੇ ਬੋਲ, "ਹਰੇਕ ਥਾਂ ਦੇ ਆਵਦੇ ਗੁਣ-ਔਗੁਣ ਹੁੰਦੇ ਆ। ਇਸ ਤਰ੍ਹਾਂ ਝੁਰਨ ਨਾਲ ਨ੍ਹੀ ਕੁਝ ਬਣਦਾ ਹੁੰਦਾ। ਏਹਦੇ ਨਾਲ ਤਾਂ ਟੱਕਰ ਲੈਣੀ ਪੈਂਦੀ ਆ। ਯੂ ਨੋ ਵੱਟ ਆਈ ਮੀਨ ।"

ਕਮਲ ਨੂੰ ਪਾਲੀ ਦੀ ਇਹ ਗੱਲ ਕਈ ਵਾਰ ਚੇਤੇ ਆਉਂਦੀ।

ਸਬਜ਼ੀ ਬਣਾ ਕੇ ਹਟਣ ਤੋਂ ਬਾਅਦ ਖਿੜਕੀ ਰਾਹੀਂ ਬਾਹਰ ਵੱਲ ਦੇਖਦਿਆਂ ਵੀ ਇਹੋ ਗੱਲ ਚੇਤੇ ਆਈ। ਕਮਲ ਦੀ ਨਿਗ੍ਹਾ ਇੱਕ ਆਦਮੀ 'ਤੇ ਪਈ, ਜਿਹੜਾ ਇੱਕ ਛੋਟੇ ਜਿਹੇ ਬੱਚੇ ਨੂੰ ਮੋਢਿਆਂ ਉੱਪਰ ਚੁੱਕ ਕੇ ਬਰਫ਼ ਵਿੱਚ ਬੋਚ-ਬੋਚ ਪੈਰ ਧਰਦਾ ਤੁਰ ਰਿਹਾ ਸੀ। 'ਵੇਖ ਕਿੰਨਾ ਔਖਾ ਹੋ ਕੇ ਪੈਰ ਧਰਦਾ ਵਿਚਾਰਾ!'ਕਮਲ ਨੇ ਸੋਚਿਆ। ਫਿਰ ਉਸ ਦੇ ਦਿਮਾਗ ਵਿੱਚ ਇੱਕਦਮ ਅਰਜੁਨ ਦਾ ਖਿਆਲ ਆਇਆ, ਜਿਹੜਾ ਉਸ ਬੱਚੇ ਦੀ ਉਮਰ ਵਿੱਚ ਆਪਣੇ ਨਾਨੇ ਦੇ ਮੋਢਿਆਂ 'ਤੇ ਚੜ੍ਹਨ ਲਈ ਆਪਣੇ ਮਾਮੇ ਦੇ ਪੁੱਤ ਨਾਲ ਲੜਾਈ ਕਰਦਾ।

'ਮੇਰਾ ਗਰੈਂਪਾ ਐ –ਮੇਰਾ ਗਰੈਂਪਾ ਆ,' ਆਖਦੇ ਉਹ ਦੋਹੇਂ ਖਹਿਬੜਦੇ। ਇਕ ਦਿਨ ਅਰਜੁਨ ਰੋਂਦਾ ਹੋਇਆ ਕਮਲ ਕੋਲ ਆ ਕੇ ਬੋਲਿਆ ਸੀ, "ਮਾਂ, ਐਵਰੀ ਟਾਈਮ ਗਰੈਂਪਾ ਓਹਦੀ ਸਾਈਡ ਲੈਂਦਾ ਆ। ਮੈਨੂੰ ਪਿੱਗੀਬੈਕ ਰਾਈਡ ਨੀ ਦਿੰਦਾ।" ਕਮਲ ਦੇ ਚਿੱਤ 'ਚ ਆਈ ਕਿ ਆਪਣੇ ਪਾਪਾ ਨੂੰ ਆਖੇ ਕਿ ਵਿਤਕਰਾ ਨਾ ਕਰਿਆ ਕਰੇ। ਪਰ 'ਪਾਪਾ ਪਹਿਲਾਂ ਹੀ ਮਾਂ ਕਰਕੇ ਦੁਖੀ ਐ' ਸੋਚ ਕੇ ਉਸ ਨੇ ਆਪਣੇ-ਆਪ ਨੂੰ ਰੋਕ ਲਿਆ ਅਤੇ ਅਰਜੁਨ ਨੂੰ ਚੁੱਪ ਕਰਵਾਉਣ ਲਈ ਨੇੜੇ ਬੈਠੇ ਆਪਣੇ ਭਰਾ ਵੱਲ ਇਸ਼ਾਰਾ ਕਰਦਿਆਂ ਆਖ ਦਿੱਤਾ, "ਜਾਹ, ਤੂੰ ਆਪਣੇ ਮਾਮੇ ਦੇ ਮੋਢਿਆਂ 'ਤੇ ਚੜ੍ਹ ਜਾ।"

"ਮਾਮੇ ਦੇ ਮੋਢਿਆਂ 'ਤੇ ਚੜ੍ਹ ਜਾ, ਜਿਵੇਂ ਮਾਮੇ ਨੂੰ ਹੋਰ ਕੋਈ ਕੰਮ ਈ ਨ੍ਹੀਂ ਹੁੰਦਾ," ਆਪਣੇ ਭਰਾ ਦੇ ਖਰ੍ਹਵੇ ਬੋਲ ਸੁਣ ਕੇ ਕਮਲ ਆਪਣੇ-ਆਪ ਨੂੰ ਰੋਕ ਨਾ ਸਕੀ। ਉਹ ਬੋਲੀ, "ਮੈਂ ਤਾਂ ਸੋਚਦੀ ਸੀ ਕਿ ਤੂੰ ਬੱਚਿਆਂ ਨੂੰ ਐਨਾ ਪਿਆਰ ਕਰੇਂਗਾ ਕਿ ਉਨ੍ਹਾਂ ਨੂੰ ਡੈਡ ਦੀ ਘਾਟ ਮਹਿਸੂਸ ਨ੍ਹੀਂ ਹੋਣੀ। ਪਰ ਤੂੰ ਤਾਂ ਏਨ੍ਹਾਂ ਨੂੰ ਜਵਾਂ ਈ ਲਾਈਕ ਨੀ ਕਰਦਾ।"

"ਲਾਈਕ ਕੀ ਕਰਾਂ। ਐਨੀਆਂ ਤਾਂ ਗਾਲ੍ਹਾਂ ਕੱਢਦੈ। ਸਾਰਾ ਦਿਨ ਇਲਤਾਂ ਕਰਦੈ। ਨਾਲੇ ਛੋਟੇ ਨੂੰ ਸਿਖਾਉਂਦੈ।"

"ਨਾ-ਨਾ ਲੜੋ ਨਾ, ਲਿਆ ਉਏ ਤੈਨੂੰ ਚੁੱਕ ਲਵਾਂ ਹੁਣ," ਕਮਲ ਆਪਣੇ ਪਾਪਾ ਦੇ ਬੋਲ ਸੁਣ ਕੇ ਚੁੱਪ ਕਰ ਗਈ। ਜਦੋਂ ਉਸ ਦਾ ਗੁੱਸਾ ਘਟਿਆ, ਉਹ ਸੋਚਣ ਲੱਗੀ ਕਿ 'ਭਰਾ ਪਹਿਲਾਂ ਤਾਂ ਇਸ ਤਰ੍ਹਾਂ ਦਾ ਨਹੀਂ ਸੀ। ਮਿਲਣ ਆਈ ਸਿੰਮੀ ਨੂੰ ਤਾਂ ਉਹ ਆਪਣੇ ਤੋਂ ਮਿੰਟ ਪਾਸੇ ਨਹੀਂ ਸੀ ਕਰਦਾ ਤੇ ਉਸ ਦਾ ਵੀ ਤਾਂ ਕਿੰਨਾ ਕਰਦਾ ਸੀ। ਉਸ ਨੂੰ ਕਈ ਵਾਰ ਜਿੰਦਰ ਦੀ ਜਿਆਦਤੀ ਦੀਆਂ ਗੱਲਾਂ ਕਰਦੀ ਨੂੰ ਸੁਣ ਉਹ ਜਿੰਦਰ ਨੂੰ ਕੁੱਟ ਦੇਣ ਦੀਆਂ ਗੱਲਾਂ ਵੀ ਕਰਦਾ ਪਰ ਮਾਂ ਦੇ ਸਮਝਾਉਣ 'ਤੇ ਸਮਝ ਜਾਂਦਾ। ਇਹ ਤਾਂ ਮਾਂ ਤੋਂ ਬਾਅਦ ਹੀ ਪਤਾ ਨੀ ਸਾਰਿਆਂ ਨੂੰ ਕੀ ਹੋ ਗਿਐ।' ਕਮਲ ਨੇ ਹੌਕਾ ਲਿਆ।

ਘਰ ਵਿੱਚ ਰਹਿੰਦੇ ਘੁੱਟੇ-ਵੱਟੇ ਤਣਾਅ ਤੋਂ ਤੰਗ ਆ ਕੇ ਕਮਲ ਨੇ ਆਪਣੀ ਆਂਟੀ ਦੀ ਸਲਾਹ ਮੰਨ ਲਈ ਸੀ। ਉਸ ਦੀ ਮਾਂ ਦੇ ਬੀਮਾਰ ਹੋਣ ਤੋਂ ਬਾਅਦ ਤਾਂ ਆਂਟੀ ਅਕਸਰ ਹੀ ਆਖਣ ਲੱਗ ਪਈ ਸੀ, " ਜਿਹੜੇ ਚਾਰ ਪੈਸੇ ਕੋਲ ਐ, ਉਨ੍ਹਾਂ ਨਾਲ ਕੋਈ ਛੋਟਾ-ਮੋਟਾ ਮਕਾਨ ਖ਼ਰੀਦ ਕੇ ਕਿਰਾਏ 'ਤੇ ਚੜ੍ਹਾ ਦੇ । ਮਕਾਨ ਆਵਦੇ ਨਾਂ ਹੋਵੇ ਤਾਂ ਰਿਸ਼ਤਾ ਜੁੜਨ 'ਚ ਅਸਾਨੀ ਰਹਿੰਦੀ ਆ। ਨਾਲੇ ਰੱਬ ਨਾ ਕਰੇ ਜੇ ਤੇਰੇ ਪਾਪਾ ਨੂੰ ਕੁਝ ਹੋ ਗਿਆ ਤਾਂ ਭਰਾ-ਭਰਜਾਈ ਕਿੱਥੋਂ ਰੱਖਣਗੇ ਨਾਲ।"

"ਭਰਾ-ਭਰਜਾਈ ਕਿਵੇਂ ਕੱਢ ਦੇਣਗੇ। ਘਰ ਪਾਪਾ ਦੇ ਨਾਂ ਆ। ਪਾਪਾ ਦੇ ਬਰਾਬਰ ਕੰਮ ਕਰਕੇ ਮੌਰਗੇਜ ਦੀਆਂ ਕਿਸ਼ਤਾਂ ਦਿੱਤੀਆਂ ਮੈਂ ਇਸ ਘਰ ਦੀਆਂ," ਕਮਲ ਨੇ ਝੱਟ ਜਵਾਬ ਦਿੱਤਾ। ਪਰ ਇਹ ਗੱਲ ਕੁਝ ਦਿਨਾਂ ਬਾਅਦ ਹੀ ਸਾਹਮਣੇ ਆ ਗਈ। ਕਮਲ ਦੇ ਮਕਾਨ ਖ਼ਰੀਦਕ ਕੇ ਕਿਰਾਏ 'ਤੇ ਚੜ੍ਹਾਉਣ ਵੇਲੇ ਉਸ ਦੇ ਪਾਪਾ ਨੇ ਦਸ ਹਜ਼ਾਰ ਡਾਲਰ ਆਪਣੇ ਵੱਲੋਂ ਕਮਲ ਨੂੰ ਦੇ ਦਿੱਤੇ ਸਨ। ਇਸ ਗੱਲ ਦੀ ਭਿਣਕ ਪੈਂਦੇ ਹੀ ਉਸਦਾ ਭਰਾ ਭੜਕ ਪਿਆ ਸੀ। ਉਸ ਨੇ ਲਕੀਰ ਖਿੱਚਦਿਆਂ ਆਖ ਦਿੱਤਾ, "ਜਾਂ ਤਾਂ ਇਹ ਰਹੂ ਇਸ ਘਰ ਵਿੱਚ ਜਾਂ ਮੈਂ।"

"ਇਹ ਕੌਣ ਹੁੰਦੈ ਮੈਨੂੰ ਇੱਥੋਂ ਕੱਢਣ ਵਾਲਾ। ਪਾਪਾ, ਤੁਸੀਂ ਆਖਦੇ ਆਂ ਤਾਂ ਮੈਂ ਹੁਣੇ ਹੀ ਚਲੀ ਜਾਨੀ ਆਂ," ਕਮਲ ਬੋਲੀ।

"ਮੈਂ ਤੈਨੂੰ ਇਸ ਤਰ੍ਹਾਂ ਕਿਵੇਂ ਘਰੋਂ ਧੱਕਾ ਦੇ ਦਊਂ। ਤੁਸੀਂ ਲੋਕਾਂ ਨੂੰ ਤਮਾਸ਼ਾ ਨਾ ਦਿਖਾਓ," ਉਸ ਦੇ ਪਾਪਾ ਨੇ ਕਿਹਾ ਤੇ ਫਿਰ ਦੋਹਾਂ ਭੈਣ ਭਰਾਵਾਂ ਦੇ ਤਰਲੇ ਕਰ ਕੇ ਕਲੇਸ਼ ਖਤਮ ਕੀਤਾ ਸੀ। ਪਰ ਉਹ ਲਕੀਰ ਨਹੀਂ ਸੀ ਮਿਟਾ ਸਕਿਆ। ਕਮਲ ਘਰ ਦੀ ਬੇਸਮੈਂਟ ਵਿੱਚ ਰਹਿਣ ਲੱਗੀ ਅਤੇ ਉਸ ਦਾ ਭਰਾ ਉੱਪਰਲੇ ਹਿੱਸੇ ਵਿੱਚ। ਦਿਨੇ ਉਸ ਦਾ ਪਾਪਾ ਅਰਜੁਨ ਨੂੰ ਨਾਲ ਲੈ ਕੇ ਕੇਅਰਹੋਮ ਚਲਿਆ ਜਾਂਦਾ। ਇਸ ਤਰ੍ਹਾਂ ਕੰਮ ਰੁੜ੍ਹ ਤਾਂ ਪਿਆ ਸੀ ਪਰ ਤਣਾਅ ਹੋਰ ਘਣਾ ਹੋ ਗਿਆ

ਸੀ। ਇਸ ਘੁਟਣ ਦਾ ਛੇਤੀ ਹੀ ਪਟਾਕਾ ਪੈ ਗਿਆ, ਜਿਸ ਦਿਨ ਕਮਲ ਦੇ ਵੈਨਕੂਵਰ ਤੋਂ ਆਏ ਮਾਮੇ ਦੇ ਪੁੱਤ ਨੇ ਘਰ ਆਉਣਾ ਸੀ। ਉਸ ਦਿਨ ਉਸ ਨੂੰ ਆਪਣੇ ਪਾਪਾ 'ਤੇ ਬੇਹੱਦ ਗੁੱਸਾ ਆਇਆ। ਮਾਮੇ ਦੇ ਪੁੱਤ ਦੇ ਆਉਣ ਦੀ ਉਸ ਨੂੰ ਬਹੁਤ ਖੁਸ਼ੀ ਹੋਈ ਸੀ। ਉਸ ਨਾਲ ਉਹ ਬਚਪਨ ਵਿੱਚ ਖੇਡੀ ਸੀ, ਹੱਸੀ ਸੀ, ਤੇ ਉਸ ਨਾਲ ਉਸ ਦੀਆਂ ਬਚਪਨ ਦੀਆਂ ਅਨੇਕਾਂ ਹੀ ਯਾਦਾਂ ਜੁੜੀਆਂ ਹੋਈਆਂ ਸਨ। ਉਸ ਦੇ ਪਾਪਾ ਨੇ ਦੱਸਿਆ ਸੀ ਕਿ ਉਹ ਪਹਿਲਾਂ ਘਰ ਆਵੇਗਾ ਫਿਰ ਚਾਹ-ਪਾਣੀ ਪੀ ਕੇ ਉਹ ਕਮਲ ਦੀ ਮਾਂ ਦਾ ਪਤਾ ਲੈਣ ਕੇਅਰਹੋਮ ਜਾਣਗੇ। ਪਰ ਆਪਣੇ ਪਾਪਾ ਦੀ ਅਗਲੀ ਗੱਲ ਸੁਣ ਕੇ ਭਾਂਡੇ ਸਾਫ਼ ਕਰ ਰਹੀ ਕਮਲ ਦੇ ਹੱਥ ਉੱਥੇ ਹੀ ਰੁਕ ਗਏ। ਉਸ ਨੂੰ ਪਤਾ ਹੀ ਨਾ ਲੱਗਾ ਕਿ ਕੀ ਕਹੇ ਜਾਂ ਕਰੇ। ਉਸ ਦੇ ਪਾਪਾ ਨੇ ਕਿਹਾ ਸੀ, "ਕਮਲ ਪੁੱਤ, ਤੂੰ ਉਸ ਦੇ ਆਉਣ ਤੋਂ ਪਹਿਲਾਂ-ਪਹਿਲਾਂ ਨਿਆਣਿਆਂ ਨੂੰ ਕੋਈ ਮੂਵੀ-ਮਾਵੀ ਵੇਖਣ ਲੈ ਜਾ ਜਾਂ ਕਿਸੇ ਸਹੇਲੀ ਦੇ ਘਰ ਚਲੀ ਜਾ।" ਕਮਲ ਨੇ ਹੈਰਾਨੀ ਨਾਲ ਆਪਣੇ ਪਾਪਾ ਵੱਲ ਵੇਖਿਆ। ਉਸ ਦੇ ਪਾਪਾ ਨੇ ਫਿਰ ਕਿਹਾ, "ਲੋਕਾਂ ਨੂੰ ਕਿਓਂ ਦੱਸਣਾ ਪਈ ਭੈਣ-ਭਰਾ ਇੱਕ ਦੂਜੇ ਨਾਲ ਬੋਲਦੇ-ਚੱਲਦੇ ਨੀ।" ਭਰੀ-ਪੀਤੀ ਕਮਲ ਨੇ ਬੱਚਿਆਂ ਨੂੰ ਕਾਰ ਵਿੱਚ ਬਿਠਾਇਆ ਅਤੇ ਚੱਕ-ਈ-ਚੀਜ਼ ਰੈਸਟੋਰੈਂਟ ਵਿੱਚ ਲੈ ਗਈ। ਜਿੰਨਾ ਚਿਰ ਬੱਚੇ ਖੇਡਦੇ-ਖਾਂਦੇ ਰਹੇ, ਉਹ ਆਪਣੇ-ਆਪ ਨੂੰ ਘੁੱਟੀ-ਵੱਟੀ ਬੈਠੀ ਰਹੀ। ਵਾਰ-ਵਾਰ ਉਸ ਦੇ ਚਿੱਤ ਵਿੱਚ ਆਉਂਦਾ, 'ਪਾਪਾ ਨੇ ਉੱਪਰਲਿਆਂ ਨੂੰ ਕਿਓਂ ਨੀ ਕਿਹਾ ਘਰੋਂ ਜਾਣ ਲਈ। ਮੈਨੂੰ ਹੀ ਕਿਓਂ?' ਜਦ ਬੱਚਿਆਂ ਦਾ ਮਨ ਅਤੇ ਪੇਟ ਭਰ ਗਿਆ ਤਾਂ ਕਾਰ ਵਿੱਚ ਬੈਠ ਕੇ ਕਮਲ ਦਾ ਭੁੱਬ ਮਾਰਨ ਨੂੰ ਦਿਲ ਕੀਤਾ। ਪਰ ਬੱਚਿਆਂ ਦਾ ਖਿਆਲ ਕਰਕੇ ਉਸ ਨੇ ਆਪਣੇ-ਆਪ ਨੂੰ ਰੋਕੀ ਰੱਖਿਆ। ਉਸ ਦੇ ਅੰਦਰਲਾ ਗੁੱਭ-ਗਬਾਹਟ ਮੋਟੇ-ਮੋਟੇ ਹੰਝੂਆਂ ਰਾਹੀਂ ਪਰਲ-ਪਰਲ ਬਾਹਰ ਆਉਣ ਲੱਗਾ। ਉਹ ਐਵੇਂ ਹੀ ਕਾਰ ਨੂੰ ਸੜਕਾਂ 'ਤੇ ਭਜਾਉਂਦੀ ਰਹੀ। ਸਿੰਮੀ ਨੇ ਪਿਛਲੀ ਸੀਟ ਤੋਂ ਦੋ ਵਾਰ ਪੁੱਛਿਆ ਵੀ ਕਿ ਉਹ ਕਿੱਥੇ ਜਾ ਰਹੇ ***ਆ***। ਪਰ ਕਮਲ ਨੇ ਕੋਈ ਜਵਾਬ ਨਾ ਦਿੱਤਾ। ਜਦ ਸਿੰਮੀ ਨੇ ਤੀਜੀ ਵਾਰ ਪੁੱਛਿਆ ਤਾਂ ਉਸ ਨੇ ਕੰਬਦੇ ਬੋਲਾਂ ਨਾਲ ਕਿਹਾ, "ਖੂਹ 'ਚ।" ਬੱਚੀ ਨੇ ਦੁਬਾਰਾ ਕੋਈ ਸਵਾਲ ਨਾ ਕੀਤਾ। ਅੱਖਾਂ ਵਿਚਲੇ ਹੰਝੂਆਂ ਕਾਰਣ ਕਮਲ ਨੂੰ ਸਾਰਾ ਕੁਝ ਧੁੰਦਲਾ-ਧੁੰਦਲਾ ਨਜ਼ਰ ਆਉਂਦਾ ਸੀ। ਕਮਲ ਨੇ ਲਾਲ ਬੱਤੀ ਵਿੱਚ ਦੀ ਕਾਰ ਲੰਘਾ ਦਿੱਤੀ। ਕਿਸੇ ਕਾਰ ਦਾ ਲੰਮਾ ਹਾਰਨ ਵੱਜਿਆ।"ਮੰਮ, ਘਰ ਚੱਲੋ," ਕਮਲ ਨੂੰ ਸਿੰਮੀ ਦੀ ਆਵਾਜ਼ ਸੁਣੀ। ਉਸ ਨੇ ਸ਼ੀਸ਼ੇ ਰਾਹੀਂ ਪਿਛਲੀ ਸੀਟ ਵੱਲ ਵੇਖਿਆ। ਸਿੰਮੀ ਨੇ ਅਰਜੁਨ ਨੂੰ ਆਪਣੇ ਨਾਲ ਘੁੱਟਿਆ ਹੋਇਆ ਸੀ।

"ਕਿਹੜੇ ਘਰ?" ਕਮਲ ਦੇ ਬੁੱਲ੍ਹਾਂ ਵਿੱਚੋਂ ਸਿਰਕਿਆ। "ਆਪਣੇ ਘਰ," ਆਖ ਕੇ ਅਰਜੁਨ ਨੇ ਲੇਰ ਮਾਰੀ। ਉਸ ਦੀ ਲੇਰ ਨੇ ਕਮਲ ਦੇ ਪਹਿਲਾਂ ਹੀ ਹਿੱਲੇ-ਹਾਉਲੇ ਦਿਲ ਵਿੱਚ ਹੋਰ ਹਲਚਲ ਮਚਾ ਦਿੱਤੀ। ਉਹ ਕਾਰ ਨੂੰ ਸੜਕ ਦੇ ਕਿਨਾਰੇ ਰੋਕ ਕੇ ਦੋਹਾਂ ਬੱਚਿਆਂ ਦੇ ਵਿਚਾਲੇ ਬੈਠ ਗਈ। ਦੋਹਾਂ ਨੂੰ ਆਪਣੇ ਨਾਲ ਘੁੱਟ ਕੇ ਉਹ ਰੋ ਪਈ। ਬੱਚੇ ਆਪਣੀ ਮਾਂ ਨਾਲ ਚੁੰਬੜ ਗਏ। ਉਨ੍ਹਾਂ ਨੂੰ ਪਲੋਸਦੀ ਕਮਲ ਦਾ ਰੋਣ ਥੰਮ੍ਹਿਆ ਤਾਂ ਉਸ ਨੇ ਆਪਣੀਆਂ ਅੱਖਾਂ ਪੂੰਝ ਕੇ ਕਿਹਾ, "ਅੱਜ ਦੀ ਰਾਤ ਆਪਾਂ ਥੋੜੇ ਮਾਮੇ ਦੇ ਘਰ ਚੱਲਾਂਗੇ । ਕੱਲ੍ਹ ਨੂੰ ਆਪਾਂ ਆਪਣੇ ਘਰ ਚੱਲਾਂਗੇ।"

"ਮਾਮੇ ਦੇ ਘਰ?" ਕਮਲ ਨੂੰ ਸਿੰਮੀ ਦੀ ਹੈਰਾਨੀ ਭਰੀ ਆਵਾਜ਼ ਸੁਣੀ।

"ਹਾਂ, ਉਹ ਮਾਮੇ ਦਾ ਈ ਘਰ ਐ। ਕੀ ਹੋ ਗਿਆ ਜੇ ਪਾਪਾ ਦੇ ਨਾਂ ਐ," ਕਮਲ ਨੇ ਕਿਹਾ।

ਅਗਲੇ ਦਿਨ ਕਮਲ ਨੇ ਆਪਣਾ ਸਮਾਨ ਕਿਰਾਏ 'ਤੇ ਦਿੱਤੇ ਆਪਣੇ ਮਕਾਨ ਦੀ ਬੇਸਮੈਂਟ ਵਿੱਚ ਰੱਖਣਾ ਸ਼ੁਰੂ ਕਰ ਦਿੱਤਾ।

"ਕੀ ਕਮਲ ਮਾਰਦੀ ਐਂ? ਨਿਆਣਿਆਂ ਦਾ ਔਖਾ ਹੋਊ। ਕਿਵੇਂ ਸਾਰੇਂਗੀ? ਆਰਾਮ ਨਾਲ ਟਿਕ ਨਹੀਂ ਹੁੰਦਾ ਐਥੇ?" ਕਮਲ ਨੇ ਆਪਣੇ ਪਾਪਾ ਦੇ ਇਨ੍ਹਾਂ ਬੋਲਾਂ ਵੱਲ ਬਹੁਤਾ ਧਿਆਨ ਨਾ ਦਿੱਤਾ ਅਤੇ "ਆਪੇ ਸਰ ਜਾਊ," ਆਖ ਕੇ ਗੱਲ ਮੁਕਾ ਦਿੱਤੀ।

ਆਪਣੇ ਉਨ੍ਹਾਂ ਦਿਨਾਂ ਨੂੰ ਯਾਦ ਕਰਦੀ ਕਮਲ ਨੇ ਸੋਚਿਆ , 'ਜੇ ਫਿਰ ਘਰ ਟੁੱਟ ਗਿਆ ਤਾਂ ਕਿਵੇਂ ਸਾਰੇ ਕੁਝ ਵਿੱਚੋਂ ਦੁਬਾਰਾ ਲੰਘਾਂਗੀ?'

'ਆਪੇ ਸਰ ਜਾਊ ਜਿਵੇਂ ਪਹਿਲਾਂ ਸਰ ਗਿਆ ਸੀ,' ਉਸ ਦੇ ਦੂਜੇ ਚਿੱਤ ਨੇ ਕਿਹਾ।

'ਅੱਗੇ ਤਾਂ ਦੋ ਬੱਚੇ ਸੀ। ਹੁਣ ਤਿੰਨ ਹੋ ਗਏ। ਪਾਲੀ ਕਿੰਨਾ ਮਨ੍ਹਾਂ ਕਰਦੀ ਹੁੰਦੀ ਸੀ! ਮੈਂ ਫਿਰ ਵੀ ਉਸੇ ਚੱਕਰ ਵਿੱਚ ਫਸ ਗਈ।'

"ਮੈਥੋਂ ਨੀ ਦੁਬਾਰਾ ਇਸ ਸਾਰੇ ਨਰਕ 'ਚੋਂ ਲੰਘਿਆ ਜਾਣਾ। ਏਹਦੇ ਨਾਲੋਂ ਤਾਂ ਮੈਂ ਓਦਾਂ ਹੀ ਚੰਗੀ ਆਂ। ਕੀ ਪਤਾ ਅਗਲਾ ਕਨੇਡਾ ਆਉਣ ਦਾ ਮਾਰਾ ਵਿਆਹ ਕਰਵਾ ਲਵੇ ਤੇ ਐਥੇ ਪਹੁੰਚ ਕੇ ਪਾਸੇ ਹੋ ਜਾਵੇ," ਕਮਲ ਨੇ ਕਿਹਾ ਸੀ, ਜਦ ਉਸ ਦੀ ਆਂਟੀ ਨੇ ਇੰਡੀਆ ਤੋਂ ਰਿਸ਼ਤਿਆਂ ਦੀ ਪੈਂਦੀ ਦੱਸ ਬਾਰੇ ਕਮਲ ਦੀ ਰਾਇ ਜਾਨਣੀ ਚਾਹੀ ਸੀ।

ਕਮਲ ਦੇ ਤਲਾਕ ਹੋਏ ਨੂੰ ਹਾਲੇ ਤਿੰਨ ਕੁ ਮਹੀਨੇ ਹੀ ਹੋਏ ਸਨ, ਜਦ ਉਸ ਦੀ ਆਂਟੀ ਨੇ ਕਿਹਾ ਸੀ, "ਕਮਲ, ਵਿਆਹ ਬਾਰੇ ਕੀ ਖਿਆਲ ਐ ਫਿਰ?" ਕਮਲ ਦੇ ਦਿਮਾਗ ਵਿੱਚ ਇੱਕਦਮ ਖਿਆਲ ਆਇਆ ਕਿ ਆਂਟੀ ਨੂੰ ਮਾਂ ਨੇ ਪੁੱਛਣ ਵਾਸਤੇ ਕਿਹਾ ਹੋਵੇਗਾ। ਉਸ ਨੇ ਇੱਕ ਦਿਨ ਪਹਿਲਾਂ ਹੀ ਕਮਲ ਨਾਲ ਇੰਡੀਆ ਤੋਂ ਕਿਸੇ ਰਿਸ਼ਤੇ ਦੀ ਪਈ ਦੱਸ ਬਾਰੇ ਗੱਲ ਕੀਤੀ ਸੀ। ਕਮਲ ਨੂੰ ਆਪਣੀ ਮਾਂ ਉੱਪਰ ਗੁੱਸਾ ਵੀ ਆਇਆ ਕਿ ਐਨਾ ਸਹੇਲਪੁਣਾ ਵੀ ਕੀ ਆਖ ਕਿ ਹਰ ਗੱਲ ਹੀ ਅਗਲੇ ਨੂੰ ਦੱਸ ਦਿਓ।

"ਆਂਟੀ, ਮੈਂ ਮਾਂ ਨੂੰ ਦੱਸ ਤਾਂ ਦਿੱਤਾ ਸੀ ਕਿ ਮੈਨੂੰ ਨ੍ਹੀ ਠੀਕ ਲੱਗਦਾ," ਕਮਲ ਨੇ ਕਿਹਾ।

"ਮੈਂ ਓਹਦੀ ਗੱਲ ਨ੍ਹੀ ਕਰਦੀ। ਹੋਰ ਬਥੇਰੇ ਰਿਸ਼ਤੇ ਆਉਂਦੇ ਆ। ਤੂੰ ਆਵਦੀ ਮਰਜੀ ਦੱਸ।"

"ਕਿਥੋਂ? ਇੰਡੀਆ ਤੋਂ?"

"ਹਾਂ, ਕਈਆਂ ਨੇ ਪੁੱਛਿਐ," ਆਂਟੀ ਨੇ ਦੱਸਿਆ। ਕਮਲ ਦਾ ਇਨਕਾਰ ਸੁਣ ਕੇ ਉਹ ਬੋਲੀ, "ਹੁਣ ਤੂੰ ਨਿਆਣਿਆਂ 'ਚ ਰੁੱਝੀ ਰਹਿਨੀ ਐਂ। ਜਦੋਂ ਇਹ ਉਡਾਰ ਹੋ ਗਏ, ਏਨ੍ਹਾਂ ਨੇ ਆਪਣੇ-ਆਪ 'ਚ ਮਸਤ ਹੋ ਜਾਣੈ। ਫੇਰ ਤੂੰ ਕਿਹਾ ਕਰਨੈਂ ਬਈ ਜੇ ਆਂਟੀ ਦੀ ਗੱਲ ਮੰਨ ਕੇ ਕੋਈ ਸਾਥੀ ਲੱਭ ਲੈਂਦੀ ਤਾਂ ਚੰਗੀ ਰਹਿੰਦੀ। ਤੇਰੇ ਅੰਕਲ ਪੂਰੇ ਹੋਏ ਤੋਂ ਮੈਂ ਵੀ ਕਹਿੰਦੀ ਸੀ ਬਈ ਮੈਂ ਨ੍ਹੀ ਵਿਆਹ ਕਰਵਾਉਣਾ। ਹੁਣ ਜਦੋਂ ਇਕੱਲੀ ਨੂੰ ਘਰ ਖਾਣ ਨੂੰ ਆਉਂਦੈ ਤਾਂ ਲੱਗਦੈ ਬਈ ਗਲਤੀ ਸੀ ਮੇਰੀ।"

"ਓਦੋਂ ਹੀ ਲੱਭ ਲਊਂ ਸਾਥੀ।"

"ਸਾਥੀ ਤਾਂ ਓਹ ਹੁੰਦੈ, ਜੀਹਦੇ ਮੋਢੇ ਨਾਲ ਮੋਢਾ ਜੋੜ ਕੇ ਘਰ ਬੰਨ੍ਹਿਆ ਹੋਵੇ। ਨਿਆਣੇ ਪਾਲੇ ਹੋਣ।"

"ਜੇ ਸਕੇ ਪਿਓ ਨੇ ਨ੍ਹੀ ---" ਆਖਦੀ ਕਮਲ ਚੁੱਪ ਕਰ ਗਈ।

"ਸਾਰੇ ਤਾਂ ਨ੍ਹੀ ਇੱਕੋ-ਜਿਹੇ ਹੁੰਦੇ। ਹਾਲੇ ਕੱਲ੍ਹ ਦੀ ਕੁੜੀ ਐਂ। ਨਿਆਣੇ ਜੰਮ ਸਕਦੀ ਐਂ। ਆਪਣੇ ਬੱਚਿਆਂ ਨਾਲ ਹੀ ਬੰਦਾ ਘਰ ਨਾਲ ਬੱਝਦੈ।"

"ਇੰਡੀਆ ਤੋਂ ਨ੍ਹੀ ਮੰਗਵਾਉਣਾ ਕੋਈ। ਐਥੇ ਹੀ ਕਰਾਊਂ ਜੇ ਕੋਈਂ ਠੀਕ ਮਿਲ ਗਿਆ," ਕਮਲ ਨੇ ਕਿਹਾ।

"ਐਥੇ ਤੈਨੂੰ ਕੌਣ ਲੈ ਲੂ ਦੋ ਨਿਆਣਿਆਂ ਦੀ ਮਾਂ ਨੂੰ?" ਆਂਟੀ ਦੇ ਇਨ੍ਹਾਂ ਬੋਲਾਂ ਨੇ ਕਮਲ ਦੇ ਅੰਦਰ ਅੱਗ ਲਾ ਦਿੱਤੀ। ਉਸ ਨੂੰ ਇਕਦਮ ਪਤਾ ਹੀ ਨਾ ਲੱਗਾ ਕਿ ਕੀ ਜਵਾਬ ਦੇਵੇ। ਉਹ ਅੰਦਰੇ-ਅੰਦਰ ਧੁਖਣ ਲੱਗੀ।

ਖਿੜਕੀ ਰਾਹੀਂ ਦੇਖਦੀ ਕਮਲ ਨੂੰ ਸਾਹਮਣੇ ਮਕਾਨ ਦੀ ਚਿਮਨੀ 'ਚੋਂ ਨਿਕਲ ਰਿਹਾ ਧੂੰਆਂ ਓਪਰਾ ਲੱਗਾ। 'ਐਨੀ ਬਰਫ਼ ਦੇ ਹੁੰਦਿਆਂ ਇਹ ਧੂੰਆਂ!' ਉਸ ਨੂੰ ਹੈਰਾਨੀ ਹੋਈ। ਉਹ ਕੁਝ ਪਲ ਹੈਰਾਨੀ ਨਾਲ ਨਿਕਲ ਰਹੇ ਧੂੰਏਂ ਵੱਲ ਦੇਖਦੀ ਰਹੀ। ਫਿਰ ਉਸ ਦੇ ਦਿਮਾਗ ਵਿੱਚ ਅੰਗਰੇਜ਼ੀ ਦਾ ਮੁਹਾਵਰਾ ਆਇਆ ਕਿ 'ਜੇ ਮਕਾਨ ਦੀ ਛੱਤ 'ਤੇ ਬਰਫ਼ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਮਕਾਨ ਵਿੱਚ ਗਰਮੀ ਨਹੀਂ ਹੈ'। ਚਿਮਨੀ ਤੋਂ ਨਿਗ੍ਹਾ ਹਟਾ ਕੇ ਕਮਲ ਆਪਣੇ ਘਰ ਦੇ ਮੂਹਰੇ ਖੜ੍ਹੇ ਸੀਡਰ ਦੇ ਦਰਖਤ ਵੱਲ ਦੇਖਣ ਲੱਗੀ। ਬਰਫ਼ ਨਾਲ ਕੱਜੇ ਇਸ ਦਰਖਤ ਦੀਆਂ ਹੇਠਾਂ ਵੱਲ ਝੁਕੀਆਂ ਟਾਹਣੀਆਂ ਵੱਲ ਦੇਖ ਕਮਲ ਨੂੰ ਆਪਣੇ ਮੋਢਿਆਂ ਵਿੱਚ ਖਿਚਾਅ ਮਹਿਸੂਸ ਹੋਇਆ। ਉਸ ਨੂੰ ਲੱਗਾ ਜਿਵੇਂ ਉਨ੍ਹਾਂ ਟਾਹਣੀਆਂ ਨੇ ਬਰਫ਼ ਦੇ ਭਾਰ ਕਾਰਣ ਆਪਣੇ-ਆਪ ਨੂੰ ਟੱਟਣੋਂ ਬਚਾਉਣ ਲਈ ਬਾਹਾਂ ਅਕੜਾਈਆਂ ਹੋਣ। ਫਿਰ ਉਸ ਨੇ ਦੇਖਿਆ ਕਿ ਜਿਹੜੀ ਬਰਫ਼ ਟਾਹਣੀਆਂ 'ਤੇ ਟਿਕ ਨਹੀਂ ਸੀ ਰਹੀ ਉਹ ਹੇਠਾਂ ਡਿੱਗ ਰਹੀ ਸੀ। ਇਹ ਦੇਖ ਕੇ ਉਸ ਨੂੰ ਚੰਗਾ ਚੰਗਾ ਲੱਗਾ।

ਚੰਗਾ ਚੰਗਾ ਉਸ ਨੂੰ ਉਦੋਂ ਵੀ ਲੱਗਦਾ ਸੀ ਜਦ ਇੱਕ ਆਦਮੀ ਹਰ ਰੋਜ਼ ਉਸਦੇ ਪਿੱਛੇ ਆਉਣ ਲੱਗਾ ਸੀ। ਉਹ ਸ਼ਾਮ ਨੂੰ ਅਰਜਨ ਨੂੰ ਸਟਰੋਲਰ ਵਿੱਚ ਬਿਠਾ ਕੇ ਸਿੰਮੀ ਨਾਲ ਪਾਰਕ ਵਿੱਚ ਜਾਂਦੀ । ਉਸੇ ਵੇਲੇ ਉਹ ਪਾਰਕ ਵਿੱਚ ਆਉਣ ਲੱਗਾ ਸੀ।। ਉਸ ਨੂੰ ਪਿੱਛਾ ਕਰਦਾ ਦੇਖ ਕਦੇ ਕਮਲ ਨੂੰ ਆਂਟੀ ਦਾ ਕਿਹਾ ਯਾਦ ਆਉਂਦਾ। ਉਸ ਨੇ ਕਿਹਾ ਸੀ, "ਬਿਨਾਂ ਬੰਦੇ ਵਾਲੀ ਤੀਵੀਂ ਨੂੰ ਤਾਂ ਜਣਾ-ਖਣਾ ਆਵਦੇ ਬਿਸਤਰੇ 'ਤੇ ਲਿਜਾਣਾ ਚਾਹੁੰਦਾ ਹੁੰਦੈ।" ਇਹ ਯਾਦ ਕਰਕੇ ਕਮਲ ਨੂੰ ਖਿਝ ਵੀ ਚੜ੍ਹਦੀ। ਇੱਕ ਦਿਨ ਕਮਲ ਨੇ ਸੋਚਿਆ ਕਿ ਉਸ ਬੰਦੇ ਨੂੰ ਆਖੇ, 'ਸਟਾਪ ਫਾਲੋਇੰਗ ਅਸ।'ਇਸ ਤਰ੍ਹਾਂ ਆਖਣ ਲਈ ਜਦ ਉਹ ਪਿੱਛੇ ਵਲ ਮੁੜੀ ਤਾਂ ਉਸ ਆਦਮੀ ਦੇ ਚੇਹਰੇ 'ਤੇ ਆਈ ਮੁਸਕਾਨ ਦੇਖ ਕੇ ਉਹ ਕੁਝ ਨਾ ਆਖ ਸਕੀ ਤੇ ਅੱਗੇ ਵੱਲ ਚੱਲ ਪਈ। ਅਗਲੇ ਦਿਨ ਉਸ ਆਦਮੀ ਦੇ ਨਾਲ ਇੱਕ ਪੰਜ ਕੁ ਸਾਲ ਦਾ ਬੱਚਾ ਸੀ। ਕੋਲ ਆ ਕੇ ਉਸ ਨੇ ਨਿੰਮ੍ਹਾ ਜਿਹਾ ਮੁਸਕਰਾ ਕੇ "ਹੈਲੋ," ਕਿਹਾ। ਕਮਲ ਨੂੰ ਉਸ ਦੀ ਇਹ ਮੁਸਕਰਾਹਟ ਚੰਗੀ-ਚੰਗੀ ਲੱਗੀ। ਉਹ ਬੋਲਿਆ, "ਮੇਰਾ ਬੇਟਾ ਆ। ਆਪਣੀ ਮਾਂ ਨਾਲ ਰਹਿੰਦੈ। ਵੀਕਐਂਡ 'ਤੇ ਮੇਰੇ ਕੋਲ ਆਉਂਦੈ।" ਤੇ ਫਿਰ ਉਸ ਨੇ ਆਪਣੇ ਬੇਟੇ ਨੂੰ ਕਿਹਾ, "ਜਾਓ ਬੇਟਾ, ਦੀਦੀ ਹੋਰਾਂ ਨਾਲ ਖੇਲ੍ਹੋ।" ਕਮਲ ਨੇ ਬੱਚੇ ਵੱਲ ਵੇਖਿਆ ਅਤੇ ਫਿਰ ਉਸ ਦੇ ਪਿਤਾ ਵੱਲ। ਉਹ ਆਖ ਰਿਹਾ ਸੀ, "ਤੁਹਾਡੇ ਬੱਚੇ ਕਿੰਨੇ ਪਿਆਰੇ ਆ!"

"ਸੋ ਇਜ਼ ਯੁਅਰਸ।"

"ਤੁਸੀਂ ਮਾਂਈਡ ਤਾਂ ਨੀ ਕਰਦੇ?"

"ਵਾਹਟ?"

"ਮੇਰਾ ਸੇਮ ਟਾਈਮ ਪਾਰਕ ਆਉਣਾ?"

"ਇਟਸ ਓ ਕੇ।"

"ਆਈ ਲਾਈਕ ਯੂ ਵੈਰੀ ਮੱਚ।"

ਕਮਲ ਨੇ ਉਸ ਵੱਲ ਵੇਖਿਆ ਅਤੇ ਫਿਰ ਬੱਚਿਆਂ ਵੱਲ ਵੇਖ ਕੇ ਆਖਣ ਲੱਗੀ, "ਲੁੱਕ ਐਟ ਦਾ ਕਿਡਸ। ਦੇ ਮਿਕਸਡ ਅਪ ਸੋ ਕੁਇੱਕਲੀ।"

"ਜੇ ਇਹ ਆਪਸ ਵਿੱਚ ਇਸ ਤਰ੍ਹਾਂ ਹੀ ਰਲ ਮਿਲ ਜਾਣ ਤਾਂ ਮੈਂ ਏਹਨੂੰ ਆਵਦੇ ਕੋਲ ਹੀ ਰੱਖ ਲਵਾਂ," ਆਖ ਕੇ ਉਹ ਥੋੜ੍ਹਾ ਜਿਹਾ ਹੱਸਿਆ ਸੀ। ਕਮਲ ਨੂੰ ਕੋਈ ਜਵਾਬ ਨਾ ਸੁੱਝਿਆ। ਉਹ ਫਿਰ ਬੋਲਿਆ, "ਤੁਹਾਡੇ ਬੱਚੇ ਨ੍ਹੀ ਜਾਂਦੇ ਆਪਣੇ ਡੈਡ ਕੋਲ?"

"ਨੋ, ਆਈ ਗਾਟ ਸੋਲ ਕਸਟੱਡੀ," ਕਮਲ ਨੇ ਕਿਹਾ। ਕਮਲ ਨੂੰ ਮਹਿਸੂਸ ਹੋਇਆ ਕਿ ਉਸ ਦੇ ਜਵਾਬ ਸੰਖੇਪ ***ਹਨ***। ਉਸ ਨੂੰ ਵੀ ਕੋਈ ਸਵਾਲ ਪੁੱਛਣਾ ਚਾਹੀਦਾ ਹੈ ਪਰ ਉਸ ਤੋਂ ਕੁਝ ਵੀ ਪੁੱਛ ਨਾ ਹੋਇਆ। ਪਰ ਪਾਰਕ ਤੋਂ ਵਾਪਸ ਆਉਂਦੀ ਕਮਲ ਨੂੰ ਆਪਣਾ-ਆਪ ਭਰਿਆ-ਭਰਿਆ ਮਹਿਸੂਸ ਹੋਣ ਲੱਗਾ। ਉਸ ਆਦਮੀ ਦਾ ਨਿੰਮ੍ਹਾਂ ਨਿੰਮ੍ਹਾਂ ਮੁਸਕਾਉਣਾ, ਹੌਲੀ-ਹੌਲੀ ਬੋਲਣਾ ਅਤੇ ਬੱਚਿਆਂ ਵਿੱਚ ਦਿਲਚਸਪੀ ਲੈਣਾ ਕਮਲ ਨੂੰ ਸਭ ਕੁਝ ਚੰਗਾ-ਚੰਗਾ ਲੱਗਾ। ਅਗਲੇ ਦਿਨ ਉਹ ਰਤਾ ਪਹਿਲਾਂ ਹੀ ਪਾਰਕ ਪਹੁੰਚ ਗਈ ਸੀ ਤੇ ਮੁੜ-ਮੁੜ ਉਸ ਰਾਹ ਵੱਲ ਵੇਖਣ ਲੱਗੀ, ਜਿਸ ਰਸਤੇ ਉਹ ਆਉਂਦਾ ਹੁੰਦਾ। ਜਦ ਉਹ ਆਉਂਦਾ ਦਿਸਿਆ ਤਾਂ ਕਮਲ ਦਾ ਦਿਲ ਧੜਕਿਆ। ਉਸ ਦੇ ਕੋਲ ਪਹੁੰਚਦੇ-ਪਹੁੰਚਦੇ ਕਮਲ ਦਾ ਸਰੀਰ ਝੂਠਾ ਪੈਣ ਲੱਗਾ। ਉਸ ਦੀ 'ਹੈਲੋ' ਦਾ ਜਵਾਬ ਕਮਲ ਨੇ ਮੁਸਕਰਾ ਕੇ ਦਿੱਤਾ। ਤੇ ਗੱਲਾਂ ਕਰਦਿਆਂ ਕਮਲ ਨੇ ਉਹ ਸਵਾਲ ਪੁੱਛ ਲਿਆ, ਜਿਹੜਾ ਉਹ ਪਿਛਲੀ ਰਾਤ ਸੋਚਦੀ ਰਹੀ ਸੀ ਕਿ ਉਸ ਨੂੰ ਪੁੱਛਣਾ ਚਾਹੀਦਾ ਸੀ। ਕਮਲ ਨੇ ਪੁੱਛਿਆ, "ਆਰ ਯੂ ਡਾਈਵੋਰਸਡ ਔਰ ਸੈਪਰੇਟਿਡ?"

"ਡਾਈਵੋਰਸਡ।" ਤੇ ਫਿਰ ਉਹ ਬੋਲਿਆ, "ਕੈਨ ਵੁਈ ਬੀ ਫਰੈਂਡਸ?"

"ਆਰ ਵੁਈ ਨਾਟ? ਆਈ ਥਿੰਕ ਦੈਟਸ ਵਾਏ ਵੁਈ ਆਰ ਟਾਕਿੰਗ," ਆਖ ਕੇ ਕਮਲ ਹੱਸ ਪਈ। ਤੇ ਇਹ ਹਾਸਾ ਕਮਲ ਦੇ ਬੁੱਲ੍ਹਾਂ 'ਤੇ ਚੱਤੋ-ਪਹਿਰ ਰਹਿਣ ਲੱਗਾ। ਉਹ ਉੱਡੀ ਫਿਰਦੀ। ਸ਼ਾਮ ਨੂੰ ਪਾਰਕ ਜਾਣ ਦਾ ਵੇਲਾ ਉਡੀਕਦੀ। ਪਰ ਪਤਝੜ ਦਾ ਮੌਸਮ ਸ਼ੁਰੂ ਹੋ ਗਿਆ ਸੀ। ਗਰਮ ਧੁਪੀਲੇ ਦਿਨਾਂ ਦੀ ਥਾਂ ਠੰਡ ਉੱਤਰ ਆਈ ਸੀ। ਉਹ ਕਮਲ ਨੂੰ ਆਖਦਾ ਕਿ ਬੱਚਿਆਂ ਨੂੰ ਘਰ ਛੱਡ ਕੇ ਉਹ ਇਕੱਲੇ ਕਿਸੇ ਥਾਂ ਮਿਲਣ। ਤੇ ਇੱਕ ਦਿਨ ਇਹ ਜੁਗਾੜ ਆਪਣੇ-ਆਪ ਹੀ ਬਣ ਗਿਆ ਸੀ। ਕਮਲ ਦੀ ਖੁਸ਼ੀ ਦਾ ਭੇਤ ਉਸ ਦੀ ਮਾਂ ਅਤੇ ਫਿਰ ਆਂਟੀ ਨੇ ਪਾ ਲਿਆ ਸੀ। ਕਮਲ ਨੇ ਦੱਸ ਦਿੱਤਾ ਕਿ ਉਹ ਬੰਦਾ ਉਸ ਨੂੰ ਚੰਗਾ ਲੱਗਦਾ ***ਹੈ***। "ਲੈ ਮੈਂ ਕੱਲ੍ਹ ਨੂੰ ਹੀ ਪਤਾ ਕਰ ਲੈਨੀ ਆਂ। ਉਸ ਦੀ ਮਾਂ ਨੂੰ ਮੈਂ ਕਈ ਵਾਰ ਮਿਲੀ ਆਂ। ਅਸੀਂ 'ਕੱਠੀਆਂ ਗੁਰਦੁਆਰੇ ਸੇਵਾ ਕਰਦੀਆਂ," ਆਂਟੀ ਦਾ ਕਿਹਾ ਸੁਣ ਕੇ ਕਮਲ ਨੇ ਸੋਚਿਆ ਕਿ ਆਖੇ ਕਿ ਉਹ ਪਹਿਲਾਂ ਆਪ ਹੀ ਗੱਲ ਕਰੇਗੀ। ਫਿਰ ਉਸ ਨੇ ਸੋਚਿਆ ਕਿ ਇਸ ਤਰ੍ਹਾਂ ਉਸ ਦਾ ਪਹਿਲ ਕਰਨਾ ਠੀਕ ਨਹੀਂ। ਜੇ ਉਸ ਨੇ ਨੇੜੇ ਹੋਣ ਲਈ ਪਹਿਲ ਕੀਤੀ ਸੀ ਤਾਂ ਵਿਆਹ ਬਾਰੇ ਵੀ ਕਰੇਗਾ। ਦੂਸਰੇ ਦਿਨ ਆਂਟੀ ਦਾ ਮੁਰਝਾਇਆ ਚੇਹਰਾ ਦੇਖ ਕੇ ਕਮਲ ਦਾ ਦਿਲ ਧੜਕਿਆ। ਆਂਟੀ ਪੰਜਾਬੀ ਅਖਬਾਰ ਦਾ ਰਿਸ਼ਤਿਆਂ ਵਾਲਾ ਸਫ਼ਾ ਮੂਹਰੇ ਕਰਦੀ ਬੋਲੀ, "ਓਹ ਤਾਂ ਕੁਆਰੀ ਕੁੜੀ ਭਾਲਦੇ ਆ। ਜੇ ਐਥੇ ਨਾ ਮਿਲੀ ਤਾਂ ਇੰਡੀਆ ਜਾਣਗੇ। ਕਹਿੰਦੇ ਸਾਡਾ ਅਖ਼ਬਾਰ ਵਿੱਚ ਵੀ ਪਾਇਆ ਹੋਇਐ। ਆਉਂਦੀ ਹੋਈ ਮੈਂ ਅਖ਼ਬਾਰ ਵੀ ਚੁੱਕ ਲਿਆਈ।"

ਕਮਲ ਇਸ਼ਤਿਹਾਰ ਪੜ੍ਹਨ ਲੱਗੀ। ਉਹ ਕੁਝ ਸਮਾਂ ਸੋਚਦੀ ਰਹੀ। ਤੇ ਫਿਰ ਪਤਝੜ ਦੀ ਉਸ ਸ਼ਾਮ ਕਮਲ ਤਿਆਰ ਹੋ ਕੇ ਉਸ ਨੂੰ ਸਟਾਰਬਕਸ ਕਾਫ਼ੀ ਹਾਊਸ ਵਿੱਚ ਮਿਲਣ ਗਈ। ਉਹ ਕੈਨਮੋਰ ਜਾਂ ਬੈਂਫ ਜਾਣਾ ਚਾਹੁੰਦਾ ਸੀ, ਜਿੱਥੇ ਆਪਣੇ ਲੋਕ ਨਾ ਹੋਣ। ਪਰ ਕਮਲ ਨੇ ਕਿਹਾ ਕਿ ਥਾਂ ਵੀ ਉਸ ਦੀ ਮਰਜ਼ੀ ਦੀ ਹੋਵੇਗੀ ਤੇ ਖਰਚ ਵੀ ਉਹ ਹੀ ਕਰੇਗੀ। ਤੇ ਸਟਾਰਬਕਸ ਜਾ ਕੇ ਕੌਫ਼ੀ ਦੀ ਘੁੱਟ ਭਰਦੀ ਕਮਲ ਨੇ ਪੁੱਛਿਆ, "ਥੋਨੂੰ ਕਿਹੋ-ਜਿਹੀ ਕੁੜੀ ਚੰਗੀ ਲੱਗਦੀ ਐ?" ਕਮਲ ਹੌਲੀ-ਹੌਲੀ ਉਸ ਨਾਲ ਪੰਜਾਬੀ ਬੋਲਣ ਲੱਗ ਪਈ ਸੀ। ਉਸ ਨੂੰ ਆਪਣੇ ਇਸ ਸੁਭਾਅ 'ਤੇ ਕਈ ਵਾਰ ਆਪ ਹੀ ਹੈਰਾਨੀ ਹੁੰਦੀ ਕਿ ਓਪਰਿਆਂ ਨਾਲ ਗੱਲਾਂ ਕਰਦੇ ਆਪ ਮੁਹਾਰੇ ਹੀ ਉਸ ਦੇ ਮੂੰਹੋਂ ਅੰਗ੍ਰੇਜ਼ੀ ਨਿਕਲਣ ਲੱਗਦੀ ਤੇ ਜਿਓਂ-ਜਿਓਂ ਨੇੜਤਾ ਵਧਦੀ ਜਾਂਦੀ ਉਹ ਪੰਜਾਬੀ 'ਚ ਗੱਲਾਂ ਕਰਨ ਲੱਗਦੀ।

"ਤੁਹਾਡੇ ਵਰਗੀ," ਕਮਲ ਨੂੰ ਉਸ ਦੇ ਇਸ ਜਵਾਬ ਨਾਲ ਖਿਝ ਚੜ੍ਹੀ ਪਰ ਉਸ ਨੇ ਆਪਣੇ-ਆਪ ਨੂੰ ਜ਼ਬਤ ਵਿੱਚ ਕਰ ਲਿਆ । ਉਹ ਬੋਲੀ, "ਸ਼ਕਲ ਕਿ ਸੁਭਾਅ?"

"ਦੋਹੇਂ।"

ਕਮਲ ਨੇ ਆਪਣੇ ਹੱਥ ਉਪਰ ਉਸ ਦੇ ਹੱਥ ਦੀ ਛੋਹ ਮਹਿਸੂਸ ਕੀਤੀ। ਕਮਲ ਨੇ ਆਪਣੇ ਹੱਥ ਨੂੰ ਉਵੇਂ ਹੀ ਪਿਆ ਰਹਿਣ ਦਿੱਤਾ। ਉਹ ਬੋਲੀ, ''ਸੁਭਾਅ ਦਾ ਥੋਨੂੰ ਕੀ ਪਤਾ। ਆਪਾਂ ਕਿਹੜਾ ਕਦੇ ਡੇਟ 'ਤੇ ਗਏ ਆਂ?''

''ਆਪਾਂ ਪਾਰਕ 'ਚ ਗੱਲਾਂ-ਬਾਤਾਂ ਕਰਦੇ ਤਾਂ ਹੁੰਦੇ ਸੀ। ਨਾਲੇ ਜੀਹਦੇ ਨਾਲ ਦਿਲ ਮਿਲ ਜਾਣ, ਸੁਭਾਅ ਵੀ ਆਪ ਹੀ ਮਿਲ ਜਾਂਦੇ ਹੁੰਦੇ ਆ।'' ਕਮਲ ਨੇ ਆਪਣੇ ਹੱਥ ਉੱਪਰ ਉਸ ਦੇ ਹੱਥ ਦੀ ਘੁੱਟਣ ਮਹਿਸੂਸ ਕੀਤੀ। ਉਹ ਫਿਰ ਬੋਲਿਆ, ''ਡੇਟ ਵਾਸਤੇ ਮੈਂ ਤਾਂ ਕਦੋਂ ਦਾ ਕਹਿਨਾਂ ਪਰ ਤੁਸੀਂ ਹੀ ਬਿਜ਼ੀ ਰਹਿੰਨੇ ਆਂ। ਮੇਰਾ ਤਾਂ ਕਦੋਂ ਦਾ ਇਨ੍ਹਾਂ ਅੱਖਾਂ ਵਿੱਚ ਗੁਆਚਣ ਨੂੰ ਜੀਅ ਕਰਦੈ।''

''ਸੱਚੀਂ?''

''ਤੁਸੀਂ ਮੌਕਾ ਤਾਂ ਦਿਓ।''

''ਥੋੜ੍ਹੇ ਚਿਰ ਵਾਸਤੇ ਜਾਂ ਉਮਰ ਭਰ ਲਈ?''

''ਸਦਾ-ਸਦਾ ਲਈ।''

''ਤੁਹਾਡਾ ਮਤਲਬ ਵਿਆਹ ਕਰਵਾਉਣ ਤੋਂ ਹੈ?''

''ਵਿਆਹ 'ਚ ਕੀ ਪਿਆ ਐ? ਅੱਗੇ ਵਿਆਹ ਦਾ ਸਵਾਦ ਦੇਖ ਤਾਂ ਲਿਆ ਐ। ਤੁਸੀਂ ਵੀ ਤੇ ਮੈਂ ਵੀ।''

ਕਮਲ ਨੇ ਹੌਲੀ ਜਿਹੀ ਆਪਣਾ ਹੱਥ ਉਸ ਦੇ ਹੱਥ ਹੇਠੋਂ ਕੱਢਿਆ ਅਤੇ ਅਖਬਾਰ ਦੀ ਕਟਿੰਗ ਉਸ ਦੇ ਮੂਹਰੇ ਰੱਖ ਦਿੱਤੀ। ਕਮਲ ਉਸ ਦੇ ਚੇਹਰੇ ਦੇ ਉਤਰਾਅ-ਚੜ੍ਹਾਅ ਪੜ੍ਹਨ ਲੱਗੀ। ਉਹ ਥੋੜ੍ਹੇ ਚਿਰ ਬਾਅਦ ਬੋਲਿਆ, ''ਇਹ ਤਾਂ ਘਰ ਦੇ ਮਗਰ ਪਏ ਹੋਏ ਆ।'' ਇਹ ਗੱਲ ਕਮਲ ਦੇ ਦਿਮਾਗ ਵਿੱਚ ਵੀ ਆਈ ਸੀ, ਜਦ ਉਸ ਨੇ ਇਸ਼ਤਿਹਾਰ ਦੇਖਿਆ ਸੀ। ਪੂਰੀ ਗੱਲ ਜਾਣਨ ਲਈ ਤਾਂ ਉਹ ਉਸ ਨੂੰ ਮਿਲੀ ਸੀ। ਕਮਲ ਬੋਲੀ, ''ਤੇ ਤੁਹਾਡਾ ਕੀ ਵਿਚਾਰ ਹੈ?''

''ਤੁਹਾਡੇ ਨਾਲ ਮੈਂ ਕਦੇ ਕੋਈ ਵਿਆਹ ਦਾ ਲਾਰਾ ਲਾਇਐ, ਜਿਹੜਾ ਤੁਸੀਂ ਐਨੀ ਇਨਵੈਸਟੀਗੇਸ਼ਨ ਕਰਦੇ ਆਂ?''

''ਹੁਣੇ-ਹੁਣੇ ਤਾਂ ਉਮਰ ਭਰ ਲਈ ਅੱਖਾਂ 'ਚ ਗੁਆਚਣ ਦੀ ਗੱਲ ਕਰਦੇ ਸੀ।''

''ਦੋਸਤ ਬਣ ਕੇ।''

''ਵਿਆਹ ਕਰਕੇ ਕਿਓਂ ਨਹੀਂ?''

''ਆਪਣਾ ਵਿਆਹ ਕਾਮਯਾਬ ਹੋ ਈ ਨ੍ਹੀ ਸਕਦਾ।''

''ਕਿਓਂ?''

''ਨਹੀਂ ਹੋ ਸਕਦਾ ਬੱਸ।''

''ਆਈ ਵਾਂਟ ਟੂ ਨੋ ਵਾਏ ਡੂ ਯੂ ਥਿੰਕ ਦੈਟ ਵੇ।''

''ਜੇ ਹੋਣਾ ਹੁੰਦਾ ਤਾਂ ਤੇਰਾ ਪਹਿਲਾ ਵਿਆਹ ਨਾ ਕਾਮਯਾਬ ਹੋ ਜਾਂਦਾ।''

''ਸੋ ਯੂ ਥਿੰਕ ਆਈ ਵਾਜ਼ ਦਾ ਪ੍ਰੌਬਲਮ, ਹੂੰਅ? ਵਾਹਟ ਡੂ ਯੂ ਨੋ ਅਬਾਊਟ ਮੀ ਐਂਡ ਮਾਈ ਐਕਸ?'' ਕਮਲ ਨੂੰ ਆਪਣੀ ਆਵਾਜ਼ ਉੱਚੀ ਹੁੰਦੀ ਮਹਿਸੂਸ ਹੋਈ।

''ਸਿਆਣੀਆਂ ਕੁੜੀਆਂ ਦੇ ਤਲਾਕ ਨ੍ਹੀ ਹੁੰਦੇ ਹੁੰਦੇ।'' ਸੁਣ ਕੇ ਕਮਲ ਦੀਆਂ ਮੁੱਠੀਆਂ ਮਿਚ ਗਈਆਂ। ਉਸ ਨੇ ਲੰਮਾ ਸਾਹ ਲਿਆ। ਫਿਰ ਕੁਰਸੀ ਤੋਂ ਉੱਠ ਕੇ ਸਿੱਧਾ ਉਸ ਦੀਆਂ ਅੱਖਾਂ ਵਿੱਚ ਝਾਕਦੀ ਹੋਈ ਬੋਲੀ, ''ਯੂ ਨੋ ਵਾਹਟ? ਹੈੱਲ ਵੈਦ ਯੂ। ਬਲੱਡੀ ਹਿਪੋਕਰੇਟ।'' ਆਖ ਕੇ ਉਹ ਉਸ ਨੂੰ ਹੱਕਾ-ਬੱਕਾ ਹੋਏ ਨੂੰ ਉੱਥੇ ਬੈਠਾ ਛੱਡ ਤੁਰ ਆਈ।

ਰਸਤੇ ਵਿੱਚ ਉਸ ਨੂੰ ਆਂਟੀ ਦੀ 'ਜਣੇ-ਖਣੇ ਵੱਲੋਂ ਆਪਣੇ ਬਿਸਤਰੇ 'ਤੇ ਲਿਜਾਣ ਵਾਲੀ' ਗੱਲ ਚੇਤੇ ਆਈ। 'ਜਨਾਨੀ ਤਾਂ ਔਬਜੈਕਟ ਆ ਇਨ੍ਹਾਂ ਆਦਮੀਆਂ ਵਾਸਤੇ,' ਉਸ ਦੇ ਦਿਮਾਗ ਵਿੱਚ ਆਇਆ। 'ਪਰ ਪਾਲੀ ਤਾਂ ਆਪ 'ਔਬਜੈਕਟ' ਬਨਣ ਲਈ ਆਖਦੀ ਆ,' ਉਸ ਨੇ ਸੋਚਿਆ। ਉਸ ਨੂੰ ਪਾਲੀ ਦੇ ਇਸ ਸੁਝਾਅ ਨਾਲ ਕੋਫ਼ਤ ਹੋਈ। ਉਦੋਂ ਵੀ ਹੋਈ ਸੀ , ਜਦ ਪਾਲੀ ਨੇ ਕਿਹਾ ਸੀ, ''ਕਿਓਂ ਜਵਾਨੀ ਗਾਲਦੀ ਐਂ। ਬੌਡੀ ਦੀਆਂ ਨੀਡਸ ਹੁੰਦੀਐਂ। ਕਿਸੇ ਨੂੰ ਦੋਸਤ ਬਣਾ ਲੈ। ਯੂ ਨੋ ਵੱਟ ਆਈ ਮੀਨ।''

''ਜਸਟ ਫਾਰ ਦੈਟ?''

''ਹੋਰ, ਆਪਣੇ ਬਥੇਰੇ ਫਿਰਦੇ ਆ ਲਗੜ ਏਸੇ ਕੰਮ ਵਾਸਤੇ। ਆਵਦੇ ਆਪ ਨੂੰ ਸਰਕਾਰੀ ਸਾਂਢ ਸਮਝਦੇ ਆ।''

''ਨੋ, ਥੈਂਕਸ,'' ਆਖ ਕੇ ਕਮਲ ਨੇ ਗੱਲ ਮੁਕਾ ਦਿੱਤੀ ਸੀ। ਉਸ ਨੂੰ ਇਸ ਸੋਚ ਨਾਲ ਹੀ ਕੋਫਤ ਹੋਈ ਸੀ। ਉਸ ਨੇ ਸੋਚਿਆ ਕਿ ਉਹ ਕਦੇ 'ਔਬਜੈਕਟ' ਨਹੀਂ ਬਣੇਗੀ। ਸਟਾਰਬਕਸ ਵਿੱਚੋਂ ਆਈ ਕਮਲ ਨੂੰ ਆਪਣੇ ਆਪ 'ਤੇ ਖਿਝ ਆਈ ਕਿ ਉਸ ਨੇ ਕਿਓਂ ਮੌਕਾ ਦਿੱਤਾ ਉਸ ਆਦਮੀ ਨੂੰ ਆਪਣੇ ਬਾਰੇ ਇਸ ਤਰ੍ਹਾਂ ਸੋਚਣ ਦਾ। ਉਸਦਾ ਅੰਦਰ ਧੁਖਣ ਲੱਗਾ।

ਚਿਮਨੀ ਵਿੱਚੋਂ ਹਾਲੇ ਵੀ ਧੂੰਆਂ ਨਿਕਲ ਰਿਹਾ ਸੀ। ਸੀਡਰ ਦੇ ਦਰੱਖਤ ਤੋਂ ਮੁੜ ਕਮਲ ਦੀ ਨਿਗ੍ਹਾ ਚਿਮਨੀ 'ਤੇ ਚਲੀ ਗਈ। ਉਹ ਕੁਝ ਪਲ ਉਸ ਵੱਲ ਦੇਖਦੀ ਰਹੀ। ਉਸ ਨੇ ਦੇਖਿਆ ਕਿ ਚਿਮਨੀ ਦੇ ਦੁਆਲੇ ਮੁਕਾਬਲਤਨ ਘੱਟ ਬਰਫ਼ ਇੱਕਠੀ ਹੋਈ ਸੀ। 'ਸੇਕ ਕਰਕੇ ਨਾਲੋ-ਨਾਲ ਖੁਰ ਜਾਂਦੀ ਹੋਵੇਗੀ,' ਉਸ ਨੇ ਸੋਚਿਆ। ਫਿਰ ਉਹ ਆਪਣੇ ਡਰਾਈਵਵੇਅ ਵੱਲ ਵੇਖਣ ਲੱਗੀ। 'ਇਥੇ ਵੀ ਹੀਟ ਵਾਲੀਆਂ ਪਾਈਪਾਂ ਵਿਛਾਉਣੀਆਂ ਚਾਹੀਦੀਐਂ ਤਾਂ ਕਿ ਬਰਫ਼ ਡਿੱਗਣ ਸਾਰ ਹੀ ਖੁਰ ਜਾਵੇ।' ਪਰ ਦੂਜੇ ਹੀ ਪਲ ਉਸ ਨੇ ਆਪਣੇ ਇਸ ਵਿਚਾਰ ਨੂੰ ਰੱਦ ਕਰਦਿਆਂ ਸੋਚਿਆ, 'ਫੇਰ ਤਾਂ ਸਾਰੀ ਕਮਾਈ ਹੀਟ ਦਾ ਬਿੱਲ ਤਾਰਨ 'ਚ ਈ ਖੁਰ ਜਾਵੇ।' ਕਮਲ ਦੇ ਅੰਦਰ ਖਿੱਝ ਉੱਠੀ।

ਖਿੱਝ ਕਮਲ ਦੇ ਅੰਦਰ ਉਸ ਦਿਨ ਵੀ ਉੱਠੀ ਸੀ, ਜਿਸ ਦਿਨ ਉਸਦੀ ਮਾਂ ਨੇ ਫਿਰ ਉਸ ਨੂੰ ਪੰਜਾਬੀ ਅਖ਼ਬਾਰ ਵਿੱਚ ਛਪਿਆ ਇੱਕ ਇਸ਼ਤਿਹਾਰ ਦਿਖਾਇਆ ਸੀ। ਤਰਦੀ ਜਿਹੀ ਨਜ਼ਰ ਮਾਰ ਕੇ ਉਹ ਬੋਲੀ ਸੀ, ''ਕੀ ਨਵਾਂ ਹੈ ਇਸ ਵਿੱਚ ਸਾਰੇ ਇਸ਼ਤਿਹਾਰ ਏਸੇ ਤਰ੍ਹਾਂ ਦੇ ਈ ਹੁੰਦੇ ਆ। ਤਲਾਕਸ਼ੁਦਾ ਮੁੰਡੇ ਲਈ ਕੁਆਰੀ ਤੇ ਸਿਆਣੀ ਕੁੜੀ ਚਾਹੀਏ।''

''ਤੂੰ ਐਵੇਂ ਭੜਕ ਪੈਨੀ ਐਂ। ਪਹਿਲਾਂ ਪੂਰਾ ਤਾਂ ਪੜ੍ਹ ਲਾ,'' ਉਸ ਦੀ ਮਾਂ ਬੋਲੀ।

"ਕੀ ਪੜ੍ਹ ਲਵਾਂ ਅੱਗੇ? ਤਲਾਕਸ਼ੁਦਾ 'ਤੇ ਵੀ ਵਿਚਾਰਿਆ ਜਾ ਸਕਦਾ ਹੈ ਲਿਖਿਆ ਹੋਣੈ। ਕੌਣ ਹੁੰਦਾ ਕੋਈ ਵਿਚਾਰ ਕਰਨ ਵਾਲਾ। ਜਿਵੇਂ ਤਰਸ ਕਰ ਰਹੇ ਹੋਣ,"

ਕਮਲ ਨੂੰ ਆਪਣਾ-ਆਪ ਬੇਇੱਜ਼ਤ ਹੋਇਆ ਲੱਗਾ। ਲੰਬੇ-ਲੰਬੇ ਸਾਹ ਲੈਂਦੀ ਉਹ ਐਵੇਂ ਹੀ ਆਪਣੇ ਮੂਹਰੇ ਪਏ ਉਸ ਅਖ਼ਬਾਰ ਵੱਲ ਵੇਖਣ ਲੱਗੀ। ਉਸ ਨੂੰ ਲੱਗਾ ਕਿ ਇਸ ਤਰ੍ਹਾਂ ਦੇ ਤਕਰੀਬਨ ਸਾਰੇ ਹੀ ਇਸ਼ਤਿਹਾਰਾਂ ਦੀ ਇੱਕੋ-ਜਿਹੀ ਹੀ ਵਾਰਤਾ ਸੀ। ਫਿਰ ਉਸ ਦੀ ਨਿਗਾਹ ਤਿਲ੍ਹਕ ਕੇ ਤਲਾਕਸ਼ੁਦਾ ਕੁੜੀਆਂ ਦੇ ਮਾਂ-ਬਾਪ ਵੱਲੋਂ ਦਿੱਤੇ ਇਸ਼ਤਿਹਾਰਾਂ 'ਤੇ ਚਲੀ ਗਈ। ਉਨ੍ਹਾਂ ਦੀ ਰਲਦੀ-ਮਿਲਦੀ ਵਾਰਤਾ ਨੇ ਕਮਲ ਨੂੰ ਹੈਰਾਨ ਕਰ ਦਿੱਤਾ। 'ਬੇਕਸੂਰ ਤਲਾਕਸ਼ੁਦਾ ਲੜਕੀ ਲਈ ਯੋਗ ਵਰ ਦੀ ਲੋੜ ਹੈ।' ਇਹ ਸਤਰਾਂ ਉਸ ਨੂੰ ਇਸ ਤਰ੍ਹਾਂ ਲੱਗਾ, ਜਿਵੇਂ ਰਿਸ਼ਤਾ ਮੰਗਣ ਲਈ ਤਰਲਾ ਕਰ ਰਹੀਆਂ ਹੋਣ। ਉਹ ਲੜਕੇ ਅਤੇ ਲੜਕੀ ਦੇ ਇਸ਼ਤਿਹਾਰਾਂ ਦਾ ਮੁਕਾਬਲਾ ਕਰਦੀ ਗੁੱਸੇ ਨਾਲ ਭਖਣ ਲੱਗੀ, ਕਮਲ ਦੇ ਦਿਮਾਗ ਵਿੱਚ ਪਾਲੀ ਦਾ ਖਿਆਲ ਆ ਗਿਆ। ਉਸ ਨੇ ਸੋਚਿਆ ਕਿ ਪਾਲੀ ਅੱਕ ਕੇ ਹੀ ਇਸ ਤਰ੍ਹਾਂ ਕਰਨ ਲੱਗੀ ਹੋਵੇਗੀ। ਨਹੀਂ ਤਾਂ ਕਈ ਵਾਰ ਪਾਲੀ ਦਾ ਵਤੀਰਾ ਵੇਖ ਕੇ ਉਹ ਸੋਚਦੀ ਕਿ ਪਾਲੀ ਤੋਂ ਥੋੜ੍ਹਾ ਵਿੱਥ ਬਣਾ ਕੇ ਰੱਖਣੀ ਚਾਹੀਦੀ ਹੈ।

ਖਾਸ ਕਰ ਉਸ ਦਿਨ, ਜਿਸ ਦਿਨ ਕਮਲ ਨੇ ਦੇਖਿਆ ਸੀ ਕਿ ਜੋਅ ਨੇ ਪਾਲੀ ਦੇ ਪਿੱਛੇ ਦਾ ਰੁੱਗ ਭਰ ਕੇ ਕਿਹਾ ਸੀ, "ਲੈੱਟ ਮੀ ਟੇਸਟ ਸਮ ਔਫ਼ ਦੈਟ ਬਰਾਊਨ ਸ਼ੂਗਰ ?" ਕਮਲ ਦਾ ਜੀਅ ਕੀਤਾ ਸੀ ਕਿ ਜੋਅ ਦੇ ਵੱਟ ਕੇ ਚੁਪੇੜ ਮਾਰੇ। ਪਰ ਉਹ ਪਾਲੀ ਦਾ ਵਤੀਰਾ ਵੇਖ ਕੇ ਹੱਕੀ-ਬੱਕੀ ਰਹਿ ਗਈ। ਪਾਲੀ ਨੇ ਜੋਅ ਦੀ ਜੀਨ ਮੂਹਰੇ ਹੱਥ ਮਾਰ ਕੇ ਕਿਹਾ ਸੀ, "ਲੈੱਟ ਮੀ ਸੀ ਇਫ਼ ਯੂ ਕੈਨ ਹੈਂਡਲ ਇਟ।" ਕਮਲ ਤੋਂ ਉੱਥੇ ਹੋਰ ਖੜ੍ਹਾ ਨਹੀਂ ਸੀ ਰਹਿ ਹੋਇਆ। ਉਹ ਸੋਚਣ ਲੱਗੀ ਕਿ ਪਾਲੀ ਤੋਂ ਪਾਸੇ ਰਿਹਾ ਕਰੇਗੀ। ਅਗਲੇ ਦਿਨ ਕਮਲ ਨੇ ਪਾਲੀ ਨੂੰ ਪੁੱਛਿਆ, "ਤੈਨੂੰ ਸ਼ਰਮ ਨ੍ਹੀ ਆਈ ਏਦਾਂ ਕਰਦਿਆਂ?"

"ਓਹਨੂੰ ਆਈ ਸੀ ਓਦਾਂ ਕਰਦਿਆਂ? ਜੇ ਬੰਦੇ ਨ੍ਹੀ ਸ਼ਰਮ ਕਰਦੇ ਤਾਂ ਅਸੀਂ ਕਿਓਂ ਕਰੀਏ । ਨਾਲੇ ਇਹ ਤਾਂ ਮੇਰਾ ਪੈੱਟ ਐ। ਏਨੇ ਨਾਲ ਹੀ ਖੁਸ਼ ਹੋ ਜਾਂਦੈ। ਯੂ ਨੋ ਵੱਟ ਆਈ ਮੀਨ।"

ਤੇ ਇਹ ਪੈੱਟ ਵਾਲੀ ਗੱਲ ਕਮਲ ਨੂੰ ਕੁਝ ਦਿਨਾਂ ਬਾਅਦ ਸਮਝ ਲੱਗੀ ਸੀ, ਜਦ ਪਾਲੀ ਨੇ ਦੱਸਿਆ ਸੀ ਕਿ ਉਹ ਵੀਕਐਂਡ 'ਤੇ ਆਪਣੇ ਪੁੱਤਰ ਨੂੰ ਉਸ ਦੇ ਪਿਓ ਕੋਲੋਂ ਲੈਣ ਗਈ ਜੋਅ ਨੂੰ ਨਾਲ ਲੈ ਕੇ ਜਾਂਦੀ ***ਹੈ***।

"ਤੂੰ ਇਓਂ ਕਿਓਂ ਕਰਦੀ ਐਂ? ਮੁਫ਼ਤ ਦੀ ਬਦਨਾਮੀ ਲੈਂਨੀ ਐਂ?" ਕਮਲ ਨੇ ਹੈਰਾਨ ਹੋ ਕੇ ਪੁੱਛਿਆ।

"ਮੈਨੂੰ ਗੋਰੇ ਨਾਲ ਵੇਖ ਕੇ ਉਹ ਮੱਚ ਜਾਂਦੈ। ਪਹਿਲਾਂ ਬੇਟਾ ਮੇਰੇ ਨਾਲ ਰਹਿੰਦਾ ਸੀ। ਓਹਦਾ ਪਿਓ ਵੀਕਐਂਡ 'ਤੇ ਓਹਨੂੰ ਲੈਣ ਆਇਆ ਨਵੀਂ ਤੋਂ ਨਵੀਂ ਨਾਲ ਲੈ ਕੇ ਆਇਆ ਕਰੇ। ਜਾਂਦਾ ਹੋਇਆ ਅੱਖ ਮਾਰ ਕੇ ਜਾਇਆ ਕਰੇ। ਜਦੋਂ ਅਸੀਂ 'ਕੱਠੇ ਰਹਿੰਦੇ ਸੀ, ਉਦੋਂ ਵੀ ਆਖਿਆ ਕਰੇ ਬਈ ਮੈਂ ਤਾਂ ਇਓਂ ਹੀ ਕਰਨੈ, ਕਰਲਾ ਜਿਹੜਾ ਕੁਝ ਕਰਨੈਂ। ਹਰੇਕ ਗੱਲ ਦੀ ਲਿਮਟ ਹੁੰਦੀ ਆ। ਇੱਕ ਦਿਨ ਮੈਂ ਡੀਸਾਈਡ ਕਰ ਲਿਆ, ਇਨਅੱਫ਼ ਇਜ਼ ਇਨਅੱਫ਼। ਕੇਸ ਕਰਕੇ ਮੈਂ ਬੇਟਾ ਪਿਓ ਦੇ ਸਪੁਰਦ ਕਰ ਦਿੱਤਾ। ਹੁਣ ਵੀਕਐਂਡ 'ਤੇ ਜੋਅ ਦੀ ਬਾਂਹ 'ਚ ਬਾਂਹ ਪਾ ਕੇ ਓਵੇਂ ਹੀ ਅੱਖ ਮਾਰ ਕੇ ਆਉਨੀ ਆਂ।"

"ਪਰ ਬੱਚੇ 'ਤੇ ਕੀ ਅਸਰ ਹੋਊ?"

"ਜੇ ਪਿਓ ਨੀ ਬੱਚੇ ਬਾਰੇ ਸੋਚਦਾ ਤਾਂ ਮਾਂ ਹੀ ਕਿਓਂ ਸੋਚੇ।" ਕਮਲ ਨੂੰ ਪਾਲੀ ਦੀ ਇਹ ਗੱਲ ਚੰਗੀ ਨਹੀਂ ਸੀ ਲੱਗੀ।

ਪਰ ਵਿਆਹ ਵਾਲੇ ਇਸ਼ਤਿਹਾਰਾਂ ਦਾ ਮੁਕਾਬਲਾ ਕਰਦੀ ਕਮਲ ਨੇ ਸੋਚਿਆ , 'ਔਰਤ ਹੀ ਕਿਓਂ ਬੱਚਿਆਂ ਦੀ ਸਾਰੀ ਜ਼ੁੰਮੇਵਾਰੀ ਚੁੱਕੇ?ਬੱਚਿਆਂ ਦੀ ਜ਼ੁੰਮੇਵਾਰੀ ਔਰਤਾਂ 'ਤੇ ਸੁੱਟ ਕੇ ਆਦਮੀ ਕੁਆਰੀਆਂ ਲੱਭਦੇ ਫਿਰਨ ਤੇ ਬੱਚੇ ਵਾਲੀਆਂ ਨੂੰ ਸੈਕੰਡ ਹੈਂਡ ਸਮਝ ਕੇ ਉਨ੍ਹਾਂ 'ਤੇ ਤਰਸ ਕਰਦੇ ਇਸ਼ਤਿਹਾਰ ਦੇਣ! ਇਹ ਕਿੱਧਰਲਾ ਇਨਸਾਫ਼ ਹੈ?' ਫਿਰ ਕਮਲ ਨੂੰ ਜਿੰਦਰ ਦਾ ਖਿਆਲ ਆਇਆ, ਜਿਹੜਾ ਤਲਾਕ ਤੋਂ ਮਹੀਨਾ ਬਾਅਦ ਹੀ ਇੰਡੀਆ ਜਾ ਕੇ ਵਿਆਹ ਕਰਵਾ ਆਇਆ ਸੀ। ਕਮਲ ਦੇ ਚਿੱਤ 'ਚ ਆਈ ਕਿ ਬੱਚਿਆਂ ਨੂੰ ਜਿੰਦਰ ਦੇ ਹਵਾਲੇ ਕਰ ਆਵੇ। ਉਸ ਦੇ ਵੀ ਤਾਂ ਓਨੇ ਹੀ ਹਨ। ਪਰ ਜਦ ਉਸ ਦਾ ਗੁੱਸਾ ਠੰਡਾ ਹੋਇਆ ਤਾਂ ਉਸ ਨੂੰ ਆਪਣੀ ਇਸ ਸੋਚ 'ਤੇ ਪਛਤਾਵਾ ਹੋਇਆ। ਉਹ ਸੋਚਣ ਲੱਗੀ, 'ਮੈਂ ਐਨੀ ਸਵਾਰਥੀ ਕਿਓਂ ਹੋ ਗਈ ਹਾਂ। ਓਹਦੇ ਕੋਲ ਛੱਡ ਆਉਣ ਦੀ ਸੋਚ ਵੀ ਕਿਵੇਂ ਮਨ 'ਚ ਆਈ, ਜਿਸ ਨੇ ਕਦੇ ਬੱਚਿਆਂ ਦਾ ਮੂੰਹ ਦੇਖਣ ਦਾ ਵੀ ਕਸ਼ਟ ਨਹੀਂ ਕੀਤਾ।'

'ਗੁਰਚਰਨ ਕਦੇ ਵੀ ਨਹੀਂ ਛੱਡਣ ਲੱਗਾ ਗੁਰਨੂਰ ਨੂੰ ਮੇਰੇ ਕੋਲ,' ਕਮਲ ਨੇ ਸੋਚਿਆ। 'ਫੇਰ ਕੋਰਟਾਂ ਦੇ ਚੱਕਰਾਂ ਵਿੱਚ ਫਸਣਾ ਪਊ।' ਸੋਚਦੀ ਕਮਲ ਦੀ ਨਿਗ੍ਹਾ ਆਪ-ਮੁਹਾਰੇ ਹੀ ਕੰਧ 'ਤੇ ਟੰਗੀ ਤਸਵੀਰ 'ਤੇ ਚਲੀ ਗਈ। ਤੇ ਉਹ ਅਰਜੁਨ ਨੂੰ ਗੁਰਚਰਨ ਦੇ ਮੋਢਿਆਂ 'ਤੇ ਚੜ੍ਹਿਆ ਨਿਹਾਰਨ ਲੱਗੀ। ਉਸ ਨੂੰ ਅਰਜੁਨ ਦੀ ਪਿਛਲੇ ਹਫ਼ਤੇ ਹੀ ਕੀਤੀ ਜ਼ਿਦ ਚੇਤੇ ਆਈ, ਜਦੋਂ ਉਹ ਕਰਾਟੇ ਸਿੱਖਣ ਜਾਣ ਵੇਲੇ ਆਖਣ ਲੱਗਾ ਸੀ, "ਆਈ ਵਾਂਟ ਟੂ ਗੋ ਵਿਦ ਡੈਡ, ਮੰਮ।"

"ਵਾਏ ਨਾਟ ਵਿਦ ਮੀ?" ਕਮਲ ਨੇ ਪੁੱਛਿਆ।

"ਬੀਕਾਸ ਇਟਸ ਮੈਨਜ਼ ਥਿੰਗ। ਐਂਡ ਆਈ ਲਾਈਕ ਵਿਦ ਹਿਮ ਬੈਟਰ।"

'ਇਸ ਤਰ੍ਹਾਂ ਦੇ ਮੋਢੇ ਤਾਂ ਉਹ ਭਾਲਦਾ ਸੀ,' ਕਮਲ ਦੇ ਚਿੱਤ 'ਚ ਆਇਆ। ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਕਮਲ ਨੂੰ ਉਸ ਦਿਨ ਹੋਇਆ ਸੀ, ਜਿਸ ਦਿਨ ਅਰਜੁਨ ਆਪਣੀਆਂ ਚੀਜਾਂ ਅੰਦਰੋਂ ਲਿਆ ਕੇ ਸਿੰਮੀ ਨੂੰ ਦਿੰਦਾ ਉਸ ਦੇ ਆਲੇ-ਦੁਆਲੇ ਫਿਰ ਰਿਹਾ ਸੀ।

ਉਸ ਦਿਨ ਕਮਲ ਆਪਣੇ ਪਾਪਾ ਨੂੰ ਡਾਕਟਰ ਕੋਲ ਲੈ ਕੇ ਗਈ ਹੋਈ ਸੀ। ਜਾਣ ਲੱਗੀ ਉਹ ਆਪਣੇ ਕਿਰਾਏਦਾਰਾਂ ਨੂੰ ਆਪਣੇ ਬੱਚਿਆਂ ਦੇ ਨਾਲ ਹੀ ਸਿੰਮੀ ਅਤੇ ਅਰਜੁਨ ਨੂੰ ਵੀ ਸਕੂਲੋਂ ਲੈ ਆਉਣ ਲਈ ਆਖ ਗਈ ਸੀ। ਉਹ ਡਾਕਟਰ ਦੇ ਕਲੀਨਿਕ ਵਿੱਚ ਹੀ ਬੈਠੀ ਸੀ, ਜਦੋਂ ਸਿੰਮੀ ਦਾ ਫ਼ੋਨ ਆ ਗਿਆ।ਉਹ ਆਖ ਰਹੀ ਸੀ, "ਮੰਮ, ਅਰਜੁਨ ਇਜ਼ ਕਿਕਿੰਗ ਮੀ।" ਤੇ ਜਦ ਕਮਲ ਘਰ ਪਹੁੰਚੀ ਤਾਂ ਸਿੰਮੀ ਨੇ ਦੱਸਿਆ :ਅੱਜ ਉਨ੍ਹਾਂ ਨੂੰ ਰੀਪੋਰਟ ਕਾਰਡ ਮਿਲੇ ਸਨ। ਅਰਜੁਨ ਦੀ ਰੀਪੋਰਟ ਚੰਗੀ ਨਾ ਹੋਣ ਕਰਕੇ ਉਹ ਸਿੰਮੀ ਨੂੰ ਵੀ ਆਪਣੀ ਰੀਪੋਰਟ ਪਾੜਨ ਲਈ ਆਖਣ ਲੱਗਾ ਤਾਂ ਕਿ ਕਮਲ ਨੂੰ ਪਤਾ ਨਾ ਲੱਗੇ ਕਿ ਰੀਪੋਰਟ ਕਾਰਡ ਮਿਲੇ ਸਨ। ਸਿੰਮੀ ਦੇ ਇਨਕਾਰ ਕਰਨ ਕਾਰਣ ਉਹ ਸਿੰਮੀ ਨੂੰ ਮਾਰਨ ਲੱਗਾ ਸੀ।

"ਹਾਲੇ ਤਾਂ ਭੋਰਾ-ਭਰ ਆ, ਜਦੋਂ ਵੱਡਾ ਹੋ ਗਿਆ ਫੇਰ ਪਤਾ ਨ੍ਹੀ ਕੀ ਕਰੂ," ਆਖਦੀ ਕਮਲ ਨੇ ਅਰਜੁਨ ਨੂੰ ਫੜ ਕੇ ਉਸ ਦਾ ਮੂੰਹ ਚਪੇੜਾਂ ਨਾਲ ਲਾਲ ਕਰ ਦਿੱਤਾ। 'ਕਿਤੇ ਆਵਦੇ ਪਿਓ ਵਰਗਾ ਨਾ ਨਿਕਲ ਜਾਵੇ,' ਉਹ ਫ਼ਿਕਰਮੰਦ ਹੋ ਗਈ। ਅਰਜੁਨ ਦੇ ਮੂੰਹ 'ਤੇ ਛਪੀਆਂ ਉਂਗਲਾਂ ਦੇ ਨਿਸ਼ਾਨ ਅਤੇ ਹਾਉਕੇ ਸੁਣ ਕੇ ਆਪ ਵੀ ਅੱਖਾਂ ਭਰ ਆਈ। ਫਿਰ ਉਸ ਨੂੰ ਸਿੰਮੀ ਦੇ ਦੁਆਲੇ ਗੇੜੇ ਕੱਢਦਾ ਦੇਖ ਕੇ ਕਮਲ ਦੇ ਚਿੱਤ 'ਚ ਆਇਆ ਕਿ ਉਹ ਕਿਸੇ ਦੀ ਬੁੱਕਲ ਭਾਲ ਰਿਹਾ ਹੈ, ਜਿਸ ਨੂੰ ਆਪਣੇ ਪਈ ਮਾਰ ਦੀ ਵਾਰੂ ਲਾ ਸਕੇ। 'ਕੀਹਦੀ ਬੁੱਕਲ 'ਚ ਵੜੇ, ਵਿਚਾਰਾ?' ਸੋਚ ਕੇ ਕਮਲ ਦਾ ਫਿਰ ਗੱਚ ਭਰ ਆਇਆ। ਉਸ ਨੇ ਫੈਸਲਾ ਕੀਤਾ ਕਿ ਉਹ ਅਗਾਂਹ ਤੋਂ ਬੱਚਿਆਂ ਨੂੰ ਮਾਰੇਗੀ ਨਹੀਂ, ਸਗੋਂ ਆਪਣੀਆਂ ਹੋਰ ਲੋੜਾਂ ਘਟਾ ਕੇ ਅਰਜੁਨ ਲਈ ਟਿਊਟਰ ਰੱਖ ਦੇਵੇਗੀ। ਪਰ ਅਰਜੁਨ ਜਦੋਂ ਵੀ ਉਹ ਕੋਈ ਅਜੇਹੀ ਹੀ ਹਰਕਤ ਕਰਦਾ ਤਾਂ ਕਮਲ ਦਾ ਫ਼ਿਕਰ ਵਧ ਜਾਂਦਾ ਕਿ ਕਿਤੇ ਪਿਓ ਵਰਗਾ ਨਾ ਬਣ ਜਾਵੇ। ਕਦੇ ਇਹ ਫ਼ਿਕਰ ਕ੍ਰੋਧ ਵਿੱਚ ਵੀ ਵਟ ਜਾਂਦਾ ਪਰ ਕਮਲ ਆਪਣੇ-ਆਪ ਨੂੰ ਰੋਕ ਲੈਂਦੀ।

ਕਮਲ ਦੀ ਯਾਦ ਵਿੱਚ ਆਇਆ ਅਰਜੁਨ ਦਾ ਉਹੀ ਸੁਰਖ ਮੂੰਹ ਤਸਵੀਰ ਵਿੱਚ ਖਿੜਿਆ ਪਿਆ ਸੀ। ਉਹ ਉਸ ਤਸਵੀਰ ਨੂੰ ਦੇਖਦੀ ਰਹੀ ਤੇ ਫਿਰ ਉਸ ਨੇ ਆਪਣੀ ਨਿਗ੍ਹਾ ਤਸਵੀਰ ਤੋਂ ਪਾਸੇ ਕਰ ਲਈ ਅਤੇ ਬਾਹਰ ਪੈ ਰਹੀ ਸਨੋਅ ਵੱਲ ਵੇਖਣ ਲੱਗੀ ਪਰ ਫਿਰ ਉਸ ਨੇ ਤਸਵੀਰ ਵੱਲ ਨਿਗ੍ਹਾ ਕਰ ਲਈ। ਉਸ ਵੱਲ ਵੇਖਦੀ ਉਹ ਸੋਚਣ ਲੱਗੀ, 'ਹੋ ਸਕਦੈ ਬਈ ਇੱਥੋ ਤੱਕ ਗੱਲ ਨਾ ਈ ਜਾਵੇ। ਮੈਂ ਐਵੇਂ ਫ਼ਿਕਰ ਕਰਨ ਲੱਗੀ ਆਂ। ਚੱਲ ਉਸ ਦੀ ਰੋਟੀ ਪਕਾਵਾਂ'

ਤੇ ਰੋਟੀ ਪਕਾਉਂਦਿਆਂ ਉਸ ਦੇ ਪਾਪਾ ਦਾ ਫ਼ੋਨ ਆ ਗਿਆ ਉਹ ਆਖਣ ਲੱਗਾ, "ਪੁੱਤ, ਮੇਰੀ ਕੱਲ੍ਹ ਨੂੰ ਡਾਕਟਰ ਦੀ ਅਪੋਇੰਟਮੈਂਟ ਆ । ਚੇਤੇ ਆ ਨਾ?"

"ਹਾਂ ਪਾਪਾ।"

"ਸਨੋਅ ਕਾਫ਼ੀ ਪਈ ਹੋਈ ਆ। ਮੈਨੂੰ ਏਧਰੋਂ ਹੀ ਪਿੱਕ ਕਰ ਲਵੀਂ।"

"ਓ ਕੇ, ਪਾਪਾ," ਆਖ ਕੇ ਕਮਲ ਨੇ ਫੋਨ ਰੱਖ ਦਿੱਤਾ। 'ਹੁਣ ਲੈਣ ਵੀ ਉੱਥੇ ਜਾਓ। ਕਿੰਨੇ ਵਾਰ ਕਿਹਾ ਬਈ ਮੇਰੇ ਨਾਲ ਰਹੋ। ਪਰ ਨਹੀਂ ਉੱਥੇ ਰਹਿ ਕੇ ਹੀ ਬੇਪਤ ਹੋਣਾ ਚੰਗਾ ਲੱਗਦੈ ਜਾਂ ਤਾਂ ਲਿਜਾਇਆ ਕਰਨ ਓਹਨਾਂ ਨੂੰ ਨਾਲ। ਅਪੋਇੰਟਮੈਂਟਾਂ ਵਾਸਤੇ ਮੈਂ ਜੁ ਹੈਗੀ ਆਂ,' ਕਮਲ ਦੇ ਚਿੱਤ 'ਚ ਆਇਆ।

ਕਮਲ ਨੇ ਆਪਣੇ ਪਾਪਾ ਨੂੰ ਬਹੁਤ ਵਾਰ ਕਿਹਾ ਸੀ ਕਿ ਉਸ ਨਾਲ ਰਹਿਣ। ਉਦੋਂ ਵੀ, ਜਦ ਹਾਲੇ ਕਮਲ ਦਾ ਗੁਰਚਰਨ ਨਾਲ ਵਿਆਹ ਨਹੀਂ ਸੀ ਹੋਇਆ। ਉਸ ਦੇ ਪਾਪਾ ਨੇ ਇੱਕ ਦਿਨ ਭਰੇ ਗਲੇ ਨਾਲ ਕਿਹਾ ਸੀ, "ਉਸ ਮਹਾਰਜੇ ਨੂੰ ਤਾਂ ਮੇਰੇ ਨਾਲ ਹੁਣ ਗੱਲ ਕਰਨ 'ਚ ਵੀ ਸੰਗ ਆਉਂਦੀ ਆ। ਜਦੋਂ ਦਾ ਤੇਰੇ ਵਾਲਾ ਆਹ ਮਕਾਨ ਲਿਐ, ਵਾਹ ਲਗਦੀ ਮੱਥੇ ਵੀ ਨ੍ਹੀ ਲੱਗਦਾ।" ਕਮਲ ਇੱਕਦਮ ਉੱਥੋਂ ਉੱਠੀ ਅਤੇ ਅੰਦਰੋਂ ਚੈੱਕ ਲਿਆ ਕੇ ਆਪਣੇ ਪਾਪਾ ਨੂੰ ਫੜਾਉਂਦੀ ਬੋਲੀ, "ਆਹ ਲਓ, ਪੂਰੇ ਪੰਜ ਹਜ਼ਾਰ ਐ। ਮੌਰਗੇਜ ਮੋੜਨ ਵਾਸਤੇ ਜੋੜੇ ਸੀ ਪਹਿਲਾਂ ਓਸੇ ਦੀ ਮੌਰਗੇਜ ਮੋੜ ਦਿਆਂ। ਮਾਰੋ ਮੱਥੇ ਓਹਦੇ ਬਾਕੀ ਦੇ ਪੰਜ ਹਜ਼ਾਰ ਜਦੋਂ ਸੇਵ ਹੋ ਗਏ ਫੇਰ ਮੋੜ ਦੇਊਂ"

"ਕਮਲੀ ਹੋਈ ਐਂ? ਉਹ ਕੀ ਲੱਗਦਾ ਸੀ ਉਨ੍ਹਾਂ ਡਾਲਰਾਂ ਦਾ? ਮੈਂ ਆਵਦੇ ਕੋਲੋਂ ਦਿੱਤੇ ਸੀ। ਆਵਦੇ ਕੋਲੋਂ ਵੀ ਕੀ ਉਹ ਤਾਂ ਸੀ ਹੀ ਤੇਰੇ। ਜਦੋਂ ਦੀ ਕਨੇਡੇ ਆਈ ਐਂ, ਇੱਕ ਦਿਨ ਨ੍ਹੀ ਸੀ ਵੇਹਲੀ ਬੈਠੀ।"

"ਫੇਰ? ਤੁਸੀਂ ਜਰੂਰ ਓਹਦੇ ਨਾਲ ਰਹਿਣੈ। ਐਥੇ ਮੇਰੇ ਕੋਲ ਰਹੋ। ਥੋਨੂੰ ਕਦੇ ਤਕਲੀਫ਼ ਨਹੀਂ ਆਉਣ ਦਿੰਦੀ। ਨਾਲੇ ਮੈਂ ਬੱਚਿਆਂ ਵੱਲੋਂ ਬੇਫ਼ਿਕਰ ਹੋ ਕੇ ਕੰਮ 'ਤੇ ਜਾਇਆ ਕਰਾਂ।"

"ਪੁੱਤ-ਪੋਤੇ ਦੇ ਹੁੰਦੇ-ਸੁੰਦੇ ਕੁੜੀ ਦੇ ਦੁਆਰੇ ਬੈਠਾ ਚੰਗਾ ਲੱਗਦੈਂ? ਲੋਕੀਂ ਕੀ ਕਹਿਣਗੇ?"

'ਚੰਗਾ ਮਰੋ ਉੱਥੇ ਹੀ,' ਕਮਲ ਦੇ ਚਿੱਤ 'ਚ ਆਈ ਪਰ ਉਸ ਨੇ ਕਿਹਾ ਨਹੀਂ। ਉਸ ਨੇ ਕਿਹਾ, "ਤੁਸੀਂ ਮੇਰੇ ਦੁਆਰੇ ਨ੍ਹੀ ਰਹਿਣਾ। ਮੇਰੇ ਨਾਲ ਰਹਿਣੈ। ਤੁਹਾਡੀ ਆਵਦੀ ਪੈਨਸ਼ਨ ਆਉਂਦੀ ਆ। ਨਾਲੇ ਥੋਨੂੰ ਸੁਖ, ਨਾਲੇ ਮੈਨੂੰ। ਨਾਲੇ ਥੋਡੇ ਉਸ ---।" 'ਲਾਡਲੇ' ਆਖਦੀ-ਆਖਦੀ ਕਮਲ ਰੁਕ ਗਈ।

"ਮੇਰੀ ਤਾਂ ਹੁਣ ਲੰਘ ਗਈ। ਮੈਂ ਤਾਂ ਓਦਣ ਸੁਖੀ ਹੋਊਂ, ਜਿੱਦਣ ਤੇਰਾ ਘਰ ਵਸ ਗਿਆ।"

"ਮੇਰਾ ਘਰ ਤਾਂ ਪਾਪਾ ਵਸਿਆ ਹੋਇਆ ਈ ਆ। ਆਪਣੀ ਮਰਜ਼ੀ ਨਾਲ ਰਹਿਨੀ ਆਂ।"

"ਬੰਦੇ ਬਿਨ੍ਹਾਂ ਕਾਹਦਾ ਘਰ। ਹਾਲੇ ਤੇਰੀ ਉਮਰ ਈ ਕੀ ਆ। ਵਿਆਹ ਕਰਵਾ ਲੈ। ਤੇਰੇ ਵੱਲੋਂ ਤਾਂ ਸੁਖੀ ਹੋਵਾਂ।"

ਕਮਲ ਦਾ ਆਪਣੇ ਪਾਪਾ ਦੀਆਂ ਤਰ ਅੱਖਾਂ ਵੇਖ ਕੇ ਮਨ ਕੁਰਲਾ ਉੱਠਿਆ। ਉਸ ਦਾ ਇਸ ਤਰ੍ਹਾਂ ਤਰਲੇ ਕਰਨਾ ਕਮਲ ਨੂੰ ਓਪਰਾ ਜਿਹਾ ਲੱਗਾ। ਕਮਲ ਨੇ ਸੋਚਿਆ ਕਿ ਵਿਆਹ ਤੋਂ ਪਹਿਲਾਂ ਉਹ ਮਾਂ ਰਾਹੀਂ ਕਿੰਨੇ ਅਧਿਕਾਰ ਨਾਲ ਆਖਦੇ ਸਨ ਕਿ ਐਸੀ-ਵੈਸੀ ਗੱਲ ਨ੍ਹੀ ਸੁਣਨੀ ਚਾਹੀਦੀ, ਅਸੀਂ ਆਪੇ ਮੁੰਡਾ ਲੱਭਾਂਗੇ। ਤੇ ਹੁਣ ਪਾਪਾ ਐਨੇ ਨਿਤਾਣੇ ਕਿਓਂ ਹੋ ਗਏ? ਇਹੀ ਗੱਲ ਜਦ ਉਸ ਨੇ ਆਂਟੀ ਨਾਲ ਸਾਂਝੀ ਕੀਤੀ ਤਾਂ ਉਹ ਬੋਲੀ, "ਧੀ ਦਾ ਦੁੱਖ ਤੇ ਜੀਵਨ-ਸਾਥੀ ਦਾ ਗਮ ਬੰਦੇ ਨੂੰ ਇਵੇਂ ਕਰ ਦਿੰਦੈ।"

"ਧੀ ਦਾ ਉਨ੍ਹਾਂ ਨੂੰ ਕਾਹਦਾ ਦੁੱਖ। ਮੈਂ ਐਵੇਂ ਐਧਰ-ਓਧਰ ਨ੍ਹੀ ਤੁਰੀ ਫਿਰਦੀ । ਸਗੋਂ ਦੁਖਦੇ-ਸੁਖਦੇ ਓਨ੍ਹਾਂ ਨੂੰ ਲੈ ਕੇ ਈ ਜਾਨੀ ਆਂ, ਜਿੱਥੇ ਓਨ੍ਹਾਂ ਨੇ ਜਾਣਾ ਹੁੰਦੈ।"

"ਇਹ ਗੱਲ ਨ੍ਹੀ। ਉਹ ਤਾਂ ਫਿਕਰ ਕਰਦੇ ਆ ਬਈ 'ਕੱਲੀ ਕਿਵੇਂ ਸਾਰਾ ਕੁਝ ਕਰਦੀ ਐਂ। ਨਾਲੇ ਤੇਰੀ ਮਾਂ ਤੋਂ ਬਾਅਦ ਤਾਂ ਜ਼ਿਆਦਾ ਈ ਫੀਲ ਕਰਨ ਲੱਗ ਪਏ ਕਿ ਜੀਵਨ-ਸਾਥੀ ਬਿਨਾਂ ਬੰਦਾ ਕੀਹਦੇ ਨਾਲ ਦੁਖ-ਸੁਖ ਕਰੇ। ਮੈਨੂੰ ਵੀ ਕਈ ਵਾਰ ਆਖ ਚੁੱਕੇ ਕਿ ਤੈਨੂੰ ਕਹਾਂ ਕਿ ਵਿਆਹ ਕਰਵਾ ਲਵੇਂ।"

ਇਹ ਗੱਲ ਕਮਲ ਵੀ ਕਦੇ-ਕਦੇ ਸੋਚਦੀ ਕਿ ਕੋਈ ਹੋਵੇ, ਜਿਸ ਨਾਲ ਉਹ ਦਿਲ ਦੀ ਗੱਲ ਕਰ ਸਕੇ। ਬਾਹਰ ਸੈਰ ਕਰ ਰਹੇ ਜੋੜਿਆਂ ਨੂੰ ਵੇਖ ਕੇ ਉਸ ਅੰਦਰ ਧੂਹ ਪੈਂਦੀ। ਉਹ ਸੋਚਦੀ ਕਿ ਕੋਈ ਹੋਵੇ, ਜਿਸ ਦੇ ਹੱਥ 'ਚ ਹੱਥ ਪਾ ਕੇ ਉਹ ਤੁਰੇ। ਕੋਈ ਹੋਵੇ, ਜਿਹੜਾ ਉਸ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਉਸ ਅੰਦਰਲੀ ਇਕੱਲ ਨੂੰ ਮੁਕਾ ਸੁੱਟੇ। ਤੇ ਫਿਰ ਉਹ ਸੋਚਦੀ ਕਿ ਆਪਣੇ ਅੰਦਰਲੇ ਨੂੰ ਦੱਬ-ਘੁੱਟ ਕੇ ਬੱਚਿਆਂ ਦੇ ਪਾਲਣ-ਪੋਸਣ ਵੱਲ ਧਿਆਨ ਦੇਵੇ। ਕੀ ਪਤਾ ਬੱਚਿਆਂ ਨਾਲ ਅਗਲਾ ਕਿਵੇਂ ਵਿਹਾਰ ਕਰੇ। ਤੇ ਜਦੋਂ ਆਂਟੀ ਨੇ ਜ਼ੋਰ ਪਾ ਕੇ ਉਸ ਨੂੰ ਗੁਰਚਰਨ ਨਾਲ ਮਿਲਾਇਆ ਸੀ ਤਾਂ ਉਸ ਨੂੰ ਲੱਗਾ ਕਿ ਇਹੀ ਆਦਮੀ ਹੈ, ਜਿਹੜਾ ਉਸ ਅੰਦਰ ਨਿੱਘ ਭਰੇਗਾ। ਉਹ ਰਾਗੀ ਜੱਥੇ ਨਾਲ ਕਨੇਡਾ ਆਇਆ ਸੀ। ਪਹਿਲੀ ਵਾਰ ਮਿਲ ਕੇ ਉਸ ਨੇ ਸਿੱਧਾ ਹੀ ਕਿਹਾ ਸੀ, "ਮੈਂ ਕਨੇਡਾ ਸੈੱਟ ਹੋਣ ਲਈ ਆਇਐਂ। ਮੈਨੂੰ ਐਸੀ ਜੀਵਨ-ਸਾਥਣ ਦੀ ਜਰੂਰਤ ਐ, ਜਿਹੜੀ ਐਸ ਵਕਤ ਮੇਰੀ ਬਾਂਹ ਘੁੱਟ ਕੇ ਫੜ੍ਹੇ।"

ਆਪਣਾ ਡਰ ਦੂਰ ਕਰਨ ਲਈ ਕਮਲ ਨੇ ਕਿਹਾ ਸੀ, "ਤੁਸੀਂ ਆਂਟੀ ਦੇ ਰਿਸ਼ਤੇਦਾਰ ਆਂ। ਆਂਟੀ ਖਾਤਰ ਤੁਹਾਨੂੰ ਪੱਕਾ ਕਰਵਾਉਣ ਲਈ ਮੈਂ ਕਾਗਜਾਂ 'ਚ ਵੀ ਵਿਆਹ ਕਰਵਾ ਸਕਦੀ ਆਂ।"

"ਏਸ ਰਾਹ ਨਹੀਂ ਮੈਂ ਪੈਣਾ। ਮੈਂ ਤਾਂ ਪੱਕਾ ਰਿਸ਼ਤਾ ਈ ਚਾਹੁੰਨਾਂ।"

"ਮੇਰੇ ਦੋ ਬੱਚੇ ਵੀ ਐ।"

"ਮੈਨੂੰ ਪਤੈ। ਮੈਂ ਪ੍ਰੋਗ੍ਰੈਸਿਵ ਖਿਆਲਾਂ ਦਾ ਬੰਦੈਂ। ਬੱਚੇ ਤਾਂ ਸਭਨਾਂ ਦੇ ਸਾਂਝੇ ਹੁੰਦੇ ਆ। ਤੇਰੇ-ਮੇਰੇ ਨਹੀਂ ਹੁੰਦੇ।"

"ਸੋਚ ਲਵੋ।"

"ਸੋਚਣ ਵਾਲੀ ਹੋਰ ਕੋਈ ਗੱਲ ਈ ਨਹੀਂ। ਜਿੰਨਾਂ ਕੋਈ ਮੈਨੂੰ ਪਿਆਰ-ਸਤਿਕਾਰ ਦਿੰਦੈ, ਮੈਂ ਅਗਲੇ ਨੂੰ ਉਸ ਨਾਲੋਂ ਜਿਆਦਾ ਦੇਣ ਦੀ ਕੋਸ਼ਿਸ਼ ਕਰਦਾ ਹੁੰਨਾਂ।"

'ਕਿੱਧਰ ਗਏ ਓਹ ਦੂਣਾ ਪਿਆਰ ਦੇਣ ਵਾਲੇ ਪਰੌਮਿਸ? ਹੁਣ ਸਾਡੇ ਕਰਕੇ ਜ਼ਲੀਲ ਹੋਣ ਲੱਗ ਪਿਐ!' ਰੋਟੀਆਂ ਪਕਾ ਰਹੀ ਕਮਲ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਸਦਾ ਧਿਆਨ ਆਪਣੇ ਪਾਪਾ ਵੱਲੋਂ ਗੁਰਚਰਨ ਵੱਲ ਫਿਰ ਮੁੜ ਆਇਆ ਸੀ। ਰੋਟੀਆਂ ਨੂੰ ਨਿੱਘੀਆਂ ਰੱਖਣ ਲਈ ਫੌਇਲ ਪੇਪਰ ਵਿੱਚ ਵਲ੍ਹੇਟ ਕੇ

ਡੱਬੇ ਵਿੱਚ ਬੰਦ ਕਰਦੀ ਕਮਲ ਨੂੰ ਖਿਆਲ ਆਇਆ ਕਿ ਗੁਰਚਰਨ ਨੇ ਕਿਹਾ ਸੀ ਕਿ ਜ਼ਲੀਲ ਸ਼ਬਦ ਉਸ ਦੇ ਮੂੰਹੋਂ ਗੁੱਸੇ ਵਿੱਚ ਨਿਕਲ ਗਿਆ ਸੀ। ਰੋਟੀਆਂ ਸੰਭਾਲ ਕੇ ਭਾਂਡੇ ਸਾਫ ਕਰਨ ਮੁੜੀ ਕਮਲ ਦੇ ਅੰਦਰੋਂ ਦਲੀਲ ਉੱਠੀ, 'ਗੁੱਸੇ 'ਚ ਮੂੰਹੋਂ ਉਹੀ ਕੁਝ ਨਿਕਲਦੈ ਜਿਹੜਾ ਬੰਦੇ ਦੇ ਚਿੱਤ 'ਚ ਹੁੰਦੈ।'

ਇਹ ਦਲੀਲ ਕਮਲ ਦੇ ਅੰਦਰੋਂ ਉਦੋਂ ਨਹੀਂ ਸੀ ਉੱਠੀ, ਜਦੋਂ ਗੁਰਚਰਨ ਨੇ ਇਹ ਸਫ਼ਾਈ ਦਿੱਤੀ ਸੀ। ਉਦੋਂ ਸੁਣ ਕੇ ਕਮਲ ਸਹਿਜ ਹੋਣ ਦੀ ਕੋਸ਼ਿਸ਼ ਕਰਨ ਲੱਗੀ ਸੀ। ਉਦੋਂ ਉਸ ਨੂੰ ਸਾਰਾ ਕੁਝ ਸਹਿਜ ਹੀ ਤਾਂ ਲੱਗ ਰਿਹਾ ਸੀ, ਜਦੋਂ ਉਨ੍ਹਾਂ ਨੇ ਇੰਡੀਆ ਜਾਣ ਲਈ ਵੀਜ਼ੇ ਲਗਵਾਉਣ ਦੀ ਸਲਾਹ ਕੀਤੀ ਸੀ। ਵੈਨਕੂਵਰ ਤੋਂ ਕੌਂਸਲੇਟ ਜਨਰਲ ਆਪਣੇ ਅਮਲੇ-ਫੈਲੇ ਨਾਲ ਆਇਆ ਹੋਇਆ ਸੀ। ਜਦ ਉਹ ਵੀਜ਼ਾ ਲਗਵਾਉਣ ਗਏ ਤਾਂ ਕਮਲ ਨੇ ਦੇਖਿਆ ਕਿ ਅਰਜ਼ੀਆਂ 'ਤੇ ਸਰਸਰੀ ਨਜ਼ਰ ਮਾਰ ਕੇ ਉਸ ਕਰਮਚਾਰੀ ਨੇ ਪੇਪਰਾਂ 'ਤੋਂ ਨਜ਼ਰ ਚੁੱਕ ਕੇ ਐਨਕਾਂ ਦੇ ਉੱਪਰ ਦੀ ਗੁਰਚਰਨ ਵੱਲ ਵੇਖ ਕੇ ਪੁੱਛਿਆ, "ਤੁਹਾਡੇ ਪ੍ਰੀਵਾਰ ਦੀਐਂ ਐਪਲੀਕੇਸ਼ਨਾਂ?" "ਹਾਂ ਜੀ, ਮੇਰੇ ਕੋਲ ਤਾਂ ਹਾਲੇ ਇੰਡੀਅਨ ਪਾਸਪੋਰਟ ਈ ਆ। ਮੇਰੀ ਵਾਈਫ਼ ਤੇ ਬੱਚਿਆਂ ਦੇ ਵੀਜ਼ੇ ਲਵਾਉਣੇ ਆਂ।" ਕਮਲ ਤੋਂ ਪਹਿਲਾਂ ਹੀ ਗੁਰਚਰਨ ਬੋਲਿਆ। ਕਰਮਚਾਰੀ ਵਾਰੀ-ਵਾਰੀ ਸਾਰਿਆਂ ਵੱਲ ਵੇਖ ਕੇ ਕਹਿਣ ਲੱਗਾ, "ਤੁਸੀਂ ਐਂ ਹਰਕਮਲ ਕੌਰ ਬਾਜ, ਤੁਸੀਂ ਐਂ ਸਿਮਰਤ ਕੌਰ ਬਾਜ, ਤੁਸੀਂ ਐਂ ਅਰਜੁਨ ਸਿੰਘ ਬਾਜ ਤੇ ਛੋਟੇ ਮੀਆਂ ਹਨ ਗੁਰਨੂਰ ਸਿੰਘ ਮੋਰ। ਠੀਕ ਐ ਨਾ ?" ਤੇ ਫਿਰ ਉਸ ਨੇ ਕਮਲ ਵੱਲ ਵੇਖ ਕੇ ਪੁੱਛਿਆ, "ਬੱਚਿਆਂ ਦੇ ਲਾਸਟ ਨੇਮ ਵੱਖ-ਵੱਖ ਐ?" ਕਮਲ ਦੇ ਚਿੱਤ 'ਚ ਆਈ ਕਿ ਆਖੇ, 'ਇਜ਼ ਇਟ ਆ ਪ੍ਰੋਬਲਮ? ਸਟੌਪ ਆਸਕਿੰਗ ਅਨਨਸੈਸਰੀ ਕਵਇਸ਼ਚਨਜ਼, ਜਸਟ ਡੂ ਦਾ ਬਲੱਡੀ ਜੌਬ।' ਪਰ ਉਸ ਨੇ ਆਪਣੇ-ਆਪ ਨੂੰ ਰੋਕ ਲਿਆ ਅਤੇ ਸਿੰਮੀ ਤੇ ਅਰਜੁਨ ਦੇ ਸਿਰਾਂ 'ਤੇ ਹੱਥ ਰੱਖ ਕੇ ਬੋਲੀ, "ਦੀਸ ਟੂ ਆਰ ਫਰੌਮ ਮਾਈ ਪ੍ਰੀਵੀਅਸ ਮੈਰਿਜ।"

"ਓਹ, ਆਈ ਸੀ!" ਆਖ ਕੇ ਉਹ ਫਿਰ ਪਾਸਪੋਰਟਾਂ ਵੱਲ ਵੇਖਣ ਲੱਗਾ।

ਕਮਲ ਨੂੰ ਲੱਗਾ ਕਿ ਗੁਰਚਰਨ ਕੁਝ ਔਖਾ ਮਹਿਸੂਸ ਕਰ ਰਿਹਾ ਸੀ।

ਫਿਰ ਕਾਰ ਵਿੱਚ ਬੈਠਿਆਂ ਵੀ ਕਮਲ ਨੂੰ ਗੁਰਚਰਨ ਦਾ ਮੂਡ ਠੀਕ ਨਾ ਲੱਗਾ। ਕਮਲ ਨੇ ਆਪਣਾ ਹੱਥ ਗੁਰਚਰਨ ਦੇ ਗੇਅਰ ਸ਼ਿਫਟ ਲੀਵਰ 'ਤੇ ਟਿਕੇ ਹੱਥ ਉੱਪਰ ਟਿਕਾ ਦਿੱਤਾ ਪਰ ਝੱਟ ਹੀ ਚੁੱਕ ਲਿਆ ਜਦ ਗੁਰਚਰਨ ਨੇ ਕਿਹਾ, "ਕੀ ਮਿਲਦੈ ਮੈਨੂੰ ਜ਼ਲੀਲ ਕਰਾ ਕੇ। ਜੇ ਨਾਂ ਬਦਲ ਲਵੇਂ ਤਾਂ ਕੀ ਫ਼ਰਕ ਪੈਂਦਾ?"

"ਕੀ ਜ਼ਲੀਲ ਕੀਤੈ?"

"ਦੇਖਦੀ ਨਹੀਂ ਸੀ ਕਿਵੇਂ ਘਰੋੜ-ਘਰੋੜ ਸਵਾਲ ਪੁੱਛਦਾ ਸੀ ਉਹ?"

"ਸਟਰੇਂਜ!" ਆਖ ਕੇ ਕਮਲ ਚੁੱਪ ਕਰ ਗਈ।

ਗੁਰਚਰਨ ਫਿਰ ਬੋਲਿਆ, "ਘਰਵਾਲੀ ਤੂੰ ਮੇਰੀ ਐਂ ਤੇ ਲਾਸਟ ਨਾਂ ਪਹਿਲੇ ਦਾ ਈ ਲਾਈ ਫਿਰਦੀ ਐਂ।"

"ਮੈਂ ਤਾਂ ਆਪ ਇਸ ਨਾਂ ਨੂੰ ਲਾਹੁਣ ਨੂੰ ਫਿਰਦੀ ਆਂ। ਤੈਨੂੰ ਵੀ ਮੈਂ ਕਿਹਾ ਸੀ ਸਾਰੇ ਪ੍ਰੀਵਾਰ ਦਾ ਨਵਾਂ ਨਾਂ ਰੱਖਣ ਲਈ ਪਰ ਤੂੰ ਚੁੱਪ ਕਰ ਗਿਆ ਸੀ।"

"ਪਹਿਲੇ ਦਾ ਕਿਵੇਂ ਜੋੜ ਲਿਆ ਸੀ ਆਵਦੇ ਨਾਲ ਹੁਣ ਮੇਰੇ ਨਾਂ ਵਾਰੀ ਨਵੇਂ ਨਾਵਾਂ ਦੀਆਂ ਸ਼ਰਤਾਂ ਰੱਖਦੀ ਐਂ। ਏਸੇ ਕਰਕੇ ਬਈ ਮੈਨੂੰ ਏਥੇ ਪੱਕਾ ਕਰਾਇਐ?"

"ਤੈਨੂੰ ਤਾਂ ਪੱਕਾ ਈ ਕਰਾਇਐ, ਓਹਨੂੰ ਇੰਡੀਆ ਤੋਂ ਸਪੌਂਸਰ ਵੀ ਕੀਤਾ ਸੀ। ਜੇ ਇਹੀ ਗੱਲ ਹੁੰਦੀ ਤਾਂ ਓਹਦਾ ਵੀ ਨਾ ਲਾਉਂਦੀ। ਪਰ ਉਦੋਂ ਇਸ ਗੱਲ ਦਾ ਖਿਆਲ ਈ ਨ੍ਹੀ ਸੀ ਹੁੰਦਾ।"

"ਮੇਰੇ ਵਾਰੀ ਹੁਣ ਖਿਆਲ ਆ ਗਿਐ, ਹੈਂ?"

"ਹਾਲਾਤ ਨੇ ਬਹੁਤ ਕੁਝ ਨਵਾਂ ਸਿਖਾਇਐ। ਆਪਾਂ ਇਹ ਗੱਲਾਂ ਜਰੂਰੀ ਤਾਂ ਨਹੀਂ ਕਿ ਬੱਚਿਆਂ ਦੇ ਸਾਹਮਣੇ ਈ ਕਰੀਏ। ਘਰ ਚੱਲ ਕੇ ਵੀ ਕਰ ਸਕਦੇ ਆਂ," ਕਮਲ ਨੇ ਪਿਛਲੀ ਸੀਟ 'ਤੇ ਬੈਠੇ ਬੱਚਿਆਂ ਵੱਲ ਦੇਖ ਕੇ ਕਿਹਾ ਅਤੇ ਚੁੱਪ ਕਰ ਗਈ। ਪਰ ਉਸਦਾ ਦਿਮਾਗ ਚੁੱਪ ਨਾ ਹੋਇਆ। ਉਹ ਸੋਚਣ ਲੱਗੀ, 'ਇਸ ਬਾਰੇ ਕੀ ਕੀਤਾ ਜਾਵੇ? ਆਪਣੇ-ਆਪ ਨੂੰ ਪ੍ਰੋਗ੍ਰੈਸਿਵ ਵਿਚਾਰਾਂ ਵਾਲਾ ਕਹਾਉਂਦੈ ਨਵੇਂ ਫੈਮਲੀ ਨੇਮ ਵਾਲੇ ਆਈਡੀਏ ਬਾਰੇ ਸੁਣ ਕੇ ਤਾਂ ਏਹਨੂੰ ਖ਼ੁਸ਼ ਹੋਣਾ ਚਾਹੀਦੈ ਪਰ---ਚੱਲ, ਘਰ ਚੱਲ ਕੇ ਦੁਬਾਰਾ ਚੰਗੀ ਤਰ੍ਹਾਂ ਸਮਝਾਉਣ ਦੀ ਟਰਾਈ ਕਰੂੰਗੀ।' ਪਰ ਗੁਰਚਰਨ ਨੇ ਇਸਦਾ ਮੌਕਾ ਹੀ ਨਾ ਦਿੱਤਾ ਅਤੇ ਉਹ ਉਨ੍ਹਾਂ ਨੂੰ ਘਰ ਮੂਹਰੇ ਕਾਰ 'ਚੋਂ ਉਤਾਰ ਕੇ ਕਿਧਰੇ ਚਲਾ ਗਿਆ। ਤੇ ਜਦ ਉਹ ਵਾਪਸ ਆਇਆ ਕਮਲ ਬੱਚਿਆਂ ਨਾਲ ਟੀ ਵੀ ਦੇਖ ਰਹੀ ਸੀ। ਗੁਰਚਰਨ ਨੂੰ ਸਿੱਧਾ ਸੌਣ ਕਮਰੇ ਵੱਲ ਗਿਆ ਦੇਖ ਕੇ ਉਹ ਵੀ ਕੁਝ ਮਿੰਟਾਂ ਬਾਅਦ ਉਸਦੇ ਮਗਰ ਚਲੀ ਗਈ।

"ਆਰ ਯੂ ਓ ਕੇ, ਗੁਰਚਰਨ? ਕਿ ਹਾਲੇ ਵੀ ਓਦਾਂ ਈ ਫ਼ੀਲ ਕਰਦੈਂ?" ਕਮਲ ਨੇ ਪੁੱਛਿਆ।

"ਲੱਗਦੈ ਗੁੱਸਾ ਕਰਗੀ! ਗਰਮੀ 'ਚ ਆਖ ਹੋ ਗਿਆ। ਹਰਖ਼ ਮੈਨੂੰ ਓਸ ਕੰਜਰ 'ਤੇ ਆਇਆ ਸੀ। ਐਵੇਂ ਮੂੰਹੋਂ ਨਿਕਲ ਗਿਆ।"

"ਨਹੀਂ, ਤਨਜ਼ ਨ੍ਹੀ ਕਰਦੀ। ਦੱਸ, ਚਾਹ ਪੀਣੀ ਐਂ ਤਾਂ ਬਣਾਵਾਂ? ਫੇਰ ਤੇਰੇ ਨਾਲ ਗੱਲ ਕਰਨੀ ਆ?"

"ਪੀ ਲੈਨਾਂ। ਮੈਂ ਵੀ ਗੱਲ ਕਰਨੀ ਆਂ। ਪਹਿਲਾਂ ਤੂੰ ਚਾਹ ਧਰ ਆ।"

ਜਦ ਕਮਲ ਚਾਹ ਵਾਸਤੇ ਸਟੋਵ 'ਤੇ ਪਾਣੀ ਰੱਖ ਕੇ ਮੁੜੀ ਤਾਂ ਗੁਰਚਰਨ ਬੋਲਿਆ, "ਤੈਨੂੰ ਚੇਤੇ ਆ ਕਮਲ, ਜਦ ਗੁਰਨੂਰ ਹੋਏ ਤੋਂ ਬਾਅਦ ਮੈਂ ਤੈਨੂੰ ਲਾਸਟ ਨਾਂ ਬਦਲਣ ਵਾਸਤੇ ਕਿਹਾ ਸੀ ਤੇ ਤੂੰ ਕਹਿੰਦੀ ਸੀ ਬਈ ਅਰਜੁਨ ਤੇ ਸਿੰਮੀ ਹੋਰੀਂ ਵਖਰੇਵਾਂ ਮਹਿਸੂਸ ਕਰਨਗੇ----।"

ਕਮਲ ਵਿੱਚੋਂ ਹੀ ਬੋਲੀ, "ਹਾਂ, ਚੇਤੇ ਆ। ਤੇ ਮੈਨੂੰ ਇਹ ਵੀ ਚੇਤੇ ਆ ਕਿ ਮੈਂ ਕਿਹਾ ਸੀ ਆਪਾਂ ਸਾਰੇ ਆਪਣਾ ਕੋਈ ਨਵਾਂ ਫੈਮਲੀ ਨੇਮ ਰੱਖ ਲਈਏ ਤਾਂ ਕਿ ਬੱਚੇ ਵੱਡੇ ਹੋ ਕੇ ਵਖਰੇਵਾਂ ਨਾ ਮਹਿਸੂਸ ਕਰਨ ਤੇ ਤੂੰ ਸੁਣ ਕੇ ਚੁੱਪ ਕਰ ਗਿਆ ਸੀ। ਤੇ ਇਹੀ ਗੱਲ ਮੈਂ ਅੱਜ ਕਰਨੀ ਸੀ।"

"ਮੈਂ ਸਾਰੇ ਕੁਝ ਬਾਰੇ ਪਤਾ ਕਰਕੇ ਆਇਐਂ। 'ਬਾਜ' ਸਾਹਬ ਨੇ ਕਦੇ ਸਿੰਮੀ ਹੋਰਾਂ ਲਈ ਚਾਈਲਡ ਸਪੋਰਟ ਤਾਂ ਦਿੱਤੀ ਨਹੀਂ। ਆਵਦੀ ਇਨਕਮ ਸ਼ੋਅ ਈ ਨ੍ਹੀਂ ਕਰਦਾ। ਏਸ ਬੇਸ 'ਤੇ ਆਪਾਂ ਕੇਸ ਕਰਕੇ ਦੋਹਾਂ ਬੱਚਿਆਂ ਦਾ ਲਾਸਟ ਨਾਂ ਬਦਲ ਸਕਦੇ ਹਾਂ ।"

"ਹਾਂ।"

"ਮੈਂ ਇਨ੍ਹਾਂ ਨੂੰ ਅਡਾਪਟ ਕਰ ਲੈਨਾਂ ਤੇ ਤੂੰ ਆਪਣਾ ਨਾਂ ਚੇਂਜ ਕਰ ਲੈ। ਇਸ ਤਰ੍ਹਾਂ ਆਪਣਾ ਸਾਰਿਆਂ ਦਾ ਇੱਕ ਫੈਮਲੀ ਨਾਂ ਹੋ ਜਾਊ।"

ਕਮਲ ਪਲ ਕੁ ਭਰ ਚੁੱਪ ਰਹੀ ਤੇ ਫਿਰ ਬੋਲੀ, "ਮੈਂ ਚਾਹ ਵੇਖ ਆਵਾਂ।"

ਉੱਬਲਦੇ ਪਾਣੀ ਵਿੱਚ ਚਾਹ ਪੱਤੀ ਦੀ ਪੁੜੀ ਅਤੇ ਖੰਡ ਪਾਉਂਦੀ ਕਮਲ ਇਸ ਵਿਚਾਰ ਨੂੰ ਆਪਣੇ ਅੰਦਰ ਰਿੜਕਦੀ ਰਹੀ। ਜਦ ਉਹ ਵਾਪਸ ਆਈ ਤਾਂ ਗੁਰਚਰਨ ਬੋਲਿਆ, ''ਨਾਂ ਬਦਲੀ ਵਾਸਤੇ ਪੇਪਰਾਂ 'ਚ ਹੀ ਕਰਨੈ। ਪਿਓ ਬਣ ਕੇ ਤਾਂ ਮੈਂ ਹੁਣ ਵੀ ਪਾਲਦੈਂ।''

''ਆਪਾਂ ਦੋਨੋ ਪਾਲਦੇ ਆਂ। ਗੁਰਚਰਨ, ਆਪਣੀ ਜਦੋਂ ਵੀ ਇਸ ਬਾਰੇ ਗੱਲ ਹੁੰਦੀ ਐ ਤੂੰ ਹਰ ਵਾਰ ਮੈਨੂੰ ਹੀ ਕਿਓਂ ਨਾਂ ਬਦਲਣ 'ਤੇ ਜ਼ੋਰ ਪਾਉਨੈ। ਮੈਂ ਆਪ ਕਮਾਉਨੀ ਆਂ। ਸਗੋਂ----'' ਆਖਦੀ ਕਮਲ ਚੁੱਪ ਕਰ ਗਈ। ਉਸ ਨੇ ਆਪਣੇ ਆਪ ਨੂੰ 'ਤੇਰੇ ਨਾਲੋਂ ਜਿਆਦਾ ਹੀ ਕਮਾਉਨੀਂ ਆਂ' ਆਖਣੋਂ ਰੋਕ ਲਿਆ।

''ਤੈਨੂੰ ਆਪਣੇ ਕਮਾਉਣ ਦਾ ਈ ਮਾਣ ਐ।''

''ਮਾਣ ਕਿਓਂ ਨਾ ਹੋਵੇ। ਪਤਾ ਕਿੰਨਾ ਔਖਾ ਹੋ ਕੇ ਪਾਲੇ ਐ। ਜੇ ਤੈਨੂੰ ਕੇਅਰ ਐ ਤਾਂ ਆਪ ਕਿਓਂ ਨ੍ਹੀ ਨਾਂ ਚੇਂਜ ਕਰ ਲੈਂਦਾ ਆਵਦਾ।''

''ਜਿਨ੍ਹਾਂ ਗੋਰਿਆਂ ਨੂੰ ਵੇਖ ਕੇ ਤੂੰ ਐਨਾ ਐਡਵਾਂਸ ਹੋਈ ਐਂ। ਏਨੇ ਐਡਵਾਂਸ ਤਾਂ ਓਹ ਵੀ ਨ੍ਹੀ ਹੋਏ ਬਈ ਤੀਵੀਆਂ ਵਾਲਾ ਨਾਂ ਰੱਖਣ।''

''ਰੱਖਦੇ ਕਿਓਂ ਨ੍ਹੀ, ਰੱਖਦੇ ਆ ਭਾਂਵੇ ਥੋੜ੍ਹੇ ਰੱਖਦੇ ਹੋਣ। ਤੇ ਮੈਂ ਤੈਨੂੰ ਆਪਣੇ ਵਾਲਾ ਨਾਂ ਰੱਖਣ ਨੂੰ ਕਦੋਂ ਕਿਹਾ? ਮੇਰਾ ਆਪਣਾ ਤਾਂ ਹਾਲੇ ਕੋਈ ਨਾਂ ਈ ਹੈਨੀ।''

''ਤੂੰ ਤਾਂ ਚਾਹੁੰਨੀ ਐਂ ਮੈਂ ਤੇਰੇ ਜਮਾਂ ਥੱਲੇ ਲੱਗ ਜਾਵਾਂ। ਸੁਣਿਐ ਕੋਈ ਪੰਜਾਬੀ ਬੰਦਾ, ਜੀਹਨੇ ਖਾਨਦਾਨ ਦਾ ਨਾਂ ਛੱਡਿਆ ਹੋਵੇ?''

''ਗੁਰਚਰਨ, ਤੈਨੂੰ ਪਤੈ ਇਹ ਲਾਸਟ ਨਾਂ ਕਿਵੇਂ ਸ਼ੁਰੂ ਹੋਏ ਸੀ?---- ਇਹ ਬਾਰ੍ਹਵੀਂ ਸਦੀ 'ਚ ਯੋਰਪੀਅਨਾਂ ਨੇ ਸ਼ੁਰੂ ਕੀਤੇ ਸੀ ਜਦੋਂ ਕਈਆਂ ਦੇ ਸੇਮ ਨੇਮ ਹੋਣ ਲੱਗੇ ਸੀ ਤਾਂ ਕਿ ਪਛਾਨਣ 'ਚ ਆਸਾਨੀ ਰਹੇ। ਪਰ ਆਦਮੀਆਂ ਨੇ ਏਹਨੂੰ ਖਾਨਦਾਨ ਦੀ ਗੱਲ ਬਣਾ ਕੇ ਇੱਜ਼ਤ ਨਾਲ ਜੋੜ ਲਿਆ।''

''ਹੁਣ ਤੂੰ ਵੀ ਤਾਂ ਏਹਨੂੰ ਇੱਜ਼ਤ ਦਾ ਇਸ਼ੂ ਬਣਾਈ ਬੈਠੀ ਐਂ।''

''ਨਹੀਂ,ਇੱਜ਼ਤ ਦਾ ਨਹੀਂ ਬਰਾਬਰੀ ਦਾ ਇਸ਼ੂ ਬਨਾਉਣੀ ਆਂ। ਆਪਾਂ ਦੋਹਾਂ ਨੇ ਸਾਂਝੇ ਤੌਰ 'ਤੇ ਪ੍ਰੀਵਾਰ ਸ਼ੁਰੂ ਕੀਤੈ ਤੇ ਮੈਂ ਚਾਹੁੰਨੀ ਆਂ ਆਪਣੇ ਪ੍ਰੀਵਾਰ ਦਾ ਸਾਂਝਾ ਈ ਕੋਈ ਨਵਾਂ ਨਾਂ ਰੱਖੀਏ। ਨਾ ਤੇਰਾ, ਨਾ ਮੇਰਾ, ਕੋਈ ਨਵਾਂ।''

''ਖਾਨਦਾਨ ਦਾ ਨਾਂ ਤਾਂ ਨ੍ਹੀ ਮੈਂ ਛੱਡਣਾ ਭਾਵੇਂ ਕੁਛ ਹੋ ਜੇ। ਪਤਾ ਕਿੰਨੀਆਂ ਪੀੜ੍ਹੀਆਂ ਤੋਂ ਤੁਰਿਆ ਆਉਂਦੈ!''

''ਤੈਨੂੰ ਖਾਨਦਾਨ ਪਿਆਰੈ ਕਿ ਪ੍ਰੀਵਾਰ ਪਿਆਰਾ?''

'' ਪਿਆਰੇ ਦੋਨੋਂ ਈ ਆ। ਜਿਵੇਂ ਚਲਦੀ ਆਈ ਐ ਪ੍ਰੀਵਰ ਦਾ ਨਾਂ ਤਾਂ ਮੇਰੇ ਨਾਂ ਥੱਲੇ ਈ ਚੱਲੂ। ਠੰਡੇ ਦਿਮਾਗ ਨਾਲ ਸੋਚੀਂ। -------------ਮੈਂ ਆਂਟੀ ਦੇ ਘਰੇ ਚੱਲਿਐਂ,'' ਆਖ ਕੇ ਗੁਰਚਰਨ ਚਲਿਆ ਗਿਆ।

ਭਾਂਡੇ ਸਾਫ਼ ਕਰ ਰਹੀ ਕਮਲ ਦੇ ਚਿੱਤ 'ਚ ਆਈ, 'ਜੇ ਗੁਰਚਰਨ ਸੱਚੀਂ ਹੀ ਨਾ ਮੁੜਿਆ ਤਾਂ ਮਸਾਂ ਬਣਿਆ ਘਰ ਟੁੱਟ ਜਾਊ। ਨਾਂ ਪਿੱਛੇ ਕਿਤੇ ਘਰ ਨਾ ਤੋੜ ਲਵਾਂ!'

'ਘਰ ਟੁੱਟਣ ਦਾ ਡਰਾਵਾ ਦੇ ਕੇ ਐਂ ਤਾਂ ਉਹ ਆਪਣੀਆਂ ਮਨ ਆਈਆਂ ਕਰੀ ਜਾਊ,' ਉਸ ਦੇ ਅੰਦਰੋਂ ਦਲੀਲ ਉੱਠੀ।

'ਕਿੱਥੇ ਤਿੰਨਾਂ ਬੱਚਿਆਂ ਨੂੰ ਲੈ ਕੇ ---।' ਕਮਲ ਨੂੰ ਇਕਦਮ ਗੁਰਨੂਰ ਦਾ ਖਿਆਲ ਆਇਆ। ਉਸ ਨੂੰ ਲੱਗਾ ਜਿਵੇਂ ਉਹ ਰੋ ਰਿਹਾ ਹੋਵੇ। ਉਹ ਸੱਚ-ਮੁੱਚ ਹੀ ਰੋ ਰਿਹਾ ਸੀ। ਕਮਲ ਨੇ ਉਸ ਨੂੰ ਕਰਿੱਬ ਵਿੱਚੋਂ ਚੁੱਕਿਆ ਅਤੇ ਆਪਣੇ ਨਾਲ ਘੁੱਟ ਲਿਆ ਜਿਵੇਂ ਬਹੁਤ ਦੇਰ ਬਾਅਦ ਮਿਲਿਆ ਹੋਵੇ। 'ਮੇਰੀ ਲਾਡੋ, ਮੇਰੀ ਲਾਡੋ' ਕਰਦੀ ਉਹ ਉਸ ਨੂੰ ਚੁੱਕੀ ਫਿਰਦੀ ਉਸ ਵਾਸਤੇ ਦੁੱਧ ਗਰਮ ਕਰਨ ਲੱਗੀ। ਫਿਰ ਉਸ ਤੋਂ ਸਹਿਵਾਨ ਹੀ ਪੁੱਛ ਹੋ ਗਿਆ, ''ਇਹ ਲਾਡੋ ਕੀਹਦੀ ਆ?'' ਤੇ ਗੁਰਨੂਰ ਨੇ ਜਦ ਆਪਣਾ ਨੰਨਾ ਹੱਥ ਕਮਲ ਦੀ ਗੱਲ੍ਹ 'ਤੇ ਰੱਖ ਕੇ ਕਿਹਾ, ''ਮੰਮਾ'' ਤਾਂ ਕਮਲ ਨੇ ਉਸ ਨੂੰ ਹੋਰ ਨਾਲ ਘੁੱਟ ਕੇ ਉਸ ਦਾ ਮੂੰਹ ਚੁੰਮ ਲਿਆ। ਉਸ ਪਲ ਕਮਲ ਨੂੰ ਇਹ ਵੀ ਯਾਦ ਨਾ ਆਇਆ ਕਿ ਜੇ ਇਸ ਵਕਤ ਗੁਰਨੂਰ ਉਸ ਦੀ ਥਾਂ ਗੁਰਚਰਨ ਦੀ ਗੋਦੀ ਚੁੱਕਿਆ ਹੁੰਦਾ ਤਾਂ ਉਸ ਨੇ ਗੁਰਚਰਨ ਦੀ ਗੱਲ੍ਹ ਉੱਤੇ ਹੱਥ ਰੱਖ ਕੇ ਆਖਣਾ ਸੀ, ''ਡੈਡਾ'' ਤੇ ਕਮਲ ਨੇ ਆਖਣਾ ਸੀ, ''ਖੜ੍ਹ ਜਾ ਤੈਨੂੰ ਦੱਸਦੀ ਆਂ ਵੱਡਾ ਡੈਡਾ ਵਾਲਾ।''

''ਇਹ ਤਾਂ ਡੈਡ ਦਾ ਪੁੱਤ ਆ,'' ਗੁਰਚਰਨ ਨੇ ਆਖਣਾ ਸੀ।

ਕਮਲ ਦਾ ਉਹੀ ਜਵਾਬ ਹੋਣਾ ਸੀ,ਜਿਹੜਾ ਇਸ ਤਰ੍ਹਾਂ ਦੀ ਗੱਲ-ਬਾਤ ਵੇਲੇ ਅਕਸਰ ਹੀ ਹੁੰਦਾ। ਉਸ ਨੇ ਆਖਣਾ ਸੀ, ''ਪਤਾ-ਪਤਾ, ਏਹਦੇ ਬੌਰਨ ਹੋਣ ਤੋਂ ਪਹਿਲਾਂ ਹੀ ਡੈਡ ਨੇ ਆਪਣਾ ਅਧਿਕਾਰ ਜਮਾ ਲਿਆ ਸੀ।''

ਗੁਰਨੂਰ ਦੇ ਜਨਮ ਤੋਂ ਪਹਿਲਾਂ ਜਨਮ-ਪੀੜਾਂ ਦੌਰਾਨ ਜਦੋਂ ਨਰਸ ਨੇ ਕਾਗਜ਼ੀ ਕਾਰਵਾਈ ਕਰਦਿਆਂ ਪੁੱਛਿਆ ਸੀ ਕਿ ਬੇਬੀ ਦਾ ਫੈਮਲੀ ਨੇਮ 'ਬਾਜ' ਰੱਖਣਾ ਚਾਹੁੰਦੇ ਹੋ ਜਾਂ 'ਮੋਰ'। ਗੁਰਚਰਨ ਨੇ ਝੱਟ ਕਿਹਾ ਸੀ, ''ਮੋਰ।'' ਉਦੋਂ ਕਮਲ ਦਾ ਇੱਧਰ ਧਿਆਨ ਹੀ ਨਹੀਂ ਸੀ ਗਿਆ। ਉਸ ਨੇ ਇਸ ਬਾਰੇ ਪਹਿਲਾਂ ਸੋਚਿਆ ਹੀ ਨਹੀਂ ਸੀ ਕਿ ਹਸਪਤਾਲ ਵਾਲੇ ਇਹ ਪੁੱਛਣਗੇ। ਪਰ ਜਦੋਂ ਉਹ ਗੁਰਨੂਰ ਦਾ 'ਬਰਥ-ਰਜਿਸਟਰੇਸ਼ਨ ਫਾਰਮ' ਭਰਨ ਲੱਗੀ ਸੀ ਤਾਂ ਗੁਰਚਰਨ ਨੇ ਕਿਹਾ ਸੀ, ''ਹੁਣ ਤੂੰ ਵੀ ਆਪਣਾ ਲਾਸਟ ਨੇਮ ਚੇਂਜ ਕਰ ਲੈ।'' ਉਦੋਂ ਕਮਲ ਦੇ ਚਿੱਤ 'ਚ ਆਈ, 'ਗੁਰਚਰਨ ਨੇ ਨਰਸ ਨੂੰ ਜਵਾਬ ਦੇਣ ਤੋਂ ਪਹਿਲਾਂ ਮੈਨੂੰ ਪੁੱਛਿਆ ਵੀ ਨ੍ਹੀਂ ਸੀ। ਪੁੱਛਿਆ ਤਾਂ ਕੀ, ਮੇਰੇ ਵੱਲ ਦੇਖਿਆ ਤੱਕ ਨਹੀਂ, ਜਿਵੇਂ ਬੇਬੀ ਦੇ ਨਾਂ ਪਿੱਛੇ ਆਪਣਾ ਨਾਂ ਲਾਉਣਾ ਉਸ ਦਾ ਜਨਮ-ਸਿੱਧ ਅਧਿਕਾਰ ਹੋਵੇ।' ਫਾਰਮ ਭਰਦੀ ਕਮਲ ਦਾ ਹੱਥ ਉੱਥੇ ਹੀ ਰੁਕ ਗਿਆ ਸੀ। 'ਜੇ ਪੁੱਛ ਲੈਂਦਾ ਤਾਂ ਫੇਰ ---ਮੈਂ ਉਸ ਨੂੰ 'ਬਾਜ਼' ਰੱਖਣ ਲਈ ਆਖਦੀ?' ਕਮਲ ਨੇ ਆਪਣੇ-ਆਪ ਨੂੰ ਸਵਾਲ ਕੀਤਾ। ਫਿਰ ਉਸ ਨੇ ਸੋਚਿਆ, 'ਇਹ 'ਬਾਜ਼'ਕਿਹੜਾ ਮੇਰਾ ਐ। ਮੈਨੂੰ ਤਾਂ ਸਗੋਂ ਇਹ ਬਹੁਤ ਚਿਰ ਪਹਿਲਾਂ ਲਾਹ ਕੇ ਸੁੱਟ ਦੇਣਾ ਚਾਹੀਦਾ ਸੀ।'

'ਜੇ 'ਬਾਜ਼' ਦੀ ਥਾਂ ਕੋਈ ਆਪਣਾ ਨਾਂ ਰੱਖਿਆ ਹੁੰਦਾ ਤਾਂ ਸ਼ਾਇਦ ਗੁਰਚਰਨ ਉਸ ਨੂੰ ਬਦਲਣ ਦੀ ਐਨੀ ਜਿੱਦ ਨਾ ਈ ਕਰਦਾ,' ਕਮਲ ਦੇ ਚਿੱਤ 'ਚ ਆਇਆ।

'ਜੇ ਇਹੀ ਗੱਲ ਹੁੰਦੀ ਤਾਂ ਨਵਾਂ ਫੈਮਲੀ ਨੇਮ ਰੱਖਣ ਲਈ ਨਾ ਮੰਨ ਜਾਂਦਾ। ਏਹ ਤਾਂ ਆਵਦੇ ਨਾਂ ਦੀ ਪੂਛ ਮੇਰੇ ਮਗਰ ਲਾਉਣਾ ਚਾਹੁੰਦੈ,' ਕਮਲ ਦੇ ਦੂਜੇ ਚਿੱਤ ਨੇ ਕਿਹਾ। ਇਹੀ ਸੋਚਦੀ ਉਹ ਗੁਰਨੂਰ ਦੇ ਮੂੰਹ ਨਾਲ ਦੁੱਧ ਵਾਲੀ ਬੋਤਲ ਲਾ ਕੇ ਫਿਰ ਖਿੜਕੀ ਕੋਲ ਜਾ ਖੜ੍ਹੀ। ਜਿਸ ਥਾਂ ਤੋਂ ਮੋਢਿਆਂ 'ਤੇ ਬੱਚਾ ਚੁੱਕੀ ਬੋਚ-ਬੋਚ ਪੱਬ ਧਰਦਾ ਆਦਮੀ ਲੰਘਿਆ ਸੀ, ਕਮਲ ਉਸ ਥਾਂ ਵੱਲ ਵੇਖਦੀ ਰਹੀ। ਫਿਰ ਉਹ ਉਨ੍ਹਾਂ ਪੈੜਾਂ ਵੱਲ ਵੇਖਣ ਲੱਗੀ, ਜਿਹੜੀਆਂ ਉਸ ਆਦਮੀ ਦੇ ਲੰਘਣ ਕਾਰਣ ਬਣੀਆਂ ਸਨ। ਉਨ੍ਹਾਂ ਪੈੜਾਂ ਵਿੱਚ ਵੀ ਬਰਫ਼ ਡਿੱਗ ਰਹੀ ਸੀ ਪਰ ਉਹ ਹਾਲੇ ਭਰੀਆਂ ਨਹੀਂ ਸਨ। ਕਮਲ ਦੀ ਨਿਗ੍ਹਾ ਇੱਕ ਹੋਰ ਆਦਮੀ 'ਤੇ ਪਈ, ਜਿਹੜਾ ਉਨ੍ਹਾਂ ਪੈੜਾਂ ਵਿੱਚ ਪੈਰ ਧਰਦਾ ਲੰਘ ਰਿਹਾ ਸੀ। ਤੇ ਫਿਰ ਇੱਕ ਹੋਰ ਉਸ ਦੇ ਮਗਰ ਹੀ ਜਾ ਰਿਹਾ ਸੀ। ਕਮਲ ਨੇ ਸੋਚਿਆ ਕਿ ਇਹ ਤਾਂ ਐਂ

ਲੱਗਦੈ ਜਿਵੇਂ ਉਡੀਕ ਈ ਕਰ ਰਿਹਾ ਸੀ ਕਿ ਕੋਈ ਰਾਹ ਬਣਾਵੇ। ਕਮਲ ਦੇ ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਾਨ ਆ ਗਈ। ਉਸ ਦੇ ਚੇਤੇ ਵਿੱਚ ਉਹ ਦਿਨ ਆ ਗਿਆ, ਜਿਸ ਦਿਨ ਉਸ ਨੇ ਵੀ ਬਰਫ਼ ਸਾਫ਼ ਕਰਨ ਦੀ ਥਾਂ ਸ਼ਨੁੱਕ ਚੱਲਣ ਦੀ ਇੱਛਾ ਪ੍ਰਗਟਾਈ ਸੀ।

ਉਸ ਦਿਨ ਬਾਹਰ ਪੈ ਚੁੱਕੀ ਬਰਫ਼ ਦੇ ਅੰਬਰ ਵੇਖ ਕੇ ਕਮਲ ਨੇ ਪਾਲੀ ਨੂੰ ਕਿਹਾ ਸੀ, "ਅੱਜ ਤਾਂ ਜੇ ਬਰਫ਼ਾਂ ਖਾਣੀ ਹਵਾ ਆ ਕੇ ਸਾਰੀ ਸਨੋਅ ਮੈਲਟ ਕਰੇ ਫੇਰ ਆ!"

"ਯੂ ਮੀਨ ਸ਼ਨੁੱਕ? ਦਾ ਸਨੋਅ ਈਟਰ। ਅੱਛਾ-ਅੱਛਾ ---ਤੇ ਜਿਹੜੀਆਂ ਥਾਵਾਂ 'ਤੇ ਸ਼ਨੁੱਕ ਵਰਗੀਆਂ ਗਰਮ ਹਵਾਵਾਂ ਨ੍ਹੀਂ ਚੱਲਦੀਆਂ ਓਹ ਲੋਕ ਵੀ ਤਾਂ ਗੁਜ਼ਾਰਾ ਕਰਦੇ ਈ ਐ। ਤੂੰ ਸ਼ੁਕਰ ਕਰ, ਸਾਡੇ ਕੈਲਗਿਰੀ ਨੂੰ ਕੁਦਰਤ ਵੱਲੋਂ ਇਹ ਵਰਦਾਨ ਮਿਲਿਆ ਹੋਇਐ, ਜਿਹੜੀ ਕਦੇ-ਕਦਾਈਂ ਵਗ ਕੇ ਸਾਨੂੰ ਠੰਡ 'ਚੋਂ ਕੱਢ ਲੈਂਦੀ ਆ। ਮੈਡਮ ਜੀ, ਵਰਦਾਨਾਂ 'ਤੇ ਬਹੁਤੀ ਟੇਕ ਨ੍ਹੀਂ ਰੱਖੀਦੀ," ਪਾਲੀ ਨੇ ਜਵਾਬ ਦਿੱਤਾ।

"ਤੂੰ ਕਈ ਵਾਰੀ ਐਵੇਂ ਈ ਲੈਕਚਰ ਝਾੜਨ ਲੱਗ ਜਾਨੀ ਐਂ। ਮੈਂ ਤਾਂ ਟਾਇਰਡ ਹੋਣ ਕਰਕੇ ਓਦਾਂ ਈ ਕਿਹਾ ਸੀ। ਜਦੋਂ ਸ਼ਨੁੱਕ ਨ੍ਹੀਂ ਚੱਲਦੀ ਹੁੰਦੀ ਓਦੋਂ ਕਿਹੜਾ ਤੂੰ ਸਾਫ਼ ਕਰ ਜਾਨੀ ਐਂ ਸਨੋਅ।"

"ਅੱਜ ਵੀ ਫਿਰ ਸ਼ਨੁੱਕ 'ਤੇ ਡੀਪਿੰਡ ਨਾ ਹੋ। ਇਹ ਤਾਂ ਆਪ ਈ ਸ਼ਨੁੱਕ ਬਣਨਾ ਪੈਂਦਾ। ਯੂ ਨੋ ਵਾਹਟ ਆਈ ਮੀਨ।"

ਕਮਲ ਨੂੰ ਲੱਗਾ ਜਿਵੇਂ ਪਾਲੀ ਨੇ ਇਹ ਗੱਲ ਨੇੜੇ ਤੋਂ ਹੀ ਕਹੀ ਹੋਵੇ। ਉਸ ਨੇ ਸੋਚਿਆ ਕਿ ਜੇ ਇਸ ਤਰ੍ਹਾਂ ਹੀ ਸਨੋਅ ਪੈਂਦੀ ਰਹੀ ਫਿਰ ਤਾਂ ਹਟਾਉਣੀ ਹੋਰ ਵੀ ਮੁਸ਼ਕਲ ਹੋ ਜਾਵੇਗੀ। ਕੁਝ ਕਰਨਾ ਚਾਹੀਦਾ ਹੈ। ਪਰ ਖੜਕਦੇ ਫ਼ੋਨ ਨੇ ਕਮਲ ਦਾ ਧਿਆਨ ਬਰਫ਼ ਤੋਂ ਆਪਣੇ ਵੱਲ ਕਰ ਲਿਆ। ਉਸ ਦੀ ਆਂਟੀ ਆਖ ਰਹੀ ਸੀ, "ਗੁਰਚਰਨ ਆਖਦਾ ਸੀ ਬਈ ਕਲੇਸ਼ ਪਾਈ ਬੈਠੀਂ ਐਂ। ਨਿੱਕੀ-ਨਿੱਕੀ ਗੱਲ 'ਤੇ ਨੀ ਝਗੜਾ ਕਰੀਦਾ ਹੁੰਦਾ। ਬਦਲ ਲੈ ਨਾਂ, ਅੱਗੋਂ-ਪਿੱਛੋਂ ਫੇਰ ਵੀ ਤਾਂ ਬਦਲਣਾ ਈ ਐ।"

"ਮੈਂ ਨਾਂ ਬਦਲਣ ਤੋਂ ਕਦੋਂ ਇਨਕਾਰ ਕੀਤੈ। ਪਰ ਉਹ ਤਾਂ ਆਵਦਾ ਫੈਮਲੀ ਨੇਮ ਲਾਉਣ ਦੀ ਜ਼ਿਦ ਫੜੀ ਬੈਠਾ।"

"ਓਹਦੀ ਤੀਵੀਂ ਐਂ ਤਾਂ ਓਸੇ ਦਾ ਈ ਲਾਏਂਗੀ, ਹੋਰ ਕੀਹਦਾ ਲਾਏਂਗੀ।"

"ਇਹ ਕੋਈ ਜ਼ਰੂਰੀ ਤਾਂ ਨ੍ਹੀਂ। ਆਂਟੀ, ਤੁਸੀਂ ਮੈਨੂੰ ਇੱਕ ਗੱਲ ਦੱਸੋ, ਗੁਰਚਰਨ ਮੈਨੂੰ ਮੇਰੇ ਪਾਪਾ ਦੇ ਘਰੋਂ ਆਵਦੇ ਜੱਦੀ-ਪੁਸ਼ਤੀ ਘਰ 'ਚ ਰੋਟੀਆਂ ਪਕਾਉਣ ਤੇ ਬੱਚੇ ਜੰਮਣ ਲਈ ਵਿਆਹ ਕੇ ਲਿਆਇਐ ਜਿਵੇਂ ਪਹਿਲਾਂ ਹੁੰਦਾ ਸੀ?" ਆਂਟੀ ਵੱਲੋਂ ਕੋਈ ਹੁੰਗਾਰਾ ਨਾ ਸੁਣ ਕੇ ਕਮਲ ਫਿਰ ਬੋਲੀ, "ਨਹੀਂ ਨਾ? ਮੈਂ ਆਪਣੀ ਕਮਾਈ ਨਾਲ ਇਹ ਮਕਾਨ ਖ਼੍ਰੀਦਿਐ। ਗੁਰਚਰਨ ਵੀ ਹੁਣ ਇਸੇ ਮਕਾਨ 'ਚ ਰਹਿੰਦੈ। ਮੈਂ ਇਹ ਵੀ ਨ੍ਹੀ ਕਹਿੰਦੀ ਇਹ ਮੇਰੇ ਘਰ 'ਚ ਆਇਐ, ਮੇਰੇ ਮਗਰ ਚੱਲੇ। ਅਸੀਂ ਦੋਹਾਂ ਨੇ ਫੈਮਲੀ ਸ਼ੁਰੂ ਕੀਤੀ ਐ ਤੇ ਇਸ ਫੈਮਲੀ ਦਾ ਨਾਂ ਵੀ ਅਸੀਂ ਰਲ ਕੇ ਕੋਈ ਨਵਾਂ ਰੱਖੀਏ।"

"ਤੂੰ ਤਾਂ ਹੋਰ ਈ ਗੱਲਾਂ ਕਰਦੀ ਐਂ। ਬੰਦੇ ਨ੍ਹੀ ਨਾਂ ਬਦਲਦੇ ਹੁੰਦੇ। "

"ਜੇ ਬੰਦੇ ਨ੍ਹੀ ਬਦਲਦੇ ਤਾਂ ਇੱਕ ਗੱਲ ਹੋਰ ਦੱਸੋ, ਜੇ ਗੁਰਚਰਨ ਵੀ ਕੱਲ੍ਹ ਨੂੰ ਮੇਰੇ 'ਤੋ ਪਾਸੇ ਹੋ ਗਿਆ ਤਾਂ ਮੈਂ ਇਹਦਾ ਨਾਂ ਲਾਹ ਕੇ ਕਿਸੇ ਹੋਰ ਅਗਾਂਹ ਵਾਲੇ ਦਾ ਨਾਂ ਰੱਖੂੰਗੀ? ਇਓਂ ਤਾਂ ਮੈਂ ਨਾਂ ਚੇਂਜ ਕਰਨ 'ਚ ਈ ਰਹੂੰਗੀ।"

"ਨਿਆਣਿਆਂ ਆਲੀਆਂ ਗੱਲਾਂ ਕਰਦੀ ਐਂ। ਏਹ ਕਿਵੇਂ ਛੱਡ ਜਾਊ। ਐਨਾਂ ਸਾਊ ਮੁੰਡਾ ਮਿਲਿਆ ਤੈਨੂੰ। ਤੂੰ ਤਾਂ ਸਗੋਂ ਪੈਰ ਧੋ-ਧੋ ਪੀ ਓਹਦੇ। ਤੇਰੇ ਨਿਆਣਿਆਂ ਨਾਲ ਵੀ ਬੁਰਾ ਸਲੂਕ ਨ੍ਹੀ ਕਰਦਾ।"

"ਮੈਂ ਦੱਸੋ ਆਂਟੀ ਕਦੋਂ ਓਹਦਾ ਜਾਂ ਓਹਦੇ ਪ੍ਰੀਵਾਰ ਦਾ ਖਿਆਲ ਨ੍ਹੀ ਰੱਖਿਆ। ਸਾਰੀ ਕਮਾਈ ਹੁਣ ਤਾਈਂ ਇੰਡੀਆ ਭੇਜਦਾ ਰਿਹਾ।"

"ਮੈਨੂੰ ਸਾਰਾ ਪਤੈ ਤੂੰ ਵੀ ਬਥੇਰਾ ਕਰਦੀ ਐਂ ਪਰ ਹੁਣ ਇਹ ਕਮਲ੍ਹ ਨਾ ਮਾਰ। ਜੱਗੋਂ ਤੇਰ੍ਹਵੀਂ ਗੱਲ ਨਾ ਕਰ। ਬਣਿਆ-ਬਣਾਇਆ ਘਰ ਨਾ ਪੱਟ ਲਈਂ। ਏਹੋ ਜੇ ਬੰਦੇ ਭਾਲੇ ਨੀ ਥਿਆਉਂਦੇ ਹੁੰਦੇ।-------"

ਕਮਲ ਦੀ ਆਂਟੀ ਹੋਰ ਵੀ ਸਮਝਾਉਦੀਂ ਰਹੀ ਪਰ ਕਮਲ ਸੋਚਦੀ ਰਹੀ ਕਿ ਜਨਾਨੀਆਂ ਕਿਓਂ ਨ੍ਹੀ ਸਮਝਦੀਆਂ ਇਹ ਗੱਲ।

"ਜਨਾਨੀਆਂ ਪਤਾ ਨ੍ਹੀ ਕਿਓਂ ਨ੍ਹੀ ਸਮਝਦੀਆਂ----।" ਇਵੇਂ ਹੀ ਕਮਲ ਨੂੰ ਕੁਝ ਹਫ਼ਤੇ ਪਹਿਲਾਂ ਕੰਮ 'ਤੇ ਖਾਣਾ ਖਾਂਦਿਆਂ ਪਾਲੀ ਨੇ ਕਿਹਾ ਸੀ।

"ਜਨਾਨੀਆਂ ਵਿੱਚ ਕਿੱਥੋਂ ਆ ਗੀਆਂ, ਗੱਲਾਂ ਤਾਂ ਬਰਾਕ ਓਬਾਮਾ ਦੀ ਰਾਤ ਹੋਈ ਜਿੱਤ ਦੀਆਂ ਕਰਦੀਆਂ ਸੀ ?" ਕਮਲ ਨੇ ਕਿਹਾ।

"ਜੇ ਬਰਾਕ ਦੀ ਮਾਂ ਨੇ ਓਹਦਾ ਲਾਸਟ ਨਾਂ ਆਪਣੇ ਵਾਲਾ ਰੱਖਿਆ ਹੁੰਦਾ ਤਾਂ ਹੁਣ ਓਬਾਮਾ-ਓਬਾਮਾ ਨਾ ਹੁੰਦੀ। ਪਾਲਦੀਆਂ ਰਹਿ ਗੀਆਂ ਮਾਂ ਤੇ ਨਾਨੀ ਪਰ ਚਾਰੇ ਪਾਸੇ ਚਰਚਾ ਹੋ ਰਹੀ ਐ ਪਿਓ ਦੇ ਨਾਂ ਨਾਲ, ਜਿਹੜਾ ਦੋ ਕੁ ਸਾਲਾਂ ਦੇ ਨੂੰ ਛੱਡ ਕੇ ਚਲਾ ਗਿਆ ਸੀ।"

"ਓਹਦੀ ਮਾਂ ਨੂੰ ਕਿਹੜਾ ਸੁਪਨੇ ਆਉਂਦੇ ਸੀ ਕਿ ਓਹਦਾ ਪੁੱਤ ਅਮਰੀਕਾ ਦਾ ਪ੍ਰੈਜ਼ੀਡੈਂਟ ਚੁਣਿਆ ਜਾਊਗਾ।" ਇੱਕ ਹੋਰ ਕੁੜੀ ਦਾ ਕਿਹਾ ਸੁਣ ਕੇ ਕਮਲ ਝੱਟ ਬੋਲੀ, "ਜਿਹੜੇ ਪ੍ਰੈਜ਼ੀਡੈਂਟ ਨ੍ਹੀਂ ਬਣਦੇ ਓਹਨਾਂ ਦੇ ਨਾਂ ਦੀ ਕੋਈ ਇੰਪੌਰਟੈਂਸ ਈ ਨ੍ਹੀ ਹੁੰਦੀ!"

"ਹਰੇਕ ਦੇ ਆਪਣੇ-ਆਪਣੇ ਹਾਲਾਤ ਹੁੰਦੇ ਆ।" ਉਸੇ ਕੁੜੀ ਦੀ ਆਵਾਜ਼ ਸੁਣ ਕੇ ਕਮਲ ਨੇ ਸੋਚਿਆ ਕਿ ਉਹ ਹਾਲਾਤ ਨੂੰ ਦੋਸ਼ ਨਹੀਂ ਦੇਵੇਗੀ ਤੇ ਗੁਰਚਰਨ ਨਾਲ ਇਸ ਬਾਰੇ ਖੁਲ੍ਹ ਕੇ ਗੱਲ੍ਹ ਕਰਕੇ ਛੇਤੀ ਹੀ ਸਾਰੇ ਪ੍ਰੀਵਾਰ ਦਾ ਕੋਈ ਨਵਾਂ ਨਾਂ ਰੱਖ ਲਵੇਗੀ। ਪਰ ਅੱਜ-ਭਲਕ ਕਰਦੀ ਉਹ ਹੋਰ ਰੁਝੇਵਿਆਂ ਕਾਰਣ ਗੁਰਚਰਨ ਨਾਲ ਇਸ ਬਾਰੇ ਗੱਲ ਕਰਨ ਲਈ ਮੌਕਾ ਹੀ ਨਾ ਬਣਾ ਸਕੀ।

ਤੇ ਹੁਣ ਜਦ ਆਪਣੇ-ਆਪ ਹੀ ਇਹ ਮੌਕਾ ਬਣ ਗਿਆ ਸੀ ਤਾਂ ਕਮਲ ਨੇ ਸੋਚਿਆ, 'ਕੀ ਪਤਾ ਸੀ ਕਿ ਪ੍ਰੌਗ੍ਰੈਸਿਵ ਵਿਚਾਰਾਂ ਵਾਲਾ ਗੁਰਚਰਨ ਇਸ ਮਾਮਲੇ 'ਚ ਜਿੰਦਰ ਵਰਗਾ ਹੀ ਨਿਕਲੂਗਾ।'

ਸੜਕ ਤੋਂ ਬਰਫ਼ ਖੁਰਚਣ ਦਾ ਖੜਾਕ ਸੁਣ ਕੇ ਕਮਲ ਨੇ ਖਿੜਕੀ ਵਿੱਚੋਂ ਬਾਹਰ ਵੱਲ ਵੇਖਿਆ। ਸੜਕ 'ਤੋਂ ਟਰੱਕ ਬਰਫ਼ ਸਾਫ਼ ਕਰ ਰਿਹਾ ਸੀ। ਕਮਲ ਨੇ ਆਪਣੇ ਡਰਾਈਵਵੇਅ ਵੱਲ ਵੇਖਿਆ। ਉੱਥੇ ਉਸ ਨੂੰ ਬਰਫ਼ ਦਾ ਪਹਾੜ ਉਸੱਰਿਆ ਲੱਗਾ। ਫਿਰ ਕਮਲ ਨੇ ਕੰਧ-ਘੜੀ ਵੱਲ ਵੇਖਿਆ। 'ਸਿੰਮੀ ਹੋਰਾਂ ਦਾ ਸਕੂਲੋਂ ਮੁੜਨ ਦਾ ਟਾਈਮ ਹੋਣ ਵਾਲਾ। ਓਨ੍ਹਾਂ ਦੇ ਲੰਘਣ ਵਾਸਤੇ ਥਾਂ ਬਣਾਵਾਂ ਨਾਲੇ ਕਾਰ ਵੀ ਲੰਘਾਉਣੀ ਆ,' ਕਮਲ ਨੇ ਸੋਚਿਆ। ਘੜੀ ਤੋਂ ਤਿਲਕ ਕੇ ਕਮਲ ਦੀ ਨਿਗ੍ਹਾ ਉਸੇ ਤਸਵੀਰ 'ਤੇ ਚਲੀ ਗਈ। ਇੱਕ ਪਲ ਉਹ ਤਸਵੀਰ ਵੱਲ ਵੇਖਦੀ ਰਹੀ। ਫਿਰ ਬਾਹਰ ਵੱਲ ਵੇਖਣ ਲੱਗੀ। 'ਕੀ ਫ਼ਰਕ ਪੈਂਦਾ ਜੇ ਟਰੱਕ ਵਾਲਾ ਭਾਈ ਸਾਡੇ ਡਰਾਈਵਵੇਅ 'ਚੋਂ ਵੀ ਇੱਕ ਹੂੰਝਾ ਫੇਰ ਜਾਵੇ,' ਕਮਲ ਦੇ ਚਿੱਤ 'ਚ ਆਇਆ। ਪਰ ਟਰੱਕ ਤਾਂ ਸਗੋਂ ਉਸ ਦੇ ਡਰਾਈਵਵੇਅ ਮੂਹਰੇ ਹੋਰ ਬਰਫ਼ ਖਿਲਾਰ ਗਿਆ ਸੀ। 'ਇਓਂ ਕਿਸੇ 'ਤੇ ਆਸ ਰੱਖਿਆਂ ਕਿੱਥੇ ਸਰਦੈ, ਇਹ ਤਾਂ ਆਪ ਈ----' ਕਮਲ ਨੇ ਸੋਚਿਆ। ਉਸ ਨੇ ਖੇਡ ਵਿੱਚ ਮਸਤ ਗੁਰਨੂਰ ਵੱਲ ਵੇਖਿਆ। 'ਕਿਓਂ ਇਸ ਵਿਚਾਰੇ ਨੂੰ ਖੇਡਦੇ ਨੂੰ ਹਟਾ ਕੇ ਠੰਡ 'ਚ ਲਿਜਾਵਾਂ।' ਇੱਕ ਪਲ ਲਈ ਕਮਲ ਹਿਚਕਚਾਈ ਪਰ ਅਗਲੇ ਹੀ ਪਲ ਉਹ ਗੁਰਨੂਰ ਦੇ ਗਰਮ ਕੱਪੜੇ ਪਾਉਣ ਲੱਗੀ। ●

ਲੇਖ

# ਕਾਲ ਦਾ ਕਹਿਰ

## ਸੁਖਦੇਵ ਸਿੱਧੂ

ਵਲੈਤੀਂ ਵਸੇ ਪੰਜਾਬੀਆਂ ਦਾ ਦੇਸ਼ ਨਾਲ਼ੋਂ ਮੋਹ ਨਹੀਂ ਟੁੱਟਦਾ। ਦੂਜੀਆਂ ਤੀਜੀਆਂ ਪੀੜ੍ਹੀਆਂ ਦੀ ਵੀ ਕੋਈ ਨਾ ਕੋਈ ਤਾਰ ਪਿੱਛੇ ਕਿਤੇ ਨਾ ਕਿਤੇ ਜੁੜੀ ਰਹਿੰਦੀ ਹੈ। ਬਹੁਤੇ ਪੰਜਾਬ 'ਚੋਂ ਮਾੜੇ ਦਿਨਾਂ ਕਰਕੇ ਨਿਕਲ਼ਦੇ ਨੇ, ਪਰ ਤੰਦ ਪਿੱਛੇ ਜੋੜੀ ਰੱਖਦੇ ਨੇ। ਜ਼ਮੀਨਾਂ ਖ਼ਰੀਦਣ ਦੀ ਜਾਂ ਕਿੱਲਿਆਂ 'ਚ ਹੋਰ ਵਾਧਾ ਕਰਨ ਦੀ ਚਾਹਨਾਂ ਤੀਬਰ ਹੀ ਰਹਿੰਦੀ ਰਹੀ ਹੈ। ਵੱਡੀਆਂ-ਵੱਡੀਆਂ ਕੋਠੀਆਂ ਖੜੀਆਂ ਕਰਨ ਦੀ ਇੱਛਿਆ ਜਗਦੀ ਰਹਿੰਦੀ ਹੈ ਤੇ ਉੱਤੇ ਪਾਣੀ ਦੀਆਂ ਸਾਦੀਆਂ ਟੈਂਕੀਆਂ ਦੀ ਥਾਂ ਜਹਾਜ਼, ਕਾਰਾਂ, ਘੋੜੇ, ਫੁੱਟਬਾਲ, ਘੁੱਗੀਆਂ, ਕਬੂਤਰ, ਬਲਦਾਂ ਦੀਆਂ ਜੋੜੀਆਂ, ਬਾਜ਼ ਬਣਾਉਣ ਦੀ। ਜਿੱਥੇ ਮਰਜ਼ੀ ਜਾਣ ਪੰਜਾਬੀ..... ਸਿਆਸਤ ਵੀ ਪਿੱਛੇ ਵਾਲ਼ੀ ਕਰਦੇ ਨੇ। ਬਿਨਾਂ ਕਿਸੇ ਤੁਕ ਦੇ, ਕਾਂਗਰਸੀ, ਅਕਾਲੀ, ਜਨਸੰਘੀਆਂ, ਕਾਮਰੇਡਾਂ ਸਭ ਨੇ ਵਲੈਤਾਂ ਵਿਚ ਵੀ ਅਪਣੀਆਂ ਬਰਾਂਚਾਂ ਬਣਾਈਆਂ ਹੋਈਆਂ ਨੇ। ਪਿਛਲਿਆਂ ਲਈ ਉਹ ਪੈਸੇ-ਉਗਰਾਹੀ ਦਾ ਵਸੀਲਾ ਬਣਦੇ ਨੇ। ਕਈ ਸਾਲੋ-ਸਾਲ ਆ ਕੇ ਪੌਂਡ 'ਕੱਠੇ ਕਰਕੇ ਲਿਜਾਂਦੇ ਨੇ। ਬਹੁਤੇ ਵਲੈਤੀਏ ਫੋਕੀ ਟੌਹਰ 'ਚ ਰਹਿੰਦੇ ਨੇ। ਦੇਸ ਚੋਂ ਆਉਂਦੇ ਲੀਡਰਾਂ ਨਾਲ ਹੱਥ ਮਿਲਾਉਣ ਦਾ ਚਾਅ ਧੁਰ ਅੰਦਰ ਜੀਉਂਦਾ ਹੁੰਦਾ ਹੈ। ਫ਼ੋਟੋਆਂ ਖਿਚਵਾ-ਖਿਚਵਾ ਪੱਲਿਓਂ ਪੈਸੇ ਦੇ ਕੇ ਦੇਸ ਪ੍ਰਦੇਸ ਵਰਗੇ ਅਖ਼ਬਾਰਾਂ 'ਚ ਛਪਵਾਉਣ ਦਾ ਵੀ। ਇਹੀ ਤਸਵੀਰਾਂ ਫਿਰ ਘਰੀਂ ਸ਼ੋਅ ਕੇਸਾਂ ਚ ਸਜਾਈਆਂ ਜਾਂਦੀਆਂ ਨੇ ਜਾਂ ਫ਼ਾਇਰ ਪਲੇਸਾਂ 'ਤੇ ਟਿਕਦੀਆਂ ਨੇ। ਲੀਡਰ ਵੀ ਕੋਈ ਨਾ ਕੋਈ ਕੰਮ ਕਢਾਉਣ ਦਾ ਲਾਰਾ ਲਾ ਕੇ ਇਨ੍ਹਾਂ 'ਤੇ ਰੋਅਬ ਰੱਖਦੇ ਨੇ। ਓਥੇ ਗਿਆਂ ਨੂੰ ਅਗਲੇ ਟਕੇ ਦੇ ਭਾਅ ਨਹੀਂ ਪੁੱਛਦੇ।

ਅੱਸੀਆਂ ਦੇ ਪੰਜਾਬ 'ਚ ਕਾਲ਼ੇ ਦਿਨਾਂ ਦਾ ਹੀ ਬੋਲਬਾਲਾ ਰਿਹਾ; ਉਹ ਕਹਿਰ ਦੇਸ ਦੇ ਮਤਲਬੀ ਸਿਆਸਤਦਾਨਾਂ ਐਸਾ ਸ਼ੁਰੂ ਕਰਾਇਆ ਕਿ ਠੰਢਾ ਹੋਣ ਦਾ ਨਾਂ ਹੀ ਨਾ ਲਵੇ। ਇਹ ਦਿਨ ਨਹੀਂ ਭੁੱਲਣੇ। ਇਹ ਦਿਓ ਬੋਤਲ 'ਚੋਂ ਐਸਾ ਨਿਕਲਿਆ ਕਿ ਕਈ ਵਰ੍ਹੇ ਪੰਜਾਬ ਦੇ ਅੰਦਰ ਬਾਹਰ ਆਦਮ-ਬੋ ਆਦਮ-ਬੋ ਕਰਦਾ ਦਨਦਨਾਉਂਦਾ ਰਿਹਾ। ਜੀਆ ਘਾਤ ਚਲਦਾ ਰਿਹਾ। ਕਾਂਗਰਸ ਨੇ ਪੰਜਾਬ ਦੇ ਮਸਲਿਆਂ ਵੱਲ ਬੇਰੁਖੀ ਦਿਖਾਈ ਤੇ ਅਕਾਲੀਆਂ ਹਮੇਸ਼ ਵਾਂਗ ਸਿਆਸਤ 'ਚ ਧਰਮ ਵਾੜ ਲਿਆ। ਵਿੱਚੇ ਭਿੰਡਰਾਂਵਾਲਾ ਵੀ ਆ ਗਿਆ। ਪੰਜਾਬ ਦੀ ਸ਼ਾਤੀ ਨੂੰ ਨਜ਼ਰ ਲੱਗ ਗਈ। ਉਹਦਾ ਸੇਕ ਬਾਹਰ ਵੀ ਪੈਣਾ ਹੀ ਸੀ। ਪਿਆ ਵੀ ਤੇ ਪਿਆ ਵੀ ਬੜਾ ਡਾਢਾ। ਇਕ ਪਾਸੇ ਅੰਬੀਆਂ ਹੋਈਆਂ ਉਲਾਰ ਸਿੱਖ ਭਾਵਨਾਵਾਂ ਵਾਲ਼ੇ ਹੋ ਗਏ; ਤੇ ਦੂਸਰੇ ਪਾਸੇ ਏਸ ਦਹਿਸ਼ਤਗਰਦੀ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਹੋਣਾ ਪੈ ਗਿਆ। ਵਿਚੇ ਮਹਾਸ਼ੇ ਵੀ ਆ ਗਏ। ਅਗਲਿਆਂ ਲਕੀਰ ਖਿੱਚ ਲਈ। ਜਾਂ ਅੰਨੇ ਜਾਂ ਬੰਨੇ ਵਾਲ਼ੀ। ਉਹ ਸਮਾਂ ਸਭ ਪੰਜਾਬੀਆਂ ਲਈ ਮਾੜਾ ਸੀ। ਪੰਜਾਬ ਲਈ ਵੱਡਾ ਸਰਾਪ ਹੀ ਜਾਣੋ। ਪੰਜਾਬੀਆਂ ਹੱਥੋਂ ਫਿਰ ਪੰਜਾਬੀ ਹੀ ਮਾਰੇ ਗਏ; ਆਪੇ ਆਪਣੀਆਂ ਬਾਹਾਂ ਵੀ ਵੱਢਣ ਨੂੰ ਪੈ ਗਏ।। ਸਰਕਾਰੀ ਜਬਰ ਨੇ ਪਹਿਲਾਂ ਵੀ ਕੋਈ ਢਿੱਲ ਨਹੀਂ ਸੀ ਵਰਤੀ ਤੇ ਹੁਣ ਵੀ ਕੀ ਵਰਤਣੀ ਸੀ। ਅਗਲਿਆਂ ਤਾਂ ਕੁਰਸੀ ਕਾਬੂ 'ਚ ਰੱਖਣੀ ਹੁੰਦੀ ਆ। ਉਲਾਰ ਸਿੱਖੀ ਭਾਵਨਾਵਾਂ ਵਾਲਿਆਂ ਨੇ ਵੱਡੇ ਮਨੁੱਖਤਾਵਾਦੀ ਸਿੱਖ ਸਿਧਾਤਾਂ ਨੂੰ ਨਕਾਰ ਕੇ ਸੌੜੀ ਸੋਚ ਤੇ ਪਹਿਰਾ ਦੇਣ ਦੀ ਚੋਣ ਕਰ ਲਈ ਸੀ। ਰਲ਼ ਕੇ ਇਨ੍ਹਾਂ ਪੰਜਾਬੀਆਂ ਦਾ ਖ਼ੂਨ ਡੋਲ੍ਹਿਆ-ਡੁਲ੍ਹਾਇਆ। ਬੇਕਸੂਰਾਂ ਦਾ ਵੀ ਬਥੇਰਾ। ਮਰਦਾ ਕੋਈ ਵੀ, ਸਭ ਤੋਂ ਵੱਡਾ ਨੁਕਸਾਨ ਤਾਂ ਪੰਜਾਬੀ ਭਾਈਚਾਰੇ ਦਾ ਹੀ ਹੋਣਾ ਸੀ। ਸੈਕੂਲਰ ਸੋਚ ਵਾਲ਼ਿਆਂ ਨੂੰ ਉਹ ਸਮਾਂ ਡਾਢਾ ਮਹਿੰਗਾ ਪਿਆ। ਕਈ ਨਿਰਖੇ-ਪਰਖੇ ਕਾਮਰੇਡ ਤੇ ਯੁੱਗ ਪੁਰਸ਼ ਵੀ ਦੁੱਕੀ ਤਿੱਕੀ ਸਮਝ ਕੇ ਔਹ ਪਾਰ ਬੁਲਾਏ। ਪਰ ਇਹ ਸਿਦਕ-ਸਿਰੜ ਵਾਲੇ ਸੀ; ਫਿਰ ਵੀ ਡਟੇ ਹੀ ਰਹੇ। ਇਨ੍ਹਾਂ ਨੂੰ ਦੋਹਰੀ ਮਾਰ ਝੱਲਣੀ ਪਈ। ਸਰਕਾਰ ਦੀ ਵੀ ਤੇ ਦਹਿਸ਼ਤਗਰਦੀ ਦੀ ਵੀ। ਉਹ ਅਸੂਲਾਂ-ਸਿਧਾਤਾਂ ਵਾਲ਼ੇ ਬੰਦੇ ਸੀ। ਅਪਣੇ ਥਾਂ ਅੜੇ ਰਹੇ। ਬੰਦੇ ਮਰਵਾਉਂਦੇ ਰਹੇ। ਅਗਲੇ ਇਨ੍ਹਾਂ ਦੀ ਪਹਿਲੀ ਦੇਣ ਨੂੰ ਝੱਟ ਭੁੱਲ ਗਏ ਸੀ। ਸਿੱਖਾਂ ਲਈ ਮਹਾਸ਼ੇ ਤਾਂ ਪਹਿਲਾਂ ਹੀ ਵਿਰੋਧੀ ਧਿਰ ਸੀ। ਅੱਲੜ੍ਹ ਜੁਆਨੀ ਨੂੰ ਏ ਕੇ ਸੰਤਾਲ਼ੀ ਤੇ ਮਾਊਜ਼ਰਾਂ ਦੀ ਖ਼ੁਮਾਰੀ ਨੇ ਆਸਮਾਨੀਂ ਚਾੜ੍ਹ ਦਿੱਤਾ ਸੀ। ਨਸ਼ੇ ਤਾਂ ਇਕ ਦੀ ਖ਼ੁਮਾਰੀ ਨਹੀਂ ਮਾਣ, ਇਨ੍ਹਾਂ ਕੋਲ ਬੇਥ੍ਹਵੇ ਮਾਰੂ ਹਥਿਆਰ ਸੀ - ਸਰਕਾਰ ਦੇ ਹਥਿਆਰਾਂ ਤੋਂ ਵੀ ਕਈ ਗੁਣਾ ਵਧਕੇ। ਉੱਤੋਂ ਜੁਆਨੀ ਸੀ ਤੇ ਮਨ ਮਰਜ਼ੀ ਕਰਨ ਲੈਣ ਦੀ ਖੁੱਲ੍ਹ, ਨਾਲ਼ੇ ਧਰਮ ਦੀ ਪਾਣ। ਖ਼ਤਰਨਾਕ ਕੌਂਕਟੇਲ ਸੀ ਇਹ-ਤਬਾਹੀ ਵਾਲ਼ੀ। ਉਦੋਂ ਜੋ ਹੋਇਆ; ਉਹੋ ਕੁਝ ਹੀ ਹੋ ਸਕਣਾ ਸੀ, ਏਹੋ ਜਿਹੇ ਹਾਲਾਤ ਵਿਚ।

ਵਲੈਤ 'ਚ ਭਾਰਤੀ ਮਜ਼ਦੂਰ ਸਭਾ ਦਾ ਅਪਣਾ ਸ਼ਾਨਦਾਰ ਇਤਿਹਾਸ ਹੈ। ਅਪਣੇ ਮੁੱਢ ਤੋਂ ਲੈ ਕੇ ਹੁਣ ਤੀਕ ਇਹਨੇ ਭਾਰਤੀਆਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਵੱਡੇ-ਵੱਡੇ ਘੋਲ਼ ਕੀਤੇ ਤੇ ਜਿੱਤੇ ਵੀ। ਯੂਨੀਅਨਾਂ ਵਿਚ ਧੜੱਲੇਦਾਰ ਕੰਮ ਕੀਤੇ; ਨਸਲਵਾਦ ਵਿਰੁੱਧ ਮਹਾਂ ਮੱਲਾਂ ਮਾਰੀਆਂ। ਪੰਜਾਬ ਦੇ ਕਾਲ਼ੇ ਦਿਨਾਂ ਵਾਲ਼ੇ ਵੇਲਿਆਂ 'ਚ ਇਹ ਸਭਾਵਾਂ ਵੀ ਪਰਖ ਦੀ ਘੜੀ ਚੋਂ ਨਿਕਲ਼ੀਆਂ। ਹਿਰਖੀ ਹੋਈ ਸਿੱਖ ਭਾਵਨਾ ਵਾਲ਼ੇ ਇਨ੍ਹਾਂ ਤੋਂ ਪਾਸਾ ਵੱਟਣ ਲੱਗ ਗਏ। ਇਨ੍ਹਾਂ ਦੀ ਪਿਛਲੀ ਕੀਤੀ ਕਰਾਈ, ਇਕਦਮ ਭੁਲਾ ਦਿੱਤੀ -ਰੋਲ਼ ਦਿੱਤੀ। ਤੱਤੇ ਸਿੱਖ ਸਿਧਾਤਾਂ ਵਾਲੇ ਸੱਭ ਦੂਸਰਿਆਂ ਦੇ ਗਲ਼ ਪੈਣ ਲਗ ਪਏ ਸੀ। ਹੱਥੋ ਪਾਈ ਤੋਂ ਵੀ ਕੰਮ ਵੱਧਣ ਲੱਗ ਪਿਆ ਸੀ। ਆਮ ਲੋਕ ਬਿਨਾਂ ਵਜ੍ਹਾ ਲੜਾਈ ਤੋਂ ਝਕਦੇ ਸੀ। ਇਸ ਖਿੱਚੋਤਾਣ 'ਚ ਵਲੈਤ ਚ ਕੁਝ ਪੰਜਾਬੀਆਂ ਦਾ ਜਾਨੀ ਨੁਕਸਾਨ ਵੀ ਹੋਇਆ।

ਸੈਕੂਲਰ ਸੋਚ ਵਾਲ਼ੇ ਅਖ਼ਬਾਰਾਂ 'ਚ ਜਾਂ ਮੀਟਿੰਗਾਂ ਚ ਅਪਣੀ ਗੱਲ ਕਰਦੇ ਸੀ। ਦੂਜਿਆਂ ਨੂੰ ਇਹ ਚੁੱਭਣ ਲੱਗ ਪਈ। ਵਿਚਾਰ-ਵਿਟਾਂਦਰੇ ਤੋਂ ਗੱਲ 'ਗਾਂਹ ਨਿਕਲ ਗਈ ਸੀ। ਨਾ ਦਲੀਲ ਨਾਲ ਗੱਲ 'ਚ ਉਹ ਯਕੀਨ ਰੱਖਦੇ ਸੀ, ਨਾ ਉਨ੍ਹਾਂ ਨੂੰ ਉਹ ਹਜ਼ਮ ਹੁੰਦੀ ਸੀ। ਉਹ ਅਪਣੀ ਗੱਲ ਗੁਰਦੁਆਰਿਆਂ 'ਚ ਕਰ ਲੈਂਦੇ ਸੀ; ਕਾਮਰੇਡ ਆਪਣੀਆਂ ਅੱਡ ਮੀਟਿੰਗਾਂ ਵਗ਼ੈਰਾ ਕਰਕੇ। ਚਾਰ ਹਜ਼ਾਰ ਮੀਲੋਂ ਦੂਰ, ਦੇਸੀ ਦਹਿਸ਼ਤਗਰਦੀ ਧੱਕੇ ਨਾਲ਼ ਵਲੈਤ ਵੀ ਆ ਵੜੀ; ਏਥੇ ਇਹਦਾ ਕੋਈ ਮਤਲਬ ਤਾਂ ਹੈ ਨਹੀਂ ਸੀ। ਉਹ ਕਾਮਰੇਡਾਂ ਨੂੰ ਲਾਲ ਕੁੱਤੇ ਸੱਦਦੇ। ਹੋਰ ਵੀ ਕਈ ਕੁਝ - ਜੋ ਚੰਗਾ ਮੰਦਾ ਮਨ 'ਚ ਆਉਂਦਾ।

ਔਖੇ ਦਿਨਾਂ ਦਾ ਵਲੈਤ 'ਚ ਪਹਿਲ-ਪਲੇਠਾ ਟੈਸਟ ਲੰਡਨ ਵਿਖੇ ਹੋਇਆ। ਈਸਟ ਲੰਡਨ ਦੀ ਭਾਰਤੀ ਮਜ਼ਦੂਰ ਸਭਾ ਦੀ ਬਰਾਂਚ ਨੇ ਜਲਸਾ ਰੱਖਿਆ

ਹੋਇਆ ਸੀ। ਪਹਿਲਾਂ ਵਾਂਗ ਵੱਖ ਵੱਖ ਬਰਾਂਚਾਂ ਨੇ ਹਾਜ਼ਰੀ ਲਵਾਉਣੀ ਸੀ। ਸਾਰੇ ਗਏ ਵੀ। ਐਸੇ ਸਾਰੇ ਪ੍ਰੋਗਰਾਮਾਂ 'ਚ ਸਭ ਹੀ ਜਾਂਦੇ ਹੁੰਦੇ ਸੀ। ਉਸ ਸ਼ਹਿਰ ਦੇ ਤਾਂ ਘਰ ਦੇ ਸਾਰੇ ਜੀਅ ਪਰਿਵਾਰਾਂ ਨਾਲ਼ ਬੱਚਿਆਂ ਸਮੇਤ ਹਾਜ਼ਰ ਹੁੰਦੇ। ਇਓਂ ਸਰਗਰਮੀ ਵੀ ਹੋ ਜਾਂਦੀ ਤੇ ਜੋੜ-ਮੇਲਾ ਵੀ। ਅਜੇ ਮੀਟਿੰਗ ਮਸਾਂ ਅੱਧੇ ਵਿਚਾਲ਼ੇ ਹੀ ਗਈ ਹੋਣੀ ਆ ਕਿ ਕਿਸੇ ਭਾਈ ਨੇ ਖੜੋ ਕੇ ਭਾਰਤੀ ਮਜ਼ਦੂਰ ਸਭਾ ਦੀ ਮੈਂਬਰਸ਼ਿਪ ਦਾ ਅਪਣਾ ਕਾਰਡ ਪਾੜ ਦਿੱਤਾ। ਸਭ ਨੂੰ ਦਿਖਾ ਕੇ, ਕਹਿੰਦਾ: ਮੈਂ ਨਹੀਂ ਧੁਆਡੀ ਸਭਾ ਦਾ ਮੈਂਬਰ; ਆਹ ਰਿਹਾ ਧੁਆਡਾ ਕਾਟ।। ਉਹਦਾ ਗ਼ੁੱਸਾ ਸਾਫ਼ ਦਿਸਦਾ ਸੀ। ਹੁਣ ਗੱਲ ਦੋ ਤਿੰਨ ਤਰ੍ਹਾਂ ਹੀ ਨਿਬੜਨੀ ਸੀ। ਜਾਂ ਤਾਂ ਉਹ ਆਪੇ ਬਾਹਰ ਚਲੇ ਜਾਂਦਾ, ਜਦ ਉਹ ਅਪਣੇ ਆਪ ਨੂੰ ਮੈਂਬਰ ਹੀ ਨਹੀਂ ਸੀ ਗਿਣਦਾ ਤੇ ਜਾਂ ਚੁਪਚਾਪ ਬਹਿ ਕੇ ਗੱਲ ਸੁਣੀ ਜਾਂਦਾ। ਆਖ਼ਿਰੀ ਕੰਮ ਬਰਾਂਚ ਦੇ ਮੈਂਬਰਾਂ ਨੂੰ ਕਰਨਾ ਪੈਣਾ ਸੀ। ਬਾਕੀ ਦਿਆਂ ਵੀ ਅਖ਼ੀਰਲੇ ਕੰਮ ਕਰਨ ਲਈ ਨਾਲ਼ ਹੀ ਹੋਣਾ ਸੀ। ਗਰਮੋ-ਗਰਮੀ ਹੋਣ ਹੀ ਲੱਗੀ ਸੀ ਕਿ ਬਾਹਰ ਭਰੀਆਂ ਦੋ ਕੋਚਾਂ ਆ ਖਲੋਈਆਂ। ਵਿੱਚੋਂ ਤੱਤੇ ਖ਼ਾਲਿਸਤਾਨੀ ਨਿਕਲਣੇ ਸ਼ੁਰੂ ਹੋ ਗਏ ਸੀ। ਅਸੀਂ ਅਪਣੇ ਹਮਾਇਤੀਆਂ ਤੋਂ ਜਾਣੂੰ ਸਾਂ। ਬੱਸਾਂ ਵਾਲੇ ਸਾਰੇ ਨਵੇਂ-ਨਵੇਂ ਅਣਜਾਣ ਚਿਹਰੇ ਸੀ। ਕੁਝ ਨਵੇਂ ਸਜੇ ਸਿੱਖ ਸੀ। ਕੁਝ ਅਜੇ ਵੀ ਮੋਨੇ ਸੀ, ਪਰ ਵਾਲ ਵਧਣੇ ਸ਼ੁਰੂ ਹੋਏ ਹੋਏ ਸੀ। ਬਹੁਤ ਸਾਰੇ ਸਾਬਤ ਸੂਰਤ ਸਿੱਖ ਦਿੱਖ ਵਾਲ਼ੇ ਸੀ। ਸੀ ਵੀ ਸਾਰੇ ਦੇ ਸਾਰੇ ਦੇਸੀ ਬੰਦੇ ਹੀ, ਔਰਤ ਕੋਈ ਨਹੀਂ ਸੀ। ਬਾਅਦ 'ਚ ਸੂਹ ਲੱਗੀ ਸੀ ਕਿ ਮੈਂਬਰਸ਼ਿਪ ਕਾਰਡ ਪਾੜਨ ਵਾਲਾ ਬੰਦਾ ਵੀ ਅੰਦਰੋਂ ਇਨ੍ਹਾਂ ਨਾਲ਼ ਜੁੜਿਆ ਹੋਇਆ ਸੀ। ਲੱਗਦਾ ਏਦਾਂ ਸੀ ਕਿ ਉਹ ਪਲਾਂਟ ਕੀਤਾ ਬੰਦਾ ਸੀ। ਉਹਨੇ ਕਾਰਡ ਪਾੜ ਕੇ ਗੱਲ ਸ਼ੁਰੂ ਕਰਨੀ ਸੀ। ਮਗਰੋਂ ਰੌਲ਼ਾ ਰੱਪਾ ਪੈ ਕੇ ਝਗੜਾ ਹੋਣਾ ਸੀ। ਸ਼ਾਇਦ ਲੜਾਈ ਵੀ ਹੁੰਦੀ। ਅਸੀਂ ਲੜਾਈ ਲਈ ਮਨੋਂ ਤਿਆਰ ਨਹੀਂ ਸੀ। ਲੜਾਈ ਦੀ ਗੱਲ ਤਾਂ ਸਾਡੇ ਚਿੱਤ ਚੇਤੇ ਈ ਨਾ ਸੀ। ਨਾ ਹੀ ਇਹ ਕਿਆਸਿਆ ਸੀ ਕਿ ਕੋਈ ਸਾਡਾ ਫ਼ੰਕਸ਼ਨ ਭੰਗ ਕਰਨ ਦੀ ਜੁਰਅੱਤ ਰੱਖਦਾ ਸੀ। ਪਰ ਅਗਲੇ ਪੂਰੀ ਤਿਆਰੀ ਨਾਲ਼ ਆਏ ਲੱਗਦੇ ਸੀ। ਨਹੀਂ ਤਾਂ ਏਡੀ ਦੂਰੋਂ ਦੋ ਕੋਚਾਂ ਭਰਕੇ ਬਿਗ਼ਾਨੇ ਸ਼ਹਿਰ ਦੇ ਜਲਸੇ 'ਚ ਕੌਣ ਆਉਂਦਾ। ਸਾਡੇ 'ਚੋਂ ਵੀ ਕਈ ਬਹੁਤੇ ਗਰਮ ਸੀ, ਕਈ ਬਹੁਤ ਠੰਢੇ ਤੇ ਕਈ ਗਭਲੇ ਮੇਲ਼ ਦੇ। ਜਿਨ੍ਹਾਂ ਦੇ ਡੌਲ਼ੇ ਫਰਕਦੇ ਸੀ, ਉਹ ਕਹਿਣ: ਜਦ ਇਹ ਸਾਡੇ 'ਤੇ ਚੜ੍ਹ ਕੇ ਆ ਹੀ ਗਏ, ਤਾਂ ਹੋ ਜਾਣ ਦੋ ਦੋ ਹੱਥ ਫੇਰ; ਇਹ ਕੱਟਾ ਕੱਟੀ ਵੀ ਅੱਜ ਕੱਢ ਹੀ ਲਈਏ। ਅਸੀਂ ਇਨ੍ਹਾਂ ਨੂੰ ਅੰਦਰ ਨਾ ਵੜਨ ਦਿੱਤਾ। ਮੀਟਿੰਗ ਵੀ ਹੋ ਗਈ। ਸਿਆਣੇ ਬੰਦੇ ਕਹਿਣ ਨੁਕਸਾਨ ਹੋਇਆ ਮਾੜਾ ਹੁੰਦਾ। ਕਿਸੇ ਦਾ ਵੀ। ਸੁਘੜ ਬੰਦਿਆਂ ਦੀ ਪੁੱਗ ਗਈ। ਉਨ੍ਹਾਂ ਨੂੰ ਅੰਦਰ ਨਾ ਵੜਨ ਦਿੱਤਾ। ਦੋਹਾਂ ਧਿਰਾਂ ਦਾ ਬਚਾਅ ਹੋ ਗਿਆ। ਇਸ ਵਾਰ ਪੰਜਾਬੀ ਕੌਮ ਹੁੱਲੜਬਾਜ਼ੀ ਦੀ ਬਦਨਾਮੀ ਤੋਂ ਬਚ ਗਈ।

ਹੁਣ ਸਾਨੂੰ ਖ਼ਬਰਦਾਰੀ ਹੋ ਗਈ ਸੀ ਕਿ ਟਕਰਾਅ ਬਹੁਤਾ ਚਿਰ ਟਲਣਾ ਨਹੀਂ; ਕਿਤੇ ਵੀ ਹੋ ਸਕਦਾ ਸੀ। ਅਗਲਿਆਂ ਦਲੀਲਬਾਜ਼ੀ ਵਾਲ਼ੇ ਸਾਰੇ ਬੂਹੇ ਘੁੱਟ ਕੇ ਭੇੜ ਲਏ ਸੀ। ਜਾਣੋ, ਲੀਕ ਖਿੱਚ ਦਿੱਤੀ ਸੀ। ਉਨ੍ਹਾਂ ਦਾ ਖਿਆਲ ਸੀ ਜਾਂ ਸਾਡੇ ਨਾਲ਼ ਹੋਵੇ ਨਹੀਂ ਤਾਂ ਤੁਸੀਂ ਵੀ ਸਾਡੇ ਦੁਸ਼ਮਣ। ਵਿੱਚੋਂ ਗੱਲ ਤਾਂ ਏਨੀ ਸੀ ਕਿ ਉਨ੍ਹਾਂ ਨੂੰ ਸਾਡੀ ਰਾਏ ਚੁੱਭਦੀ ਸੀ। ਸਾਨੂੰ ਉਨ੍ਹਾਂ ਦੀ ਵੀ ਨਹੀਂ ਸੀ ਪੁਗਦੀ। ਪਰ ਅਗਲੇ ਸਾਨੂੰ ਚੁਪ ਕਰਾਉਣ 'ਤੇ ਤੁਲੇ ਹੋਏ ਸੀ। ਕੌੜ ਹੋਰ ਵਧਣੀ ਹੀ ਵਧਣੀ ਸੀ। ਹੁਣ ਠੰਢੇ ਮਨ ਨਾਲ਼ ਸੋਚੀਦਾ ਹੈ, ਤਾਂ ਲੱਗਦਾ ਚੰਗਾ ਹੋਇਆ। ਕਿਸੇ ਜਾਨ ਦਾ ਨੁਕਸਾਨ ਵੀ ਹੋ ਸਕਦਾ। ਉਹਦਾ ਅਸਰ ਮਗਰਲਿਆਂ ਤੇ ਵੱਧ ਪੈਣਾ ਸੀ। ਆਉਣ ਵਾਲੀਆ ਅਣਸਾਂ ਤੇ ਵੀ। ਨੁਕਸਾਨ ਤਾਂ ਪੰਜਾਬੀਆਂ ਦਾ ਹੀ ਹੋਣਾ ਸੀ।

ਹੁਣ ਅਸੀਂ ਚੌਕਸ ਹੋ ਗਏ ਸਾਂ। ਅਸੀਂ ਅਪਣੀ ਸਮਝ ਨੂੰ ਸਹੀ ਮੰਨਦੇ ਸੀ, ਉਹ ਅਪਣੀ ਨੂੰ। ਸਥਿਤੀ ਸਾਵੀਂ ਨਹੀ ਸੀ। ਖ਼ਿਆਲ ਰੱਖਣ ਲੱਗ ਪਏ ਸਾਂ ਕਿ ਕਿਤੇ ਐਵੇਂ ਅਣਭੋਲ ਹੀ ਨਾ ਮਾਰੇ ਜਾਏ ਜਾਈਏ। ਬਹੁਤੀਆਂ ਦਲੀਲਾਂ ਦੀਆਂ ਗੱਲਾਂ ਅਗਲਿਆਂ ਦੇ ਸਿਰ ਤੋਂ ਦੀ ਨਿਕਲ ਜਾਂਦੀਆਂ ਸੀ। ਉਨ੍ਹਾਂ ਦਾ ਹਿਰਖ ਘਟਣ 'ਚ ਨਹੀਂ ਸੀ ਆਉਂਦਾ। ਇਹ ਗੱਲ ਓਹਨਾਂ ਦੇ ਦਿਮਾਗ 'ਚ ਪੈਂਦੀ ਹੀ ਨਹੀਂ ਸੀ ਕਿ ਸਿੱਖ ਪੰਜਾਬ ਤੋਂ ਬਾਹਰ ਵੀ ਵਸਦੇ ਨੇ ਉਨ੍ਹਾਂ ਦਾ ਕੀ ਹੋਊ। ਨਾਲ਼ੇ ਹਰਿਮੰਦਰ ਸਾਹਿਬ ਲੜਾਈ ਕਰਨ ਦੀ ਥਾਂ ਨਹੀਂ ਸੀ। ਜੇ ਲੜਾਈ ਕਰਨੀ ਸੀ ਤਾਂ ਕੋਈ ਹੋਰ ਜਗ੍ਹਾ ਲੱਭ ਲੈਂਦੇ। ਸਰਕਾਰ ਨੇ ਵੀ ਪਹਿਲਾਂ ਗੱਲ ਏਸ ਹੱਦ ਤੀਕ ਵੱਧ ਲੈਣ ਦਿੱਤੀ ਸੀ। ਬਹਾਨੇ ਨਾਲ ਹਮਲਾ ਕਰ ਲਿਆ। ਵਿਚੋਂ ਪਾਰਟੀਆਂ ਦੇ ਅਪਣੇ ਅੰਦਰਲੇ ਭੇੜ ਸੀ।

ਜਿੱਥੇ ਬਰਾਂਚਾਂ ਤਕੜੀਆਂ ਸੀ, ਕਾਮਰੇਡ ਭਾਈ ਅਪਣੇ ਪਰਚੇ ਵੰਡਦੇ ਸੀ। ਏਦਾਂ ਅਪਣੇ ਵਿਚਾਰ ਦੱਸਦੇ ਸੀ। ਅਗਲਿਆਂ ਨੂੰ ਏਨੀ ਕੁ ਗੱਲ ਵੀ ਚੁਭਦੀ ਸੀ। ਨਿੱਕੀ-ਨਿੱਕੀ ਅਹਿਸਮਤੀ ਤੇ ਵੀ ਲੜੂੰ-ਲੜੂੰ ਕਰਦੇ ਸੀ। ਅਖ਼ੀਰ ਇਨ੍ਹਾਂ ਨੇ ਬਾਹਰੋਂ ਬੰਦੇ ਲਿਆ ਕੇ, ਪੇਪਰ ਵੇਚਦੇ ਬ੍ਰਮਿੰਘਮ ਵਾਲਿਆਂ ਕਾਮਰੇਡਾਂ ਨੂੰ ਕੁੱਟਿਆ ਸੀ। ਇਕ ਦੋ ਦੇ ਸੱਟਾਂ ਵੀ ਮਾਰੀਆਂ ਸੀ। ਕੱਲਿਆਂ ਕਹਿਰਿਆਂ ਨੂੰ ਦੇਖ ਕੇ ਕੁੱਟਣ-ਮਾਰਨ ਪੈਂਦੇ ਸੀ। ਦਾਬਾ ਪਾਉਣਾ ਚਾਹੁੰਦੇ ਸੀ। ਕਈ ਸੇਵਾ ਭਾਵਨਾ ਤਹਿਤ ਕੰਮ ਕਰਦੇ ਕਾਮਰੇਡਾਂ ਦੀ ਗੁਰਦੁਆਰੇ ਅੰਦਰ ਲਾਹ-ਪਾਹ ਕਰ ਦਿੱਤੀ ਸੀ। ਕਈਂ ਗੁਰਦੁਆਰੀਂ ਲਿਖਕੇ ਲਾ ਦਿੱਤਾ ਸੀ ਕਿ ਕਮਿਊਨਿਸਟ ਗੁਰਦੁਆਰੇ ਅੰਦਰ ਨਹੀਂ ਆ ਸਕਦੇ। ਅਪਣੇ 'ਖ਼ਿਲਾਫ਼' ਲਿਖਣ ਵਾਲ਼ਿਆਂ ਨੂੰ ਵੀ ਇਨ੍ਹਾਂ ਨੇ ਧਮਕੀਆਂ ਦਿੱਤੀਆਂ ਸੀ। ਕਈ ਵਲੈਤੀ ਅਖ਼ਬਾਰਾਂ ਵਾਲ਼ੇ ਵੀ ਇਨ੍ਹਾਂ ਦੇ ਢਹੇ ਚੜ੍ਹੇ ਹੋਏ ਸੀ। ਨਾਲ਼ੇ ਅਖ਼ਬਾਰਾਂ ਵੇਚਣ ਹਿਤ ਸ਼ੈਤਾਨੀਆਂ ਕਰਦੇ ਸੀ। ਏਦਾਂ ਇਨ੍ਹਾਂ ਦੀਆਂ ਅਖ਼ਬਾਰਾਂ ਵੱਧ ਵਿਕਦੀਆਂ ਸੀ। ਇਓਂ ਇਹ ਖ਼ਾਲਿਸਤਾਨੀਆਂ ਦੀ ਭੱਲ ਖੱਟ ਲੈਂਦੇ ਸੀ। ਚੁਆਤੀਆਂ ਲਾਉਣ ਲਈ ਖਾਲਸਿਤਾਨੀ ਪੱਖੀ ਵਿਰੋਧੀ ਲਿਖਤਾਂ ਨਾਲ਼ ਆਪ ਹੋਰ ਗੱਲਾਂ ਜੋੜ ਦਿੰਦੇ ਸੀ ਕਈ ਵਾਰ ਲੇਖਕਾਂ ਦੇ ਟੈਲੀਫ਼ੂਨ ਤੇ ਪਤੇ ਵੀ ਲਿਖ ਦਿੰਦੇ ਸੀ। ਇਸ ਤਰ੍ਹਾਂ ਇਨ੍ਹਾਂ ਨੇ ਟੈਲੀਫ਼ੂਨਾਂ ਤੇ ਗਾਲ਼ੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਸੀ। ਜੇ ਘਰ ਦੀਆਂ ਸੁਆਣੀਆਂ ਫੋਨ ਚੁੱਕਦੀਆਂ ਤਾਂ ਉਨ੍ਹਾਂ ਨੂੰ ਵੀ ਧਮਕੀਆਂ ਦੇਣ ਲੱਗ ਪਏ ਸੀ। ਚੰਗਾ ਮੰਦਾ ਵੀ ਬੋਲਦੇ।

ਮਿਡਲੈਂਡ ਦੀ ਬੱਸ ਕੰਪਨੀਆਂ 'ਚ ਕੰਮ ਕਰਦੇ ਪੰਜਾਬੀ ਕਾਮਰੇਡਾਂ ਦੀ ਟਰਾਂਟਪੋਰਟ ਯੂਨੀਅਨ 'ਚ ਪੂਰੀ ਧਾਂਕ ਸੀ। ਇਹ ਆਪ ਬੀਂਡੀ ਰੋਲ ਅਦਾ ਕਰਦੇ ਸੀ। ਬੱਸਾਂ 'ਚ ਕੰਮ ਕਰਦੇ ਕਿਸੇ ਡਰੈਵਰ ਨੇ ਕਾਮਰੇਡਾਂ ਨੂੰ ਧਮਕੀ ਦਿੱਤੀ ਸੀ। ਮਜਬੂਰਨ ਪੰਜਾਬੀ ਲੀਡਰਾਂ ਨੂੰ ਕਹਿਣਾ ਪਿਆ ਸੀ ਕਿ ਜੇ ਸਾਡੇ ਕਿਸੇ ਬੰਦੇ ਦਾ ਨੁਕਸਾਨ ਹੋਇਆ ਤਾਂ ਅਪਣੀ ਖ਼ਬਰਦਾਰੀ ਆਪੇ ਵਿਚਾਰਿਓ। ਇਨ੍ਹਾਂ ਨੇ ਸਾਰੀ ਗੱਲ ਯੂਨੀਅਨ ਨੂੰ ਵੀ ਦੱਸ ਦਿੱਤੀ ਸੀ। ਤਾਂ ਕਿਤੇ ਜਾ ਕੇ ਠੱਲ੍ਹ ਪਈ ਸੀ।

ਸਿੱਟੇ ਵਜੋਂ ਨਵੇਂ ਪਰਚੇ ਸ਼ੁਰੂ ਹੋਏ ਸੀ। ਵਿਸ਼ਨੂੰ ਦੱਤ ਸ਼ਰਮੇ ਨੇ ਚਰਚਾ, ਤੇ ਕੇ ਸੀ ਮੋਹਨ ਹੋਰਾਂ ਦਰਪਣ ਕੱਢਣਾ ਸ਼ੁਰੂ ਕੀਤਾ ਸੀ। ਅਵਤਾਰ ਸਾਦਿਕ ਹੋਰਾਂ ਲੋਕਤਾ ਫਿਰ ਚਾਲੂ ਕੀਤਾ ਸੀ, ਹਰਪਾਲ ਬਰਾੜ ਹੋਰਾਂ ਦੀ ਸੰਪਾਦਕੀ ਹੇਠ ਲਲਕਾਰ ਪਹਿਲਾਂ ਹੀ ਚੱਲਦਾ ਸੀ। ਇਨ੍ਹਾਂ ਪਰਚਿਆਂ 'ਚ ਖੱਬੇ ਪੱਖੀ ਲਿਖਾਂਰੀ ਛਪਦੇ ਸੀ, ਜੋ ਪਹਿਲਾਂ ਦੇਸ ਪਰਦੇਸ ਤੇ ਪੰਜਾਬ ਟਾਈਮਜ਼ 'ਚ ਵੀ ਛਪਦੇ ਰਹੇ ਸੀ। ਏਧਰ ਖੱਬੀ ਧਿਰ ਬਣ ਗਈ। ਦੂਜੇ ਦੋਵੇਂ ਖਾਲਸਿਤਾਨੀਆਂ ਦੇ ਸੋਹਲੇ ਗਾਉਣ ਲੱਗ ਪਏ ਸੀ। ਹੁਣ ਇਹ ਖਿੱਚੀ ਹੋਈ ਲੀਕ ਦੇ ਦੂਸਰੇ ਪਾਸੇ ਸੀ। ਕਾਮਰੇਡਾਂ ਦੀਆਂ ਲਿਖਤਾਂ ਬਹੁਤ ਪੜ੍ਹੀਆਂ ਜਾਂਦੀਆਂ ਸੀ। ਵਿਸ਼ਨੂੰ ਦੱਤ ਦੀ ਦਲੀਲ ਤੇ ਅਮਰਜੀਤ ਚੰਦਨ ਦਾ ਵਿਅੰਗ-ਬਾਣ ਇਨ੍ਹਾਂ ਦੇ ਗਿੱਟੀਂ ਡੈਹੇ ਵਾਂਗ ਵਜਦਾ ਸੀ। ਇਹਦਾ ਮੋੜਵਾਂ ਜੁਆਬ ਇਹ ਨਾ ਦੇ ਸਕਦੇ। ਚੰਦਨ ਦੀ 'ਪੰਜਾਬ ਦੇ ਕਾਤਲਾਂ ਨੂੰ' ਕਵਿਤਾ ਨੇ ਵੀ ਬੜੀ ਤਰਥੱਲੀ ਮਚਾਈ ਸੀ। ਲੇਖਕਾਂ 'ਚ ਵੀ ਧੜੇ ਵੰਡ ਹੋ ਗਈ ਸੀ – ਕੁਝ ਗਰਮ ਸਿੱਖਾਂ ਨਾਲ ਜਾ ਰਲ਼ੇ ਸੀ, ਕੁਝ ਵਿਚ ਵਿਚਾਲੇ ਤੇ ਕੁਝ ਬਿਲਕੁਲ ਵਿਰੋਧ ਕਰਨ ਵਾਲੇ ਪਾਸੇ ਹੋ ਗਏ ਸੀ। ਲਲਕਾਰ ਨੂੰ ਬੰਦ ਕਰਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ। ਹਰਪਾਲ

ਬਰਾੜ ਦਾ 'ਕੀ ਸਿੱਖ ਕੌਮ ਹਨ' ਬੁੱਕਲੈੱਟ ਵੀ ਬਹੁਤ ਚੁਭਿਆ ਸੀ ਤੇ ਅਜਮੇਰ ਕਵੈਂਟਰੀ ਦੀਆਂ ਲਿਖਤਾਂ ਵੀ। ਹਰੀਸ਼ ਮਲਹੋਤਰਾ ਤੇ ਮੱਖਣ ਜੌਹਲ ਨੇ ਵੀ ਲਗਾਤਾਰ ਲੇਖ ਲਿਖੇ ਸੀ। ਹੋਰਾਂ ਵੀ ਕਈਆਂ ਨੇ ਵਿਤ ਮੁਤਾਬਿਕ ਹਿੱਸਾ ਪਾਇਆ ਸੀ। ਕਈਂ ਤਮਾਸ਼ਬੀਨ ਵੀ ਸੀ। ਇਕ ਪਾਸੇ ਫ਼ਿਰਕੂ ਮਾਹੌਲ ਨੂੰ ਤੂਲ ਦੇਣ ਵਾਲੇ ਸੀ। ਦੂਸਰੇ ਪਾਸੇ ਭਾਈਚਾਰਕ ਸਾਂਝ ਦੀਆਂ ਤੰਦਾਂ ਸਾਂਭੀ ਰੱਖਣ ਵਾਲੇ।

ਵਲੈਤ ਦੀ ਪੁਲਿਸ ਵੀ ਇਨ੍ਹਾਂ ਨੂੰ ਬਹੁਤਾ ਕੁਝ ਨਹੀਂ ਸੀ ਆਖਦੀ। ਕਿਸੇ ਹੱਦ ਤੀਕ ਖੁਲ੍ਹ ਹੀ ਦਿੱਤੀ ਹੋਈ ਸੀ ਜਾਂ ਸ਼ਹਿ ਲੱਗਦੀ ਸੀ ਜਾਂ ਅਪਣੇ ਗਲ਼ ਨਹੀਂ ਸੀ ਪੁਆਉਣਾ ਚਾਹੁੰਦੇ। ਬਿਹਾਰ 'ਚ ਗਰੀਬਾਂ ਦੀਆਂ ਝੁੱਗੀਆਂ ਨੂੰ ਅੱਗ ਲਾ ਦਿੱਤੀ ਸੀ ਤੇ ਸਰਕਾਰ ਕੋਈ ਐਕਸ਼ਨ ਨਹੀ ਸੀ ਕਰ ਰਹੀ। ਸਰਵਹਾਰਿਆਂ ਦੇ ਹੱਕ ਮਜ਼ਦੂਰ ਸਭਾ ਨੇ ਲੰਡਨ ਮੁਜ਼ਾਹਿਰਾ ਕੀਤਾ ਸੀ। ਹਾਈ ਕਮਿਸ਼ਨ ਦੇ ਸਾਹਮਣੇ। ਬੜਾ ਵੱਡਾ 'ਕੱਠ ਹੋਇਆ ਸੀ। ਮੁਫ਼ਤ ਦੀ ਖੱਟੀ ਕਰਨ ਲਈ ਡਾ ਜਗਜੀਤ ਚੌਹਾਨ ਵੀ ਓਥੇ ਮੋਹਰੇ ਹੋ ਕੇ ਜਾ ਬੈਠਾ ਸੀ। ਅਪਣਾ ਧੂਤੂ ਵਜਾਉਣ ਲਈ ਨਾਲ਼ੇ ਘੜੰਮ ਚੌਧਰ ਖਾਤਿਰ। ਓਹ ਤਾਂ ਖਾਲਿਸਤਾਨ ਦੀ ਗੱਲ ਕਰਨਾ ਚਾਹੁੰਦਾ ਸੀ। ਮਜ਼ਦੂਰ ਸਭਾ ਵਾਲੇ ਉਹਨੂੰ ਇਹ ਕਰਨ ਨਹੀਂ ਸੀ ਦਿੰਦੇ। 'ਕੱਠ ਦਾ ਪ੍ਰਬੰਧ ਜੁ ਇਨ੍ਹਾਂ ਨੇ ਕੀਤਾ ਸੀ। ਇਹ ਕਹਿੰਦੇ ਸੀ, ਕਿ ਜੇ ਤੂੰ ਆਵਦੀ ਗੱਲ ਕਰਨੀ ਹੈ ਤਾਂ ਅਪਣੇ ਮੁਜ਼ਾਹਿਰੇ ਦਾ ਪ੍ਰਬੰਧ ਕਰ। ਸਾਡੇ ਦਾ ਫਾਇਦਾ ਨਾ ਲੈ। ਪਰ ਉਹ ਏਸ 'ਕੱਠ ਦਾ ਫ਼ਾਇਦਾ ਲੈਣਾ ਚਾਹੁੰਦਾ ਸੀ। ਜਦੋਂ ਉਹਦੀ ਵਾਹ ਪੇਸ਼ ਨਾ ਚੱਲੀ ਤਾਂ ਉਹਨੇ ਕਿਸੇ ਪੁਲਸ ਸਾਰਜੰਟ ਨੂੰ ਕਹਿ ਕੇ ਕਿਸੇ ਮੋਹਰੀ ਕਾਮਰੇਡ ਨੂੰ ਅਰੈੱਸਟ ਕਰਵਾ ਦਿੱਤਾ ਸੀ। ਪੁਲਸੀਏ ਨੇ ਇਸੇ ਕਾਮਰੇਡ ਨੂੰ ਹਦਾਇਤ ਕੀਤੀ ਸੀ ਕਿ ਇਹ ਮੁੜਕੇ ਉਹਦੇ (ਡਾ ਚੌਹਾਨ) ਲਾਗੇ ਨਾ ਜਾਵੇ।

ਕਾਮਰੇਡਾਂ ਦੇ ਨਾ ਚਾਹੁੰਦਿਆਂ ਵੀ ਅਗਲੀ ਵਾਰੀ ਭੇੜ ਮਿਡਲੈਂਡ ਦੇ ਵੱਡੇ ਸ਼ਹਿਰ ਲੈਸਟਰ ਹੋਣਾ ਸੀ। ਏਥੇ ਭਾਰਤੀਆਂ ਦੀ ਚੋਖੀ ਆਬਾਦੀ ਹੈ ਤੇ ਮਜ਼ਦੂਰ ਸਭਾ ਦੀ ਤਕੜੀ ਬਰਾਂਚ। ਹੈੱਡ ਕੁਆਟਰ ਹੀ ਜਾਣੋ। ਦੇਸ ਦੇ ਮਾਰਕਸੀ ਵਿਚਾਰਧਾਰਾਂ ਦੀਆਂ ਤਾਰਾਂ ਸਿੱਧੀਆਂ ਏਥੇ ਜੁੜੀਆਂ ਹੋਈਆਂ ਸੀ। ਸਿਧਾਂਤਕ ਅਗਵਾਈ ਆਉਂਦੀ, ਹੁਕਮ ਆਉਂਦੇ, ਅਰਜਾਂ ਵੀ ਆਉਂਦੀਆ। ਪੁਰਾਣੇ ਕਾਮਰੇਡਾਂ ਨੇ ਅਪਣਾ ਵਾਹਵਾ ਅੱਡਾ-ਗੱਡਾ ਜਮਾਇਆ ਹੋਇਆ ਹੈ। ਇਨ੍ਹਾਂ ਨੇ ਬੜੇ ਕੰਮ ਕੀਤੇ ਨੇ। ਭਾਈਚਾਰੇ 'ਚ ਇਨ੍ਹਾਂ ਦੀ ਠਾਠ ਬਣੀ ਹੋਈ ਸੀ। ਪਰ ਹੁਣ ਲੋਕ ਖਾਲਿਸਤਾਨੀਆਂ ਤੋਂ ਡਰਦੇ ਸੀ। ਅਗਲਿਆਂ ਨੇ ਤੱਤੀ ਸਿੱਖੀ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਸੋਚਣਾ ਸਮਝਣਾ। ਮਜ਼ਦੂਰਾਂ ਸਭਾਵਾਂ ਦੇ ਬਹੁਤੇ ਮੈਂਬਰ ਸਿੱਖ ਹੁੰਦੇ ਸੀ, ਓਹ ਵੀ ਜੱਟ। ਭਿੰਡਰਾਂਵਾਲ਼ੇ, ਜੂਨ ਚੁਰਾਸੀ ਤੇ ਦਿੱਲੀ ਕਤਲੇਆਮ ਦਾ ਅਸਰ ਸਭ ਤੇ ਹੋਣਾ ਸੀ, ਤੇ ਹੋਇਆ ਵੀ। ਏਹੋ ਜਿਹੇ ਵੇਲੇ ਠੰਢੇ ਦਿਮਾਗ਼ ਨਾਲ਼ ਸੋਚਣ ਦੇ ਨਹੀ ਹੁੰਦੇ, ਤੱਤ-ਭੜੱਥ ਦੇ ਹੁੰਦੇ ਨੇ – ਕੁਝ ਕਰਨ ਮਰਨ ਦੇ; ਅਬੀ ਤੋ ਤਬੀ। ਉਹ ਮਾੜੇ ਦਿਨ ਸੀ, ਪੰਜਾਬ ਦੇ, ਪੰਜਾਬੀਆਂ ਲਈ ਵੀ ਬੁਰੇ ਦਿਨ ਸੀ। ਅੰਬੀ ਹੋਈ ਮਾਨਸਿਕਤਾ ਵਾਲ਼ੇ ਬੰਦੇ ਤਰਕ ਦਲੀਲ ਨਾਲ਼ ਕਿੱਥੇ ਸੋਚਣ ਵਾਲੇ ਰਹਿ ਜਾਂਦੇ ਨੇ। ਭੜਕੇ ਹੋਏ ਬੰਦਿਆਂ ਦੀ ਭੀੜ ਕੁਝ ਵੀ ਕਰ ਸਕਦੀ ਹੁੰਦੀ ਹੈ।

ਓਦੋਂ ਮਾਰਗ੍ਰੇਟ ਥੈਚਰ ਦਾ ਰਾਜ ਸੀ। ਉਹਨੇ ਖਾਣ ਮਜ਼ਦੂਰਾਂ ਦੁਆਲ਼ੇ ਸ਼ਕੰਜਾ ਕੱਸਣ ਦਾ ਪੂਰਾ ਮਨ ਬਣਾਇਆ ਹੋਇਆ ਸੀ। ਸਰਕਾਰ ਇਸ ਯੂਨੀਅਨ ਤੋਂ ਬਹੁਤ ਔਖੀ ਸੀ। ਪਿਛਲਾ ਗੋੜ ਪਾਲ਼ੀ ਬੈਠੀ ਸੀ। ਕਿਸੇ ਨਾ ਕਿਸੇ ਤਰਾਂ ਇਨ੍ਹਾਂ ਦਾ ਥੱਲਾ ਲਾਉਣਾ ਚਾਹੁੰਦੀ ਸੀ – ਬਦਲਾ ਲੈਣਾ ਚਾਹੁੰਦੀ ਸੀ। ਏਦੂੰ ਪਹਿਲੀ ਟੋਰੀ ਸਰਕਾਰ ਇਸੇ ਯੂਨੀਅਨ ਦੇ ਹੰਭਲ਼ੇ ਨਾਲ ਟੁੱਟੀ ਸੀ। ਥੈਚਰ ਨੇ ਜਾਣ-ਬੁੱਝ ਕੇ ਖਾਣ ਮਜ਼ਦੂਰਾਂ ਦੀ ਯੂਨੀਅਨ ਟੱਕਰ ਲਈ ਚੁਣੀ ਸੀ, ਇਹ ਪਿਛਲਾ ਹਿਸਾਬ ਬਰਾਬਰ ਕਰਨਾ ਚਾਹੁੰਦੀ ਸੀ। ਭਾਰਤੀ ਮਜ਼ਦੂਰ ਸਭਾਵਾਂ ਦੀਆਂ ਸਭ ਬਰਾਂਚਾਂ ਇਨ੍ਹਾਂ ਖਾਣ ਮਜ਼ਦੂਰਾਂ ਦੀ ਮਦਦ ਕਰਦੀਆਂ ਸੀ। ਲੈਸਟਰ ਵਾਲੀ ਬਰਾਂਚ ਨੇ ਅਪਣਾ ਫ਼ੰਕਸ਼ਨ ਕੀਤਾ ਸੀ ਵੈਜ਼ਲੇ ਹਾਲ ਚ। ਭਾਈ ਲਾਲੋਆਂ -ਖਾਣ ਮਜ਼ਦੂਰਾਂ- ਦੀ ਹਿਮਾਇਤ 'ਚ। ਸ਼ਹਿਰ 'ਚ ਸਭ ਨੂੰ ਪਤਾ ਸੀ ਤੇ ਬਾਹਰ ਵੀ ਲੋਕਾਂ ਨੂੰ ਪਤਾ ਸੀ। ਸਭ ਮੀਟਿੰਗਾਂ ਖੁੱਲ੍ਹੀਆਂ ਹੀ ਹੁੰਦੀਆਂ ਸੀ। ਇਸ਼ਤਿਹਾਰਬਾਜ਼ੀ ਵੀ ਕੀਤੀ ਹੁੰਦੀ ਸੀ ਕਿ ਜੋ ਮਰਜ਼ੀ ਆਵੇ। ਇਹ ਮੀਟਿੰਗ ਤਾਂ ਹੈ ਹੀ ਖਾਣ ਮਜ਼ਦੂਰ ਦੀ ਹਮਾਇਤ ਕਰਨ ਲਈ ਸੀ। ਖਾਣ ਮਜ਼ਦੂਰਾਂ ਨੂੰ ਤਾਂ ਆਉਣ ਦਾ ਸੱਦਾ ਹੋਣਾ ਹੀ ਸੀ; ਲਾਗਲੇ ਸ਼ਹਿਰਾਂ ਤੋਂ ਸਭਾ ਦੇ ਹਮੈਤੀ ਵੀ ਆਏ ਸੀ। ਸ਼ਹਿਰ ਵਾਲਿਆਂ 'ਚੋਂ ਸਾਰੇ ਨਹੀਂ ਸੀ ਆ ਸਕਣੇ। ਕੁਛ ਖਾਲਿਸਤਾਨੀਆਂ ਤੋਂ ਡਰ ਗਏ ਸੀ ਤੇ ਕਈ ਖਿੱਚੀ ਹੋਈ ਲੀਕ ਦੇ ਐਨ ਦੂਸਰੇ ਪਾਸੇ ਹੋ ਗਏ ਸੀ। ਮਜ਼ਦੂਰ ਸਭਾਵਾਂ ਦਾ ਖਾਸਾ ਹਮੇਸ਼ਾਂ ਲੋਕ ਪੱਖੀ ਰਿਹਾ ਹੈ। ਬਿਨਾਂ ਕਿਸੇ ਧਰਮ, ਨਸਲ, ਜਾਤ ਦੇ ਲੱਗ ਲਗਾਅ ਤੋਂ। ਕੁਝ ਖਾਲਿਸਤਾਨੀਆਂ ਨੇ ਤਾਂ ਲੈਸਟਰ ਦੀ ਮਿਲਟਨ ਰੋਡ ਤੇ ਬੇਕਸੂਰ ਗੁਜਰਾਤੀ ਹਿੰਦੂਆਂ ਦੀਆਂ ਦੁਕਾਨਾਂ ਤੇ ਵੀ ਬਿਨਾਂ ਵਜ੍ਹਾ ਹਮਲੇ ਕੀਤੇ ਸੀ। ਅਖੇ ਇਹ ਵੀ ਹਿੰਦੂ ਆ, ਤੇ ਇੰਦਰਾ ਗਾਂਧੀ ਵੀ ਹਿੰਦੂਆਂ ਦੀ ਧੀ ਸੀ। ਵਲੈਤ 'ਚ ਇਹ ਪਾੜਾ ਖ਼ਤਰਨਾਕ ਹੋਣਾ ਸੀ।

ਮੀਟਿੰਗ ਹੋਣ ਤੋਂ ਪਹਿਲਾਂ ਹੀ ਖ਼ਾਲਿਸਤਾਨੀ ਵੈਨ ਭਰ ਕੇ ਸੜਕ ਦੇ ਦੂਜੇ ਪਾਸੇ ਆ ਖੜੋਏ ਸੀ। ਬਾਅਦ 'ਚ ਪਤਾ ਲੱਗਾ ਕਿ ਵੈਨ 'ਚ ਹਥਿਆਰ ਵੀ ਰੱਖੇ ਹੋਏ ਸੀ। ਪੁਲਸ ਤਮਾਸ਼ਾ ਦੇਖਣ ਨੂੰ ਹੀ ਓਥੇ ਸੀ। ਪੁਲਸ ਦੀ ਤਰਕ ਸੀ ਕਿ ਇਹ ਤਪੇ ਹੋਏ ਨੇ; ਤੁਸੀਂ ਇਨ੍ਹਾਂ ਨੂੰ ਕੁਝ ਨਾ ਕਹੋ। ਆਮ ਵਾਂਗ ਗੁਰਦੁਆਰੇ 'ਚ ਵੀ ਦੋ ਧਿਰਾਂ ਸੀ। ਖ਼ਾਲਿਸਤਾਨੀ ਗੁਰਦੁਆਰਿਆਂ 'ਤੇ ਵੀ ਕਬਜ਼ਾ ਕਰਨਾ ਚਾਹੁੰਦੇ ਸੀ; ਦੂਜੀ ਧਿਰ ਉਨ੍ਹਾਂ ਨੂੰ ਕਾਮਰੇਡਾਂ ਨਾਲ਼ ਉਲਝਾ ਕੇ ਆਪ ਕਬਜ਼ਾ ਕਰੀ ਰੱਖਣਾ ਚਾਹੁੰਦੀ ਸੀ। ਪਰ ਦੋਵੇਂ ਧਿਰਾਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਲੀਫਲੈੱਟ ਤੋਂ ਦੁਖੀ ਹੋਈਆਂ ਸੀ। ਜਿਸ ਵਿਚ ਉਹਨੇ ਕਿਹਾ ਸੀ ਕਿ ਇਹ ਸਭ ਕੁਝ ਟਾਲ਼ਿਆ ਜਾ ਸਕਦਾ ਸੀ। ਸੁਰਜੀਤ, ਕਾਂਗਰਸ ਤੇ ਅਕਾਲੀਆਂ ਤੇ ਭਿੰਡਰਾਂਵਾਲ਼ੇ ਨੂੰ ਇਸ ਤਬਾਹੀ ਦਾ ਜ਼ਿੰਮੇਵਾਰ ਮਿਥਦਾ ਸੀ। ਉਹ ਏਨੀ ਕੁ ਗੱਲ ਤੋਂ ਮਚ ਉੱਠੇ ਸੀ। ਇਨ੍ਹਾਂ ਨੇ ਉਹ ਲੀਫ਼ਲੈਟ 'ਕੱਠ ਕਰਕੇ ਸਾੜਿਆ ਸੀ। ਮੀਟਿੰਗ ਤੋਂ ਪਹਿਲਾਂ ਹੀ ਇਨ੍ਹਾਂ ਨੇ ਇੱਟਾਂ ਚਲਾਈਆਂ ਸੀ। ਫਿਰ ਸੜਕ 'ਚ ਲੜਾਈ ਹੋਈ ਸੀ। ਕੁਝ ਕਾਮਰੇਡਾਂ ਦੇ ਸੱਟਾਂ ਵੱਜੀਆਂ ਸੀ; ਮੀਟਿੰਗ ਇਹਦੇ ਬਾਵਜੂਦ ਵੀ ਹੋਈ; ਬਹੁਤ ਲੋਕ 'ਕੱਠੇ ਹੋ ਗਏ ਸੀ ਚਾਰ-ਪੰਜ ਸੌ ਬੰਦਾ ਹਾਜ਼ਰ ਹੋ ਗਿਆ ਸੀ। ਚਾਲੀ-ਪੰਜਾਹ ਖਾਣ ਮਜ਼ਦੂਰ ਆਏ ਸੀ; ਹਾਜ਼ਰ ਲੋਕਾਂ ਨੇ ਦਿਲ ਖੋਲ੍ਹ ਕੇ ਪੈਸਿਆਂ ਨਾਲ ਕੋਲਾ ਮਜ਼ਦੂਰ ਯੂਨੀਅਨ ਦੀ ਮਦਦ ਕੀਤੀ ਸੀ।

ਇਸ ਝੜਪ ਤੋਂ ਬਾਅਦ ਖ਼ਾਲਿਸਤਾਨੀ ਟੈਲੀਫੂਨ ਤੇ ਗਾਲ਼ੀ-ਗਲੋਚ 'ਤੇ ਉਤਰ ਆਏ ਸੀ। ਟੈਲੀਫੂਨ ਕਰਦੇ ਸਮੇਂ ਅਪਣਾ ਨਾਂ ਨਹੀਂ ਸੀ ਦਸਦੇ, ਨੰਬਰ ਲੁਕੋ ਲੈਂਦੇ ਸੀ; ਔਰਤਾਂ ਨੂੰ ਦਬਕਦੇ ਸੀ। ਪ੍ਰੇਸ਼ਾਨ ਕਰਨ ਲਈ, ਲੈਸਟਰ 'ਚ ਇਕ ਦੋ ਕਾਮਰੇਡਾਂ ਦੇ ਘਰੀਂ ਪਸ਼ੂਆਂ ਦੇ ਖ਼ੂਨ ਦੀਆਂ ਬੋਤਲਾਂ ਸੁੱਟ ਗਏ ਸੀ। ਉਹ ਕਿਸੇ ਨਾ ਕਿਸੇ ਤਰ੍ਹਾਂ ਡਰਾ ਕੇ ਦਾਬਾ ਪਾਉਣਾ ਚਾਹੁੰਦੇ ਸੀ। ਲੀਡਰਾਂ ਦੇ ਮਾਲਕਾਂ ਨੂੰ ਝੂਠੀਆਂ ਸ਼ਿਕਾਇਤਾਂ ਵੀ ਕੀਤੀਆਂ ਸੀ। ਝੂਠ ਦੇ ਪੈਰ ਨਹੀਂ ਹੁੰਦੇ। ਨਾ ਕੁਝ ਹੋਣਾ ਸੀ ਨਾ ਹੋਇਆ। ਪਰ ਉਹ ਖ਼ਤਰਨਾਕ ਵੇਲੇ ਸੀ: ਸਿਆਣਪ ਤੇ ਸੁਰੱਖਿਆ ਦੀ ਲੋੜ ਸੀ। ਕਾਮਰੇਡ ਆਪ ਵੀ ਇਹਤਿਆਤ ਵਰਤਣ ਲੱਗ ਪਏ ਸੀ।

ਠੱਲ੍ਹ ਪੈਣ ਵਾਲ਼ੀ ਝੜਪ ਬਰਮਿੰਘਮ ਹੋਈ ਸੀ। ਮਿਡਲੈਂਡ ਦੇ ਇਲਾਕੇ 'ਚ ਇਹ ਸੱਭ ਤੋਂ ਵੱਡਾ ਸ਼ਹਿਰ ਹੈ। ਸਭਾ ਦਾ ਏਥੇ ਵੀ ਬੜੀ ਦੇਰ ਤੋਂ ਤਕੜਾ ਕੰਮ ਰਿਹਾ ਹੈ। ਏਸੇ ਕਰਕੇ ਦੱਬ-ਦਬਾਅ ਵੀ। ਮਾਰਕਸੀ ਕਾਮਰੇਡਾਂ ਨੇ ਨਿਰਖੇ-ਪਰਖੇ ਕਾਮਰੇਡ ਚੰਨਣ ਸਿੰਘ ਧੂਤ ਦੇ ਮਾਣ 'ਚ ਸ਼ਰਧਾਂਜਲੀ ਮੀਟਿੰਗ

ਰੱਖੀ ਸੀ। ਫੁੱਲਾਂ ਵਾਲੀ ਪਾਰਕ ਦੇ ਨੇੜੇ, ਸਮਰਫੀਲਡ ਸਕੂਲ ਦਾ ਹਾਲ। ਸਾਰੇ ਕਾਮਰੇਡ ਬਹੁਤੀਆਂ ਮੀਟਿੰਗਾਂ ਏਥੇ ਹੀ ਰੱਖਦੇ ਸੀ। ਨਕਸਲੀ ਕਾਮਰੇਡਾਂ ਨੂੰ ਸੂਹ ਸੀ ਕਿ ਹੁਣ ਝਗੜਾ ਹੋਣਾ ਹੀ ਹੋਣਾ ਹੈ। ਉਹ ਅਪਣਿਆਂ ਦੀ ਰੱਖਿਆ ਲਈ ਬਹੁੜੇ। ਜਦ ਅਗਲੇ ਸਾਡੇ 'ਚ ਫ਼ਰਕ ਨਹੀਂ ਕਰਦੇ, ਅਸੀਂ ਵੀ ਕਿਉਂ ਕਰੀ ਜਾਈਏ – ਇਹ ਗੱਲ ਇਨ੍ਹਾਂ ਦੀ ਸਮਝ ਪੈ ਗਈ। ਉਹ ਆਪਸ 'ਚ ਨੇੜੇ ਹੋਣਾ ਸ਼ੁਰੂ ਹੋ ਗਏ ਸੀ। ਪੂਰਾ ਜਥਾ ਤਿਆਰੀ ਨਾਲ਼ ਉਥੇ ਪਹੁੰਚਾ; ਸਵੈ ਰੱਖਿਆ ਦੀ ਤਿਆਰੀ ਨਾਲ। ਬਾਕੀ ਵੀ ਤਿਆਰ ਹੀ ਸੀ। ਜਦ ਉਹਨੇ ਦੇਖ ਲਿਆ ਕਿ ਖ਼ਾਲਿਸਤਾਨੀ ਮੀਟਿੰਗ 'ਚ ਆਉਣ ਲੱਗ ਪਏ ਨੇ। ਇਨ੍ਹਾਂ ਨੇ ਫੁਰਤੀ ਨਾਲ਼ ਸਾਮਾਨ ਲਾਗੇ ਕਰ ਲਿਆ। ਕੁਝ ਖ਼ਾਲਿਸਤਾਨੀ ਮੋਹਰੇ ਹੋ ਕੇ ਬਹਿ ਗਏ, ਕੁਝ ਵਿਚਾਲ਼ੇ। ਕਾਮਰੇਡ ਪ੍ਰੇਮ ਸਿੰਘ ਪ੍ਰੇਮ ਸਟੇਜ ਤੇ ਬੋਲਦੇ ਸੀ। ਆਏ ਖਰੂਦੀ ਵਿਚੋਂ ਉਠ ਕੇ ਬੋਲਣ ਲੱਗ ਪਏ। ਖ਼ਾਲਿਸਤਾਨੀਆਂ ਨੇ ਮੀਟਿੰਗ 'ਚ ਨਾਹਰੇ ਲਾਏ ਸੀ – ਧੂਤ ਬਣਾਇਆ ਭੂਤ; ਨਾਲ਼ੇ ਕੁਰਸੀਆਂ ਵਗਾਹ ਕੇ ਮਾਰੀਆਂ ਸੀ। ਫਿਰ ਕਹਿੰਦੇ: ਦਹਿਸ਼ਤਗਰਦ ਕੀ ਹੁੰਦਾ। ਐਹ ਕੀ ਹੁੰਦਾ, ਔਹ ਕੀ ਹੁੰਦਾ। ਫਿਰ ਸਕੀਮ ਮੁਤਾਬਕ ਮਾਈਕ ਖੋਹਣ ਲੱਗ ਪਏ। ਉਹ ਮੀਟਿੰਗ ਬੰਦ ਕਰਾਉਣ ਆਏ ਸੀ ਤੇ ਕਾਮਰੇਡਾਂ ਨੇ ਕਿਸੇ ਵੀ ਹਾਲਤ 'ਚ ਮੀਟਿੰਗ ਬੰਦ ਨਾ ਕਰਨ ਦਾ ਫ਼ੈਸਲਾ ਕੀਤਾ ਹੋਇਆ ਸੀ। ਜਦੋਂ ਉਹ ਨਾ ਹੀ ਹਟੇ ਤਾਂ ਲੀਡਰਾਂ ਨੇ ਸਟੇਜ ਤੋਂ ਕਿਹਾ: ਸਾਥੀਓ, ਇਹ ਜੋ ਖੱਪ ਪੈ ਰਹੀ ਹੈ, ਇਹਨੂੰ ਬੰਦ ਕੀਤਾ ਜਾਵੇ ਤਾਂ ਕਿ ਅਸੀਂ ਮੀਟਿੰਗ ਸਹੀ ਤਰੀਕੇ ਨਾਲ਼ ਕਰੀਏ। ਮਗਰ ਬੈਠਿਆਂ ਨੇ, ਪਿੱਛਿਓਂ ਸਵੈ ਰੱਖਿਆ ਸ਼ੁਰੂ ਕਰ ਦਿੱਤੀ। ਮੋਹਰਲਿਆਂ ਨੇ ਸਟੇਜ ਕੋਲ਼ ਰੌਲ਼ਾ ਪਾਉਣ ਵਾਲ਼ੇ ਧਰ ਲਏ। ਸਾਰਾ ਸਾਮਾਨ ਅਪਣੇ ਬੰਦਿਆਂ 'ਚ ਫੁਰਤੀ ਨਾਲ਼ ਵਰਤਾਅ ਦਿੱਤਾ ਸੀ। ਚੋਰ ਤੇ ਲਾਠੀ ਦੋ ਜਣੇ, ਮੈਂ ਤੇ ਬਾਪੂ 'ਕੱਲੇ, ਵਾਲ਼ੀ ਗੱਲ ਹੋ ਗਈ। ਆਏ ਤਾਂ ਉਹ ਵੀ ਤਿਆਰ ਹੋ ਕੇ ਹੀ ਸੀ। ਫਿਰ ਕੀ ਹੋਣਾ ਸੀ! ਇਨ੍ਹਾਂ ਆ ਦੇਖਿਆ, ਨਾ ਤਾਅ। ਪੈਣ ਦੇਹ, ਜਿੱਧਰ ਪੈਂਦੀ ਆ। ਠਾਹ, ਠਾਹ। ਅਗਲਿਆਂ ਨੂੰ ਭੱਜਦਿਆਂ ਰਾਹ ਨਾ ਲੱਭੇ, ਲੁਕਣ ਨੂੰ ਥਾਂ। ਕੁਝ ਕੁ ਨੇ ਰੱਜ ਕੇ ਕੁੱਟ ਖਾਧੀ। ਕੁਝ ਔਰਤਾਂ ਵਾਲ਼ੀਆਂ ਟੌਲਿਟਾਂ ਚ ਵੀ ਜਾ ਲੁਕੇ। ਕੁਝ ਮਰਦਾਂ ਵਾਲ਼ੀਆਂ ਟੌਲਿਟਾਂ 'ਚ ਲੁਕੇ; ਫਿਰ ਬਾਰੀਆਂ ਥਾਣੀਂ ਨਿੱਕਲ਼ ਕੇ ਭੱਜ ਗਏ। ਹੁਣ ਤਾਈਂ ਉਹ ਕਾਮਰੇਡਾਂ ਨੂੰ ਗੱਲੀਂਬਾਤੀਂ ਕੜਾਹ ਕਰਨ ਵਾਲ਼ੇ ਹੀ ਸਮਝਦੇ ਰਹੇ ਸੀ। ਐਤਕੀਂ ਸਾਮਾਨ ਪੂਰਾ ਪਾਇਆ ਤਾਂ ਪਤਾ ਲੱਗਾ, ਸੁਆਦ ਕੀ ਹੈ। ਏਥੋਂ ਭੱਜ ਕੇ ਉਨ੍ਹਾਂ ਨੇ ਪੁਲਿਸ ਕੋਲ਼ ਝੂਠੀ ਮੁਖ਼ਬਰੀ ਕਰ ਦਿੱਤੀ ਕਿ ਕਾਮਰੇਡਾਂ ਕੋਲ਼ ਹਥਿਆਰ (ਫਾਇਰਆਰਮਜ਼) ਨੇ। ਜਦੋਂ ਤਾਈਂ ਪੁਲਸ ਆਈ, ਮੀਟਿੰਗ ਤਾਂ ਫਿਰ ਨਾਰਮਲ ਚਲ ਰਹੀ ਸੀ। ਕੁਰਸੀਆਂ ਮੁੜ ਠੀਕ ਥਾਂ ਸਿਰ ਰੱਖ ਲਈਆਂ ਸੀ। ਬੁਲਾਰੇ ਅਨੁਸ਼ਾਸਨ ਚ ਬੋਲ ਰਹੇ ਸੀ। ਲੋਕ ਬੈਠੇ ਸੁਣ ਰਹੇ ਸੀ। ਖ਼ਾਲਿਸਤਾਨੀ ਆਪ ਵੀਹ ਬਾਈ ਪੱਗਾਂ ਉਥੇ ਹੀ ਛੱਡ ਕੇ ਭੱਜ ਗਏ ਸੀ। ਇਹ ਬਾਅਦ ਚ ਪੁਲਸ ਦੇ ਹਵਾਲੇ ਕਰ ਦਿੱਤੀਆਂ ਸੀ। ਜ਼ੋਰ ਪਾਉਣ ਤੇ ਕੁਝ ਬੰਦੇ ਪੁਲਸ ਨੇ ਫੜ ਲਏ ਸੀ। ਪਰ ਬਿਨਾਂ ਕਿਸੇ ਚਾਰਜ ਦੇ ਛੱਡ ਦਿੱਤੇ ਸੀ। ਦੇਸ ਪ੍ਰਦੇਸ ਵਾਲ਼ੇ ਨੇ ਵੀ ਸੁਆਦ ਲੈ ਲੈ ਕੇ ਖ਼ਬਰਾਂ ਲਾਈਆਂ ਸੀ। ਹੋਰ ਪਰਚਿਆਂ ਨੇ ਵੀ। ਕੁਝ ਕੁ ਨੇ ਤਰੋੜ-ਮਰੋੜ ਕੇ। ਆਲ਼ੇ-ਦੁਆਲ਼ੇ ਲੋਕਾਂ 'ਚ ਗੱਲਾਂ ਤੁਰੀਆਂ। ਭਾਈਚਾਰੇ ਦੀਆਂ ਹੱਟੀਆਂ 'ਤੇ ਗੱਲਾਂ ਹੋਈਆਂ। ਕਾਮਰੇਡਾਂ ਦਾ ਹੱਥ ਉੱਤੇ ਹੋ ਗਿਆ। ਇਸ ਲੜਾਈ ਦੀ ਚਰਚਾ ਦੂਰ ਦੂਰ ਤਾਈਂ ਹੋਈ; ਕਨੇਡੇ ਵੀ ਅਮਰੀਕਾ ਵੀ ਤੇ ਹੋਰ ਥਾਈਂ ਵੀ। ਪਾਸ਼ ਓਨ੍ਹੀਂ ਦਿਨੀਂ ਵਲੈਤ 'ਚ ਹੀ ਸੀ; ਉਹ ਵੀ ਚਟਕਾਰੇ ਲੈ ਲੈ ਦੱਸਿਆ ਕਰੇ ਕਿ ਬ੍ਰਮਿੰਘਮ ਦੁਕਾਨਾਂ ਵਾਲ਼ੇ ਵੀ ਗੱਲਾਂ ਕਰਦੇ ਆ: ਓ ਜੀ ਪੁੱਛੋ ਕੁਛ ਨਾ, ਬੜੀ ਕੁੱਟ ਪਈ ਉਨ੍ਹਾਂ ਨੂੰ, ਓਥੇ ਤਾਂ ਖੁਆੜੇ ਚੱਲ ਗਏ ਖੁਆੜੇ। ਹੁਣ ਕੰਮ ਰੁਕ ਆਊਗਾ।

ਨਿਮੋਸ਼ ਹੋਏ ਖ਼ਾਲਿਸਤਾਨੀਆਂ ਨੇ ਮੀਟਿੰਗ ਕਰਕੇ ਬਰਮਿੰਘਮ ਦੇ ਦੋ ਮੋਹਰੀ ਕਾਮਰੇਡਾਂ ਦੇ ਨਾਂ ਲੈ ਕੇ ਤਾਕ 'ਚ ਰੱਖਣ ਦੀ ਗੱਲ ਕਰ ਦਿੱਤੀ। ਇਨ੍ਹਾਂ ਨੂੰ ਵੀ ਪਤਾ ਲੱਗਣਾ ਹੀ ਸੀ, ਲੱਗ ਗਿਆ। ਇਨ੍ਹਾਂ ਮੋੜਵਾਂ ਜੁਆਬ ਘੱਲ ਦਿੱਤਾ: ਜੇ ਇਨ੍ਹਾਂ ਦੋ ਕਾਮਰੇਡਾਂ ਦਾ ਜਾਂ ਕਿਸੇ ਹੋਰ ਸਾਥੀ ਦਾ ਨੁਕਸਾਨ ਹੋਇਆ, ਤਾਂ ਓਨਾਂ ਚਿਰ ਅਸੀਂ ਲਾਸ਼ਾਂ ਨਹੀਂ ਸਾਂਭਣੀਆਂ, ਜਿੰਨਾ ਚਿਰ ਫਲਾਣੇ ਫਲਾਣੇ ਬੰਦਿਆਂ ਦੇ ਕੱਫਨ ਨਾ ਉੱਠੇ। ਇਨ੍ਹਾਂ ਨੇ, ਉਨ੍ਹਾਂ ਦੇ ਦੋ ਤਿੰਨ ਮੋਹਰੀਆਂ ਦੇ ਨਾਂ ਲੈ ਦਿੱਤੇ। ਗੱਲ ਅਗਲਿਆਂ ਨੂੰ ਪਹੁੰਚ ਗਈ, ਬਈ ਮੋਹਰਲਿਆਂ ਨੇ ਵੰਗਾਂ ਨਹੀਂ ਪਹਿਨੀਆਂ ਹੋਈਆਂ। ਹੁਣ ਜੇ ਭੇੜ ਹੋਇਆਂ ਤਾਂ ਮੁਕਾਬਲਾ ਬੜਾ ਭੈੜਾ ਹੋਊਗਾ। ਦੋਹਵਾਂ ਧਿਰਾਂ ਨੂੰ ਸਮਝ ਆ ਗਈ ਲੱਗਦੀ ਸੀ।


ਪੁਰਾਣੀ ਕਹਾਵਤ ਹੈ ਇਕ ਇਕ ਤੇ ਦੋ ਗਿਆਰਾਂ। ਕਾਮਰੇਡਾਂ ਨੂੰ ਵੀ ਸਮਝ ਆ ਗਈ ਸੀ। ਜਦ ਮਾਰਨ ਵਾਲ਼ੇ ਕੋਈ ਫ਼ਰਕ ਨਹੀਂ ਸੀ ਕਰਦੇ, ਅਸੀਂ ਕਿਉਂ ਕੱਲੇ-ਕੱਲੇ ਮਾਰ ਖਾਈਏ। ਸ਼ਾਇਦ ਉਨ੍ਹਾਂ ਨੂੰ ਫ਼ਰਕ ਦਾ ਪਤਾ ਹੀ ਨਹੀ ਸੀ। ਪਰ ਚੌਕਸੀ ਪੂਰੀ ਕਾਇਮ ਰਹੀ। ਮਜ਼ਦੂਰ ਸਭਾਵਾਂ ਨੇ ਰਲ਼ ਕੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸੀ। ਨੇੜ ਵੱਧਦਾ ਵੱਧਦਾ ਵੱਧ ਗਿਆ; ਏਕਾ ਹੋ ਗਿਆ। ਮੀਟਿੰਗਾਂ ਚ ਗਿਣਤੀ ਵਧਣ ਲੱਗ ਪਈ ਸੀ। ਜੋੜ ਮੇਲੇ ਵਧਣ ਲੱਗ ਪਏ ਸੀ।

ਉਸ ਤੋਂ ਦੋ ਹਫ਼ਤੇ ਬਾਅਦ ਹੋਰ ਮੀਟਿੰਗ ਸੀ – ਉਸੇ ਥਾਂ; ਕਾਮਰੇਡਾਂ ਦੀ ਆਪਸੀ ਸਾਂਝ ਦਾ ਜਸ਼ਨ ਵੀ। ਪਹਿਲਾਂ ਡਰਾਵੇ ਦਿੱਤੇ ਗਏ ਕਿ ਅਸੀਂ ਐਹ ਕਰਾਂਗੇ, ਔਹ ਕਰਾਂਗੇ, ਮੀਟਿੰਗ ਕਰਕੇ ਦਿਖਾਲੋ ਤਾਂ ਸਹੀ। ਇਹ ਫੰਕਸ਼ਨ ਹੋਇਆ; ਲੋਕ ਬਹੁਤ ਹੀ ਜ਼ਿਆਦਾ ਗਿਣਤੀ ਚ ਆਏ। ਪੁਲਿਸ ਵੀ ਭਾਰੀ ਗਿਣਤੀ 'ਚ ਆਈ ਸੀ। ਹਾਲ ਪੂਰੀ ਤਰ੍ਹਾਂ ਤੂੜਿਆ ਹੋਇਆ ਸੀ। ਏਦੂੰ ਬਾਅਦ ਮਨ ਮੁਟਾਵ ਤਾਂ ਰਹੇ, ਸਹਿਮਤੀਆਂ ਅਸਹਿਮਤੀਆਂ ਵੀ; ਪਰ ਟਕਰਾਅ ਹੋਣੋ ਬਚਿਆ ਰਿਹਾ। ਇਹ ਵੀ ਵੱਡੇ ਭਾਈਚਾਰੇ ਦੇ ਸਾਂਝੇ ਭਲੇ ਦੀ ਗੱਲ ਸੀ। ਸਭ ਜਾਣਦੇ ਨੇ ਕਿ ਵਲੈਤਾਂ 'ਚ ਵਸਦਿਆਂ ਕਿਸੇ ਨੇ ਮੁੜ ਕੇ ਨਹੀਂ ਜਾਣਾ। ਕਈ ਤਾਂ ਸੌ ਸੌ ਪਾਪੜ ਵੇਲ ਕੇ ਪੁੱਠੇ-ਸਿੱਧੇ ਢੰਗਾਂ ਰਾਹੀਂ ਮਸੀਂ ਏਥੇ ਪਹੁੰਚਦੇ ਨੇ। ਪਰ ਦੇਸ ਦੇ ਮਸਲਿਆਂ ਦਾ ਹੱਲ ਵਲੈਤਾਂ ਚ ਭਾਲਦੇ ਨੇ। ਆਪਸ 'ਚ ਲੜਦੇ ਭਿੜਦੇ ਨੇ। ਭਲਾ ਕਾਹਦੇ ਲਈ?

ਇਸ ਦੁਖਾਂਤ ਦੀ ਜੜ੍ਹ ਅਜੋਕੇ ਧਰਮ ਤੇ ਰਾਜਨੀਤੀ ਨੂੰ ਰਲਗੱਡ ਹੋਣ ਨਾਲ ਸ਼ੁਰੂ ਹੁੰਦੀ ਹੈ ਤੇ ਸੌੜੀ ਸੁਆਰਥੀ ਸਿਆਸਤ ਨਾਲ ਪਲਮ੍ਹਦੀ ਹੈ। ਇਹਦੇ ਨਾਲ ਹੋਰ ਕਈ ਮਸਲੇ ਵੀ ਖੜੇ ਹੋਏ ਸੀ; ਇਹਨਾਂ ਮਸਲਿਆਂ ਦਾ ਹੱਲ ਸੋਚੇ ਬਿਨਾਂ ਪੰਜਾਬੀਆਂ ਦਾ ਗੁਜ਼ਾਰਾ ਨਹੀਂ। ਪਰ ਇਹ ਕੰਮ ਤਾਂ ਪੰਜਾਬ ਬੈਠਿਆਂ ਦਾ ਸੀ। ਇਨ੍ਹਾਂ ਲਈ ਮਾਨਿਸ ਕੀ ਜਾਤਿ ਸਬੈ ਏਕੋ ਪਹਿਚਾਨਬੋ ਤੇ ਏਕਸ ਕੇ ਹਮ ਬਾਰਕ ਦਾ ਉੱਚ ਦੁਮਾਲੜਾ ਸਿਧਾਤ ਭੁੱਲ ਰੁਲ਼ ਗਿਆ। ਜਿਨ੍ਹਾਂ ਚ ਗੁਰਮਤਿ ਦੀਆਂ ਸਿੱਖਿਆਵਾਂ ਆਪ ਹੀ ਬਥੇਰੀਆਂ ਭੰਗ ਕਰਨ ਵਾਲੇ ਹੋਣ, ਉਨ੍ਹਾਂ ਤੋਂ ਹੋਰ ਕੀ ਆਸ ਹੋਵੇ। ਸਾਡੇ ਬਾਬੇ ਨਾਨਕ ਨੇ ਤਾਂ ਆਪ ਚਾਰ ਉਦਾਸੀਆਂ ਕੀਤੀਆਂ ਤੇ ਸਾਰੀ ਉਮਰ ਗੋਸ਼ਟ ਨੂੰ ਉੱਤਮ ਮੰਨਿਆ; ਸੰਵਾਦ ਰਚਾਇਆ। ਇਨ੍ਹਾਂ ਨੇ 'ਡਾਗਾਂ' ਚੱਕ ਲਈਆਂ। ਪੰਜਾਬ ਦੇ ਵਖ਼ਤ ਨੂੰ ਲੈ ਕੇ ਵਲੈਤ ਚ ਖੜਦੁੰਬ ਮਚਾਉਣ ਨਾਲ ਨਸਲਵਾਦ ਤੇ ਹੋਰ ਮਸਲਿਆਂ ਤੇ ਕੰਮ ਮੱਠਾ ਪੈ ਗਿਆ। ਭਲਾ ਇਹਦੀ ਖੱਟੀ ਕਿਹਨੂੰ ਹੋਈ, ਭਾਈ ਲਾਲੋ ਦੇ ਵਾਰਿਸਾਂ ਨੂੰ ਕਿ ਮਲਿਕ ਭਾਗੋਆਂ ਨੂੰ। ●

ਰਿਵੀਊ

# ਵਿਗਿਆਨਕ ਅਤੇ ਤਰਕਸ਼ੀਲ ਚਿੰਤਨ ਦਾ ਸੰਗ੍ਰਹਿ - ਨਾਸਤਿਕ ਬਾਣੀ




**ਰਾਜਪਾਲ ਸਿੰਘ**

ਇਸ ਪੁਸਤਕ ਵਿਚ 500 ਦੇ ਲੱਗਭੱਗ ਵਿਦਵਾਨਾਂ, ਚਿੰਤਕਾਂ, ਵਿਗਿਆਨੀਆਂ, ਸਿਆਸਤਦਾਨਾਂ ਅਤੇ ਹੋਰ ਮਹਾਨ ਵਿਅਕਤੀਆਂ ਦੇ ਰੱਬ, ਧਰਮ ਅਤੇ ਹੋਰ ਸੰਬੰਧਤ ਮਸਲਿਆਂ ਬਾਰੇ ਵਿਚਾਰ ਇਕੱਤਰ ਕੀਤੇ ਗਏ ਹਨ। ਇਹ ਵਿਚਾਰ ਇਤਿਹਾਸਕ ਕਾਲਕ੍ਰਮ ਵਿਚ ਦਿੱਤੇ ਗਏ ਹਨ, ਯਾਨੀ ਢਾਈ ਹਜ਼ਾਰ ਸਾਲ ਪਹਿਲਾਂ ਹੋਏ ਚਾਰਵਾਕ, ਮਹਾਤਮਾ ਬੁੱਧ ਅਤੇ ਯੂਨਾਨੀ ਦਾਰਸ਼ਨਿਕਾਂ ਤੋਂ ਸ਼ੁਰੂ ਕਰਕੇ ਹੁਣ ਤੱਕ ਦੇ ਚਿੰਤਕਾਂ ਦੇ ਵਿਚਾਰ ਹਨ ... ।

"ਧਰਮ ਟਟਹਿਣਿਆਂ ਵਾਂਗ ਹਨ। ਉਨ੍ਹਾਂ ਨੂੰ ਚਮਕਣ ਲਈ ਹਨੇਰੇ ਦੀ ਲੋੜ ਹੈ।" - ਆਰਥਰ ਸ਼ੌਪਨਹਾਊਰ
"ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸ ਦੇ ਇਕ ਸਾਵੀ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵਧ ਜਾਂਦੇ ਹਨ।" - ਸਿਗਮੰਡ ਫਰਾਇਡ।

"ਦੁਨੀਆਂ ਵਿਚ ਦੋ ਤਰ੍ਹਾਂ ਦੇ ਲੋਕ ਹਨ : ਧਰਮ ਬਿਨਾਂ ਸੂਝਵਾਨ ਲੋਕ, ਅਤੇ ਸੂਝ ਬਿਨਾਂ ਧਾਰਮਿਕ ਲੋਕ।" ਅਬੁਲ-ਅੱਲਾ-ਅਲ-ਮਾਇਰੀ।

ਕਿਤਾਬ ਖੋਲ੍ਹਣ ਤੋਂ ਪਹਿਲਾਂ ਹੀ ਕਿਤਾਬ ਦੇ ਟਾਈਟਲ ਉੱਤੇ ਛਪੇ ਇਹ ਸ਼ਬਦ ਤੁਹਾਡੇ ਦਿਮਾਗ ਦੇ ਦਰਵਾਜ਼ੇ ਖੋਲ੍ਹ ਦਿੰਦੇ ਹਨ। ਜਿਉਂ-ਜਿਉਂ ਕਿਤਾਬ ਵਿੱਚੋਂ ਅੱਗੇ ਕੋਈ ਪੰਨਾ ਖੁੱਲ੍ਹਦਾ ਹੈ ਤਾਂ ਹਰ ਜਗ੍ਹਾ ਤੋਂ ਕੋਈ ਨਾ ਕੋਈ ਅਜਿਹਾ ਵਾਕ ਮਿਲਦਾ ਹੈ ਜਿਸ ਨੂੰ ਪੜ੍ਹ ਕੇ ਦਿਮਾਗ ਵਿਚ ਹਲਚਲ ਜਿਹੀ ਮਚ ਜਾਂਦੀ ਹੈ, ਸੋਚਾਂ ਵਿਚ ਦੀਵੇ ਜਗਣ ਲੱਗ ਪੈਂਦੇ ਹਨ, ਇਕ ਬੌਧਿਕ ਹੁਲਾਸ ਦਾ ਅਨੁਭਵ ਹੁੰਦਾ ਹੈ। ਇਹ ਕਿਤਾਬ ਆਸਤਿਕਤਾ ਅਤੇ ਧਾਰਮਿਕ ਸੋਚ ਦੇ ਫੁੱਲੇ ਹੋਏ ਗੁਬਾਰੇ ਵਿੱਚ ਸੂਈ ਵਾਂਗ ਚੁੱਭ ਜਾਂਦੀ ਹੈ ਅਤੇ ਉਸ ਦੀ ਸਾਰੀ ਦੀ ਸਾਰੀ ਫੂਕ ਕੱਢ ਦਿੰਦੀ ਹੈ।

ਇਹ ਪੁਸਤਕ ਪੜ੍ਹ ਕੇ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਸੰਸਾਰ ਦੇ ਰੌਸ਼ਨ ਦਿਮਾਗ ਲੋਕ ਤਾਂ ਰੱਬ ਅਤੇ ਧਰਮ ਆਦਿ ਬਾਰੇ ਬਹੁਤ ਠੀਕ ਤਰ੍ਹਾਂ ਹੀ ਸੋਚਦੇ ਹਨ ਪਰ ਉਨ੍ਹਾਂ ਦੇ ਵਿਚਾਰ ਅਧਿਆਤਮਵਾਦੀ ਸਾਹਿਤ ਦੇ ਬਹੁਤ ਵੱਡੇ ਅੰਬਾਰ ਹੇਠ ਦੱਬੇ ਰਹਿ ਜਾਂਦੇ ਹਨ। ਇਸ ਦੀ ਪੁਸ਼ਟੀ ਲਈ ਪੁਸਤਕ ਵਿਚੋਂ ਵੱਖ-ਵੱਖ ਦੇਸ਼ਾਂ ਦੇ ਸੂਝਵਾਨ ਲੋਕਾਂ ਦੇ ਵਿਚਾਰ ਪੜ੍ਹੇ ਜਾ ਸਕਦੇ ਹਨ ਜਿਵੇਂ ਮਹਾਨ ਅੰਗਰੇਜ਼ ਦਾਰਸ਼ਨਿਕ ਬਰਟਰੰਡ ਰਸਲ ਕਹਿੰਦਾ ਹੈ - "ਧਰਮ ਸਾਡੀ ਸੂਝ ਦੇ ਬਚਪਨੇ ਦੀ ਰਹਿੰਦ-ਖੂੰਹਦ ਹੈ, ਜਿਵੇਂ-ਜਿਵੇਂ ਅਸੀਂ ਤਰਕ ਅਤੇ ਵਿਗਿਆਨ ਨੂੰ ਸੇਧ ਲਈ ਅਪਣਾਵਾਂਗੇ, ਇਹ ਘਟਦਾ ਜਾਵੇਗਾ।" ਦੱਖਣੀ ਅਮਰੀਕਾ ਦੇ ਦੇਸ਼ ਟ੍ਰਿਨੀਦਾਦ ਅਤੇ ਟੈਬੇਗੋ ਦੇ ਪਹਿਲੇ ਪ੍ਰਧਾਨ ਮੰਤਰੀ ਐਰਿਕ ਵਿਲਿਅਮਜ਼ ਅਨੁਸਾਰ, "ਧਰਮ ਇਨਸਾਨਾਂ ਦੀ ਉਸੇ ਤਰ੍ਹਾਂ ਸੇਵਾ ਕਰਦਾ ਹੈ ਜਿੱਦਾਂ ਘੋੜੇ ਦੇ ਲੱਗੇ ਖੋਪੇ ਕਰਦੇ ਹਨ।" ਜਰਮਨ ਕਵੀ ਹਾਈਨਰਿਕ ਹਾਈਨ ਧਰਮ ਦੀ ਤੁਲਨਾ ਅੰਨ੍ਹੇ ਬੰਦੇ ਨਾਲ ਕਰਦਾ ਹੋਇਆ ਲਿਖਦਾ ਹੈ, "ਮੱਧ ਯੁੱਗ ਸਮੇਂ ਧਰਮ ਲੋਕਾਂ ਨੂੰ ਰਸਤਾ ਦਿਖਾ ਸਕਦਾ ਸੀ, ਜਿਵੇਂ ਘੁੱਪ ਹਨੇਰੀ ਰਾਤ ਵਿਚ ਇਕ ਅੰਨ੍ਹਾ ਬੰਦਾ ਚੰਗਾ ਪੱਥਪ੍ਰਦਰਸ਼ਕ ਹੋ ਸਕਦਾ ਹੈ; ਉਹਨੂੰ ਰਾਹਾਂ ਅਤੇ ਥਾਵਾਂ ਦਾ ਸੁਜਾਖੇ ਨਾਲੋਂ ਜ਼ਿਆਦਾ ਪਤਾ ਹੁੰਦਾ ਹੈ ਪਰ ਜਦੋਂ ਦਿਨ ਚੜ੍ਹ ਜਾਵੇ ਫੇਰ ਅੰਨਿਆਂ ਤੋਂ ਰਸਤਾ ਪੁੱਛਣਾ ਮੂਰਖਤਾ ਹੈ।" ਮਸ਼ਹੂਰ ਅਮਰੀਕਨ ਤਾਰਾ ਵਿਗਿਆਨੀ ਕਾਰਲ ਸੇਗਨ ਨਾਸਤਿਕਤਾ ਬਾਰੇ ਸਪੱਸ਼ਟ ਕਰਦਾ ਹੈ ਕਿ "ਨਾਸਤਿਕਤਾ ਸਿਰਫ ਏਨੇ ਗਿਆਨ ਨਾਲੋਂ ਵਾਧੂ ਹੈ ਕਿ ਰੱਬ ਨਹੀਂ ਹੈ ਅਤੇ ਧਰਮ ਤਾਂ ਗਲਤੀ ਹੈ ਜਾਂ ਧੋਖਾ।

ਨਾਸਤਿਕਤਾ ਤਾਂ ਇਕ ਨਜ਼ਰੀਆ ਹੈ, ਤਕਾਜ਼ਾ ਹੈ ਦੁਨੀਆਂ ਨੂੰ ਨਿਰਪੱਖ ਹੋ ਕੇ ਨਿਡਰਤਾ ਨਾਲ ਦੇਖਣ ਦਾ, ਸਾਰੀਆਂ ਚੀਜ਼ਾਂ ਨੂੰ ਕੁਦਰਤ ਦੇ ਹਿੱਸੇ ਵਜੋਂ ਸਮਝਣ ਦੀ ਕੋਸ਼ਿਸ਼।"

ਅਜਿਹੀ ਪੁਸਤਕ ਦੀ ਤਰਕਸ਼ੀਲ ਲਹਿਰ ਨੂੰ ਬਹੁਤ ਲੋੜ ਸੀ। ਤਰਕਸ਼ੀਲ ਵਿਚਾਰਾਂ ਦੇ ਸਮਰਥਕ ਬਹੁਤ ਸਾਰੇ ਵਿਅਕਤੀ ਵਹਿਮਾਂ-ਭਰਮਾਂ-ਪਖੰਡਾਂ ਨੂੰ ਤਾਂ ਸ਼ਿੱਦਤ ਨਾਲ ਰੱਦ ਕਰਦੇ ਹਨ ਪਰ ਤਰਕਸ਼ੀਲਤਾ ਦੇ ਮੰਤਕੀ ਸਿੱਟੇ ਯਾਨੀ ਨਾਸਤਿਕਤਾ 'ਤੇ ਪਹੁੰਚਣ ਤੋਂ ਉਰੇ ਹੀ ਖੜ੍ਹ ਜਾਂਦੇ ਹਨ। ਇਹ ਕਿਤਾਬ ਇਸ ਖੜੋਤ ਨੂੰ ਤੋੜਦੀ ਹੈ।

ਇਹ ਉਹ ਪੁਸਤਕ ਹੈ ਜਿਸ ਦੇ ਹਰ ਸ਼ਬਦ, ਹਰ ਵਾਕ ਵਿੱਚ ਡੂੰਘੇ ਅਰਥ ਛਿਪੇ ਹੋਏ ਹਨ। ਕਈ ਵਾਰ ਕੁਟੇਸ਼ਨਾਂ ਸਿਰਫ ਸ਼ਬਦਾਂ ਦੀ ਖੇਡ ਹੀ ਹੁੰਦੀਆਂ ਹਨ, ਪਰ ਇੱਥੇ ਇਉਂ ਨਹੀਂ ਹੈ। ਹਰ ਕੁਟੇਸ਼ਨ ਦੇ ਪਿੱਛੇ ਇਕ ਪੂਰਾ ਸੂਰਾ ਇਤਿਹਾਸ ਹੈ। ਜਿਵੇਂ ਇਕ ਕੁਟੇਸ਼ਨ ਹੈ, "ਉਨ੍ਹਾਂ ਸਾਰਿਆਂ ਨੂੰ ਮਾਰ ਦੇਵੋ। ਪਰਮਾਤਮਾ ਆਪਣੇ ਬੰਦਿਆਂ ਨੂੰ ਆਪੇ ਹੀ ਪਛਾਣ ਲਵੇਗਾ।" ਇਸ ਇਕੱਲੀ ਕੁਟੇਸ਼ਨ ਨੂੰ ਪੜ੍ਹਨ ਨਾਲ ਕੋਈ ਖਾਸ ਅਰਥ ਨਹੀਂ ਨਿਕਲਦਾ ਪਰ ਜਦ ਇਨ੍ਹਾਂ ਸ਼ਬਦਾਂ ਦੇ ਇਤਿਹਾਸ ਨੂੰ ਫਰੋਲਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਇਹ ਸ਼ਬਦ ਇਸਾਈ ਜਿਹਾਦੀਆਂ ਦੇ ਬਹੁਤ ਕਰੂਪ ਰੂਪ ਨੂੰ ਦਰਸਾਉਂਦੇ ਹਨ। ਇਤਿਹਾਸਕ ਤੌਰ 'ਤੇ ਬਾਹਰਵੀਂ ਤੇਹਰਵੀਂ ਸਦੀ ਦੇ ਯੌਰਪ ਵਿਚ ਈਸਾਈਆਂ ਵਿਚੋਂ ਨਿਕਲ ਕੇ ਵੱਖ ਵੱਖ ਫਿਰਕੇ ਬਣ ਰਹੇ ਸਨ। ਜਿਵੇਂ ਹੁਣ ਸਿੱਖਾਂ ਵਿਚੋਂ ਸੱਚਾ ਸੌਦਾ, ਰਾਧਾ ਸਵਾਮੀ, ਨਿਰੰਕਾਰੀ ਆਦਿ ਫਿਰਕੇ ਬਣੇ ਹਨ। ਈਸਾਈਆਂ ਦੇ ਧਰਮ ਗੁਰੂ ਪੋਪ ਇਨੋਸੈਂਟ ਤੀਜੇ ਤੋਂ ਇਹ ਬਰਦਾਸ਼ਤ ਨਹੀਂ ਹੋ ਰਿਹਾ ਸੀ। ਸੋ ਉਸ ਨੇ ਆਪਣੀਆਂ ਧਾਰਮਿਕ ਫੋਜਾਂ ਨੂੰ ਹੁਕਮ ਦਿੱਤਾ ਕਿ ਇਸ ਤਰ੍ਹਾਂ ਦੇ ਸਾਰੇ ਲੋਕਾਂ ਖਿਲਾਫ ਜਹਾਦ ਛੇੜਿਆ ਜਾਵੇ। ਇਨ੍ਹਾਂ ਧਾਰਮਿਕ ਫੌਜਾਂ ਨੇ ਫਰਾਂਸ ਦੇ ਸ਼ਹਿਰ ਬੇਜ਼ੀਅਰ ਵਿਚ ਵੱਡਾ ਕਤਲੇਆਮ ਕੀਤਾ ਕਿਉਂਕਿ ਉਥੇ ਕੈਥੋਲਿਕ ਇਸਾਈਆਂ ਵਿੱਚੋਂ ਨਿਕਲੇ ਫਿਰਕੇ 'ਕਥਾਰ' ਦਾ ਬਹੁਤ ਬੋਲਬਾਲਾ ਸੀ। ਸ਼ਹਿਰ ਉੱਤੇ ਕਬਜ਼ਾ ਕਰਨ ਬਾਅਦ ਇਸਾਈ ਧਾਰਮਿਕ ਫੌਜਾਂ ਦੇ ਜਰਨੈਲ ਸਾਈਮਨ ਡੇ ਮੌਂਟਫੋਰਟ ਨੇ ਆਮ ਲੋਕਾਂ ਬਾਰੇ ਪੁੱਛਿਆ ਕਿ ਇਨ੍ਹਾਂ ਦਾ ਕੀ ਕੀਤਾ ਜਾਵੇ ਕਿਉਂਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਇਹ ਕਹਿ ਰਹੇ ਹਨ ਕਿ ਉਹ ਤਾਂ ਬੜੇ ਧਰਮੀ ਇਸਾਈ ਹਨ। ਤਦ ਪੋਪ ਦੇ ਨੁਮਾਇੰਦੇ ਅਰਨਾਲਡ ਅਮਾਲਰਿਕ ਨੇ ਕਿਹਾ, "ਉਨ੍ਹਾਂ ਸਾਰਿਆਂ ਨੂੰ ਮਾਰ ਦਿਓ, ਪ੍ਰਮਾਤਮਾ ਆਪਣਿਆਂ ਨੂੰ ਆਪੇ ਪਛਾਣ ਲਵੇਗਾ।" (ਭਾਵ ਜਿਹੜੇ ਸਹੀ ਇਸਾਈ ਹੋਣਗੇ ਉਨ੍ਹਾਂ ਨੂੰ ਸਵਰਗ ਵਿਚ ਘੱਲ ਦੇਵੇਗਾ।) ਇਸੇ ਤਰ੍ਹਾਂ ਹੀ ਕੀਤਾ ਗਿਆ ਅਤੇ ਜੁਲਾਈ 1209 ਵਿਚ ਇਸ ਕਸਬੇ ਦਾ ਹਰ ਆਦਮੀ, ਔਰਤ ਅਤੇ ਬੱਚਾ, ਜਿਨ੍ਹਾਂ ਦੀ ਗਿਣਤੀ 20,000 ਦੇ ਲੱਗਭੱਗ ਸੀ, ਕਤਲ ਕਰ ਦਿੱਤਾ ਗਿਆ। (ਮੱਧਯੁੱਗ ਦੇ ਧਾਰਮਿਕ ਵਹਿਸ਼ੀਪੁਣੇ ਨੂੰ ਅੱਜ ਦਾ ਸਾਮਰਾਜ ਕਿਵੇਂ ਲਾਗੂ ਕਰਦਾ ਹੈ, ਇਸ ਦਾ ਜ਼ਿਕਰ ਕਰਨਾ ਵੀ ਕੁਥਾਵੇਂ ਨਹੀਂ ਹੋਵੇਗਾ। ਵੀਅਤਨਾਮ ਯੁੱਧ ਵਿਚ ਅਮਰੀਕਨ ਜਰਨੈਲਾਂ ਵੱਲੋਂ ਵੀਅਤਨਾਮੀ ਲੋਕਾਂ ਦੇ ਕਤਲੇਆਮ ਉਤਸਾਹਿਤ ਕਰਨ ਲਈ ਫੌਜੀਆਂ ਵਿੱਚ ਉਕਤ ਕੁਟੇਸ਼ਨ ਬਹੁਤ ਪ੍ਰਚਾਰੀ ਗਈ ਅਤੇ ਹੁਣ ਇਰਾਕ ਅਤੇ ਅਫਗਾਨਿਸਤਾਨ ਯੁੱਧ ਵਿਚ ਵੀ ਅਮਰੀਕਨ ਸਾਮਰਾਜੀਆਂ ਵੱਲੋਂ ਇਸ ਕੁਟੇਸ਼ਨ ਨੂੰ ਇਸ ਤਰ੍ਹਾਂ ਬਦਲ ਕੇ ਪ੍ਰਚਾਰਿਆ ਗਿਆ, "ਸਾਰਿਆਂ ਨੂੰ ਮਾਰ ਦਿਓ, ਅੱਲਾ ਆਪਣੇ ਬੰਦੇ ਆਪੇ ਪਛਾਣ ਲਵੇਗਾ" ਇਸ ਤਰ੍ਹਾਂ ਸਾਮਰਾਜੀ ਮੰਤਵਾਂ ਲਈ ਹੁਣ ਵੀ ਧਾਰਮਿਕ ਜਨੂੰਨ ਭਰਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਕੁਝ ਹੋਰ ਧਾਰਮਿਕ ਲੋਕਾਂ ਦੇ ਵਿਚਾਰ ਵੀ ਦਿੱਤੇ ਗਏ ਹਨ ਤਾਂ ਜੋ ਵਿਗਿਆਨਕ ਸੋਚ ਵਾਲੇ ਲੋਕਾਂ ਦੇ ਮੁਕਾਬਲੇ ਉਨ੍ਹਾਂ ਦੀ ਮਨੁੱਖਤਾ ਵਿਰੋਧੀ ਸੋਚ ਦੀ ਇਕ ਝਲਕ ਦੇਖੀ ਜਾ ਸਕੇ। ਜਿਵੇਂ ਪੋਪ ਪਾਇਅਸ ਗਿਆਰ੍ਹਵਾਂ ਇਟਲੀ ਦੇ ਜਾਲਮ ਡਿਕਟੇਟਰ ਮੁਸੋਲਿਨੀ ਬਾਰੇ ਕਹਿੰਦਾ ਹੈ – "ਮੁਸੋਲਿਨੀ ਬਹੁਤ ਹੀ ਵਧੀਆ ਬੰਦਾ ਹੈ। ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣਦੇ ਸਮਝਦੇ ਹੋ? ਉਹ ਬਹੁਤ ਹੀ ਵਧੀਆ ਬੰਦਾ ਹੈ।" ਇਵੇਂ ਮਦਰ ਟੈਰਿਸਾ ਕਹਿੰਦੀ ਹੈ, "ਗਰੀਬਾਂ ਵਲੋਂ ਆਪਣੀ ਸਥਿਤੀ ਨੂੰ ਮੰਨ ਲੈਣਾ ਕਿੰਨੀ ਸੁੰਦਰ ਗੱਲ ਹੈ। ਗਰੀਬਾਂ ਦੇ ਨਰਕ ਭੋਗਣ ਨਾਲ ਸਾਰੀ ਦੁਨੀਆਂ ਨੂੰ ਸੁੱਖ ਮਿਲਦਾ ਹੈ।"

ਇਸ ਪੁਸਤਕ ਵਿਚ 500 ਦੇ ਲੱਗਭੱਗ ਵਿਦਵਾਨਾਂ, ਚਿੰਤਕਾਂ, ਵਿਗਿਆਨੀਆਂ, ਸਿਆਸਤਦਾਨਾਂ ਅਤੇ ਹੋਰ ਮਹਾਨ ਵਿਅਕਤੀਆਂ ਦੇ ਰੱਬ ਧਰਮ ਅਤੇ ਹੋਰ ਸਬੰਧੰਤ ਮਸਲਿਆਂ ਬਾਰੇ ਵਿਚਾਰ ਇਕੱਤਰ ਕੀਤੇ ਗਏ ਹਨ। ਇਹ ਵਿਚਾਰ ਇਤਿਹਾਸਕ ਕਾਲਕ੍ਰਮ ਵਿਚ ਦਿੱਤੇ ਗਏ ਹਨ ਯਾਨੀ ਢਾਈ ਹਜ਼ਾਰ ਸਾਲ ਪਹਿਲਾਂ ਹੋਏ ਚਾਰਵਾਕ, ਮਹਾਤਮਾ ਬੁੱਧ ਅਤੇ ਯੂਨਾਨੀ ਦਾਰਸ਼ਨਿਕਾਂ ਤੋਂ ਸ਼ੁਰੂ ਕਰਕੇ ਹੁਣ ਤੱਕ ਦੇ ਚਿੰਤਕਾਂ ਦੇ ਵਿਚਾਰ ਦਿੱਤੇ ਗਏ ਹਨ।

ਪੁਸਤਕ ਦਾ ਕਰਤਾ ਸਾਧੂ ਬਿਨਿੰਗ 1967 ਤੋਂ ਕੈਨੇਡਾ ਵਿਚ ਰਹਿ ਰਿਹਾ ਅਗਾਂਹਵਧੂ ਪੰਜਾਬੀ ਬੁੱਧੀਜੀਵੀ ਲੇਖਕ/ਚਿੰਤਕ ਹੈ, ਜਿਸ ਨੇ ਪਹਿਲਾਂ ਵੀ ਵਾਰਤਕ, ਖੋਜ, ਅਨੁਵਾਦ, ਕਵਿਤਾ ਅਤੇ ਨਾਟਕ ਦੇ ਖੇਤਰ ਵਿਚ ਸ਼ਾਨਦਾਰ ਯੋਗਦਾਨ ਪਾਇਆ ਹੈ। ਜਿੱਥੇ ਉਨ੍ਹਾਂ ਇਸ ਪੁਸਤਕ ਲਈ ਐਨੀ ਖੋਜ, ਚੋਣ, ਅਨੁਵਾਦ ਅਤੇ ਸੰਗ੍ਰਿਹ ਕਰਨ ਦਾ ਵੱਡਮੁੱਲਾ ਕਾਰਜ ਕੀਤਾ ਹੈ, ਉੱਥੇ ਉਨ੍ਹਾਂ ਵਲੋਂ ਇਸ ਪੁਸਤਕ ਦੀ ਭੂਮਿਕਾ ਵਜੋਂ ਲਿਖਿਆ ਗਿਆ ਆਰਟੀਕਲ 'ਪੰਜਾਬੀ ਭਾਈਚਾਰਾ ਅਤੇ ਧਰਮ' ਵੀ ਬਹੁਤ ਮਹੱਤਵਪੂਰਨ ਨੁਕਤੇ ਉਠਾਉਂਦਾ ਹੈ। ਇਸ ਲੇਖ ਵਿਚ ਪੰਜਾਬੀਆਂ ਦੀ ਸੋਚ ਉੱਤੇ ਧਾਰਮਿਕ ਜਕੜਬੰਦੀ ਦਾ ਵਰਨਣ ਅਤੇ ਵਿਸ਼ਲੇਸ਼ਣ ਬਹੁਤ ਸੰਤੁਲਿਤ ਢੰਗ ਨਾਲ ਕੀਤਾ ਗਿਆ ਹੈ। ਲੇਖਕ ਦੀ ਇਹ ਗੱਲ ਦਰੁਸਤ ਹੈ ਕਿ "ਇਸ ਵੇਲੇ ਭਾਰਤ ਵਿਚ ਤੇ ਖਾਸ ਕਰ ਪੰਜਾਬ ਵਿਚ ਧਰਮ ਤੇ ਸਿਆਸਤ ਵਿਚ ਵਿੱਥ ਭਾਲਣੀ ਮੁਸ਼ਕਿਲ ਹੈ। ਧਰਮ ਏਨੇ ਸ਼ਕਤੀਸ਼ਾਲੀ ਹਨ ਕਿ ਇਸ ਬਾਰੇ ਅਲੋਚਨਾਤਮਿਕ ਨਜ਼ਰੀਆ ਰੱਖਣਾ ਖਤਰਾ ਸਹੇੜਨ ਵਾਲੀ ਗੱਲ ਹੈ। ਨਤੀਜੇ ਵਜੋਂ, ਸਿਆਸਤ ਨੂੰ ਧਰਮ ਤੋਂ ਵੱਖ ਕਰਕੇ ਵੇਖਣ ਦੀ ਯੋਗਤਾ ਅਤੇ ਖਾਹਿਸ਼ ਪੰਜਾਬੀਆਂ ਵਿਚੋਂ ਗਾਇਬ ਹੋ ਗਈ ਲਗਦੀ ਹੈ। ਧਰਮ ਬਾਰੇ ਬਹੁਤੀ ਚਰਚਾ ਇਸ ਨੁਕਤੇ ਤੋਂ ਹੀ ਕੀਤੀ ਜਾਂਦੀ ਹੈ ਕਿ ਇਸ ਨੂੰ ਕਿਸ ਤਰ੍ਹਾਂ ਬਿਹਤਰ ਬਣਾਇਆ ਜਾਵੇ ਨਾ ਕਿ ਵਿਗਿਆਨਕ ਨਜ਼ਰੀਏ ਨਾਲ ਇਸ ਦੀ ਸਾਰਥਿਕਤਾ 'ਤੇ ਕਿੰਤੂ ਕੀਤਾ ਜਾਵੇ ਜਾਂ ਇਸ ਦੇ ਅਸਰ ਨੂੰ ਘਟਾਇਆ ਜਾਵੇ।" ਅਤੇ "ਜਿੱਥੇ ਪੰਜਾਬੀ ਭਾਈਚਾਰਾ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਵਿਚ ਦੁਨੀਆਂ ਦੇ ਬਾਕੀ ਭਾਈਚਾਰਿਆਂ ਦੇ ਬਰਾਬਰ ਖੜ੍ਹਦਾ ਹੈ, ਉੱਤੇ ਬੋਧਿਕ ਪੱਖੋਂ ਇਸ ਦੀ ਗਰੀਬੀ ਸ਼ਰੇਆਮ ਨਜ਼ਰ ਆਉਂਦੀ ਹੈ, ਜਿਸ ਦਾ ਮੁੱਖ ਕਾਰਨ ਧਰਮ ਵੱਲ ਬੇਲੋੜਾ ਧਿਆਨ ਜਾਪਦਾ ਹੈ। ਧਰਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਕਿਸਮ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਮਸਲਾ ਸਮਾਜ ਵਿਚ ਸੰਤੁਲਨ ਪੈਦਾ ਕਰਨ ਦਾ ਹੈ ਜੋ ਇਸ ਵੇਲੇ ਨਜ਼ਰ ਨਹੀਂ ਆ ਰਿਹਾ।"

ਲੇਖਕ ਦਾ ਮੰਨਣਾ ਹੈ ਕਿ ਕਾਫੀ ਗਿਣਤੀ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਨਾ ਤਾਂ ਰੱਬ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਨਾ ਹੀ ਧਰਮ ਨੂੰ ਸਮਾਜ ਲਈ ਲਾਹੇਵੰਦ ਸਮਝਦੇ ਹਨ, ਪਰ ਬਹੁਤ ਸਾਰੇ ਸਮਾਜਿਕ ਕਾਰਨਾਂ ਵੱਸ ਉਹ ਇਸ ਬਾਰੇ ਚੁੱਪ ਸਾਧੀ ਰੱਖਦੇ ਹਨ। ਲੇਖਕ ਅਨੁਸਾਰ ਸ਼ਾਇਦ ਪੰਜਾਬੀਆਂ ਨਾਲ ਜਪਾਨੀ ਕਹਾਵਤ ਵਰਗਾ ਕੁਝ ਵਾਪਰ ਗਿਆ ਹੈ ਕਿ "ਜੇ ਤੁਸੀਂ ਉਨ੍ਹਾਂ ਨੂੰ ਜਿੱਤ ਨਹੀਂ ਸਕਦੇ ਤਾਂ ਉਨ੍ਹਾਂ ਨਾਲ ਰਲ਼ ਜਾਓ।" ਲੇਖਕ ਧਰਮ ਦੇ ਰੋਲ ਬਾਰੇ ਬਹੁਤ ਸਪੱਸ਼ਟ ਹੈ। ਉਸ ਦਾ ਨਿਰਣਾ ਹੈ ਕਿ ਧਰਮ ਵਿਅਕਤੀ ਦੀ ਪੱਧਰ 'ਤੇ ਭਾਵੇਂ ਕਿਸੇ ਨੂੰ ਵਕਤੀ ਸੁੱਖ ਸ਼ਾਂਤੀ ਦਾ ਅਹਿਸਾਸ ਕਰਵਾਉਂਦਾ ਹੋਵੇ ਪਰ ਸਮਾਜਿਕ ਪੱਧਰ 'ਤੇ ਇਸ ਦਾ ਰੋਲ ਨਾਂਹ-ਪੱਖੀ ਰਹਿੰਦਾ ਹੈ।

ਭੂਮਿਕਾ ਦੇ ਅਖਿਰ ਵਿਚ ਲੇਖਕ ਪੰਜਾਬੀ ਬੁੱਧੀਜੀਵੀਆਂ ਨੂੰ ਇਹ ਕਹਿ ਕੇ ਹਲੂਣਦਾ ਹੈ – ਪੰਜਾਬੀ ਸਮਾਜ ਵਿਚਲੇ ਰੌਸ਼ਨ ਦਿਮਾਗ ਲੋਕਾਂ ਕੋਲੋਂ ਸਮਾਂ ਇਸ ਵੇਲੇ ਮੰਗ ਕਰ ਰਿਹਾ ਹੈ ਕਿ ਉਹ ਆਪਣੇ ਸਮਾਜ ਨੂੰ ਪਿਛਲੀਆਂ ਸਦੀਆਂ ਦੇ ਹਨੇਰਿਆਂ ਵਿੱਚੋਂ ਕੱਢ ਕੇ ਇੱਕੀਵੀਂ ਸਦੀ ਵਿੱਚ ਲਿਆਉਣ ਲਈ ਆਪਣਾ ਯੋਗਦਾਨ ਪਾਉਣ। ਇਸ ਦੇ ਲਈ ਉਨ੍ਹਾਂ ਕੁਝ ਵਿਸ਼ੇ ਵੀ ਦਿੱਤੇ ਹਨ, ਜਿਨ੍ਹਾਂ ਬਾਰੇ ਵਿਚਾਰ-ਚਰਚਾ ਚਲਾਉਣ ਦੀ ਲੋੜ ਹੈ।

ਪੁਸਤਕ ਦੇ ਅੰਤ ਵਿਚ ਦਿੱਤੀ ਪੁਸਤਕਾਂ ਅਤੇ ਇੰਟਰਨੈੱਟ ਵੈਬਸਾਈਟਾਂ ਦੀ ਸੂਚੀ ਵੀ ਬਹੁਤ ਮਹੱਤਵਪੂਰਨ ਹੈ ਜੋ ਇਨ੍ਹਾਂ ਵਿਸ਼ਿਆਂ ਬਾਰੇ ਹੋਰ ਜਾਣਨ, ਸਮਝਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਲਈ ਬਹੁਤ ਕੰਮ ਦੀ ਚੀਜ਼ ਹੈ। ●